ੴ ਸਤਿਗੁਰ ਪ੍ਰਸਾਦਿ

[illegible]

[illegible]

ਲੇਖਕ:- ਗੁਰਬਖ਼ਸ਼ ਸਿੰਘ [illegible]
[illegible]

ਪ੍ਰਕਾਸ਼ਕ:- ਗੁਰਦੁਆਰਾ ਕਮੇਟੀ ਨਨਕਾਣਾ ਸਾਹਿਬ

੧ੴ ਵਾਹਿਗੁਰੂ ਜੀ ਕੀ ਫ਼ਤਹ ॥

ਸ਼ਹੀਦੀ ਜੀਵਨ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ
ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ ॥

ਲੇਖਕ :—
ਸ: ਗੁਰਬਖ਼ਸ਼ ਸਿੰਘ ਜੀ 'ਸ਼ਮਸ਼ੇਰ'
ਝਬਾਲੀਏ, ਇਤਿਹਾਸਕਾਰ

ਨਵੰਬਰ . . . ੧੯੩੮

ਪਬਲਿਸ਼ਰ ਤੇ ਪ੍ਰੋਪ੍ਰਾਈਟਰ :-
ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਨਨਕਾਣਾ ਸਾਹਿਬ

ਸ਼ਹੀਦੀ ਜੀਵਨ

ਤਤਕਰਾ

—ਤਤਕਰਾ—

—o—

ਸ਼ਹੀਦੀ ਜੀਵਨ

ਤਤਕਰਾ

ਤਸਵੀਰਾਂ ਤੇ ਨਕਸ਼ੇ

ਸਬ ਕਮੇਟੀ ਦੀ ਰਪੋਰਟ ਵਿਚੋਂ

ਸ੍ਰੀ ਮਾਨ ਬਾਵਾ ਹਰਕਿਸ਼ਨ ਸਿੰਘ ਜੀ ਪ੍ਰਿੰਸੀਪਲ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ, ਪ੍ਰੋਫ਼ੈਸਰ ਨਰਾਇਣ ਸਿੰਘ ਜੀ ਐਮ. ਏ. ਤੇ ਗਿਆਨੀ ਹਰੀ ਸਿੰਘ ਜੀ ਬੀ. ਏ. ਇਨ੍ਹਾਂ ਤਿੰਨਾਂ ਦੀ ਇਸ ਖਰੜੇ ਨੂੰ ਪੜ੍ਹਨ ਲਈ ਇਕ ਸਬ ਕਮੇਟੀ ਬਣੀ ਸੀ, ਉਸਦੀ ਰਪੋਰਟ ਵਿਚੋਂ ਇਹ ਸੰਖੇਪ ਸਤਰਾਂ ਦਿਤੀਆਂ ਜਾਂਦੀਆਂ ਹਨ :—

"ਲਿਖਾਰੀ ਜੀ ਦੀ ਲਿਖਤ, ਤਰਜ਼ੇ ਬਿਆਨ ਬੋਲੀ ਤੇ ਅਕਾਲੀ ਲਹਿਰ ਦੇ ਮੁਢਲੇ ਹਾਲਾਤ ਜਿਥੋਂ ਤਕ ਅਸੀ ਪੜ੍ਹਿਆ ਹੈ, ਆਦਿਕ ਸਾਰੀਆਂ ਗਲਾਂ ਬੜੀਆਂ ਸੁੰਦਰ ਤਸੱਲੀ ਬਖ਼ਸ਼ ਹਨ। ਸਮੁੱਚੇ ਤੌਰ ਤੇ ਅਸੀ ਅਨੁਭਵ ਕਰਦੇ ਹਾਂ ਕਿ ਲਿਖਾਰੀ ਸਾਹਿਬ ਦੀ ਇਹ ਮਿਹਨਤ ਸ਼ਲਾਘਾ ਯੋਗ ਹੈ।"

ਸ਼ਹੀਦੀ ਜੀਵਨ

ਸਮਰਪਣ

ਉਨ੍ਹਾਂ ਅਣਖੀਲੇ ਸ਼ਹੀਦਾਂ ਨੂੰ ਜਿਨ੍ਹਾਂ ਨੇ ਨਿਰੰਕਾਰੀ ਬਾਬੇ ਦੇ ਸਚਖੰਡੀ ਦਰਬਾਰ ਅੰਦਰ ਕੁਰੀਤੀਆਂ ਨੂੰ ਨਾ ਸਹਾਰਦਿਆਂ ਹੋਇਆਂ ਆਪਣੇ ਆਪ ਨੂੰ ਕੁਰਬਾਨ ਕਰ ਦਿਤਾ।

[illegible]

ਸ਼ਹੀਦੀ ਜੀਵਨ

ਭੂਮਿਕਾ

ਸਿੱਖ ਧਰਮ ਦੀ ਨੀਂਹ ਕੁਰਬਾਨੀ ਤੇ ਰੱਖੀ ਗਈ ਹੈ। ਇਸ ਤੋਂ ਪਹਿਲਾਂ ਸਦੀਆਂ ਦੀ ਸਿੱਖਿਆ ਨੇ ਹਿੰਦ-ਵਾਸੀਆਂ ਨੂੰ ਇਤਨਾ ਨਿਤਾਣਾ ਬਣਾ ਦਿਤਾ ਸੀ ਕਿ ਸ਼ਹੀਦੀ ਜਾਂ ਕੁਰਬਾਨੀ ਦਾ ਨਾਂ ਤਕ ਮੌਜੂਦ ਨਹੀਂ ਸੀ। ਲੋਕਾਂ ਦਾ ਖ਼ਿਆਲ ਸੀ ਕਿ ਸਭ ਦੁਖ ਮੰਦੇ ਕਰਮਾਂ ਦਾ ਸਿੱਟਾ ਹੁੰਦੇ ਹਨ, ਚੰਗੇ ਕਰਮਾਂ ਵਾਲੇ ਆਦਮੀ ਕਦੇ ਦੁਖ ਨਹੀਂ ਸਹਿੰਦੇ। ਇਸ ਕਰਮ-ਫਲ ਦੇ ਅਸੂਲ ਨੇ ਮਹਾਂ ਪੁਰਸ਼ਾਂ ਦੇ ਵਡੇ ਵਡੇ ਕਾਰਨਾਮਿਆਂ ਦੀ ਖ਼ੂਬੀ ਉਤੇ ਪਾਣੀ ਫੇਰ ਦਿਤਾ ਸੀ। ਇਤਿਹਾਸ ਭੀ ਇਸ ਅਧੂਰੇ ਅਸੂਲ ਦੇ ਅਸਰ ਹੇਠਾਂ ਆ ਕੇ ਕਹਿੰਦਾ ਸੀ ਕਿ ਰਾਜਾ ਦਸਰਥ ਨੂੰ ਆਪਣੇ ਸਪੁੱਤਰ ਸ੍ਰੀ ਰਾਮ ਚੰਦਰ ਜੀ ਦੇ ਵਿਛੋੜੇ ਦਾ ਸੱਲ ਤਦ ਸਹਿਣਾ ਪਿਆ ਕਿ ਉਸ ਨੇ ਕਦੀ ਸਰਵਨ ਦੇ ਮਾਤਾ ਪਿਤਾ ਨੂੰ ਇਹੋ ਜਿਹਾ ਸੱਲ ਦਿਤਾ ਸੀ। ਇਸੇ ਤਰ੍ਹਾਂ ਸ੍ਰੀ ਰਾਮ ਚੰਦਰ ਜੀ ਨੂੰ ਜਾਂ ਦਰੋਪਦੀ ਆਦਿ ਨੂੰ ਜੋ ਜੋ ਦੁਖ ਵਾਪਰੇ ਓਹ ਪਿਛੇ ਕੀਤੇ ਕਰਮਾਂ ਦੇ ਫਲ ਸਨ। ਜਦ ਕੋਈ ਦੁਖ ਪਾਪ ਤੋਂ ਬਿਨਾਂ ਨਹੀਂ ਹੋ ਸਕਦਾ, ਤਾਂ ਦੁਖ ਵਲ ਕਿਸੇ ਨੇ ਜਾਣਾ ਹੀ ਕਿਉਂ ਹੋਇਆ ? ਐਸੀ ਹਾਲਤ ਵਿਚ ਲੋਕਾਂ ਦੇ ਦਿਲਾਂ ਵਿਚੋਂ ਕੁਰਬਾਨੀ ਜਾਂ ਸ਼ਹੀਦੀ ਦਾ ਖਿਆਲ ਹੀ ਉੱਡ ਗਿਆ, ਅਤੇ ਉਸ ਦੀ ਥਾਂ ਐਹੋ ਜਹੇ ਅਸੂਲ ਬਣਾਏ ਗਏ ਜਿਨ੍ਹਾਂ ਨਾਲ ਆਮ ਹਮਦਰਦੀ ਜਾਂ ਲੋਕ-ਸੇਵਾ ਵਲ ਉਕੀ ਪ੍ਰੇਰਨਾ ਹੀ ਨਾ ਹੋਵੇ। ਧਰਮ ਵਿਚ ਵੀ ਉਚੇ ਤੋਂ ਉਚਾ ਮਨੋਰਥ ਇਹੋ ਮੰਨਿਆ ਜਾਣ ਲਗਾ ਕਿ ਮਨੁੱਖ ਨੇ ਅਫੁਰ ਅਵਸਥਾ ਵਾਲਾ ਨਿਰਵਾਣ-ਪਦ ਹਾਸਲ ਕਰਨਾ ਹੈ, ਅਤੇ ਇਸ ਸੰਸਾਰ ਵਿਚ ਪੂਰਨ ਅਡੋਲਤਾ ਅਤੇ ਸ਼ਾਂਤੀ ਵਿਚ ਰਹਿਣਾ ਹੈ। ਸਾਰੇ ਗਿਆਨ ਤੇ ਸਾਧਨ ਮਨੁੱਖ ਨੂੰ ਸੰਸਾਰ ਦੇ ਫ਼ਰਜ਼ਾਂ ਨੂੰ ਮਾਇਆ ਦੇ ਝਮੇਲੇ ਸਮਝ ਕੇ ਛਡ ਦੇਣਾ ਸਿਖਾਣ ਲਗੇ। ਜਿਹੜਾ ਕੋਈ ਧਰਮ ਵਾਲੇ ਪਾਸੇ ਲੱਗਦਾ, ਉਹ ਅਮਲੀ ਕੰਮਾਂ ਤੋਂ ਉਪ੍ਰਾਮ ਹੋ ਕੇ ਸੁਖ ਦੇਣ ਵਾਲੇ ਅਨਾਹਤ ਰਾਗ ਜਾਂ ਅੰਮ੍ਰਿਤ ਦੀਆਂ ਝਰਨਾਟਾਂ ਦੀ ਉਡੀਕ ਵਿਚ ਆਪਣੇ ਸੁਆਸਾਂ ਨੂੰ ਦਸਮ ਦੁਆਰ ਵਿਚ ਚੜ੍ਹਾਨ ਦਾ ਜਤਨ ਕਰਦਾ, ਜਾਂ ਔਖਾ ਕਰਨ ਵਾਲੀਆਂ ਸੋਚਾਂ ਵਿਚਾਰਾਂ ਤੋਂ ਬਚਣ ਲਈ ਆਪਣੇ ਮਨ ਦਾ ਅਭਾਵ ਹੀ ਕਰ ਦੇਣ ਪਿਛੇ ਪੈ ਜਾਂਦਾ। ਨੇਕੀ ਦੇ ਅਮਲੀ ਕੰਮਾਂ,

ਦੇਸ ਕੌਮ ਦੇ ਪਿਆਰ ਜਾਂ ਧਰਮ ਦੀ ਰਖਿਆ ਵਲ ਤਾਂ ਕਿਸੇ ਦੀ ਰੁਚੀ ਹੀ ਨਾ ਜਾਂਦੀ।

ਪਰ ਇਹ ਬੇਦਰਦੀ ਤੇ ਸੁੰਨ ਬੁਧੀ ਕਦ ਤਕ ਰਹਿੰਦੀ ? ਆਖਰ ਨੇਕੀ ਦੀ ਅੰਸ਼ ਨੇ ਜਾਗਣਾ ਸੀ। ਜਦ ਹਿੰਦ ਵਾਸੀਆਂ ਦੀ ਸਭ ਤੋਂ ਪਿਆਰੀ ਇੱਜ਼ਤ ਤੇ ਧਰਮ ਨੂੰ ਹਥ ਪਾਇਆ ਗਿਆ, ਤਾਂ ਲੋਕਾਂ ਦੀ ਗ਼ੈਰਤ ਨੇ ਸਿੱਖੀ ਦਾ ਰੂਪ ਧਾਰਿਆ, ਅਤੇ ਨਵੇਂ ਸਿਰਿਓਂ ਅਮਲੀ ਜੀਵਨ ਦੀ ਪਧਤੀ ਚਲ ਪਈ। ਲੋਕਾਂ ਨੂੰ ਸਮਝ ਆਉਣ ਲਗੀ ਕਿ ਨੇਕੀ ਤਾਂ ਨਾਂ ਹੀ ਕੁਰਬਾਨੀ ਦਾ ਹੈ। ਇਸਤ੍ਰੀ ਆਪਣੇ ਬੱਚੇ ਲਈ ਸੁਖ ਅਰਾਮ ਕੁਰਬਾਨ ਕਰਦੀ ਹੈ, ਤਾਂ ਮਾਂ ਬਣਨ ਦਾ ਗੁਣ ਹਾਸਲ ਕਰਦੀ ਹੈ। ਵਿਹਾਰ ਵਿਚ ਪਿਆ ਆਦਮੀ ਆਪਣੇ ਲੋਭ ਉਤੇ ਕਾਬੂ ਪਾ ਕੇ ਦਿਆਨਤਦਾਰੀ ਦਾ ਗੁਣ ਸਿੱਖ ਸਕਦਾ ਹੈ। ਦੇਸ਼ ਸੇਵਾ ਵਿਚ ਲਗੇ ਆਦਮੀ ਨੂੰ ਚੱਪੇ ਚੱਪੇ ਤੇ ਆਪਣੀ ਆਮਦਨ, ਆਪਣੇ ਘਰ ਬਾਰ ਦੇ ਸੁਖ ਕੁਰਬਾਨ ਕਰਨੇ ਪੈਂਦੇ ਹਨ, ਤਦ ਹੀ ਜਾ ਕੇ ਉਸ ਦੀ ਸੇਵਾ ਸਫਲ ਹੁੰਦੀ ਹੈ।

"ਫਲ ਕਾਰਨ ਫੂਲੀ ਬਨਰਾਇ। ਫਲੁ ਲਾਗਾ ਤਬ ਫੂਲੁ ਬਿਲਾਇ" (ਭੈਰਉ ਰਵਿਦਾਸ)।

ਜੇ ਪੌਦਾ ਕਹੇ ਕਿ ਮੈਂ ਆਪਣੇ ਫੁਲ ਕੁਰਬਾਨ ਨਹੀਂ ਹੋਣ ਦੇਣੇ, ਤਾਂ ਉਸ ਨੂੰ ਫਲ ਕਦੀ ਨਹੀਂ ਲੱਗ ਸਕਦੇ। ਜੇ ਮਨੁੱਖ ਚਾਹੇ ਕਿ ਮੈਂ ਉਹ ਨੇਕੀ ਕਰਾਂਗਾ ਜਿਸ ਵਿਚ ਕੋਈ ਦੁਖ ਜਾਂ ਔਕੜ ਨਾ ਮਿਲੇ, ਤਾਂ ਉਸ ਕੋਲੋਂ ਕੋਈ ਨੇਕੀ ਨਹੀਂ ਨਿਭਣੀ। ਪੂਰਣ ਸ਼ਾਂਤੀ ਜਾਂ ਅਹਿੱਲ ਬਿਰਤੀ ਵਾਲਾ ਉਹੋ ਹੋ ਸਕਦਾ ਹੈ ਜੋ ਸਾਰੀਆਂ ਹਮਦਰਦੀਆਂ, ਸ਼ਖ਼ਸੀ ਤੇ ਪਬਲਿਕ, ਛਡ ਕੇ ਨਿਰਾ ਪਸ਼ੂ ਬਣ ਜਾਵੇ। ਕਬੀਰ ਜੀ ਕਹਿੰਦੇ ਹਨ:—

'ਕਬੀਰ ਜਿਨਹੁ ਕਿਛੁ ਜਾਨਿਆ ਨਹੀਂ ਤਿਨ ਸੁਖ ਨੀਂਦ ਬਿਹਾਇ। ਹਮਹੁ ਜੁ ਬੂਝਨ ਬੂਝਿਆ ਪੂਰੀ ਪਰੀ ਬਲਾਇ'।

ਜੇ ਗੁਰੂ ਅਰਜਨ ਦੇਵ ਜੀ ਪੂਰਨ ਸ਼ਾਂਤੀ ਪਿਛੇ ਪੈ ਜਾਂਦੇ, ਤਾਂ ਉਨ੍ਹਾਂ ਨੂੰ ਬੀਰਬਲ ਦੇ ਲਾਏ ਟੈਕਸ ਦੇ ਵਿਰੁਧ ਅੰਮ੍ਰਿਤਸਰ ਦੇ ਹਿੰਦੂਆਂ ਸਿੱਖਾਂ ਨਾਲ ਹਮਦਰਦੀ ਕਰਕੇ ਦੁਖ ਸਹੇੜਨ ਦੀ ਕੀ ਲੋੜ ਸੀ ? ਜੇ ਗੁਰੂ ਸਾਹਿਬਾਨ ਨੂੰ ਇਹੋ ਜਹੀ ਸ਼ਾਂਤੀ ਦੀ ਲੋੜ ਹੁੰਦੀ, ਤਾਂ ਓਹ ਕਿਸੇ ਨਿਵੇਕਲੀ ਥਾਂ ਬਹਿ ਕੇ ਨਿਰੀ ਮਾਲਾ ਫੇਰਦੇ ਰਹਿੰਦੇ। ਉਨ੍ਹਾਂ ਨੂੰ ਕੀ ਲੋੜ ਪਈ ਸੀ ਕਿ ਕੌਮਾਂ ਬਣਾਂਦੇ ਅਤੇ ਅਨਿੱਆਂ ਤੇ ਧੱਕੇ ਦੇ ਵਿਰੁਧ ਜਹਾਦ ਖੜਾ ਕਰਦੇ ? ਤਦ ਤਾਂ ਨਾ ਕੋਈ ਸ਼ਹੀਦੀ ਹੁੰਦੀ, ਨਾ ਆਚਰਣ ਬਣਦਾ ਅਤੇ ਨਾ ਕੋਈ ਕੌਮੀ ਉਸਾਰੀ ਹੁੰਦੀ। ਜੇ ਇਤਿਹਾਸ

ਵਿਚ ਸਿੱਖਾਂ ਨੇ ਥੋੜੇ ਹੁੰਦੇ ਹੋਏ ਭੀ ਬਹੁਤ ਕੁਝ ਕਰ ਵਿਖਾਇਆ ਹੈ, ਤਾਂ ਇਸ ਦਾ ਕਾਰਣ ਸਿੱਖਾਂ ਦੀ ਦ੍ਰਿੜ੍ਹਤਾ ਅਤੇ ਕੁਰਬਾਨੀ ਹੈ ਜੋ ਇਨ੍ਹਾਂ ਤੋਂ ਨਾ ਸਿਰਫ਼ ਨੇਕੀ ਦੀਆਂ ਸੋਚਾਂ ਹੀ ਸੋਚਾਂਦੀ ਹੈ, ਬਲਕਿ ਨੇਕੀ ਨੂੰ ਅਮਲ ਵਿਚ ਲਿਆਵਣ ਲਈ ਪ੍ਰੇਰਨਾ ਅਤੇ ਹੀਆ ਦਿੰਦੀ ਹੈ । ਇਸੇ ਕਰਕੇ 'ਦੁਖ' ਨੂੰ 'ਦਾਰੂ' ਅਤੇ "ਕੇਤਿਆ ਦੂਖ ਭੂਖ ਸਦ ਮਾਰ। ਏਹਿ ਭਿ ਦਾਤਿ ਤੇਰੀ ਦਾਤਾਰ"(ਜਪੁ) ਕਿਹਾ ਹੈ। ਸਿਖੀ ਵਿਚ ਦਸਿਆ ਕਿ 'ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ' (ਵਡਹੰਸ ਮਹਲਾ ੧)

ਮਰਨਾ ਪਾਪ ਨਹੀਂ, ਬਲਕਿ ਬਹਾਦਰ ਲੋਕਾਂ ਦਾ ਹੱਕ ਹੈ, ਪਰ ਸ਼ਰਤ ਇਹ ਹੈ ਕਿ ਇਹ ਮਰਨਾ ਕਿਸੇ ਪਰਵਾਨ ਆਸ਼ੇ ਲਈ ਹੋਵੇ, ਐਵੇਂ ਜਗਨ-ਨਾਥ ਦੇ ਰੱਥ ਹੇਠਾਂ ਜਾਂ ਕਾਸ਼ੀ ਕਰਵਤਰ ਹੇਠਾਂ ਆਕੇ ਮਰ ਜਾਣਾ ਕਿਸੇ ਅਰਥ ਨਹੀਂ।

ਸਿੱਖ ਸ਼ੁਰੂ ਤੋਂ ਧਰਮ ਲਈ ਮਰਦੇ ਆਏ ਹਨ । ਇਨ੍ਹਾਂ ਦੀਆਂ ਕੁਰਬਾਨੀਆਂ ਨਾਲ ਨਾ ਸਿਰਫ ਇਤਿਹਾਸ ਦੇ ਪੱਤਰੇ ਚਮਕਦੇ ਹਨ, ਬਲਕਿ ਇਕ ਕੌਮੀ ਪੂੰਜੀ ਦੇ ਤੌਰ ਤੇ ਨਿੱਤ ਦੀ ਅਰਦਾਸ ਵਿਚ ਸ਼ਾਮਲ ਹਨ। ਇਨ੍ਹਾਂ ਨੇ ਸਭ ਤੋਂ ਵਧ ਕੇ ਕੁਰਬਾਨੀਆਂ ਆਪਣੇ ਧਰਮ-ਅਸਥਾਨਾਂ ਲਈ ਦਿੱਤੀਆਂ ਹਨ, ਕਿਉਂਕਿ ਇਹ ਧਰਮ-ਅਸਥਾਨ ਇਨ੍ਹਾਂ ਨੂੰ ਗੁਰੂ-ਘਰ (ਗੁਰਦੁਆਰੇ) ਹੋਣ ਕਰਕੇ ਸਭ ਤੋਂ ਪਿਆਰੇ ਹਨ। ਜਦ ਇਨ੍ਹਾਂ ਵਿਚ ਖਰਾਬੀਆਂ ਆ ਜਾਣ, ਤਾਂ ਸਾਰੇ ਧਰਮ ਅਤੇ ਕੌਮ ਦੇ ਸ਼ੀਰਾਜ਼ੇ ਵਿਚ ਵਿਗਾੜ ਆ ਪੈਂਦਾ ਹੈ।

"ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ" (ਧਨਾਸਰੀ ਮਹਲਾ ੧)

ਵੈਰੀਆਂ ਨੇ ਭੀ ਜਦੋਂ ਸਿਖਾਂ ਨੂੰ ਵਧ ਤੋਂ ਵਧ ਦੁਖ ਦੇਣ ਦੀ ਠਾਣੀ ਹੈ, ਤਾਂ ਇਨ੍ਹਾਂ ਦੇ ਗੁਰਦੁਆਰਿਆਂ ਉਤੇ ਹੀ ਹੱਲਾ ਕੀਤਾ ਹੈ। ਦਰਬਾਰ ਸਾਹਿਬ ਦੇ ਆਲੇ ਦੁਆਲੇ ਸਰਕਾਰੀ ਪਹਿਰਾ ਹੁੰਦਾ ਸੀ ਤਾਕਿ ਕੋਈ ਸਿੱਖ ਅੰਦਰ ਜਾ ਕੇ ਦਰਸ਼ਨ ਨਾ ਕਰ ਸਕੇ। ਫਿਰ ਭੀ ਇਤਿਹਾਸ ਵਿੱਚ ਪੜ੍ਹਦੇ ਹਾਂ ਕਿ ਸਿੱਖ ਮਰਦ ਤੇ ਤੀਵੀਆਂ ਘੋੜਿਆਂ ਉਤੇ ਚੜ੍ਹ ਕੇ ਆਉਂਦੇ ਅਤੇ ਪਹਿਰੇਦਾਰਾਂ ਦੀਆਂ ਪਿਕਟਾਂ ਨੂੰ ਚੀਰ ਕੇ ਲੰਘ ਜਾਂਦੇ ਜਾਂ ਸ਼ਹੀਦ ਹੋ ਜਾਂਦੇ। ਕਦੀ ਅਸੀਂ ਇਤਿਹਾਸ ਵਿਚ ਪੜ੍ਹਦੇ ਹਾਂ ਕਿ ਮੱਸੇ ਰੰਘੜ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਰੰਡੀਆਂ ਦੇ ਨਾਚ ਕਰਾਏ ਅਤੇ ਸ਼ਰਾਬ ਦੇ ਦੌਰ ਚਲਾਏ, ਜਿਸ ਕਰਕੇ ਭਾ: ਮਹਿਤਾਬ ਸਿੰਘ ਜੀ ਮੀਰਾਂਕੋਟੀਏ ਅਤੇ ਭ: ਸੁਖਾ ਸਿੰਘ ਮਾੜੀ ਕੰਬੋਕੀ ਨੂੰ ਆ ਕੇ ਵੈਰੀਆਂ ਦੀ ਸੋਧ ਕਰਨੀ ਪਈ, ਅਤੇ ਆਪ

ਭੀ ਸ਼ਹੀਦ ਹੋ ਗਏ। ਕਦੀ ਪੜ੍ਹਦੇ ਹਾਂ ਕਿ ਅਬਦਾਲੀ ਨੇ ਹਰਿ-ਮੰਦਰ ਸਾਹਿਬ ਦੀ ਬੇਅਦਬੀ ਕੀਤੀ ਤੇ ਬਾਬਾ ਦੀਪ ਸਿੰਘ ਜੀ ਨੂੰ ਸਿਰ ਦੇਣਾ ਪਿਆ। ਕਦੀ ਪੜ੍ਹਦੇ ਹਾਂ ਕਿ ਦੁਰਾਨੀ ਹਮਲਾਆਵਰ ਨੇ ਦਰਬਾਰ ਸਾਹਿਬ ਦੀ ਬੇਹੁਰਮਤੀ ਕਰਕੇ ਹਰਿ-ਮੰਦਰ ਨੂੰ ਬਰੂਦ ਨਾਲ ਉਡਾ ਦਿਤਾ, ਤਾਂ ਖਾਲਸੇ ਨੇ ਸ੍ਰ: ਜਸਾ ਸਿੰਘ ਆਹਲੂਵਾਲੀਏ ਦੀ ਕਮਾਨ ਹੇਠਾਂ ਆਪਣੀਆਂ ਜਾਨਾਂ ਹੂਲ ਕੇ ਇਸ ਬੇਅਦਬੀ ਨੂੰ ਦੂਰ ਕੀਤਾ ਅਤੇ ਹਰਿ-ਮੰਦਰ ਨਵੇਂ ਸਿਰਿਓਂ ਉਸਾਰ ਦਿਤਾ। ਦਿੱਲੀ ਵਿੱਚ ਵੀ ਜਦ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਅਸਥਾਨ ਦੀ ਬੇਅਦਬੀ ਕੀਤੀ ਗਈ, ਤਾਂ ਸ੍ਰ: ਬਘੇਲ ਸਿੰਘ ਮਿਸਲ ਕਰੋੜਸਿੰਘੀਆ ਨੇ ਜਾ ਕੇ ਇਸ ਅਸਥਾਨ ਅਤੇ ਹੋਰਨਾਂ ਅਸਥਾਨਾਂ ਦੀ ਸੰਭਾਲ ਕੀਤੀ।

ਸਿਖਾਂ ਦਾ ਆਪਣਾ ਰਾਜ ਕਾਇਮ ਹੋਣ ਤੇ ਇਹ ਉਪੱਦ੍ਰਵ ਦੂਰ ਹੋ ਗਏ, ਅਤੇ ਧਾਰਮਕ ਅਸਥਾਨਾਂ ਦੀ ਸੇਵਾ ਤਨ ਦੀ ਕੁਰਬਾਨੀ ਦੀ ਥਾਂ ਧਨ ਦੀ ਕੁਰਬਾਨੀ ਨਾਲ ਹੋਣ ਲਗੀ। ਵਡੀਆਂ ਵਡੀਆਂ ਜਗੀਰਾਂ ਦਿੱਤੀਆਂ ਗਈਆਂ। ਸੰਗ-ਮਰਮਰ ਦੀਆਂ ਦਿਵਾਰਾਂ ਉਤੇ ਸੋਨੇ ਚਾਂਦੀ ਦੇ ਪੱਤਰੇ ਚਾੜ੍ਹ ਕੇ ਇਮਾਰਤਾਂ ਖੜੀਆਂ ਕੀਤੀਆਂ ਗਈਆਂ। ਚੰਗੀਆਂ ਤੋਂ ਚੰਗੀਆਂ ਚੀਜ਼ਾਂ ਦੇ ਢੋਏ ਚੜ੍ਹਨ ਲਗੇ। ਜੇ ਮਹਾਰਾਜਾ ਰਣਜੀਤ ਸਿੰਘ ਨੂੰ ਨਜ਼ਾਮ ਹੈਦਰਾਬਾਦ ਵਲੋਂ ਹੀਰੇ ਜਵਾਹਰਾਤਾਂ ਨਾਲ ਜੜਤ ਚਾਨਣੀ ਮਿਲਦੀ ਹੈ ਤਾਂ ਉਹ ਇਸ ਅਦੁਤੀ ਸੁਗਾਤ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅਰਪਣ ਕਰ ਦਿੰਦਾ ਹੈ। ਜੇ ਕੰਵਰ ਨੌਨਿਹਾਲ ਸਿੰਘ ਨੂੰ ਆਪਣੇ ਵਿਆਹ ਵੇਲੇ ਵਡ-ਮੁਲੇ ਮੋਤੀਆਂ ਦਾ ਸਿਹਰਾ ਮਿਲਦਾ ਹੈ ਤਾਂ ਉਹ ਆਪਣੇ ਆਪ ਨੂੰ ਇਸ ਦੇ ਯੋਗ ਨਾ ਸਮਝਦਾ ਹੋਇਆ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਭੇਟਾ ਕਰ ਦਿੰਦਾ ਹੈ।

ਸਿਖਾਂ ਦੇ ਰਾਜ ਮਗਰੋਂ ਜਦ ਸਰਕਾਰ ਅੰਗ੍ਰੇਜ਼ੀ ਦਾ ਦੌਰ ਆਇਆ, ਤਾਂ ਗੁਰਦੁਆਰਿਆਂ ਦੇ ਇੰਤਜ਼ਾਮ ਵਿਚ ਔਕੜਾਂ ਪੈਣੀਆਂ ਸ਼ੁਰੂ ਹੋਈਆਂ। ਅੰਮ੍ਰਿਤ-ਸਰ ਅਤੇ ਤਰਨ ਤਾਰਨ ਦੇ ਵਡੇ ਕੇਂਦਰੀ ਗੁਰਦੁਆਰੇ ਸਰਕਾਰ ਦੇ ਆਪਣੇ ਪ੍ਰਬੰਧ ਵਿਚ ਆ ਗਏ। ਸਿੱਖ ਸਰਕਾਰ ਵੇਲੇ ਇਨ੍ਹਾਂ ਅਸਥਾਨਾਂ ਦਾ ਸਰਕਾਰੀ ਪ੍ਰਬੰਧ ਵਿਚ ਹੋਣਾ ਯੋਗ ਸੀ, ਪਰ ਗੈਰ-ਸਿੱਖ ਸਰਕਾਰ ਦਾ ਸਿੱਖ ਅਸਥਾਨਾਂ ਨੂੰ ਆਪਣੇ ਹਥ ਵਿਚ ਰਖਣਾ ਇਕ ਗ਼ੈਰ-ਕੁਦਰਤੀ ਜਹੀ ਗਲ ਸੀ। ਕੁਝ ਚਿਰ ਤਾਂ ਲੋਕਾਂ ਵਿਚ ਜਾਗ੍ਰਤ ਨਾ ਹੋਣ ਕਰਕੇ ਇਹ ਗਲ ਨਿਭਦੀ ਗਈ, ਪਰ ਜਦ

ਆਮ ਵਿਦਿਆ ਅਤੇ ਸਿੰਘ-ਸਭਾ ਲਹਿਰ ਦੇ ਅਸਰ ਨਾਲ ਸਿੱਖ ਆਪਣੀਆਂ ਧਾਰਮਕ ਅਤੇ ਸਮਾਜਕ ਲੋੜਾਂ ਤੋਂ ਜਾਣੂ ਹੁੰਦੇ ਗਏ, ਤਾਂ ਹੋਰ ਮੰਗਾਂ ਨਾਲ ਆਪਣੇ ਗੁਰਦੁਆਰਿਆਂ ਦੇ ਸੁਧਾਰ ਦੀ ਮੰਗ ਵੀ ਹੋਣ ਲਗੀ। ਕੇਂਦਰੀ ਗੁਰਦੁਆਰੇ ਸਰਕਾਰ ਦੇ ਪ੍ਰਬੰਧ ਵਿਚ ਸਨ, ਅਤੇ ਬਾਕੀ ਦੇ ਇਤਿਹਾਸਕ ਗੁਰਦੁਆਰੇ ਮਹੰਤਾਂ ਦੇ ਹਥ ਵਿਚ ਸਨ, ਜਿਨ੍ਹਾਂ ਦੀ ਹੈਸੀਅਤ ਕਾਨੂੰਨ ਅਨੁਸਾਰ ਲੋਕ-ਰਾਇ ਤੋਂ ਸੁਤੰਤਰ ਮਾਲਕਾਂ ਵਾਲੀ ਸੀ। ਜਦ ਪਬਲਕ ਨੂੰ ਕਿਸੇ ਮਹੰਤ ਦੇ ਵਿਰੁਧ ਸ਼ਕਾਇਤ ਹੁੰਦੀ, ਤਾਂ ਜ਼ਾਬਤਾ ਕਨੂੰਨ ਦੇ ਅੰਕ ੯੨ ਅਤੇ ੯੩ ਅਨੁਸਾਰ ਦੋ ਜਾਂ ਦੋ ਤੋਂ ਵਧੀਕ ਸਿਖ, ਐਡਵੋਕੇਟ ਜਨਰਲ ਜਾਂ ਕੁਲੈਕਟਰ ਦੀ ਮਨਜ਼ੂਰੀ ਨਾਲ, ਮਹੰਤ ਉਤੇ ਦਾਹਵਾ ਕਰ ਸਕਦੇ ਸਨ, ਪਰ ਕਨੂੰਨ ਰਸੂਖ਼ ਵਾਲੇ ਧੜੇ ਦੀ ਇਤਨੀ ਮਦਦ ਕਰਦਾ ਸੀ ਕਿ ਇਹੋ ਜਹੇ ਦਾਹਵੇ ਦਾ ਸਿੱਟਾ ਕੁਝ ਨਹੀਂ ਨਿਕਲਦਾ ਸੀ। ਮਹੰਤ ਜਾਇਦਾਦ ਨੂੰ ਆਪਣੀ ਸਮਝ ਕੇ ਖੁਰਦ ਬੁਰਦ ਕਰ ਰਹੇ ਸਨ, ਅਤੇ ਬਾਵਜੂਦ ਕਈ ਵਰ੍ਹਿਆਂ ਦੀ ਕਨੂੰਨੀ ਚਾਰਾਜੋਈ ਦੇ ਸੁਧਾਰਕ ਲੋਕ ਕੁਝ ਨਹੀਂ ਸੀ ਕਰ ਸਕਦੇ, ਸਗੋਂ ਆਪੋ ਵਿਚ ਦੀ ਖਿਚਾ ਖਿਚੀ ਵਧਣ ਕਰਕੇ ਮਹੰਤ ਸੰਗਤਾਂ ਦੀ ਆਵਾਜ਼ ਦੀ ਖੁਲ੍ਹੀ ਵਿਰੋਧਤਾ ਕਰਨ ਲਗ ਪਏ ਸਨ। ਬੇਪ੍ਰਵਾਹੀ ਵਧ ਜਾਣ ਕਰਕੇ ਬਦਚਲਨੀ ਦੀਆਂ ਘਟਨਾਵਾਂ ਭੀ ਬਹੁਤ ਹੋਣ ਲਗ ਪਈਆਂ ਸਨ।

ਅੰਤ ਬਾਬੇ ਦੀ ਬੇਰ ਸਿਆਲਕੋਟ ਦੇ ਮਾਮਲੇ ਨੇ ਸਿਖਾਂ ਨੂੰ ਮਜਬੂਰ ਕਰ ਦਿਤਾ ਕਿ ਆਪਣਾ ਕੰਮ ਆਪਣੀ ਹਥੀਂ ਸਵਾਰ ਲੈਣ। ਉਥੇ ਸਿਖ ਸੰਗਤਾਂ ਮਹੰਤ ਦੇ ਆਚਰਣ ਅਤੇ ਪ੍ਰਬੰਧ ਦੇ ਖਿਲਾਫ਼ ਤੀਹ ਸਾਲ ਤਕ ਮੁਕੱਦਮਾ ਲੜ-ਦੀਆਂ ਰਹੀਆਂ, ਪਰ ਸਭ ਦੋਸ਼ ਸਾਬਤ ਕਰਨ ਦੇ ਬਾਵਜੂਦ ਕੁਝ ਤਬਦੀਲੀ ਨਾ ਹੋ ਸਕੀ। ਜਦ ਮਹੰਤ ਮਰ ਗਿਆ, ਤਾਂ ਆਮ ਸੰਗਤਾਂ ਦੇ ਪ੍ਰੋਟੈਸਟ ਦੇ ਹੁੰਦਿਆਂ ਉਸ ਦੇ ਛੋਟੇ ਪੁਤਰ ਨੂੰ ਮਹੰਤ ਬਣਾ ਕੇ ਗੁਰਦੁਆਰੇ ਦਾ ਇੰਤਜ਼ਾਮ ਇਕ ਪਤਿਤ ਸਿਖ ਦੇ ਹਥ ਦਿਤਾ ਗਿਆ, ਜੋ ਸਿੱਖ ਧਰਮ ਦਾ ਵਿਰੋਧੀ ਸੀ। ਇਸ ਇੰਤਜ਼ਾਮ ਦੇ ਵਿਰੁਧ ਸਾਰੇ ਸਿਖਾਂ ਵਿਚ ਰੋਸ ਦੀ ਲਹਿਰ ਚਲ ਪਈ, ਪਰ ਨਾ ਕਨੂੰਨ ਮਦਦ ਕਰ ਸਕਦਾ ਸੀ, ਤੇ ਨਾ ਹਾਕਮ। ਇਸ ਲਈ ਸਿਖ ਸੰਗਤਾਂ ਨੇ ਥਾਂ ਤੇ ਹਾਜ਼ਰ ਹੋ ਕੇ ਕੁਝ ਦਿਨ ਧੱਕੇ ਮੁੱਕੇ ਖਾ ਕੇ ਆਪ ਇਕ ਕਮੇਟੀ ਬਣਾ ਲਈ ਅਤੇ ਗੁਰ-ਦੁਆਰੇ ਦਾ ਪ੍ਰਬੰਧ ਸੰਭਾਲ ਲਿਆ। ਇਹ ਵੇਖ ਕੇ ਸਰਕਾਰ ਨੇ ਭੀ ਦਖਲ ਦੇਣਾ

ਛਡ ਦਿਤਾ, ਅਤੇ ਪਤਿਤ ਮੈਨੇਜਰ ਲਾਂਭੇ ਦਾ ਲਾਂਭੇ ਰਹਿ ਗਿਆ। ਇਸ ਕਾਮਯਾਬੀ ਨੇ ਸਿਖਾਂ ਨੂੰ ਇਕ ਨਵਾਂ ਢੰਗ ਦਸ ਦਿਤਾ, ਜਿਸ ਵਿਚ ਕੁਰਬਾਨੀ ਤਾਂ ਬਹੁਤ ਕਰਨੀ ਪੈਂਦੀ ਸੀ, ਪਰ ਬਹੁਤ ਲੰਮੀ ਦੇਰ ਨਹੀਂ ਸੀ ਲਗਦੀ। ਇਹੋ ਢੰਗ ਅੰਮ੍ਰਿਤਸਰ, ਪੰਜਾ ਸਾਹਿਬ, ਤਰਨ ਤਾਰਨ ਤੇ ਹੋਰਨਾਂ ਥਾਵਾਂ ਤੇ ਕਾਮਯਾਬ ਹੋਇਆ। ਤਰਨ ਤਾਰਨ ਦਾ ਗੁਰਦੁਆਰਾ ਲੈਣ ਵਿਚ ਤਾਂ ਸ਼ਹੀਦੀ ਝਲਣੀ ਪਈ। ਇਥੋਂ ਸ਼ਹੀਦੀ ਦਾ ਦੌਰ ਚਲ ਪਿਆ, ਜੋ ਨਨਕਾਣੇ ਸਾਹਿਬ ਵਿਚ ਜਾ ਕੇ ਬਹੁਤ ਹੀ ਹਿਰਦੇ-ਵੇਧਕ ਸ਼ਕਲ ਪਕੜ ਗਿਆ।

ਇਹ ਵਡ-ਮੁੱਲੀ ਪੁਸਤਕ ਨਨਕਾਣੇ ਸਾਹਿਬ ਦੇ ਸਾਕੇ ਬਾਬਤ ਹੈ, ਪਰ ਇਸ ਵਿਚ ਸਾਰੀ ਅਕਾਲੀ ਲਹਿਰ ਦਾ ਸੰਕੋਚਵਾਂ ਇਤਿਹਾਸ ਭੀ ਆ ਜਾਂਦਾ ਹੈ। "ਪੁਸਤਕ ਅਤਿਅੰਤ ਖੋਜ ਨਾਲ ਲਿਖੀ ਗਈ ਹੈ ਅਤੇ ਬਹੁਤ ਸਾਰੀਆਂ ਪ੍ਰਚੱਲਤ ਭੁਲਾਂ ਦੀ ਸੋਧ ਕਰ ਕੇ ਠੀਕ ਠਾਕ ਹਾਲਾਤ ਦਿਤੇ ਗਏ ਹਨ। ਵਰਤਮਾਨ ਸਮੇਂ ਦੇ ਸਿੱਖਾਂ ਦਾ ਇਤਿਹਾਸ ਲਿਖਣ ਵਾਲਿਆਂ ਲਈ ਇਹ ਪੁਸਤਕ ਬਹੁਤ ਹੀ ਲਾਭਦਾਇਕ ਸਾਬਤ ਹੋਵੇਗੀ।" ਇਸ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਅਕਾਲੀ ਲਹਿਰ ਸਿੱਖੀ ਦੇ ਮੁੜ ਸੁਰਜੀਤ ਹੋਣ ਦੀ ਨਿਸ਼ਾਨੀ ਹੈ। ਇਸ ਵਿਚ ਸਿਖੀ ਆਚਰਣ ਦੇ ਉਘੇ ਗੁਣ ਪੂਰੀ ਸ਼ਾਨ ਨਾਲ ਪ੍ਰਗਟ ਹੋਏ। ਇਉਂ ਮਲੂਮ ਹੁੰਦਾ ਹੈ ਕਿ ਕੁਰਬਾਨੀ ਦੀ ਅੱਗ ਨੇ ਸਿਖਾਂ ਦੇ ਆਚਰਣ ਨੂੰ ਤੱਾ ਦੇ ਕੇ ਸਭ ਕਮਜ਼ੋਰੀਆਂ ਸਾੜ ਦਿਤੀਆਂ ਅਤੇ ਨਿਰਾ ਕੁੰਦਨ ਬਣਾ ਦਿਤਾ। ਇਹ ਲਹਿਰ ਪੰਥ ਦੇ ਸਾਰੇ ਅੰਗਾਂ ਨੂੰ ਛੋਹ ਕੇ ਇੱਕ ਕਰ ਗਈ। ਇਸ ਵਿਚ "ਘੁਮਿਆਰ, ਮਹਿਰੇ, ਨਾਈ, ਦਰਜ਼ੀ, ਜੁਲਾਹੇ, ਖੱਤਰੀ, ਅਰੋੜੇ, ਜੱਟ, ਸੰਤ ਗੁਲਾਬਦਾਸੀਏ, ਬਿਬੇਕੀ, ਰਾਮਦਾਸੀਏ, ਮਜ਼੍ਹਬੀ, ਨਾਮਧਾਰੀਏ, ਨਿਹੰਗ, ਰਾਮਗੜ੍ਹੀਏ, ਉਦਾਸੀ, ਅਮੀਰ, ਗ਼ਰੀਬ, ਪੜ੍ਹੇ ਅਤੇ ਅਨਪੜ੍ਹ" ਸਭ ਰਲ ਕੇ ਮੋਢੇ ਨਾਲ ਮੋਢਾ ਡਾਹ ਕੇ ਕੰਮ ਕਰਦੇ ਰਹੇ। ਨਨਕਾਣੇ ਸਾਹਿਬ ਦੇ ਸ਼ਹੀਦਾਂ ਵਿਚ ਜਿਥੇ ਮਰਦ ਆਪਣੀਆਂ ਜਾਨਾਂ ਹੂਲ ਗਏ, ਉਥੇ ਬੱਚੇ ਭੀ ਨਾਲ ਸ਼ਾਮਲ ਸਨ। ਇਸਤ੍ਰੀਆਂ ਭੀ ਸ਼ਾਮਲ ਹੋਣ ਲਈ ਆਈਆਂ ਸਨ, ਪਰ ਮਰਦਾਂ ਦੀ ਪ੍ਰੇਰਨਾ ਨਾਲ ਬਾਹਰ ਰਹਿ ਗਈਆਂ।

ਨਨਕਾਣੇ ਸਾਹਿਬ ਦੇ ਸਾਕੇ ਵਿਚ ਸ਼ਾਮਲ ਹੋਣ ਵਾਲੇ ਸਿਖਾਂ ਵਿਚ ਬਹਾਦਰ ਤੋਂ ਬਹਾਦਰ, ਸੋਹਣੇ ਤੋਂ ਸੋਹਣੇ ਜਵਾਨ ਸਨ, ਜਿਨ੍ਹਾਂ ਦੀ ਦਲੇਰੀ,

ਸਰੀਰਕ ਸ਼ਾਨ, ਅਤੇ ਆਤਮਕ ਉੱਚਤਾ ਉਤੇ ਕੋਈ ਕੌਮ ਫ਼ਖ਼ਰ ਕਰ ਸਕਦੀ ਹੈ। 'ਹੁੰਦੇ ਤਾਣ ਨਿਤਾਣਿਆਂ' ਵਾਲੇ ਅਸੂਲ ਨੂੰ ਜੇ ਕਿਧਰੇ ਪੂਰੇ ਤੌਰ ਤੇ ਨਿਬਾਹਿਆ ਗਿਆ ਹੈ, ਤਾਂ ਨਨਕਾਣੇ ਸਾਹਿਬ ਦੇ ਸ਼ਹੀਦੀ ਸਾਕੇ ਵਿਚ। ਮੈਨੂੰ ਪੂਰਾ ਨਿਸਚਾ ਹੈ ਕਿ ਜੇਕਰ ਸਿੰਘ ਹਮਲਾ ਕਰਨ ਵਾਲਿਆਂ ਉਤੇ ਹੱਥ ਚੁਕਦੇ ਤਾਂ ਆਪਣਾ ਬਹੁਤ ਕੁਝ ਬਚਾ ਕਰ ਸਕਦੇ ਸਨ, ਪਰ ਉਨ੍ਹਾਂ ਗੁਰਦਵਾਰੇ ਦੀ ਪਵਿੱਤ੍ਰਤਾ ਨੂੰ ਕਾਇਮ ਰਖਣ ਲਈ ਜੋ ਸ਼ਾਂਤ-ਮਈ ਰਹਿਣ ਦਾ ਪ੍ਰਣ ਕੀਤਾ ਸੀ ਅਤੇ ਰਸਤੇ ਵਿਚ ਬਾਰ ਬਾਰ ਦੁਹਰਾਇਆ ਸੀ, ਉਸ ਨੂੰ ਤੋੜ ਤੱਕ ਨਿਬਾਹਿਆ ਅਤੇ 'ਸੀਸ ਦੀਆ ਪਰ ਸਿਰਰ ਨਾ ਦੀਆ' ਦਾ ਵਾਕ ਪੂਰਾ ਕਰ ਵਿਖਾਇਆ।

ਧਾਰਮਕ ਹਠ ਤੇ ਦਲੇਰੀ ਦੀ ਮਿਸਾਲ ਭੀ ਇਸ ਤੋਂ ਵਧ ਕਿਧਰੇ ਨਹੀਂ ਮਿਲਦੀ। ਕਈ ਭਾਈ ਜੋਗਾ ਸਿੰਘ ਦੇ ਨਮੂਨੇ ਦੇ ਸਿੱਖ ਆਪਣੇ ਮੁਕਲਾਵੇ ਨੂੰ ਛਡ ਕੇ ਆਏ ਸਨ, ਕਈਆਂ ਦੇ ਵਿਆਹ ਦੀ ਰਸਮ ਪੂਰੀ ਹੋਇਆਂ ਕੁਝ ਘੰਟੇ ਹੀ ਹੋਏ ਸਨ ਕਿ ਗੁਰੂ ਦੇ ਸੱਦੇ ਉਤੇ ਨਨਕਾਣੇ ਸਾਹਿਬ ਵਲ ਚਾਲੇ ਪਾ ਦਿਤੇ। ਉਥੇ ਜਾ ਕੇ ਮਹੰਤ ਦੀਆਂ ਭਿਆਨਕ ਤਿਆਰੀਆਂ ਅਤੇ ਆਪਣੇ ਸਾਥੀਆਂ ਦੇ ਮੋੜੇ ਜਾਣ ਦਾ ਪਤਾ ਲਗ ਗਿਆ, ਫਿਰ ਭੀ ਆਪਣੇ ਇਰਾਦੇ ਵਿਚ ਪੱਕੇ ਰਹੇ ਅਤੇ ਵਾਪਸ ਨਹੀਂ ਮੁੜੇ। ਆਪਣੇ ਸਾਥੀਆਂ ਨੂੰ ਮੌਤ ਦੇ ਮੂੰਹ ਵਿਚ ਪੈਂਦਾ ਦੇਖ ਕੇ ਅਤੇ ਬੂਹਾ ਖੁਲ੍ਹਾ ਹੋਣ ਤੇ ਭੀ ਸਿੰਘਾਂ ਦਾ ਆਪਣੇ ਹਠ ਉਤੇ ਕਾਇਮ ਰਹਿਣਾ ਅਤੇ ਜਾਨ ਬਚਾਣ ਦੀ ਕੋਸ਼ਸ਼ ਨਾ ਕਰਨੀ ਇਕ ਅਜੇਹੀ ਦ੍ਰਿੜ੍ਹਤਾ ਹੈ ਜਿਸ ਦੀ ਮਿਸਾਲ ਕੇਵਲ ਸਿਖਾਂ ਦੇ ਇਤਿਹਾਸ ਵਿਚ ਹੀ ਮਿਲ ਸਕਦੀ ਹੈ।

ਇਸ ਅਮੋਲਕ ਪੁਸਤਕ ਨੂੰ ਪੜ੍ਹ ਕੇ ਜਿਹੜੀ ਗਲ ਮੈਨੂੰ ਬਹੁਤ ਹਰਾਨ ਕਰਨ ਵਾਲੀ ਲਭੀ ਹੈ, ਅਤੇ ਜਿਸ ਨੂੰ ਮੈਂ ਕਰਾਮਾਤ ਤੋਂ ਘਟ ਨਹੀਂ ਸਮਝਦਾ, ਉਹ ਇਹ ਹੈ ਕਿ ਇਸ ਲਹਿਰ ਦੇ ਦੌਰਾਨ ਵਿਚ ਥਾਂ ਥਾਂ ਤੇ ਗੁਰੂ ਆਪਣੇ ਸਿੱਖਾਂ ਦੇ ਅੰਗ ਸੰਗ ਹੋ ਕੇ ਕੰਮ ਕਰਦਾ ਅਤੇ ਉਨ੍ਹਾਂ ਦੇ ਸਿਦਕ ਨੂੰ ਨਿਬਾਹੁੰਦਾ ਦਿਸਦਾ ਹੈ। ਜਦੋਂ ਭੀ ਕਿਸੇ ਭਿਆਨਕ ਔਕੜ ਦੇ ਵੇਲੇ ਸਿਖਾਂ ਨੇ ਸਿਦਕ ਵਿਚ ਇੱਕ ਹੋ ਕੇ ਅਰਦਾਸਾ ਕੀਤਾ ਹੈ, ਤਾਂ ਅਗੋਂ ਗੁਰੂ ਜੀ ਨੇ ਸਾਫ਼ ਸਾਫ਼ ਸ਼ਬਦਾਂ ਵਿਚ ਪ੍ਰਤੱਖ ਅਗਵਾਈ ਕੀਤੀ ਹੈ। ਜਦ ੧੨ ਅਕਤੂਬਰ ੧੯੨੦ ਨੂੰ ਸਿੱਖ ਅਖੌਤੀ ਅਛੂਤਾਂ ਵਿਚੋਂ ਸਜੇ ਸਿੰਘਾਂ ਨੂੰ ਨਾਲ ਲੈ ਕੇ ਨੀਚੋਂ ਊਚ ਕਰਨ ਵਾਲੇ ਗੁਰੂ ਪਾਸ

ਸ੍ਰੀ ·ਹਰ-ਮੰਦਰ ਸਾਹਿਬ ਅੰਮ੍ਰਿਤਸਰ ਵਿਚ ਹਾਜ਼ਰ ਹੁੰਦੇ ਹਨ, ਤਾਂ ਪੁਜਾਰੀਆਂ ਦੀ ਅੜੀ ਤੋੜਣ ਲਈ ਇਹ ਹੁਕਮ ਨਿਕਲਦਾ ਹੈ:—

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ।...
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥ ੧ ॥
ਹਰਿ ਜੀਉ ਆਪੇ ਬਖਸਿ ਮਿਲਾਇ । ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲੀਏ ਰਲਾਇ ॥ ਰਹਾਉ ॥ ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ। ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥੨॥
ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ।
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ । ੩ ।...ਵੇਖੋ ਪੰਨਾ ੨੭ !

ਇਹ ਹੁਕਮ ਸੁਣਕੇ ਲੋਕਾਂ ਦੇ ਦਿਲ ਦ੍ਰਵ ਗਏ ਅਤੇ ਪੁਜਾਰੀ ਵੀ ਅੜੀ ਛਡਗਏ।

ਜਦ ਭਾਈ ਲਛਮਣ ਸਿੰਘ ਦਾ ਜੱਥਾ ਧਾਰੋਵਾਲੀ ਤੋਂ ਨਨਕਾਣੇ ਸਾਹਿਬ ਵਲ ਚਾਲੇ ਪਾਣ ਲਗਦਾ ਹੈ ਅਤੇ ਫਿਰ ਜਦ ਨਜ਼ਾਮਪੁਰ ਦੇਵਾ ਸਿੰਘ ਵਿਚ ਜਾ ਕੇ ਹੁਕਮ ਲਿਆ ਜਾਂਦਾ ਹੈ, ਤਾਂ ਦੋਵੇਂ ਵੇਰ ਇਹੋ ਵਾਕ ਨਿਕਲਦਾ ਹੈ:—

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ।..................
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ।੪।"—ਵੇਖੋ ਪੰ: ੧੧੩

ਹਰਾਨਗੀ ਹੈ ਕਿ ਇਹ ਅੱਖਰ ਅੱਖਰ ਠੀਕ ਸਾਬਤ ਹੋਣ ਵਾਲਾ ਸ਼ਬਦ ਕਿਵੇਂ ਨਿਕਲਿਆ ! ਧੰਨ ਹੈ ਗੁਰੂ ਜੋ ਸਿਖਾਂ ਦੇ ਹਰ ਵੇਲੇ ਅੰਗ ਸੰਗ ਰਹਿੰਦਾ ਹੈ। ਹੋਰ ਵੇਖੋ ਪੰ: ੧੫੨ ਉਤੇ ਦਿਤਾ ਸ਼ਬਦ।


ਇਸ ਪੁਸਤਕ ਵਿਚ ਦਿਤੇ ਸ਼ਹੀਦੀ ਜੀਵਣਾਂ ਨੂੰ ਪੜ੍ਹ ਕੇ ਦਿਲ ਨੂੰ ਹੌਸਲਾ ਬਝਦਾ ਹੈ ਕਿ ਸਿਖੀ ਅਜੇ ਕਾਇਮ ਹੈ । ਇਸ ਤੋਂ ਪਤਾ ਲਗਦਾ ਹੈ ਕਿ ਸਿਖੀ ਆਦਰਸ਼ ਨੂੰ ਪਾਲਣ ਹਾਰੇ ਕਿਹੋ ਜਹੇ ਹੁੰਦੇ ਹਨ, ਅਤੇ ਕਿਨ੍ਹਾਂ ਕਿਨ੍ਹਾਂ ਹਾਲਤਾਂ ਵਿਚ ਇਹ ਆਦਰਸ਼ ਪ੍ਰਤੱਖ ਹੁੰਦਾ ਹੈ।

ਜਿਥੇ ਇਸ ਪੁਸਤਕ ਦੇ ਪੜ੍ਹਨ ਤੋਂ ਇਕ ਅਦੁੱਤੀ ਸਾਕੇ ਦਾ ਠੀਕ ਠੀਕ ਹਾਲ ਮਲੂਮ ਹੁੰਦਾ ਹੈ, ਉਥੇ ਇਹ ਚਾਹ ਭੀ ਪੈਦਾ ਹੁੰਦੀ ਹੈ ਕਿ ਕਿਹਾ ਚੰਗਾ ਹੋਵੇ ਕਿ ਇਸ ਲਹਿਰ ਦੇ ਹੋਰਨਾਂ ਸਾਕਿਆਂ ਦੇ ਹਾਲ ਭੀ ਇਵੇਂ ਹੀ ਅੰਕਿਤ ਕਰਕੇ ਸਾਰੀ ਅਕਾਲੀ ਲਹਿਰ ਦਾ ਇਤਿਹਾਸ ਪੂਰਾ ਕੀਤਾ ਜਾਵੇ ! ਜੇਕਰ ਕੁਝ ਹੋਰ ਢਿਲ ਕੀਤੀ ਗਈ ਤਾਂ ਖ਼ਤਰਾ ਹੈ ਕਿ ਇਤਿਹਾਸਕ ਖੋਜ ਲਈ ਬਹੁਤ ਸਾਰੇ ਨਿਸ਼ਾਨ ਮਿਟ ਜਾਣਗੇ ਅਤੇ ਠੀਕ ਠੀਕ ਹਾਲਾਤ ਮਿਲਣੇ ਅਸੰਭਵ ਹੋ ਜਾਣਗੇ।

ਖਾਲਸਾ ਕਾਲਜ, ਅੰਮ੍ਰਿਤਸਰ
੨੨ ਅਕਤੂਬਰ ੧੯੩੯

ਤੇਜਾ ਸਿੰਘ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ।



ਦਰਸ਼ਨੀ ਡਿਉੜੀ ਦੇ ਖੱਬੇ ਬੁਰਜ ਤੋਂ ਖੜੇ ਕੇ ਇਹ ਤਸਵੀਰ ਸਨ ੧੯੩੮ ਵਿਚ ਲੁਹਾਈ ਗਈ ਹੈ । ਹਾਤੇ
ਵਿਚ ਸ਼ਹੀਦ ਗੰਜ ਦੇ ਪਿਛਲੇ ਬੰਨੇ ਨਵੀਂ ਆਬਾਦੀ ਗੁਰੂ ਨਾਨਕ ਪੁਰਾ ਨਜ਼ਰ ਆਉਂਦੀ ਹੈ ।
ਨੰਬਰ ੧ ਲਹਿੰਦੇ ਦਾ ਉਹ ਦਰਵਾਜ਼ਾ ਹੈ ਜਿਸ ਥਾਣੀਂ ਸਿੰਘਾਂ ਨੂੰ ਸਾੜਨ ਲਈ
[illegible]

੧ ਓ ਸਤਿਗੁਰ ਪ੍ਰਸਾਦਿ ॥

ਜ਼ਰੂਰੀ ਵਾਕਫ਼ੀ

ਜ਼ਰੂਰੀ ਵਾਕਫ਼ੀ

ਪਹਿਲੀ ਮਈ ਸੰ: ੧੯੩੫ ਈ: ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਪਿਛੋਂ ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦਾਂ ਦਾ ਇਤਿਹਾਸ ਲਿਖਣਾ ਸ਼ੁਰੂ ਕੀਤਾ ਗਿਆ। ਪਾਠ ਦੇ ਅਰੰਭ ਸਮੇਂ—ਧਨਾਸਰੀ ਮਹਲਾ ੩, ਘਰ ਦੂਜਾ ਚਉਪਦੇ "ਇਹੁ ਧਨੁ ਅਖੁਟੁ ਨ ਨਖੁਟੈ ਨ ਜਾਇ॥ ਪੂਰੈ ਸਤਿਗੁਰਿ ਦੀਆ ਦਿਖਾਇ॥" ਤੇ ਭੋਗ ਸਮੇਂ ਧਨਾਸਰੀ ਮਹਲਾ ੫ "ਜਹ ਜਹ ਪੇਖਉ ਤਹ ਹਜੂਰਿ" ਪਵਿਤ੍ਰ ਗੁਰਵਾਕ ਆਇਆ।

ਇਤਿਹਾਸ ਦੇ ਲਿਖੇ ਜਾਣ ਦੀ ਸਕੀਮ ਛੇ ਹਿਸਿਆਂ ਵਿਚ ਵੰਡ ਕੇ ਬਣਾਈ ਗਈ। ੧. ਤਲਵੰਡੀ ਦਾ ਇਤਿਹਾਸ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਹ ਸਾਰਾ ਜੀਵਨ ਜਿੰਨਾ ਕਿ ਉਨ੍ਹਾਂ ਨੇ ਤਲਵੰਡੀ ਵਿਚ ਗੁਜ਼ਾਰਿਆ। ਮਹੰਤਾਂ ਦੀਆਂ ਗੱਦੀਆਂ ਦਾ ਹਾਲ, ਮੁਢ ਤੋਂ ਲੈ ਕੇ ਮਹੰਤ ਨਰਾਇਣ ਦਾਸ ਤਕ। ਅਕਾਲੀ ਲਹਿਰ ਦੇ ਹਾਲ ਨਨਕਾਣੇ ਸਾਹਿਬ ਦੇ ਸਾਕੇ ਤਕ। ੨. ਗੁਰਦੁਆਰਾ ਜਨਮ ਅਸਥਾਨ, ਬਾਲ ਲੀਲ੍ਹਾ, ਤੰਬੂ ਸਾਹਿਬ, ਛੇਵੀਂ ਪਾਤਸ਼ਾਹੀ, ਮਾਲ ਜੀ ਸਾਹਿਬ ਤੇ ਕਿਆਰਾ ਸਾਹਿਬ ਛੀਏ ਗੁਰਦੁਆਰੇ ਕਦ ਤੇ ਕਿਵੇਂ ਬਣੇ। ਇਨ੍ਹਾਂ ਦੇ ਨਾਮ ਜਾਗੀਰਾਂ, ਜਾਇਦਾਦਾਂ ਤੇ ਜ਼ਮੀਨਾਂ ਦੇ ਲਗਣ ਤੇ ਘਟਣ ਵਧਣ ਦੇ ਪੂਰੇ ਹਾਲ। ਮਹੰਤਾਂ ਦੀਆਂ ਗੱਦੀਆਂ ਕਿਵੇਂ ਕਾਇਮ ਹੋਈਆਂ। ਮਹੰਤ ਕਿਵੇਂ ਬਦਚਲਨ ਹੋਏ। ਸ਼ਰਧਾਲੂਆਂ ਦੇ ਸ਼ਰਧਾ ਨਾਲ ਚੜ੍ਹਾਏ ਚੜ੍ਹਾਵੇ ਨਾਲ, ਜਨਮ ਅਸਥਾਨ ਦੀ ਹਜ਼ੂਰੀ ਵਿਚ ਕੰਜਰੀਆਂ ਦੇ ਨਾਚ, ਘੋੜਿਆਂ ਨੂੰ ਸ਼ਰਾਬਾਂ ਪਿਆਉਣ ਤੇ ਹੋਰ ਦਿਲ ਕੰਬਾ ਦੇਣ ਵਾਲੇ ਕੀ ਕੀ ਅਨੱਰਥ ਹੁੰਦੇ ਰਹੇ। ਬੇਗ਼ਮ ਮਰਾਸਨ ਤੇ ਲਖਸ਼ਮੀ ਦੇਵੀ ਦੀਆਂ ਹਿਰਦੇ-ਵੇਧਕ ਕਹਾਣੀਆਂ। ਆਮ ਜਨਤਾ ਤੇ ਯਾਤਰੂਆਂ ਨਾਲ ਕਿਵੇਂ ਦਿਲ-ਚੀਰਵੇਂ ਅਤਿਆਚਾਰ ਹੁੰਦੇ ਰਹੇ। ਮਹੰਤ ਦੀ ਅਕਾਲੀਆਂ ਦੇ ਮੁਕਾਬਲੇ ਲਈ ਤਿਆਰੀ, ਨਨਕਾਣੇ ਸਾਹਿਬ ਵਿਚ ਹਥਿਆਰ ਬਣਨੇ, ਚੋਰਾਂ ਡਾਕੂਆਂ ਨਾਲ ਕਿਸ ਕਿਸ ਰਾਹੀਂ ਕਿਸ ਢੰਗ ਨਾਲ ਗੰਢ-ਤ੍ਰੁਪ ਕੀਤੀ ਗਈ।

ਅਕਾਲੀਆਂ ਦੀ ਕਬਜ਼ੇ ਲਈ ਤਿਆਰੀ ਸਬੰਧੀ ਬੜੇ ਗੁਪਤ ਤੇ ਪੇਚੀਦਾ ਹਾਲਾਤ। ੩. ਸ਼ਹੀਦੀ ਜੀਵਨ, ਗੁਰਦੁਆਰਾ ਸੁਧਾਰ ਲਹਿਰ ਦਾ ਸੰਛੇਪ ਹਾਲ, ਗੁਰਦੁਆਰਾ ਕਾਨੂੰਨ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ। ਹਰ ਇਕ ਸ਼ਹੀਦ ਦਾ ਮੁਕੰਮਲ ਜੀਵਨ, ਸ਼ਹੀਦਾਂ ਦੀ ਠੀਕ ਗਿਣਤੀ ਦੀ ਪੜਤਾਲ, ਕਿਸ ਤ੍ਰੀਕੇ ਨਾਲ ਜਥੇ ਪਿੰਡੋਂ ਪਿੰਡੀਂ ਇਕੱਠੇ ਹੋਕੇ ਤੁਰੇ, ਕਿਸ ਰਸਤੇ ਨਨਕਾਣੇ ਸਾਹਿਬ ਪੁਜੇ, ਪਿੰਡੋਂ ਤੁਰਨ ਤੋਂ ਲੈਕੇ ਸ਼ਹਾਦਤ ਤਕ ਦੇ ਮੁਕੰਮਲ ਹਾਲ। ੪. ਸਾਕੇ ਦੇ ਅਸਲ ਕਾਰਨ, ਮੁਕੰਮਲ ਸਾਕੇ ਦੇ ਸਹੀ ਹਾਲ, ਮੁਕੱਦਮੇ ਤੇ ਕਬਜ਼ੇ। ੫. ਕਬਜ਼ੇ ਤੋਂ ਲੈਕੇ ਅਜ ਤਕ ਦੇ ੧੭ ਸਾਲਾਂ ਦੇ ਪੂਰੇ ਹਾਲ। ੬. ਸਾਕੇ ਸਬੰਧੀ ਸਰਕਾਰੀ ਪੋਜ਼ੀਸ਼ਨ ਦੇ ਕੇਵਲ ਨ ਰੱਦੇ ਜਾਣ ਵਾਲੇ ਫ਼ੈਕਟਸ (Facts).।

ਇਨ੍ਹਾਂ ਛੇਆਂ ਹਿੱਸਿਆਂ ਵਿਚੋਂ ਨੰਬਰ ਦੋ ਤੇ ਤਿੰਨ ਬਹੁਤੇ ਫਿਰ ਤੁਰ ਕੇ ਜਫਰ ਜਾਲ ਕੇ ਕਸ਼ਟ ਨਾਲ ਲਿਖੇ ਜਾਣ ਵਾਲੇ ਸਨ; ਇਸ ਲਈ ਸਭ ਤੋਂ ਪਹਿਲਾਂ ਕਮੇਟੀ ਦੇ ਹੁਕਮ ਅਨੁਸਾਰ ਨੰਬਰ ਦੋ ਸ਼ੁਰੂ ਕੀਤਾ ਗਿਆ ਪ੍ਰੰਤੂ ਸ਼ਹੀਦੀ ਇਲਾਕੇ ਦੀ ਵਧੇਰੇ ਜ਼ੋਰਦਾਰ ਮੰਗ ਨੰਬਰ ਤਿੰਨ ਦੀ ਹੋਣ ਲਗ ਪਈ। ਜਿਸਦੇ ਕਾਰਨ ਨੰਬਰ ਦੋ ਵਿੱਚੇ ਛਡਕੇ ਨੰਬਰ ਤਿੰਨ ਸ਼ੁਰੂ ਕੀਤਾ ਗਿਆ, ਜੋ ਪਾਠਕਾਂ ਦੇ ਸਾਮ੍ਹਣੇ ਹੈ। ਨੰਬਰ ਦੋ ਦਾ ਕੁਝ ਹਿੱਸਾ ਲਿਖਿਆ ਹੈ ਜੋ ਕਮੇਟੀ ਦੇ ਤਿਆਰ ਕਰਾਉਣ ਤੇ ਸ਼ੀਘਰ ਹੀ ਪ੍ਰਕਾਸ਼ਤ ਹੋ ਜਾਵੇਗਾ।

ਕਈ ਜ਼ਰੂਰੀ ਗਲਾਂ

ਕਰਨਲ ਗੁਰਵੁਡ ਨੇ ਆਪਣੀ ਮਸ਼ਹੂਰ ਕਿਤਾਬ "ਡਿਊਕ ਆਫ਼ ਵਾਲਿੰਗਟਨ" ਦੇ ਡਿਸਪੈਚ ਵਿਚ ਲਿਖਿਆ ਹੈ:—"ਇਤਿਹਾਸ ਦਾ ਅੰਤਮ ਮਨੋਰਥ ਉਨ੍ਹਾਂ ਵਾਕਿਆਤ ਦੀ—ਜਿਸ ਪ੍ਰਕਾਰ ਕਿ ਉਹ ਬੀਤੇ ਸਨ—ਅਸਲ ਵਿਆਖਿਆ ਕਰਨਾ ਹੈ। ਕਿਸੇ ਰੰਜ ਜਾਂ ਜ਼ਾਤੀ ਨਿਰਾਸਤਾ ਨੂੰ ਮੁਖ ਰਖਕੇ ਇਸ ਵਿਚ ਨਾ ਤਾਂ ਵਿਸਥਾਰ ਅਤੇ ਨਾ ਹੀ ਛਪਾਉ ਹੋਣਾ ਚਾਹੀਦਾ ਹੈ। ਇਤਿਹਾਸ ਵਿਚ ਕੇਵਲ ਸੱਚਾ, ਸਮੁੱਚਾ ਸਚ ਤੇ ਬਿਨਾਂ ਸਚ ਤੋਂ ਹੋਰ ਕੁਝ ਨਹੀਂ ਲੋੜੀ ਦਾ।" ਇਸ ਅਸੂਲ ਨੂੰ ਸਾਮ੍ਹਣੇ ਰਖਕੇ ਜੋ ਦੋਹਾਂ ਧਿਰਾਂ ਅਰਥਾਤ ਮਹੰਤਾਂ ਅਤੇ ਅਕਾਲੀਆਂ ਵਲੋਂ ਗ਼ਲਤ ਗੱਲਾਂ ਧੁਮਾਈਆਂ ਗਈਆਂ ਸਨ, ਉਨ੍ਹਾਂ ਦੀ

ਅਸਲੀਅਤ ਲਿਖਦਾ ਹਾਂ।

੧. ਮਹੰਤ ਨਰਾਇਣ ਦਾਸ ਦਾ ਕਿਸੇ ਸਿੰਘ ਦਾ ਸਿਰ ਕੇਸਾਂ ਤੋਂ ਫੜਕੇ, ਘੋੜੀ ਤੇ ਸੁਆਰ ਹੋਕੇ ਨਨਕਾਣੇ ਸਾਹਿਬ ਦੀਆਂ ਗਲੀਆਂ ਵਿਚ ਲਈ ਫਿਰਨ ਦਾ ਕੋਈ ਸਬੂਤ ਨਹੀਂ ਮਿਲਦਾ।

੨. ਭਾਈ ਲਛਮਨ ਸਿੰਘ ਜੀ ਨੂੰ ਜੀਉਂਦਿਆਂ ਜੰਡ ਨਾਲ ਬੰਨ੍ਹਕੇ ਸਾੜਨ ਵਾਲੀ ਗਲ ਗ਼ਲਤ ਹੈ। ਇਸ ਸਬੰਧੀ ਕਿੱਸਿਆਂ ਵਿਚ ਕਈ ਗੱਲਾਂ ਖ਼ਿਲਾਫ਼ ਵਾਕਿਆ ਦਰਜ ਹਨ। ਨਮੂਨੇ ਵਜੋਂ ਤਕਰੀਬਨ ਸਾਰੇ ਕਿੱਸਿਆਂ ਵਿਚ ਪਹਿਲਾਂ ਇਕ ਥਾਂ ਲਿਖਿਆ ਹੈ ਕਿ ਭਾਈ ਲਛਮਨ ਸਿੰਘ ਦਾ ਅੰਗ ਅੰਗ ਕਟਿਆ ਗਿਆ। ਫੇਰ..............ਵਢਕੇ ਮੂੰਹ ਵਿਚ ਦਿਤੀ ਗਈ। ਅਗਲੇ ਸਫ਼ੇ ਤੇ ਨਾਲ ਹੀ ਲਿਖਿਆ ਹੈ ਕਿ ਜੀਉਂਦੇ ਨੂੰ ਪੁੱਠਾ ਜੰਡ ਨਾਲ ਬੰਨ੍ਹਕੇ ਸਾੜਿਆ ਗਿਆ। ਮਹੰਤ ਉਸਦਾ ਸਿਰ ਕੇਸਾਂ ਤੋਂ ਫੜਕੇ ਵਿਖਾਉਂਦਾ ਫਿਰਿਆ ਤੇ ਆਖਦਾ ਰਿਹਾ ਕਿ 'ਇਹ ਹੈ ਲਛਮਨ ਸਿੰਘ ਦਾ ਸਿਰ ਜੋ ਮੇਰੀ ਗੱਦੀ ਤੇ ਕਬਜ਼ਾ ਕਰਨ ਆਇਆ ਸੀ।' ਇਹ ਸਭ ਕੁਝ ਕਵੀ ਦਿਮਾਗ਼ ਦੀ ਘਾੜਤ ਘੜੀ ਹੋਈ ਹੈ। ਇਸ ਦਾ ਆਪਣੇ ਆਪ ਹੀ ਖੰਡਨ ਹੋ ਜਾਂਦਾ ਹੈ। ਪਹਿਲਾਂ ਅੰਗ ਅੰਗ ਕਟਿਆ ਗਿਆ, ਫੇਰ ਮਹੰਤ ਸਿਰ ਲਈ ਫਿਰਦਾ ਰਿਹਾ ਤਾਂ ਫੇਰ ਜੀਉਂਦਾ ਜੰਡ ਨਾਲ ਬੰਨ੍ਹਕੇ ਕਿਵੇਂ ਸਾੜਿਆ ਗਿਆ?

੩. ਭਾ: ਲਛਮਨ ਸਿੰਘ ਦੋ ਸੌ ਸਿੰਘਾਂ ਦੇ ਜਥੇ ਸਮੇਤ ਸ਼੍ਰੀਂਹ ਸ਼ੈਂਕਰ ਦੇ ਦੀਵਾਨ ਲਈ ਰਸਤਾਂ ਇਕੱਠੀਆਂ ਕਰਦੇ ਜਾ ਰਹੇ ਸਨ। ਜਥੇ ਦੇ ਸਿੰਘਾਂ ਨੇ ਗਾਹੇ ਗਾਹ ਜਾਂਦਿਆਂ ਖ਼ਿਆਲ ਕੀਤਾ ਕਿ ਚਲੋ ਮੱਥਾ ਟੇਕ ਲਈਏ। ਬਾਲ-ਲੀਲ੍ਹਾ ਦੇ ਸ੍ਰੋਵਰ ਚੋਂ ਅਸ਼ਨਾਨ ਕੀਤਾ ਤੇ ਸ੍ਰੀ ਜਨਮ ਅਸਥਾਨ ਦੇ ਅੰਦਰ ਮੱਥਾ ਟੇਕਣ ਚਲੇ ਗਏ। ਬਾਹਰੋਂ ਮਹੰਤ ਨੇ ਬੂਹਾ ਬੰਦ ਕਰਾਕੇ ਗੋਲੀਆਂ ਨਾਲ ਭੁੰਨ ਸੁਟਿਆ.................। ਇਸੇ ਤਰਾਂ ਹੀ ਉਸ ਸਮੇਂ ਦੇ ਪ੍ਰਬੰਧਕਾਂ ਨੇ ਮੁਕੱਦਮੇ ਵਿਚ ਲਿਖਾਇਆ ਹੈ। ਇਹ ਗਲ ਉੱਕੀ ਹੀ ਗ਼ਲਤ ਹੈ। ਅਸਲ ਵਿਚ ਇਹ ਸਿੰਘ ਸਕੀਮ ਬਣਾਕੇ ਕਬਜ਼ਾ ਕਰਨ ਆਏ ਸਨ ਤੇ ਕਬਜ਼ਾ ਕਰਕੇ ਸਿੰਘਾਂ ਨੇ ਆਪ ਅੰਦਰੋਂ ਬੂਹੇ ਮਾਰ ਲਏ ਸਨ।

੪. ਮਹੰਤ ਨਰਾਇਣ ਦਾਸ ਦਾ ਇਹ ਲਿਖਾਉਣਾ ਕਿ ਰਾਤ ਨੂੰ ਅਕਾਲੀ

ਅਚਨਚੇਤ ਆ ਪਏ ਤੇ ਸਾਡੇ ਸਾਧਾਂ ਨੂੰ ਸਾੜ ਫੂਕਕੇ ਭੱਜ ਗਏ। ਸਾਧ ਚੂੰਕਿ ਰਮਤੇ ਵਿਚਰਦੇ ਹਨ, ਉਨ੍ਹਾਂ ਦੀ ਵਲਦੀਅਤ ਤੇ ਥਾਂ ਟਿਕਾਣਾ ਕੋਈ ਨਹੀਂ ਦਸਿਆ ਜਾ ਸਕਦਾ; ਮੂਲੋਂ ਗ਼ਲਤ ਹੈ।

੫. ਭਾਈ ਦਲੀਪ ਸਿੰਘ ਜੀ ਦੇ ਮਹੰਤ ਨਾਲ ਕੋਈ ਸੁਆਲ-ਜੁਵਾਬ ਨਹੀਂ ਹੋਏ ਹਨ।

੬. ਸਾਧਾਂ ਦਾ ਇਹ ਆਖਣਾ ਕਿ ਇਹ ਚੋਰ ਤੇ ਡਾਕੂ ਸਨ ਜੋ ਨਨਕਾਣੇ ਸਾਹਿਬ ਨੂੰ ਲੁੱਟਣ ਵਾਸਤੇ ਆਏ ਸਨ, ਸਾਧਾਂ ਨੇ ਆਪਣਾ ਬਚਾ ਕਰਨਾ ਚਾਹਿਆ, ਪ੍ਰੰਤੂ ਸਿੰਘਾਂ ਨੇ ਮਾਰਨਾ ਤੇ ਲੁੱਟਣਾ ਸ਼ੁਰੂ ਕਰ ਦਿਤਾ। ਇਸ ਦੇ ਉਤ੍ਰ ਵਿਚ ਸਿੰਘਾਂ ਦਾ ਇਹ ਆਖਣਾ ਕਿ ਇਹ ਸਿੰਘ ਖ਼ਾਲੀ ਹੱਥੀਂ ਮਥਾ ਟੇਕਣ ਆਏ ਸਨ, ਉਨ੍ਹਾਂ ਨੇ ਮਾਰਨਾ ਕਿਸ ਚੀਜ਼ ਨਾਲ ਸੀ; ਦੋਵੇਂ ਗਲਾਂ ਗ਼ਲਤ ਹਨ। ਅਸਲ ਵਿਚ ਜੱਥੇ ਦੇ ਸਿੰਘ ਖਾਲੀ ਹਥੀਂ ਨਹੀਂ ਸਨ, ਕਿਸੇ ਪਾਸ ਕ੍ਰਿਪਾਨ ਤੇ ਕਿਸੇ ਪਾਸ ਸਫ਼ਾਜੰਗ ਸੀ ਤੇ ਡਾਂਗੋਂ ਖਾਲੀ ਤਾਂ ਕੋਈ ਭੀ ਨਹੀਂ ਸੀ। ਪਰ ਸਭ ਤੋਂ ਵਡੀ ਖ਼ੂਬੀ ਦੀ ਗਲ ਇਹ ਹੈ ਕਿ ਸਵਾਏ ਭਾ: ਰਾਮ ਸਿੰਘ ਚਕ ਨੰ: ੬੪ ਬੰਡਾਲਾ ਦੇ ਤੇ ਭਾਈ ਨਰਾਇਣ ਸਿੰਘ ਚਕ ਨੰ: ੫੫ ਬੁਰਜਾਂ ਦੇ ਕਿਸੇ ਇਕ ਸਿੰਘ ਨੇ ਭੀ ਜਥੇਦਾਰ ਦੇ ਹੁਕਮ ਅਨੁਸਾਰ ਉਂਗਲ ਤਕ ਭੀ ਨਹੀਂ ਚੁਕੀ। ਪੂਰਨ ਸ਼ਾਂਤਮਈ ਧਾਰਦਿਆਂ ਹੋਇਆਂ ਆਪਣੇ ਆਪ ਨੂੰ ਕੁਰਬਾਨ ਕਰ ਦਿਤਾ। ਸਗੋਂ ਲਧੂ ਕਾਤਲ ਦੀ ਛਵ੍ਹੀ ਟੁੱਟ ਜਾਣ ਦੇ ਕਾਰਨ ਉਸਨੇ ਇਕ ਸਿੰਘ ਦਾ ਸਫ਼ਾਜੰਗ ਲੈਕੇ ਸਿੰਘਾਂ ਨੂੰ ਕਤਲ ਕੀਤਾ। ਚੜ੍ਹਦੇ, ਲਹਿੰਦੇ ਤੇ ਦਖਣੀ ਬੂਹਿਆਂ ਥਾਣੀਂ ਦਰਵਾਜ਼ਾ ਖੋਲ੍ਹਕੇ ਭੱਜ ਜਾਣ ਦਾ ਪੂਰਨ ਮੌਕਾ ਸੀ, ਪਰ ਸਵਾਏ ਭਾਈ ਗੁਰਦਿਤ ਸਿੰਘ ਸ਼ਾਹਕੋਟ, ਭਾਈ ਫ਼ੌਜਾ ਸਿੰਘ ਧੰਨੂੰਆਣਾ ਚਕ ਨੰ: ੯੧ ਤੇ ਭਾਈ ਰਾਮ ਸਿੰਘ ਚਕ ਨੰ: ੬੪ ਤਿੰਨਾਂ ਬੰਦਿਆਂ ਦੇ, ਕਿਸੇ ਇਕ ਨੇ ਭੀ ਬਾਹਰ ਨਿਕਲਣ ਦਾ ਯਤਨ ਨਹੀਂ ਕੀਤਾ। ਪੂਰਨ ਦ੍ਰਿੜ੍ਹਤਾ ਨਾਲ ਸਭ ਸਿੰਘ ਅੰਦਰ ਡਟੇ ਰਹੇ ਅਤੇ ਸਤਿਗੁਰਾਂ ਦੇ ਸ਼ਹੀਦੀ ਹਵਨ-ਕੁੰਡ ਵਿਚ ਆਪਣੀਆਂ ਅਹੂਤੀਆਂ ਪਾ ਦਿਤੀਆਂ। ਕਾਤਲਾਂ ਨੇ ਜਥੇ ਦੇ ਸਿੰਘਾਂ ਪਾਸੋਂ ੨੧੯੭॥=) ਰੁਪਏ* ਲੁੱਟ ਪੁੱਟ ਲਏ। ਗ਼ੈਰ ਸਿੱਖਾਂ ਦੀਆਂ ਪੜਤਾਲੀਆ ਕਮੇਟੀਆਂ ਦੀਆਂ ਰਪੋਰਟਾਂ ਭੀ

*ਮੁਕੰਮਲ ਵੇਰਵੇ ਲਈ ਵੇਖੋ ਅੰਤਕਾ ਨੰ: ੪।

ਸਾਫ਼ ਦਸਦੀਆਂ ਹਨ ਕਿ ਕਿਸੇ ਸਿੰਘ ਨੇ ਭੀ ਇਕ ਧੇਲੇ ਦਾ ਨੁਕਸਾਨ ਨਹੀਂ ਕੀਤਾ ਸੀ।

੭. ਸਾਕਾ ੧੦ ਫਗਣ ਮੁਤਾਬਿਕ ੨੦ ਫ਼ਰਵਰੀ ਸੰ: ੧੯੨੧ ਈ: ਐਤਵਾਰ ਦੇ ਦਿਨ ਹੋਇਆ ਹੈ। ੨੧ ਫ਼ਰਵਰੀ ਨੂੰ ਜੋ ਹੁਣ ਤਕ ਅਖ਼ਬਾਰਾਂ ਵਿੱਚ ਛਪ ਰਿਹਾ ਹੈ, ਗ਼ਲਤ ਹੈ। ਜਥਾ ਕ੍ਰੀਬਨ ਪੌਣੇ ਛੇ ਵਜੇ ਅੰਦਰ ਦਾਖ਼ਲ ਹੋਇਆ ਅਤੇ ਸਾਢੇ ਸਤ ਵਜੇ ਤਕ ਗੋਲੀ ਚਲਕੇ ਸਾੜਣ ਦਾ ਕੰਮ ਆਰੰਭ ਹੋ ਗਿਆ ਸੀ।

ਸ਼ਹੀਦੀ ਜੀਵਨਾਂ ਤੇ ਇਕ ਨਜ਼ਰ

ਸ਼ਹੀਦੀ ਜੀਵਨਾਂ ਨੂੰ ਜੇ ਇਕ ਓਪਰੀ ਜਿਹੀ ਨਜ਼ਰ ਨਾਲ ਭੀ ਤੱਕਿਆ ਜਾਵੇ ਤਾਂ ਇਹ ਸੁਤੇ ਸਿੱਧ ਸਾਬਤ ਹੋ ਜਾਂਦਾ ਹੈ, ਕਿ ਉਸ ਸਮੇਂ ਅਕਾਲ ਪੁਰਖ ਦੀ ਰਜ਼ਾ ਅੰਦਰ ਸ਼ਹੀਦੀ ਇਲਾਕੇ ਵਿਚ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਅਥਾਹ ਜੋਸ਼ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਜਿਸਦੇ ਅਸਰ ਥੱਲੇ ਆਕੇ ਇਕ ਤੋਂ ਵਧੇਰੇ ਸਕੇ ਭਰਾਵਾਂ ਦੀਆਂ ਜੋੜੀਆਂ ਆਪਣੇ ਆਪ ਨੂੰ ਗੁਰਚਰਨਾਂ ਤੋਂ ਤਸੱਦਕ ਕਰ ਗਈਆਂ। ਇਸ ਪਵਿੱਤ੍ਰ ਲਹਿਰ ਦੀ ਸਭ ਤੋਂ ਵੱਡੀ ਉਚਤਾਈ ਇਹ ਸੀ, ਕਿ ਨਿਹੰਗ, ਕੂਕੇ, ਰਾਧਾ ਸੁਆਮੀ, ਗੁਲਾਬ-ਦਾਸੀਏ ਸੰਤ, ਤੇ ਤਕਰੀਬਨ ਹਰ ਇਕ ਪੇਸ਼ੇ ਦਾ ਬੰਦਾ ਅੰਮ੍ਰਿਤ ਛੱਕ ਕੇ ਸ਼ਹਾਦਤ ਦੀ ਲਟ ਲਟ ਬਲ ਰਹੀ ਸ਼ਮਾਂ ਉਤੋਂ ਕੁਰਬਾਨ ਹੋਣ ਲਈ ਉਠ ਨਸਿਆ। ਦੁਨੀਆਂਦਾਰੀ ਦੀਆਂ ਸਖ਼ਤ ਔਕੜਾਂ ਤੇ ਮੋਹ-ਮਾਇਆ ਦੇ ਜਾਲਾਂ ਦੀਆਂ ਤਕਲੀਫ਼ਾਂ ਦੇ ਪਹਾੜ ਚੀਰਦੇ ਹੋਏ ਇਹ ਧਰਮੀ ਜੋਧੇ ਸ੍ਰੀ ਨਨਕਾਣੇ ਸਾਹਿਬ ਪੁਜੇ ਅਤੇ ਪ੍ਰਵਾਨ ਹੋ ਚੁਕੀਆਂ ਰੂਹਾਂ ਨੂੰ ਨਵਾਜਕੇ ਸਤਿਗੁਰਾਂ ਨੇ ਆਪਣੇ ਚਰਨਾਂ ਵਿਚ ਸਦਾ ਲਈ ਥਾਂ ਬਖ਼ਸ਼ ਦਿਤੀ।

ਇਨ੍ਹਾਂ ਕੌਮੀ ਦੂਲਿਆਂ ਦੇ ਇਨ੍ਹਾਂ ਪਵਿੱਤਰ ਧਰਮੀ ਕਾਰਨਾਮਿਆਂ ਨਾਲ ਰਹਿੰਦੀ ਦੁਨੀਆਂ ਤਕ ਕੌਮ ਦਾ ਨਾਮ ਰੌਸ਼ਨ ਤੇ ਮੁਖ ਉਜਲਾ ਰਹੇਗਾ, ਕਿਉਂਕਿ ਸ਼ਹੀਦੀ ਰੂਹਾਂ ਹੀ ਧਰਮ ਅਤੇ ਕੌਮ ਦਾ ਸਹਾਰਾ ਹੋਇਆ ਕਰਦੀਆਂ ਹਨ। ਇਨ੍ਹਾਂ ਸੂਰਬੀਰਾਂ ਦੇ ਉਚੇ ਆਦਰਸ਼ਕ ਸਿਖਿਆ-ਦਾਇਕ ਜੀਵਨਾਂ ਨੂੰ ਜਦ ਭੀ ਕੌਮੀ ਬੱਚੇ ਪੜ੍ਹਨ ਗੇ ਤਦ, ਉਨ੍ਹਾਂ ਅੰਦਰ ਕੁਦਰਤੀ ਤੌਰ ਤੇ ਇਸ ਕਿਸਮ ਦੇ ਸੋਹਣੇ ਭਾਵ

ਉਤਪੱਨ ਹੋ ਜਾਣੇ, ਕੋਈ ਅਨੋਖੀ ਗਲ ਨਹੀਂ ਹੈ; ਕਿਉਂਕਿ ਸ਼ਹੀਦਾਂ ਦੇ ਉੱਚੇ ਕਾਰਨਾਮੇ ਹੀ ਕੌਮਾਂ ਨੂੰ ਦੁਨੀਆਂ ਵਿਚ ਉਜਾਗਰ ਕਰਿਆ ਕਰਦੇ ਹਨ। ਅਜਿਹੇ ਦਰੁਸਤ ਪੂਰਨਿਆਂ ਤੇ ਚਲਕੇ ਹੀ ਮੁਲਕ ਦੇ ਨੌਂ-ਨਿਹਾਲ ਦੇਸ਼ ਦਾ ਨੱਕ-ਨਮੂਜ ਬਣਾਇਆ ਕਰਦੇ ਹਨ। ਭਾਈ ਲਛਮਨ ਸਿੰਘ ਜਥੇਦਾਰ ਦੇ ਜੀਵਨ ਵਿਚੋਂ ਸੁਭਾਵਕ ਇਸਤ੍ਰੀ-ਵਿਦਿਆ, ਅਛੂਤ-ਉਧਾਰ ਤੇ ਗੁਰਦੁਆਰਾ-ਸੁਧਾਰ ਲਹਿਰ ਲਈ ਬੀਰਤਾ, ਦ੍ਰਿੜ੍ਹਤਾ, ਦਲੇਰੀ, ਬਹਾਦਰੀ ਤੇ ਜਵਾਨ-ਮਰਦੀ ਨਾਲ ਸਭ ਕੁਝ ਕੁਰਬਾਨ ਕਰ ਦੇਣ ਦੀ ਉਤਮ ਸਿੱਖਿਆ ਮਿਲਦੀ ਹੈ। ਅਖ਼ੀਰ ਦਮ ਤਕ ਅਸੂਲ-ਪ੍ਰਸਤੀ ਉਤੇ ਕਾਇਮ ਰਹਿੰਦਿਆਂ ਹੋਇਆਂ ਕਦਮ ਕਦਮ ਉਤੇ ਸਿੰਘਾਂ ਨੂੰ ਸ਼ਾਂਤਮਈ ਰਹਿਣ ਲਈ ਦ੍ਰਿੜ੍ਹ ਕਰਾਉਂਦਿਆਂ ਆਉਣਾ ਤੇ ਵਰ੍ਹਦੀਆਂ ਗੋਲੀਆਂ ਵਿਚ ਭੀ ਪੰਥ ਦਾ ਹੁਕਮ ਉਲੰਘਣ ਨਾ ਹੋਣ ਦੇਣਾ, ਜਥੇਦਾਰੀ ਦੇ ਫ਼ਰਜ਼ ਨੂੰ ਨਿਭਾਉਣ ਦਾ ਕਿਤਨਾ ਉੱਚਾ ਆਦਰਸ਼ ਹੈ। ਸ਼ਹਾਦਤ ਦੇ ਅੰਤਮ ਸਮੇਂ ਤਕ ਆਪ ਦੀ ਹਰ ਇਕ ਹਰਕਤ ਵਿਚੋਂ ਕੁਰਬਾਨੀ ਦੀ ਚਾਹ ਉਤਪੰਨ ਹੁੰਦੀ ਹੈ।

ਭਾਈ ਈਸ਼ਰ ਸਿੰਘ ਜੀ ਜਥੇਦਾਰ ਦਾ ਬ੍ਰਿਧ ਅਵਸਥਾ ਵਿਚ ਸਾਰਾ ਦਿਨ ਤੇ ਸਾਰੀ ਰਾਤ ਉਨੀਂਦਰੇ ਤੇ ਸਫ਼ਰ ਦੀਆਂ ਤਕਲੀਫ਼ਾਂ ਝਾਗ ਕੇ ਵਰ੍ਹਦੀਆਂ ਗੋਲੀਆਂ ਵਿਚ ਮਰਦਿ-ਮੈਦਾਨ ਵੰਗਾਰ ਕੇ ਸ਼ਹੀਦ ਹੋਣਾ ਕੌਮ ਅੰਦਰ ਸ਼ਹੀਦੀ ਰੂਹ ਫੂਕਕੇ ਇਨ੍ਹਾਂ ਤੁਕਾਂ ਦਾ ਅਸਲੀ ਸਬੂਤ ਦਿੰਦਾ ਹੈ :—

"ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ।
ਸਬਰ, ਸਿਦਕ, ਸ਼ਹੀਦ ਭਰਮ ਭੈ ਖੋਵਣਾ।
ਗੋਲਾ ਮੁਲ ਖ਼ਰੀਦ ਕਾਰੇ ਜੋਵਣਾ।
ਨ ਤਿਸ ਭੁਖ ਨ ਨੀਂਦ ਨ ਖਾਣਾ ਸੋਵਣਾ।"

(ਵਾਰਾਂ ਭਾਈ ਗੁਰਦਾਸ ਜੀ)

ਭਾਈ ਮੰਗਲ ਸਿੰਘ ਕ੍ਰਿਪਾਨ-ਬਹਾਦਰ ਦਾ ੮ ਫਗਣ ਨੂੰ ਮੁਕਲਾਵਾ ਆਉਂਦਾ ਹੈ ਤੇ ਆਪ ੯ ਫਗਣ ਨੂੰ ਬੰਨੀ ਦੀਆਂ ਪ੍ਰੀਤਾਂ ਤੇ ਰੀਝਾਂ ਦੀ ਕੋਈ ਪ੍ਰਵਾਹ ਨ ਕਰਦੇ ਹੋਏ, ਮੌਤ ਲਾੜੀ ਦੀਆਂ ਸੇਜਾਂ ਮਾਨਣ ਖ਼ਾਤਰ ਸ਼ਹਾਦਤ ਲਈ ਤੁਰ ਪੈਂਦੇ ਹਨ। ਕਿਤਨੀ ਦ੍ਰਿੜ੍ਹਤਾ ਤੇ ਸਿਖੀ-ਸਿਦਕ ਨੂੰ ਸਾਬਤ ਕਰਦਾ ਹੈ। ਭਾਈ ਸੁੰਦਰ ਸਿੰਘ ਦਾ ਚਿੱਟੀ ਪੱਗ ਤੇ ਕਾਲਾ ਦੁਪੱਟਾ ਲਪੇਟਕੇ ਤੁਰ ਪੈਣਾ ਸ਼ਹਾਦਤ ਦੇ ਕਿਤਨੇ ਪ੍ਰੇਮ ਤੇ ਸ਼ੌਕ ਨੂੰ ਜ਼ਾਹਰ ਕਰਦਾ ਹੈ।

ਭਾਈ ਟਹਿਲ ਸਿੰਘ ਦੇਵਾ ਸਿੰਘ ਵਾਲੇ ਦੀ ਇਸ ਸਮੇਂ ਦੀ ਹਰ ਇਕ ਗਲ ਤੋਂ ਨਿਰਭੈਤਾ ਤੇ ਦਲੇਰੀ ਜ਼ਾਹਰ ਹੁੰਦੀ ਹੈ। ਉਨ੍ਹਾਂ ਦਾ ਖੜਕੇ-ਦੜਕੇ ਵਾਲਾ ਹੰਗਾਮਾ-ਖ਼ੇਜ਼ ਜੀਵਨ ਮਨੁੱਖ ਦੀ ਰਗ ਰਗ ਅੰਦਰ ਹਰਕਤ ਪੈਦਾ ਕਰ ਦਿੰਦਾ ਹੈ। ਜਦ ਉਹ ਦੀਵਾਨਾਂ ਤੇ ਲਲਕਾਰਾ ਮਾਰਕੇ ਸ਼ੇਰਾਂ ਵਾਂਗ ਬੁਕਿਆ ਕਰਦੇ ਸਨ ਤਾਂ ਸਿੰਘਾਂ ਅੰਦਰ ਹਿਲ-ਜੁਲ ਮਚ ਜਾਇਆ ਕਰਦੀ ਸੀ।

ਭਾਈ ਨਰਾਇਣ ਸਿੰਘ ਬੁਰਜ ਚਕ ਨੰ: ੫੫, ਭਾਈ ਬਚਿੰਤ ਸਿੰਘ ਫਰਾਲਾ ਚਕ ਨੰ: ੨੫੮ ਤੇ ਭਾਈ ਨਰਾਇਣ ਸਿੰਘ ਲਹੁਕੇ ਚਕ ਨੰ: ੭੫ ਦੇ ਸਮੁੱਚੇ ਜੀਵਨ, ਸਿਮਰਨ, ਅਭਿਆਸ ਤੇ ਬੰਦਗੀ ਵਾਲੇ ਜੀਵਨ ਹਨ, ਜਿਨ੍ਹਾਂ ਤੋਂ ਸਤਿਗੁਰਾਂ ਉਤੇ ਪੂਰਨ ਸਿਦਕ, ਵਿਸ਼ਵਾਸ, ਸ਼ਰਧਾ ਅਤੇ ਭਰੋਸੇ ਦਾ ਸਬੂਤ ਮਿਲਦਾ ਹੈ।

ਭਾਈ ਹਜ਼ਾਰਾ ਸਿੰਘ ਚਕ ਨੰ: ੬੪ ਦਾ ਦੋ ਦਿਨ ਬੀਮਾਰੀ ਦੇ ਕਾਰਨ ਭੁਖੇ ਭਾਣਿਆਂ ਗੁਰ-ਪ੍ਰੀਤ ਵਿਚ ਖਿੱਚੇ ਚਲੇ ਆਉਣਾ ਚੰਗੇ ਅਕੀਦੇ ਨੂੰ ਜ਼ਾਹਰ ਕਰਦਾ ਹੈ। ਫੇਰ ਵੱਡੀ ਖ਼ੂਬੀ ਦੀ ਇਹ ਗਲ ਹੈ, ਕਿ ਆਪ ਦੇ ਸਰੀਰ ਨੂੰ ਜਦ ਵੇਖਿਆ ਗਿਆ ਤਾਂ ਸਾਹਮਣੇ ਛਾਤੀ ਵਿਚ ਸਤ ਗੋਲੀਆਂ ਦੇ ਨਸ਼ਾਨ ਮੌਜੂਦ ਸਨ, ਅਤੇ ਪਿੱਠ ਪਿਛੇ ਮਾਮੂਲੀ ਝਰੀਟ ਭੀ ਨਹੀਂ ਸੀ। ਇਸ ਕਿਸਮ ਦੀਆਂ ਘਟਨਾਵਾਂ ਤੋਂ ਸਾਬਤ ਹੁੰਦਾ ਹੈ, ਕਿ ਇਨ੍ਹਾਂ ਬਹਾਦਰਾਂ ਨੇ ਕਿਸਤਰ੍ਹਾਂ ਖਿੜੇ ਮੱਥੇ ਛਾਤੀਆਂ ਤਾਣਕੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਇਸੇ ਨਗਰ ਦੇ ਭਾਈ ਉਜਾਗਰ ਸਿੰਘ ਦਾ ਨੰਗੀਂ ਪੈਰੀਂ ਛੁਹਾਰੇ ਦਾ ਖ਼ਿਆਲ ਛੱਡਕੇ ਮੌਤ ਦੀਆਂ ਲੰਮੀਆਂ ਵਾਟਾਂ ਦੇ ਬਿਖੜੇ ਪੈਂਡੇ ਤੁਰ ਪੈਣਾ ਤਿਆਗ ਦਾ ਕਿੱਡਾ ਸੋਹਣਾ ਨਮੂਨਾ ਹੈ।

ਭਾਈ ਬਾਰਾ ਸਿੰਘ ਚਕ ਨੰ: ੭੧ ਦਾ ਆਪਣੇ ਭਰਾ ਦੀ ਥਾਂ ਸ਼ਹਾਦਤ ਲਈ ਤੁਰ ਆਉਣਾ ਸ਼ਹੀਦੀ ਦੇ ਚਾ ਤੇ ਉਮਾਹ ਨੂੰ ਪ੍ਰਗਟ ਕਰਦਾ ਹੈ। ਇਸੇ ਪਿੰਡ ਦੇ ਭਾਈ ਇਛਰ ਸਿੰਘ ਹੋਰਾਂ ਨੇ ਘਰ ਵਿਚ ਵਿਵਾਹ ਦਾ ਅਡੰਬਰ ਰਚਿਆ ਛੱਡਕੇ ਜਥੇ ਨਾਲ ਤੁਰ ਪੈਣਾ; ਪਿੰਡ ਦੇ ਮੁਖੀਆਂ ਤੇ ਅਰਧੰਗੀ ਦੇ ਜ਼ੋਰ ਦੇਣ ਤੇ ਭੀ ਘਰ ਨੂੰ ਵਾਪਸ ਨ ਮੁੜਨਾ ਸਾਫ਼ ਦਸਦਾ ਹੈ, ਕਿ ਇਹ ਸਭ ਕੁਝ ਕਰਤਾਰ ਦੇ ਹੁਕਮ ਅੰਦਰ ਹੀ ਖੇਡ ਵਰਤ ਰਹੀ ਸੀ।

ਭਾਈ ਹਰਨਾਮ ਸਿੰਘ ਦੇਵਾ ਸਿੰਘ ਵਾਲੇ ਨੂੰ ਮੁਕਲਾਵਾ ਆਂਦਿਆਂ ਅਜੇ

ਦੋ ਦਿਨ ਹੋਏ ਹਨ। ਸਾਰਾ ਪਰਵਾਰ ਮੋਹ ਮਾਇਆ ਦੇ ਜਾਲਾਂ ਵਿਚ ਫਸਾ ਰਿਹਾ ਹੈ। ਭਾਈ ਕੇਸਰ ਸਿੰਘ ਦੇ ਘਰ ਛੁਹਾਰਾ ਦੇਣ ਲਈ ਲਾਗੀ ਬੈਠਾ ਹੈ ਅਤੇ ਭਾ: ਮੋਤਾ ਸਿੰਘ ਬਹੋੜੂ ਨੇ ੯ ਫਗਣ ਨੂੰ ਮੁਕਲਾਵਾ ਲੈਣ ਲਈ ਜਾਣਾ ਸੀ। ਸੌਹਰੇ ਨੇ ਆਪਣੇ ਕੁੜਮ ਨਾਲ ਸਲਾਹ ਕਰਕੇ ਨਵੇਂ ਲੀੜੇ ਪੁਆਕੇ ਜੁਆਈ ਨੂੰ ਆਪਣੇ ਨਾਲ ਖੜਣ ਲਈ ਤਿਆਰ ਕੀਤਾ ਹੈ। ਪਰ ਜਦ ਸ਼ਹੀਦੀ ਲਈ ਹੁਕਮ ਪੁਜਦਾ ਹੈ, ਤਾਂ ਪਹਿਲੇ ਦੁਨਿਆਵੀ ਪ੍ਰੋਗਰਾਮ ਨੂੰ ਦਿਲੋਂ ਕੱਢ ਦੇਂਦੇ ਹਨ। ਇਨ੍ਹਾਂ ਤਿੰਨਾਂ ਪ੍ਰੇਮ-ਪਤੰਗਿਆਂ ਦਾ ਸਭ ਕੁਝ ਛਡ ਛਡਾਕੇ ਸ਼ਹਾਦਤ ਦੀਆਂ ਲਟ-ਲਟ ਬਲ ਰਹੀਆਂ ਸ਼ਮ੍ਹਾਂ ਉਤੇ ਆ ਕੁਰਬਾਨ ਹੋਣਾ ਬਹੁਤ ਭਾਰੀ ਕੁਰਬਾਨੀ ਦੀ ਸੋਬਾ ਦਿੰਦਾ ਹੈ। ਭਾਈ ਕੇਹਰ ਸਿੰਘ ਜਰਗ ਦਾ ਸ਼ੇਰ ਮਾਰਨਾ, ਭਾਈ ਚੇਤ ਸਿੰਘ ਚਕ ਨੰ: ੬੪ ਦਾ ਚੋਰਾਂ ਨੂੰ ਇਕੱਲਿਆਂ ਫੜ ਕੇ ਤੋਬਾ-ਤੋਬ ਕਰਾਉਣਾ; ਭਾਈ ਦੀਵਾਨ ਸਿੰਘ ਇਕੱਲੇ ਨੇ ਡਾਂਗਾਂ ਨਾਲ ਉਨ੍ਹੀ ਬੰਦੇ ਅੱਗੇ ਲਾ ਲੈਣੇ ਤੇ ਭਾ:ਮੋਹਣ ਸਿੰਘ ਧੰਨੂਆਣਾ ਚਕ ੯੧ ਦਾ ੨੧ ਮਣ ਦੀ ਮੁੰਗਲੀ ਚੁਕ ਲੈਣੀ ਦਸਦਾ ਹੈ,ਕਿ ਇਨ੍ਹਾਂ ਚੋਂ ਕਈਆਂ ਪਹਿਲਵਾਨਾਂ ਦੇ ਸਰੀਰ ਬੜੇ ਬਲਵਾਨ ਸਨ। ਪਰ ਇਨ੍ਹਾਂ ਸੂਰਮਿਆਂ ਦਾ ਕੀਤੇ ਪ੍ਰਣ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਅੰਦਰ ਉਂਗਲੀ ਤਕ ਨ ਚੁਕਣੀ, ਹੁੰਦੇ ਤਾਣ ਨਿਤਾਣੇ ਹੋ ਜਾਣਾ ਤੇ "ਮੁਰਦਾ ਹੋਇ ਮੁਰੀਦ ਤਾਂ ਗੁਰ ਗੋਰ ਸਮਾਵੈ" ਦਾ ਅਮਲੀ ਸਬੂਤ ਦਿੰਦਿਆਂ ਹੋਇਆਂ ਛਵ੍ਹੀਆਂ ਤੇ ਗੋਲੀਆਂ ਨਾਲ ਆਪਣੇ ਆਪ ਨੂੰ ਖਿੜੇ ਮੱਥੇ ਸ਼ਹੀਦ ਕਰਵਾ ਲੈਣਾ। ਨੌ ਸਾਲ ਦੇ ਮਾਸੂਮ ਬਾਲਕ ਭਾਈ ਦਰਬਾਰਾ ਸਿੰਘ ਦਾ ਜ਼ੀਉਂਦਿਆਂ ਸੜ ਜਾਣਾ ਸਤਿਗੁਰਾਂ ਦੀਆਂ ਅਦੁਤੀ ਕੁਰਬਾਨੀਆਂ ਦਾ ਸਦਕਾ ਨਹੀਂ ਤਾਂ ਹੋਰ ਕੀ ਹੈ? ਭਾਈ ਰੰਡਾ ਸਿੰਘ ਭਸੀਣ ਦਾ ਪਹਿਲਾਂ ਆਪਣੀਂ ਅੱਖੀਂ ਮੌਤ ਦਾ ਸਾਮਾਨ ਵੇਖ ਜਾਣਾ ਤੇ ਫੇਰ ਘਰੋਂ ਤੁਰਨ ਸਮੇਂ ਘਰ ਵਾਲਿਆਂ ਦੇ ਬੂਹੇ ਬੰਦ ਕਰਕੇ ਡਕਣ ਤੇ ਭੀ ਪਿਛਵਾੜਿਓਂ ਕੋਠੇ ਤੋਂ ਛਾਲ ਮਾਰਕੇ ਜੱਥੇ ਨਾਲ ਸ਼ਾਮਲ ਹੋਕੇ ਜਾ ਅਹੂਤੀ ਦੇਣੀ, ਇਕ ਸਿਖ ਸੂਰਮੇਂ ਤੋਂ ਹੀ ਪੁਜ ਆਉਂਦਾ ਹੈ। ਭਾਈ ਮਹਿੰਗਾ ਸਿੰਘ ਚਕ ੭੫ ਦਾ ਆਪਣੇ-ਲਹਿਣੇ ਦੇਣੇ ਦੀ ਵਹੀ ਤੇ ਫ਼ਹਿਰਿਸਤ ਬਣਾਕੇ ਆਪਣਾ ਅੱਠ ਸੌ ਰੁਪਏ ਦਾ ਅਹਾਤਾ ਗੁਰਦੁਆਰੇ ਦੇ ਨਾਮ ਲੁਆਕੇ ੪੦) ਨਕਦ ਲੰਗਰ ਲਈ ਵਾਂਸਲੀ ਵਿਚ ਪਾਕੇ ਤੁਰਨਾ, ਸਾਫ਼ ਜ਼ਾਹਰ ਕਰਦਾ ਹੈ, ਕਿ ਇਨ੍ਹਾਂ ਧਰਮੀ ਬੀਰਾਂ

ਅੰਦਰ ਸ਼ਹੀਦੀ ਲਈ ਕਿਸਤਰ੍ਹਾਂ ਵਲਵਲੇ ਉਤਪੱਨ ਹੋ ਰਹੇ ਸਨ। ਭਾਈ ਹੁਕਮ ਸਿੰਘ ਜੈਸੇ ਭੋਲੇ ਤੇ ਲਟਬੌਰੇ ਜਿਹੇ ਸਤਿਜੁਗੀ ਪੁਰਸ਼ਾਂ ਦਾ ਆ ਜਾਨਾਂ ਵਾਰਨੀਆਂ ਕਰਤਾਰ ਦੇ ਅਲੌਕਿਕ ਰੰਗਾਂ ਨੂੰ ਪ੍ਰਗਟ ਕਰਦਾ ਹੈ। ਭਾਈ ਬੁਧ ਸਿੰਘ ਦੇ ਜੀਵਨ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਅਜ ਤੋਂ ੩੪੭ ਸਾਲ ਪਹਿਲਾਂ ਉਨ੍ਹਾਂ ਦੇ ਬਜ਼ੁਰਗਾਂ ਨੇ ਸਿਖੀ ਸ਼ਾਨ ਬਦਲੇ ਕੀ ਕੀ ਘਾਲਣਾਂ ਘਾਲੀਆਂ ਸਨ। ਇਤਿਹਾਸਕ ਖੋਜ ਦੇ ਨੁਕਤੇ ਤੋਂ ਇਹ ਸਭ ਤੋਂ ਪਹਿਲੀ ਤੇ ਨਵੀਂ ਖੋਜ ਹੈ। ਏਸੇ ਤਰ੍ਹਾਂ ਮੇਹਨਤ ਨਾਲ ਪੁਰਾਣੀ ਖੋਜ ਪੜਤਾਲ ਕਰਕੇ ਬਾਕੀ ਸ਼ਹੀਦਾਂ ਚੋਂ ਭੀ ਜੇ ਕਈਆਂ ਦੇ ਖ਼ਾਨ-ਦਾਨੀ ਹਾਲ ਲਿਖੇ ਜਾਂਦੇ ਤਾਂ ਬਹੁਤ ਸ਼ਾਨਦਾਰ ਸਾਬਤ ਹੁੰਦੇ। ਪਰ ਸਮੇਂ ਦੀ ਤੰਗੀ ਕਰਕੇ ਉਨ੍ਹਾਂ ਦੀ ਪਿਛਲੀ ਖੋਜ ਛੱਡ ਦਿਤੀ ਗਈ ਹੈ ਤੇ ਕੇਵਲ ਖੋਜ ਦਾ ਨਮੂਨਾ ਦਸਣ ਵਜੋਂ ਇਹ ਇਕ ਜੀਵਨ ਹੀ ਦਿਤਾ ਗਿਆ ਹੈ।

ਭਾਈ ਦਲੀਪ ਸਿੰਘ ਸਾਹੋਵਾਲ ਦਾ ਸਮੁੱਚਾ ਜੀਵਨ ਇਕ ਉੱਚਾ ਆਦਰਸ਼ਕ ਜੀਵਨ ਹੈ। ਜਿਸਦੇ ਲਿਖਣ ਲਗਿਆਂ ਸੰਛੇਪਤਾ ਤੋਂ ਕੰਮ ਲੈਂਦਿਆਂ ਭੀ ਵਿਸਥਾਰ ਹੋ ਗਿਆ ਹੈ। ਹੁਣ ਇਥੇ ਹੋਰ ਵਧੇਰੇ ਸੁਝਾਉਣ ਤੇ ਸਮਝਾਉਣ ਲਈ ਬਹੁਤਾ ਖੋਹਲਕੇ ਲਿਖਣਾ ਇਕ ਵਾਧੂ ਜਿਹੀ ਗਲ ਹੈ। ਮੁਕਦੀ ਗਲ ਇਹ ਕਿ ਆਪ ਦੇ ਜੀਵਨ ਦੇ ਹਰ ਇਕ ਵਾਕਿਆ ਤੋਂ ਕੋਈ ਨ ਕੋਈ ਸਿਖਿਆ ਅਤੇ ਕੌਮ ਲਈ ਕੁਰਬਾਨੀ ਕਰਨ ਦੀ ਸੋਹਣੀ ਮਿਸਾਲ ਮਿਲਦੀ ਹੈ।

ਇਹ ਕੇਵਲ ਕੁਝ ਜੀਵਨਾਂ ਸੰਬੰਧੀ ਇਸ਼ਾਰੇ ਹਨ, ਪਰ ਗੌਹ ਨਾਲ ਪੜ੍ਹਿਆਂ ਹਰ ਇਕ ਜੀਵਨ ਚੋਂ ਕੋਈ ਨਾ ਕੋਈ ਅਦੁਤੀ ਕੁਰਬਾਨੀ ਕਰਨ ਦੀ ਗਲ ਕੌਮ ਨੂੰ ਉਚਿਆਂ ਕਰਨ ਵਾਲੀ ਮਿਲੇਗੀ। ਆਮ ਜੀਵਨਾਂ ਦੇ ਹਾਲਾਤ ਤਕਰੀਬਨ ਇਕੋ ਜਿਹੇ ਸਨ, ਇਸ ਲਈ ਜੋ ਗਲਾਂ ਇਕ ਜੀਵਨ ਵਿਚ ਆ ਗਈਆਂ ਹਨ, ਉਹ ਦੂਜੇ ਵਿਚ ਨਹੀਂ ਦਿਤੀਆਂ ਗਈਆਂ, ਕਿਉਂਕਿ ਇਕੋ ਚੀਜ਼ ਨੂੰ ਬਾਰ ਬਾਰ ਦੁਹਰਾਣ ਨਾਲ ਕਿਤਾਬ ਸਵਾਦਲੀ ਨਹੀਂ ਰਹਿੰਦੀ ਸੀ।

ਜਿਸਤਰ੍ਹਾਂ ਜੱਥੇ ਦੇ ਸਿੰਘ ਨੰਬਰਵਾਰ ਹਰ ਇਕ ਪਿੰਡ ਚੋਂ ਤੁਰੇ ਤੇ ਅਗਲਿਆਂ ਪਿੰਡਾਂ ਦੇ ਹੋਰ ਨਾਲ ਸ਼ਾਮਲ ਹੁੰਦੇ ਗਏ, ਨਨਕਾਣੇ ਸਾਹਿਬ ਪੁਜਕੇ ਜਿਵੇਂ ਇਕ ਦੂਜੇ ਦੇ ਪਿਛੋਂ ਸ਼ਹੀਦੀਆਂ ਪ੍ਰਾਪਤ ਕਰਦੇ ਗਏ, ਉਸੇ ਤਰਤੀਬ ਅਨੁਸਾਰ ਉਨ੍ਹਾਂ ਦੇ ਹਾਲ ਦਰਜ ਕੀਤੇ ਗਏ ਹਨ।

—ਸ਼ਹੀਦੀ-ਜੀਵਨ—

ਸ਼ਹੀਦਾਂ ਦੇ ਵਾਰਸਾਂ ਦੇ ਬਿਆਨਾਂ ਤੋਂ ਪਤਾ ਲਗਦਾ ਹੈ, ਕਿ ਕੁਝ ਕੁ ਸਿੰਘ ਆਪਣੇ ਘਰਾਂ ਤੋਂ ਨਾਲ ਰੁਪਏ ਲੈਕੇ ਭੀ ਤੁਰੇ ਸਨ ਜੋ ਇਥੇ ਕਾਤਲਾਂ ਨੇ ਲੁਟਕੇ ਝੋਲੀਆਂ ਭਰ ਲਈਆਂ। ਜਿਸ ਦਾ ਸਬੂਤ ਪੁਲਸ ਦੀਆਂ ਰਪੋਰਟਾਂ ਤੋਂ ਭੀ ਮੁਕੰਮਲ ਮਿਲਦਾ ਹੈ। ਇਸ ਰੁਪਏ ਦਾ ਕੁਲ ਜੋੜ ੨੧੯੭॥ =) ਬਣਦਾ ਹੈ।*

ਗੁਰੂ ਪੰਥ ਨੇ ਇਨ੍ਹਾਂ ਬਹਾਦਰਾਂ ਦੀ ਅਦੁਤੀ ਕੁਰਬਾਨੀ ਨੂੰ ਅੱਖਾਂ ਸਾਮ੍ਹਣੇ ਰਖਦਿਆਂ ਹੋਇਆਂ ਸ਼ਹੀਦੀ ਪ੍ਰਵਾਰਾਂ ਦੇ ਨਾਮ ਪਿਨਸ਼ਨਾਂ ਕਾਇਮ ਕੀਤੀਆਂ ਤੇ ਉਨ੍ਹਾਂ ਦੇ ਕਰਜ਼ੇ ਉਤਾਰ ਦਿਤੇ, ਤਾਂ ਜੋ ਅਗੋਂ ਕੌਮ ਅੰਦਰ ਕੁਰਬਾਨੀ ਦਾ ਉਤਸ਼ਾਹ ਵਧੇ। ਪ੍ਰੰਤੂ ੮੬ ਸ਼ਹੀਦਾਂ ਦੇ ਵਾਰਸਾਂ ਵਿਚੋਂ ਕੇਵਲ ੫੭ ਬੰਦਿਆਂ ਨੇ ਇਸ ਸਹਾਇਤਾ ਨੂੰ ਪ੍ਰਵਾਨ ਕੀਤਾ ਅਤੇ ਕਈਆਂ ਪ੍ਰਵਾਰਾਂ ਨੇ ਆਪਣੀ ਹਾਲਤ ਮਾੜੀ ਹੁੰਦਿਆਂ ਸੁੰਦਿਆਂ ਭੀ ਇਕ ਪਾਈ ਤਕ ਸਹਾਇਤਾ ਸਵੀਕਾਰ ਨਹੀਂ ਕੀਤੀ ਹੈ। ਪਿਨਸ਼ਨ ਲੈਣ ਵਾਲੇ ਹਰ ਇਕ ਸ਼ਹੀਦ ਦੇ ਵਾਰਸ ਦਾ ਨਾਮ ਅਤੇ ਰਕਮ ਦਾ ਟੋਟਲ ਜੀਵਨ ਦੇ ਅਖ਼ੀਰ ਤੇ ਦਰਜ ਹੈ। ਕੁਲ ਪਿਨਸ਼ਨ ਤੇ ਕਰਜ਼ੇ ਦਾ ਜੋੜ ੧੪ ਮਈ ਸੰ: ੧੯੨੨ ਈ: ਤੋਂ ਲੈ ਕੇ ੩੦ ਅਪ੍ਰੈਲ ਸੰ: ੧੯੩੮ ਈ: ਤਕ ੧੨੬੩੩੯॥|–) ਰੁਪਏ ਬਣਦਾ ਹੈ †।

ਸ਼ਹੀਦੀ ਜੀਵਨ ਵਿਚ ਹਰ ਇਕ ਗਲ ਪੂਰੀ ਖੋਜ ਕਰਕੇ ਤਸੱਲੀ ਨਾਲ ਲਿਖੀ ਗਈ ਹੈ। ਇਥੋਂ ਤਕ ਕਿ ਜਿਨ੍ਹਾਂ ਲਫ਼ਜ਼ਾਂ ਵਿਚ ਹਾਲ ਮਿਲੇ ਹਨ, ਉਨ੍ਹਾਂ ਦੀ ਪੁਣ ਛਾਣ ਕਰਕੇ ਉਹ ਉਸੇ ਤਰਾਂ ਉਨ੍ਹਾਂ ਵਿਚ ਹੀ ਦਰਜ ਹੋਏ ਹਨ। ਹਰ ਇਕ ਘਟਣਾ ਸੰਬੰਧੀ ਕਈ ਅੱਖੀਂ ਡਿਠੀਆਂ ਮੌਕੇ ਦੀਆਂ ਸ਼ਹਾਦਤਾਂ ਆਪੋ ਵਿਚ ਟਕਰਾ ਕੇ ਪੂਰੀ ਤਰਾਂ ਸੱਚ ਝੂਠ ਦਾ ਨਿਖੇੜਾ ਕੀਤਾ ਗਿਆ ਹੈ। ਬਹੁਤੀ ਡੂੰਘੀ ਇਬਾਰਤ-ਅਰਾਈ ਵਲੋਂ ਜਾਣ ਬੁਝ ਕੇ ਸੰਕੋਚ ਰਖਿਆ ਹੈ, ਤਾਂ ਜੋ ਕਿਸੇ ਸਜਨ ਨੂੰ ਅਸਲੀਅਤ ਸਮਝਣ ਵਿਚ ਕੋਈ ਮਾਮੂਲੀ ਤੋਂ ਮਾਮੂਲੀ ਧੋਖਾ ਯਾ ਟਪਲਾ ਨਾ ਲਗੇ, ਸਭ ਤੋਂ ਵਡੀ ਜ਼ਾਮਨੀ ਇਸੇ ਗਲ ਦੀ ਹੈ। ਪਰ ਫੇਰ ਭੀ ਮਨੁੱਖ ਦੇ ਦਮ ਮਾਰਨ ਦੀ ਜਾ ਨਹੀਂ ਹੈ ਕਿਉਂਕਿ 'ਅਭੁਲ ਗੁਰੂ ਕਰਤਾਰ' ਹੈ। ਜਿਸ ਸਜਨ ਨੂੰ

---

*ਪੂਰੇ ਵੇਰਵੇ ਲਈ ਵੇਖੋ ਅੰਤਕਾ ਨੰਬਰ ੪।

†ਇਸ ਰਕਮ ਵਿਚ ਮਾਈ ਭਗਵਾਨ ਦਈ ਚਕ ਨੰ: ੨੮੬ ਨੂੰ ਦਿਤੇ ਗਏ ੪੬੮) ਰੁਪਏ ਭੀ ਸ਼ਾਮਲ ਹਨ।

ਇਹ ਪੁਸਤਕ ਪੜ੍ਹਕੇ ਕੋਈ ਨਵੀਂ ਗਲ ਮਾਲੂਮ ਹੋਵੇ, ਉਹ ਲਿਖਕੇ ਭੇਜਣ ਦੀ ਕ੍ਰਿਪਾਲਤਾ ਕਰਕੇ ਧੰਨਵਾਦੀ ਬਣਾਵੇ, ਤਾਂ ਜੋ ਉਹ ਅਗਲੀ ਐਡੀਸ਼ਨ ਵਿਚ ਦਰਜ ਕਰ ਲਈ ਜਾਵੇ।

ਸਤਿਗੁਰੂ ਮੇਹਰ ਕਰਨ ਤੇ ਸ਼ਹੀਦੀ ਜੀਵਨ ਅਕਾਲੀ ਲਹਿਰ ਦੇ ਇਤਿਹਾਸ ਦੇ ਲਿਖੇ ਜਾਣ ਦਾ ਮੁੱਢ ਬੱਝਾ ਸਾਬਤ ਹੋਵੇ ਤੇ ਗੁਰੂ ਦੇ ਹੁਕਮ ਅੰਦਰ, ਗੁਰੂ ਕੇ ਬਾਗ਼, ਤਰਨ ਤਾਰਨ, ਪੰਜਾ ਸਾਹਿਬ, ਜੈਤੋ ਤੇ ਹੋਰ ਅਨੇਕਾਂ ਜੇਹਲਾਂ ਵਿਚ ਸ਼ਹੀਦ ਹੋ ਚੁਕੇ ਸ਼ਹੀਦਾਂ ਦੇ ਜੀਵਨ ਲਿਖਾਉਣ ਲਈ ਪੰਥ ਦਾ ਧਿਆਨ ਇਸ ਬੰਨੇ ਖਿੱਚੇ, ਅਜ ਕਲ ਹਾਲ ਮਿਲ ਸਕਦੇ ਹਨ, ਹੋਰ ਪੰਦਰਾਂ ਵੀਹਾਂ ਸਾਲ਼ਾਂ ਮਗਰੋਂ ਮਿਲਣੇ ਅਸੰਭਵ ਹੋਣਗੇ, ਕਿਉਂਕਿ ਉਸ ਸਮੇਂ ਤਕ ਬਹੁਤੇ ਹਾਲ ਦਸਣ ਵਾਲੇ ਸਜਣ ਆਪਣੀ ਔਸਤ ਉਮਰ ਭੋਗ ਕੇ ਪ੍ਰਲੋਕ ਗਵਨ ਕਰ ਗਏ ਹੋਣਗੇ। ਮੇਰੇ ਇਸ ਪੁਸਤਕ ਦੇ ਲਿਖਣ ਸਮੇਂ ਜਿਨ੍ਹਾਂ ਸਜਣਾਂ ਨੇ ਬੜੀ ਭਾਰੀ ਪ੍ਰਮਾਣੀਕ ਮੌਕੇ ਦੀ ਵਾਕਫ਼ੀ ਦਿਤੀ ਹੈ, ਉਨ੍ਹਾਂ ਵਿਚੋਂ ਪੰਜ ਸਤ ਪ੍ਰਸਿਧ ਹਸਤੀਆਂ ਪੁਸਤਕ ਛਪਣ ਤੋਂ ਪਹਿਲਾਂ ਹੀ ਕੂਚ ਕਰ ਗਈਆਂ ਹਨ। ਇਨ੍ਹਾਂ ਵਿਚੋਂ ਸ: ਹਰਬੰਸ ਸਿੰਘ ਜੀ ਅਟਾਰੀ, ਐਨ. ਐਸ. ਜੀ ਸੰਧੂ ਡਿਸਟ੍ਰਿਕਟ ਇੰਨਜੀਨੀਅਰ, ਸ: ਨਰਾਇਣ ਸਿੰਘ ਘੜੂੰਆਂ, ਭਾਈ ਮੋਹਣ ਸਿੰਘ ਜੀ ਵੈਦ ਤਰਨਤਾਰਨ ਅਤੇ ਭਾਈ ਸਾਹਿਬ ਭਾਈ ਤਖ਼ਤ ਸਿੰਘ ਜੀ ਮੈਨੇਜਰ ਸਿਖ ਕੰਨਿਆਂ ਮਹਾਂ ਵਿਦਿਆਲਾ ਫ਼ੀਰੋਜ਼ਪੁਰ ਦੇ ਨਾਮ ਖ਼ਾਸ ਜ਼ਿਕਰ ਕਰਨ ਯੋਗ ਹਨ। ਸਮੇਂ ਸਿਰ ਨ ਲਿਖੇ ਜਾਣ ਦੇ ਕਾਰਨ ਹੀ ਸਾਡਾ ਪੁਰਾਤਨ ਇਤਿਹਾਸ ਅਧੂਰਾ ਪਿਆ ਹੈ। ਕਈਆਂ ਅਨ-ਮਤੀ ਵਿਦਵਾਨਾਂ ਦੀ ਇਹ ਰਾਏ ਹੈ ਕਿ ਸਿਖ ਕੌਮ ਆਪਣਾ ਸ਼ਾਨਦਾਰ ਇਤਿਹਾਸ ਬਣਾਉਣਾ ਜਾਣਦੀ ਹੈ, ਪਰ ਲਿਖਣਾ ਨਹੀਂ ਜਾਣਦੀ। ਪ੍ਰਾਰਥਨਾ ਹੈ ਕਿ ਰਬ ਸ਼ਕਤੀ ਬਖ਼ਸ਼ੇ ਤੇ ਕੌਮੀ ਆਗੂ ਹੰਭਲਾ ਮਾਰਨ ਤਾਂ ਜੋ ਅਸੀ ਇਸ ਉਲਾਂਭੇ ਨੂੰ ਲਾਹੁਣ ਲਈ ਸਮਰਥ ਹੋ ਸਕੀਏ।

ਗੁਰੂ ਪੰਥ ਦਾ ਦਾਸ—
ਗੁਰਬਖ਼ਸ਼ ਸਿੰਘ 'ਸ਼ਮਸ਼ੇਰ' ਝੁਬਾਲੀਆ
ਸ੍ਰੀ ਨਨਕਾਣਾ ਸਾਹਿਬ

੭–੬–੩੮]

ਗੁਰਦੁਆਰਾ ਸੁਧਾਰ ਲਹਿਰ

ਦਾ

ਸੰਖੇਪ ਹਾਲ !

ਗੁਰਦੁਆਰਾ ਸੁਧਾਰ ਲਹਿਰ

ਦਾ

ਸੰਖੇਪ ਹਾਲ

ਮੁਢਲੇ ਸਮੇਂ ਦਾ ਪ੍ਰਬੰਧ

ਸਤਿਗੁਰਾਂ ਦੇ ਸਮੇਂ ਅਤੇ ਬੁਢਾ ਦਲ ਦੇ ਵੇਲੇ *ਗੁਰਦੁਆਰਿਆਂ ਦਾ ਪ੍ਰਬੰਧ ਸਤਿਜੁਗੀ ਨਮੂਨੇ ਦਾ ਹੋਇਆ ਕਰਦਾ ਸੀ। ਗੁਰਦੁਆਰਿਆਂ ਦੇ ਪ੍ਰਬੰਧਕ ਉਹ ਚੁਣੇ ਜਾਂਦੇ ਸਨ, ਜੋ ਵਿਦਵਾਨ, ਗੁਰਮਤ ਵਿਚ ਪ੍ਰਪੱਕ, ਉੱਚੇ ਆਚਰਨ ਵਾਲੇ ਅਤੇ ਨਿਸ਼ਕਾਮ ਸੇਵਕ ਹੋਇਆ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਗੁਰਦੁਆਰਿਆਂ ਵਿਚ ਸੰਗਮਰਮਰ ਤੇ ਸੋਨਾ ਲਗਣ ਦੀ ਬੜੀ ਭਾਰੀ ਸੇਵਾ ਹੋਈ ਅਤੇ ਡੋਗਰਿਆਂ ਦੀ ਪ੍ਰਧਾਨਗੀ ਵਿਚ ਪ੍ਰਸਿੱਧ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਪੁਜਾਰੀਆਂ ਵਲੋਂ ਕੁਝ ਉਲਟਾ ਪੁਲਟਾ ਜਿਹਾ ਕਰ

---

*ਗੁਰਦੁਆਰੇ ਕਿਵੇਂ ਬਣੇ, ਇਸ ਸਬੰਧੀ ਭਾਈ ਗੁਰਦਾਸ ਜੀ ਨੇ ਇਉਂ ਲਿਖਿਆ ਹੈ :--

ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ। . . .
ਘਰ ਘਰ ਅੰਦਰ ਧਰਮਸਾਲ ਹੋਇ ਕੀਰਤਨ ਸਦਾ ਵਸੋਆ।......

ਜਦ ਪਹਿਲੀ ਪਾਤਸ਼ਾਹੀ ਨੇ ਤੁਲੰਬੇ ਦੇ ਸਜਣ ਠੱਗ ਨੂੰ ਗੁਰਸਿਖੀ ਦਾ ਉਪਦੇਸ਼ ਦਿਤਾ ਤਾਂ ਉਸਨੂੰ ਪ੍ਰਚਾਰਕ ਨੀਯਤ ਕੀਤਾ ਅਤੇ ਧਰਮਸਾਲਾ ਕਾਇਮ ਕਰਕੇ ਸਭ ਤੋਂ ਪਹਿਲਾਂ ਗੁਰਦੁਆਰਾ ਬਣਾਇਆ। ਸਾਰੇ ਹੀ ਗੁਰੂਆਂ ਨੇ ਪੂਜਾ ਦੇ ਧਾਨ ਨੂੰ ਗੁਰਸਿਖਾਂ ਲਈ ਜ਼ਹਿਰ ਸਮਾਨ ਸਮਝਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਚੌਥੀ ਪਾਤਸ਼ਾਹੀ ਤਕ ਸਿਖਾਂ ਦੇ ਧਰਮ ਮੰਦਰ ਦਾ ਨਾਮ "ਧਰਮਸਾਲਾ" ਪ੍ਰਚਲਤ ਸੀ। "ਮੈਂ ਬਧੀ ਸਚੁ ਧਰਮਸਾਲ ਹੈ। ਗੁਰਸਿਖਾ ਲਹਦਾ ਭਾਲਿਕੈ। ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥" (ਸ੍ਰੀ ਰਾਗੁ ਮ: ੫)

"ਪੂਰਬ ਧਰਮਸਾਲ ਬਨਵਾਵਹੁ। ਬਹੁਰ ਆਇ ਹਮ ਕੋ ਲੈ ਜਾਵਹੁ॥" (ਨਾ: ਪ੍ਰ:)

ਇਸ ਦੇ ਪਿਛੋਂ ਸ੍ਰੀ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨਾਮ "ਹਰਿਮੰਦਰ ਸਾਹਿਬ" ਰਖਿਆ। ਇਸਦੇ ਬਾਦ ਛੇਵੀਂ ਪਾਤਸ਼ਾਹੀ ਦੇ ਸਮੇਂ "ਧਰਮਸਾਲਾ" ਤੇ "ਗੁਰਦੁਆਰਾ" ਦੋਵੇਂ ਨਾਮ ਪਚਲਤ ਹੋ ਗਏ ਜੋ ਅਜ ਤਕ ਪ੍ਰਚਲਤ ਹਨ।

ਦਿਤਾ ਗਿਆ ਸੀ, ਜਿਸ ਦੇ ਕਾਰਨ ਸਿਖੀ ਦੇ ਕੇਂਦਰਾਂ ਵਿਚੋਂ ਗੁਰਮਤ ਦਾ ਪ੍ਰਚਾਰ ਸਹਿਜੇ ਸਹਿਜੇ ਬੰਦ ਹੁੰਦਾ ਗਿਆ ਅਤੇ ਪੁਰਾਤਨ ਮਰਯਾਦਾ ਵਿਚ ਭੀ ਥੋੜੇ ਥੋੜੇ ਵਿਗਾੜ ਪੈਂਦੇ ਗਏ।

ਸ਼ੇਰੇ ਪੰਜਾਬ ਦੇ ਅੱਖੀਆਂ ਮੀਟਣ ਪਿਛੋਂ ਰਹਿੰਦੀ ਖੂੰਹਦੀ ਗਿਲ ਭੀ ਗਲ ਗਈ। ਗੁਰਦੁਆਰਿਆਂ ਦੇ ਮੁਖੀ ਪ੍ਰਬੰਧਕਾਂ ਉਤੇ ਮਾਇਆ ਨੇ ਅਜਿਹਾ ਪ੍ਰਭਾਵ ਪਾਇਆ ਕਿ ਕੁਝ ਕੁ ਪਕੇ ਸਿਖ ਪ੍ਰੇਮੀਆਂ ਤੋਂ ਬਿਨਾਂ ਆਮ ਪ੍ਰਬੰਧਕਾਂ ਲਈ ਕੇਵਲ ਦਾਹੜੀ ਅਤੇ ਦਸਤਾਰ ਦਾ ਨਾਮ ਹੀ ਸਿਖੀ ਰਹਿ ਗਿਆ ਸੀ। ਆਮ ਦਬ-ਦਬੇ ਤੇ ਜਥੇ ਵਾਲੇ ਮੁਖੀ ਗੁਰਸਿਖ, ਜਿਨ੍ਹਾਂ ਨੇ ਕਿ ਇਨ੍ਹਾਂ ਦਾ ਸੁਧਾਰ ਕਰਨਾ ਸੀ, ਰਣਭੂਮੀ ਵਿਚ ਹਾਰ ਖਾਣ ਪਿਛੋਂ ਕੁਝ ਢਿਲੇ ਹੋ ਗਏ। ਤਦ ਪੁਜਾਰੀਆਂ ਨੇ ਇਸ ਸਮੇਂ ਸੰਗਤਾਂ ਦੀ ਭੈ-ਭਾਵਨੀ ਨੂੰ ਮਨੋਂ ਵਿਸਾਰ ਦਿਤਾ। ਅਜਿਹੀ ਅਵਸਥਾ ਵਿਚ ਗੁਰਦੁਆਰਿਆਂ ਦੀ ਸੁੱਛਤਾ ਨੂੰ ਕਾਇਮ ਰਖਣ ਵਾਲਾ ਉਹ ਉਤਸ਼ਾਹ ਅਲੋਪ ਹੋ ਗਿਆ, ਜੋ ਇਨ੍ਹਾਂ ਦੇ ਦਿਲਾਂ ਵਿਚ ਚੜ੍ਹਦੀਆਂ ਕਲਾਂ ਸਮੇਂ ਪੂਰਨ ਠਾਠਾਂ ਮਾਰਦਾ ਹੁੰਦਾ ਸੀ। ਜਿਨ੍ਹਾਂ ਸਾਧੂਆਂ ਯਾ ਮਹੰਤਾਂ ਦੇ ਹਥਾਂ ਵਿਚ ਇਸ ਸਮੇਂ ਗੁਰਦੁਆਰੇ ਚਲੇ ਗਏ ਸਨ, ਉਨ੍ਹਾਂ ਨੇ ਆਪਣੇ ਸਿਰ ਤੋਂ ਸੰਗਤ ਦਾ ਭੈ ਲੱਥਾ ਅਨੁਭਵ ਕਰਕੇ ਧਰਮ-ਅਰਥ ਚੜ੍ਹੇ ਚੜ੍ਹਾਵੇ ਦੀ ਆਮਦਨ ਗੁਰੂ ਕੀ ਗੋਲਕ ਨੂੰ ਅਜਿਹੇ ਭੈੜੇ ਕੰਮਾਂ ਲਈ ਵਰਤਣਾ ਸ਼ੁਰੂ ਕਰ ਦਿਤਾ, ਜਿਸ ਦੀ ਮਿਸਾਲ ਦਿਤਿਆਂ ਭੀ ਲਜਿਆ ਆਉਂਦੀ ਹੈ। ਪਵਿੱਤ੍ਰ ਗੁਰਧਾਮਾਂ ਵਿਚ ਬੁਤ-ਪੂਜਾ, ਸ਼ਰਾਬਾਂ ਪੀਣ ਅਤੇ ਸਤਵੰਤੀਆਂ ਦੇ ਸਤ ਭੰਗ ਕਰਨ ਤੋਂ ਬਿਨਾਂ ਹੋਰ ਭੀ ਅਜਿਹੇ ਨੀਚਤਾ ਭਰੇ ਕਈ ਕੁਕਰਮ ਹੋਣ ਲਗ ਪਏ, ਜਿਨ੍ਹਾਂ ਨੇ ਗੁਰੂ ਪਿਆਰਿਆਂ ਤੇ ਪੰਥ ਦਰਦੀਆਂ ਦੇ ਹਿਰਦੇ ਛਾਨਣੀ ਛਾਨਣੀ ਕਰਕੇ ਦਿਲ ਤੜਫਾ ਦਿਤੇ। ੧੮੯੦ ਦੇ ਪਿਛੋਂ ਕੁਝ ਸਜਣਾਂ ਨੇ ਮਿਲਕੇ ਇਨ੍ਹਾਂ ਕੁਕਰਮੀਆਂ ਦੇ ਸੁਧਾਰ ਲਈ ਯਤਨ ਅਰੰਭ ਕਰ ਦਿਤੇ। ਇਸ ਨਵੀਂ ਜਥੇਬੰਦੀ ਦਾ ਨਾਮ 'ਸਿੰਘ ਸਭਾ ਲਹਿਰ' ਰਖਿਆ ਗਿਆ। ਇਸ ਜਥੇ ਨੇ ਕੌਮ ਅੰਦਰ ਧਾਰਮਕ ਤੇ ਵਿਦਿਅਕ ਪ੍ਰਚਾਰ ਅਰੰਭ ਕਰ ਦਿਤਾ, ਜਿਸਦੇ ਕਾਰਨ ਮੁੜ ਨਵੇਂ ਸਿਰੇ ਪੰਥ ਵਿਚ ਜਾਗ੍ਰਤ ਆਉਣੀ ਅਰੰਭ ਹੋ ਗਈ। ਸੰਗਤਾਂ ਵਿਚ ਸਿਖੀ ਭਾਵ, ਸ਼ਰਧਾ ਅਤੇ ਗੁਰਬਾਣੀ ਦੇ ਪ੍ਰੇਮ ਦਾ ਪ੍ਰਵਾਹ ਚਲ ਪਿਆ।

ਜਦ ਸੰਗਤਾਂ ਇਨ੍ਹਾਂ ਪਵਿੱਤ੍ਰ ਭਾਵਾਂ ਨੂੰ ਲੈਕੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਜਾਇਆ ਕਰਨ ਤਾਂ ਪੁਜਾਰੀਆਂ ਵਲੋਂ ਕਈ ਕਿਸਮ ਦੀਆਂ ਔਕੜਾਂ ਪੇਸ਼ ਆਇਆ ਕਰਨ। ਮਹੰਤ ਅਤੇ ਪੁਜਾਰੀ ਕਾਨੂੰਨ ਦੀ ਸ਼ਹਿ ਨਾਲ ਇਨ੍ਹਾਂ ਪਵਿੱਤ੍ਰ ਅਸਥਾਨਾਂ ਦੇ ਆਪਣੇ ਆਪ ਨੂੰ ਜੱਦੀ ਮਾਲਕ ਸਮਝੀ ਬੈਠੇ ਸਨ। ਮਨਮਤ ਪ੍ਰਹਾਰ ਅਤੇ ਗੁਰਮਤ ਪ੍ਰਚਾਰ ਦੇ ਸ਼ੁਭ ਖ਼ਿਆਲਾਂ ਵਿਚ ਉਹ ਸੰਗਤ ਦੀ ਕਿਸੇ ਗਲ ਵਿਚ ਕੋਈ ਪ੍ਰਵਾਹ ਨਹੀਂ ਕਰਿਆ ਕਰਦੇ ਸਨ। ਸਗੋਂ ਕਈ ਵੇਰ ਕਬਜ਼ੇ ਦੀ ਬੀਮਾਰੀ ਦੇ ਅਸਰ ਥਲੇ ਆਕੇ ਆਕੜ ਅਤੇ ਹੰਕਾਰ ਵਿਚ ਸੰਗਤਾਂ ਦਾ ਨਿਰਾਦਰ ਕਰਨ ਵਿਚ ਭੀ ਕੋਈ ਸੰਕੋਚ ਨਹੀਂ ਕਰਿਆ ਕਰਦੇ ਸਨ। ਇਨ੍ਹਾਂ ਗਲਾਂ ਤੋਂ ਅਤਿਅੰਤ ਦੁਖੀ ਹੋਕੇ ਕਈ ਸਜਣਾਂ ਵਲੋਂ ਕਾਨੂੰਨੀ ਦਰਵਾਜ਼ੇ ਖੜਕਾਏ ਜਾਂਦੇ ਰਹੇ, ਪਰ ਕਾਨੂੰਨ ਦੀਆਂ ਊਣਤਾਈਆਂ ਦੇ ਕਾਰਨ, ਉਨ੍ਹਾਂ ਗੁਰਮੁਖਾਂ ਨੂੰ ਬਦਚਲਨ ਮਹੰਤਾਂ ਦੇ ਬਦਲਾਉਣ ਵਿਚ ਕੋਈ ਸਫਲਤਾ ਪ੍ਰਾਪਤ ਨਾ ਹੁੰਦੀ ਰਹੀ। ਮਹੰਤਾਂ ਪਾਸ ਮੁਕੱਦਮੇ ਜਿਤਣ ਲਈ ਗੁਰਦੁਆਰਿਆਂ ਦੀਆਂ ਗੋਲਕਾਂ ਦਾ ਬੇਅੰਤ ਰੁਪਿਆ ਹੋਇਆ ਕਰਦਾ ਸੀ, ਜੋ ਲਗਦੀ ਵਾਹੇ ਕਿਸੇ ਦੀ ਪੇਸ਼ ਨਹੀਂ ਜਾਣ ਦਿਆ ਕਰਦਾ ਸੀ। ਕਈ ਸਾਲਾਂ ਦੇ ਲੰਮੇ ਅਰਸੇ ਤਕ ਕਈ ਆਮੋ ਸਾਹਮਣੇ ਮੁਕੱਦਮੇ ਚਲਦੇ ਰਹੇ, ਪਰ ਇਨ੍ਹਾਂ ਦੀ ਆਸ ਦਾ ਕਮਜ਼ੋਰ ਲਕ ਭੀ ਰੁਪੈਆਂ ਦੇ ਬੋਝ ਨਾਲ ਅਧਵਾਟਿਓਂ ਹੀ ਟੁਟ ਜਾਂਦਾ ਰਿਹਾ।

ਗੁਰਦੁਆਰਾ ਰਕਾਬ ਗੰਜ ਦਾ ਮਾਮਲਾ

ਰਕਾਬ ਗੰਜ *ਗ੍ਰਾਮ ਪਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪਵਿੱਤ੍ਰ ਗੁਰਦੁਆਰਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਸ਼ਹਾਦਤ ਪਿਛੋਂ ਔਰੰਗਜ਼ੇਬ ਦੇ ਹੁਕਮ ਨਾਲ ਆਪ ਦਾ ਸੀਸ ਤੇ ਧੜ ਇਕ ਕਮਰੇ ਵਿਚ ਰਖਕੇ ਜੰਦਰਾ ਮਾਰਿਆ ਗਿਆ, ਤਾਂ ਜੋ ਕੋਈ ਸਿਖ ਨ ਲੈ ਜਾਵੇ। ਗੁਰੂ ਜੀ ਦਾ ਸਰੀਰ ਲੁਬਾਣੇ ਸਿਖਾਂ ਨੇ ਲੈ ਜਾਕੇ ਆਪਣੇ ਮਕਾਨ ਵਿਚ ਰਖਕੇ ਅੱਗ ਲਾਕੇ ਸਸਕਾਰ ਕਰ ਦਿਤਾ ਅਤੇ ਪਵਿੱਤ੍ਰ ਸੀਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ

*ਸ਼ਹਨਸ਼ਾਹ ਸ਼ਾਹ ਜਹਾਨ ਦੇ ਹਮ ਰਕਾਬ ਰਹਿਣ ਵਾਲਾ ਅਸਤਬਲ (ਤਬੇਲੇ) ਦਾ ਇਕ ਅਹੁਦੇਦਾਰ, ਜਿਸ ਨੇ ਸ਼ਾਹ ਜਹਾਨਾਬਾਦ ਪਾਸ 'ਰਕਾਬ ਗੰਜ' ਨਾਮ ਦਾ ਇਕ ਪਿੰਡ ਵਸਾਇਆ।

ਸਾਹਿਬ ਪਹੁੰਚਾ ਦਿਤਾ।

ਸੰਮਤ ੧੭੬੪ (ਸੰਨ ੧੭੦੭ ਈ:) ਵਿਚ ਜਦ ਦਸਮੇਸ਼ ਜੀ ਦਿੱਲੀ ਪਧਾਰੇ ਤਦ ਉਨ੍ਹਾਂ ਨੇ ਇਸ ਥਾਂ ਮੰਜੀ ਸਾਹਿਬ ਬਣਵਾਇਆ। ਕੁਝ ਚਿਰ ਪਿਛੋਂ ਮੁਸਲਮਾਨਾਂ ਇਸ ਥਾਂ ਨੂੰ ਸਾਫ਼ ਕਰਕੇ ਮਸੀਤ ਉਸਾਰ ਲਈ। ਫੇਰ ਸ: ਬਘੇਲ ਸਿੰਘ ਜੀ ਨੇ ਸੰਮਤ ੧੮੪੭ (ਸੰਨ ੧੭੯੦ ਈ:) ਵਿਚ ਦਿੱਲੀ ਫ਼ਤਹ ਕਰਕੇ ਮੁੜ ਨਵੇਂ ਸਿਰੇ ਮਸੀਤ ਢਾਹ ਦਿਤੀ ਅਤੇ ਗੁੰਬਦਦਾਰ ਮੰਦਰ ਬਣਵਾ ਕੇ ਗੁਰਦੁਆਰਾ ਕਾਇਮ ਕੀਤਾ। ਇਹ ਅਸਥਾਨ ਨਵੀਂ ਦਿਲੀ ਵਿਚ ਗੁਰਦੁਆਰਾ ਰੋਡ ਤੇ, ਵਡੇ ਦਫ਼ਤ੍ਰ ਪਾਸ ਚਾਂਦਨੀ ਚੌਂਕ ਤੋਂ ਤਿੰਨ ਮੀਲ ਦੇ ਫ਼ਾਸਲੇ ਤੇ ਹੈ।

ਇਸ ਗੁਰਧਾਮ ਨੂੰ ਸਾਲਾਨਾ ਆਮਦਨ ਦੋਸਾਂਝ ਪਿੰਡ ਦੇ ਹਿੱਸੇ ਵਿਚੋਂ ੩੩੨), ਰਿਆਸਤ ਪਟਿਆਲਾ ਤੋਂ ਆਲਾ ਸਿੰਘ ਦੀ ਵਡਾਲੀ ਅਤੇ ਹਿੰਦੂਪੁਰ ਦੋ ਪਿੰਡ ਜਾਗੀਰ, ਜਿਨ੍ਹਾਂ ਦੀ ਸਾਲਾਨਾ ਰਕਮ ੧੩੯੦) ਹੈ। ਰਾਇਸੀਨਾ ਪਿੰਡ ਦੀ ਰਕਮ ਦੇ ਖ਼ਰੀਦੇ ਪ੍ਰਾਮਿਸਰੀ (Promissory) ਨੋਟਾਂ ਦਾ ਸੂਦ ੧੩੯੮) ਹੈ। ਮਹਾਰਾਜਾ ਪਟਿਆਲਾ ਵਲੋਂ ਪੂਜਾ ੧੪੦), ਕਿਰਾਇਆ ਕੋਠੜੀਆਂ ੨੫੦), ਅਠ ਏਕੜ ਦਾ ਗੁਰਦੁਆਰੇ ਨਾਲ ਬਾਗ਼, ਜਿਸਦੀ ਸਾਲਾਨਾ ਆਮਦਨ ੨੫੦) ਹੈ। ਪੰਦਰਾਂ ਮੁਰੱਬੇ ਜ਼ਮੀਨ ਗਵਰਨਮੈਂਟ ਵਲੋਂ ਜੋ ਠੇਕੇ ਪਰ ਚੜ੍ਹਾਈ ਜਾਂਦੀ ਹੈ।

ਸੰ: ੧੯੧੩ ਈ: ਤਕ ਸਿੰਘ ਸਭਾ ਲਹਿਰ ਚੜ੍ਹਦੀਆਂ ਕਲਾਂ ਵਿਚ ਰਹੀ ਪਰ ਜਦ ੧੪ ਜਨਵਰੀ ਸੰ: ੧੯੧੪ ਈ: ਨੂੰ ਸਰਕਾਰ ਨੇ ਸੜਕ ਸਿੱਧੀ ਕਰਨ ਦੇ ਬਹਾਨੇ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਚਾਰ ਸੌ ਫੁਟ ਲੰਮੀ, ਦੋ ਫੁਟ ਚੌੜੀ ਅਤੇ ੧੧ ਫ਼ੁਟ ਉਚੀ ਕੰਧ ਢਾਹ ਦਿਤੀ, ਅਤੇ ਇਸਦੀਆਂ ਇੱਟਾਂ ਦੀ ਰੋੜੀ ਕੁਟਕੇ ਨੇੜੇ ਦੀਆਂ ਸੜਕਾਂ ਤੇ ਪਾ ਦਿਤੀ, ਇਸ ਗੁਰਦੁਆਰੇ ਦੀ ਪੰਜਾਹ ਵਿਘੇ ਬਾਗਾਂ ਦੀ ਜ਼ਮੀਨ ਸੜਕ ਵਿਚ ਲੈ ਲਈ, ਕੰਧ ਦੇ ਅੰਦਰਲੇ ਬਾਗ ਤੇ ਕਬਜ਼ਾ ਕਰਨ ਲਈ ਅੱਠ ਹਜ਼ਾਰ ਰੁਪਿਆ ਸਰਕਾਰੀ ਖ਼ਜ਼ਾਨੇ ਵਿਚ ਅਮਾਨਤ ਰਖਾ ਦਿਤਾ, ਤਾਂ ਇਸਦੇ ਵਿਰੁਧ ਬੜੀ ਭਾਰੀ ਐਜੀਟੇਸ਼ਨ ਹੋਈ। ਇਸ ਸਮੇਂ ਜਰਮਨ ਜੰਗ ਛਿੜ ਪੈਣ ਦੇ ਕਾਰਨ ਸਰਕਾਰ ਨੇ ਇਸ ਕੰਧ ਨੂੰ ਏਸੇ ਤਰ੍ਹਾਂ ਰਹਿਣ ਦਿਤਾ। ਬਾਗ਼ ਵਾਲੀ ਕੰਧ ਸੰ: ੧੯੧੪ ਈ: ਵਿਚ ਹੀ ਤਿਆਰ ਕਰ ਦਿਤੀ, ਬਾਕੀ ਕੰਧ ਢੱਠੀ ਰਹੀ ਪਰ ਸਿੰਘ ਸਭਾ ਦੇ ਪ੍ਰਬੰਧਕਾਂ ਨੇ ਮੁੜ ਇਸਦੇ ਨਵੇਂ ਸਿਰੇ ਬਨਾਉਣ ਵਿਚ

ਦਰਸ਼ਨੀ ਦਰਵਾਜ਼ਾ

ਗੁਰਦੁਆਰਾ ਰਕਾਬ ਗੰਜ ਦਿਲੀ

ਬਾਂਹੇ ਜਿਨਾਂ ਦੀ ਪਕੜੀਏ ਸਿਰ ਦੀਜੇ ਬਾਂਹ ਨ ਛੋੜੀਏ ॥



ਗੁਰ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋਡੀਏ ॥

ਮੰਜੀ ਸਾਹਿਬ

ਗੁਰਦੁਆਰਾ ਰਕਾਬ ਗੰਜ ਦਿੱਲੀ

ਧਰਮ ਹੇਤ ਸਾਕਾ ਜਿਨਿ ਕੀਆ । ਸੀਸ ਦੀਆ ਪਰ ਸਿਰਰ ਨ ਦੀਆ ।



ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਿਯਾਨ । ਤੇਗ ਬਹਾਦਰ ਸੀ ਕਿਰਿਆ ਕਰੀ ਨ ਕਿਨਹੂ ਆਨ

ਗੁਰ ਤੇਗ ਬਹਾਦਰ ਹਿੰਦ ਦੀ ਚਾਦਰ ਦੇ

ਗੁਰਦੁਆਰਾ ਰਕਾਬ ਗੰਜ ਦਿਲੀ ਦੀ ਕੰਧ

ਜਿਥੈ ਬੈਸਨਿ ਸਾਧ ਜਨ ਸੋ ਥਾਨ ਸੁਹੰਦਾ । ਓਇ ਸੇਵਨਿ ਸੰਮ੍ਰਿਥ ਆਪਣਾ ਬਿਨਸੈ ਸਭੁ ਮੰਦਾ ।



ਸੜਕ ਸਿਧੀ ਕਰਨ ਲਈ ੧੪ ਜਨਵਰੀ ਸੰ: ੧੯੧੪ ਈ. ... ਇਹ ਕੰਧ ਢਾਹ ਦਿਤੀ ਸੀ ਜਿਸਦੀ ਐਜੀਟੇਸ਼ਨ ਹੋਕੇ ਗੁਰਦੁਆਰਾ ਸੁਧਾਰ ਲਹਿਰ ਦਾ ...

... ਬਝਾ । ਅਖੀਰ ਸਤਾਂ ਸਾਲਾਂ ਪਿਛੋਂ ਇਹ ... ਨੇ ਸਰਕਾਰ ਨੇ ...

ਕੋਈ ਹਿੱਸਾ ਨਾ ਲਿਆ।

ਇਸਦੇ ਨਾਲ ਹੀ ੨੧ ਫ਼ਰਵਰੀ ਸੰ: ੧੯੧੫ ਈ: ਨੂੰ ਕਾਮਾ ਗਾਟਾ ਮਾਰੂ ਜਹਾਜ਼ ਦਾ ਬਜ ਬਜ ਘਾਟ ਤੇ ਹਾਦਸਾ ਹੋ ਗਿਆ। ਜਹਾਜ਼ ਵਾਲੇ ਸਿੰਘ ਬਹੁਤ ਸਾਰੇ ਮਾਰੇ ਤੇ ਫੜੇ ਗਏ, ਪਰ ਬਾਬਾ ਗੁਰਦਿੱਤ ਸਿੰਘ ਜੀ ਇਸ ਜਹਾਜ਼ ਦੇ ਪ੍ਰਬੰਧਕ ਕਈ ਸਾਲ ਭਜੇ ਫਿਰਦੇ ਰਹੇ। ਜੰਗ ਦੇ ਦਿਨਾਂ ਵਿਚ ਪ੍ਰਦੇਸੋਂ ਆਏ ਕਈ ਸਿੰਘਾਂ ਨੂੰ ਬਗ਼ਾਵਤ ਦੇ ਇਲਜ਼ਾਮ ਵਿਚ ਕਾਲ ਕੋਠੜੀਆਂ ਵਿਚ ਡਕਿਆ ਜਾਂਦਾ ਰਿਹਾ। ਲਾਹੌਰ ਵਿਚ ਇਸ ਸਮੇਂ ਤਿੰਨ ਉੱਤੇ-ਤ੍ਰਿੱਤੀ ਸਾਜਸ਼ ਦੇ ਵਡੇ ਮੁਕੱਦਮੇ ਚਲੇ, ਜਿਨ੍ਹਾਂ ਵਿਚ ਇਕੜ ਦੁਕੜ ਹਿੰਦੂ ਮੁਸਲਮਾਨਾਂ ਤੋਂ ਬਿਨਾਂ ਬਾਕੀ ਸਭ ਮੁਲਜ਼ਮ ਸਿੰਘ ਹੀ ਸਨ। ਇਸ ਸਖ਼ਤੀ ਸਬੰਧੀ ਦਬੀ ਦਬੀ ਐਜੀਟੇਸ਼ਨ ਹੁੰਦੀ ਰਹੀ, ਪਰ ਸਿੰਘ ਸਭਾ ਲਹਿਰ ਦੇ ਮੋਢੀਆਂ ਅਤੇ ਇਸ ਸਮੇਂ ਦੇ ਅਖ਼ਬਾਰਾਂ ਦੇ ਰੌਲੀ ਪਾਉਂਦਿਆਂ ਭੀ ਅਕਾਲ ਤਖ਼ਤ ਦੇ ਪੁਜਾਰੀਆਂ ਤੇ ਹੋਰਨਾਂ ਕਈ ਸਰਕਾਰੀ ਆਦਮੀਆਂ ਨੇ ਸ੍ਰੀ ਅਕਾਲ ਤਖ਼ਤ ਤੋਂ ਇਨ੍ਹਾਂ ਗੁਰਮੁਖ ਸਿਖਾਂ ਦੇ ਬਰਖ਼ਿਲਾਫ਼ ਹੁਕਮਨਾਮੇਂ ਜਾਰੀ ਕਰਵਾਏ ਕਿ ਇਹ ਸਿਖ ਹੀ ਨਹੀਂ ਹਨ।

ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ !

ਇਸ ਲਹਿਰ ਨੂੰ ਕਿਸੇ ਨੇ ਮਿਥਕੇ ਸਕੀਮ ਬਣਾਕੇ ਨਹੀਂ ਚਲਾਇਆ। ਇਸਦੇ ਸਾਮਾਨ ਪਹਿਲਾਂ ਹੀ ਬਣ ਚੁਕੇ ਸਨ। ਸਿੰਘ ਸਭਾ ਲਹਿਰ ਵਲੋਂ ਆਮ ਜਨਤਾ ਦੀ ਰੁਚੀ ਹਟ ਚੁਕੀ ਸੀ,ਅਤੇ ਮਹੰਤਾਂ ਤੇ ਪੁਜਾਰੀਆਂ ਦੇ ਕੁਕਰਮਾਂ ਵਲੋਂ ਸੰਗਤਾਂ ਬਹੁਤ ਦੁਖੀ ਸਨ। ਇਨ੍ਹਾਂ ਭੈੜੀਆਂ ਗਲਾਂ ਤੋਂ ਤੰਗ ਆਕੇ ਸੰ: ੧੯੧੭-੧੮ ਈ: ਵਿਚ ਸੰਗਤਾਂ ਨੇ ਥਾਂ ਪਰ ਥਾਂ ਆਮ ਦੀਵਾਨਾਂ ਵਿਚ ਮਹੰਤਾਂ ਦੇ ਨੀਚਤਾ ਭਰੇ ਕੁਕਰਮਾਂ ਦੇ ਪਾਜ ਉਘੇੜਣੇ ਸ਼ੁਰੂ ਕਰ ਦਿਤੇ। ਸੰਗਤਾਂ ਦੀ ਅੱਖੀਂ ਘੱਟਾ ਘਤਣ ਲਈ ਕਿਸੇ ਕਿਸੇ ਸਮੇਂ ਪੁਜਾਰੀ ਜਾਕੇ ਮਾਮੂਲੀ ਮੁਆਫ਼ੀ ਸ਼ਾਫ਼ੀ ਮੰਗਕੇ ਸਮਝੌਤਾ ਭੀ ਕਰ ਲੈਂਦੇ ਰਹੇ, ਪਰ "ਪੰਚਾਂ ਦਾ ਆਖਿਆ ਸਿਰ ਮੱਥੇ, ਪ੍ਰਨਾਲਾ ਉਥੇ ਦਾ ਉਥੇ"। ਏਸੇ ਤਰ੍ਹਾਂ ਮਾਰੀ ਪਿਟੀ ਦੇ ਦੋ ਕੁ ਸਾਲ ਲੰਘ ਗਏ।

ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦਾ ਕਬਜ਼ਾ

ਸਿਆਲਕੋਟ ਦੇ ਸ਼ਹਿਰੋਂ ਬਾਹਰ ਇਕ ਬੇਰੀ ਸੀ, ਜਿਸ ਹੇਠ ਗੁਰੂ ਨਾਨਕ ਦੇਵ ਜੀ ਆਕੇ ਬਿਰਾਜੇ ਸਨ। ਭਾਈ ਮਰਦਾਨੇ ਨੂੰ ਇਸੇ ਥਾਂ ਤੋਂ ਟਕੇ ਦਾ "ਸੱਚ ਅਤੇ ਝੂਠ" ਖ਼ਰੀਦਣ ਲਈ ਸ਼ਹਿਰ ਸਿਆਲਕੋਟ ਭੇਜਿਆ ਸੀ। ਮੂਲੇ ਕਰਾੜ ਨੇ ਟਕਾ ਰਖਕੇ ਇੱਕ ਪਰਚੀ ਤੇ ਲਿਖਕੇ ਦੇ ਦਿਤਾ, ਕਿ "ਮਰਨਾ ਸਚ ਤੇ ਜੀਊਣਾ ਝੂਠ"। ਇਸੇ ਥਾਂ ਤੇ ਪੁਜਕੇ ਮੂਲਾ ਕਰਾੜ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਿਆ। ਇਹ ਗੁਰਦੁਆਰਾ ਸ਼ਹੀਦ ਨੱਥਾ ਸਿੰਘ ਜੀ ਨੇ ਵੱਡੇ ਪ੍ਰੇਮ ਨਾਲ ਸੁੰਦਰ ਬਣਵਾਇਆ, ਅਤੇ ਆਪਣੀ ਅਠ ਹਜ਼ਾਰ ਦੀ ਜਾਗੀਰ ਬੇਰ ਸਾਹਿਬ ਦੇ ਨਾਮ ਲਾਈ। ਦਰਬਾਰ ਨਾਲ ਅਠ ਘੁਮਾਓਂ ਜ਼ਮੀਨ ਹੈ ਜਿਸ ਵਿਚ ਬਾਗ਼ ਅਤੇ ਸੁੰਦਰ ਤਾਲ ਹੈ। ਇਸੇ ਇਹਾਤੇ ਅੰਦਰ ਹੀ ਭਾ: ਨੱਥਾ ਸਿੰਘ ਦਾ ਸ਼ਹੀਦ ਗੰਜ ਹੈ। ਇਕ ਬਹੁਤ ਚੌੜਾ ਸੁੰਦਰ ਖ਼ੂਹ ਧਰਮ ਵੀਰ ਨੱਥਾ ਸਿੰਘ ਦਾ ਲਗਵਾ-ਇਆ ਹੋਇਆ ਗੁਰਦੁਆਰੇ ਦੇ ਪਾਸ ਹੈ, ਜਿਸਤੇ ਕਈ ਹਰਟ ਚਲ ਸਕਦੇ ਹਨ। ਦਸ ਮੁਰੱਬੇ ਜ਼ਮੀਨ ਜ਼ਿਲਾ ਲਾਇਲਪੁਰ ਵਿਚ ਗੁਰਦੁਆਰੇ ਵਲੋਂ ਖ਼ਰੀਦੀ ਗਈ ਹੈ। ਇਸੇ ਗੁਰਦੁਆਰੇ ਵਿਚ ਮਹੰਤ ਪ੍ਰੇਮ ਸਿੰਘ ਜੀ ਪਾਸ ਰਹਿਕੇ ਗਿਆਨੀ ਗਿਆਨ ਸਿੰਘ ਜੀ ਨੇ "ਤਵਾਰੀਖ਼ ਖ਼ਾਲਸਾ" ਲਿਖੀ ਸੀ। ਇਥੇ ਵਿਸਾਖੀ ਅਤੇ ਬਸੰਤ ਪੰਚਮੀ ਨੂੰ ਬੜਾ ਭਾਰਾ ਮੇਲਾ ਹੁੰਦਾ ਹੈ।

ਗੁਰਦੁਆਰੇ ਦੇ ਸ੍ਰਬਰਾਹ ਗੰਡਾ ਸਿੰਹੁ ਦੀਆਂ ਕਈ ਅਯੋਗ ਕਾਰਵਾਈਆਂ ਦੇ ਕਾਰਨ ਉਸਦੇ ਬਰਖ਼ਿਲਾਫ਼ ਬੜਾ ਪ੍ਰਾਪੇਗੰਡਾ ਹੋਇਆ। ਵਧਦੀ ਵਧਦੀ ਇਹ ਐਜੀਟੇਸ਼ਨ ਬਹੁਤ ਜ਼ੋਰ ਫੜ ਗਈ, ਅਤੇ ਸਭ ਤੋਂ ਪਹਿਲਾਂ ੫ ਅਕਤੂਬਰ ਸੰ: ੧੯੨੦ ਈ: ਨੂੰ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦੇ ਜੰਦਰੇ ਤੋੜਕੇ ਪੰਥਕ ਮੁਖੀਆਂ ਨੇ ਕਬਜ਼ਾ ਕਰ ਲਿਆ ਅਤੇ ੬ ਅਕਤੂਬਰ ਨੂੰ ਕਮਿਸ਼-ਨਰ ਸਾਹਿਬ ਨੇ ਪੁਜਕੇ ੧੩ ਆਦਮੀਆਂ ਦੀ ਕਮੇਟੀ ਦੇ ਅਧੀਨ ਸਾਰਾ ਪ੍ਰਬੰਧ ਸੌਂਪ ਦਿਤਾ।

ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ

ਜਿਥੇ ਬਾਬਾ ਪੈਰ ਧਰੇ ਪੂਜਾ ਆਸਨ ਥਾਪਨ ਸੋਆ



ਸਭ ਤੋਂ ਪਹਿਲਾਂ ੫ ਅਕਤੂਬਰ ਸੰਨ ੧੯੨੦ ਈ. ਨੂੰ ਪੰਥ ਨੇ ਇਸ ਗੁਰਦੁਆਰੇ ਤੇ ਕਬਜ਼ਾ ਕੀਤਾ ।

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਕਬਜ਼ਾ

ਅੰਮ੍ਰਿਤਸਰ ਸ਼ਹਿਰ—ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਮਤ ੧੬੨੧ ਵਿਚ ਤੁੰਗ, ਗੁਮਟਾਲਾ ਅਤੇ ਸੁਲਤਾਨ ਵਿੰਡ ਪਿੰਡਾਂ ਪਾਸ ਪਹਿਲਾਂ ਇਕ ਤਾਲ ਖੁਦਵਾਇਆ (ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੪੫ ਵਿਚ ਪੂਰਾ ਕੀਤਾ ਅਤੇ ਨਾਉਂ ਸੰਤੋਖ ਸਰ ਰਖਿਆ) ਅਤੇ ਇਸਦੇ ਨਾਲ ਹੀ ਇਕ ਪਿੰਡ ਬੰਨ੍ਹਿਆ, ਜਿਸਦਾ ਨਾਉਂ "ਗੁਰੂ ਕਾ ਚਕ" ਥਾਪਿਆ ਅਤੇ ਆਪਣੇ ਰਹਿਣ ਲਈ ਮਕਾਨ ਬਣਵਾਏ ਜੋ ਗੁਰੂ ਕੇ ਮਹਿਲ ਨਾਮ ਤੋਂ ਪ੍ਰਸਿੱਧ ਹਨ ਅਤੇ ਉਸਦੇ ਚੜ੍ਹਦੇ ਪਾਸੇ ਦੁਖ-ਭੰਜਨੀ ਬੇਰੀ ਪਾਸ ਸੰਮਤ ੧੬੩੪ ਵਿਚ ਤਾਲ ਖੁਦਵਾਇਆ ਜੋ ਉਸ ਸਮੇਂ ਅਧੂਰਾ ਹੀ ਰਿਹਾ।*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੱਦੀ ਤੇ ਬੈਠਕੇ ਪਿਤਾ ਗੁਰੂ ਜੀ ਦੇ ਗ੍ਰਾਮ ਅਤੇ ਤਾਲ ਦੀ ਸੇਵਾ ਬਹੁਤ ਪ੍ਰੇਮ ਨਾਲ ਆਰੰਭੀ। ਚਾਰੇ ਪਾਸਿਉਂ ਵਪਾਰੀ ਅਤੇ ਸਭ ਤਰ੍ਹਾਂ ਦੇ ਕਿਰਤੀ ਬੁਲਾਕੇ ਵਸਾਏ ਅਤੇ ਨਾਮ 'ਰਾਮਦਾਸਪੁਰ' ਹੀ ਰਖਿਆ। ਇਸ ਪਵਿੱਤ੍ਰ ਨਗਰ ਦੀ ਆਬਾਦੀ ਵਿਚ ਭਾਈ ਸਾਲੋ ਦੀ ਸੇਵਾ ਬਹੁਤ ਸਲਾਘਾ ਯੋਗ ਹੈ। ਸੰਮਤ ੧੬੪੩ ਵਿਚ ਸਰੋਵਰ ਨੂੰ ਪੱਕਾ ਕਰਨਾ ਆਰੰਭਿਆ ਅਤੇ ਨਾਮ 'ਅੰਮ੍ਰਿਤਸਰ' ਰਖਿਆ। (ਇਸ ਸਰੋਵਰ ਦੀ ਲੰਬਾਈ ਪੰਜ ਸੌ ਫੁਟ ਚੌੜਾਈ ਚਾਰ ਸੌ ਨਵੇਂ ਫ਼ੁਟ ਅਤੇ ਡੂੰਘਾਈ ਸਤਾਰਾਂ ਫ਼ੁਟ ਹੈ) ਜਿਸ ਤੋਂ ਸਨੇ ਸਨੇ ਨਗਰ ਦਾ ਨਾਮ ਭੀ ਇਹੋ ਪ੍ਰਸਿੱਧ ਹੋ ਗਿਆ। ੧ ਮਾਘ ਸੰਮਤ ੧੬੪੫ ਨੂੰ ਪੰਜਵੇਂ ਪਾਤਸ਼ਾਹ ਨੇ ਤਾਲ ਦੇ ਮਧ ਵਿਚ ਹਰਿ ਮੰਦਰ ਦੀ ਨੀਂਹ ਰਖੀ ਅਤੇ ਉਸਦੀ ਇਮਾਰਤ ਪੂਰੀ ਕਰਕੇ ਭਾਦੋਂ ਸੁਦੀ ੧ ਸੰਮਤ ੧੬੬੧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਸਥਾਪਨ ਕੀਤੇ ਗਏ ਅਤੇ ਇਸ ਥਾਂ ਹਮੇਸ਼ਾਂ ਅਖੰਡ ਕੀਰਤਨ ਕਰਨ ਦੀ ਮਰਯਾਦਾ ਕਾਇਮ ਕਰ ਦਿਤੀ। ਇਥੇ ਵੈਸਾਖੀ ਦਾ ਮੇਲਾ ਪੰਚਮ

---

*Guru Ramdas first settled near the tank about 1574 and obtained a grant of the site with 500 bighas of land from Akbar in 1577. (Imperial Gazetteer of India).

ਪਾਤਸ਼ਾਹ ਜੀ ਨੇ ਅਤੇ ਦੀਪਮਾਲਾ ਦਾ ਮੇਲਾ ਬਾਬਾ ਬੁਢਾ ਜੀ ਨੇ ਛੇਵੇਂ ਪਾਤਸ਼ਾਹ ਜੀ ਦੇ ਗਵਾਲੀਅਰ ਤੋਂ ਵਾਪਸ ਆਉਣ ਤੇ ਆਰੰਭ ਕੀਤਾ। ਸੰਮਤ ੧੬੭੮ ਵਿਚ ਬਾਬਾ ਬੁਢਾ ਜੀ ਪਿਛੋਂ ਭਾਈ ਮਨੀ ਸਿੰਘ ਜੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਨੀਯਤ ਕੀਤੇ ਗਏ।

ਹਰਿਮੰਦਰ ਸਾਹਿਬ ਦੀ ਪ੍ਰਕਰਮਾ ੧੩ ਫ਼ੁਟ ਚੌੜੀ ਹੈ, ਜਿਸਦੀ ਹਰ ਇਕ ਬਾਹੀ ਛੇਆਹਠ ਛੇਆਹਠ ਫ਼ੁਟ ਲੰਮੀ ਹੈ। ਦਰਸ਼ਨੀ ਡਿਉੜੀ ਤੋਂ ਹਰਿਮੰਦਰ ਤਕ ਪੁਲ ੨੪੦ ਫ਼ੁਟ ਲੰਮਾ ਅਤੇ ੨੧ ਫ਼ੁਟ ਚੌੜਾ ਹੈ, ਜਿਸਦੇ ਹੇਠਾਂ ੩੮ ਸੁਰਗ-ਦੁਆਰੀਆਂ ਹਨ।

ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਸਭ ਗੁਰਦੁਆਰਿਆਂ ਵਿਚੋਂ ਸ਼ਰੋਮਣੀ ਗੁਰਧਾਮ ਹੈ। ਫਗਣ ਸੰਮਤ ੧੭੯੫ ਬਿ: ਵਿਚ ਹਰਿਮੰਦਰ ਸਾਹਿਬ ਦੀ ਬੜੀ ਬੇਅਦਬੀ ਹੋਣ ਲਗ ਪਈ। ਮੱਸੇ ਰੰਘੜ ਨੇ ਹਰਿਮੰਦਰ ਸਾਹਿਬ ਵਿਚ ਬੈਠ ਕੇ ਸ਼ਰਾਬਾਂ ਪੀਤੀਆਂ ਤੇ ਕੰਜਰੀਆਂ ਦੇ ਨਾਚ ਕਰਵਾਏ। ਸੰਮਤ ੧੭੯੬ ਵਿਚ ਭਾ: ਮਹਿਤਾਬ ਸਿੰਘ ਮੀਰਾਂ ਕੋਟੀਏ ਅਤੇ ਭਾਈ ਸੁਖਾ ਸਿੰਘ ਮਾੜੀ ਕੰਬੋਕੀ ਨੇ ਮੱਸੇ ਦਾ ਸਿਰ ਵਢ ਖੜਿਆ।

ਫਗਣ ੧੮੧੮ ਵਿਚ ਅਹਿਮਦ ਸ਼ਾਹ ਦੁਰਾਨੀ ਨੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾਕੇ ਤਾਲ ਭਰਵਾ ਦਿਤਾ। ਫੇਰ ਖ਼ਾਲਸੇ ਨੇ ੧੧ ਵੈਸਾਖ ਸੰਮਤ ੧੮੨੧ ਨੂੰ ਸ: ਜਸਾ ਸਿੰਘ ਆਹਲੂਵਾਲੀਏ ਦੇ ਹਥੋਂ ਨੀਂਹ ਰਖਵਾਈ ਅਤੇ ਭਾਈ ਦੇਸਰਾਜ ਦੀ ਮਾਰਫ਼ਤ ਕੁਝ ਵਰ੍ਹਿਆਂ ਵਿਚ ਪਹਿਲਾਂ ਵਰਗਾ ਹੀ ਹਰਿਮੰਦਰ ਸਾਹਿਬ ਬਣਾ ਦਿਤਾ।

ਅੰਮ੍ਰਿਤਸਰ ਸਰੋਵਰ ਵਿਚ ਜਲ ਇਕ ਹੰਸਲੀ ਦੀ ਰਾਹੀਂ ਆਉਂਦਾ ਹੈ, ਜੋ ਸੰਤ ਪ੍ਰੀਤਮ ਦਾਸ ਅਤੇ ਸੰਤੋਖ ਦਾਸ ਪ੍ਰੇਮੀ ਉਦਾਸੀਆਂ ਨੇ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਨਾਲ ਸੰਮਤ ੧੮੩੮ ਵਿਚ ਖੁਦਵਾਈ। ਪਹਿਲਾਂ ਤਾਂ ਜਲ ਰਾਵੀ ਨਦੀ ਤੋਂ ਲਿਆਂਦਾ ਗਿਆ ਸੀ, ਪਰ ਹੁਣ ਸੰਮਤ ੧੯੨੩ ਤੋਂ ਲੈਕੇ ਬਾਰੀ ਦਵਾਬ ਵਾਲੀ ਨਹਿਰ ਵਿਚੋਂ ਲਿਆਕੇ ਹੰਸਲੀ ਵਿਚ ਪਾਇਆ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸੰ: ੧੮੫੯ ਵਿਚ ਇਸ ਪਵਿੱਤ੍ਰ ਸ਼ਹਿਰ ਤੇ ਕਬਜ਼ਾ ਕੀਤਾ ਅਤੇ ਸੰਮਤ ੧੮੬੦ ਵਿਚ ਪੰਜ ਲੱਖ ਦੇ ਸੁਨਿਹਰੀ ਪਤਰੇ

ਚੜ੍ਹਵਾਏ। ਸੰ: ੧੮੬੨ ਵਿਚ ਸਾਢੇ ਤਿੰਨ ਲਖ ਦਾ ਸੋਨਾ ਸ਼ੇਰਿ-ਪੰਜਾਬ ਮਹਾ-ਰਾਜਾ ਰਣਜੀਤ ਸਿੰਘ ਨੇ ਅਤੇ ਢਾਈ ਲੱਖ ਦਾ ਸੋਨਾ ਸ: ਫ਼ਤਹ ਸਿੰਘ ਆਹਲੂ-ਵਾਲੀਏ ਨੇ ਚੜ੍ਹਵਾਇਆ। ਫੇਰ ਤੀਜੀ ਵੇਰ ਸ਼ੇਰਿ-ਪੰਜਾਬ ਨੇ ੫੩੭੩੫) ਰੁਪਏ ਦੇ ਸੋਨੇ ਨਾਲ ਭੂਸ਼ਤ ਕੀਤਾ। ਸੰਮਤ ੧੮੯੦ ਵਿਚ ਸ: ਲਹਿਣਾ ਸਿੰਘ ਮਜੀਠੀਏ ਨੇ ਦਸ ਹਜ਼ਾਰ ਦਾ ਸੰਗਮਰਮਰ ਮੰਗਵਾਕੇ ਨਿੱਕੀਆਂ ਪ੍ਰਕਰਮਾਂ ਵਿਚ ਲੁਆਇਆ। ਇਸ ਦੇ ਪਿਛੋਂ ਸੰਮਤ ੧੮੯੪ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਕੰਧਾਂ ਅਤੇ ਪ੍ਰਕਰਮਾਂ ਵਿਚ ਸੰਗਮਰਮਰ ਲੁਆਕੇ ਅਕੀਕ ਦੀ ਗੁਲਕਾਰੀ ਕਰਵਾਈ। ਪਿਛੋਂ ਮਹਾਰਾਜਾ ਖੜਕ ਸਿੰਘ ਨੇ ਪੰਜਾਹ ਹਜ਼ਾਰ ਦਾ ਸੰਗਮਰਮਰ ਲਵਾਇਆ। ਕੰਵਰ ਨੌ-ਨਿਹਾਲ ਸਿੰਘ ਨੇ ਸਤ ਲੱਖ ਦਾ ਸੰਗਮਰਮਰ ਮੰਗਵਾਇਆ ਪਰ ਸੰ: ੧੮੯੭ ਵਿਚ ਮਹਾਰਾਜਾ ਖੜਕ ਸਿੰਘ ਤੇ ਕੰਵਰ ਨੌ-ਨਿਹਾਲ ਸਿੰਘ ਦੋਵੇਂ, ਸਾਜ਼ਸ਼ੀ ਅਹਿਲਕਾਰਾਂ ਦੇ ਹਥੋਂ ਕਤਲ ਕੀਤੇ ਗਏ, ਤੇ ਇਹ ਸੰਗਮਰਮਰ ਰਾਹ ਵਿਚ ਹੀ ਲੁੱਟਿਆ ਗਿਆ, ਜਿਸ ਵਿਚੋਂ ਬਹੁਤ ਥੋੜਾ ਅੰਮ੍ਰਿਤਸਰ ਪੁਜਾ।

ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਗੁਰੂ ਰਾਮਦਾਸ ਦੇ ਨਾਮ ਤੇ 'ਰਾਮਬਾਗ਼' ਅਤੇ ਸ੍ਰੀ ਕਲਗੀਧਰ ਜੀ ਦੇ ਨਾਮ ਤੇ 'ਗੋਬਿੰਦ ਗੜ੍ਹ' ਕਿਲ੍ਹਾ ਸੰ: ੧੮੦੫–੯ ਵਿਚ ਤਿਆਰ ਕਰਵਾਇਆ।

ਇਹ ਪਵਿੱਤ੍ਰ ਸ਼ਹਿਰ ਬਾਰੀ ਦਵਾਬ ਅਰਥਾਤ ਦਰਿਆ ਰਾਵੀ ਤੇ ਬਿਆਸ ਦੇ ਵਿਚਕਾਹੇ ਐਨ ਪੰਜਾਬ ਦੇ ਮਧ ਵਿਚ ਆਬਾਦ ਹੈ। ਲਾਹੌਰ ਤੋਂ ੩੩ ਮੀਲ ਚੜ੍ਹਦੇ ਬੰਨੇ, ਕਲਕਤੇ ਤੋਂ ੧੨੩੨ ਮੀਲ ਲਹਿੰਦੇ ਵਲ, ਬੰਬਈ ਤੋਂ ੧੨੬੦ ਮੀਲ ਉਤਰ ਦੀ ਬਾਹੀ ਅਤੇ ਕਰਾਚੀ ਤੋਂ ੮੧੬ ਮੀਲ ਹੈ। ਵਸੋਂ ਦੇ ਲਿਹਾਜ਼ ਨਾਲ ਇਹ ਸ਼ਹਿਰ ਪੰਜਾਬ ਵਿਚੋਂ ਦੂਜੇ ਦਰਜੇ ਤੇ ਹੈ। ਦਸਾਂ ਵਿਚੋਂ ਛੇ ਗੁਰੂ ਸਾਹਿਬਾਨ ਨੇ ਜ਼ਿਲਾ ਅੰਮ੍ਰਿਤਸਰ ਵਿਚ ਨਿਵਾਸ ਕੀਤਾ ਹੈ ਤੇ ਤਿੰਨ ਗੁਰੂ ਸਾਹਿਬਾਨ ਦਾ ਪੱਕਾ ਨਿਵਾਸ ਅਸਥਾਨ ਅੰਮ੍ਰਿਤਸਰ ਬਣਿਆ ਰਿਹਾ ਹੈ। ਇਸ ਸ਼ਹਿਰ ਵਿਚ ੧੯ ਇਤਿਹਾਸਕ ਗੁਰਦੁਆਰੇ ਹਨ। ਇਸ ਗੁਰੂ ਕੀ ਨਗਰੀ ਵਿਚ ਚਾਰ ਹੋਰ ਪਵਿੱਤ੍ਰ ਤਾਲ ਹਨ। (ੳ) ਸੰਤੋਖਸਰ ਜੋ ਪਿਸ਼ਾਵਰ ਨਿਵਾਸੀ ਭਾਈ ਸੰਤੋਖੇ ਦੇ ਧਨ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੪੫ ਵਿਚ ਬਣਵਾਇਆ। ਇਥੇ ਕੱਚਾ ਤਾਲ ਜਿਸਦੀ ਥੋੜੀ ਹੀ ਖੁਦਾਈ ਹੋਈ ਸੀ, ਗੁਰੂ

ਰਾਮਦਾਸ ਸਾਹਿਬ ਨੇ ਤਿਆਰ ਕਰਵਾਇਆ ਸੀ। (ਅ) ਕੌਲਸਰ ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੌਲਾਂ ਦੇ ਨਾਮ ਤੇ ਸੰਮਤ ੧੬੮੪ ਵਿਚ ਤਿਆਰ ਕਰਵਾਇਆ। (ੲ) ਬਬੇਕ ਸਰ ਛੇਵੇਂ ਸਤਿਗੁਰੂ ਜੀ ਨੇ ਵਿਵੇਕੀ ਬਿਹੰਗਮਾਂ ਦੇ ਨਿਵਾਸ ਲਈ ਸ਼ਹਿਰੋਂ ਬਾਹਰਵਾਰ ਸੰਮਤ ੧੬੮੫ ਵਿਚ ਤਿਆਰ ਕਰਵਾਇਆ। (ਸ) ਰਾਮਸਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੫੯–੬੦ ਵਿਚ ਬਣਵਾਇਆ। ਇਸ ਦੇ ਕਿਨਾਰੇ ਬੈਠਕੇ ਸਤਿਗੁਰੂ ਜੀ ਨੇ ਸੁਖਮਨੀ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਸੀ।

ਹਰਿਮੰਦਰ ਸਾਹਿਬ ਦੇ ਖ਼ਜ਼ਾਨੇ ਵਿਚ ਲੱਖਾਂ ਰੁਪਿਆਂ ਦਾ ਜਲੌ ਦਾ ਸਾਮਾਨ ਹੈ, ਜਿਸ ਵਿਚ ਹੀਰੇ ਜੜੇ ਹੋਏ ਹਨ।

ਅਜ ਤੋਂ ਸੌ ਸਾਲ ਪਹਿਲਾਂ ਘੰਟਾ ਘਰ ਵਾਲੀ ਥਾਂ ਤੇ ਕੰਵਰ ਨੌ-ਨਿਹਾਲ ਸਿੰਘ ਦਾ ਆਲੀਸ਼ਾਨ ਬੁੰਗਾ ਸੀ, ਜਿਸਦੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਾਕੇ ਮਹਾਰਾਜਾ ਰਣਜੀਤ ਸਿੰਘ ਜੀ ਸਣੇ ਆਪਣੇ ਸ਼ਾਹਜ਼ਾਦਿਆਂ ਦੇ ਪਾਠ ਸੁਣਿਆ ਕਰਦੇ ਸਨ। ਬਾਲਕ ਮਹਾਰਾਜਾ ਦਲੀਪ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰਿੜ੍ਹਦਾ ਫਿਰਦਾ ਸੀ। ਰਾਮਗੜ੍ਹੀਆਂ ਦੇ ਬੁੰਗੇ ਦੇ ਮੁਨਾਰਿਆਂ ਦੇ ਗੁੰਬਜ਼ ਭੀ ਸਬੂਤ ਸਨ, ਜੋ ਪਿਛੋਂ ਵਡੇ ਭੁਚਾਲ ਸਮੇਂ ਢਠ ਗਏ ਹਨ। ਹਰਿਮੰਦਰ ਸਾਹਿਬ ਦੇ ਪੁਲ ਤੇ ਚਾਨਣੀਆਂ ਤਾਣੀਆਂ ਹੋਈਆਂ ਸਨ। ਉਸ ਸਮੇਂ ਦੇ ਇਕ ਅੰਗਰੇਜ਼ ਮੁਸੱਵਰ ਦੀ ਦਸਤੀ ਤਸਵੀਰ ਤੋਂ ਇਹ ਸਭ ਕੁਝ ਸਾਫ਼ ਨਜ਼ਰ ਆਉਂਦਾ ਹੈ। ਇਹ ਤਸਵੀਰ ਮਹਾਰਾਜਾ ਦਲੀਪ ਸਿੰਘ ਜੀ ਦੀ ਸਪੁਤ੍ਰੀ (ਮਹਾਰਾਜਾ ਰਣਜੀਤ ਸਿੰਘ ਜੀ ਦੀ ਪੋਤ੍ਰੀ) ਸ਼ਾਹਜ਼ਾਦੀ ਬੰਬਾ ਪਾਸ ਸੀ, ਜਿਸਤੋਂ ਪ੍ਰਾਪਤ ਕਰਕੇ ਇਥੇ ਛਾਪੀ ਗਈ ਹੈ।

੧੨ ਅਕਤੂਬਰ ਸੰ: ੧੯੨੦ ਈ: ਨੂੰ ਖ਼ਾਲਸਾ ਬਰਾਦਰੀ ਸ਼ਹਿਰ ਅੰਮ੍ਰਿਤਸਰ ਦੇ ਸਾਲਾਨਾ ਦੀਵਾਨ ਵਿਚ, ਕੁਝ ਅਖੌਤੀ ਅਛੂਤਾਂ ਚੋਂ ਸਜੇ ਸਿੰਘ ਜਲ੍ਹਿਆਂ ਵਾਲੇ ਬਾਗ਼ ਤੋਂ ਖ਼ਾਲਸਾ ਕਾਲਜ ਦੀ ਸੰਗਤ ਸਮੇਤ, ਕੜਾਹ ਪ੍ਰਸ਼ਾਦਿ ਦੀ ਦੇਗ਼ ਅਤੇ ਮਾਇਆ ਲੈਕੇ ਸ੍ਰੀ ਹਰਿਮੰਦਰ ਸਾਹਿਬ ਦੀ ਭੇਟਾ ਕਰਨ ਆਏ। ਉਸ ਸਮੇਂ ਭਾਈ ਗੁਰਬਚਨ ਸਿੰਘ ਗ੍ਰੰਥੀ ਮਹਾਰਾਜ ਦੀ ਤਾਬਿਆ ਬੈਠੇ ਸਨ, ਅਤੇ ਕੀਰਤਨੀਏ ਅਖੰਡ ਕੀਰਤਨ ਕਰ ਰਹੇ ਸਨ। ਪੁਜਾਰੀਆਂ ਨੇ ਬੜਾ ਹਠ

ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਅਜ ਤੋਂ ਸੌ ਸਾਲ ਪਹਿਲਾਂ

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ । ਬਧੋਹੁ ਪੁਰਖਿ ਬਿਧਾਤੈ ਤਾ ਤੂ ਸੋਹਿਆ ।
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ਹਰਿ ਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ।




ਹਰਿ ਮੰਦਰ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸ ਮੈ ਰਹਿਆ ਸਮਾਏ ਰਾਮ ।



ਦਰਬਾਰ ਸ੍ਰੀ ਤਰਨ ਤਾਰਨ ਸਾਹਿਬ

ਗੁਰ ਸਿਖ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ।




੨੬ ਜਨਵਰੀ ਸੰਨ ੧੯੨੧ ਈ: ਨੂੰ ਇਸ ਗੁਰਦੁਆਰੇ ਦੇ ਕਬਜ਼ੇ ਸਮੇਂ ਸਭ ਤੋਂ ਪਹਿਲਾਂ ਭਾਈ ਹਜ਼ਾਰਾ ਸਿੰਘ ਅਲਾਦੀਨਪੁਰ ਤੇ ਭਾਈ ਹੁਕਮ ਸਿੰਘ ਜੀ ਵਸਾਊ ਕੋਟ ਦੀਆਂ ਸ਼ਹੀਦੀਆਂ ਹੋਈਆਂ ਸਨ ।

ਗੁਰਦੁਆਰਾ ਸੁਧਾਰ ਲਹਿਰ ਦੇ ਸਭ ਤੋਂ ਪਹਿਲੇ ਸ਼ਹੀਦ

ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ।
ਜਿਨ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ।



ਭਾਈ ਹਜ਼ਾਰਾ ਸਿੰਘ ਜੀ ਅਲਾਦੀਨਪੁਰ ਜ਼ਿਲਾ ਅੰਮ੍ਰਿਤਸਰ



ਭਾਈ ਹੁਕਮ ਸਿੰਘ ਜੀ ਵਸਾਉ ਕੋਟ ਜ਼ਿਲਾ ਗੁਰਦਾਸਪੁਰ

ਤੋਂ ਇਕ ਫ਼ਰਲਾਂਗ ਦਖਣ ਵਲ ਗੁਰੂ ਅਰਜਨ ਦੇਵ ਜੀ ਦਾ ਲਗਵਾਇਆ "ਗੁਰੂ ਕਾ ਖੂਹ" ਹੈ। ਇਥੇ ਭੀ ਗੁਰੂ ਸਾਹਿਬ ਦੇ ਬਿਰਾਜਨ ਦੀ ਥਾਂ ਮੰਜੀ ਸਾਹਿਬ ਹੈ। ਗੁਰੂ ਜੀ ਵਲੋਂ ਮਾਤਾ ਜੀ ਦੇ ਨਾਮ ਤੇ ਲਵਾਇਆ "ਬੀਬੀ ਭਾਨੀ ਵਾਲਾ ਖੂਹ" ਭੀ ਪਵਿੱਤ੍ਰ ਅਸਥਾਨ ਹੈ। ਹਰ ਅਮਾਵਸ ਨੂੰ ਮੇਲਾ ਹੁੰਦਾ ਹੈ, ਪਰ ਭਾਦੋਂ ਵਦੀ ੩੦ ਨੂੰ ਭਾਰਾ ਉਤਸ਼ਵ ਮਨਾਇਆ ਜਾਂਦਾ ਹੈ।

੨੬ ਜਨਵਰੀ ਸੰ: ੧੯੨੧ ਈ: ਨੂੰ ਜਦ ਸ੍ਰੀ ਤਰਨ ਤਾਰਨ ਸਾਹਿਬ ਦੇ ਪੁਜਾਰੀਆਂ ਅਤੇ ਅਕਾਲੀਆਂ ਵਿਚਕਾਰ ਸਮਝੌਤੇ ਦੀ ਵਿਚਾਰ ਹੋ ਰਹੀ ਸੀ ਤਾਂ ਪੁਜਾਰੀਆਂ ਨੇ ਇਕ-ਦਮ ਛਵ੍ਹੀਆਂ ਅਤੇ ਡਾਂਗਾਂ ਨਾਲ ਅਕਾਲੀਆਂ ਨੂੰ ਮਾਰਨਾ ਅਰੰਭ ਦਿਤਾ, ਜਿਸ ਨਾਲ ੧੭ ਸਿੰਘ ਜ਼ਖ਼ਮੀ ਹੋਏ। ਭਾਈ ਹਜ਼ਾਰਾ ਸਿੰਘ ਅਲਦੀਨਪੁਰ ਜ਼ਿਲਾ ਅੰਮ੍ਰਿਤਸਰ ਅਤੇ ਭਾ: ਹੁਕਮ ਸਿੰਘ ਵਸਾਊਕੋਟ ਜ਼ਿਲਾ ਗੁਰਦਾਸਪੁਰ ਸ਼ਹੀਦ ਹੋ ਗਏ। ਇਹ ਗੁਰਦੁਆਰਾ ਸੁਧਾਰ ਲਹਿਰ ਦੀਆਂ ਸਭ ਤੋਂ ਪਹਿਲੀਆਂ ਸ਼ਹੀਦੀਆਂ ਹਨ।

ਗੁਰਦੁਆਰਾ ਗੁਰੂ ਕੇ ਬਾਗ਼ ਦਾ ਮੁਆਮਲਾ

ਘੁੱਕੇਵਾਲੀ, ਜ਼ਿਲਾ ਅੰਮ੍ਰਿਤਸਰ, ਤਹਿਸੀਲ ਤੇ ਥਾਣਾ ਅਜਨਾਲਾ ਵਿਚ ਇਕ ਪਿੰਡ ਹੈ, ਜੋ ਰੇਲਵੇ ਸਟੇਸ਼ਨ ਅੰਮ੍ਰਿਤਸਰ ਤੋਂ ੧੫ ਮੀਲ ਉਤਰ ਵਲ ਹੈ। ਰਾਜਾ ਸਾਂਸੀ ਤੀਕ ਪੱਕੀ ਸੜਕ ਹੈ, ਅਗੋਂ ਚਾਰ ਮੀਲ ਕੱਚਾ ਰਸਤਾ ਹੈ। ਇਥੇ ਦੋ ਗੁਰਦੁਆਰੇ ਹਨ,ਜੋ ਪਹਿਲਾਂ ਪਿੰਡ ਸਹਿੰਸਰੇ ਵਿਚ ਸਨ। (੧)ਗੁਰੂ ਕਾ ਬਾਗ਼, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਹਿੰਸਰੇ ਦੀ ਸੰਗਤ ਪ੍ਰੇਮ ਨਾਲ ਇਥੇ ਲੈ ਆਈ ਸੀ, ਗੁਰੂ ਸਾਹਿਬ ਕਈ ਦਿਨ ਰਹੇ। ਦਰਬਾਰ ਬਹੁਤ ਸੁੰਦਰ ਬਣਿਆ ਹੋਇਆ ਹੈ, ਜਿਸ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਗੁਰਦੁਆਰੇ ਨਾਲ ਸੌ ਘੁਮਾਂ ਜ਼ਮੀਨ ਹੈ, ਜਿਸ ਵਿਚ ਇਕ ਬਾਗ਼ ਹੈ। ਇਹ ਬਾਗ਼ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਲਗਵਾਇਆ ਸੀ। ਪਹਿਲਾਂ ਇਸ ਗੁਰ-ਅਸਥਾਨ ਦਾ ਨਾਉਂ "ਗੁਰੂ ਕੀ ਰੌੜ" ਸੀ। ਹਰ ਪੂਰਨਮਾਸ਼ੀ ਅਤੇ ਆਮਵਸ ਨੂੰ ਮੇਲਾ ਹੁੰਦਾ ਹੈ। (੨) ਪਿੰਡ ਤੋਂ ਦੱਖਣ ਵੱਲ ਦੋ ਫ਼ਰਲਾਂਗ ਦੇ ਕ਼ਰੀਬ ਸ੍ਰੀ ਗੁਰੂ ਤੇਗ਼ ਬਹਾਦਰ

ਜੀ ਦਾ ਗੁਰਦੁਆਰਾ ਹੈ। ਗੁਰੂ ਸਾਹਿਬ ਵੱਲੇ ਤੋਂ ਆਕੇ ਇਥੇ ਕੁਝ ਚਿਰ ਰਹੇ। ਉਸੇ ਵੇਲੇ ਗੁਰੂ ਕੀ ਰੌੜ ਵਿਚ ਬਾਗ਼ ਲਾਉਣ ਦੀ ਸੰਗਤ ਨੂੰ ਆਗਿਆ ਦਿੱਤੀ।

ਇਸ ਸਮੇਂ ਅਕਾਲੀਆਂ ਦਾ ਬਹੁਤ ਜ਼ੋਰ ਵਧ ਰਿਹਾ ਸੀ ਅਤੇ ਉਨ੍ਹਾਂ ਨੇ ਕਈਆਂ ਗੁਰਦੁਆਰਿਆਂ ਤੇ ਕਬਜ਼ੇ ਕਰ ਲਏ ਸਨ, ਤਦ ੩੧ ਜਨਵਰੀ ਸੰ: ੧੯੨੧ ਈ: ਨੂੰ ਮਹੰਤ ਸੁੰਦਰ ਦਾਸ ਗੁਰੂ ਕਾ ਬਾਗ਼ ਜ਼ਿਲਾ ਅੰਮ੍ਰਿਤਸਰ ਨੇ ਸ਼੍ਰੋਮਣੀ ਕਮੇਟੀ ਵਲੋਂ ੧੧ ਆਦਮੀਆਂ ਦੀ ਨੀਯਤ ਹੋਈ ਕਮੇਟੀ ਦੇ ਅਧੀਨ ਸੇਵਾ ਕਰਨੀ ਪ੍ਰਵਾਨ ਕਰ ਲਈ।

ਗੁਰਦੁਆਰਾ ਭਾਈ ਜੋਗਾ ਸਿੰਘ ਦਾ ਕਬਜ਼ਾ

ਭਾਈ ਜੋਗਾ ਸਿੰਘ (ਜੋਗਾ) ਪਿਸ਼ਾਵਰ ਦੇ ਆਸੀਆ ਮਹੱਲੇ ਵਿਚ ਰਹਿਣ ਵਾਲੇ ਭਾਈ ਗੁਰਮੁਖ ਦਾ ਪੁੱਤ੍ਰ ਸੀ, ਜਿਸਨੇ ਕਲਗ਼ੀਧਰ ਜੀ ਤੋਂ ਅੰਮ੍ਰਿਤ ਛੱਕਕੇ ਸਿੰਘ ਪਦਵੀ ਧਾਰਨ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਭਾਈ ਜੋਗਾ ਸਿੰਘ ਨੂੰ ਸੁਪਾਤਰ ਜਾਣਕੇ ਹਰ ਵੇਲੇ ਆਪਣੀ ਹਜ਼ੂਰੀ ਵਿਚ ਰਖਦੇ, ਅਤੇ ਅਪਾਰ ਕ੍ਰਿਪਾ ਕਰਦੇ ਸਨ। ਇਕ ਵੇਰ ਭਾਈ ਗੁਰਮੁਖ ਨੇ ਅਰਦਾਸ ਕੀਤੀ, ਕਿ ਜੋਗਾ ਸਿੰਘ ਦੀ ਸ਼ਾਦੀ ਹੋਣ ਵਾਲੀ ਹੈ, ਇਸ ਨੂੰ ਆਗਿਆ ਮਿਲੇ, ਕਿ ਪਿਸ਼ਾਵਰ ਜਾਕੇ ਸ਼ਾਦੀ ਕਰਵਾ ਆਵੇ। ਦਸਮੇਸ਼ ਜੀ ਨੇ ਸ਼ਾਦੀ ਲਈ ਜੋਗਾ ਸਿੰਘ ਨੂੰ ਛੁਟੀ ਦੇ ਦਿਤੀ, ਪਰ ਉਸਦੀ ਪ੍ਰੀਖਿਆ ਲਈ ਇਕ ਸਿਖ ਨੂੰ ਹੁਕਮ-ਨਾਮਾ ਦੇਕੇ ਘਲਿਆ, ਕਿ ਜਦ ਜੋਗਾ ਸਿੰਘ ਇਕ ਲਾਂਵ (ਫੇਰਾ) ਲੈ ਚੁਕੇ, ਤਦ ਹੁਕਮ-ਨਾਮਾ ਉਸਦੇ ਹਥ ਦੇਣਾ। ਸਿਖ ਨੇ ਅਜਿਹਾ ਹੀ ਕੀਤਾ। ਹੁਕਮਨਾਮੇ ਵਿਚ ਹੁਕਮ ਸੀ, ਕਿ ਇਸ ਨੂੰ ਵੇਖਦੇ ਸਾਰ ਹੀ ਅਨੰਦ ਪੁਰ ਵਲ ਤੁਰ ਪਉ। ਸੁ ਜੋਗਾ ਸਿੰਘ ਤਿੰਨ ਲਾਵਾਂ ਵਿਚੇ ਛੱਡਕੇ ਘਰੋਂ ਤੁਰ ਪਿਆ। ਬਾਕੀ ਤਿੰਨ ਲਾਵਾਂ ਉਸ ਦੇ ਕਮਰ ਬੰਦ ਨਾਲ ਦੇਕੇ ਵਿਆਹ ਪੂਰਾ ਕੀਤਾ ਗਿਆ।

ਰਸਤੇ ਵਿਚ ਭਾਈ ਜੋਗਾ ਸਿੰਘ ਦੇ ਮਨ ਸੰਕਲਪ ਫੁਰਿਆ ਕਿ ਸਤਿਗੁਰੂ ਦੀ ਆਗਿਆ ਮੰਨਣ ਵਾਲਾ ਮੇਰੇ ਜਿਹਾ ਕੋਈ ਵਿਰਲਾ ਹੀ ਸਿਖ ਹੋਵੇਗਾ। ਜਦ ਭਾਈ ਜੋਗਾ ਸਿੰਘ ਹੁਸ਼ਿਆਰਪੁਰ ਪੁਜਾ, ਤਾਂ ਇਕ ਵੇਸ਼ਵਾ ਦਾ ਸੁੰਦਰ ਰੂਪ ਵੇਖ ਕੇ ਕਾਮ ਨਾਲ ਵਯਾਕੁਲ ਹੋ ਗਿਆ ਅਤੇ ਸਿਖ ਧਰਮ ਵਿਰੁਧ ਕੁਕਰਮ

ਗੁਰਦੁਆਰਾ ਭਾਈ ਜੋਗਾ ਸਿੰਘ ਜੀ ਪਿਸ਼ਾਵਰ

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ । ਸੇ ਅਸਥਲ ਸੋਇਨ ਚਉਬਾਰੇ ।



ਇਸ ਗੁਰਦੁਆਰੇ ਤੇ ੫ ਫਰਵਰੀ ਸੰਨ ੧੯੨੧ ਈ: ਨੂੰ ਪੰਥ ਨੇ ਕਬਜ਼ਾ ਕੀਤਾ ਸੀ ।

ਕਰਨ ਲਈ ਪੱਕਾ ਸੰਕਲਪ ਕਰਕੇ ਵੇਸਵਾ ਦੇ ਮਕਾਨ ਤੇ ਪੁਜਾ। ਸ੍ਰੀ ਕਲਗੀਧਰ ਨੇ ਅਪਣੇ ਅਨਿੰਨ ਸਿਖ ਨੂੰ ਨਰਕ ਕੁੰਡ ਤੋਂ ਬਚਾਉਣ ਲਈ ਚੋਬਦਾਰ ਦਾ ਰੂਪ ਧਾਰ ਕੇ ਸਾਰੀ ਰਾਤ ਵੇਸਵਾ ਦੇ ਮਕਾਨ ਤੇ ਪਹਿਰਾ ਦਿਤਾ। ਜਦ ਤਿੰਨ ਚਾਰ ਵਾਰ ਭਾਈ ਜੋਗਾ ਸਿੰਘ ਨੇ ਚੋਬਦਾਰ ਨੂੰ ਉਥੇ ਹੀ ਖੜਾ ਡਿਠਾ ਤਾਂ ਮਨ ਨੂੰ ਧ੍ਰਿਕਾਰਦਾ ਹੋਇਆ ਅਨੰਦਪੁਰ ਦੇ ਰਾਹ ਪਿਆ ਅਤੇ ਸਤਿਗੁਰੂ ਦੇ ਦਰਬਾਰ ਪਹੁੰਚ ਕੇ ਅਪਰਾਧ ਬਖਸ਼ਵਾਇਆ। ਭਾਈ ਜੋਗਾ ਸਿੰਘ ਦੀ ਧਰਮ ਸਾਲਾ ਪਿਸ਼ਾਵਰ ਵਿਚ ਬਹੁਤ ਮਸ਼ਹੂਰ ਥਾਂ ਹੈ। ਉਥੇ ਦੇ ਬਹੁਤ ਲੋਕ ਭਾਈ ਸਾਹਿਬ ਨੂੰ ਜੋਗਨ ਸ਼ਾਹ ਭੀ ਆਖਦੇ ਹਨ।

ਜੋਗਾ ਸਿੰਘ ਲਖੀ ਗਤਿ ਸੋਏ।
ਮਮ ਹਿਤ ਚੋਬਦਾਰ ਗੁਰੁ ਹੋਏ।
ਸਮਝ ਵਾਰਤਾ ਚਰਨੀ ਪਰਯੋ।
ਧੰਨ ਪ੍ਰਭੂ ਦੇ ਹਾਥ ਉਬਰਯੋ।
ਆਪ ਸਮਾਨ ਨ ਅਪਰ ਕ੍ਰਿਪਾਲਾ।
ਸਦਾ ਦਾਸਕੇ ਬਨ ਰਖਵਾਲਾ।
ਤਜਹੁ ਜਿਠਾਈ ਸਿਖ ਕੇ ਕਾਰਨ।
ਜਯੋਂ ਕਯੋਂ ਕਰਹੋਂ ਦਾਸ ਉਧਾਰਨ।

(ਗੁ: ਪ੍ਰ: ਸੂ:)

੫ ਫ਼ਰਵਰੀ ਸੰ: ੧੯੨੧ ਈ: ਨੂੰ ਅਕਾਲੀਆਂ ਨੇ ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ ਤੇ ਜਾ ਕਬਜ਼ਾ ਕੀਤਾ।

ਸਰਕਾਰ ਨੂੰ ਤੌਖਲਾ

ਇਸ ਤਰਾਂ ਜਦ ਸਰਕਾਰ ਨੇ ਗੁਰਦੁਆਰਾ ਸੁਧਾਰ ਲਹਿਰ ਦੀ ਤੇਜ਼ੀ ਅਤੇ ਸਿਖਾਂ ਦੇ ਦਿਲੀ ਜਜ਼ਬਾਤ ਨੂੰ ਵੇਖਿਆ ਕਿ ਹਰ ਇਕ ਸਿਖ ਦੀ ਇਸ ਲਹਿਰ ਨਾਲ ਦਿਲੋਂ ਹਮਦਰਦੀ ਹੈ ਅਤੇ ਇਹ ਪੰਜਾਬ ਨੂੰ ਛਡਕੇ ਸਰਹੱਦ ਉਤੇ ਜਾ ਕੇ ਭੀ ਆਪਣਾ ਪ੍ਰਭਾਵ ਪਾ ਰਹੇ ਹਨ, ਤਦ ਸਰਕਾਰ ਨੇ ਮਹਿਸੂਸ ਕੀਤਾ ਕਿ ਗੁਰਦੁਆਰਿਆਂ ਦੇ ਪ੍ਰਬੰਧ ਲਈ ਕੋਈ ਪੱਕਾ ਫ਼ੈਸਲਾ ਹੋ ਜਾਣਾ ਚਾਹੀਦਾ ਹੈ, ਜਿਸ ਨਾਲ ਇਹ ਆਪੋ-ਧਾਪੀ ਦੇ ਹੱਲੇ-ਗੁਲੇ ਰੁਕ ਜਾਣ।

੧੬ ਫ਼ਰਵਰੀ ਸੰ: ੧੯੨੧ ਈ: ਨੂੰ ਸਰਕਾਰ ਵਲੋਂ ਇਸ ਮਾਮਲੇ ਲਈ ਇਕ ਪੜਤਾਲੀਆ ਕਮੇਟੀ ਬਨਾਉਣ ਦਾ ਐਲਾਨ ਕੀਤਾ ਗਿਆ। ਸ਼ੇਖ਼ ਅਸਗਰ

ਅਲੀ ਦੀ ਪ੍ਰਧਾਨਗੀ ਹੇਠ ਸ਼੍ਰੋ: ਗੁ: ਪ੍ਰ: ਕਮੇਟੀ ਅਤੇ ਮਹੰਤਾਂ ਦੀ ਸਾਂਝੀ ਕਾਨਫ੍ਰੰਸ ਹੋਣ ਦਾ ਫ਼ੈਸਲਾ ਹੋਇਆ, ਪਰ ਇਸ ਦੀਆਂ ਤਾਰੀਖ਼ਾਂ ਮਿਥਦਿਆਂ ਕਰਦਿਆਂ ਨੂੰ ੨੦ ਫ਼ਰਵਰੀ ਸੰ: ੧੯੨੧ ਈ: ਨੂੰ ਭਾਈ ਲਛਮਨ ਸਿੰਘ ਜੀ ਇਸ ਖ਼ਿਆਲ ਨਾਲ ਜਥਾ ਲੈਕੇ ਸ੍ਰੀ ਨਨਕਾਣੇ ਸਾਹਿਬ ਕਬਜ਼ਾ ਕਰਨ ਲਈ ਚਲੇ ਗਏ,ਕਿ ਪੰਥ ਦੇ ਮੁਖੀ ਬਚ ਜਾਣ, ਜੇ ਮੇਰਾ ਸਿਰ ਲਗ ਜਾਵੇ ਤਾਂ ਕੋਈ ਗਲ ਨਹੀਂ। ਇਸ ਜਥੇ ਚੋਂ ੮੬ ਸਿੰਘ ਸ਼ਹੀਦ ਹੋ ਗਏ ਜਿਸਦੇ ਕਾਰਨ ਇਹ ਸਕੀਮ ਵਿਚੇ ਹੀ ਠੱਪੀ ਰਹਿ ਗਈ। ਸ਼੍ਰੋ: ਕਮੇਟੀ ਦੇ ਐਲਾਨ ਅਨੁਸਾਰ ਇਨ੍ਹਾਂ ਪਵਿੱਤ੍ਰ ਸ਼ਹੀਦਾਂ ਦੀ ਯਾਦਗਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦਾ ਭੋਗ ਪਾਕੇ ੫ ਅਪ੍ਰੈਲ ਸੰ: ੧੯੨੧ ਈ: ਨੂੰ ਸਾਰੀ ਕੌਮ ਵਿਚ ਇਹ ਦਿਨ ਮਨਾਇਆ ਗਿਆ। ਇਸ ਸਾਕੇ ਨੂੰ ਵੇਖਕੇ ਮਹੰਤ ਸੁੰਦਰ ਦਾਸ ਗੁਰੂ ਕਾ ਬਾਗ਼ ਭੀ ਆਕੜ ਖੜੋਤਾ, ਅਤੇ ਆਪਣੇ ਇਕਰਾਰਾਂ ਦੇ ਉਲਟ ਕਾਰਵਾਈਆਂ ਕਰਨ ਲਗ ਪਿਆ।

ਗੁਰਦੁਆਰਾ ਕਾਨੂੰਨ ਲਈ ਕੋਸ਼ਸ਼

੧੪ ਮਾਰਚ ਸੰ: ੧੯੨੧ ਈ: ਨੂੰ ਫੇਰ ਮੀਆਂ ਫ਼ਜ਼ੁਲ ਹੁਸੈਨ ਨੇ ਪੰਜਾਬ ਕੌਂਸਲ ਵਿਚ ਇਕ ਮਤਾ ਪੇਸ਼ ਕੀਤਾ ਕਿ ਧਾਰਮਕ ਅਸਥਾਨਾਂ ਦੇ ਪ੍ਰਬੰਧ ਨੂੰ ਠੀਕ ਕਰਨ ਲਈ ਇਕ ਬਿਲ ਪੇਸ਼ ਹੋਣਾ ਚਾਹੀਦਾ ਹੈ, ਅਤੇ ਬਿਲ ਦੇ ਬਣਨ ਸਮੇਂ ਤਕ ਤਿੰਨਾਂ ਮੈਂਬਰਾਂ ਦਾ ਇਕ ਗੁਰਦੁਆਰਾ ਕਮੀਸ਼ਨ ਨੀਯਤ ਕਰਨ ਦਾ ਫ਼ੈਸਲਾ ਹੋਇਆ। ਹਿੰਦੂ ਅਤੇ ਮੁਸਲਮਾਨ ਮੈਂਬਰਾਂ ਆਵਾਜ਼ ਉਠਾਈ, ਕਿ ਉਨ੍ਹਾਂ ਦੇ ਬੰਦੇ ਭੀ ਕਮੀਸ਼ਨ ਵਿਚ ਨੀਯਤ ਹੋਣੇ ਚਾਹੀਦੇ ਹਨ। ਸਿਖ ਮੈਂਬਰਾਂ ਨੇ ਇਸ ਕਮੀਸ਼ਨ ਦੀ ਬਣਤਰ ਤੇ ਲਫ਼ਜ਼ਾਂ ਨੂੰ ਇਤਰਾਜ਼ ਯੋਗ ਸਮਝਕੇ ਰਾਏ ਹੀ ਨਾਂਹ ਦਿਤੀ।

੨੦ ਮਾਰਚ ਦੀ ਸ਼੍ਰੋ: ਕਮੇਟੀ ਦੀ ਜਨਰਲ ਇਕੱਤ੍ਰਤਾ ਵਿਚ ਪਾਸ ਹੋ ਗਿਆ ਕਿ ਜੇ ਅਪ੍ਰੈਲ ਤਕ ਤਸੱਲੀ ਬਖ਼ਸ਼ ਗੁਰਦੁਆਰਾ ਕਾਨੂੰਨ ਬਣਾਕੇ ਸ੍ਰਕਾਰ ਨੇ ਸਾਰੇ ਗੁਰਦੁਆਰਾ ਸੁਧਾਰ ਲਹਿਰ ਦੇ ਕੈਦੀ ਰਿਹਾ ਨ ਕੀਤੇ, ਤਾਂ ਸਿਖ, ਗੁਰਦੁ-ਆਰਿਆਂ ਦਾ ਸੁਧਾਰ ਕਰਨ ਲਈ ਹਰ ਯੋਗ ਤ੍ਰੀਕੇ ਲਈ ਮਜਬੂਰ ਹੋਣਗੇ। ਸੁ ਗਵਰਨਮੈਂਟ ਨੇ ਗੁਰਦੁਆਰਾ ਕਮੀਸ਼ਨ ਦਾ ਸਵਾਲ ਛੱਡਕੇ ੫ ਅਪ੍ਰੈਲ ਨੂੰ ਗੁਰਦੁਆਰਾ ਬਿਲ ਪੇਸ਼ ਕਰਨ ਦਾ ਫ਼ੈਸਲਾ ਕੀਤਾ। ੮ ਅਪ੍ਰੈਲ ਨੂੰ ਜਿਸ ਸ਼ਕਲ

ਵਿਚ ਗੁਰਦੁਆਰਾ ਬਿਲ ਸੀਲੈਕਟ ਕਮੇਟੀ ਪਾਸੋਂ ਨਿਕਲਕੇ ਪ੍ਰਕਾਸ਼ਤ ਹੋਇਆ ਤਾਂ ਐਜੀਟੇਸ਼ਨ ਹੋਰ ਭੀ ਵਧ ਗਈ, ਕਿਉਂਕਿ ਇਸ ਵਿਚ ਬਹੁਤ ਨੁਕਸ ਸਨ। ਇਸਦੇ ਨਾਲ ਹੀ ਸਰਕਾਰ ਨੇ ਸਖ਼ਤੀ ਕਰਨੀ ਅਰੰਭ ਦਿਤੀ। ਸਿਖ ਕੌਂਸਲਰਾਂ ਨੇ ਭੀ ਇਸ ਦੀ ਵਿਰੋਧਤਾ ਕੀਤੀ।

੧੧ ਅਪ੍ਰੈਲ ਦੇ ਸਮਾਗਮ ਵਿਚ ਸ਼੍ਰੋ: ਕਮੇਟੀ ਨੇ ਇਹ ਗਲ ਸਪੱਸ਼ਟ ਕਰ ਦਿਤੀ, ਕਿ ਬਿਲ ਨਾ-ਤਸੱਲੀ-ਬਖ਼ਸ਼ ਹੈ; ਪਰ ਫਿਰ ਭੀ ਗੁਪਤ ਗਲ ਬਾਤ ਛਿੜੀ ਰਹੀ। ਇਸ ਸਮੇਂ ਅਕਾਲੀਆਂ ਦਾ ਧਾਰਮਕ ਜੋਸ਼ ਵੇਖਕੇ ਸ: ਸਰਦੂਲ ਸਿੰਘ ਕਵੀਸ਼ਰ ਨੇ ਅਕਾਲੀ ਅਖ਼ਬਾਰ ਵਿਚ ਇਕ ਅਪੀਲ ਛਾਪੀ, ਕਿ ਅਜਿਹੇ ਇਕ ਸੌ ਗੁਰੂ ਕੇ ਸਿਖ ਮੈਦਾਨ ਵਿਚ ਨਿਤਰਨ ਜੋ ਸ਼ਾਂਤਮਈ ਰਹਿਕੇ ਗੁਰਦੁਆਰਾ ਸ੍ਰੀ ਰਕਾਬ ਗੰਜ ਦਿੱਲੀ ਦੀ ਢੱਠੀ ਹੋਈ ਕੰਧ ਮੁੜ ਨਵੇਂ ਸਿਰੇ ਆਪਣੀਆਂ ਜਾਨਾਂ ਦੇਕੇ ਬਨਾਉਣ। ਤਦ ਸਰਕਾਰ ਨੇ ਸੱਤਾਂ ਸਾਲਾਂ ਪਿਛੋਂ ੨੮ ਅਪ੍ਰੈਲ ਸੰ: ੧੯੨੧ ਈ: ਨੂੰ ਆਪਣੇ ਖ਼ਰਚ ਤੇ ਮੁੜ ਨਵੇਂ ਸਿਰੇ ਉਸੇ ਤਰ੍ਹਾਂ ਗੁਰਦੁਆਰੇ ਦੀ ਕੰਧ ਬਣਾ ਦਿਤੀ।

੩੦ ਅਪ੍ਰੈਲ ਸੰ: ੧੯੨੧ ਈ: ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਰਜਿਸਟਰਡ ਕਰਾਈ ਗਈ ਅਤੇ ਨਿਯਮਾਂ ਦੇ ਬਣ ਜਾਣ ਪਿਛੋਂ ਇਸ ਦੀ ਨਵੀਂ ਚੋਣ ਜੁਲਾਈ ਸੰ: ੧੯੨੧ ਈ: ਨੂੰ ਕੀਤੀ ਗਈ। ਚੁਣੇ ਹੋਏ ਮੈਂਬਰਾਂ ਨੇ ਕੁਲ ਗਿਣਤੀ ਦਾ ਪੰਜਵਾਂ ਹਿੱਸਾ ੧੪ ਅਗਸਤ ਨੂੰ ਨਾਮਜ਼ਦ ਕਰ ਦਿਤਾ। ਇਸੇ ਸਮੇਂ ਸ਼੍ਰੋ: ਕਮੇਟੀ ਨੇ ਪਾਸ ਕਰਕੇ ੨੩ ਅਗਸਤ ਨੂੰ ਗੁਰਦੁਆਰਾ ਗੁਰੂ ਕੇ ਬਾਗ਼ ਦਾ ਚਾਰਜ ਆਪਣੇ ਹਥ ਵਿਚ ਲੈ ਲਿਆ, ਤੇ ਗੁਰਦੁਆਰੇ ਦੇ ਸੇਵਾਦਾਰ ਗੁਰਦੁਆਰੇ ਦੀ ਜ਼ਮੀਨ ਚੋਂ ਸੁਕੀਆਂ ਲਕੜਾਂ ਵੱਢਕੇ ਗੁਰੂ ਕੇ ਲੰਗਰ ਵਿਚ ਬਾਲਦੇ ਰਹੇ। ਇਸਦੇ ਪਿਛੋਂ ਮੁਕੰਮਲ ਸ਼੍ਰੋ: ਕਮੇਟੀ ਦੀ ਇਕੱਤ੍ਰਤਾ ੨੭ ਅਗਸਤ ਸੰ: ੧੯੨੧ ਈ: ਨੂੰ ਹੋਈ। ਥੋੜੇ ਦਿਨਾਂ ਪਿਛੋਂ ਅੰਤ੍ਰਿੰਗ ਕਮੇਟੀ ਨੀਯਤ ਕਰਕੇ ਮਿਸ਼ਨਰੀ ਅਤੇ ਪਬ-ਲਿਸਟੀ ਆਦਿ ਮਹਿਕਮਿਆਂ ਨੂੰ ਅੱਡ ਅੱਡ ਮੈਂਬਰਾਂ ਦੇ ਸਪੁਰਦ ਕਰ ਦਿਤਾ ਗਿਆ। ਇਸ ਸਮੇਂ ਕਮੇਟੀ ਨੇ ਬੜੇ ਉਤਸ਼ਾਹ ਅਤੇ ਧਰਮ ਦੇ ਸੁਚੇ ਭਾਵਾਂ ਨਾਲ ਗੁਰਦੁਆਰਾ ਸੁਧਾਰ ਦਾ ਕੰਮ ਅਰੰਭਿਆ ਪਰ ਇਸ ਵਿਚ ਅਨੇਕ ਵਿਘਨ ਪੈਂਦੇ ਰਹੇ ਜਿਸਤੇ ਪੰਥ ਨੂੰ ਬੇ-ਹੱਦ ਕੁਰਬਾਨੀਆਂ ਕਰਨੀਆਂ ਪਈਆਂ। ਉਨ੍ਹਾਂ ਸਭ

ਔਕੜਾਂ ਦਾ ਵਰਨਣ ਕਰਨ ਲਗਿਆਂ ਆਪਣੇ ਆਪ ਹੀ ਇਕ ਵੱਡੇ ਅਕਾਰ ਦੀ ਇਤਿਹਾਸਕ ਕਿਤਾਬ ਬਣ ਸਕਦੀ ਹੈ। ਪਰ ਇਥੇ ਕੇਵਲ ਵੰਨਗੀ ਮਾਤਰ ਕੁਝ ਕੁ ਲਿਖਣੀਆਂ ਹੀ ਜ਼ਰੂਰੀ ਹਨ।

ਸਖ਼ਤ ਔਕੜਾਂ ਦਾ ਮੁਕਾਬਲਾ ਕਰਨਾ

ਸ਼੍ਰੋ: ਗੁ: ਪ੍ਰ: ਕਮੇਟੀ ਦੀ ਬਣਤਰ ਨੇ ਇਸਦਾ ਅਜਿਹਾ ਪ੍ਰਤਾਪ ਵਧਾਇਆ ਜੁ ਢੱਠੇ ਹੋਏ ਹਿਰਦਿਆਂ ਵਿਚ ਮੁੜ ਨਵੇਂ ਸਿਰੇ ਉਤਸ਼ਾਹ ਅਤੇ ਕੁਰਬਾਨੀ ਦੀ ਸਪਿਰਟ ਪੈਦਾ ਹੋ ਗਈ। ਇਸ ਨਿਸ਼ਕਾਮ ਸੇਵਾ ਦਾ ਸਦਕਾ ਥੋੜੇ ਸਮੇਂ ਵਿਚ ਹੀ ਕਈ ਗੁਰਦੁਆਰੇ ਸ਼ਰੋਮਣੀ ਕਮੇਟੀ ਨਾਲ ਸਬੰਧਤ ਹੋ ਗਏ। ਇਸ ਮੰਤਵ ਨੂੰ ਸਿਰੇ ਚਾੜ੍ਹਣ ਲਈ ਜੋ ਜੋ ਸਖ਼ਤ ਔਕੜਾਂ ਸਿੰਘਾਂ ਦੇ ਰਸਤੇ ਵਿਚ ਆਈਆਂ, ਉਨ੍ਹਾਂ ਦਾ ਬੜੀ ਬਹਾਦਰੀ ਅਤੇ ਸੂਰਮਗਤੀ ਨਾਲ ਮੁਕਾਬਲਾ ਕੀਤਾ ਅਤੇ ਜਿੰਸ ਕਿਸਮ ਦੀਆਂ ਭੀ ਕੁਰਬਾਨੀਆਂ ਕਰਨੀਆਂ ਪਈਆਂ ਖਿੜੇ ਮੱਥੇ ਹਸੂ ਹਸੂ ਕਰਦਿਆਂ ਕੀਤੀਆਂ। ਇਨ੍ਹਾਂ ਸੰਛੇਪ ਸਤਰਾਂ ਵਿਚ ਉਨ੍ਹਾਂ ਸਭ ਦਾ ਵੇਰਵੇ ਅਨੁਸਾਰ ਵਰਨਣ ਹੋ ਸਕਣਾ ਅਸੰਭਵ ਹੈ।

੭ ਨਵੰਬਰ ਸੰ: ੧੯੨੧ ਈ: ਨੂੰ ਸ਼ਾਮ ਦੇ ਤਿੰਨ ਵਜੇ ਲਾਲਾ ਅਮਰ ਨਾਥ ਈ. ਏ. ਸੀ. ਪੁਲਸ ਨੂੰ ਨਾਲ ਲੈਕੇ ਸ: ਸੁੰਦਰ ਸਿੰਘ ਰਾਮਗੜ੍ਹੀਏ ਮੀਤ ਪ੍ਰਧਾਨ ਸ਼੍ਰੋ: ਕਮੇਟੀ ਅਤੇ ਪ੍ਰਧਾਨ ਲੋ: ਗੁ: ਪ੍ਰ: ਕਮੇਟੀ ਪਾਸੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੋਸ਼ੇ ਖ਼ਾਨੇ ਦੀਆਂ ਸਾਰੀਆਂ ਚਾਬੀਆਂ ਖੋਹਕੇ ਲੈ ਗਿਆ। ੧੨ ਨਵੰਬਰ ਨੂੰ ਸ਼੍ਰੋ: ਕਮੇਟੀ ਨੇ ਪਾਸ ਕਰ ਦਿਤਾ, ਕਿ ਸਰਕਾਰ ਦੇ ਨੀਯਤ ਕੀਤੇ ਸਰਬ੍ਰਾਹ ਕਪਤਾਨ ਬਹਾਦਰ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਦਖ਼ਲ ਨ ਦੇਣ ਦਿਤਾ ਜਾਵੇ। ਡਿਪਟੀ ਕਮਿਸ਼ਨਰ ਨੇ ਉਕਤ ਕਪਤਾਨ ਨੂੰ ੧੫ ਨਵੰਬਰ, ਸ੍ਰੀ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਦੇ ਗੁਰਪੁਰਬ ਵਾਲੇ ਦਿਨ ਚਾਬੀਆਂ ਦੇਕੇ ਭੇਜਿਆ। ਪਰ ਉਸ ਸਮੇਂ ਸੰਗਤ ਵਿਚ ਬੜੀ ਵਿਰੋਧਤਾ ਅਤੇ ਜੋਸ਼ ਸੀ। ਆਪ ਆਏ, ਅਤੇ ਸ਼ਰਮ ਖਾਕੇ ਵਾਪਸ ਚਲੇ ਗਏ, ਫੇਰ ਥੋੜੇ ਦਿਨਾਂ ਪਿਛੋਂ ਸ੍ਰਬ੍ਰਾਹੀ ਤੋਂ ਹੀ ਅਸਤੀਫ਼ਾ ਦੇ ਦਿਤਾ। ਇਨ੍ਹਾਂ ਦੇ ਪਿਛੋਂ ਸਰਕਾਰ ਨੂੰ ਸਿਖਾਂ ਵਿਚੋਂ ਸਰਬ੍ਰਾਹੀ ਲਈ ਕੋਈ ਆਦਮੀ ਨ ਲਭਾ ਜੋ ਸਾਰੀ ਕੌਮ ਦੀ ਮੁਖ਼ਾਲਫ਼ਤ ਕਰਕੇ

ਇਸ ਬਦਨਾਮੀ ਦੇ ਕਠਨ ਕੰਮ ਨੂੰ ਸਿਰੇ ਚਾੜ੍ਹੇ।

ਜ਼ਿਲੇ ਵਿਚ ਥਾਂ ਪਰ ਥਾਂ ਫਿਰ ਕੇ ਡਿਪਟੀ ਕਮਿਸ਼ਨਰ ਨੇ ਜਲਸੇ ਕਰਕੇ ਸਿਖਾਂ ਸੰਬੰਧੀ ਗ਼ਲਤ ਫ਼ਹਿਮੀਆਂ ਫ਼ੈਲਾਉਣੀਆਂ ਸ਼ੁਰੂ ਕਰ ਦਿਤੀਆਂ ਜਿਸ ਕਰਕੇ ਸਿਖਾਂ ਨੇ ਭੀ ਮਜਬੂਰ ਹੋਕੇ ਜਿਥੇ ਡਿਪਟੀ ਕਮਿਸ਼ਨਰ ਨੇ ਜਲਸਾ ਕਰਨਾ, ਉਥੇ ਦੀਵਾਨ ਲਾਕੇ ਅਸਲੀ ਵਾਕਿਆਤ ਪਰਗਟ ਕਰਨੇ ਸ਼ੁਰੂ ਕਰ ਦਿਤੇ। ੨੬ ਨਵੰਬਰ ਨੂੰ ਅਜਨਾਲੇ ਵਿਚ ਅਜਿਹਾ ਹੀ ਇਕ ਦੀਵਾਨ ਹੋਇਆ ਜਿਥੇ ਸ਼੍ਰੋ: ਕਮੇਟੀ ਦੇ ਨੌਂ ਪਤਵੰਤੇ ਮੈਂਬਰ, ਸ: ਹਰਨਾਮ ਸਿੰਘ ਜ਼ੈਲਦਾਰ ਅਤੇ ਪੰਡਤ ਦੀਨਾ ਨਾਥ ਜੀ ਗ੍ਰਿਫ਼ਤਾਰ ਕੀਤੇ ਗਏ। ਚਾਬੀਆਂ ਦੇ ਮਾਮਲੇ ਸਬੰਧੀ ਇਸ ਦਿਨ ਤੋਂ ਸਾਰੇ ਇਲਾਕਿਆਂ ਵਿਚ ਦੀਵਾਨ ਹੋਣੇ ਸ਼ੁਰੂ ਹੋ ਗਏ, ਅਜਿਹੇ ਦੀਵਾਨਾਂ ਵਿਚ ਹਿਸਾ ਲੈਣ ਵਾਲਿਆਂ ਦੀਆਂ ਧੜਾ ਧੜ ਗ੍ਰਿਫ਼ਤਾਰੀਆਂ ਹੋਣ ਲਗ ਪਈਆਂ ਜਿਨ੍ਹਾਂ ਦੀ ਗਿਣਤੀ ੧੯੩ ਤਕ ਪੁਜ ਗਈ।

੧੧ ਨਵੰਬਰ ਦੀ ਇਕੱਤ੍ਰਤਾ ਵਿਚ ਸ਼੍ਰੋ: ਕਮੇਟੀ ਨੇ ਸਰਕਾਰ ਨਾਲ ਨਾ-ਮਿਲਵਰਤਣ ਦਾ ਮਤਾ ਪਾਸ ਕਰ ਦਿਤਾ। ੨੨ ਨਵੰਬਰ ਨੂੰ ਗੁਰਦੁਆਰਾ *ਸ੍ਰੀ ਪੰਜਾ ਸਾਹਿਬ ਤੇ ਕਬਜ਼ਾ ਹੋ ਗਿਆ। ਇਸ ਤਰ੍ਹਾਂ ਚਾਬੀਆਂ ਸਬੰਧੀ ਜੋਸ਼ ਘਟਦਾ ਨ ਵੇਖਕੇ ਡਿਪਟੀ ਕਮਿਸ਼ਨਰ ਨੇ ਬਥੇਰੇ ਤ੍ਰੀਕੇ ਚਾਬੀਆਂ ਵਾਪਸ ਕਰਨ ਦੇ ਵਰਤੇ ਪਰ ਹਰ ਸਮੇਂ ਹਰ ਥਾਂ ਤੋਂ ਉਸ ਨੂੰ ਇਹੋ ਉੱਤਰ ਮਿਲਦਾ ਰਿਹਾ, ਕਿ ਪਹਿਲਾਂ ਸਾਰੇ ਕੈਦੀ ਰਿਹਾ ਕਰੋ, ਤੇ ਫੇਰ ਚਾਬੀਆਂ ਸ਼੍ਰੋ: ਕਮੇਟੀ ਨੂੰ ਦੇ ਦਿਤੀਆਂ ਜਾਣ। ਹੋਰ ਕੋਈ ਰਾਹ ਨ ਨਿਕਲਦਾ ਵੇਖਕੇ ੧੯ ਜਨਵਰੀ ਸੰ: ੧੯੨੨ ਈ: ਨੂੰ ਭਰੇ ਦੀਵਾਨ ਵਿਚ ਚਾਬੀਆਂ ਸ: ਖੜਕ ਸਿੰਘ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਦੇ ਹਵਾਲੇ ਕਰ ਦਿਤੀਆਂ ਗਈਆਂ।

---

*ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹਸਨ ਅਬਦਾਲ ਗ੍ਰਾਮ ਪਾਸ ਇਕ ਸਿਲਾ ਪੁਰ ਲਗਿਆ ਹੋਇਆ ਹੱਥ ਦਾ ਚਿੰਨ੍ਹ, ਜਿਥੇ ਹੁਣ ਪ੍ਰਸਿੱਧ ਗੁਰਦੁਆਰਾ ਹੈ। ਪੰਜਾ ਸਾਹਿਬ ਦੇ ਪਾਸ ਜਲ ਦਾ ਚਸ਼ਮਾ ਹੈ, ਜਿਸਦਾ ਬਹੁਤ ਨਿਰਮਲ ਜਲ ਛੋਟੇ ਤਾਲ ਵਿਚ ਜਮ੍ਹਾਂ ਹੋਕੇ ਵਹਿੰਦਾ ਰਹਿੰਦਾ ਹੈ। ਸੰਗਤ ਨੇ ਖੋਜ ਕਰਕੇ ਨਿਸਚਾ ਕੀਤਾ ਹੈ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇਥੇ ੧ ਸਾਵਣ ਨੂੰ ਪਧਾਰੇ ਹਨ ਅਤੇ ਇਸੇ ਦਿਨ ਪੰਜਾ ਲਗਾ ਹੈ। ਮਹਾਰਾਜਾ ਰਣਜੀਤ ਸਿੰਘ ਦੀ ਅਰਪੀ ਪੰਜ ਸੌ ਰੁਪਿਆ ਸਾਲਾਨਾ ਜਾਗੀਰ ਹੈ। ਕੁਝ ਜ਼ਮੀਨ ਭੀ ਗੁਰਦੁਆਰੇ ਦੇ ਨਾਲ ਹੈ ਤੇ ਪਨ ਚਕੀਆਂ ਦੀ ਭੀ ਆਮਦਨ ਹੈ।

ਇਸ ਸਮੇਂ ਸਿਖਾਂ ਦੀ ਅਦੁਤੀ ਕੁਰਬਾਨੀ, ਦ੍ਰਿੜ੍ਹਤਾ ਅਤੇ ਸੇਵਾ ਦੀਆਂ ਚਾਰੇ ਬੰਨੇ ਧਾਕਾਂ ਪੈ ਚੁਕੀਆਂ ਸਨ। ਕਾਂਗਰਸੀ ਲੀਡਰ ਤੇ ਗ਼ੈਰ ਕੌਮਾਂ ਦੇ ਆਗੂ ਅੰਮ੍ਰਿਤਸਰ ਆ ਕੇ ਸਿਖਾਂ ਨਾਲ ਹਮਦਰਦੀ ਪ੍ਰਗਟ ਕਰਨ ਨੂੰ ਫ਼ਖ਼ਰ ਸਮਝਦੇ ਸਨ। ਇਸਤਰ੍ਹਾਂ ਅਨਮਤੀਆਂ ਨਾਲ ਸਿਖਾਂ ਦੀ ਹਮਦਰਦੀ ਵੇਖਕੇ ਥੋੜ੍ਹੇ ਦਿਨਾਂ ਲਈ ਸਰਕਾਰ ਭੀ ਸਿਖਾਂ ਨੂੰ ਖ਼ੁਸ਼ ਕਰਨ ਦੀ ਜ਼ਾਹਰਾ ਕੋਸ਼ਸ਼ ਕਰਦੀ ਰਹੀ। ਪਰ ਫ਼ਰਵਰੀ ਵਿਚ ਫੇਰ ਕ੍ਰਿਪਾਨ ਪਹਿਨਣ ਅਤੇ ਤਾਜ਼ੀਰੀ ਚੌਕੀਆਂ ਦਾ ਖ਼ਰਚ ਨ ਦੇਣ ਦੇ ਬਹਾਨੇ ਤਿੰਨਾਂ ਮਹੀਨਿਆਂ ਵਿਚ ਦੋ ਹਜ਼ਾਰ ਦੇ ਕ੍ਰੀਬ ਸਿਖ ਗ੍ਰਿਫ਼ਤਾਰ ਕੀਤੇ ਗਏ। ਫ਼ਰਵਰੀ ਸੰ: ੧੯੨੨ ਈ: ਨੂੰ ਦੁਬਾਰੇ ਗੁਰੂ ਕੇ ਬਾਗ਼ ਦੇ ਮਹੰਤ ਸੁੰਦਰ ਦਾਸ ਨੇ ਸ਼੍ਰੋ: ਕਮੇਟੀ ਨਾਲ ਸਮਝੌਤਾ ਕਰ ਲਿਆ। ਪ੍ਰੰਤੂ ੮ ਅਗਸਤ ਸੰ: ੧੯੨੨ ਈ: ਨੂੰ ਜਦ ਅਗੇ ਵਾਂਗ ਸੁਭਾਵਕ ਹੀ ਪੰਜਾਂ ਸਿੰਘਾਂ ਨੇ ਖੇਤਾਂ ਚੋਂ ਬਾਲਣ ਲਈ ਇਕ ਸੁਕੀ ਕਿਕਰ ਵੱਢੀ, ਤਾਂ ੯ ਅਗਸਤ ਨੂੰ ਪੁਲਸ ਨੇ ਇਹ ਪੰਜੇ ਸਿੰਘ ਗ੍ਰਿਫ਼ਤਾਰ ਕਰ ਲਏ। ੧੦ ਅਗਸਤ ਨੂੰ ਮਿਸਟਰ ਬੀ. ਟੀ. ਸੁਪ੍ਰੰਟੈਂਨਡੈਂਟ ਪੁਲਸ, ਗਾਰਦ ਲੈਕੇ ਗੁਰਦੁਆਰਾ ਗੁਰੂ ਕੇ ਬਾਗ਼ ਪਹੁੰਚ ਗਿਆ ਪ੍ਰੰਤੂ ਸਿੰਘ ਇਸ ਸਮੇਂ ਭੀ ਪਹਿਲਾਂ ਵਾਂਗ ਗੁਰਦੁਆਰੇ ਦੀ ਜ਼ਮੀਨ ਚੋਂ ਬਾਲਣ ਲਿਆਕੇ ਗੁਰੂ ਕੇ ਲੰਗਰ ਵਿਚ ਵਰਤਦੇ ਰਹੇ ਅਤੇ ਪੁਲਸ ਚੁਪ ਕਰਕੇ ਬੈਠੀ ਰਹੀ। ੨੨ ਅਗਸਤ ਨੂੰ ਅਚਾਨਕ ਹੀ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ੨੬ ਅਗਸਤ ਨੂੰ ਸ਼੍ਰੋ: ਕਮੇਟੀ ਦੇ ਔਹਦੇਦਾਰ ਅਤੇ ਹੋਰ ਕਈ ਪਤਵੰਤੇ ਗ੍ਰਿਫ਼ਤਾਰ ਕੀਤੇ ਗਏ। ੨੭ ਅਗਸਤ ਤੋਂ ਉਥੇ ਸਖ਼ਤ ਮਾਰ ਕੁਟਾਈ ਸ਼ੁਰੂ ਹੋ ਗਈ। ਗੁਰੂ ਕੇ ਬਾਗ਼ ਦੀ ਨਾਕਾ ਬੰਦੀ ਕੀਤੀ ਗਈ, ਅਤੇ ਜਿਸ ਕਿਸੇ ਉਤੇ ਸ਼ੱਕ ਹੋਵੇ, ਕਿ ਉਹ ਰਸਤ ਪਹੁੰਚਾਉਣ ਦੀ ਕੋਸ਼ਸ਼ ਕਰਦਾ ਹੈ, ਤਾਂ ਉਸ ਨੂੰ ਭੀ ਮਾਰ ਕੁਟਾਈ ਹੋਣ ਲਗ ਪਈ। ਅੰਮ੍ਰਿਤਸਰ ਆਉਣ ਵਾਲੇ ਯਾਤਰੂਆਂ ਨੂੰ ਰਸਤੇ ਵਿਚੋਂ ਹੀ ਰੋਕਣਾ ਯਾ ਗ੍ਰਿਫ਼ਤਾਰ ਕਰਨਾ ਅਰੰਭ ਕਰ ਦਿਤਾ ਗਿਆ। ਪਰ ਫੇਰ ਭੀ ਸਿਖ ਸ੍ਰੀ ਅੰਮ੍ਰਿਤਸਰ ਪਹੁੰਚਦੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸ਼ਾਂਤਮਈ ਰਹਿਣ ਦਾ ਅਰਦਾਸਾ ਸੋਧਕੇ ਹਰ ਰੋਜ਼ ਜਥਾ ਗੁਰੂ ਕੇ ਬਾਗ਼ ਨੂੰ ਲਕੜਾਂ ਵੱਢਣ ਲਈ ਜਾਂਦਾ। ੩੧ ਅਗਸਤ ਤੋਂ ਹਰ ਰੋਜ਼ ਸੌ ਸੌ ਸੂਰਬੀਰ ਅਕਾਲੀਆਂ ਦਾ ਜਥਾ ਜਾਣ ਲਗ ਪਿਆ, ਜੋ ਰਸਤੇ ਵਿਚ ਹੀ ਕਿਤੇ ਨ ਕਿਤੇ ਰੋਕਿਆ ਜਾਂਦਾ ਸੀ। ਇਸ ਨੂੰ

ਇਤਨੀ ਸਖ਼ਤ ਮਾਰ ਕੁਟਾਈ ਕੀਤੀ ਜਾਂਦੀ ਸੀ, ਕਿ ਉਸ ਦਾ ਹਰ ਇਕ ਮੈਂਬਰ ਬੇਹੋਸ਼ ਹੋ ਜਾਂਦਾ ਸੀ। ਬੇਹੋਸ਼ ਹੋਏ ਸਿਖਾਂ ਨੂੰ ਪਵਿੱਤ੍ਰ ਕੇਸਾਂ ਤੋਂ ਧੂਹ ਧੂਹ ਕੇ ਚਿਕੜ ਵਾਲੇ ਟੋਇਆਂ, ਮੁਦਿਆਂ ਤੇ ਚਲ੍ਹਿਆਂ ਵਿਚ ਸੁਟਿਆ ਜਾਂਦਾ ਸੀ। ਇਸਦੇ ਪਿਛੋਂ ਸ਼੍ਰੋ: ਕਮੇਟੀ ਦੇ ਡਾਕਟਰ ਤੇ ਮੋਟਰਾਂ ਪਹੁੰਚ ਜਾਂਦੀਆਂ ਸਨ ਤੇ ਉਨ੍ਹਾਂ ਬੇਹੋਸ਼ ਹੋਏ ਬਹਾਦਰ ਅਕਾਲੀਆਂ ਨੂੰ ਅੰਮ੍ਰਿਤਸਰ ਕਮੇਟੀ ਦੇ ਹਸਪਤਾਲ ਵਿਚ ਲਿਆਕੇ ਹਰ ਤਰ੍ਹਾਂ ਦੀ ਲੋੜੀਂਦੀ ਸੇਵਾ ਕੀਤੀ ਜਾਂਦੀ ਸੀ। ਇਨ੍ਹਾਂ ਸਿੰਘਾਂ ਦੀ ਗਿਣਤੀ ਤੇਹਰਾਂ ਸੌ ਤਕ ਪੁਜ ਗਈ ਸੀ। ਇਸ ਤੋਂ ਬਿਨਾਂ ਓਧਰ ਦੂਜੇ ਬੰਨੇ ਗੁਰੂ ਕੇ ਬਾਗ਼ ਦੇ ਖੇਤਾਂ ਚੋਂ ਲਕੜਾਂ ਵੱਢਣ ਗਏ ਸਿੰਘਾਂ ਨੂੰ ਭੀ ਹਰ ਰੋਜ਼ ਮਾਰ ਕੁਟਾਈ ਕੀਤੀ ਜਾਂਦੀ ਸੀ।

ਸਿਖ ਇਸ ਤਰ੍ਹਾਂ ਸਖ਼ਤੀ ਨਾਲ ਨ ਹਾਰਦੇ ਵੇਖਕੇ ੯ ਸਤੰਬਰ ਨੂੰ ਪੁਲਸ ਦੀ ਰਸਤੇ ਵਾਲੀ ਚੌਂਕੀ ਉਠਾ ਲਈ ਗਈ ਅਤੇ ਉਸ ਦਿਨ ਜਥਾ ਸਿੱਧਾ ਗੁਰੂ ਕੇ ਬਾਗ਼ ਪੁਜ ਗਿਆ। ੧੩ ਸਤੰਬਰ ਨੂੰ ਗਵਰਨਰ ਸਾਹਿਬ ਅੰਮ੍ਰਿਤਸਰ ਆਏ। ਉਸ ਦਿਨ ਤੋਂ ਮਾਰ ਕੁਟਾਈ ਬੰਦ ਕੀਤੀ ਗਈ, ਅਤੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿਤੀਆਂ ਗਈਆਂ। ਕੁਝ ਦਿਨ ਤਾਂ ਵੀਹ ਵੀਹ ਸਿੰਘ ਗ੍ਰਿਫ਼ਤਾਰ ਹੁੰਦੇ ਰਹੇ, ਪਰ ਇਹ ਗਿਣਤੀ ਦਿਨੋਂ ਦਿਨ ਵਧਦੀ ਗਈ; ਇਥੋਂ ਤਕ ਕਿ ੧੦ ਅਕਤੂਬਰ ਤੋਂ ਇਕ ਸੌ ਸਿੰਘ ਰੋਜ਼ ਗ੍ਰਿਫ਼ਤਾਰ ਹੋਣ ਲਗ ਪਏ। ੧੭ ਨਵੰਬਰ ਨੂੰ ਸਰ ਗੰਗਾ ਰਾਮ ਲਾਹੌਰ ਨੇ ਮਹੰਤ ਸੁੰਦਰ ਦਾਸ ਪਾਸੋਂ ਗੁਰਦੁਆਰਾ ਗੁਰੂ ਕੇ ਬਾਗ਼ ਦੀ ਜ਼ਮੀਨ ਠੇਕੇ ਤੇ ਲਿਖਾ ਲਈ, ਅਤੇ ਸਰਕਾਰ ਨੂੰ ਲਿਖ ਦਿਤਾ ਕਿ ਮੈਨੂੰ ਪੁਲਸ ਦੀ ਲੋੜ ਨਹੀਂ ਹੈ।

੧੭ ਨਵੰਬਰ ਸੰ: ੧੯੨੨ ਈ: ਤਕ ਗ੍ਰਿਫ਼ਤਾਰੀਆਂ ਦੀ ਗਿਣਤੀ ੫੬੦੫ ਤਕ ਪੁਜ ਗਈ ਸੀ; ਜਿਨ੍ਹਾਂ ਚੋਂ ੩੫ ਸ਼੍ਰੋ: ਕਮੇਟੀ ਦੇ ਮੈਂਬਰ ਸਨ। ਗੁਰੂ ਕੇ ਬਾਗ਼ ਦੇ ਸਭ ਕੈਦੀ ਮਈ ਸੰ: ੧੯੨੩ ਈ: ਵਿਚ ਰਿਹਾ ਕੀਤੇ ਗਏ। ਰਿਹਾਈ ਦਾ ਕਾਰਨ ਸਰਕਾਰ ਨੇ ਇਹ ਦਸਿਆ ਕਿ ਅਪ੍ਰੈਲ ਸੰ: ੧੯੨੩ ਈ: ਵਾਲਾ ਅੰਮ੍ਰਿਤਸਰ ਦਾ ਹਿੰਦੂ ਮੁਸਲਮ ਫ਼ਸਾਦ ਰੋਕਣ ਵਿਚ ਸਿਖਾਂ ਨੇ ਬੜੀ ਭਾਰੀ ਮਦਦ ਕੀਤੀ ਹੈ।

ਗੁਰਦੁਆਰਾ ਮੁਕਤਸਰ ਦਾ ਕਬਜ਼ਾ


ਮੁਕਤਸਰ, ਜ਼ਿਲਾ ਫ਼ੀਰੋਜ਼ਪੁਰ ਵਿਚ ਇਕ ਪ੍ਰਸਿੱਧ ਨਗਰ ਹੈ,ਜਿਸ ਵਿਚ ਸਿਖਾਂ ਦਾ ਪਵਿੱਤ੍ਰ "ਮੁਕਤ ਸਰ" ਸਰੋਵਰ ਹੈ। ਇਸ ਤਾਲ ਦਾ ਨਾਮ ਪਹਿਲਾਂ "ਖਿਦਰਾਣਾ" ਸੀ। ਮੀਂਹ ਦਾ ਚਾਰੇ ਬੰਨਿਓਂ ਪਾਣੀ ਆਕੇ ਇਥੇ ਇਤਨਾ ਜਮ੍ਹਾਂ ਹੁੰਦਾ ਸੀ ਕਿ ਸਾਲ ਭਰ ਦੂਰ ਦੂਰ ਦੇ ਪਿੰਡਾਂ ਦੇ ਆਦਮੀ ਅਤੇ ਪਸ਼ੂ ਜਲ ਪੀਣ ਲਈ ਇਥੇ ਆਉਂਦੇ ਸਨ। ਵੈਸਾਖ ਸੰਮਤ ੧੭੬੨ ਵਿਚ ਸਰਹਿੰਦ ਦਾ ਸੂਬਾ ਵਜ਼ੀਦ ਖਾਂ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੂਹ ਲੈਂਦਾ ਹੋਇਆ ਮਾਲਵੇ ਆਇਆ ਤਦ ਸਿੰਘਾਂ ਨੇ ਇਸ ਤਾਲ ਨੂੰ ਕਬਜ਼ੇ ਵਿਚ ਕਰਕੇ ਵੈਰੀ ਦਾ ਮੁਕਾਬਲਾ ਕੀਤਾ। ਸਭ ਤੋਂ ਪਹਿਲਾਂ ਮਾਈ ਭਾਗੋ ਝਬਾਲ ਵਾਲੀ ਅਤੇ ਉਸ ਦੇ ਸਾਥੀ ਸਿੰਘਾਂ ਦਾ ਸ਼ਾਹੀ ਫ਼ੌਜ ਨਾਲ ਟਾਕਰਾ ਹੋਇਆ ਅਤੇ ਇਸ ਜਥੇ ਨੇ ਬੜੀ ਸੂਰਬੀਰਤਾ ਨਾਲ ਸ਼ਹੀਦੀ ਪ੍ਰਾਪਤ ਕੀਤੀ। ਭਾਈ ਮਹਾਂ ਸਿੰਘ ਨੇ ਦਸਮੇਸ਼ ਜੀ ਤੋਂ ਬੇਦਾਹਵਾ ਪੜਵਾਕੇ ਇਥੇ ਟੁੱਟੀ ਸਿਖੀ ਗੰਢੀ। ਕਲਗੀਧਰ ਜੀ ਨੇ ਸ਼ਹੀਦ ਸਿੰਘਾਂ ਨੂੰ ਮੁਕਤ ਪਦਵੀ ਬਖ਼ਸ਼ਕੇ ਤਾਲ ਦਾ ਨਾਮ "ਮੁਕਤ ਸਰ" ਰਖਿਆ ਅਤੇ ਆਪਣੇ ਹੱਥੀਂ ਸ਼ਹੀਦਾਂ ਦੀਆਂ ਦੇਹਾਂ ਸਸਕਾਰੀਆਂ। ਸ਼ਹੀਦ ਗੰਜ, ਤਾਲ ਦੇ ਕਿਨਾਰੇ ਵਿਦਜਮਾਨ ਹੈ ਇਸ ਥਾਂ ਚਾਰ ਗੁਰਦੁਆਰੇ ਹਨ।

੧. ਸ਼ਹੀਦ ਗੰਜ–ਇਥੇ ਕਲਗੀਧਰ ਜੀ ਮਹਾਰਾਜ ਨੇ ਚਾਲੀ ਮੁਕਤੇ ਅਤੇ ਹੋਰ ਸ਼ਹੀਦ ਸਿੰਘਾਂ ਦਾ ਆਪਣੀ ਹਥੀਂ ਸਸਕਾਰ ਕੀਤਾ ਸੀ।

੨. ਟਿੱਬੀ ਸਾਹਿਬ–ਸ਼ਹਿਰ ਤੋਂ ਅਧ ਮੀਲ ਉੱਤਰ ਪਛਮ ਦੀ ਨੁਕਰੇ ਉਹ ਟਿੱਬੀ ਹੈ, ਜਿਥੋਂ ਕਲਗੀਧਰ ਜੀ ਤੁਰਕੀ ਸੈਨਾਂ ਪੁਰ ਤੀਰਾਂ ਦੀ ਮਾਰ ਕਰਦੇ ਰਹੇ।

੩. ਤੰਬੂ ਸਾਹਿਬ–ਤਾਲ ਦੇ ਕਿਨਾਰੇ ਉਹ ਅਸਥਾਨ ਜਿਥੇ ਸਿਖਾਂ ਦਾ ਕੈਂਪ ਸੀ ਅਤੇ ਖ਼ਾਲਸੇ ਨੇ ਝਾੜਾਂ ਉਤੇ ਕਪੜੇ ਪਾਕੇ ਦੁਸ਼ਮਨ ਨੂੰ ਬੇਸ਼ੁਮਾਰ ਤੰਬੂ ਵਖਾਕੇ ਯਕੀਨ ਕਰਾਇਆ ਸੀ ਕਿ ਇਥੇ ਬੇਅਤ ਫ਼ੌਜ ਉਤਰੀ ਹੋਈ ਹੈ।

੪. ਵਡਾ ਦਰਬਾਰ–ਜਿਥੇ ਗੁਰੂ ਸਾਹਿਬ ਬਿਰਾਜੇ ਸਨ, ਗੁਰਦੁਆਰਾ ਸਰੋਵਰ ਦੇ ਕਿਨਾਰੇ ਸੁੰਦਰ ਬਣਿਆ ਹੋਇਆ ਹੈ।



੪੩੦੦) ਰੁਪਏ ਦੀ ਸਾਲਾਨਾ ਜਾਗੀਰ ਸਿਖ ਰਾਜ ਦੇ ਸਮੇਂ ਤੋਂ ਹੈ। ਇਸ ਗੁਰਧਾਮ ਪੁਰ ਹਰ ਸਾਲ ਮਾਘੀ ਨੂੰ ਭਾਰੀ ਮੇਲਾ ਭਰਦਾ ਹੈ।

੧੭ ਫ਼ਰਵਰੀ ਸੰ: ੧੯੨੩ ਈ: ਨੂੰ ਗੁਰਦੁਆਰਾ ਤੰਬੂ ਸਾਹਿਬ ਦਾ ਕਬਜ਼ਾ ਭਾਈ ਸਰਮੁਖ ਸਿੰਘ ਤੇ ਅਨੋਖ ਸਿੰਘ ਨੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਹਵਾਲੇ ਕਰਨਾ ਪ੍ਰਵਾਨ ਕਰ ਲਿਆ। ੧੮ ਫ਼ਰਵਰੀ ਨੂੰ ਸ਼੍ਰੋ: ਕਮੇਟੀ ਨੇ ਇਕ ਸੌ ਸਿੰਘਾਂ ਦਾ ਜਥਾ ਘਲਕੇ ਦਰਬਾਰ ਸਾਹਿਬ ਦਾ ਪ੍ਰਬੰਧ ਸੰਭਾਲ ਕੇ ਆਪਣੇ ਹਥ ਵਿਚ ਕਰ ਲਿਆ।

ਕਾਰ ਸੇਵਾ

੧੭ ਜੂਨ ਸੰ: ੧੯੨੩ ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਪਵਿੱਤ੍ਰ ਕਾਰ ਸੇਵਾ ਦਾ ਮਹਾਨ ਪੁਰਬ ਆਰੰਭ ਹੋਇਆ। ਗੁਰਦੁਆਰਾ *ਪਿਪਲੀ ਸਾਹਿਬ ਤੋਂ ਸਾਰੇ ਪੰਜਾਬ ਅਤੇ ਪ੍ਰਦੇਸਾਂ ਚੋਂ ਆਏ ਸਿਖਾਂ ਦਾ ਬਹੁਤ ਸ਼ਾਨਦਾਰ ਜਲੂਸ ਨਿਕਲਿਆ। ਇਕ ਬੰਨਿਓਂ ਜਲੂਸ ਘੰਟੇ ਘਰ ਪੁਜਾ ਹੋਇਆ ਸੀ, ਅਤੇ ਦੂਜੇ ਬੰਨੇ ਪਿਪਲੀ ਸਾਹਿਬ ਤੋਂ ਸਿੰਘ ਮਾਰਚ ਕਰਨੇ ਖ਼ਤਮ ਨਹੀਂ ਹੋਏ ਸਨ। ਇਸਤੋਂ ਪਹਿਲਾਂ ਇਸ ਲਹਿਰ ਵਿਚ ਅਗੇ ਏਡਾ ਵਡਾ ਸ਼ਾਨਦਾਰ ਕੌਮੀ ਜਲੂਸ ਕਦੇ ਨਹੀਂ ਨਿਕਲਿਆ ਸੀ।

ਚਾਂਦੀ ਦੇ ਬਾਟਿਆਂ ਤੇ ਸੋਨੇ ਦੀਆਂ ਕਹੀਆਂ ਨਾਲ ਪੰਜਾਂ ਪਿਆਰਿਆਂ ਨੇ ਅਰਦਾਸਾ ਸੋਧ ਕੇ ਕਾਰ ਸੇਵਾ ਅਰੰਭ ਕਰ ਦਿਤੀ। ਸਿਖ ਰਾਜਿਆਂ ਚੋਂ ਉਸ ਦਿਨ ਕੇਵਲ ਮਹਾਰਾਜਾ ਪਟਿਆਲਾ ਹੀ ਸ਼ਾਮਲ ਸਨ। ਇਕ ਮਹੀਨੇ ਤਕ ਕਾਰ ਸੇਵਾ ਹੁੰਦੀ ਰਹੀ। ਇਹ ਅਦੁਤੀ ਨਜ਼ਾਰਾ ਪੰਥ ਖ਼ਾਲਸੇ ਦੀ ਅਦੁਤੀ ਸ਼ਾਨ ਤੇ ਚੜ੍ਹਦੀ ਕਲਾ ਦਾ ਕਦੇ ਨਾ ਭੁਲਣ ਵਾਲਾ ਨਿਰਾਲਾ ਨਜ਼ਾਰਾ ਸੀ।

---

*ਅੰਮ੍ਰਿਤਸਰ ਲਾਹੌਰ ਦੀ ਸੜਕ ਉਤੇ ਸ਼ਹਿਰ ਤੋਂ ਦੋ ਮੀਲ ਦੇ ਕ੍ਰੀਬ ਸੜਕ ਦੀ ਖਬੀ ਬਾਹੀ ਤੇ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਹੈ। ਪਹਿਲੀ ਕਾਰ ਸਰੋਵਰ ਸਮੇਂ ਕਾਬਲ ਦੀ ਸੰਗਤ ਕਾਰ ਸੇਵਾ ਲਈ ਆਈ ਤਾਂ ਉਨ੍ਹਾਂ ਦੇ ਸਵਾਗਤ ਲਈ ਗੁਰੂ ਜੀ ਇਥੇ ਆ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭੀ ਇਥੇ ਚਰਨ ਪਾਏ ਸਨ। ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ, ਬਸੰਤ ਪੰਚਮੀ ਨੂੰ ਮੇਲਾ ਹੁੰਦਾ ਹੈ।

ਸ਼੍ਰੋਮਣੀ ਕਮੇਟੀ ਕਾਨੂੰਨ ਵਿਰੁਧ ਕਰਾਰ ਦਿਤੀ ਗਈ


ਇਸ ਸਮੇਂ ਕੁਝ ਵਾਯੂ-ਮੰਡਲ ਸ਼ਾਂਤ ਹੋਣ ਹੀ ਲਗਾ ਸੀ ਕਿ ੯ ਜੁਲਾਈ ਸੰ: ੧੯੨੩ ਈ: ਨੂੰ ਮਹਾਰਾਜਾ ਰਿਪੁਦਮਨ ਸਿੰਘ ਸਾਹਿਬ ਨਾਭਾ ਤਖ਼ਤੋਂ ਉਤਾਰੇ ਗਏ ਜਿਸ ਨਾਲ ਸਿਖਾਂ ਵਿਚ ਐਜੀਟੇਸ਼ਨ ਦੀ ਨਵੀਂ ਲਹਿਰ ਚਲ ਪਈ। ਅਗਸਤ ਵਿਚ ਸ਼੍ਰੋ: ਕਮੇਟੀ ਨੇ ਇਸ ਮਾਮਲੇ ਨੂੰ ਆਪਣੇ ਹਥ ਵਿਚ ਲੈ ਲਿਆ। ੯ ਸਤੰਬਰ ਸੰ: ੧੯੨੩ ਈ: ਨੂੰ ਸਾਰੀ ਸਿਖ ਦੁਨੀਆਂ ਵਿਚ ਰੋਸ ਵਜੋਂ ਨਾਭਾ ਦਿਨ ਮਨਾਇਆ ਗਿਆ। ਜਲੂਸ ਕਢਣ ਅਤੇ ਵਿਖਿਆਨ ਦੇਣ ਦੇ ਅਪ੍ਰਾਧ ਵਿਚ ਥਾਂ-ਪਰ-ਥਾਂ ਸਿਖਾਂ ਦੀਆਂ ਗ੍ਰਿਫ਼ਤਾਰੀਆਂ ਹੋਣ ਲਗ ਪਈਆਂ। ਇਸ ਤਰਾਂ ਗੁਰਦੁਆਰਾ ਗੰਗਸਰ* ਜੈਤੋ, ਰਿਆਸਤ ਨਾਭਾ ਵਿਚ ਸਜੇ ਦੀਵਾਨਾਂ ਵਿਚੋਂ ਭੀ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਉਥੇ ਇਕੱਤ੍ਰ ਹੋਏ ਸਿੰਘਾਂ ਨੇ ੧੪ ਸਤੰਬਰ ਸੰ: ੧੯੨੩ ਈ: ਨੂੰ ਅਖੰਡ ਪਾਠ ਪ੍ਰਾਰੰਭ ਕਰ ਦਿਤਾ। ਇਸ ਸਮੇਂ ਸਾਰੀ ਹਾਜ਼ਰ ਸੰਗਤ ਨੂੰ ਰਿਆਸਤੀ ਪੁਲਸ ਨੇ ਫ਼ੌਜ ਦੀ ਮਦਦ ਨਾਲ ਗ੍ਰਿਫ਼ਤਾਰ ਕਰ ਲਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਅਖੰਡ ਪਾਠ ਕਰ ਰਹੇ ਗ੍ਰੰਥੀ ਸਿੰਘ ਨੂੰ ਜ਼ਬਰਦਸਤੀ ਬਾਂਹਵਾਂ ਤੋਂ ਫੜ ਕੇ ਘੜੀਸਿਆ ਗਿਆ ਅਤੇ ਇਨ੍ਹਾਂ ਸਿੰਘਾਂ ਦੇ ਨਾਲ ਹੀ ਗ੍ਰਿਫ਼ਤਾਰ ਕਰਕੇ ਲੈ ਗਏ। ਇਸ ਤਰਾਂ ਅਖੰਡ ਪਾਠ ਖੰਡਣ ਹੋ ਜਾਣ ਦੇ ਕਾਰਨ ਸਾਰੇ ਸਿਖੀ ਸੰਸਾਰ ਵਿਚ ਬੜਾ ਭਾਰਾ ਜੋਸ਼ ਵਧ ਗਿਆ। ਸੰਗਤਾਂ ਹੁਮ ਹੁਮਾ ਕੇ ਆਪਣੇ ਇਸ ਧਾਰਮਕ ਹਕ ਨੂੰ ਕਾਇਮ ਰਖਣ ਲਈ ਜੈਤੋ ਪਹੁੰਚਣ ਲਗ ਪਈਆਂ। ਸਭ ਥਾਈਂ ਇਸ ਗਲ ਦਾ ਪ੍ਰਚਾਰ ਸ਼ੁਰੂ ਹੋ ਗਿਆ ਕਿ ਸੰਗਤਾਂ ਨੂੰ ਗੁਰਦੁਆਰੇ ਦੇ ਦਰਸ਼ਨ ਕਰਨ ਅਤੇ ਅਖੰਡ ਪਾਠ ਕਰਨ ਦੀ ਕੋਈ ਬੰਦਸ਼ ਨਹੀਂ ਹੋਣੀ ਚਾਹੀਦੀ। ੧੫ ਸਤੰਬਰ ਸੰ: ੧੯੨੩ ਈ: ਤੋਂ ਪੰਜੀ ਪੰਜੀ ਸਿੰਘਾਂ ਦੇ ਜਥੇ ਸ੍ਰੀ

---

* ਜੈਤੋ—ਰਾਜ ਨਾਭਾ ਦੀ ਨਜ਼ਾਮਤ ਫੂਲ ਦਾ ਇਕ ਪਿੰਡ ਹੈ ਜੋ ਬਠਿੰਡਾ ਫ਼ੀਰੋਜ਼ਪੁਰ ਰਲਵੇ ਲੈਨ ਪੁਰ ਹੈ। ਇਸ ਥਾਂ ਕਿਲੇ ਦੇ ਪਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਹੈ। ਮਹਾਰਾਜਾ ਹੀਰਾ ਸਿੰਘ ਜੀ ਨੇ ਇਸ ਦੀ ਸੁੰਦਰ ਇਮਾਰਤ ਬਣਵਾਈ ਸੀ। ਗੁਰਦੁਆਰੇ ਦੇ ਪਾਸ ਦੇ ਤਾਲ ਦਾ ਨਾਮ "ਗੰਗਸਰ" ਹੈ। ਇਸ ਗੁਰ ਅਸਥਾਨ ਨਾਲ ੭੦ ਘੁਮਾਉਂ ਜ਼ਮੀਨ ਅਤੇ ੪੩੨) ਰੁਪੈ ਸਾਲਾਨਾ ਜਾਗੀਰ ਰਿਆਸਤ ਨਾਭੇ ਵਲੋਂ ਹੈ। ੧੮ ਘੁਮਾਉਂ ਜ਼ਮੀਨ ਪਿੰਡ ਵਲੋਂ ਹੈ। ਪੋਹ ਸੁਦੀ ੭ ਅਤੇ ਕਤਕ ਪੂਰਨਮਾਸ਼ੀ ਨੂੰ ਭਾਰਾ ਮੇਲਾ ਹੁੰਦਾ ਹੈ।

ਦਿਲ ਖਿਚ ਝਾਕੀ

ਮਨਮੋਹਣਾ ਸਰੋਵਰ ਤੇ ਗੁਰਦੁਆਰਾ ਗੰਗਸਰ (ਨਾਭਾ)



ਇਸ ਗੁਰਦੁਆਰੇ ਚੋਂ ੧੪ ਸਤੰਬਰ ਸੰਨ ੧੯੨੩ ਈ: ਨੂੰ ਰਿਆਸਤ ਨਾਭਾ ਦੇ ਕਰਮਚਾਰੀਆਂ ਵਲੋਂ ਅਖੰਡ ਪਾਠ ਖੰਡਤ ਕੀਤਾ, ਜਿਸ
ਪੰਜੀ ਪੰਜੀ ਸਿੰਘਾਂ ਦੇ ਜਥੇ ਅਖੰਡ ਪਾਠ ਪ੍ਰਾਰੰਭ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਪ੍ਰਣ ਕਰਕੇ ਜਾਣ

ਅਕਾਲ ਤਖ਼ਤ ਸਾਹਿਬ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਲੈਕੇ ਇਸ ਹਕ ਨੂੰ ਕਾਇਮ ਰਖਣ ਲਈ ਸ੍ਰੀ ਅੰਮ੍ਰਿਤਸਰ ਤੋਂ ਪੈਦਲ ਵਖ ਵਖ ਇਲਾਕਿਆਂ ਵਿਚ ਇਸ ਗਲ ਦਾ ਪ੍ਰਚਾਰ ਕਰਦੇ ਜੈਤੋ ਨੂੰ ਰਵਾਨਾ ਹੋਣ ਲਗ ਪਏ। ਇਨ੍ਹਾਂ ਜਥਿਆਂ ਨੂੰ ਨਾਭੇ ਦੀ ਹਕੂਮਤ ਰਸਤੇ ਵਿਚ ਹੀ ਗ੍ਰਿਫ਼ਤਾਰ ਕਰ ਲੈਂਦੀ ਅਤੇ ਮਾਰ ਕੁਟਾਈ ਕਰਕੇ ਤਿੰਨ ਤਿੰਨ ਸੌ ਮੀਲ ਦੂਰ ਲੈ ਜਾ ਕੇ ਬੇਆਬਾਦ ਇਲਾਕਿਆਂ ਵਿਚ ਬਿਨਾਂ ਖ਼ਰਚ ਪਰਚ ਦੇ ਉਨ੍ਹਾਂ ਦੀ ਕਿਸਮਤ ਤੇ ਰਬ ਆਸਰੇ ਛਡ ਦਿੰਦੀ ਰਹੀ। ਇਸ ਤਰਾਂ ਦੀ ਸਖ਼ਤੀ ਪੰਜ ਹਜ਼ਾਰ ਯਾਤਰੂਆਂ ਨਾਲ ਕੀਤੀ ਗਈ। ਇਸ ਲਹਿਰ ਨੂੰ ਕੁਚਲਨ ਲਈ ੧੨ ਅਕਤੂਬਰ ਸੰ: ੧੯੨੩ ਈ: ਨੂੰ ਸਰਕਾਰ ਨੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਕਾਨੂੰਨ ਵਿਰੁਧ ਜਮਾਤਾਂ ਕਰਾਰ ਦੇ ਦਿਤੀਆਂ। ਇਨ੍ਹਾਂ ਦੀਆਂ ਐਗਜ਼ੈਕਟਿਵ ਕਮੇਟੀਆਂ ਦੇ ੬੦ ਮੈਂਬਰ ਥਾਂਉਂ ਥਾਈਂ ੧੩ ਅਤੇ ੧੪ ਅਕਤੂਬਰ ਦੀ ਦਰਮਿਆਨੀ ਰਾਤ ਨੂੰ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਉਤੇ ਬਾਦਸ਼ਾਹ ਵਿਰੁਧ ਸਾਜ਼ਸ਼ ਕਰਨ ਦਾ ਮੁਕੱਦਮਾ ਡਿਸਟ੍ਰਿਕਟ ਬੋਰਡ ਅੰਮ੍ਰਿਤਸਰ ਦੀ ਇਮਾਰਤ ਵਿਚ ਚਲਾਇਆ ਗਿਆ। ਪਿਛੋਂ ਇਹੋ ਮੁਕੱਦਮਾ ਇਥੋਂ ਬਦਲ ਕੇ ਕਿਲ੍ਹਾ ਲਾਹੌਰ ਵਿਚ ਤਿੰਨ ਸਾਲ ਚਲਦਾ ਰਿਹਾ।

ਗੁਰਦੁਆਰਾ ਭਾਈ ਫੇਰੂ ਦਾ ਮੋਰਚਾ

ਅੰਬ ਮਾੜੀ ਪਿੰਡ ਵਿਚ ਉਪਲ ਖੱਤ੍ਰੀ ਬਿੰਨੇ ਦੇ ਘਰ ਸੰਮਤ ੧੬੯੭ ਵਿਚ ਭਾਈ ਫੇਰੂ ਦਾ ਜਨਮ ਹੋਇਆ। ਮਾਪਿਆਂ ਨੇ ਨਾਮ ਸੰਗਤ ਰਖਿਆ। ਸੰਮਤ ੧੭੧੩ ਵਿਚ ਇਹ ਗੁਰੂ ਹਰ ਰਾਇ ਸਾਹਿਬ ਦਾ ਸਿਖ ਬਣਿਆ। ਗੁਰੂ ਸਾਹਿਬ ਨੇ ਇਸਦਾ ਨਾਉਂ ਫੇਰੂ ਰਖਿਆ, ਕਿਉਂਕਿ ਇਹ ਵਪਾਰ ਲਈ ਫੇਰੀ ਪਾਉਂਦਾ ਸਤਿਗੁਰੂ ਦੀ ਸ਼ਰਣ ਆਇਆ ਸੀ। ਸਤਿਗੁਰੂ ਜੀ ਨੇ ਕੁਝ ਸਮੇ ਪਿਛੋਂ ਇਸਨੂੰ ਨੱਕੇ ਦਾ ਮਸੰਦ ਥਾਪਿਆ। ਜਦ ਮਸੰਦਾਂ ਦੀ ਮੰਦ ਕਰਨੀ ਪੁਰ ਦਸਮੇਸ਼ ਜੀ ਨੇ ਤਾੜਨਾ ਕੀਤੀ, ਤਦ ਭਾਈ ਫੇਰੂ ਨੂੰ ਭੀ ਦਾੜ੍ਹੀ ਤੋਂ ਫੜਕੇ ਹਜ਼ੂਰ ਲਿਆਉਣ ਦਾ ਹੁਕਮ ਹੋਇਆ। ਭਾਈ ਫੇਰੂ ਆਪਣੇ ਆਪ ਹੀ ਦਾੜ੍ਹੀ ਹਥਾਂ ਵਿਚ ਫੜ ਕੇ ਵਡੀ ਨਿਮਰਤਾ ਨਾਲ ਹਾਜ਼ਰ ਹੋਇਆ, ਜਿਸ ਤੇ ਕਲਗੀਧਰ ਜੀ ਨੇ ਇਸਨੂੰ "ਸੱਚੀ ਦਾਹੜੀ" ਅਤੇ "ਸੰਗਤ ਸਾਹਿਬ" ਦਾ ਖ਼ਿਤਾਬ ਬਖ਼ਸ਼ਿਆ।


ਇਸਦੀ ਸੰਪ੍ਰਦਾਯ ਦੇ ਉਦਾਸੀ ਸਾਧੂ "ਸੰਗਤ ਸਾਹਿਬ ਕੇ" ਕਹਾਉਂਦੇ ਹਨ ਅਤੇ ਛੋਟਾ ਅਖਾੜਾ ਇਸੇ ਸ਼ਾਖ਼ ਦਾ ਹੈ। ਭਾਈ ਫੇਰੂ ਦਾ ਅਸਥਾਨ ਪਿੰਡ ਮੀਂਏਂਕੇ ਮੌੜ ਤਹਿਸੀਲ ਚੂਹਣੀਆਂ ਜ਼ਿਲਾ ਲਾਹੌਰ ਵਿਚ ਪ੍ਰਸਿੱਧ ਹੈ, ਜੋ ਰੇਲਵੇ ਸਟੇਸ਼ਨ ਛਾਂਗਾ ਮਾਂਗਾ ਤੋਂ ਨੌਂ ਮੀਲ ਅਤੇ ਕੋਟ ਰਾਧਾ ਕਿਸ਼ਨ ਤੋਂ ਦਸ ਮੀਲ ਹੈ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਟੋਪੀ ਅਤੇ ਗੋਦੜੀ ਹੈ। ਇਸ ਗੁਰਦੁਆਰੇ ਨਾਲ ਇਥੇ ਅਤੇ ਕਈ ਹੋਰ ਪਿੰਡਾਂ ਵਿਚ ੧੪੪ ਮੁਰੱਬੇ ਜ਼ਮੀਨ ਹੈ ਅਤੇ ਚਾਰ ਹਜ਼ਾਰ ਰੁਪਿਆ ਸਾਲਾਨਾ ਦੀ ਜਾਗੀਰ ਜ਼ਿਲਾ ਲਾਹੌਰ, ਮਿੰਟਗੁਮਰੀ ਅਤੇ ਸ਼ੇਖ਼ੂਪੁਰਾ ਵਿਚ ਹੈ।

੨੧ ਦਸੰਬਰ ਸੰ: ੧੯੨੨ ਈ: ਨੂੰ ਬਿਅੰਤ ਦਾਸ ਚੇਲਾ ਮਹੰਤ ਕਿਸ਼ਨ ਦਾਸ ਨੇ ਮਹੰਤ ਕਿਸ਼ਨ ਦਾਸ ਦੀ ਲਿਖਤ ਅਨੁਸਾਰ ਗੁਰਦੁਆਰੇ ਦਾ ਪ੍ਰਬੰਧ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋ ਕੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਹਵਾਲੇ ਕਰ ਦਿਤਾ। ੨੮ ਦਸੰਬਰ ਸੰ: ੧੯੨੨ ਈ: ਨੂੰ ੨੫ ਸਿੰਘਾਂ ਦੇ ਜਥੇ ਨੇ ਜਾ ਕੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਹੁਕਮ ਅਨੁਸਾਰ ਗੁਰਦੁਆਰੇ ਦਾ ਕਬਜ਼ਾ ਲੈ ਲਿਆ।

ਜੈਤੋ ਦੇ ਮੋਰਚੇ ਨਾਲ ਹੀ ਗੁਰਦੁਆਰਾ ਸੰਗਤ ਸਾਹਿਬ ਭਾਈ ਫੇਰੂ ਵਿਚ ੧੫ ਦਸੰਬਰ ਸੰ: ੧੯੨੩ ਈ: ਨੂੰ ਇਕ ਬੜਾ ਭਾਰੀ ਮੋਰਚਾ ਲਗ ਗਿਆ। ਸਾਧ ਜ਼ਮੀਨ ਦਾ ਕਬਜ਼ਾ ਨਹੀਂ ਛਡਦੇ ਸਨ ਤੇ ਸਿੰਘ ਖੇਤਾਂ ਵਿਚੋਂ ਗੁਰੂ ਕੇ ਲੰਗਰ ਲਈ ਲਕੜਾਂ ਵੱਢਣ ਜਾਂਦੇ ਸਨ। ਇਸ ਮੋਰਚੇ ਵਿਚ ਕਰੀਬਨ ਚਾਰ ਹਜ਼ਾਰ ਸਿੰਘ ਗ੍ਰਿਫ਼ਤਾਰ ਹੋਏ। ਇਹ ਮੋਰਚਾ ੨੦ ਸਤੰਬਰ ਸੰ: ੧੯੨੫ ਈ: ਨੂੰ ਉਥੇ ਇਕ ਖ਼ੂਨ ਹੋ ਜਾਣ ਦੇ ਕਾਰਨ ਬੰਦ ਕਰ ਦਿਤਾ ਗਿਆ।

ਅਗੋਂ ਕੀ ਹੋਇਆ ?

ਦਸੰਬਰ ਸੰ: ੧੯੨੩ ਈ: ਨੂੰ ਸ: ਗੁਰਦਿਆਲ ਸਿੰਘ ਐਸਿਸਟੈਂਟ ਐਡਮਨਿਸਟ੍ਰੇਟਰ ਨਾਭੇ ਬਾਬਤ ਗੁਰਦੁਆਰਾ ਗੰਗਸਰ ਵਿਚ ਅਖੰਡ ਪਾਠ ਖੰਡਨ ਕਰਨ ਦੇ ਅਪਰਾਧ ਵਿਚ ਸਿਖੀ ਤੋਂ ਖ਼ਾਰਜ ਕਰਨ ਵਾਲਾ ਹੁਕਮ-ਨਾਮਾ



ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ ਤਾਂ ਸ: ਗੁਰਦਿਆਲ ਸਿੰਘ ਡੋਲ ਗਿਆ ਅਤੇ ਝੁਕ ਕੇ ਮੁਆਫ਼ੀ ਮੰਗਣ ਵਾਲਾ ਹੀ ਸੀ ਕਿ ਉਸ ਨੂੰ ਪਲੋਸ ਪਲਾਸ ਕੇ ਕਿਸੇ ਨਾ ਕਿਸੇ ਤਰ੍ਹਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਇਸ ਦੇ ਹਕ ਵਿਚ ਇਕ ਇਸ਼ਤਿਹਾਰ ਜਿਹਾ ਹੁਕਮ ਨਾਮੇ ਦੀ ਸ਼ਕਲ ਵਿਚ ਕਢਾਇਆ ਗਿਆ।

੭ ਜਨਵਰੀ ਸੰ: ੧੯੨੪ ਈ: ਨੂੰ ਸ਼੍ਰੋ: ਕਮੇਟੀ ਦੀ ਜਨਰਲ ਕਮੇਟੀ ਹੋਈ। ਇਸ ਮੀਟਿੰਗ ਵਿਚ ਜਿੰਨੇ ਮੈਂਬਰ ਸ਼ਾਮਲ ਹੋਏ ਸਭ ਕਾਨੂੰਨ ਵਿਰੁਧ ਜਮਾਤ ਦੇ ਮੈਂਬਰ ਹੋਣ ਦੇ ਕਾਰਨ ਸਰਕਾਰ ਨੇ ਫੜ ਲਏ, ਅਤੇ ਮੁਕੱਦਮਾ ਚਲਾ ਕੇ ਇਨ੍ਹਾਂ ਸਭ ਨੂੰ ਦੋ ਦੋ ਸਾਲ ਕੈਦ ਅਤੇ ਪੰਜ ਪੰਜ ਸੌ ਰੁਪਏ ਜੁਰਮਾਨੇ ਦੀਆਂ ਸਜ਼ਾਵਾਂ ਦੇ ਦਿਤੀਆਂ ਗਈਆਂ।

੧ ਫ਼ਰਵਰੀ ਸੰ: ੧੯੨੪ ਈ: ਨੂੰ ਸ਼੍ਰੋ: ਕਮੇਟੀ ਦੇ ਐਲਾਨ ਅਨੁਸਾਰ ਜੇਹਲ ਦੇ ਸਿੰਘਾਂ ਦੇ ਕਸ਼ਟਾਂ ਬਾਰੇ ਪਾਠਾਂ ਦੇ ਭੋਗ ਪਾ ਕੇ ਤੇ ਅਰਦਾਸੇ ਸੋਧ ਕੇ ਸਾਰੇ ਪੰਥ ਵਿਚ ਇਹ ਦਿਨ ਬੜੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ ਗਿਆ। ੧੨ ਮਈ ਸੰ: ੧੯੨੩ ਈ: ਨੂੰ ਸ੍ਰੀ ਨਨਕਾਣੇ ਸਾਹਿਬ ਦੇ ਸਾਕੇ ਦੇ ਅਪਰਾਧੀ ਬਾਬਾ ਕਰਤਾਰ ਸਿੰਘ ਬੇਦੀ ਨੇ ਪੰਥ ਪਾਸੋਂ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋ ਕੇ ਮੁਆਫ਼ੀ ਮੰਗੀ ਤੇ ਦਸ ਹਜ਼ਾਰ ਰੁਪਿਆ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦ ਗੰਜ ਦੀ ਸੇਵਾ ਲਈ ਤਨਖ਼ਾਹ ਲੁਆ ਭੁਲ ਬਖ਼ਸ਼ਾਕੇ ਨੰਗੀਂ ਪੈਰੀਂ ਸ੍ਰੀ ਅੰਮ੍ਰਿਤਸਰ ਤੋਂ ਪੈਦਲ ਚਲ ਕੇ ਗੁਰਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਯਾਤ੍ਰਾ ਕੀਤੀ। ਪਰ ਇਹ ਦਸ ਹਜ਼ਾਰ ਰੁਪਿਆ ਗੁਰਦੁਆਰਾ ਕਮੇਟੀ ਦੇ ਕਈ ਵਾਰ ਲਿਖਣ ਤੇ ਭੀ ਨਕਦ ਨਾ ਦਿਤਾ, ਤੇ ਅਖ਼ੀਰ ਲੰਮੀ ਚੌੜੀ ਚਿੱਠੀ ਚੁਪੱਠੀ ਪਿੱਛੋਂ ਆਪਣੀ ਇਕ ਦੁਕਾਨ ਗੁਜਰਖਾਨ ਵਾਲੀ ੨੬ ਮਾਰਚ ਸੰ: ੧੯੨੮ ਈ: ਨੂੰ ਦਸ ਹਜ਼ਾਰ ਵਿਚ ਲੋ: ਗੁ: ਪ੍ਰ: ਕਮੇਟੀ ਸ੍ਰੀ ਨਨਕਾਣਾ ਸਾਹਿਬ ਨੂੰ ਦੇ ਦਿਤੀ।

ਇਕ ਬੰਨੇ ਸਿਖ ਲੀਡਰਾਂ ਤੇ ਮੁਕੱਦਮਾ ਚਲਦਾ ਸੀ, ਅਤੇ ਦੂਜੇ ਬੰਨੇ ਜੈਤੋ ਦਾ ਮੋਰਚਾ ਗਰਮ ਸੀ। ਕੌਮ ਵਲੋਂ ਇੰਨੀ ਕੁਰਬਾਨੀ ਕਰਨ ਦੇ ਬਾਵਜੂਦ ਭੀ ਨਾਭਾ ਸਰਕਾਰ ਦੇ ਕੰਨਾਂ ਤੇ ਜੂੰ ਤਕ ਨਾ ਸਰਕੀ, ਤਾਂ ਪੰਥ ਦਾ ਫ਼ੈਸਲਾ ਹੋਇਆ ਕਿ ਪੰਜ ਸੌ ਸਿੰਘਾਂ ਦਾ ਇਕ ਜਥਾ ਗੁਰਦੁਆਰਾ ਗੰਗਸਰ ਦੀ ਯਾਤਰਾ

ਲਈ ਭੇਜਿਆ ਜਾਵੇ। ਸੁ ਇਹ ਜਥਾ ੯ ਫ਼ਰਵਰੀ ਸੰ: ੧੯੨੪ ਈ: ਨੂੰ ਬਸੰਤ ਪੰਚਮੀ ਵਾਲੇ ਦਿਨ ਬਸੰਤੀ ਚੋਲੇ ਪਹਿਨਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਾਂਤ-ਮਈ ਰਹਿਣ ਦਾ ਪ੍ਰਣ ਲੈ ਕੇ ਬੜੀ ਧੂਮ ਧਾਮ ਨਾਲ ਵਾਜਿਆਂ ਗਾਜਿਆਂ ਦੀ ਘਨਘੋਰ ਵਿਚ ਜੈਤੋ ਦੇ ਅਖੰਡ ਪਾਠ ਲਈ ਪੈਦਲ ਰਵਾਨਾ ਹੋ ਗਿਆ, ਜੋ ੨੧ ਫ਼ਰਵਰੀ ਨੂੰ ਜੈਤੋ ਪੁਜਾ। ਹੋਰ ਭੀ ਬਹੁਤ ਸਾਰੀ ਦਰਸ਼ਕ ਸੰਗਤ ਇਸ ਜਥੇ ਦੇ ਨਾਲ ਸ਼ਾਮਲ ਸੀ। ਇਸ ਦਿਨ ਨਾਭਾ ਹਕੂਮਤ ਦੇ ਕਰਮਚਾਰੀਆਂ ਵਲੋਂ ਨਿਹੱਥੇ ਜਥੇ ਅਤੇ ਨਿਹੱਥੀ ਸੰਗਤ ਉਤੇ ਬੜੀ ਬੇਕਿਰਕੀ ਨਾਲ ਗੋਲੀ ਚਲਾਈ ਗਈ। ਧੜਾ ਧੜ ਲਾਸ਼ਾਂ ਜ਼ਮੀਨ ਤੇ ਡਿਗਨ ਲਗ ਪਈਆਂ ਪਰ ਫੇਰ ਭੀ ਜਥਾ ਬੜੇ ਹੌਂਸਲੇ ਨਾਲ ਵਰ੍ਹਦੀਆਂ ਗੋਲੀਆਂ ਵਿਚ ਛਾਤੀਆਂ ਤਾਣਕੇ ਜੋਧਿਆਂ ਵਾਂਗ ਸ਼ਾਂਤ ਮਈ ਰਹਿੰਦਾ ਹੋਇਆ ਅਗੇ ਵਧਦਾ ਚਲਾ ਗਿਆ। ਇਥੋਂ ਤਕ ਕਿ ਇਕ ਬੀਬੀ ਦੇ ਕੁਛੜ ਚੁਕੇ ਛਾਤੀ ਨਾਲ ਲਾਏ ਦੁਧ ਚੁੰਘਦੇ ਮਾਸੂਮ ਬਚੇ ਨੂੰ ਗੋਲੀ ਵਜੀ ਅਤੇ ਉਹ ਸ਼ਹੀਦ ਹੋ ਗਿਆ, ਪਰ ਉਸ ਬੀਬੀ ਨੇ ਆਪਣੇ ਉਚ ਆਦਰਸ਼ ਨੂੰ ਸਾਹਮਣੇ ਰਖਦਿਆਂ ਹੋਇਆਂ ਅਕਾਲ ਪੁਰਖ ਦੀ ਰਜ਼ਾ ਅੰਦਰ ਆਪਣੇ ਜਿਗਰ ਦੇ ਟੁਕੜੇ ਅਤੇ ਅੱਖਾਂ ਦੇ ਚਾਨਣ ਨੂੰ ਡਾਹਢੀ ਧੀਰਜ ਨਾਲ ਜ਼ਮੀਨ ਤੇ ਲਿਟਾ ਦਿਤਾ, ਅਤੇ ਆਪ ਜਥੇ ਦੇ ਨਾਲ ਹੀ ਅਗੇ ਦੌੜੀ ਗਈ।

ਇਸਤਰ੍ਹਾਂ ਜਥੇ ਨੇ ਦੌੜ ਲਾਕੇ *ਟਿੱਬੀ ਸਾਹਿਬ ਸ੍ਰੀ ਕਲਗੀਧਰ ਦਾ ਝੰਡਾ ਜਾ ਗਡਿਆ। ਜਿੰਨੇ ਕੁ ਜ਼ਖ਼ਮੀ ਸਿੰਘ ਚੁਕਕੇ ਲਿਆਂਦੇ ਗਏ, ਇਥੇ ਲਿਆਕੇ ਟਿਕਾ ਦਿਤੇ ਅਤੇ ਆਪ ਜਥੇ ਨੇ ਸਿਧੇ ਗੰਗਸਰ ਨੂੰ ਚਾਲੇ ਪਾ ਦਿਤੇ, ਪਰ ਰਸਾਲੇ ਅਤੇ ਛਾਛੀ ਪੁਲਸ ਨੇ ਜਥੇ ਨੂੰ ਘੇਰ ਲਿਆ। ਜਥੇ ਦੇ ਇਕ ਇਕ ਸਿੰਘ ਨੂੰ ਪੰਜ ਪੰਜ ਛੇ ਛੇ ਸਵਾਰਾਂ ਨੇ ਮਾਰ ਕੁਟਾਈ ਕਰਕੇ ਬੇਹੋਸ਼ ਕਰ ਦਿਤਾ ਅਤੇ ਪਿਛੋਂ ਰਸਿਆਂ ਨਾਲ ਜੂੜ ਕੇ ਸਖ਼ਤ ਬੇ-ਰਹਿਮੀ ਨਾਲ ਵੜੇਵਿਆਂ ਦੀਆਂ ਬੋਰੀਆਂ ਵਾਂਗ ਹੇਠ ਉਤੇ ਗਡਿਆਂ ਤੇ ਲਦਕੇ ਕਿਲੇ ਵਿਚ ਪਹੁੰਚਾ ਦਿਤਾ। ਇਥੇ ੨੪ ਘੰਟੇ ਤਕ

---

* ਜੈਤੋ ਤੋਂ ਡੇਢ ਮੀਲ ਉਤ੍ਰ ਵਲ "ਟਿਬੀ ਸਾਹਿਬ" ਗੁਰਦੁਆਰਾ ਹੈ, ਇਸ ਥਾਂ ਕਲਗੀਧਰ ਜੀ ਸੰਝ ਸਮੇਂ ਰਹਿਰਾਸ ਸਾਹਿਬ ਦਾ ਦੀਵਾਨ ਸਜਾਇਆ ਕਰਦੇ ਸਨ। ਇਸ ਗੁਰਦੁਆਰੇ ਦੇ ਨਾਮ ੮ ਘੁਮਾਉਂ ਜ਼ਮੀਨ ਰਿਆਸਤ ਵਲੋਂ ਹੈ। ਜੈਤੋ, ਲਾਹੌਰੋਂ ੯੬ ਅਤੇ ਬਠਿੰਡੇ ਤੋਂ ੧੭ ਮੀਲ ਹੈ। ਇਥੇ ਬੀ. ਬੀ. ਅਤੇ ਸੀ. ਆਈ. ਰੇਲਵੇ ਦਾ ਭੀ ਸਟੇਸ਼ਨ ਹੈ।

ਗੁਰਦੁਆਰਾ ਟਿੱਬੀ ਸਾਹਿਬ ਜੈਤ (ਨਾਭਾ)



ਜਦ ੨੧ ਫਰਵਰੀ ਸੰਨ ੧੯੨੪ ਈ. ਨੂੰ ਅਖੰਡ ਪਾਠ ਕਰਨ ਗਏ ਪੰਜ ਸੌ ਦੇ ਸ਼ਹੀਦੀ ਜਥੇ ਤੇ ਗੋਲੀ ਚਲੀ ਤਦ ਵਰ੍ਹਦੀਆਂ ਗੋਲੀਆ ਵਿਚੋਂ ਲੰਘਕੇ ਜਥੇ ਨੇ ਇਸ ਗੁਰਦੁਆਰੇ ਪੁਜਕੇ ਨਿਸ਼ਾਨ ਸਾਹਿਬ ਜਾ ਗਡੇ ਤੇ ਇਥੇ ਹੀ ਜ਼ਖਮੀਆਂ ਨੂੰ ਰਖਕੇ ਬਿਠਾਇਆ।

ਸ਼ਹੀਦ ਗੰਜ ਦਾ ਕਾਇਮਾ ਲਈ ਨਿਸ਼ਾਨਾ

ਕਬੀਰਾ ਮਰਤਾ ਮਰਤਾ ਜਗੁ ਮੂਆ ਮਰਿ ਭਿ ਨ ਜਾਨੈ ਕੋਇ ।
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ।



ਪੰਜ ਸੌ ਦੇ ਪਹਿਲੇ ਸ਼ਹੀਦੀ ਜਥੇ ਦੇ ਸ਼ਹੀਦਾਂ ਦੀ ਯਾਦਗਾਰ ਵਿਚ ਇਕੱਤਰ ਸੌ ਅਖੰਡ ਪਾਠਾਂ ਦੇ ਭੋਗ ਉਪਰੰਤ ੬ ਅਗਸਤ ਸੰਨ ੧੯੨੫ ਈ: ਨੂੰ ਗੁਰਦੁਆਰਾ ਟਿੱਬੀ ਸਾਹਿਬ ਦੇ ਕੋਲ ਹੀ ਇਹ ਨਿਸ਼ਾਨ ਸਾਹਿਬ ਗਡਿਆ ਗਿਆ, ਤਾਂ ਜੋ ਕਦੇ ਸਮਾਂ ਬਣਨ ਤੇ ਪੰਥ ਇਥੇ ਸ਼ਹੀਦ ਗੰਜ ਬਣਾ ਸਕੇ ।

ਜ਼ਖਮੀਆਂ ਦੀ ਨਾ ਹੀ ਨਾਭਾ ਹਕੂਮਤ ਨੇ ਕੋਈ ਸਾਰ ਲਈ ਅਤੇ ਨਾ ਹੀ ਹੋਰਸ ਕਿਸੇ ਨੂੰ ਹੀ ਇਨ੍ਹਾਂ ਦੀ ਸੇਵਾ ਲਈ ਲਾਗੇ ਢੁਕਣ ਦਿਤਾ, ਜਿਸਦੇ ਕਾਰਨ ਕਈ ਜ਼ਖਮੀ ਪਾਣੀ ਖੁਣੋਂ ਹੀ ਤਿਹਾਏ ਤੁਸ ਤੁਸ ਅਤੇ ਸਿਸਕ ਸਿਸਕ ਕੇ ਸ਼ਹੀਦ ਹੋ ਗਏ।

ਜੇਹੜੀ ਸੰਗਤ ਟਿਬੀ ਸਾਹਿਬ ਜ਼ਖਮੀਆਂ ਨੂੰ ਪਾਣੀ ਦੇਣ ਦੀ ਸੇਵਾ ਕਰਨ ਲਗੀ ਸੀ ਉਸ ਉਤੇ ਭੀ ਇਕ ਰਸਾਲੇ ਦਾ ਜਥਾ ਟੁਟਕੇ ਜਾ ਪਿਆ, ਅਤੇ ਕਈ ਮੀਲ ਤਕ ਉਨ੍ਹਾਂ ਦਾ ਪਿਛਾ ਕਰਕੇ ਘੋੜਿਆਂ ਦੇ ਸੁੱਮਾਂ ਥਲੇ ਕੁਚਲ ਦਿਤਾ। ਸ਼੍ਰ: ਕਮੇਟੀ ਦਾ ਅੰਦਾਜ਼ਾ ਹੈ ਕਿ ਕੁਲ ਤਿੰਨ ਕੁ ਸੌ ਸਿੰਘ ਜ਼ਖਮੀ ਹੋਏ ਸਨ। ਜਿੰਨ੍ਹਾਂ ਚੋਂ ਅਟੇ ਸਟੇ ਇਕ ਸੌ ਸਿੰਘ ਪਵਿੱਤ੍ਰ ਸ਼ਹੀਦੀਆਂ ਪ੍ਰਾਪਤ ਕਰ ਗਏ। ਇਹ ਗਲ ਖ਼ਾਸ ਕਰਕੇ ਜ਼ਿਕਰ ਕਰਨ ਯੋਗ ਹੈ ਕਿ ਇੰਨੀ ਬੇਰਹਿਮੀ ਤੇ ਸਖ਼ਤੀ ਦੇ ਹੁੰਦਿਆਂ ਸੁੰਦਿਆਂ ਭੀ ਜਥਾ ਅਤੇ ਸੰਗਤ ਬਿਲਕੁਲ ਸ਼ਾਂਤਮਈ ਰਹੀ। ਇਸ ਸਮੇਂ ਅਮਰੀਕਾ ਦੇ ਸ਼ਹਿਰ ਸ਼ਿਕਾਗੂ ਦੇ ਅਖ਼ਬਾਰ ਟ੍ਰੀਬਯੂਨ ਦਾ ਪੱਤ੍ਰ ਪ੍ਰੇਰਕ 'ਮਿਸਟਰ ਜ਼ੀਮਾਂਡ' ਜਥੇ ਦੇ ਨਾਲ ਸੀ। ਓਸ ਨੇ ਆਪਣੀ ਰਪੋਰਟ ਵਿਚ ਗੋਲੀ ਚਲਣ ਤੇ ਜਥੇ ਦੇ ਮਾਰਚ ਦਾ ਹਾਲ ਲਿਖਦੇ ਹੋਏ ਦਸਿਆ ਹੈ, ਕਿ ਜਥਾ ਬਿਲਕੁਲ ਸ਼ਾਂਤਮਈ ਰਿਹਾ। ਪਰ ਫੇਰ ਭੀ ਭਾ: ਊਧਮ ਸਿੰਘ ਜਥੇਦਾਰ, ਮਾਈ ਕਿਸ਼ਨ ਕੌਰ ਅਤੇ ਇਕੀ ਹੋਰ ਸਿੰਘਾਂ ਉਤੇ ਤਸ਼ੱਦਦ ਦਾ ਇਲਜ਼ਾਮ ਲਾਕੇ ਲੰਮੀਆਂ ਕੈਦਾਂ ਦੀ ਸਜ਼ਾ ਦਿਤੀ ਗਈ।

ਏਨੀ ਭਿਆਨਕ ਸਖ਼ਤੀ ਦਾ ਹਾਲ ਅਖ਼ਬਾਰਾਂ ਚੋਂ ਪੜ੍ਹ ਸੁਣ ਕੇ ਭੀ ੨੮ ਫ਼ਰਵਰੀ ਨੂੰ ਪੰਜ ਸੌ ਬਹਾਦਰ ਸਿੰਘਾਂ ਦਾ ਦੂਜਾ ਸ਼ਹੀਦੀ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਵਾਂਗ ਸ਼ਾਂਤਮਈ ਦਾ ਪ੍ਰਣ ਲੈ ਕੇ ਰਵਾਨਾ ਹੋ ਗਿਆ, ਅਤੇ ੧੪ ਮਾਰਚ ਨੂੰ ਜੈਤੋ ਜਾ ਪੁਜਾ। ਇਸ ਸਮੇਂ ਪੰਡਤ ਮਦਨ ਮੋਹਨ ਮਾਲਵੀਆ, ਅਸੈਂਬਲੀ ਦੇ ਮੈਂਬਰ ਤੇ ਕੁਝ ਕੁ ਹੋਰ ਮੁਖੀ ਸਜਣ ਇਸ ਜਥੇ ਦਾ ਹਾਲ ਆਪਣੀ ਅੱਖੀਂ ਵੇਖਣ ਲਈ ਪੁਜੇ ਹੋਏ ਸਨ। ਪਰ ਇਹ ਜਥਾ ਬਿਨਾਂ ਕਿਸੇ ਸਖ਼ਤੀ ਦੇ ੧੫ ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਤਰ੍ਹਾਂ ਲਗਾਤਾਰ ਪੰਜ ਪੰਜ ਸੌ ਦੇ ੧੭ ਸ਼ਹੀਦੀ ਜਥੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜੈਤੋ ਨੂੰ ਰਵਾਨਾ ਹੋਏ।

ਸਰ ਮੈਲਕਮ ਹੇਲੀ ਗਵਰਨਰ ਪੰਜਾਬ ਨੇ ਸਰਕਾਰੀ ਤਕਰੀਰ ਕਰ-

ਦਿਆਂ ਹੋਇਆਂ ਕੈਦੀਆਂ ਦੀ ਰਿਹਾਈ ਤੇ ਜੈਤੋ ਅਖੰਡ ਪਾਠ ਦੀ ਖੁਲ੍ਹ ਬਾਰੇ ਇਕ ਮਸ਼ਰੂਤ ਐਲਾਨ ਕੀਤਾ। ਸਤਾਰ੍ਹਵਾਂ ਜਥਾ ਅਜੇ ਰਸਤੇ ਵਿਚ ਹੀ ਸੀ ਕਿ ੨੧ ਜੁਲਾਈ ਸੰ: ੧੯੨੫ ਈ: ਨੂੰ ਇਕ ਸਪੈਸ਼ਲ ਜਥੇ ਨੇ ਗੁਰਦੁਆਰਾ ਗੰਗਸਰ ਵਿਚ ਅਖੰਡ ਪਾਠ ਅਰੰਭ ਕਰ ਦਿਤਾ ਅਤੇ ਇਸਦੇ ਪਿਛੋਂ ਸ਼ਹੀਦੀ ਜਥਿਆਂ ਨੇ ਪੁਜਕੇ ੧੦੧ ਅਖੰਡ ਪਾਠ ਸ਼ੁਰੂ ਕਰ ਦਿਤੇ, ਜਿਨ੍ਹਾਂ ਦਾ ਭੋਗ ੬ ਅਗਸਤ ਸੰ: ੧੯੨੫ ਈ: ਨੂੰ ਨਿਰਵਿਘਨ ਸਮਾਪਤ ਹੋਇਆ। ੨੭ ਜੁਲਾਈ ਨੂੰ ਭਾਈ ਊਧਮ ਸਿੰਘ ਜਥੇਦਾਰ, ਮਾਈ ਕਿਸ਼ਨ ਕੌਰ, ਤੇ ਇਨ੍ਹਾਂ ਦੇ ੨੧ ਸਾਥੀਆਂ ਤੋਂ ਸਿਵਾਏ ਬਾਕੀ ਸਭ ਸਿੰਘ ਰਿਹਾ ਹੋ ਗਏ, ਜੋ ਜੈਤੋ ਪੁਜਣ ਲਗ ਗਏ। ਇਥੋਂ ਦਰਸ਼ਨ ਕਰਕੇ ਸਭ ਜਥੇ ੯ ਅਗਸਤ ਤਕ ਸ੍ਰੀ ਤਰਨ ਤਾਰਨ ਸਾਹਿਬ ਰੇਲ ਰਾਹੀਂ ਪੁਜ ਗਏ। ਇਥੋਂ ਬੜੇ ਭਾਰੇ ਸ਼ਾਨਦਾਰ ਜਲੂਸ ਦੀ ਸ਼ਕਲ ਵਿਚ ਪੈਦਲ ੧੦ ਅਗਸਤ ਨੂੰ ਸ੍ਰੀ ਅੰਮ੍ਰਿਤਸਰ ਪੁਜ ਗਏ। ਇਹ ਕੌਮ ਦਾ ਦੂਜਾ ਭਾਰੀ ਸ਼ਾਨਦਾਰ ਇਤਿਹਾਸਕ ਜਲੂਸ ਸੀ ਜੋ ਕਾਰ ਸੇਵਾ ਪਿਛੋਂ ਆਪਣੇ ਨਮੂਨੇ ਦਾ ਆਪ ਸੀ, ਜਿਸਦਾ ਨਜ਼ਾਰਾ ਵੇਖਣ ਵਾਲੇ ਸਜਣ ਹੀ ਜਾਣ ਸਕਦੇ ਹਨ।

ਗੁਰਦੁਆਰਾ ਕਾਨੂੰਨ ਬਣਨਾ

ਚਾਬੀਆਂ ਦਾ ਮਾਮਲਾ ਤੇ ਕ੍ਰਿਪਾਨ ਸਬੰਧੀ ਗ੍ਰਿਫ਼ਤਾਰੀਆਂ ਦੀ ਸਖ਼ਤੀ ਵੇਖਕੇ ਸ਼੍ਰੋ: ਕਮੇਟੀ ਨੇ ਆਪਣੀ ਤਸੱਲੀ ਕਰ ਲਈ ਸੀ ਕਿ ਇਸ ਵੇਲੇ ਸਰਕਾਰ ਨਾਲ ਗੁਰਦੁਆਰਾ ਬਿਲ ਸਬੰਧੀ ਗਲ ਬਾਤ ਕਰਨੀ ਫ਼ਜ਼ੂਲ ਹੈ ਅਤੇ ਆਪਣੀ ੩੦ ਮਾਰਚ ਸੰ: ੧੯੨੨ ਈ: ਦੀ ਇਕੱਤ੍ਰਤਾ ਵਿਚ ਪਾਸ ਕਰ ਦਿਤਾ ਕਿ ਬਿਲ ਸਬੰਧੀ ਸਰਕਾਰ ਨਾਲ ਕੋਈ ਗਲ ਬਾਤ ਨਾ ਕੀਤੀ ਜਾਵੇ ਅਤੇ ੧੬ ਜੁਲਾਈ ਦੀ ਇਕੱਤ੍ਰਤਾ ਵਿਚ ਇਸ ਭਾਵ ਦਾ ਗੁਰਮਤਾ ਪਾਸ ਕਰ ਦਿਤਾ ਕਿ ਚੂੰਕਿ ਗਵਰਨ-ਮੈਂਟ ਰਾਹੀਂ ਗੁਰਦੁਆਰਿਆਂ ਦੇ ਮਾਮਲੇ ਦਾ ਫ਼ੈਸਲਾ ਹੋਣ ਦੀ ਕੋਈ ਆਸ ਨਹੀਂ, ਇਸ ਲਈ ਅੰਤ੍ਰਿੰਗ ਕਮੇਟੀ ਜਿਸ ਤਰ੍ਹਾਂ ਚਾਹੇ ਗੁਰਦੁਆਰਿਆਂ ਨੂੰ ਆਪਣੇ ਪ੍ਰਬੰਧ ਵਿਚ ਲਿਆਉਣ ਦੀ ਯੋਗ ਕਾਰਵਾਈ ਕਰੇ ਅਤੇ ਇਸ ਦੇ ਨਾਲ ਹੀ ਸਰ ਜੌਨ ਮੀਨਾਰਡ ਨੇ ਭੀ ਪੰਜਾਬ ਕੌਂਸਲ ਵਿਚ ਐਲਾਨ ਕਰ ਦਿਤਾ ਕਿ ਗੂਰਨਮੈਂਟ ਨੇ ਕਾਨੂੰਨ ਦਾ ਮਾਮਲਾ ਹੁਣ ਠਪ ਦਿਤਾ ਹੈ। ਇਸ ਦੇ ਪਿਛੋਂ ਲੈਫ਼ਟੀਨੈਂਟ

ਕਰਨਲ ਬ੍ਰਡ ਵੁਡ ਕਮਾਂਡਰ-ਇਨ-ਚੀਫ਼ ਦੀ ਰਾਹੀਂ ਭੀ ਗੁਰਦੁਆਰਾ ਕਾਨੂੰਨ ਦੀ ਗਲ ਬਾਤ ਜੂਨ ਸੰ: ੧੯੨੪ ਈ: ਨੂੰ ਸ਼ੁਰੂ ਹੋਈ ਸੀ, ਪਰ ਸਾਰੇ ਗੁਰਦੁਆਰਾ ਕੈਦੀਆਂ ਦੀ ਰਿਹਾਈ ਦਾ ਭਰੋਸਾ ਨਾ ਮਿਲਣ ਕਰਕੇ ਅਤੇ ਕਈ ਹੋਰ ਕਾਰਨਾਂ ਕਰਕੇ ਇਹ ਭੀ ਵਿਚੇ ਹੀ ਰਹਿ ਗਈ। ਫੇਰ ਬੜੀਆਂ ਬਹਿਸਾਂ ਤੇ ਕੋਸ਼ਸ਼ਾਂ ਪਿਛੋਂ ੯ ਜੁਲਾਈ ਸੰ: ੧੯੨੫ ਈ: ਨੂੰ ਪੰਜਾਬ ਕੌਂਸਲ ਦੇ ਸ਼ਿਮਲੇ ਸਮਾਗਮ ਵਿਚ 'ਗੁਰਦੁਆਰਾ ਕਾਨੂੰਨ ਨੰਬਰ ੮ ਸੰ: ੧੯੨੫ ਈ:' (The Sikh Gurdwara Act 1925 Punjab Act No. VIII of 1925) ਪਾਸ ਹੋਇਆ ਜਿਸ ਦੀ ਮਨਜ਼ੂਰੀ ਗਵਰਨਰ ਜਨਰਲ ਨੇ ਭੀ ੨੮ ਜੁਲਾਈ ਸੰ: ੧੯੨੫ ਈ: ਨੂੰ ਦੇ ਦਿਤੀ, ਇਸ ਉਤੇ ੧ ਨਵੰਬਰ ਸੰ: ੧੯੨੫ ਈ: ਨੂੰ ਅਮਲ ਅਰੰਭ ਹੋ ਗਿਆ; ਪਰ ਕੁਝ ਗਰਮ ਖ਼ਿਆਲੀਏ ਮਨਚਲੇ ਸਿਖਾਂ ਵਿਚ ਇਸ ਦੀ ਮੁਖ਼ਾਲਫ਼ਤ ਸੀ, ਜਿਸ ਦੇ ਕਾਰਨ ੧੮ ਜੂਨ ਸੰ: ੧੯੨੬ ਈ: ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਸਖ਼ਤ ਫ਼ਸਾਦ ਤੇ ਬੁਰਛੇ ਗਰਦੀ ਹੋ ਗਈ। ਇਹ ਆਪਣੀ ਕਿਸਮ ਦਾ ਇਸ ਸਮੇਂ ਤਕ ਦਾ ਸਭ ਤੋਂ ਪਹਿਲਾ ਵਾਕਿਆ ਸੀ।

ਇਸ ਗੁਰਦੁਆਰਾ ਕਾਨੂੰਨ ਅਨੁਸਾਰ ਗੁਰਦੁਆਰਾ ਸੈਂਟਰਲ ਬੋਰਡ (Gurdwara Central Board) ਦੇ ਚੁਣੇ ਹੋਏ ਮੈਂਬਰਾਂ ਦੀ ਇਕੱਤ੍ਰਤਾ ੪ ਸਤੰਬਰ ਸੰ: ੧੯੨੬ ਈ: ਨੂੰ ਟਾਊਨ ਹਾਲ ਅੰਮ੍ਰਿਤਸਰ ਵਿਚ ਹੋਈ ਅਤੇ ੧੪ ਮੈਂਬਰ ਨਾਮਜ਼ਦ ਕੀਤੇ ਗਏ। ਮੁਕੰਮਲ ਸੈਂਟ੍ਰਲ ਬੋਰਡ ਦੀ ਪਹਿਲੀ ਇਕੱਤ੍ਰਤਾ ੨ ਅਕਤੂਬਰ ਸੰ: ੧੯੨੬ ਈ: ਨੂੰ ਟਾਊਨ ਹਾਲ ਵਿਚ ਹੋਈ, ਜਿਸ ਵਿਚ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦੀ ਚੋਣ ਪਿਛੋਂ ਪਾਸ ਹੋਇਆ ਕਿ ਸੈਂਟ੍ਰਲ ਬੋਰਡ ਦਾ ਨਾਮ ਸ਼੍ਰੋ: ਗੁ: ਪ੍ਰ: ਕਮੇਟੀ ਰਖਿਆ ਜਾਵੇ ਅਤੇ ਗਵਰਨਮੈਂਟ ਨੇ ਭੀ ਸੈਂਟ੍ਰਲ ਬੋਰਡ ਦਾ ਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਨੋਟੀ-ਫ਼ੀਕੇਸ਼ਨ ੧੭ ਜਨਵਰੀ ਸੰ: ੧੯੨੭ ਈ: ਰਾਹੀਂ ਪ੍ਰਵਾਨ ਕਰ ਲਿਆ। ਪੁਰਾਣੀ ਸ਼੍ਰੋਮਣੀ ਕਮੇਟੀ ਨੇ ਨਵੀਂ ਸ਼੍ਰੋਮਣੀ ਕਮੇਟੀ ਨੂੰ ੧੭ ਨਵੰਬਰ ਸੰ: ੧੯੨੬ ਈ: ਨੂੰ ਚਾਰਜ ਦੇਣਾ ਅਰੰਭ ਕਰ ਦਿਤਾ ਅਤੇ ੪ ਦਸੰਬਰ ਸੰ: ੧੯੨੬ ਈ. ਤਕ ਮੁਕੰਮਲ ਚਾਰਜ ਦੇ ਕੇ ਆਪਣੇ ਆਪ ਨੂੰ ਇਸ ਵਿਚ ਲੀਨ ਕਰ ਦਿਤਾ।

ਜੇਹੜੇ ਮੁਖੀ ਲੀਡਰ ੧੩ ਅਤੇ ੧੪ ਅਕਤੂਬਰ ਦੀ ਵਿਚਕਾਰਲੀ ਰਾਤ

ਨੂੰ ਗ੍ਰਿਫ਼ਤਾਰ ਹੋਏ ਸਨ, ਉਨ੍ਹਾਂ ਵਿਚੋਂ ਦਫ਼ਤ੍ਰ ਦਾ ਸਟਾਫ਼ ੨੪ ਫ਼ਰਵਰੀ ਸੰਨ ੧੯੨੫ ਈ: ਨੂੰ ਰਿਹਾ ਕਰ ਦਿਤਾ ਗਿਆ ਸੀ। ਸ: ਬ: ਮਹਿਤਾਬ ਸਿੰਘ ਜੀ ਅਤੇ ਇਨ੍ਹਾਂ ਦੇ ਤੇਈ ਸਾਥੀ ਇਹ ਸ਼ਰਤ ਮੰਨ ਕੇ ੨੫ ਜਨਵਰੀ ਸੰ: ੧੯੨੬ ਈ: ਨੂੰ ਰਿਹਾ ਕੀਤੇ ਗਏ, ਕਿ ਉਹ ਅਗੋਂ ਲਈ ਕਾਨੂੰਨ ਅਨੁਸਾਰ ਗੁਰ-ਦੁਆਰਿਆਂ ਦੇ ਪ੍ਰਬੰਧ ਦਾ ਸੁਧਾਰ ਕਰਨਗੇ।

ਕਿਲ੍ਹੇ ਵਿਚ ਬੰਦ ਲੀਡਰਾਂ ਵਿਚੋਂ ਸ: ਤੇਜਾ ਸਿੰਘ ਜੀ ਸਮੁੰਦਰੀ ੨੭ ਜੁਲਾਈ ਸੰ: ੧੯੨੬ ਈ: ਨੂੰ ਕਿਲ੍ਹੇ ਦੀ ਜੇਹਲ ਵਿਚ ਹੀ ਸ਼ਹੀਦੀ ਪਾ ਗਏ ਸਨ। ੧੩ ਸਤੰਬਰ ਸੰ: ੧੯੨੬ ਈ: ਨੂੰ ਸਰਕਾਰ ਨੇ ਸ਼੍ਰੋ: ਗੁ: ਪ੍ਰ: ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਜਮਾਤਾਂ ਕਰਾਰ ਦਿਤੇ ਜਾਣ ਵਾਲਾ ਐਲਾਨ ਵਾਪਸ ਲੈ ਲਿਆ। ਮਾਸਟਰ ਤਾਰਾ ਸਿੰਘ ਜੀ ਅਤੇ ਆਪ ਦੇ ੧੪ ਸਾਥੀਆਂ ਤੋਂ ੨੭ ਸਤੰਬਰ ਸੰ: ੧੯੨੬ ਈ: ਨੂੰ ਸਰਕਾਰ ਨੇ ਇਹ ਕਹਿ ਕੇ ਮੁਕਦਮਾ ਵਾਪਸ ਲੈ ਲਿਆ ਕਿ ਹੁਣ ਗੁਰਦੁਆਰਾ ਕਾਨੂੰਨ ਬਣ ਚੁਕਾ ਹੈ, ਅਤੇ ਸੈਂਟਰਲ ਬੋਰਡ ਦੀ ਚੋਣ ਭੀ ਹੋ ਚੁਕੀ ਹੈ, ਇਸ ਲਈ ਮੁਕੱਦਮਾ ਜਾਰੀ ਰਖਣ ਦੀ ਕੋਈ ਲੋੜ ਨਹੀਂ ਹੈ। ਇਸ ਦੇ ਨਾਲ ਹੀ ਸਾਰੇ ਸਿੰਘ ਬਿਲਾ-ਸ਼ਰਤ ਰਿਹਾ ਕਰ ਦਿਤੇ ਗਏ।

ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦਾਂ ਦੀ ਪਹਿਲੀ ਯਾਦਗਾਰ

ਇਸ ਸਮੇਂ ਸਾਰੇ ਪੰਥ ਦੇ ਵਿਦਵਾਨਾਂ ਨੇ ਮਿਲ ਕੇ ਵਿਚਾਰ ਕੀਤੀ ਕਿ ਕੌਮ ਵਿਚ ਗੁਰਮਤ ਪ੍ਰਚਾਰ ਦਾ ਕੰਮ ਬਹੁਤ ਘਟ ਰਿਹਾ ਹੈ। ਪ੍ਰਦੇਸ ਵਿਚ ਤਾਂ ਪ੍ਰਚਾਰ ਦਾ ਕੋਈ ਪ੍ਰਬੰਧ ਹੈ ਹੀ ਨਹੀਂ, ਜਿਸ ਨਾਲ ਕਿ ਗੁਰੂ ਨਾਨਕ ਦੀ ਫੁਲਵਾੜੀ ਦੀ ਉਥੇ ਮਹਿਕ ਖਿਲਰੇ। ਇਸ ਤੋਂ ਬਿਨਾਂ ਜੋ ਪ੍ਰਚਾਰ ਪੰਜਾਬ ਵਿਚ ਹੁੰਦਾ ਹੈ ਉਹ ਭੀ ਪੁਰਾਣੇ ਢੰਗ ਦਾ ਹੋਣ ਕਰਕੇ ਵਰਤਮਾਨ ਸਮੇਂ ਦੀ ਪੜ੍ਹੀ ਲਿਖੀ ਜਨਤਾ ਦੀ ਤਸੱਲੀ ਕਰਾਉਣ ਵਿਚ ਅਸਮਰਥ ਹੈ। ਜ਼ਮਾਨੇ ਅਨੁਸਾਰ ਅਨਮਤਾਂ ਦੀ ਵਾਕਫ਼ੀ ਭੀ ਸਿਖ ਧਰਮ ਦੇ ਪ੍ਰਚਾਰਕਾਂ ਨੂੰ ਬਹੁਤ ਘਟ ਹੈ, ਦੂਜੇ ਉਹ ਬਦੇਸ਼ੀ ਬੋਲੀਆਂ ਤੋਂ ਭੀ ਬਹੁਤ ਅਣਜਾਣ ਹਨ; ਇਸ ਲਈ ਇਸ ਜ਼ਰੂਰੀ ਪੰਥਕ ਲੋੜ ਨੂੰ ਅਨਭਵ ਕਰਕੇ ਚੌਤੀ ਹਜ਼ਾਰ ਰੁਪਏ ਦੀ ਖਾਲਸਾ ਕਾਲਜ

ਸ਼ਹੀਦਾਂ ਦੀ ਪਹਿਲੀ ਯਾਦਗਾਰ

ਸ਼ਹੀਦ ਸਿਖ ਮਿਸ਼ਨਰੀ ਕਾਲਜ



ਜੋ ਸ੍ਰੀ ਅੰਮ੍ਰਿਤਸਰ ਚੌਤੀ ਹਜ਼ਾਰ ਦੀ ਕੋਠੀ ਖਰੀਦ ਕੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦਗਾਰ ਵਿਚ ਖੋਲ੍ਹਿਆ ਗਿਆ ।

ਰੋਡ ਅੰਮ੍ਰਿਤਸਰ ਤੇ ਇਕ ਕੋਠੀ ਖ਼ਰੀਦੀ ਗਈ।

ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਥਲੇ ਅਕਤੂਬਰ ਸੰ: ੧੯੨੭ ਈ: ਨੂੰ ਪ੍ਰਸਿਧ ਵਿਦਵਾਨ ਸ: ਗੰਗਾ ਸਿੰਘ ਜੀ ਫ਼ਿਲਾਸਫ਼ਰ ਦੀ ਪ੍ਰਿੰਸੀਪਲੀ ਥਲੇ ਸਿਖ ਸ਼ਹੀਦ ਮਿਸ਼ਨਰੀ ਕਾਲਜ, ਸ੍ਰੀ ਨਨਕਾਣੇ ਸਾਹਿਬ ਦੇ ਪਵਿਤ੍ਰ ਸ਼ਹੀਦਾਂ ਦੀ ਯਾਦਗਾਰ ਵਿਚ ਖੋਲ੍ਹਿਆ ਗਿਆ। ਇਸ ਵਿਚੋਂ ਸੰ: ੧੯੩੫ ਈ: ਤਕ ੩੦ ਪ੍ਰਚਾਰਕ ਅਤੇ ੧੮ ਗ੍ਰੰਥੀ ਸਨਦ ਪ੍ਰਾਪਤ ਕਰਕੇ ਨਿਕਲੇ।

ਇਸ ਦੇ ਵਿਦਿਆਰਥੀਆਂ ਨੇ ਇੰਟ੍ਰਮੀਡੀਏਟ ਕਾਲਜ ਲਾਹੌਰ ਵਿਚ ਸਾਰੇ ਪੰਜਾਬ ਦੇ ਕਾਲਜਾਂ ਦੇ ਵਿਦਿਆਰਥੀਆਂ ਦੀ ਹੋਈ ਬਹਿਸ ਵਿਚ ਚਾਂਦੀ ਦਾ ਕਪ ਜਿਤ ਕੇ ਆਂਦਾ। ਇਸ ਤੋਂ ਬਿਨਾਂ ਭਾ: ਬਾਦਲ ਸਿੰਘ ਢਿਲੋਂ ਨੇ ਚੰਗੇ ਸਪੀਕਰ ਹੋਣ ਦਾ ਮੈਡਲ ਪ੍ਰਾਪਤ ਕੀਤਾ। ਇਸ ਵਿਚੋਂ ਪਾਸ ਕਰ ਚੁਕੇ ਵਿਦਿ-ਆਰਥੀ ਇਸ ਵੇਲੇ ਯੂ. ਪੀ., ਸੀ. ਪੀ., ਸਿੰਧ, ਬਿਹਾਰ, ਬੰਬਈ, ਆਸਾਮ ਸਿਆਮ, ਬ੍ਰਹਮਾ, ਮਲਾਇਆ ਸਟੇਟਸ, ਫ਼ਰੰਟੀਅਰ ਅਤੇ ਕਸ਼ਮੀਰ ਆਦਿ ਇਲਾਕਿਆਂ ਵਿਚ ਬੜੀ ਲਗਨ ਅਤੇ ਸਰਗਰਮੀ ਨਾਲ ਗੁਰਮਤ ਪ੍ਰਚਾਰ ਦਾ ਕੰਮ ਕਰ ਰਹੇ ਹਨ।

ਇਸ ਕਾਲਜ ਦੇ ਵਿਦਿਆਰਥੀਆਂ ਅਤੇ ਸਟਾਫ਼ ਨੇ ਮਿਲ ਕੇ ਇਕ ਦਸਵੰਧ ਕਮੇਟੀ ਬਣਾਈ ਹੋਈ ਹੈ, ਜਿਸ ਦੀ ਆਮਦਨ ੭੦) ਰੁਪੈ ਮਹੀਨਾ ਹੋ ਜਾਂਦੀ ਹੈ, ਜਿਸ ਵਿਚੋਂ ਖ਼ਾਲਸਾ ਕਾਲਜ ਤੇ ਸਿਖ ਸ਼ਹੀਦ ਮਿਸ਼ਨਰੀ ਕਾਲਜ ਦੇ ਲੋੜਵੰਦ ਸਿਖ ਵਿਦਿਆਰਥੀਆਂ ਨੂੰ ਹਰ ਸਾਲ ਵਜ਼ੀਫ਼ੇ ਦਿਤੇ ਜਾਂਦੇ ਹਨ।

ਆਲ ਇੰਡੀਆ ਕਾਂਗਰਸ ਕਮੇਟੀ ਦੇ ਲਾਹੌਰ ਸਮਾਗਮ ਸਮੇਂ ਇਸ ਦੇ ਵਿਦਿਆਰਥੀਆਂ ਤੇ ਸਟਾਫ਼ ਨੇ ਉਗਰਾਹੀ ਕਰਕੇ ਇਕ ਲੱਖ ਦੇ ਕਰੀਬ ਉਰਦੂ, ਹਿੰਦੀ ਅਤੇ ਅੰਗ੍ਰੇਜ਼ੀ ਵਿਚ ਸਿਖ ਧਰਮ ਦੀ ਵਾਕਫ਼ੀ ਲਈ ਟ੍ਰੈਕਟ ਛਾਪ ਕੇ ਮੁਫ਼ਤ ਵੰਡੇ ਸਨ। ਵਿਦਿਆਰਥੀਆਂ ਨੇ ਪੰਥਕ ਲੋੜਾਂ ਸਮੇਂ ਹਿਸਾ ਲੈਣ ਤੇ ਕੁਰ-ਬਾਨੀਆਂ ਕਰਨ ਵਿਚ ਭੀ ਕਦੇ ਘਟ ਹਿੰਮਤ ਨਹੀਂ ਕੀਤੀ। ਬੰਦਈਆਂ ਦੇ ਡੇਰੇ ਦੇ ਮਹੰਤ ਭਾਈ ਸਰਦੂਲ ਸਿੰਘ ਜੀ ਭੀ ਇਥੋਂ ਹੀ ਪਾਸ ਕਰਕੇ ਗਏ ਹਨ, ਅਤੇ ਦਿਲੀ ਸ਼ੌਕ ਨਾਲ ਬੰਦਈ ਖ਼ਾਲਸੇ ਵਿਚ ਗੁਰਮਤ ਦਾ ਪ੍ਰਚਾਰ ਕਰ ਰਹੇ ਹਨ।

ਸ਼ਹੀਦੀ ਜੀਵਨ



ਤਾਰੀਖ਼ ਸ਼ਹੀਦੀ ਜੀਵਨ ਦੇ ਲਿਖਾਰੀ ਭਾਈ ਗੁਰਬਖ਼ਸ਼ ਸਿੰਘ ਜੀ 'ਸ਼ਮਸ਼ੇਰ' ਝਬਾਲੀਏ ਬੈਠੇ ਹਨ ।

ਸ਼ਹੀਦੀ-ਬੀੜ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਵਿੱਤ੍ਰ ਬੀੜ ਦਾ ਸਾਰੀਆਂ ਸੰਪ੍ਰਦਾਵਾਂ ਹੀ ਪੂਰਨ ਸਤਿਕਾਰ ਕਰਦੀਆਂ ਹਨ। ਪਰ ਇਨ੍ਹਾਂ ਪਾਪੀਆਂ ਨੇ ਮਹਾਰਾਜ ਦੀ ਬੇ-ਅਦਬੀ ਕਰਨੋਂ ਭੀ ਸੰਕੋਚ ਨਾ ਕੀਤਾ, ਅਤੇ ਪ੍ਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਗੋਲੀਆਂ ਮਾਰੀਆਂ; ਬੀੜ ਵਿਚੋਂ ਗੋਲੀਆਂ ਦੇ ਨਿਸ਼ਾਨ ਸਾਫ਼ ਨਜ਼ਰ ਆਉਂਦੇ ਹਨ। ਇੱਕ ਗੋਲੀ ਪੰਨਾ ੧੩੧੯ ਤੋਂ ਲੈਕੇ ਪੰਨਾ ੧੪੩੦ ਤੱਕ ਪਵਿੱਤ੍ਰ ਪੱਤ੍ਰਿਆਂ ਨੂੰ ਫੱਟੜ ਕਰਕੇ ਵਿੱਚ ਦੀ ਬਾਹਰ ਨਿਕਲ ਗਈ ਹੈ। ਇਨ੍ਹਾਂ ਅੰਗਾਂ ਵਿੱਚ ਗੁਰਬਾਣੀ ਦੇ ਕਈ ਅੱਖਰ ਕੱਟੇ ਗਏ ਹਨ। ਪੰਨਾ ੪੬੨ ਤੋਂ ਲੈਕੇ ਪੰਨਾ ੬੪੦ ਤੱਕ ਛਵ੍ਹੀਆਂ ਨਾਲ ਪੱਤਰੇ ਵਢੇ ਹੋਏ ਹਨ। ਸਾਢੇ ਚਾਰ ਇੰਚ ਲੰਮਾ ਅਤੇ ਅਟੇ ਸਟੇ ਡੇਢ ਇੰਚ ਚੌੜਾ ਹਾਸ਼ੀਆ ਕੱਟਿਆ ਗਿਆ ਹੈ। ਇਸ ਥਾਂ ਪੰਜ ਨਿਸ਼ਾਨ ਵੱਖੋ ਵੱਖ ਗੋਲੀਆਂ ਦੇ, ਸਪੱਸ਼ਟ ਨਜ਼ਰ ਆਉਂਦੇ ਹਨ। ਉਸ ਸਮੇਂ ਨੌਂ ਗੋਲੀਆਂ ਧ੍ਰੇਕ ਦੀਆਂ ਧਰਕੋਨੀਆਂ ਜਿੱਡੀਆਂ ਪਵਿੱਤ੍ਰ ਬੀੜ ਵਿਚੋਂ ਠੰਢੀਆਂ ਹੋਈਆਂ ਨਿੱਕਲੀਆਂ ਸਨ। ਉਸ ਵੇਲੇ ਤਾਬਿਆ ਬੈਠੇ ਭਾ: ਲਛਮਣ ਸਿੰਘ ਜੀ ਸ਼ਹੀਦ ਦੇ ਪਵਿੱਤ੍ਰ ਸ਼ਹੀਦੀ ਖ਼ੂਨ ਦੇ ਨਿਸ਼ਾਨ ਪੰਨਾ ੧੧੩੨ ਤੋਂ ਲੈਕੇ ਪੰਨਾ ੧੨੨੮ ਤੱਕ ਇਸ ਵੇਲੇ ਭੀ ਬਿਲਕੁਲ ਸਾਫ਼ ਦਿਸਦੇ ਹਨ।

ਇੱਕ ਗੋਲੀ ਦਾ ਨਿਸ਼ਾਨ ਜਿਲਦ ਦੇ ਗੱਤੇ ਵਿੱਚ ਸੱਜੇ ਪਾਸੇ ਵਲ ਦਿੱਸਦਾ ਹੈ। ਗੱਤੇ ਨੂੰ ਭੰਨਕੇ ਗੋਲੀ ਪਲਕਾਂ ਤੇ ਰੁਮਾਲਾਂ ਨੂੰ ਪਾੜਕੇ ਵਿੱਚ ਦੀ ਬਾਹਰ ਨਿਕਲੀ ਹੋਈ ਹੈ। ਸਾਰੀਆਂ ਗੋਲੀਆਂ ਪਹਾੜ ਦੇ ਬੂਹੇ ਬਾਣੀ ਮਹਾਰਾਜ ਦੇ ਅਗਲੇ ਪਾਸੇ ਲਗੀਆਂ ਹਨ, ਜਿਸ ਬੰਨੇ ਕਿ ਹਜ਼ੂਰੀ ਵਿਚ ਹਾਜ਼ਰ ਹੋ ਕੇ ਮੱਥਾ ਟੇਕੀਦਾ ਹੈ।

ਪੰਨਾ ੪੬੨ ਤੋਂ ਜੋ ਛੱਵ੍ਹੀਆਂ ਨਾਲ ਪੱਤਰੇ ਜ਼ਖਮੀ ਹੋਏ ਹਨ। ਉਥੋਂ ਸ੍ਰੀ ਆਸਾ ਜੀ ਦੀ ਵਾਰ ਦਾ ਆਰੰਭ ਹੁੰਦਾ ਹੈ, ਜਿਸ ਤੋਂ ਮਲੂਮ ਹੁੰਦਾ ਹੈ ਕਿ ਉਸ ਸਮੇਂ ਸ਼ਾਇਦ ਭਾ: ਲਛਮਣ ਸਿੰਘ ਹੋਰਾਂ ਨੇ ਸ੍ਰੀ ਆਸਾ ਜੀ ਦੀ ਵਾਰ, ਪਾਠ ਕਰਨ ਲਈ ਕੱਢੀ ਹੋਵੇ।

ਮਹਾਰਾਜ ਦਾ ਉਪਰਲਾ ਰੁਮਾਲ ਤੇ ਜਿਲਦ ਦੇ ਗੱਤੇ ਭੀ ਗੋਲੀਆਂ ਨਾਲ ਛਾਨਣੀ ਛਾਨਣੀ ਹੋਏ ਹੋਏ ਹਨ। ਗੁਰਦੁਆਰਾ ਜਨਮ ਅਸਥਾਨ ਦੇ ਕਬਜ਼ੇ ਸਮੇਂ ਬੀੜ ਬਾਹਰ ਬਾਰਾਂਦਰੀ ਵਿਚ ਬੜੀ ਬੇ-ਅਦਬੀ ਨਾਲ ਉੱਚੜ ਪੈੜੀ ਜਿਹੀ ਹੋਈ ਪਈ ਵੇਖੀ ਗਈ ਸੀ, ਜੋ ਉਥੋਂ ਸਤਿਕਾਰ ਸਹਿਤ ਸੰਗਤ ਵਲੋਂ ਸੁਖਆਸਨ ਕੀਤੀ ਗਈ।

ਇਹ ਨੌਂ ਗੋਲੀਆਂ ਭਾ: ਧੰਨਾ ਸਿੰਘ ਜੀ ਠੇਕੇਦਾਰ ਸਿਲਾਂਵਾਲੀ ਪਾਸ ਹਨ; ਉਨ੍ਹਾਂ ਪਾਸੋਂ ਕਈ ਵੇਰ ਕਮੇਟੀ ਨੇ ਮੰਗ ਘਲੀਆਂ ਹਨ, ਪਰ ਉਨ੍ਹਾਂ ਅੱਜ ਤਕ ਨਹੀਂ ਦਿਤੀਆਂ ਹਨ। ਜੇ ਉਨ੍ਹਾਂ ਪਾਸੋਂ ਇਹ ਗੋਲੀਆਂ ਮਿਲ ਜਾਂਦੀਆਂ ਤਾਂ ਇਨ੍ਹਾਂ ਦੀਆਂ ਭੀ ਤਸਵੀਰਾਂ ਦਿਤੀਆਂ ਜਾਂਦੀਆਂ।

ਸ਼ਹੀਦੀ ਬੀੜ

ਵੇਖੋ ਛਵ੍ਹੀਆਂ ਦੇ ਫੱਟਾਂ ਦੇ ਨਿਸ਼ਾਨ



ਭਾਈ ਲਛਮਣ ਸਿੰਘ ਜੀ

ਜਥੇਦਾਰ

ਭਾਈ ਲਛਮਣ ਸਿੰਘ ਜੀ ਜਥੇਦਾਰ

ਧਾਰੋਵਾਲੀ

ਜਨਮ ਤੇ ਖ਼ਾਨਦਾਨ

ਆਪ ਦਾ ਜਨਮ ੧੬ ਭਾਦਰੋਂ ਸੰ: ੧੯੪੨ ਬਿ: ਨੂੰ ਪਿੰਡ ਧਾਰੋਵਾਲੀ ਜ਼ਿਲਾ ਗੁਰਦਾਸਪੁਰ ਵਿਚ ਇਕ ਉਘੇ ਸਿਖ ਘਰਾਣੇ ਵਿਚ ਮਾਤਾ ਹਰ ਕੌਰ ਦੀ ਕੁਖੋਂ, ਭਾ: ਮੇਹਰ ਸਿੰਘ ਦੇ ਘਰ ਹੋਇਆ। ਆਪ ਪੰਜ ਭੈਣ ਭਰਾ ਸਨ:–੧. ਭਾ: ਊਧਮ ਸਿੰਘ, ੨. ਭਾ: ਹਾਕਮ ਸਿੰਘ, ੩. ਭਾ: ਮੂਲਾ ਸਿੰਘ, ੪. ਭਾ. ਲਛਮਨ ਸਿੰਘ, ੫. ਬੀਬੀ ਲਛਮਨ ਕੌਰ ਜੀ। ਆਪ ਦੇ ਪਿਤਾ ਭਾ: ਮੇਹਰ ਸਿੰਘ ਜੀ ਮਹਾਰਾਜਾ ਨੌਨਿਹਾਲ ਸਿੰਘ ਦੀ ਸੂਰਜ-ਮੁਖੀ ਫ਼ੌਜ ਵਿਚ ਸਿਪਾਹੀ ਭਰਤੀ ਹੋ ਗਏ ਸਨ। ਅੰਗਰੇਜ਼ਾਂ ਦੀ ਅਮਲਦਾਰੀ ਵਿਚ ਇਹ ਪਲਟਨ ਤੋੜ ਕੇ ਪੁਲਸ ਵਿਚ ਬਦਲ ਦਿਤੀ ਗਈ। ਇਥੇ ਆਪ ਨੇ ਅਜਿਹੀ ਸਿਆਣਪ ਤੇ ਇਮਾਨਦਾਰੀ ਨਾਲ ਨੌਕਰੀ ਕੀਤੀ, ਕਿ ਆਪ ਥਾਣੇਦਾਰੀ ਦੇ ਹੁੱਦੇ ਤਕ ਪੁਜ ਗਏ, ਜਿੱਨਾ ਚਿਰ ਭੀ ਆਪ ਥਾਣੇਦਾਰੀ ਕਰਦੇ ਰਹੇ, ਕਦੀ ਇਕ ਪੈਸਾ ਵੀ ਵੱਢੀ ਚੀਰੇ ਦਾ ਨਹੀਂ ਲਿਆ ਸੀ। ਆਪ ਧਰਮ ਨਾਲ ਸਦਾ ਪਿਆਰ ਕਰਦੇ ਸਨ, ਫ਼ਾਰਸੀ ਦੇ ਚੰਗੇ ਵਿਦਵਾਨ ਸਨ। ਸੰ: ੧੮੮੮ ਵਿਚ ਚਾਲੀ ਸਾਲ ਦੀ ਨੌਕਰੀ ਪਿਛੋਂ ਪਿਨਸ਼ਨ ਲੈ ਕੇ ਘਰ ਆ ਗਏ। ਬਾਰ ਜ਼ਿਲਾ ਸ਼ੇਖ਼ੂਪੁਰੇ ਵਿਚ ਆਪ ਨੂੰ ਛੇ ਮੁਰੱਬੇ ਜ਼ਮੀਨ ਮਿਲੀ, ਤਦ ਸੰ: ੧੮੯੨ ਈ: ਵਿਚ ਧਾਰੋਵਾਲੀ ਚਕ ਨੰ: ੩੩ ਵਿਚ ਆ ਗਏ। ਮੁਢੋਂ ਹੀ ਗੁਰੂ ਘਰ ਨਾਲ ਬੜਾ ਡੂੰਘਾ ਪਿਆਰ ਸੀ। ਇਥੇ ਆਉਂਦਿਆਂ ਹੀ ਆਪਣਾ ਘਰ ਬਨਾਉਣ ਤੋਂ ਪਹਿਲਾਂ ਗੁਰਦੁਆਰਾ ਬਣਾਇਆ। ਆਪ ਬੜੇ ਭਜਨੀਕ ਤੇ ਸਤਸੰਗੀ ਪੁਰਸ਼ ਸਨ, ਦਿਲ ਵਿਚ ਪੰਥ ਸੇਵਾ ਦਾ ਬੜਾ ਦਰਦ ਤੇ ਸ਼ੌਕ ਸੀ। ਬੜੇ ਜਤੀ ਸਤੀ ਤੇ ਡੀਲ ਡੌਲ ਵਾਲੇ

ਭਾਰੇ ਜਵਾਨ ਸਨ। ਕਿਤਨਾ ਕਿਤਨਾ ਚਿਰ ਖ਼ਾਲਸਾ ਪ੍ਰਚਾਰਕ ਵਿਦਜਾਲਾ ਸ੍ਰੀ ਤਰਨ ਤਾਰਨ ਵਿਚ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸੁਣਦੇ ਰਿਹਾ ਕਰਨਾ। ਸਿਖ ਆਸ਼ਰਮਾਂ ਤੇ ਧਾਰਮਕ ਕੰਮਾਂ ਨਾਲ ਡਾਢਾ ਪਿਆਰ ਸੀ। ਇਸ ਸਮੇਂ ਗੁਰਮਤ ਦੇ ਖੋਜੀ ਪ੍ਰਚਾਰਕ ਵਿਦਜਾਲੇ ਦੇ ਕਈ ਸਾਊ ਵਿਦਿਆਰਥੀਆਂ ਨਾਲ ਭੀ ਆਪ ਦਾ ਮੇਲ ਜੋਲ ਸ਼ੁਰੂ ਹੋ ਗਿਆ ਸੀ।

ਬਚਪਨ ਦਾ ਹਾਲ

ਆਪ ਦੇ ਪਿਤਾ ਜਦ ਬਾਰ ਵਿਚ ਆਏ ਤਦ ਉਸ ਸਮੇਂ ਆਪ ਦੀ ਉਮਰ ਮਸਾਂ ਅਠ ਨੌਂ ਸਾਲ ਦੀ ਹੋਵੇਗੀ। ਇਸ ਵੇਲੇ ਆਪ ਨੂੰ ਮਾਲ ਡੰਗਰ ਚਾਰਨ ਤੇ ਲਾਇਆ ਹੋਇਆ ਸੀ। ਜਦ ਆਪ ਇਕ ਵਾਗੀ ਦੀ ਹੈਸੀਅਤ ਵਿਚ ਢਾਂਡੇ ਚਾਰਦੇ ਸਨ ਤਾਂ ਕੌਣ ਇਹ ਖ਼ਿਆਲ ਕਰ ਸਕਦਾ ਸੀ ਕਿ ਕਲ ਨੂੰ ਇਹ ਭੁਝੰਗੀ ਆਪਣੀ ਜਥੇਦਾਰੀ ਥਲੇ ਸ਼ਹੀਦੀ ਦਲ ਲੈ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਜਨਮ ਅਸਥਾਨ ਵਿਚੋਂ ਪਾਪਾਂ ਦੀ ਮੈਲ ਧੋਵੇਗਾ ਤੇ ਸ਼ਹੀਦੀ ਦਾ ਪਵਿਤ੍ਰ ਦਰਜਾ ਪ੍ਰਾਪਤ ਕਰਕੇ ਸਾਰੇ ਪੰਥ ਵਿਚ ਸਨਮਾਨਿਆ ਜਾਵੇਗਾ। ਆਪ ਦੀ ਬ੍ਰਿਤੀ ਵਿਚ ਸਾਧੂਆਂ ਸੰਤਾਂ ਅਰ ਗੁਰਮੁਖ ਪੁਰਸ਼ਾਂ ਦਾ ਸਤਿਸੰਗ ਕਰਨ ਅਤੇ ਉਨ੍ਹਾਂ ਦੇ ਬਚਨ ਬਲਾਸ ਸੁਣਨ ਦਾ ਬੜਾ ਉਤਸ਼ਾਹ ਰਹਿੰਦਾ ਸੀ। ਇਸ ਵਾਸਤੇ ਜਦ ਕਦੇ ਕੋਈ ਸਾਧੂ ਜਾਂ ਫ਼ਕੀਰ ਨਗਰੋਂ ਬਾਹਰ ਆ ਡੇਰਾ ਲਾਉਂਦਾ ਸੀ ਜਾਂ ਕਿਧਰੇ ਰਸਤੇ ਵਿਚ ਆਉਂਦਾ ਜਾਂਦਾ ਮਿਲ ਜਾਂਦਾ ਸੀ ਤਾਂ ਆਪ ਉਸ ਨਾਲ ਗਲਾਂ ਬਾਤਾਂ ਕਰਨ ਵਿਚ ਜੁਟ ਪੈਂਦੇ ਸਨ, ਜਿਸ ਕਰਕੇ ਪਸ਼ੂ ਚੌਣੇ ਵਿਚੋਂ ਨਿਖੜ ਕੇ ਲੋਕਾਂ ਦੀਆਂ ਪੈਲੀਆਂ ਵਿਚ ਜਾ ਵੜਦੇ ਸਨ, ਆਪ ਦੇ ਪਿਤਾ ਪਾਸ ਇਸ ਕਿਸਮ ਦੇ ਨਿਤ ਉਲਾਂਭੇ ਆਉਂਦੇ ਸਨ, ਕਿ ਆਪ ਦਾ ਭੁਝੰਗੀ ਐਵੇਂ ਕਮਲਿਆਂ ਰਮਲਿਆਂ ਨਾਲ ਗਲੀਂ ਬਾਤੀਂ ਰੁਝਾ ਰਹਿੰਦਾ ਹੈ ਅਤੇ ਮਾਲ ਦੇ ਮੋੜਣ ਵਲ ਧਿਆਨ ਨਹੀਂ ਰਖਦਾ। ਪਿਤਾ ਦੇ ਤਾੜ ਕੇ ਪੁਛਣ ਤੇ ਆਪ ਨੇ ਭੋਲੇ-ਭਾ ਕਹਿ ਦੇਣਾ ਕਿ ਬਾਪੂ ਜੀ! ਉਹ ਫ਼ਕੀਰ ਗੱਲਾਂ ਵਾਹਵਾ ਮਿਠੀਆਂ ਤੇ ਚੰਗੀਆਂ ਕਰਦਾ ਸੀ ਸੁ ਸ਼ਾਇਦ ਮੇਰਾ ਖ਼ਿਆਲ ਪਸੂਆਂ ਵਲੋਂ ਉਟਕ ਗਿਆ ਹੋਊ।

ਵਿਦਯਾ ਪ੍ਰਾਪਤੀ, ਸੁਭਾ ਤੇ ਮਨਚਲੀਆਂ

ਜਦ ਆਪ ਡੰਗਰ ਚਾਰਦੇ ਸਨ ਇਸ ਦੇ ਨਾਲ ਹੀ ਸੰਤ ਅਰਜਨ ਸਿੰਘ ਨਿਰਮਲੇ ਪਾਸ ਆਪ ਨੂੰ ਪੜ੍ਹਣੇ ਬਿਠਾ ਦਿਤਾ। ਹੋਰ ਪੜ੍ਹਾਈਆਂ ਲਈ ਭੀ ਮਾਪਿਆਂ ਨੇ ਬਤੇਰਾ ਯਤਨ ਕੀਤਾ ਪਰ ਆਪ ਨੇ ਕਿਹਾ ਕਿ ਮੈਂ ਇਕੋ ਗੁਰਮੁਖੀ ਹੀ ਪੜ੍ਹਨੀ ਹੈ। ਇਸ ਤਰਾਂ ਕੋਸ਼ਸ਼ ਕਰਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਹੋ ਗਏ ਅਤੇ ਜ਼ਿਮੀਂਦਾਰੀ ਕਿਰਤ ਵਿਚ ਹਥ ਵਟਾਉਂਦੇ ਰਹੇ। ਇਸ ਸਮੇਂ ਆਪ ਨੂੰ ਗੁਰਮੁਖੀ ਦੀਆਂ ਆਮ ਪੁਸਤਕਾਂ ਪੜ੍ਹਣ ਦਾ ਏਡਾ ਸ਼ੌਕ ਹੋ ਗਿਆ ਸੀ ਕਿ ਆਪ ਨੇ ਬਹੁਤ ਸਾਰੀਆਂ ਨਵੀਆਂ ਪੁਸਤਕਾਂ ਖ਼ਰੀਦ ਲਈਆਂ ਸਨ।

ਛੋਟੀ ਉਮਰ ਤੋਂ ਹੀ ਆਪ ਬਹੁਤ ਨਿਡੱਰ ਅਤੇ ਮਨਚਲੇ ਹੋਇਆ ਕਰਦੇ ਸਨ। ਇਕ ਖ਼ਾਸ ਗਲ ਜੋ ਆਪ ਦੇ ਜੀਵਨ ਵਿਚ ਪਾਈ ਗਈ ਸੀ ਉਹ ਇਹ ਸੀ ਕਿ ਆਪ ਦੇ ਸਰੀਰ ਉਤੇ ਕਿਸੇ ਜ਼ਹਿਰੀਲੀ ਚੀਜ਼ ਦਾ ਬਹੁਤ ਘਟ ਅਸਰ ਹੋਇਆ ਕਰਦਾ ਸੀ, ਇਸ ਕਰਕੇ ਆਪ ਨੇ ਕਈ ਵੇਰ ਸਪ ਫੜ ਕੇ ਪਗ ਦੇ ਪੇਚ ਵਿਚ ਲਪੇਟ ਕੇ ਬੰਨ੍ਹ ਲਿਆ ਕਰਨਾ ਅਤੇ ਵੇਖਣ ਵਾਲਿਆਂ ਨੇ ਹਕੇ ਬਕੇ ਰਹਿ ਜਾਣਾ। ਖੱਖਰ ਤੋਂ ਭੂੰਡਾਂ ਦੀ ਮੁਠ ਭਰ ਲਿਆ ਕਰਨੀ, ਅਨ੍ਹਾਂ ਇਕੱਠੇ ਕਰਕੇ ਉਨ੍ਹਾਂ ਦੇ ਹਾਰ ਬਣਾ ਕੇ ਨਿਝੱਕ ਹੋ ਕੇ ਗਲ ਵਿਚ ਪਾ ਲਿਆ ਕਰਨੇ। ਪਿੰਡ ਵਿਚ ਇਨ੍ਹਾਂ ਦੀ ਹਮ-ਉਮਰ ਦਾ ਇਕ ਪੰਡਤ ਕਾਂਸ਼ੀ ਰਾਮ ਦੁਕਾਨਦਾਰ ਹੁੰਦਾ ਸੀ, ਉਸ ਨਾਲ ਇਨ੍ਹਾਂ ਦੀ ਬੜੀ ਦਿਲ-ਲਗੀ ਰਿਹਾ ਕਰਦੀ ਸੀ। ਬਿਛੂ ਦੀ ਪੁੜੀ ਬੰਨ੍ਹ ਕੇ ਰੰਗ ਵਾਪਸ ਕਰਨ ਦੇ ਬਹਾਨੇ ਉਸ ਦੀ ਤਲੀ ਤੇ ਰਖ ਦਿਆ ਕਰਨੀ। ਜਦੋਂ ਓਸ ਨੇ ਪੁੜੀ ਖੋਹਲ ਕੇ ਰੰਗ ਡੱਬੇ ਵਿਚ ਸੁਟਣ ਲਗਣਾ ਤਾਂ ਬਿਛੂ ਵੇਖ ਕੇ ਤ੍ਰਾਹ ਨਿਕਲ ਜਾਣਾ। ਸਪ ਫੜ ਕੇ ਕਪਾਹ ਵਿਚ ਲੁਕੋ ਕੇ ਤਕੜੀ ਵਿਚ ਸੌਦਾ ਲੈਣ ਦੇ ਬਹਾਨੇ ਰਖ ਦਿਆ ਕਰਨਾ। ਬੋਤਲ ਵਿਚ ਸਪ ਪਾ ਕੇ ਦੁਕਾਨਦਾਰ ਨੂੰ ਆਖਣਾ ਕਿ ਇਸ ਵਿਚ ਤੇਲ ਪਾ ਦਿਓ। ਜ਼ਿਲਾ ਗੁਰਦਾਸਪੁਰ ਵਿਚ ਪਿੰਡ ਚੱਠੇ ਸੀੜੇ ਦੇ ਨਖਾਸੂ ਤੇ ਉਡਣਾ ਸਪ ਪੈਂਦਾ ਸੀ। ਇਸ ਉਡਣੇ ਸਪ ਨੇ ਇਸ ਬੰਨੇ ਦਾ ਰਾਹ ਰੋਕ ਛਡਿਆ ਸੀ। ਆਮ ਲੋਕਾਂ ਵਿਚ ਇਸ

ਗਲ ਦੀ ਕਾਂ ਵੱਟੀ ਫਿਰੀ ਹੋਈ ਸੀ ਤੇ ਡਰਦਾ ਮਾਰਾ ਕੋਈ ਇਸ ਰਾਹੇ ਨਹੀ ਲੰਘਿਆ ਕਰਦਾ ਸੀ। ਆਪ ਰਬ-ਸਬੱਬੀਂ ਆਪਣੇ ਭਰਾ ਨਾਲ ਇਸ ਰਸਤੇ ਕਿੱਧਰੇ ਵਾਂਢੇ' ਟੀਂਡੇ ਜਾ ਰਹੇ ਸਨ। ਲੋਕਾਂ ਰੋਕਿਆ ਤੇ ਖ਼ਬਰਦਾਰ ਕੀਤਾ, ਕਿ ਇਸ ਰਸਤੇ ਨਾ ਲੰਘੋ, ਉਡਣਾ ਸੱਪ ਪੈਂਦਾ ਹੈ, ਮਤਾਂ ਕਿਤੇ ਭੁਲੇਖੇ ਵਿੱਚ ਹੀ ਅਜਾਈਂ ਜਾਨ ਨਾ ਗੁਆ ਲਿਆ ਜੇ ? ਇਸ ਰਾਹੇ ਜੇਹੜਾ ਭੀ ਹੁਣ ਤੱਕ ਲੰਘਿਆ ਹੈ ਉਸੇ ਨੂੰ ਚਿੱਤ ਹੀ ਰਖਿਆ ਹੈ। ਤਾਂ ਇਹ ਆਪਣੇ ਭਰਾ ਨੂੰ ਆਖਣ ਲੱਗੇ, ਕਿ ਚਲ ਖਾਂ ਟਹਿਲ ਸਿੰਘਾ ਵੇਖੀਏ, ਕਿ ਉਹ ਉਡਣਾ ਸੱਪ ਭਲਾ ਕਿੱਦਾਂ ਉਡਕੇ ਪੈਂਦਾ ਹੈ। ਉਹ ਤਾਂ ਨਾਲ ਨਾ ਤੁਰੇ, ਪਰ ਇਹ ਬਦੋ ਬਦੀ ਸਭ ਦੇ ਰੋਕਦਿਆਂ ਰੋਕਦਿਆਂ ਹੱਥ ਵਿੱਚ ਵਾੜ ਵਿਚੋਂ ਛਾਪਾ ਪੁੱਟਕੇ ਉਸ ਰਾਹੇ ਸਿੱਧੇ ਤੁਰ ਪਏ। ਅਗੋਂ ਤੂਤ ਉਤੋਂ ਜੋ ਸੱਪ ਉੱਡਕੇ ਆਇਆ, ਤਾਂ ਆਪ ਨੇ ਛਾਪਾ ਮਾਰਕੇ ਉਥੇ ਹੀ ਝੱਪ ਲਿਆ, ਤੇ ਛਿੱਤਰ ਮਾਰ ਮਾਰ ਕੇ ਉਸ ਨੂੰ ਉਥੇ ਹੀ ਥਾਂ ਮਾਰ ਦਿੱਤਾ। ਆਸੇ ਪਾਸੇ ਦੇ ਲੋਕੀਂ ਖੇਤਾਂ ਵਿਚੋਂ ਭੱਜਕੇ ਆਪ ਨੂੰ ਵੇਖਣ ਆਏ ਕਿ ਉਹ ਕਿਹੜਾ ਐਡਾ ਦਲੇਰ ਜੁਵਾਨ ਹੈ ਜਿਸਨੇ ਉਡਣੇ ਸੱਪ ਨੂੰ ਮਾਰ ਲਿਆ ਹੈ।

ਨਿੱਕੇ ਹੁੰਦੇ ਆਪਣੇ ਮਨ ਆਈ ਕੀਤੇ ਬਿਨਾਂ ਨਹੀਂ ਰਿਹਾ ਕਰਦੇ ਸਨ। ਆਪਣੇ ਪਿਤਾ ਨੂੰ ਨਿੱਤ ਦਿਹਾੜੇ ਕੋਈ ਨਾ ਕੋਈ ਉਲਾਂਭਾ ਦੂਆ ਹੀ ਦਿਆ ਕਰਨਾ, ਉਨ੍ਹਾਂ ਨੇ ਭੀ ਬੜਾ ਸਖ਼ਤ ਮਾਰਨਾ। ਇਕ ਦਿਨ ਪਿਤਾ ਨੇ ਤੂਤ ਦੀਆਂ ਛਮਕਾਂ ਨਾਲ ਬੁਰਾ ਮਾਰਿਆ ਤੇ ਆਖਿਆ ਕਿ ਤੂੰ ਇਸ ਤਰ੍ਹਾਂ ਦੀਆਂ ਬਦ-ਬਲਾਈਂ ਨਾ ਫੜਿਆ ਕਰ। ਜੇ ਕਿਤੇ ਕੋਈ ਚੀਜ਼ ਲੜ ਗਈ ਤੇ ਅਜਾਈਂ ਮਰ ਜਾਵੇਂਗਾ ਤੇ ਸਾਨੂੰ ਰਾਹ ਜਾਂਦੇ ਦਾ ਵਾਧੂ ਸਿਆਪਾ ਪਵੇ ਗਾ, ਤਾਂ ਆਖਣ ਲਗੇ ਕਿ ਬਾਪੂ ਜੀ ਮੈਂ ਹੁਣ ਇਹ ਕੰਮ ਛੱਡ ਦਿੱਤਾ ਹੈ, ਲੋਕੀਂ ਤੁਹਾਡੇ ਪਾਸ ਐਵੇਂ ਝੂਠੀਆਂ ਊਜਾਂ ਲਾਉਂਦੇ ਹਨ। ਪਰ ਉਸੇ ਵੇਲੇ ਹੀ ਆਪ ਦੀਆਂ ਕੱਛਾਂ ਵਿਚੋਂ ਡਿੱਗਕੇ ਪੰਜ ਛੇ ਸਾਹਨੇ ਦੌੜ ਗਏ।

ਜਵਾਨ ਹੋਏ ਤਾਂ ਕੁਸ਼ਤੀ ਕਰਨ ਦਾ ਸ਼ੌਕ ਪੈਦਾ ਹੋ ਗਿਆ। ਆਪ ਦਾ ਸਰੀਰ ਬਹੁਤ ਬਲਵਾਨ ਸੀ। ਆਪ ਦੋ ਆਮ ਆਦਮੀਆਂ ਨਾਲੋਂ ਤਕੜੇ ਹੋਇਆ ਕਰਦੇ ਸਨ। ਇਕ ਵੇਰ ਕਿਤੋਂ ਵਾਂਢਿਓਂ ਆਉਂਦਿਆਂ ਹੋਇਆਂ ਸੁਭਾਵਕ ਹੀ ਨਜ਼ਾਮਪੁਰ ਚੇਲ਼ੇ ਵਾਲੇ ਅਖਾੜੇ ਵਿੱਚ ਨਿਕਲਕੇ ਕੁਸ਼ਤੀ ਘੁਲਣ ਲਗੇ ਤਾਂ ਸਾਹੇ

ਅਖਾੜੇ ਵਿਚੋਂ ਕਿਸੇ ਦਾ ਜਾਂਘੀਆ ਹੀ ਆਪਦੇ ਮੇਚ ਨ ਆਵੇ। ਸ੍ਰੀਰ ਭਾਰਾ ਅਤੇ ਤਾਕਤਵਰ ਸੀ। ੧੫ ਹੱਥ ਲੰਮੀ ਛਾਲ ਮਾਰਿਆ ਕਰਦੇ ਸਨ। ਲਾਇਲਪੁਰੋਂ ਦੌੜਾਂ ਅਤੇ ਨੇਜ਼ਾ-ਬਾਜ਼ੀ ਵਿੱਚ ਕਈ ਵੇਰ ਪਹਿਲੇ ਨੰਬਰ ਦਾ ਇਨਾਮ ਪ੍ਰਾਪਤ ਕੀਤਾ ਸੀ। ਜੱਫਲ ਕੌਡੀ ਵਿੱਚ ਚਾਰ ਚਾਰ ਬੰਦਿਆਂ ਨੂੰ ਭੁਵਾਂ ਭੁਵਾਂ ਸੁਟੀ ਜਾਣਾ। ਦਿਲ ਦੇ ਬੜੇ ਦਲੇਰ ਅਤੇ ਬੇਖ਼ੌਫ਼ ਸਨ। ਆਪਦੇ ਵੱਡੇ ਭਰਾ ਦੀ ਇੱਕ ਛਿਪਰੀ ਮਹਿੰ ਬਹੁਤ ਮਾਰਦੀ ਸੀ। ਇਹ ਇਕ ਦਿਨ ਪਰ੍ਹੇ ਵਿੱਚ ਬੈਠੇ ਆਪਣੇ ਭਰਾ ਨੂੰ ਮਖ਼ੌਲ ਨਾਲ ਆਖਣ ਲਗੇ ਕਿ ਮੈਂ ਤਦ ਸਮਝਾਂ ਜੇ ਕਦੇ ਛਿਪਰੀ ਮਹਿੰ ਮੈਨੂੰ ਮਾਰ ਕੇ ਦਸੇ। ਇਸੇ ਵੇਲੇ ਸੁਭਾਵਕ ਹੀ ਮਾਲ ਬਾਹਰ ਛਿੜਿਆ ਜਾ ਰਿਹਾ ਸੀ ਤੇ ਇਸ ਚੌਣੇ ਵਿੱਚ ਉਹ ਮਾਰਕੀ ਮੱਝ ਭੀ ਬਾਹਰ ਚਰਨ ਲਈ ਜਾ ਰਹੀ ਸੀ। ਤਦ ਉਥੇ ਬੈਠੇ ਸਭ ਚਾਘੜ-ਹਥਿਆਂ ਨੇ ਆਖਿਆ ਕਿ ਲਓ ਜੀ ਔਹ ਮੱਝ ਜਾਂਦੀ ਜੇ, ਜੇ ਹੌਂਸਲਾ ਪੈਂਦਾ ਹੈ ਤਦ ਉਸਦੇ ਸਾਹਮਣੇ ਹੋਕੇ ਦਸੋ ? ਆਪ ਸੋਟਾ ਫੜਕੇ ਮਹਿੰ ਦੇ ਮੋਹਰੇ ਵੰਗਾਰ ਕੇ ਖੜੋ ਗਏ,ਉਹ ਭੀ ਅਗੋਂ ਨਾਹਰੀਆਂ ਅੱਖਾਂ ਕੱਢਕੇ ਧੁਸ ਦੇਕੇ ਇਨ੍ਹਾਂ ਵਲ ਸਿਧੀ ਆਈ। ਭਰਾ ਨੇ ਆਖਿਆ ਡਾਂਗ ਹਥੋਂ ਸੁਟ ਦੇਹ, ਜੇ ਜ਼ੋਰ ਨਾਲ ਮਾਰੀ ਉ ਤਦ ਉਹ ਮਰ ਜਾਵੇਗੀ, ਮਾਰਨ ਦਾ ਕੋਈ ਕਰਾਰ ਨਹੀਂ। ਆਪ ਨੇ ਸੋਟਾ ਪਰੇ ਵਗਾਹ ਕੇ ਸੁਟ ਦਿਤਾ ਤੇ ਕਿਹਾ ਕਿ ਬਿਨਾਂ ਸੋਟਿਓਂ ਹੀ ਮੁਕਾਬਲਾ ਸਹੀ।

ਆਪ ਨੂੰ ਪੁਠੀਂ ਪੈਰੀਂ ਦੌੜਣ ਦੀ ਬੜੀ ਮੁਹਾਰਤ ਸੀ, ਪਿਛਲੀ ਪੈਰੀਂ ਦੌੜੀ ਗਏ। ਮਹਿੰ ਸਿੱਧੀ ਵਧੀ ਆਈ,ਜਦ ਨੇੜੇ ਆਕੇ ਸਿੰਙ ਮਾਰਨ ਲਗੀ ਤਦ ਝੱਟ ਫੁਰਤੀ ਨਾਲ ਸਿੰਙ ਨੂੰ ਹੱਥ ਪਾਕੇ ਉਸਦੀ ਪਿੱਠ ਤੇ ਚੜ੍ਹਕੇ ਖੜੋ ਗਏ। ਮਹਿੰ ਬਤੇਰੀ ਭੁੜਕੀ ਤੇ ਦੌੜੀ,ਪਰ ਆਪ ਭੁੰਜੇ ਨ ਡਿੱਗੇ। ਭਰਾ ਨੇ ਖ਼ੁਸ਼ ਹੋਕੇ ਪੰਜ ਸੇਰ ਘਿਉ ਇਨਾਮ ਵਜੋਂ ਦਿੱਤਾ।

ਆਪ ਘੋੜੀ ਦੇ ਮੰਨੇ ਹੋਏ ਮਿਥਵੇਂ ਸਵਾਰ ਸਨ। ਆਪਣੇ ਦੋਵੇਂ ਕੰਨ ਹੱਥਾਂ ਨਾਲ ਫੜਕੇ ਭਜੀ ਜਾਂਦੀ ਘੋੜੀ ਤੇ ਪਲਾਕੀ ਮਾਰਕੇ ਚੜ੍ਹ ਜਾਇਆ ਕਰਦੇ ਸਨ। ਮਿਥਵੇਂ ਘੋੜ-ਸੁਆਰ ਦੇ ਅਗੇ ਸ਼ਰਤ ਲਾਕੇ ਦੌੜਣਾ ਤੇ ਫੜਾਈ ਨਾ ਦਿਆ ਕਰਨੀ। ਦਸ ਫ਼ੁਟ ਉੱਚੀ ਕੰਧ ਤੇ ਛਿੱਤਰ ਰਖਕੇ, ਦੂਰੋਂ ਭੱਜਕੇ ਆਣਕੇ ਹੰਭਲਾ ਮਾਰਕੇ ਪੈਰ ਨਾਲ ਛਿੱਤਰ ਥੱਲੇ ਲਾਹ ਦਿਆ ਕਰਦੇ ਸਨ। ਭੱਜੀ ਜਾਂਦੀ

ਡਾਚੀ ਤੇ ਉਸ ਦੀ ਪੂਛ ਫੜਕੇ ਸਹਿਜ ਸੁਭਾ ਉਪਰ ਚੜ੍ਹ ਜਾਇਆ ਕਰਦੇ ਸਨ।

ਆਪ ਦਿਲ ਦੇ ਦਲੇਰ, ਸੁਭਾ ਦੇ ਸਖ਼ੀ ਤੇ ਦਾਤੇ ਸਨ। ਇਕ ਵੇਰ ਮਰਾਸੀ ਨੇ ਸੇ ਲਾਈ ਅਤੇ ਆਪ ਨੂੰ ਆਕੇ ਅਸੀਸ ਕੀਤੀ ਤਾਂ ਕਣਕ ਦੀ ਮੁੱਠ ਭਰਕੇ ਆਖਣ ਲਗੇ ਕਿ ਲੈ ਦਾਦਾ ਇਹ ਦਾਣੇ ਬਥੇਰੇ ਹਨ ? ਤਾਂ ਮਰਾਸੀ ਆਖਣ ਲਗਾ ਕਿ ਧਰਮੀ ਜਜਮਾਨ, ਤੁਹਾਥੋਂ ਤਾਂ ਮੈਂ ਦਾਣਿਆਂ ਨਾਲ ਰੁਪਿਆਂ ਦੀਆਂ ਭਰੀਆਂ ਹੋਈਆਂ ਮੁੱਠਾਂ ਦੀ ਆਸ ਰੱਖੀ ਬੈਠਾਂ ਹਾਂ;ਮੋਤੀਆਂ ਵਾਲਿਆ,ਇਨ੍ਹਾਂ ਦਾਣਿਆਂ ਨਾਲ ਮੇਰਾ ਕੀ ਬਣਦਾ ਹੈ। ਜਦ ਮੁੱਠ ਖੋਲ੍ਹੀ ਤਾਂ ਦਾਣਿਆਂ ਦੇ ਨਾਲ ਮੁੱਠ ਵਿੱਚ ਦੋ ਰੁਪਏ ਭੀ ਸਨ ਤਾਂ ਮੀਰਜ਼ਾਦਾ ਬਹੁਤ ਖ਼ੁਸ਼ ਹੋਇਆ।

ਪਿੰਡ ਵਿੱਚ ਆਕੇ ਬਾਜੀਗਰਾਂ ਦੇ ਡੇਰੇ ਉਤਰਨੇ, ਤਦ ਉਨ੍ਹਾਂ ਨੂੰ ਇਕੱਲਿਆਂ ਹੀ ਅੱਠ ਅੱਠ ਸਤ ਸਤ ਦਿਨਾਂ ਦੀਆਂ ਰਸਦਾਂ ਦੇ ਦਿਆ ਕਰਨੀਆਂ। ਇਕ ਵੇਰ ਹੱਟੀਆਂ ਵਿੱਚ ਜਲੇਬ ਨਿਕਲਦੇ ਵੇਖਕੇ ਸਿੰਘਾਂ ਨੇ ਵੰਗਾਰਿਆ ਕਿ ਸਾਨੂੰ ਜਲੇਬਾਂ ਨਾਲ ਰਜਾਓ। ਤਦ ਚਾਰ ਪ੍ਰਾਤਾਂ ਜਲੇਬਾਂ ਦੀਆਂ ਖ਼ਰੀਦ ਕੇ ਸਭ ਨੂੰ ਬੱਸ ਬੱਸ ਕਰਾਕੇ ਛੱਡਿਆ। ਆਪ ਬੜੇ ਤਾਕਤਵਾਰ ਤੇ ਦਿਲਾਵਰ ਜਵਾਨ ਹੋਣ ਦੇ ਕਾਰਨ, ਚੰਗੇ ਹੋਣਹਾਰ ਜਵਾਨ ਹੋਣ ਵਾਲੇ ਹੱਡਾਂ ਪੈਰਾਂ ਦੇ ਮੋਕਲਿਆਂ ਗਭਰੂਆਂ ਨਾਲ ਪੁੱਜਕੇ ਪਿਆਰ ਕਰਿਆ ਕਰਦੇ ਸਨ। ਮੁਢੋਂ ਆਪੋਂ ਘੁਲਣ ਦਾ ਸ਼ੌਕ ਹੋਣ ਦੇ ਸਬੱਬ ਆਪਣੇ ਨਗਰ ਦੇ ਇੱਕ ਕੇਸਰ ਸਿੰਘ ਨੌਜਵਾਨ ਨੂੰ ਡੇਢ ਸੌ ਰੁਪਏ ਦੇ ਬਾਦਾਮ ਤੇ ਘਿਉ ਖੁਆ ਕੇ ਲਾਗੇ ਬੰਨੇ ਦੇ ਸਭ ਗਭਰੂਆਂ ਨੂੰ ਢੁਆ ਦਿਤਾ। ਇਸਤੋਂ ਬਿਨਾਂ ਸਭ ਤੋਂ ਵਡੀ ਖ਼ੂਬੀ ਵਾਲੀ ਗਲ ਆਪਦੇ ਜੀਵਨ ਵਿਚ ਇਹ ਸੀ ਕਿ ਆਪਣੇ ਬਾਹਰੇ ਵਿਚ ਕਿਸੇ ਨੂੰ ਧੀ ਦਾ ਪੈਸਾ ਨਹੀਂ ਲੈਣ ਦਿਆ ਕਰਦੇ ਸਨ। ਜਿਥੇ ਕਿਤੇ ਇਸ ਕਿਸਮ ਦੀ ਭੈੜੀ ਗਲ ਸੁਣਨੀ ਝਟ ਖੂੰਡਾ ਲੈ ਕੇ ਖੜੋ ਜਾਣਾ ਤੇ ਲਲਕਾਰ ਕੇ ਆਖਣਾ ਕਿ ਕੁੜੀ-ਵੇਚ ਨੂੰ ਪਿੰਡੋਂ ਕਢਕੇ ਛਡਣਾ ਹੈ। ਲੋਕਾਂ ਭੀ ਇਸ ਭਲੇ ਕੰਮ ਵਿਚ ਆਪਦੀ ਪੁਜਕੇ ਮਦਦ ਕਰਨੀ। ਆਪ ਦਾ ਸਰੀਰ ਬਹੁਤ ਨਰੋਆ, ਰਿਸ਼ਟ ਪੁਸ਼ਟ ਤੇ ਦੂਹਰੇ ਬੰਦ ਦਾ ਸੀ, ਕਦ ਕਾਠ ਭੀ ਬਹੁਤ ਭਾਰਾ ਸੀ। ਆਪਦਾ ਵਜ਼ਨ ਦੋ ਮਣ ਪੈਂਤੀ ਸੇਰ ਤੇ ਕਦ ਪੂਰਾ ਛੇ ਫ਼ੁਟ ਸੀ। ਰੰਗ ਕਣਕ ਭਿੰਨਾ, ਮਥਾ ਚੌੜਾ, ਅੱਖਾਂ ਮੋਟੀਆਂ, ਛਲੇਦਾਰ ਭਾਰਾ ਦਾਹੜਾ। ਕਦੇ ਗੁੱਸੇ ਵਿਚ ਆਕੇ ਲਾਲ ਅੱਖਾਂ

ਕਢਣੀਆਂ ਤਾਂ ਵੇਖਣ ਵਾਲੇ ਨੂੰ ਬਹੁਤ ਖ਼ੌਫ਼ ਆਇਆ ਕਰਦਾ ਸੀ।

ਆਮ ਖ਼ੁਰਾਕ ਤੇ ਹੋਰ ਖਾਣ ਪੀਣ ਦੀਆਂ ਗੱਲਾਂ

ਆਪ ਵਿਚ ਜਿਥੇ ਬਹੁਤ ਸਾਰਾ ਸ੍ਰੀਰਕ ਬਲ ਤੇ ਹੋਰ ਹੈਰਾਨ ਕਰਨ ਵਾਲੇ ਗੁਣ ਸਨ, ਉਸਦੇ ਨਾਲ ਹੀ ਆਪ ਖ਼ੁਰਾਕ ਭੀ ਏਨੀ ਖਾਇਆ ਕਰਦੇ ਸਨ ਕਿ ਜਿਸ ਨੂੰ ਸੁਣਕੇ ਬੰਦਾ ਹੈਰਾਨ ਹੋ ਜਾਂਦਾ ਹੈ। ਇਕ ਵੇਰ ਆਪਣੇ ਹਾਣੀਆਂ ਮਾਣੀਆਂ ਨਾਲ ਮਿਲਕੇ ਬਾਹਰ ਬੇਰ ਖਾਣ ਚਲੇ ਗਏ। ਆਪ ਦਾ ਸਰੀਰ ਬਹੁਤ ਭਾਰਾ ਸੀ ਜਿਸ ਕਰਕੇ ਸਾਥੀਆਂ ਨੇ ਆਖਿਆ ਕਿ ਤੁਸੀ ਬੇਰੀ ਤੇ ਨ ਚੜ੍ਹੋ, ਅਸੀਂ ਚੜ੍ਹਦੇ ਹਾਂ ਤੇ ਤੁਸੀ ਥਲਿਓਂ ਬੇਰ ਚੁਣ ਕੇ ਝੋਲੀ ਵਿਚ ਪਾਈ ਜਾਵੋ, ਤਦ ਆਖਣ ਲਗੇ : ਚੰਗਾ ਇਹ ਕੰਮ ਠੀਕ ਹੈ। ਉਨ੍ਹਾਂ ਹਲੂਣੇ ਮਾਰ ਮਾਰਕੇ ਬੜੇ ਬੇਰ ਝਾੜੇ, ਪਰ ਇਹ ਅੱਧੇ-ਪਚਧੇ ਤਾਂ ਨਾਲੋ ਨਾਲ ਖਾਈ ਗਏ। ਜਦ ਉਹ ਥਲੇ ਉਤਰੇ ਤੇ ਆਖਣ ਲਗੇ ਕਿ ਤੁਸੀ ਸਾਰੇ ਬੇਰ ਖਾ ਛਡੇ ਨੇ, ਇਹ ਗਲ ਚੰਗੀ ਨਹੀਂ ਕੀਤੀ ਹੈ, ਤਦ ਉਨ੍ਹਾਂ ਨੂੰ ਬੇਰ ਵਖਾਕੇ ਜ਼ਰਾ ਪਰੇ ਭੱਜਕੇ ਆਖਣ ਲਗੇ : ਅਗੇ ਖਾਧੇ ਤੇ ਨਹੀਂ ਸਨ ਪਰ ਜੇ ਤੁਹਾਨੂੰ ਬਹੁਤਾ ਭਰਮ ਹੈ ਤਦ ਲਉ ਫੇਰ ਹੁਣ ਖਾਧੇ ਚਲੇ ਜੇ। ਦੋ ਲੱਪਾਂ ਮਾਰ ਕੇ ਸਾਰੇ ਬੇਰ ਮੂੰਹ ਵਿਚ ਪਾ ਲਏ ਤੇ ਗੜੱਪੂੰ ਗੜੱਪੂੰ ਕਰਕੇ ਪਚਾਕੇ ਮਾਰਨ ਲਗ ਪਏ। ਸਾਥੀ ਬੜੇ ਖਿੱਝਣ ਤੇ ਆਖਣ ਕਿ ਅਸੀਂ ਵੱਟੀ ਬੇਰ ਝਾੜੇ ਹਨ ਤੂੰ ਸਾਰੇ ਹਜ਼ਮ ਕਰ ਗਿਆ ਏਂ, ਤਾਂ ਆਖਣ ਲਗੇ ਕਿ ਝੂਠ ਦਾ ਭੀ ਕੋਈ ਹਦ ਬੰਨਾ ਹੁੰਦਾ ਹੈ, ਮੈਂ ਤਾਂ ਸਭੋ ਪੰਜ ਸਤ ਬੇਰ ਹੀ ਖਾਧੇ ਹਨ। ਉਨ੍ਹਾਂ ਕਿਹਾ ਕਿ ਚੰਗਾ ਫੇਰ ਮੂੰਹ ਖੋਲ੍ਹਕੇ ਗਿਟਕਾਂ ਕਢ ਖਾਂ, ਆਪੇ ਪਤਾ ਲਗ ਜਾਵੇਗਾ। ਜਦ ਮੂੰਹ ਵਿਚੋਂ ਗਿਟਕਾਂ ਕਢੀਆਂ ਤਾਂ ਗਿਣਨ ਤੇ ਪੂਰੀਆਂ ੭੫ ਨਿਕਲੀਆਂ।

ਜਦੋਂ ਕਦੇ ਮਹਾਂ ਪ੍ਰਸ਼ਾਦ ਚਾੜ੍ਹਨਾ ਤਾਂ ਚਾਰ ਚਾਰ ਸੇਰ ਪੱਕਾ ਖਾ ਜਾਇਆ ਕਰਨਾ, ਸੋਲਾਂ ਸੋਲਾਂ ਪੋਨੇ ਗੰਨੇ ਚੂਪ ਜਾਇਆ ਕਰਨੇ। ਤੀਹ ਤੀਹ ਮਕੱਈ ਦੀਆਂ ਛਲੀਆਂ ਗਿਣਕੇ ਉਨ੍ਹਾਂ ਦੇ ਦਾਣੇ ਭੁੰਨਾਕੇ ਚਬ ਜਾਇਆ ਕਰਨੇ ਤੇ ਫੇਰ ਰਾਤ ਨੂੰ ਨਿਤਾ-ਪ੍ਰਤ ਵਾਂਗ ਰੋਟੀ ਭੀ ਖਾ ਜਾਇਆ ਕਰਨੀ। ਉਂਵ ਪੈਂਤੀ ਪੈਂਤੀ ਦੋਧਾ ਛੱਲੀਆਂ ਗਿਣਕੇ ਹਾਣੀਆਂ ਨਾਲ ਸ਼ਰਤ ਲਾਕੇ ਚਬ ਜਾਇਆ ਕਰਨੀਆਂ।

ਕਦੇ ਬਾਹਰ ਖੇਤਾਂ ਨੂੰ ਜਾਣ, ਤੇ ਭੱਠੀ ਤੋਂ ਸੇਰ ਸੇਰ ਪੱਕੇ ਦਾਣੇ ਭੁੰਨਾਕੇ ਚਬ ਜਾਇਆ ਕਰਨੇ।

ਇਕ ਵੇਰ ਆਪਣੇ ਮਿਤ੍ਰ ਕਾਂਸ਼ੀ ਰਾਮ ਨਾਲ ਅੰਮ੍ਰਿਤਸਰ ਗਏ, ਉਥੋਂ ਉਸਨੇ ਦੋ ਸੇਰ ਪੱਕੀਆਂ ਗੁੜ ਦੀਆਂ ਰਿਉੜੀਆਂ ਵੇਚਣ ਲਈ ਖ਼ਰੀਦੀਆਂ ਤੇ ਰਸਮੀ ਤੌਰ ਤੇ ਸੁਲਾਹ ਮਾਰੀ ਕਿ ਸਰਦਾਰ ਜੀ ਰਿਉੜੀਆਂ ਖਾ ਲਓ, ਤਦ ਆਖਣ ਲਗੇ ਕਿ ਪੰਡਿਤ ਜੀ ਮੇਰੀ ਦਾਹੜ ਦੁਖਦੀ ਹੈ ਮੈਥੋਂ ਨਹੀਂ ਚੱਬੀਆਂ ਜਾਣੀਆਂ, ਪਰ ਜਦੋਂ ਗੱਡੀ ਚੜ੍ਹੇ ਤਾਂ ਰਿਉੜੀਆਂ ਚੱਬਣੀਆਂ ਸ਼ੁਰੂ ਕਰ ਦਿਤੀਆਂ ਅਤੇ ਅਟਾਰੀ ਸਟੇਸ਼ਨ ਤੇ ਪੁਜਣ ਤਕ ਸਭ ਖ਼ਤਮ ਕਰ ਦਿਤੀਆਂ। ਇਕ ਵੇਰ ਸਾਂਗਲੇ ਅਠਾਰਾਂ ਮਣ ਕੱਚੇ ਮੱਸਰ ਵੇਚਣ ਗਏ ਅਤੇ ਮਸਰਾਂ ਦੀ ਕੀਮਤ ਦੇ ਬਾਰਾਂ ਰੁਪਏ ਵਟੇ, ਪਰ ਸ਼ਾਮ ਤਕ ਮਾਲ੍ਹ ਪੂੜੇ, ਫੈਨੀਆਂ ਤੇ ਰਿਉੜੀਆਂ ਖਾਕੇ ਸਾਰੀ ਰਕਮ ਖ਼ਤਮ ਕਰ ਦਿਤੀ। ਨਾਲ ਦੇ ਸਜਨ ਨੇ ਪੁਛਿਆ ਕਿ ਕਿੰਨੇ ਪੈਸੇ ਬਚਦੇ ਹਨ, ਤਾਂ ਜੇਬ ਵਿਚੋਂ ਕਢਕੇ ਇਕ ਆਨਾ ਵਖਾ ਦਿਤਾ। ਸੇਰ ਸੇਰ ਕੱਚਾ ਘਿਉ ਸੁਭਾਵਕ ਹੀ ਪੀ ਜਾਇਆ ਕਰਦੇ ਸਨ।

ਇਕ ਵੇਰ ਮੰਡੀ ਤੇ ਘੋੜੇ ਵੇਚਣ ਗਏ ਤਾਂ ਉਥੇ ਸ਼ਰਤ ਲਾਕੇ ਸਾਢੇ ਛੇ ਸੇਰ ਪੱਕਾ ਕੜਾਹ ਪੂੜੀ ਖਾ ਗਏ। ਇਕ ਵੇਰ ਪਿੰਡ ਆਪ ਦੇ ਪਿਤਾ ਨੇ ਦੋ ਰੁਪਏ ਦੀ ਸ਼ਰਦਾਈ ਲੈਕੇ ਦਿਤੀ ਤੇ ਕਿਹਾ ਕਿ ਘਰ ਨੂੰ ਲੈ ਚਲੋ। ਇਹ ਸ਼ਰਦਾਈ ਕਪੜੇ ਵਿਚ ਬੰਨ੍ਹਕੇ ਘਰ ਨੂੰ ਲੈ ਜਾ ਰਹੇ ਸਨ ਜੁ ਰਾਹ ਵਿਚ ਚਾਘੜ-ਹਥੇ ਯਾਰ ਬੇਲੀ ਮਿਲ ਪਏ, ਉਨ੍ਹਾਂ ਮਖ਼ੌਲ ਨਾਲ ਆਖਿਆ ਕਿ ਭਾਈ ਲਛਮਣ ਸਿੰਘਾ ਤਦ ਤੇਰੀ ਬਹਾਦਰੀ ਜਾਣੀਏ ਜੇ ਇਹ ਸਾਰੀ ਸ਼ਰਦਾਈ ਇਕੇ ਵੇਰ ਪੀਕੇ ਦਸੇਂ, ਤਦ ਆਖਣ ਲਗੇ ਲਓ ਭਈ ਭਾਵੇਂ ਬਾਪੂ ਹੋਰੀ ਮਾਰਨ ਹੀ, ਤੁਸੀ ਘੋਟ ਘੋਟ ਕੇ ਦਈ ਜਾਓ ਤੇ ਮੈਂ ਪੀਈ ਜਾਂਦਾ ਹਾਂ, ਜੇ ਬਚ ਰਹੀ ਤਾਂ ਜੋ ਦਿਲ ਆਵੇ ਆਖਣਾ। ਸੁ ਸਾਰੀ ਦੀ ਸਾਰੀ ਸ਼ਰਦਾਈ ਪੀ ਕੇ ਕਪੜਾ ਝਾੜ ਘਰ ਜਾ ਵੜੇ।

ਸ਼ਾਦੀ ਤੇ ਕਾਰ-ਵਿਹਾਰ

ਜਦ ਜਵਾਨ ਹੋ ਗਏ ਤਦ ਆਪ ਦੀ ਸ਼ਾਦੀ ਭਾਈ ਬੁਧ ਸਿੰਘ ਜੀ ਦੀ ਸਪੁਤ੍ਰੀ ਬੀਬੀ ਇੰਦਰ ਕੌਰ ਨਾਲ ੭ ਹਾੜ ਸੰ: ੧੯੫੮ ਬਿ:

ਨੂੰ ਬੰਡਾਲਾ ਚਕ ਨੰਬਰ ੬੪ ਵਿਚ ਹੋ ਗਈ। ੭ ਪੋਹ ਸੰ: ੧੯੬੪ ਬਿ: ਨੂੰ ਆਪ ਦੇ ਘਰ ਭੁਝੰਗੀ ਹਰਬੰਸ ਸਿੰਘ ਦਾ ਜਨਮ ਹੋਇਆ ਜੋ ਅਠ ਮਹੀਨੇ ਦਾ ਹੋ ਕੇ ਗੁਜ਼ਰ ਗਿਆ ਅਤੇ ਉਸਦੇ ਪਿਛੋਂ ਮੁੜ ਕੋਈ ਸੰਤਾਨ ਨ ਹੋਈ। ਵਾਹੀ ਜੋਤੀ ਵਲੋਂ ਵੇਹਲੇ ਹੋਕੇ ਆਪਨੇ ਬਜ਼ਾਜ਼ੀ ਦੀ ਦੁਕਾਨ ਪਾਈ, ਪ੍ਰੰਤੂ ਕੰਮ ਚੰਗਾ ਨਾ ਚਲਿਆ ਤਾਂ ਇਹ ਕੰਮ ਛਡਕੇ ਘੋੜਿਆਂ ਅਤੇ ਊਠਾਂ ਦਾ ਵਪਾਰ ਸ਼ੁਰੂ ਕਰ ਦਿਤਾ, ਇਹ ਕੰਮ ਭੀ ਅਧੂਰਾ ਛਡਕੇ ਫੇਰ ਪਿੰਡਾਂ ਦੀ ਕਪਾਹ ਖ਼ਰੀਦਨੀ ਸ਼ੁਰੂ ਕੀਤੀ, ਉਸ ਵਿਚੋਂ ਬਹੁਤ ਮੁਨਾਫ਼ਾ ਹੋਇਆ ਜੋ ਧਰਮ ਅਰਥ ਹੀ ਖ਼ਰਚ ਕਰ ਛਡਿਆ।

ਖ਼ਾਲਸਾ ਪ੍ਰਚਾਰਕ ਵਿਦਿਆਲਾ ਵਿਚ ਪੜ੍ਹਨਾ

ਇਨ੍ਹਾਂ ਦਿਨਾਂ ਵਿਚ ਭਾਈ ਟਹਿਲ ਸਿੰਘ ਜੀ ਝੁਬਾਲ, ਖ਼ਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ ਵਿਚ ਪੜ੍ਹਦੇ ਸਨ। ਭਾਈ ਮੇਹਰ ਸਿੰਘ ਹੋਰਾਂ ਨਾਲ ਇਨ੍ਹਾਂ ਦਾ ਚੰਗਾ ਪਿਆਰ ਪੈ ਗਿਆ। ਉਹ ਇਸੇ ਸਨੇਹ ਦੀ ਖਿੱਚ ਨਾਲ ਆਪਨੂੰ ਧਾਰੋਵਾਲੀ ਲੈ ਆਏ ਅਤੇ ਆਪਣੇ ਨਗਰ ਵਿਚ ਗੁਰਮਤ ਦਾ ਪ੍ਰਚਾਰ ਸ਼ੁਰੂ ਕਰਵਾ ਦਿਤਾ। ਉਸ ਸਮੇਂ ਇਕ ਨੰਬਰਦਾਰ ਦੀ ਹਵੇਲੀ ਵਿਚ ਈਸਾਈਆਂ ਦਾ ਸਕੂਲ ਚਲਦਾ ਸੀ। ਪਿੰਡ ਵਿਚ ਸਾਰੇ ਮੁੰਡੇ ਉਸ ਵਿਚ ਪੜ੍ਹਦੇ ਸਨ। ਗੁਰਦੁਆਰਾ ਬੰਦ ਸੀ ਅਤੇ ਨਗਰ ਦੋ ਧੜਿਆਂ ਵਿਚ ਪਾਟਿਆ ਹੋਇਆ ਸੀ। ਭਾ: ਟਹਿਲ ਸਿੰਘ ਜੀ ਨੇ ਬੜੀ ਮੇਹਨਤ ਅਤੇ ਦਿਲੀ ਪਿਆਰ ਨਾਲ ਲੋਕਾਂ ਵਿਚ ਗੁਰਮਤ ਦਾ ਪ੍ਰਚਾਰ ਸ਼ੁਰੂ ਕੀਤਾ। ਆਪ ਦੇ ਬੀਬੇ ਸੁਭਾ ਅਤੇ ਅਮਲੀ ਜੀਵਨ ਦਾ ਲੋਕਾਂ ਦੇ ਦਿਲਾਂ ਤੇ ਡੂੰਘਾ ਅਸਰ ਹੋਇਆ। ਉਨ੍ਹਾਂ ਨੇ ਪਿੰਡ ਵਿਚੋਂ ਸ਼ਰਾਬ ਪੀਣ ਦੀ ਵੈਹਬਤ ਉਕੀ ਹੀ ਬੰਦ ਕਰਵਾ ਦਿਤੀ। ਲੋਕਾਂ ਦੇ ਖੂਹਾਂ ਉਤੇ ਜਾ ਜਾ ਕੇ ਇਤਫ਼ਾਕ, ਪ੍ਰੇਮ ਪਿਆਰ ਤੇ ਆਪੋ ਵਿਚ ਹਮਦਰਦੀ ਕਰਨ ਲਈ ਸਭ ਨੂੰ ਪ੍ਰੇਰਨਾ ਕਰਨੀ; ਜਿਸ ਦਾ ਅਮਲੀ ਸਿੱਟਾ ਇਹ ਨਿਕ-ਲਿਆ ਕਿ ਲੋਕਾਂ ਦੇ ਦਿਲਾਂ ਵਿਚ ਜੋ ਨਗੂਣੀਆਂ ਨਗੂਣੀਆਂ ਗਲਾਂ ਤੋਂ ਗੁੰਝਲਾਂ ਪਈਆਂ ਤੇ ਗੰਢਾਂ ਬਝੀਆਂ ਹੋਈਆਂ ਸਨ ਉਹ ਸਭ ਦੂਰ ਹੋ ਗਈਆਂ। ਇਨ੍ਹਾਂ ਦਿਨਾਂ ਵਿਚ ਹੀ ਖ਼ਾਲਸਾ ਸੈਂਟ੍ਰਲ ਮਾਝਾ ਦੀਵਾਨ ਵਲੋਂ ਕੈਰੋਂ ਸਾਲਾਨਾ

ਦੀਵਾਨ ਹੋਇਆ ਤਾਂ ਆਪ ਪ੍ਰੇਰਨਾ ਕਰਕੇ,ਸਾਰੇ ਨਗਰ ਦੇ ਤੁਰਨੇ ਸੇਤੀ ਮੁਖੀਆਂ ਨੂੰ ਦੀਵਾਨ ਤੇ ਲੈ ਗਏ, ਉਥੇ ਲੋਕਾਂ ਦਾ ਉਤਸ਼ਾਹ ਅਤੇ ਗੁਰਮਤ ਨਾਲ ਪਿਆਰ ਵੇਖ ਕੇ ਸਿਖੀ ਦੀ ਅਮਲੀ ਝਲਕ ਦਾ ਨਕਸ਼ਾ ਅਖਾਂ ਅਗੇ ਖਿਚਿਆ ਗਿਆ। ਭਾ: ਲਛਮਣ ਸਿੰਘ ਹੁਰਾਂ ਆਪਣੀ ਸੁਪਤਨੀ ਦੇ ਕੰਨਾਂ ਵਿਚੋਂ ਵਾਲੀਆਂ ਲੁਹਾ ਕੇ ਚੂੰਡਾ ਖੁਲ੍ਹਾ ਦਿਤਾ ਅਤੇ ਉਥੇ ਹੀ ਅੰਮ੍ਰਿਤ ਛਕਾ ਕੇ ਕੈਰੋਂ ਭੁਝੰਗਣ ਆਸ਼ਰਮ ਵਿਚ ਪੜ੍ਹਨੇ ਪਾ ਦਿਤਾ। ਪਿੰਡ ਆਏ ਤਾਂ ਲੋਕਾਂ ਨੂੰ ਭਾਈ ਟਹਿਲ ਸਿੰਘ ਝੁਬਾਲ ਨੇ ਜ਼ੋਰ ਦਿਤਾ ਕਿ ਆਪਣੇ ਨਗਰ ਵਿਚ ਭੀ ਉਸੇ ਤਰ੍ਹਾਂ ਦਾ ਇਕ ਸ਼ਾਨਦਾਰ ਜੋੜ ਮੇਲਾ ਕੀਤਾ ਜਾਵੇ। ਇਨ੍ਹਾਂ ਦੀ ਇਸ ਪ੍ਰੇਰਨਾ ਦਾ ਇਹ ਸਿੱਟਾ ਹੋਇਆ ਕਿ ਇਕ ਹਜ਼ਾਰ ਰੁਪਏ ਦੀ ਉਗਰਾਹੀ ਕਰਕੇ ਬਹੁਤ ਵਡਾ ਦੀਵਾਨ ਹੋਇਆ,ਜਿਸ ਵਿਚ ਭਾ:ਮੂਲ ਸਿੰਘ ਜੀ ਗਰਮੂਲਾ ਆਦਿ ਮੁਖੀ ਸਜਨਾਂ ਨੇ ਬੜੀਆਂ ਧੜਲੇਦਾਰ ਜਾਗਰਤ ਪੈਦਾ ਕਰਨ ਵਾਲੀਆਂ ਸਪੀਚਾਂ ਕੀਤੀਆਂ। ਸਿੰਘਾਂ ਨੇ ਉਸੇ ਦਿਨ ਪ੍ਰਣ ਕਰਕੇ ਖ਼ਾਲਸਾ ਪ੍ਰੈਮਰੀ ਸਕੂਲ ਖੋਲ੍ਹ ਦਿਤਾ ਅਤੇ ਦੋ ਤਿੰਨ ਮਹੀ-ਨਿਆਂ ਪਿਛੋਂ ਲੜਕਿਆਂ ਦੀ ਕਮੀ ਦੇ ਕਾਰਨ ਪਿੰਡ ਵਾਲਾ ਈਸਾਈਆਂ ਦਾ ਸਕੂਲ ਟੁਟ ਗਿਆ। ਕੌਮੀ ਸਕੂਲ ਵਿਚ ਬਹੁਤ ਸੋਹਣੀ ਪੜ੍ਹਾਈ ਸ਼ੁਰੂ ਹੋ ਗਈ, ਤਦ ਭਾ: ਲਛਮਣ ਸਿੰਘ ਜੀ ਹੋਰਾਂ ਨੇ ਆਪਣੀ ਸਿੰਘਣੀ ਨੂੰ ਭੁਝੰਗਣ ਆਸ਼੍ਰਮ ਕੈਰੋਂ ਵਿਚੋਂ ਉਠਾ ਕੇ ਭਾ: ਟਹਿਲ ਸਿੰਘ ਹੋਰਾਂ ਪਾਸ ਪੜ੍ਹਨੇ ਪਾ ਦਿਤਾ ਅਤੇ ਇਨ੍ਹਾਂ ਦੇ ਨਾਲ ਹੀ ਭਾ: ਈਸ਼ਰ ਸਿੰਘ ਜੀ ਸ਼ਹੀਦ ਦੀ ਸਿੰਘਣੀ ਭੀ ਹੋਰ ਬੀਬੀਆਂ ਸਣੇ ਗੁਰਮੁਖੀ ਵਿਦਿਆ ਪ੍ਰਾਪਤ ਕਰਦੀ ਰਹੀ, ਆਪ ਨੇ ਦੋ ਕੁ ਸਾਲ ਸਕੂਲ ਦਾ ਚੰਗਾ ਕੰਮ ਘੁਕਾ ਕੇ ਚਲਾਇਆ ਅਤੇ ਗੁਰਮਤ ਪ੍ਰਚਾਰ ਨਾਲ ਲੋਕਾਂ ਦੇ ਮਨਾਂ ਵਿਚ ਵਾਹਵਾ ਪਲਟਾ ਦੇ ਦਿਤਾ। ਸਾਰੇ ਸਿੰਘਾਂ ਵਿਚ ਭਾ: ਮੂਲ ਸਿੰਘ ਜੀ ਗਰਮੂਲੇ ਨੇ ਇਲਾਕੇ ਵਿਚ ਹੋ ਰਹੇ ਧਾਰਮਕ ਦੀਵਾਨਾਂ ਤੇ ਜਾਣ ਦਾ ਸ਼ੌਕ ਪੈਦਾ ਕਰ ਦਿਤਾ।

ਭਾ: ਲਛਮਣ ਸਿੰਘ ਹੁਰੀਂ ਗੁਰਸਿਖੀ ਦੀ ਵਿਆਖਿਆ ਬੜੇ ਧਿਆਨ ਨਾਲ ਸੁਣਿਆ ਕਰਦੇ ਸਨ, ਅਤੇ ਇਸੇ ਲਗਨ ਨਾਲ ਬਹੁਤ ਸਾਰੇ ਸ਼ਬਦ ਕੰਠ ਕਰ ਲਏ। ਆਮ ਨਗਰਾਂ ਦੇ ਦੀਵਾਨਾਂ ਉਤੇ ਜਾ ਕੇ ਢੋਲਕੀਆਂ ਛੈਣਿਆਂ ਨਾਲ ਕੀਰਤਨ ਕਰਨ ਦਾ ਆਪ ਨੂੰ ਬਹੁਤ ਸ਼ੌਕ ਪੈਦਾ ਹੋ ਗਿਆ। ਵਿਆਹ ਸ਼ਾਦੀਆਂ

ਤੇ ਪੂਜ ਕੇ ਗੁਰਮਤ ਕਰਾਉਣ ਦਾ ਆਪ ਨੂੰ ਖ਼ਾਸ ਪ੍ਰੇਮ ਸੀ। ਇਸ ਸਮੇਂ ਭਾ: ਟਹਿਲ ਸਿੰਘ ਜੀ ਦੀ ਸੰਗਤ ਦੇ ਕਾਰਨ ਆਪ ਦੇ ਦਿਲ ਵਿਚ ਗੁਰਮਤ ਨੂੰ ਚੰਗੀ ਤਰਾਂ ਸਮਝਣ ਦਾ ਸ਼ੌਕ ਪੈਦਾ ਹੋ ਚੁਕਾ ਸੀ। ਸੰ: ੧੯੧੦ ਈ: ਵਿਚ ਭਾ: ਟਹਿਲ ਸਿੰਘ ਜੀ ਗੁਰਮਤ ਦੀ ਹੋਰ ਪੜ੍ਹਾਈ ਕਰਨ ਲਈ ਮੁੜ ਖ਼ਾਲਸਾ ਪਰ-ਚਾਰਕ ਵਿਦਜਾਲਯਾ ਸ੍ਰੀ ਤਰਨ ਤਾਰਨ ਵਿਚ ਜਾ ਦਾਖ਼ਲ ਹੋਏ ਅਤੇ ਇਨ੍ਹਾਂ ਦੇ ਨਾਲ ਹੀ ਭਾ: ਲਛਮਣ ਸਿੰਘ ਜੀ ਭੀ ਗੁਰਮਤ ਦੀ ਪੜ੍ਹਾਈ ਲਈ ਉਥੇ ਜਾ ਕੇ ਦਾਖ਼ਲ ਹੋ ਗ਼ਏ।

ਪੰਥਕ ਸੇਵਾ ਦੇ ਮੈਦਾਨ ਵਿਚ

ਸ੍ਰੀ ਤਰਨ ਤਾਰਨ ਸਾਹਿਬ ਆਪ ਨੇ ਪੂਰੇ ਦੋ ਸਾਲ ਧਾਰਮਿਕ ਵਿਦਿਆ ਦੀ ਪੜ੍ਹਾਈ ਕੀਤੀ ਅਤੇ ਇਸ ਦੇ ਪਿਛੋਂ ਆਪਣੇ ਪਿੰਡ ਨੂੰ ਆ ਗਏ ਅਤੇ ਆਉਂਦਿਆਂ ਹੀ ਇਲਾਕੇ ਵਿਚ ਬੜੇ ਖੜਕੇ ਦੜਕੇ ਨਾਲ ਗੁਰਮਤ ਪ੍ਰਚਾਰ ਆਰੰਭ ਕਰ ਦਿਤਾ ਜਿਸ ਦੇ ਕਾਰਨ ਆਪ ਇਲਾਕੇ ਵਿਚ ਇਕ ਉਘੇ ਪ੍ਰਚਾਰਕ ਮੰਨੇ ਜਾਂਦੇ ਸਨ।

ਆਪ ਦੇ ਦਿਲ ਵਿਚ ਗੁਰਮਤ ਪ੍ਰਚਾਰ ਦੀ ਅਬੁੱਝ ਲਗਨ ਸੀ, ਇਸੇ ਖ਼ਿਆਲ ਨੂੰ ਸਾਹਮਣੇ ਰਖ ਕੇ ਆਪ ਨੇ ਖ਼ਾਲਸਾ ਪ੍ਰੇਮਰੀ ਸਕੂਲ ਦਾ ਚਾਰਜ ਆਪਣੇ ਹਥ ਵਿਚ ਲੈ ਲਿਆ ਅਤੇ ਇਕ ਦਮ ਪ੍ਰੇਮਰੀ ਤੋਂ ਮਿਡਲ ਕਰ ਦਿਤਾ। ਇਸ ਸਕੂਲ ਦੇ ਚਲਾਉਣ ਲਈ ਜਦੋਂ ਕਦੇ ਭੀ ਮਾਇਕ ਤੰਗੀ ਆਈ ਆਪ ਨੇ ਆਪਣੇ ਮੁਰੱਬੇ ਗਹਿਣੇ ਧਰ ਕੇ ਭੀ ਇਸ ਦੇ ਕੰਮ ਨੂੰ ਕਦੀ ਰੁਕਣ ਨਹੀਂ ਦਿਤਾ ਸੀ। ਅਕਾਲੀ ਲਹਿਰ ਦੇ ਚਲਣ ਸਮੇਂ ਆਪ ਨੇ ਆਪਣਾ ਧਿਆਨ ਗੁਰ-ਦੁਆਰਾ ਸੁਧਾਰ ਲਹਿਰ ਵਲ ਦੇਣਾ ਸ਼ੁਰੂ ਕਰ ਦਿਤਾ ਤੇ ਸਕੂਲ ਚਲਣੋਂ ਰੁਕ ਗਿਆ, ਜਿਸ ਦੇ ਕਾਰਨ ਇਸ ਦਾ ਪ੍ਰਬੰਧ ਡਿਸਟ੍ਰਿਕਟ ਬੋਰਡ ਦੇ ਹਵਾਲੇ ਕਰ ਦਿਤਾ, ਉਨ੍ਹਾਂ ਪਾਸੋਂ ਭੀ ਨ ਚਲਿਆ ਤੇ ਉਨ੍ਹਾਂ ਮੁੜ ਮਿਡਲ ਤੋੜ ਕੇ ਪ੍ਰੇਮਰੀ ਕਰ ਦਿਤਾ।

ਖ਼ਾਲਸਾ ਭੁਝੰਗਣ ਅਨਾਥਾਲਜਾ ਖੋਲ੍ਹਣਾ

ਲੜਕਿਆਂ ਦੇ ਸਕੂਲ ਦੇ ਨਾਲ ਹੀ ਆਪ ਨੇ ਸੰ: ੧੯੧੨ ਈ: ਵਿਚ

ਖ਼ਾਲਸਾ ਭੁਝੰਗਣ ਅਨਾਥਾਲਜਾ ਖੋਲ੍ਹ ਦਿਤਾ, ਯਤੀਮ ਵਿਧਵਾਵਾਂ ਅਤੇ ਅਖੌਤੀ ਅਛੂਤਾਂ ਦੀਆਂ ਬੀਬੀਆਂ ਦਾ ਸਾਰਾ ਖ਼ਰਚ ਇਹ ਆਸ਼ਰਮ ਆਪਣੇ ਪਾਸੋਂ ਦਿੰਦਾ ਸੀ। ਖ਼ਾਲਸਾ ਬ੍ਰਾਦਰੀ ਦੇ ਸਜਣਾਂ ਦੀ ਗੋਲਕ ਭੀ ਇਸ ਸ਼ੁਭ ਕੰਮ ਵਿਚ ਚੰਗੀ ਸਹਾਇਤਾ ਕਰਦੀ ਸੀ। ਸਾਰੇ ਖ਼ਰਚਾਂ ਦੇ ਪੂਰੇ ਕਰਨ ਲਈ ਆਪ ਨੇ ਇਕ ਰਾਗੀ ਜਥਾ ਰਖਿਆ ਹੋਇਆ ਸੀ ਜਿਸ ਨੂੰ ਆਪਣੇ ਘਰ ਦੇ ਪਸ਼ ਤੇ ਇਕ ਗਡਾ ਦਿਤਾ ਹੋਇਆ ਸੀ ਜੋ ਸ਼ਾਹ ਕੋਟ, ਸਾਂਗਲਾ, ਖਾਨਕਾ ਡੋਗਰਾਂ, ਝੁਮਰਾ, ਮਾਨਾਂਵਾਲਾ ਆਦਿਕ ਇਲਾਕੇ ਦੇ ਪਿੰਡਾਂ ਵਿਚੋਂ ਆਸ਼੍ਰਮ ਦੇ ਲੰਗਰ ਲਈ ਦਾਣੇ ਫਕੇ ਦੀ ਉਗ੍ਰਾਹੀ ਕਰਦਾ ਫਿਰਦਾ ਸੀ ਤੇ ਇਸ ਤੋਂ ਬਿਨਾਂ ਲੋਕਾਂ ਨੂੰ ਪ੍ਰੇਰਨਾ ਕਰਕੇ ਪੜ੍ਹਣ ਲਈ ਬੀਬੀਆਂ ਵੀ ਆਸ਼੍ਰਮ ਵਿਚ ਦਾਖ਼ਲ ਕਰਾਉਂਦਾ ਸੀ। ਇਸ ਦੇ ਪਿਛੋਂ ਫੇਰ ਇਹ ਜਥਾ ਸਿੰਧ ਅਤੇ ਮੁਲਤਾਨ ਦੇ ਇਲਾਕੇ ਤਕ ਜਾ ਕੇ ਉਗ੍ਰਾਹੀ ਕਰਕੇ ਲਿਆਉਂਦਾ ਰਿਹਾ। ਇਸ ਜਥੇ ਦੇ ਨਾਲ ਆਪ ਭੀ ਕਈ ਵਾਰ ਪ੍ਰਚਾਰ ਕਰਨ ਜਾਇਆ ਕਰਦੇ ਸਨ ਤੇ ਬੜੇ ਜੋਸ਼ ਨਾਲ ਸ਼ੁਧੀ ਦਾ ਪ੍ਰਚਾਰ ਕਰਿਆ ਕਰਦੇ ਸਨ ।

ਇਕ ਵੇਰ ਆਪਣੇ ਪਿੰਡ ਦੀ ਠੱਟੀ ਵਿਚ ਅੰਮ੍ਰਿਤ ਪ੍ਰਚਾਰ ਕੀਤਾ, ਪਿੰਡ ਦੇ ਲੋਕੀਂ ਡਾਂਗਾਂ ਲੈ ਕੇ ਆ ਪਏ ਪਰ ਆਪ ਦੇ ਨਿਰਭੈ ਦਿਲ ਨੇ ਕਿਸੇ ਦੀ ਪ੍ਰਵਾਹ ਨ ਕੀਤੀ ਅਤੇ ੧੨੫ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਜਹਾਜ਼ੇ ਚਾੜ੍ਹ ਦਿਤਾ। ਇਸ ਦੇ ਪਿਛੋਂ ਦੋ ਵੇਰ ਨਿਕੀਆਂ ਢਾਬਾਂ ਵਿਚ ਸਾਰੇ ਇਲਾਕੇ ਦਾ ਦੀਵਾਨ ਕਰਕੇ ਅੰਮ੍ਰਿਤ ਪ੍ਰਚਾਰ ਕੀਤਾ ਅਤੇ ਢਾਈ ਸੌ ਬੰਦਿਆਂ ਨੂੰ ਅੰਮ੍ਰਿਤ ਛਕਾਇਆ ।

ਇਨ੍ਹਾਂ ਸਮਾਗਮਾਂ ਤੇ ਆਸ਼੍ਰਮ ਦੀਆਂ ਬੀਬੀਆਂ ਦਾ ਕੀਰਤਨੀ ਜਥਾ ਪ੍ਰਭਾਵਸ਼ਾਲੀ ਕੀਰਤਨ ਕਰਿਆ ਕਰਦਾ ਸੀ। ਇਸ ਦੇ ਪਿਛੋਂ ਰੰਘੜ ਨੰਗਲ ਦੇ ਇਕ ਪ੍ਰਵਾਰ ਦੇ ੧੪ ਜੀਆਂ ਨੂੰ ਅੰਮ੍ਰਿਤ ਛਕਾ ਕੇ ਅਭੇਦ ਵਰਤਾ ਦਿਤਾ। ਪਿੰਡ ਦੇ ਪਿਛਾਂਹ-ਖਿਚੂ ਲੋਕੀਂ ਉਨ੍ਹਾਂ ਨੂੰ ਖੂਹਾਂ ਤੇ ਪਾਣੀ ਭਰਨ ਨ ਚੜ੍ਹਨ ਦੇਣ ਤਦ ਅਪਣੇ ਪਲਿਓਂ ਰੁਪਏ ਖ਼ਰਚ ਕੇ ਉਨ੍ਹਾਂ ਨੂੰ ਵਖਰਾ ਨਲਕਾ ਲੁਆ ਦਿਤਾ ਅਤੇ ਉਨ੍ਹਾਂ ਦੀਆਂ ਦੋ ਬੀਬੀਆਂ ਬਿਨਾਂ ਖ਼ਰਚੋਂ ਆਪਣੇ ਭੁਝੰਗਣ ਆਸ਼੍ਰਮ ਵਿਚ ਦਾਖ਼ਲ ਕਰ ਲਈਆਂ। ਇਨ੍ਹਾਂ ਬੀਬੀਆਂ ਤੋਂ ਬਿਨਾਂ ਉਸ ਵੇਲੇ ਕੋਈ ਵੀਹ

ਅਛੂਤਾਂ ਵਿਚੋਂ ਸਿੰਘਣੀਆਂ ਸਜੀਆਂ (ਬੀਬੀਆਂ) ਬਿਨਾਂ ਖ਼ਰਚੋਂ ਆਪ ਦੇ ਆਸ਼੍ਰਮ ਵਿਚ ਵਿਦਿਆ ਪ੍ਰਾਪਤ ਕਰ ਰਹੀਆਂ ਸਨ। ਪਹਿਲਾਂ ਪਹਿਲ ਤਾਂ ਬੜਾ ਭਾਰਾ ਰੌਲਾ ਗੌਲਾ ਪਿਆ, ਹਰ ਇਕ ਪਿੰਡ ਵਿਚ ਚੰਗੀ ਕਰੜੀ ਮੁਖ਼ਾਲ-ਫ਼ਤ ਹੁੰਦੀ ਸੀ। ਇਨ੍ਹਾਂ ਨੇ ਜਿਥੇ ਭੀ ਧਰਮ ਪ੍ਰਚਾਰ ਲਈ ਜਥਾ ਲੈ ਕੇ ਜਾਣਾ ਲੋਕਾਂ ਨੇ ਪਾਣੀ ਤਕ ਭੀ ਨ ਪੁਛਣਾ, ਪਰੰਤੂ ਜਦੋਂ ਬੀਬੀਆਂ ਦੇ ਜਥੇ ਸੁਰੀਲਾ ਕੀਰਤਨ ਕਰਨ ਲਗ ਗਏ ਤਦ ਇਹ ਮੁਖ਼ਾਲਫ਼ਤ ਕੁਝ ਕੁ ਮੱਠੀ ਪੈ ਗਈ। ਇਸੇ ਸਾਲ ਪੋਹ ਸੁਦੀ ਸਤਮੀ ਨੂੰ ਖਾਨਕਾ ਡੋਗਰਾਂ ਵਿਚ ਅੰਮ੍ਰਿਤ ਪ੍ਰਚਾਰ ਹੋਇਆ ਅਤੇ ਆਪ ਨੇ ਨਵੇਂ ਸਜੇ ਸਭ ਸਿੰਘਾਂ ਨਾਲ ਅਭੇਦ ਵਰਤਿਆ। ਇਸ ਆਸ਼੍ਰਮ ਦਾ ਬੋਰਡਿੰਗ ਹਾਊਸ ਬਨਾਉਣ ਦੇ ਸਾਰੇ ਖ਼ਰਚ ਆਪ ਨੇ ਅਪਣੇ ਪਲਿਓਂ ਕੀਤੇ ਸਨ। ਮਾਇਆ ਦੀ ਥੁੜੋਂ ਆਉਣ ਦੇ ਕਾਰਨ ਆਪ ਨੂੰ ਆਪਣੀ ਸਵਾ ਮੁਰੱਬਾ ਜ਼ਮੀਨ ਭੀ ਗਹਿਣੇ ਧਰਨੀ ਪਈ।

ਇਹ ਬੀਬੀਆਂ ਦਾ ਸਕੂਲ ਆਪ ਦੀ ਹਿੰਮਤ ਅਤੇ ਕੁਰਬਾਨੀ ਦਾ ਸਦਕਾ ਇਲਾਕੇ ਵਿਚ ਬਹੁਤ ਉਘਾ ਹੋ ਗਿਆ ਸੀ। ਇਸ ਆਸ਼੍ਰਮ ਦਾ ਚੰਗਾ ਪ੍ਰਬੰਧ ਤੇ ਸੋਹਣੀ ਧਾਰਮਕ ਪੜ੍ਹਾਈ ਦੀ ਸਿਫ਼ਤ ਸੁਣ ਕੇ ਲੋਕੀਂ ਦੂਰੋਂ ਦੂਰੋਂ ਆਪਣੀਆਂ ਬੀਬੀਆਂ ਨੂੰ ਇਥੇ ਵਿਦਿਆ ਪ੍ਰਾਪਤ ਕਰਨ ਲਈ ਦਾਖ਼ਲ ਕਰਵਾ ਜਾਇਆ ਕਰਦੇ ਸਨ। ਆਪ ਦਾ ਪੁਰਾਣਾ ਰੀਕਾਰਡ ਫੋਲਣ ਤੋਂ ਪੰਥਕ ਮੁਖੀਆਂ ਦੀਆਂ ੯੬੬ ਚਿੱਠੀਆਂ ਦਾ ਇੱਕ ਬੰਡਲ ਮਿਲਿਆ ਹੈ, ਜਿਨ੍ਹਾਂ ਵਿੱਚ ਆਪ ਦੇ ਆਸ਼ਰਮ ਦੀ ਸੁਚੱਜੀ ਪੜ੍ਹਾਈ ਅਤੇ ਚੰਗੇ ਪ੍ਰਬੰਧ ਦੀ ਬਹੁਤ ਤਾਰੀਫ਼ ਕੀਤੀ ਹੋਈ ਹੈ। ਆਪ ਉਤੇ ਜਨਤਾ ਦਾ ਪੂਰਨ ਵਿਸ਼ਵਾਸ ਅਤੇ ਭਰੋਸਾ ਸੀ। ਇਸੇ ਕਾਰਨ ਕਰਕੇ, ਫ਼ਤਹਗੜ੍ਹ, ਸੰਗਰੂਰੀ, ਬਾਗਾਂ ਵਾਲੇ, ਪਿੱਪਲ ਮਾਜਰੇ ਅਤੇ ਭਸੌੜ ਆਦਿ ਪਿੰਡਾਂ ਦੀਆਂ ਬੀਬੀਆਂ ਇਥੇ ਵਿਦਿਆ ਪ੍ਰਾਪਤ ਕਰਦੀਆਂ ਸਨ। ਇਨ੍ਹਾਂ ਉਪ੍ਰੋਕਤ ਚਿੱਠੀਆਂ ਵਿਚੋਂ ਕਈ ਚਿੱਠੀਆਂ ਬਹੁਤ ਉਘੀਆਂ ਹਸਤੀਆਂ ਅਤੇ ਮੰਨੇ ਪ੍ਰਮੰਨੇ ਵਿਦਵਾਨਾਂ ਦੀਆਂ ਲਿੱਖੀਆਂ ਹੋਈਆਂ ਹਨ। ਇਸ ਆਸ਼ਰਮ ਦੀ ਮਸ਼ਹੂਰੀ ਦੇ ਕਾਰਨ ਉਸ ਵੇਲੇ ਆਪ ਸ੍ਰਕਾਰੇ ਦਰਬਾਰੇ ਭੀ ਚੰਗੀ ਵਡਿਆਈ ਦਾ ਹੱਕ ਰਖਦੇ ਸਨ। ੫ ਮਾਰਚ ਸੰ: ੧੯੧੮ ਈ: ਨੂੰ ਲਾਹੌਰ ਵਿੱਚ ਕਮਿਸ਼ਨਰ ਸਾਹਿਬ ਨੇ ਇੱਕ ਖ਼ਾਸ ਦਰਬਾਰ ਕੀਤਾ, ਅਤੇ ਸ੍ਰਕਾਰੀ ਕਰਮਚਾਰੀਆਂ ਵਲੋਂ (ਵਿੱਦਅਕਕੰਮ

ਕਰਨ ਦੇ ਕਾਰਨ) ਆਪ ਨੂੰ ਭੀ ਦਾਹਵਤੀ ਚਿੱਠੀ ਘਲਕੇ ਇਸ ਵਿੱਚ ਸ਼ਾਮਲ ਕੀਤਾ ਗਿਆ ਸੀ।

ਇਸ ਭੁਝੰਗਣ ਆਸ਼ਰਮ ਦੀ ਬਾਜੀ ਭੀ ਆਪ ਦੇ ਸਿਰ ਨਾਲ ਹੀ ਸੀ। ਆਪ ਦੀ ਸ਼ਹੀਦੀ ਪਿਛੋਂ ਕੁਝ ਚਿਰ ਤੱਕ ਤਾਂ ਇਹ ਵਿੱਦਿਅਕ ਬੂਟਾ ਇਲਾਕੇ ਵਿੱਚ ਮਹਿਕ ਖਿੰਡਾਉਂਦਾ ਰਿਹਾ, ਪ੍ਰੰਤੂ ਪਿਛੋਂ ਮਾਇਆ ਦੀ ਤੋਟ ਖੁਣੋਂ ਸਦਾ ਲਈ ਸੁਕ ਗਿਆ।

ਸਿਖ ਇਸਤ੍ਰੀ ਕਾਨਫ੍ਰੰਸ ਕਰਨੀ

ਇਸ ਵੇਲੇ ਆਪ ਦੇ ਦਿਲ ਵਿੱਚ ਸਿੱਖੀ ਪ੍ਰਚਾਰ ਦਾ ਅਥਾਹ ਜੋਸ਼ ਠਾਠਾਂ ਮਾਰਦਾ ਸੀ। ਆਪ ਨੂੰ ਰਾਤ ਦਿਨੇ ਇਹੋ ਚਿਤਵਨੀ ਲੱਗੀ ਰਹਿੰਦੀ ਸੀ ਕਿ ਔਹ ਭੀ ਪੰਥਕ ਕੰਮ ਮੈਂ ਹੀ ਕਰਾਂ, ਇਹ ਭੀ ਕੌਮੀ ਸੇਵਾ ਮੇਰੇ ਹਿੱਸੇ ਆਵੇ। ਇਸੇ ਕਾਰਨ ਬਾਹਰ ਸ਼ਹਿਰਾਂ ਵਿੱਚ ਜਦੋਂ ਕੋਈ ਪੰਥਕ ਸਮਾਗਮ ਹੁੰਦਾ ਵੇਖਣਾ, ਤਾਂ ਝਟ ਆਪ ਦੇ ਦਿਲ ਵਿੱਚ ਇਸਦਾ ਰਿਸ਼ਕ ਪੈਦਾ ਹੋ ਜਾਣਾ ਕਿ ਇਹ ਕਿਵੇਂ ਨਾ ਕਿਵੇਂ ਆਪਣੇ ਨਗਰ ਚਲਕੇ ਕਰੀਏ ਤੇ ਇਲਾਕੇ ਵਿੱਚ ਇਸ ਦੀ ਜਾਗ ਲਾ ਦਈਏ। ਇਸੇ ਸ਼ੌਕ ਦੇ ਅਸਰ ਥਲੇ ਆਕੇ ਆਪ ਨੇ ਸੰ: ੧੯੨੦ ਈ: ਵਿੱਚ ਆਪਣੇ ਨਗਰ ਵਿੱਚ ਬੜੇ ਭਾਰੇ ਯਤਨ ਕਰਕੇ ਚੌਥੀ ਸਿੱਖ ਇਸਤ੍ਰੀ ਕਾਨਫ੍ਰੰਸ ਦਾ ਸਮਾਗਮ ਰਖ ਦਿੱਤਾ। ਭਾਈ ਸੰਤੋਖ ਸਿੰਘ ਜੀ ਕਵੀ ਕਰਾਂਚੀ ਅਤੇ ਭਾਈ ਨਿਹਾਲ ਸਿੰਘ ਜੀ ਭੁਝੰਗਣ ਆਸ਼ਰਮ ਕੈਰੋਂ ਵਾਲਿਆਂ ਨੇ ਬੜੇ ਜ਼ੋਰ ਨਾਲ ਲਿਖਿਆ ਕਿ ਤੁਸੀਂ ਇਹ ਕਾਨਫ੍ਰੰਸ ਡਿੰਗੇ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੇ ਸਮਾਗਮ ਨਾਲ ਕਰੋ; ਇਕ ਤਾਂ ਉਸਦੀ ਰੌਣਕ ਨਹੀਂ ਘਟੇਗੀ, ਦੂਜੇ ਪਿੰਡ ਵਿੱਚ ਉਤਨੀ ਕਾਮ-ਯਾਬੀ ਹੋਣੀ ਔਖੀ ਹੈ। ਆਪ ਇਰਾਦੇ ਦੇ ਐਡੇ ਦ੍ਰਿੜ੍ਹ ਸਨ ਕਿ ਆਪਨੇ ਕਿਸੇ ਦੀ ਇਕ ਨਾ ਮੰਨੀ ਅਤੇ ਉਨ੍ਹਾਂ ਦੇ ਮੁਖ਼ਾਲਫ਼ਤ ਕਰਨ ਦੀਆਂ ਧਮਕੀਆਂ ਦੇ ਕੇ ਲਿਖਣ ਦੀ ਵੀ ਕੋਈ ਪ੍ਰਵਾਹ ਨ ਕੀਤੀ ਤੇ ਇਸ ਕਾਨਫ੍ਰੰਸ ਨੂੰ ਪਿੰਡ ਵਿਚੋਂ ਐਡਾ ਕਾਮਯਾਬ ਕਰਕੇ ਦਸਿਆ ਕਿ ਉਸ ਸਮੇਂ ਦੀਆਂ ਅਖ਼ਬਾਰਾਂ ਦਸਦੀਆਂ ਹਨ ਕਿ ਐਡੀ ਸ਼ਾਨ ਨਾਲ ਇਹ ਕਾਨਫ਼ਰੰਸ ਅਗੇ ਕਦੇ ਸ਼ਹਿਰਾਂ ਵਿੱਚ ਭੀ ਕਾਮ-ਯਾਬ ਨਹੀਂ ਹੋਈ ਸੀ।

ਫੁਟਕਲ ਪੰਥ ਸੇਵਾ

ਵਿਦਿਆ ਪ੍ਰਚਾਰ ਤੇ ਸ਼ੁਧੀ ਕਰਨੀ ਆਪ ਦੇ ਜੀਵਨ ਦਾ ਇਕ ਖ਼ਾਸ ਮਿਸ਼ਨ ਬਣ ਚੁਕਾ ਸੀ। ਪਰ ਇਸਤੋਂ ਬਿਨਾਂ ਜਦੋਂ ਕਦੇ ਭੀ ਪੰਥਕ ਸੇਵਾ ਦਾ ਸਮਾ ਆਇਆ ਕਰਦਾ ਸੀ ਤਾਂ ਦਿਲ ਖੋਲ੍ਹਕੇ ਉਸ ਵਿੱਚ ਮਦਦ ਕਰਿਆ ਕਰਦੇ ਸਨ। ਆਪ ਨੇ ਕਦੇ ਵੀ ਕਿਸੇ ਪੰਥਕ ਔਕੜ ਸਮੇਂ ਆਪਣਾ ਮੋਢਾ ਪਿਛੇ ਨਹੀਂ ਮੋੜਿਆ ਸੀ।

ਸੰ: ੧੯੧੬ ਈ: ਵਿੱਚ ਸਿਖ ਐਜੂਕੇਸ਼ਨਲ ਕਾਨਫ੍ਰੰਸ ਤਰਨ ਤਾਰਨ ਲਈ ਬੜੀ ਭਾਰੀ ਉਗਰਾਹੀ ਕਰਕੇ ਘਲੀ। ਆਪਣੇ ਇਲਾਕੇ ਵਿਚੋਂ ਸੇਵਾ ਲਈ ਸਿੰਘ ਖੜੇ ਅਤੇ ਧਰਮ ਪ੍ਰਚਾਰ ਲਈ ਆਪ ਦੇ ਆਸ਼ਰਮ ਦੇ ਜਥਿਆਂ ਨੇ ਬੜੀ ਭਾਰੀ ਸੇਵਾ ਕੀਤੀ।

ਲਾਹੌਰ ਦੂਜੀ ਸਿਖ ਲੀਗ ਦੇ ਸਮਾਗਮ ਤੇ ਆਪ ਨੇ ਸਿਖ ਕੈਦੀ ਪ੍ਰਵਾਰ ਸਹਾਇਕ ਫ਼ੰਡ ਲਈ ਆਪਣੇ ਵਲੋਂ ਚੋਖੀ ਰਕਮ ਸਹਾਇਤਾ ਵਜੋਂ ਦਿਤੀ ਅਤੇ ਆਪਣੇ ਜਥੇ ਰਾਹੀਂ ਭੀ ਬਹੁਤ ਸਾਰੀ ਉਗਰਾਹੀ ਕਰਕੇ ਮਦਦ ਕੀਤੀ। ਇਸੇ ਸਿਖ ਲੀਗ ਦੇ ਸਮਾਗਮ ਤੇ ਇਕ ਖ਼ੁਫ਼ੀਆ ਪੁਲਸ ਦਾ ਬੰਦਾ, ਸਿੰਘਾਂ ਦੇ ਢਹੇ ਚੜ੍ਹ ਗਿਆ। ਨਵਾਂ ਨਵਾਂ ਜੋਸ਼ ਹੋਣ ਕਰਕੇ ਸਿੰਘ ਉਸਦੀ ਚੰਗੀ ਭੁਗਤ ਸਵਾਰਨ ਲਗੇ, ਪਰ ਜਦੋਂ ਆਪ ਨੂੰ ਪਤਾ ਲਗਾ ਤਾਂ ਉਨ੍ਹਾਂ ਸਿੰਘਾਂ ਨੂੰ ਸਮਝਾਕੇ ਇਸ ਗਲੋਂ ਵਰਜਕੇ ਉਸਦੀ ਖਲਾਸੀ ਕਰਾਈ ਤੇ ਆਖਿਆ ਕਿ ਉਹ ਆਪਣਾ ਫ਼ਰਜ਼ ਨਿਭਾ ਰਿਹਾ ਹੈ, ਤੁਸੀਂ ਆਪਣਾ ਨਿਭਾਓ।

ਏਸੇ ਸਮੇਂ ਧਾਰਮਕ ਦੀਵਾਨ ਵਿੱਚ ਖੜੋ ਕੇ ਆਪ ਨੇ ਵਖਿਆਨ ਦਿਤਾ ਕਿ ਚੁਮਾਲੇ ਸਾਹਿਬ ਦੇ ਗੁਰਦੁਆਰੇ ਦੀਆਂ ਹਟੀਆਂ ਪੁਜਾਰੀ ਸਿੰਘਾਂ ਨੇ ਤਮਾਕੂ ਫ਼ਰੋਸ਼ਾਂ ਤੇ ਹਲਾਲੀ ਵੇਚਣ ਵਾਲਿਆਂ ਨੂੰ ਕਰਾਏ ਤੇ ਦਿਤੀਆਂ ਹੋਈਆਂ ਹਨ ਇਨ੍ਹਾਂ ਨੂੰ ਦੁਕਾਨਾਂ ਵਿਚੋਂ ਬਾਹਰ ਕਢ ਕੇ ਹੋਰ ਨਵੇਂ ਕਰਾਏਦਾਰ ਵਸਾਉਣੇ ਚਾਹੀਦੇ ਹਨ। ਮਹੰਤ ਜੇ ਇਹ ਗਲ ਨ ਮੰਨੇ ਤਾਂ ਸੰਗਤਾਂ ਉਸ ਨੂੰ ਦਸ ਦੇਣ ਕਿ ਉਹ ਗੁਜ਼ਾਰਾ ਲੈ ਕੇ ਗੁਰਦੁਆਰੇ ਦੀ ਸੇਵਾ ਤੋਂ ਵਖ ਹੋ ਜਾਵੇ ਤੇ ਇਸ ਤਰ੍ਹਾਂ ਗੁਰਦੁਆਰੇ ਦੀ ਬੇ-ਅਦਬੀ ਕਰਕੇ ਸਿਖਾਂ ਦੇ ਹਿਰਦੇ ਜ਼ਖ਼ਮੀ ਨ ਕਰੇ।

ਮਹੰਤ ਨੇ ਇਹ ਸੋ ਸੁਣ ਕੇ ਅਗਲੇ ਦਿਨ ਬਰਕੀਆਂ ਕੋਹਰੀਆਂ ਦੇ ਕੁਝ ਡਾਕੂਆਂ ਪਾਸੋਂ ਇਨ੍ਹਾਂ ਉਤੇ ਹੱਲਾ ਕਰਾਉਣ ਦੀ ਸਕੀਮ ਬਣਾ ਲਈ। ਪਰ ਇਸ ਗਲ ਦਾ ਪਹਿਲਾਂ ਹੀ ਭੇਦ ਲਗ ਜਾਣ ਦੇ ਕਾਰਨ ਪੁਲਸ ਨੂੰ ਇਤਲਾਹ ਦੇ ਕੇ ਇਹ ਡਾਕੂ ਗ੍ਰਿਫ਼ਤਾਰ ਕਰਵਾ ਦਿਤੇ ਗਏ।

ਪੋਲੀਟੀਕਲ ਜਲਸਾ ਕਰਨਾ

ਜਲ੍ਹਿਆਂ ਵਾਲੇ ਬਾਗ਼ ਵਿਚ ਗੋਲੀ ਚਲਣ ਅਤੇ ਮਾਰਸ਼ਲ-ਲਾ ਦੀਆਂ ਸਖ਼ਤੀਆਂ ਨੇ ਆਪ ਦੇ ਮਨ ਤੇ ਬਹੁਤ ਗਹਿਰਾ ਅਸਰ ਕੀਤਾ। ਤਦ ਆਪ ਨੇ ਮੁਲਕੀ ਆਜ਼ਾਦੀ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਸਵਾਲ ਨੂੰ ਸਾਹਮਣੇ ਰਖਦਿਆਂ ਹੋਇਆਂ, ੧, ੨ ਅਤੇ ੩ ਅਕਤੂਬਰ ਸੰ: ੧੯੨੦ ਈ: ਨੂੰ ਆਪਣੇ ਨਗਰ ਧਾਰੋਵਾਲੀ ਵਿਚ ਬੜਾ ਭਾਰੀ ਰਾਜਸੀ ਜਲਸਾ ਰਖ ਦਿਤਾ। ਕਈ ਸਰਕਾਰੀ ਚਾਟੜਿਆਂ ਨੇ ਇਸ ਦੀਵਾਨ ਵਿਚ ਵਿਘਨ ਪਾਉਣ ਦੇ ਯਤਨ ਕੀਤੇ ਪ੍ਰੰਤੂ ਆਪ ਦੇ ਦਿਲ ਵਿਚ ਪੁਰਾਤਨ ਸਿਖਾਂ ਵਰਗੀ ਦਲੇਰੀ ਤੇ ਦ੍ਰਿੜ੍ਹਤਾ ਸੀ; ਆਪ ਆਪਣੇ ਹਠ ਉਤੇ ਬੜੇ ਅੜਿਆ ਕਰਦੇ ਸਨ। ਕੌਮੀ ਪੀੜਾ ਸੁਣ ਕੇ ਆਪ ਦੇ ਨੇਤ੍ਰ ਡੁਲ੍ਹ ਪਿਆ ਕਰਦੇ ਸਨ। ਇਸ ਗਲ ਤੋਂ ਕਿਸੇ ਨੂੰ ਇਨਕਾਰ ਨਹੀਂ ਹੋ ਸਕਦਾ ਕਿ ਆਪ ਹਰ ਵਕਤ ਪੰਥ ਲਈ ਕੁਰਬਾਨ ਹੋਣ ਲਈ ਤਿਆਰ ਬਰ ਤਿਆਰ ਰਹਿੰਦੇ ਸਨ। ਆਪ ਦੇ ਜੀਵਨ ਵਿਚ ਸਭ ਤੋਂ ਵਡੀ ਸਿਫ਼ਤ ਇਹ ਸੀ ਕਿ ਜੋ ਕੰਮ ਅਰੰਭ ਕਰਦੇ ਸਨ ਉਸ ਨੂੰ ਪੂਰਾ ਕਰਕੇ ਹੀ ਛਡਦੇ ਸਨ, ਭਾਵੇਂ ਕਿਤਨੀ ਭੀ ਕੁਰਬਾਨੀ ਕਿਉਂ ਨ ਕਰਨੀ ਪਵੇ। ਇਤਨੀ ਮੁਖ਼ਾਲਫ਼ਤ ਦੇ ਹੁੰਦਿਆਂ ਭੀ ਇਕ ਪਿੰਡ ਵਿਚ ਇਸ ਤਰ੍ਹਾਂ ਦਾ ਕਾਮਯਾਬ ਰਾਜਸੀ ਦੀਵਾਨ ਕਰਨਾ ਆਪ ਦੀ ਹਿੰਮਤ ਅਤੇ ਦ੍ਰਿੜ੍ਹਤਾ ਦਾ ਹੀ ਨਤੀਜਾ ਸੀ।

ਇਸ ਜਲਸੇ ਦੇ ਪਿਛੋਂ ਅਜ ਦੇ ਦਿਨਾਂ ਤਕ ਬਾਰ ਦੇ ਇਲਾਕੇ ਵਿਚ ਇਤਨਾ ਭਾਰੀ ਕਾਮਯਾਬ ਕੋਈ ਜਲਸਾ ਨਹੀਂ ਹੋਇਆ ਹੈ। ਬਾਹਰੋਂ ਆਏ ਸਜਣਾਂ ਦੀ ਗਿਣਤੀ ਪੈਂਤੀ ਹਜ਼ਾਰ ਦੇ ਕ਼ਰੀਬ ਸੀ। ਇਸ ਦੇ ਸਾਏਬਾਨਾਂ ਦਾ ਕਰਾਇਆ ਹੀ ਪੰਜ ਸੌ ਸਠ ਰੁਪਏ ਲ਼ਾਹੌਰ ਵਾਲਿਆਂ ਨੂੰ ਦਿਤਾ ਗਿਆ ਸੀ। ਪਿੰਡ ਨੇ ਦੋ ਸੌ ਮਣ ਪਕੇ ਆਟੇ ਦਾ ਲੰਗਰ ਲਈ ਪ੍ਰਬੰਧ ਕੀਤਾ ਸੀ ਜੋ ਤਿੰਨ੍ਹਾਂ

ਡੰਗਾਂ ਵਿਚ ਹੀ ਖ਼ਤਮ ਹੋ ਗਿਆ, ਲੋਕਾਂ ਵਿਚ ਬੜਾ ਉਤਸ਼ਾਹ ਸੀ। ਲਾਗੇ ਬੰਨੇ ਦੇ ਨਗਰਾਂ ਨੇ ਬੜੀ ਹਿੰਮਤ ਅਤੇ ਖੁਲ੍ਹ-ਦਿਲੀ ਵਖਾਈ, ਆਟੇ ਤੋਂ ਬਿਨਾਂ ਇਕੱਲੇ ਚਕ ਨੰ: ੭੮ ਨਵਾਂ ਪਿੰਡ ਨੇ ਤੀਹ ਪੀਪੇ ਘਿਉ ਦੇ ਲੰਗਰ ਲਈ ਭੇਟਾ ਕੀਤੇ। ਤਿੰਨ ਦਿਨ ਤੀਹ ਤੀਹ ਪੰਗਤਾਂ ਇਕ ਇਕ ਹਜ਼ਾਰ ਬੰਦਿਆਂ ਦੀਆਂ ਦੋਵੇਂ ਵੇਲੇ ਲੰਗਰ ਵਿਚ ਪ੍ਰਸ਼ਾਦ ਛਕਣ ਲਈ ਬੈਠਦੀਆਂ ਸਨ। ਲੰਗਰ ਵਾਲੇ ਖੂਹ ਨੇ ਪਾਣੀ ਦੇਣਾ ਬੰਦ ਕਰ ਦਿਤਾ ਸੀ। ਜਿਸ ਤੋਂ ਪਤਾ ਲਗਦਾ ਹੈ ਕਿ ਇਹ ਜਲਸਾ ਹੁਣ ਤਕ ਹੋ ਚੁਕੀਆਂ ਕਈਆਂ ਕਾਨਫ੍ਰੰਸਾਂ ਨਾਲੋਂ ਭੀ ਬਹੁਤ ਕਾਮਯਾਬ ਹੋਇਆ ਸੀ। ਬਾਹਰੋਂ ਆਈਆਂ ਰਸਤਾਂ ਤੋਂ ਬਿਨਾਂ ਨਕਦ ਛੇ ਹਜ਼ਾਰ ਰੁਪਿਆ ਇਸ ਜਲਸੇ ਤੇ ਖ਼ਰਚ ਹੋਇਆ ਸੀ, ਜਿਸ ਵਿਚੋਂ ਇਕੱਲੇ ਭਾ: ਲਛਮਣ ਸਿੰਘ ਨੇ ਤਿੰਨ ਹਜ਼ਾਰ ਦੀ ਵਡੀ ਰਕਮ ਆਪਣੇ ਪਲਿਓਂ ਖਰਚ ਕੀਤੀ ਸੀ ਅਤੇ ਤਿੰਨ ਹਜ਼ਾਰ ਇਲਾਕੇ ਨੇ ਇਕੱਤ੍ਰ ਕਰਕੇ ਦਿਤਾ ਸੀ। ਸ੍ਰਕਾਰ ਵਲੋਂ ਨੰਬਰਦਾਰਾਂ ਰਾਹੀਂ ਜਲਸੇ ਦੀ ਮੁਖ਼ਾਲਫ਼ਤ ਦੇ ਹੁੰਦਿਆਂ ਸੁੰਦਿਆਂ ਭੀ ਮੁਲਕੀ ਆਗੂਆਂ ਦੇ ਬੜੇ ਕੜਾਕੇਦਾਰ ਲੈਕਚਰ ਹੋਏ। ਇਸ ਜਲਸੇ ਦੇ ਪ੍ਰਧਾਨ ਸ: ਹਰਚੰਦ ਸਿੰਘ ਜੀ ਰਈਸ ਲਾਇਲਪੁਰੀ ਸਨ। ਬਾਹਰੋਂ ਉਘੇ ਉਘੇ ਦੇਸ਼ ਭਗਤ ਤੇ ਕੌਮੀ ਸੇਵਕ ਪ੍ਰਚਾਰ ਲਈ ਸੱਦੇ ਹੋਏ ਸਨ। ਆਗ਼ਾ ਮੁਹੰਮਦ ਸਫ਼ਦਰ, ਡਾਕਟਰ ਕਿਚਲੂ, ਮਹਾਤਮਾ ਅਨੰਦ ਗੋਪਾਲ, ਦੇ ਜ਼ੋਰ ਦੇਣ ਤੇ ਸਰਕਾਰ ਨਾਲ ਨਾ-ਮਿਲਵਰਤਨ ਦਾ ਮਤਾ ਪਾਸ ਹੋ ਗਿਆ। ਸਿਖ ਲੀਡਰਾਂ ਵਲੋਂ ਗੁਰਦੁਆਰਾ ਸੁਧਾਰ ਲਹਿਰ ਲਈ ਕੁਰਬਾਨੀ ਕਰਨ ਲਈ ਬੜੇ ਧੜਲੇਦਾਰ ਲੈਕਚਰ ਹੋਏ ਜਿਸ ਦੇ ਕਾਰਨ ਸਾਰੇ ਇਲਾਕੇ ਵਿਚ ਰੂਹ ਫੂਕੀ ਗਈ ਅਤੇ ਹਰ ਇਕ ਸਿਖ ਬਚੇ ਦਾ ਦਿਲ ਕੁਰਬਾਨੀ ਲਈ ਫਰਕ ਰਿਹਾ ਸੀ।

ਇਸ ਜਲਸੇ ਦੇ ਮੁਖੀਆਂ ਵਲੋ ਵਿਖਿਆਨਾਂ ਵਿਚ ਖਾਸ ਕਰਕੇ ਸ੍ਰੀ ਨਨਕਾਣੇ ਸਾਹਿਬ ਦੇ ਮਹੰਤ ਦੀਆਂ ਭੈੜੀਆਂ ਕਰਤੂਤਾਂ ਅਤੇ ਅਤਿਆਚਾਰਾਂ ਦੇ ਪੜਦੇ ਪਾੜ ਕੇ ਦਸੇ ਗਏ ਕਿ ਉਥੇ ਦੇ ਬਦਕਾਰ ਮਹੰਤ ਆਪ ਛਡ ਆਪਣੇ ਘੋੜਿਆਂ ਨੂੰ ਭੀ ਸ਼ਰਾਬਾਂ ਪਿਲਾਉਂਦੇ ਹਨ। ਗੁਰਦੁਆਰਾ ਜਨਮ ਅਸਥਾਨ ਦੀ ਹਜ਼ੂਰੀ ਵਿਚ ਦੋ ਵੇਰ ਕੰਜਰੀਆਂ ਦੇ ਮੁਜਰੇ ਹੋ ਚੁਕੇ ਹਨ। ਜ਼ਿਲਾ ਲਾਇਲਪੁਰ ਦੀਆਂ ਛੇ ਬੀਬੀਆਂ ਗੱਡੀਓਂ ਰਹਿ ਗਈਆਂ,ਉਨ੍ਹਾਂ ਨੂੰ ਦਖਣੀ ਬਾਹੀ ਦੀਆਂ ਕੋਠ-

ੜੀਆਂ ਵਿੱਚ ਉਤਾਰਾ ਦਿੱਤਾ ਗਿਆ ਅਤੇ ਰਾਤ ਨੂੰ ਇਕ ਵੱਕਤ ਤੇ ਛੇਆਂ ਦੇ ਸਤ ਭੰਗ ਕੀਤੇ ਗਏ। ਇਕ ਸਿੰਧੀ ਸੇਠ ਜੋ ਗੁਰੂ ਘਰ ਦੀ ਸ਼ਰਧਾ ਰਖਕੇ ਸਣੇ ਪ੍ਰਵਾਰ ਦਰਸ਼ਨਾਂ ਲਈ ਆਇਆ, ਉਸ ਨੂੰ ਭੀ ਉਪ੍ਰੋਕਤ ਕੋਠੜੀਆਂ ਵਿੱਚ ਉਤਾਰਾ ਦਿਤਾ ਗਿਆ; ਅਜੇ ਬਾਰਾਂਦਰੀ ਵਿੱਚ ਸਾਹਮਣੇ ਰਹਿਰਾਸ ਸਾਹਿਬ ਦਾ ਪਾਠ ਹੋ ਰਿਹਾ ਸੀ ਜੋ ਨਾਲ ਲੈ ਜਾਕੇ ਲੈਂਪ ਦੇਣ ਦੇ ਬਹਾਨੇ ਉਸ ਦੀ ਕੁਆਰੀ ਲੜਕੀ ਦਾ ਉਥੇ ਹੀ ਸਤ ਭੰਗ ਕੀਤਾ ਗਿਆ ਅਤੇ ਤਿੰਨ ਦਿਨ ਲਈ ਉਸ ਕੰਨਿਆਂ ਨੂੰ ਲੁਕਾਈ ਰਖਿਆ ਆਦਿ, ਉਪੱਦ੍ਰਾਵਾਂ ਦੀਆਂ ਦਿਲ-ਚੀਰਵੀਆਂ ਤੇ ਰੌਂਗਟੇ ਖੜੇ ਕਰਨ ਵਾਲੀਆਂ ਗੱਲਾਂ ਸੁਣਕੇ ਸੰਗਤ ਵਿੱਚ ਡਾਢਾ ਜੋਸ਼ ਖਿਲਰ ਗਿਆ।

ਭਾਈ ਟਹਿਲ ਸਿੰਘ ਜੀ ਸ਼ਹੀਦ ਨਜ਼ਾਮਪੁਰ ਦੇਵਾ ਸਿੰਘ ਵਾਲੇ ਨੇ ਖੜੋਕੇ ਕਿਹਾ ਕਿ ਸੰਗਤ ਮੈਨੂੰ ਹੁਕਮ ਦੇਵੇ ਮੈਂ ਦਿਨ ਚੜ੍ਹਦੇ ਨੂੰ ਮਹੰਤ ਨਰਾਇਣ ਦਾਸ ਦਾ ਸਿਰ ਵੱਢ ਲਿਆਉਂਦਾ ਹਾਂ, ਪਰ ਉਨ੍ਹਾਂ ਨੂੰ ਹੌਂਸਲਾ ਤੇ ਧੀਰਜ ਦੇਕੇ ਇਸ ਗਲੋਂ ਰੋਕ ਦਿਤਾ ਗਿਆ। ਇਸ ਦੀਵਾਨ ਵਿੱਚ ਜਦ ਇਕ ਸਮੇਂ ਬਾਬਾ ਗੁਰਦਿੱਤ ਸਿੰਘ ਜੀ ਗੁਰੂ ਨਾਨਕ ਜਹਾਜ਼ ਵਾਲਿਆਂ ਦਾ ਜ਼ਿਕਰ ਛਿੜਿਆ ਤਦ ਭਾ: ਲਛਮਣ ਸਿੰਘ ਹੋਰਾਂ ਜਲ-ਪੂਰਤ ਨੈਣਾਂ ਨਾਲ ਖੜੇ ਹੋਕੇ ਕਿਹਾ ਕਿ ਜੇ ਕੋਈ ਗੁਰੂ ਕਾ ਪਿਆਰਾ ਮੈਨੂੰ ਬਾਬਾ ਜੀ ਦੇ ਦਰਸ਼ਨ ਕਰਵਾ ਦੇਵੇ ਤਾਂ ਮੈਂ ਉਸਨੂੰ ਆਪਣੇ ਮੁਰੱਬੇ ਭੇਟਾ ਕਰ ਦਿਆਂ। ਆਪ ਦਾ ਏਸ ਤਰ੍ਹਾਂ ਦਰਦ ਨਾਲ ਭਰਿਆ ਹੋਇਆ ਦਿਲ ਤੇ ਬੇਹਬਲਤਾ ਵੇਖਕੇ ਸੰਗਤ ਵਿੱਚ ਭੀ ਵੈਰਾਗ ਦਾ ਪ੍ਰਵਾਹ ਚਲ ਪਿਆ। ਅਫ਼ਸੋਸ ਕਿ ਆਪ ਬਾਬਾ ਜੀ ਦੇ ਦਰਸ਼ਨਾਂ ਦੀਆਂ ਸੱਧਰਾਂ ਮਨ ਵਿੱਚ ਰਖਕੇ ਹੀ ਸ਼ਹੀਦੀਆਂ ਪ੍ਰਾਪਤ ਕਰ ਗਏ। ਸ੍ਰੀ ਨਨਕਾਣੇ ਸਾਹਿਬ ਜਿੰਨੀਆਂ ਭੀ ਇਸ ਇਲਾਕੇ ਵਿਚੋਂ ਸ਼ਹੀਦੀਆਂ ਹੋਈਆਂ ਅਤੇ ਸੈਂਕੜੇ ਗੁਰੂ ਕੇ ਲਾਲ ਆਪਣੀਆਂ ਜਾਨਾਂ ਤਲੀ ਉਤੇ ਰੱਖਕੇ ਰਾਤ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਰਾਹ-ਖਹਿੜੇ ਭੁਲਦੇ ਭੁਲਾਉਂਦੇ, ਉਨੀਂਦਰੇ ਅਤੇ ਤ੍ਰੇਹ ਦੀ ਕੋਈ ਪ੍ਰਵਾਹ ਨਾ ਕਰਦੇ ਹੋਏ ਸ਼ਹੀਦੀ ਰੰਗਣ ਵਿੱਚ ਰੰਗੇ, ਸਾਰੀ ਰਾਤ ਛਾਲਾਂ ਮਾਰਦੇ ਭਜੇ ਆਏ। ਇਹ ਸਭ ਇਸ ਜਲਸੇ ਦੇ ਹਲੂਣੇ ਦਾ ਹੀ ਫਲ ਸੀ, ਜਿਸਦੀ ਸਾਰੀ ਵਡਿਆਈ ਦੇ ਆਪ ਹਕਦਾਰ ਹਨ।

ਇਸ ਸਮੇਂ ਗੁਰਦੁਆਰਾ ਬਾਬੇ ਦੀ ਬੇਰ ਦਾ ਝਗੜਾ-ਰਗੜਾ ਹੋ ਰਿਹਾ

ਸੀ। ਉਸਦਾ ਭੀ ਜਲਸੇ ਵਿੱਚ ਜ਼ਿਕਰ ਹੋਇਆ ਤਾਂ ਬਹੁਤ ਸਾਰੇ ਸਿੰਘ ਸ਼ਹੀਦੀਆਂ ਲਈ ਇਥੋਂ ਤਿਆਰ ਹੋਕੇ ਤੁਰ ਪਏ ਅਤੇ ਉਥੇ ਪੁਜਕੇ ਬੜੇ ਹੌਂਸਲੇ ਤੇ ਧੀਰਜ ਨਾਲ ਕੁਰਬਾਨੀ ਦੇ ਮੈਦਾਨ ਵਿਚ ਡੱਟੇ ਰਹੇ, ਜਿਸਦਾ ਸਿੱਟਾ ਇਹ ਹੋਇਆ ਕਿ ਗੁਰਦੁਆਰੇ ਦਾ ਪ੍ਰਬੰਧ ਪੰਥ ਦੇ ਹੱਥ ਵਿਚ ਆ ਗਿਆ।

ਇਸ ਜਲਸੇ ਦੀ ਸਮਾਪਤੀ ਪਿਛੋਂ ਆਪਦੇ ਅੰਦਰ ਅਜਿਹਾ ਜੋਸ਼ ਭਰਿਆ ਗਿਆ ਕਿ ਆਪ ਨੂੰ ਰਾਤ ਦਿਨ ਇਹੋ ਲਗਨ ਲਗੀ ਰਹਿੰਦੀ ਸੀ ਕਿ ਬਾਰ ਵਿਚ ਇਕੋ ਵਡਾ ਗੁਰੂ ਅਸਥਾਨ ਹੈ ਤੇ ਜੇ ਉਸਦਾ ਭੀ ਪ੍ਰਬੰਧ ਅਸੀਂ ਸੁਧਾਰ ਨ ਸਕੇ ਤਾਂ ਗੁਰੂ ਕੇ ਸਿਖ ਕਾਹਦੇ ਹੋਏ! ਇਧਰੋਂ ਪੁਲਸ ਭੀ ਆਪ ਦੀ ਨਿਗਰਾਨੀ ਵਿਚ ਰਾਤ ਦਿਨ ਭਜੀ ਫਿਰਦੀ ਸੀ।

ਪੂਰਨਮਾਸ਼ੀ ਦੇ ਮੇਲੇ ਨੂੰ

ਨਵੰਬਰ ਸੰ: ੧੯੨੦ ਈ: ਨੂੰ ਪੂਰਨਮਾਸ਼ੀ ਦੇ ਮੇਲੇ ਤੇ ਆਪ ਨੇ ਆਪਣੇ ਇਲਾਕੇ ਵਲੋਂ ਸ੍ਰੀ ਨਨਕਾਣੇ ਸਾਹਿਬ ਵਿਚ ਬੜਾ ਭਾਰੀ ਦੀਵਾਨ ਕੀਤਾ। ਗੁਰਦੁਆਰਿਆਂ ਦੇ ਵਿਗੜੇ ਹੋਏ ਪ੍ਰਬੰਧ ਨੂੰ ਸੁਧਾਰਨ ਲਈ ਬੜਾ ਖੁਲ੍ਹਾ ਡੁਲ੍ਹਾ ਪ੍ਰਚਾਰ ਹੋਇਆ। ਕਈਆਂ ਸਜਣਾਂ ਨੇ ਆਕੇ ਇਸ ਦੀਵਾਨ ਵਿਚ ਹੀ ਸ਼ਕੈਤ ਕੀਤੀ ਕਿ ਮਹੰਤ ਨਰੈਣ ਦਾਸ ਵਡੀਆਂ ਕ੍ਰਿਪਾਨਾਂ ਵਾਲਿਆਂ ਸਿੰਘਾਂ ਨੂੰ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਅੰਦਰ ਮੱਥਾ ਟੇਕਣ ਨਹੀਂ ਜਾਣ ਦਿੰਦਾ। ਸੰਗਤਾਂ ਵਿਚ ਇਸ ਗਲ ਦੀ ਬੜੀ ਚਰਚਾ ਹੋਈ। ਅਖ਼ੀਰ ਨੂੰ ਪੰਜ ਪਿਆਰੇ ਚੁਣਕੇ ਆਪਨੂੰ ਉਨ੍ਹਾਂ ਦਾ ਜਥੇਦਾਰ ਨੀਯਤ ਕਰਕੇ ਇਹ ਸਾਰਾ ਮਾਮਲਾ ਇਨ੍ਹਾਂ ਦੇ ਸਪੁਰਦ ਕਰ ਦਿਤਾ। ਆਪ ਨੇ ਪੰਜਾਂ ਪਿਆਰਿਆਂ ਨਾਲ ਸਲਾਹ ਕਰਕੇ ਭਰੇ ਦੀਵਾਨ ਵਿਚ ਇਹ ਗੁਰਮਤਾ ਸਰਬ ਸੰਮਤੀ ਨਾਲ ਪਾਸ ਕਰਵਾ ਲਿਆ ਕਿ ਸਾਰੀ ਗੁਰੂ ਕੀ ਸੰਗਤ ਵਡੀਆਂ ਕ੍ਰਿਪਾਨਾਂ ਵਾਲਿਆਂ ਸਮੇਤ ਸ੍ਰੀ ਜਨਮ ਅਸਥਾਨ ਦੇ ਅੰਦਰ ਮੱਥਾ ਟੇਕਣ ਚਲੀਏ। ਸਭ ਸਿੰਘ ਇਨ੍ਹਾਂ ਦੇ ਨਾਲ ਸ਼ਾਮਲ ਹੋ ਗਏ, ਸਭ ਤੋਂ ਅਗੇ ਤਿੰਨ ਫ਼ੁਟੀਆਂ ਕ੍ਰਿਪਾਨਾਂ ਵਾਲੇ ਅਤੇ ਉਨ੍ਹਾਂ ਦੇ ਪਿਛੇ ਇਕ ਫ਼ੁਟੀਆਂ ਕ੍ਰਿਪਾਨਾਂ ਵਾਲੇ ਸਨ। ਇਸ ਤਰ੍ਹਾਂ ਤੀਹ ਹਜ਼ਾਰ ਦੇ ਏੜ ਗੇੜ ਸੰਗਤਾਂ ਆਪ ਦੀ ਜਥੇਦਾਰੀ ਥਲੇ ਮੱਥਾ ਟੇਕਣ ਲਈ ਤੁਰ

ਪਈਆਂ। ਜਦ ਇਹ ਦਲ ਦਰਸ਼ਨੀ ਡਿਉੜ੍ਹੀ ਅਗੇ ਪੁਜਾ ਤਦ ਨਾਂਗੇ ਸਾਧ ਧੂਣੀਆਂ ਵਿਚੋਂ ਬਲਦੇ ਚੋ ਧੂਹ ਕੈ ਗੁਰੂ .ਕੀ ਸੰਗਤ ਦੇ ਗਲ ਆ ਪਏ। ਪਰ ਸੰਗਤ ਸ਼ਾਂਤ ਚਿਤ ਅਡੋਲ ਖੜੀ ਰਹੀ। ਇਸ ਦੇ ਨਾਲ ਹੀ ਮਹੰਤ ਨੇ ਦੋ ਬੰਦੂਕਚੀ ਮੁਸਲਮਾਨ ਦਰਬਾਰ ਸਾਹਿਬ ਦੇ ਦਖਣ ਵਾਲੇ ਦਰਵਾਜ਼ੇ ਵਿਚ ਖੜੇ ਕਰ ਦਿਤੇ ਤੇ ਹੋਰ ਬਹੁਤ ਸਾਰੇ ਡਾਕੂ ਦਰਬਾਰ ਸਾਹਿਬ ਦੇ ਪਿਛਲੇ ਪਾਸੇ ਤੇ ਬੈਠਕ ਵਿਚ ਤਿਆਰ ਕੀਤੇ ਹੋਏ ਸਨ। ਉਸ ਵੇਲੇ ਚੂੰਕਿ ਇਹ ਗਲ ਆਮ ਪ੍ਰਗਟ ਸੀ ਕਿ ਮਹੰਤ ਕਿਸੇ ਕ੍ਰਿਪਾਨ ਵਾਲੇ ਨੂੰ ਗੁਰਦੁਆਰੇ ਦੇ ਅੰਦਰ ਮਥਾ ਟੇਕਣ ਨਹੀਂ ਜਾਣ ਦਿੰਦਾ, ਇਸ ਗਲ ਦੇ ਨਿਤਾਰੇ ਲਈ ਹੀ ਭਾਈ ਲਛਮਣ ਸਿੰਘ ਜੀ ਸੰਗਤਾਂ ਨੂੰ ਨਾਲ ਲੈ ਕੇ ਸ਼ਬਦ ਪੜ੍ਹਦੇ ਮਥਾ ਟੇਕਣ ਆਏ ਸਨ। ਮਹੰਤ ਸ਼ਰਾਰਤ ਆਪ ਕਰਕੇ ਸਿਖਾਂ ਦੇ ਮਥੇ ਲਾਉਣੀ ਚਾਹੁੰਦਾ ਸੀ, ਇਸ ਲਈ ਉਸ ਨੇ ਆਪਣੇ ਸਾਰੇ ਹਮਾਇਤੀਆਂ ਨੂੰ ਬਾਹਰ ਸਦ ਲਿਆ ਜੋ ਸ਼੍ਰਾਬੀ ਹੋਏ ਬਾਹਰ ਮੈਦਾਨ ਵਿਚ ਨਿਕਲ ਖਲੋਤੇ ਤੇ ਲਲਕਾਰ ਕੇ ਆਖਿਆ ਕਿ ਅਸੀਂ ਕ੍ਰਿਪਾਨਾਂ ਵਾਲੇ ਸਿਖਾਂ ਨੂੰ ਗੁਰਦੁਆਰੇ ਦੇ ਅੰਦਰ ਮਥਾ ਟੇਕਣ ਨਹੀਂ ਜਾਣ ਦਿਆਂਗੇ। ਉਸ ਸਮੇਂ ਮੇਲੇ ਦੇ ਪ੍ਰਬੰਧ ਲਈ ਡਿਪਟੀ ਕਮਿਸ਼ਨਰ, ਸੁਪ੍ਰੰਟੈਂਡੰਟ ਪੁਲਸ, ਈ. ਏ. ਸੀ., ਤਹਿਸੀਲਦਾਰ ਤੇ ਥਾਣੇਦਾਰ ਸਣੇ ਪੁਲਸ ਦੇ ਆਏ ਹੋਏ ਸਨ। ਮਹੰਤਾਂ ਨੇ ਜਾ ਉਪਰੋਕਤ ਹਾਕਮਾਂ ਪਾਸ ਸ਼ਕੈਤ ਕੀਤੀ ਕਿ ਅਕਾਲੀ ਗੁਰਦੁਆਰੇ ਤੇ ਕਬਜ਼ਾ ਕਰਨ ਆ ਪਏ ਹਨ।

ਇਹ ਖ਼ਬਰ ਹੁੰਦੇ ਸਾਰ ਸਾਰੇ ਅਫ਼ਸਰ ਪੁਲਸ ਲੈ ਕੇ ਨਠੇ ਆਏ; ਮੌਕੇ ਤੇ ਆ ਕੇ ਵੇਖਿਆ ਕਿ ਭਾ: ਲਛਮਣ ਸਿੰਘ ਜੀ ਮੋਹਰੇ ਤੇ ਮਗਰ ਹਜ਼ਾਰਾਂ ਸਿਖ ਸ਼ਬਦ ਪੜ੍ਹ ਰਹੇ ਹਨ। ਇਨ੍ਹਾਂ ਨੇ ਆਉਂਦਿਆਂ ਹੀ ਸੰਗਤ ਨੂੰ ਸਵਾਲ ਕੀਤਾ ਕਿ ਤੁਮ ਲੋਕ ਕਿਉਂ ਆਏ ਹੋ ? ਤਦ ਜਥੇਦਾਰ ਸਾਹਿਬ ਨੇ ਉਤ੍ਰ ਦਿਤਾ ਕਿ ਅਸੀਂ ਸਭ ਗੁਰਦੁਆਰੇ ਮੱਥਾ ਟੇਕਣ ਆਏ ਹਾਂ, ਅੰਦਰੋਂ ਦਰਸ਼ਨ ਕਰ ਕੇ ਸੰਗਤਾਂ ਨੇ ਹੁਣੇ ਵਾਪਸ ਮੁੜ ਆਪਣੇ ਦੀਵਾਨ ਅਸਥਾਨ ਤੇ ਚਲੇ ਜਾਣਾ ਹੈ। ਪ੍ਰੰਤੂ ਸਾਧ ਫ਼ਸਾਦ ਕਰਦੇ ਹਨ, ਸਾਧ ਬਾਹਰੋਂ ਆਇਆਂ ਕ੍ਰਿਪਾਨ-ਧਾਰੀ ਸਿੰਘਾਂ ਨੂੰ ਮੱਥਾ ਨਹੀਂ ਟੇਕਣ ਦਿੰਦੇ, ਪੁਲਸ ਕਪਤਾਨ ਨੇ ਇਜਾਜ਼ਤ ਦੇ ਦਿਤੀ ਕਿ ਮੱਥਾ ਟੇਕਣ ਦੀ ਕਿਸੇ ਨੂੰ ਕੋਈ ਰੁਕਾਵਟ ਨਹੀਂ ਹੈ। ਇਹ ਹੁਕਮ ਮਿਲਣ ਤੇ ਛਵ੍ਹੀਆਂ

ਗੰਡਾਸਿਆਂ ਤੇ ਡਾਂਗਾਂ ਵਾਲੇ ਪਿਛੇ ਹੱਟ ਗਏ। ਬਹੁਤ ਸਾਰੇ ਨਾਂਗੇ ਸਾਧਾਂ ਨੇ ਆਪਣੇ ਧੂੰਇਆਂ ਵਿਚੋਂ ਚੁਆੜੇ ਚੁਕੇ ਹੋਏ ਸਨ, ਉਹ ਭੀ ਉਨ੍ਹਾਂ ਦੇ ਪਿਛੇ ਹੋ ਗਏ। ਸਭ ਸੰਗਤਾਂ ਖੁਸ਼ੀ ਨਾਲ ਗੁਰਦੁਆਰੇ ਦੇ ਅੰਦਰ ਦਰਸ਼ਨ ਲਈ ਚਲੀਆਂ ਗਈਆਂ ਤੇ ਉਥੇ ਬੈਠਕੇ ਸਭ ਤੋਂ ਪਹਿਲਾਂ ਸਾਰੀ ਸੰਗਤ ਨੇ ਮਿਲਕੇ ਇਕ ਬੇਨਤੀ ਮਈ ਸ਼ਬਦ ਪੜ੍ਹਿਆ, ਉਸ ਦੇ ਪਿਛੋਂ ਭਾਈ ਲਛਮਣ ਸਿੰਘ ਜੀ ਨੇ ਲੈਕਚਰ ਦੇਣਾ ਸ਼ੁਰੂ ਕਰ ਦਿਤਾ। ਐਸ. ਪੀ. ਤੇ ਡੀ. ਸੀ. ਦੋਵੇਂ, ਪ੍ਰਬੰਧ ਲਈ ਲਾਏ ਆਰਜ਼ੀ ਜੰਗਲੇ ਪਾਸ ਖੜੇ ਸੁਣਦੇ ਰਹੇ। ਲੈਕਚਰ ਦਾ ਸਾਰ ਇਹ ਸੀ ਕਿ "ਸਾਡੇ ਬਾਬੇ ਦਾ ਦਰਬਾਰ ਹੋਵੇ ਤੇ ਉਥੇ ਮੱਥਾ ਟੇਕਣੋਂ ਸਾਨੂੰ ਰੋਕਿਆ ਜਾਵੇ ? ਖ਼ਾਸ ਕਰਕੇ ਜਦੋਂ ਅਸੀਂ ਸਿਰ ਨੀਂਵਾਂ ਕਰਕੇ ਮੱਥਾ ਟੇਕਣ ਆਉਂਦੇ ਹਾਂ, ਕਿਸੇ ਪੁਰ ਵਾਰ ਕਰਨ ਨਹੀਂ ਆਉਂਦੇ,ਕਦੀ ਹੋ ਨਹੀਂ ਸਕਦਾ ਕਿ ਅਸੀ ਮਥਾ ਟੇਕਣ ਜਾਣੋਂ ਰੁਕ ਜਾਈਏ, ਅਸੀ ਜ਼ਰੂਰ ਦਰਸ਼ਨ ਕਰਾਂਗੇ ਤੇ ਇਸ ਦਰ ਦੀ ਧੂੜ ਮਸਤਕ ਪੁਰ ਲਾਕੇ ਆਪਣਾ ਜਨਮ ਸਫਲਾ ਸਮਝਾਂਗੇ। ਸਿਖ ਕਿਤੇ ਭੀ ਕਿਸੇ ਪੁਰ ਪਹਿਲਾਂ ਵਾਰ ਨਹੀਂ ਕਰਦਾ, ਬਾਬੇ ਦੇ ਦਰ ਪੁਰ ਖ਼ਾਸ ਕਰਕੇ ਕਦੇ ਕੋਈ ਸਿਖ ਵਾਰ ਨਹੀਂ ਕਰੇਗਾ।" ਐਸ.ਪੀ. ਨੇ ਖ਼ਾਸ ਤੌਰ ਤੇ ਇਹ ਸ਼ਬਦ ਸੁਣਕੇ ਪ੍ਰਸੰਨਤਾ ਪ੍ਰਗਟ ਕੀਤੀ ਕਿ ਜੋ ਸਾਧ ਆਖਦੇ ਸਨ ਕਿ ਸਿਖ ਸਾਨੂੰ ਮਾਰਨ ਆਏ ਹਨ, ਝੂਠੇ ਨਿਕਲੇ ਹਨ। ਮੱਥਾ ਟੇਕਕੇ ਸੰਗਤਾਂ ਵਾਪਸ ਆ ਗਈਆਂ। ਜਦੋਂ ਸੰਗਤ ਦਰਸ਼ਨੀ ਡਿਉੜੀ ਵਿਚੋਂ ਬਾਹਰ ਨਿਕਲਦੀ ਹੈ ਤਦ ਨਾਂਗੇ ਸਾਧੂ ਫੇਰ ਪਹਿਲਾਂ ਨਾਲੋਂ ਭੀ ਵਧੇਰੇ ਹਿਸ਼ਕੇ ਇਨ੍ਹਾਂ ਦੇ ਗਲ ਪੈ ਜਾਂਦੇ ਹਨ, ਪ੍ਰੰਤੂ ਪੁਲਸ ਨੇ ਅਗੇ ਵਧਕੇ ਉਨ੍ਹਾਂ ਫ਼ਸਾਦੀ ਸਾਧਾਂ ਨੂੰ ਅਜਿਹਾ ਕਰਨ ਤੋਂ ਰੋਕ ਦਿਤਾ ਅਤੇ ਇਸ ਤਰਾਂ ਸਾਧਾਂ ਵਲੋਂ ਹੁੰਦੀ ਹੁੰਦੀ ਲੜਾਈ ਰੁਕ ਗਈ, ਨਹੀਂ ਤੇ ਪਤਾ ਨਹੀਂ ਕਿ ਸਿੰਘਾਂ ਦੀਆਂ ਕਿੰਨੀਆਂ ਕੁ ਸ਼ਹੀਦੀਆਂ ਹੋ ਜਾਂਦੀਆਂ। ਥੋੜੇ ਚਿਰ ਪਿਛੋਂ ਬਾਵਾ ਨਰਿੰਜਨ ਸਿੰਘ, ਡਾ: ਮਹਾਂ ਸਿੰਘ ਗੁਜਰਾਂਵਾਲਾ ਆਦਿ ਸੱਜਣ ਇਕੱਠੇ ਹੋਕੇ ਡੀ. ਸੀ. ਮਿਸਟਰ ਕਰੀ ਸਾਹਿਬ ਨੂੰ ਮਿਲੇ ਤੇ ਇਹ ਆਖਿਆ ਕਿ ਸਾਹਿਬ ਤੁਸਾਂ ਆਪਣੀ ਅੱਖੀਂ ਵੇਖ ਹੀ ਲਿਆ ਹੈ ਕਿ ਅੱਜ ਸਿਖਾਂ ਦੇ ਪਵਿੱਤ੍ਰ ਗੁਰਪੁਰਬ ਦਾ ਦਿਨ ਹੈ, ਸੰਗਤਾਂ ਕਿੰਨੇ ਪਵਿੱਤ੍ਰ ਤੇ ਗ਼ਰੀਬੀ ਦੇ ਭਾਵਾਂ ਨੂੰ ਲੈਕੇ ਇਥੇ ਆਈਆਂ ਹੋਈਆਂ ਹਨ। ਅਗੋਂ ਮਹੰਤ ਨੇ ਮੁਸਲਮਾਨ ਬੰਦੂਕਾਂ ਭਰਾਕੇ ਬੂਹੇ ਅਗੇ ਖੜੇ ਕੀਤੇ ਹੋਏ ਹਨ

ਤੇ ਛਵ੍ਹੀਆਂ ਤੇ ਗੰਡਾਸਿਆਂ ਵਾਲੇ ਸੈਂਕੜੇ ਬੰਦੇ ਤਿਆਰ ਕੀਤੇ ਹੋਏ ਹਨ, ਜਿਸਦਾ ਭਾਵ ਇਹ ਹੈ ਕਿ ਖ਼ਾਹ ਮਖ਼ਾਹ ਸਿਖਾਂ ਨੂੰ ਭੜਕਾਇਆ ਜਾ ਰਿਹਾ ਹੈ। ਇਸ ਭੈੜੇ ਵਤੀਰੇ ਦਾ ਯੋਗ ਪ੍ਰਬੰਧ ਹੋਣਾ ਜ਼ਰੂਰੀ ਹੈ। "ਬਹੁਤ ਹਛਾ, ਗ਼ੌਰ ਕੀਤਾ ਜਾਵੇਗਾ" ਇਹ ਉਤਰ ਮਿਲਿਆ।

ਉਧਰ ਦੀਵਾਨ ਅਸਥਾਨ ਤੇ ਪੁਜਕੇ ਸੰਗਤਾਂ ਨੇ ਇਸ ਗਲ ਦਾ ਬੜਾ ਰੋਹ ਮਨਾਇਆ ਤੇ ਨਾਂਗੇ ਸਾਧਾਂ ਦੀ ਇਸ ਅਯੋਗ ਕਾਰਵਾਈ ਨੂੰ ਸਾਹਮਣੇ ਰਖਦਿਆਂ ਹੋਇਆਂ ਬਾਈਕਾਟ ਦਾ ਮਤਾ ਪਾਸ ਕਰ ਦਿਤਾ, ਜਿਸਤੇ ਸਾਧ ਖਿੱਝਕੇ ਫੇਰ ਦੀਵਾਨ ਅਸਥਾਨ ਤੇ ਸਣੇ ਮਹੰਤ ਨਰਾਇਣ ਦਾਸ ਦੇ ਆ ਗਏ ਅਤੇ ਦੀਵਾਨ ਦੀਆਂ ਚਾਨਣੀਆਂ ਦੇ ਕਿੱਲੇ ਪੁਟਣ ਦਾ ਯਤਨ ਕਰਨ ਲਗੇ, ਪਰ ਫੇਰ ਅਫ਼ਸਰਾਂ ਦੇ ਉਥੇ ਪੁਜ ਜਾਣ ਤੇ ਸੁਖ ਅਤੇ ਸ਼ਾਂਤੀ ਵਰਤੀ ਰਹੀ। ਜੇ ਅਗੋਂ ਕੋਈ ਸਿੰਘ ਜ਼ਰਾ ਭੀ ਚੂੰ ਚਰਾਂ ਕਰਦਾ ਤਾਂ ਇਹ ਫ਼ਸਾਦ ਲਈ ਤੁਲ ਕੇ ਗਏ ਸਾਧ ਕਦੇ ਭੀ ਕਿਸੇ ਗਲੋਂ ਘਟ ਨ ਕਰਦੇ। ਪਰ ਸਿੰਘਾਂ ਨੇ ਆਪਣੀ ਸਹਿਨਸ਼ੀਲਤਾ ਤੇ ਜ਼ਬਤ ਦਾ ਪੂਰਾ ਪੂਰਾ ਸਬੂਤ ਦਿਤਾ, ਜਿਸ ਨੂੰ ਵੇਖਕੇ ਹਾਕਮ ਦੰਗ ਰਹਿ ਗਏ।

ਸ਼ਹੀਦੀ ਲਈ ਅਰਦਾਸ ਕਰਨੀ

ਸਾਵਣ ਸੰਮਤ ੧੯੭੭ ਬਿ: ਦੀ ਮਸਿਆ ਨੂੰ ਆਪ ਸ੍ਰੀ ਤਰਨ ਤਾਰਨ ਸਾਹਿਬ ਬੀਬੀਆਂ ਦੇ ਕੀਰਤਨੀ ਜਥੇ ਸਮੇਤ ਅਸ਼ਨਾਨ ਕਰਨ ਲਈ ਗਏ। ਮਸਿਆ ਤੋਂ ਅਗਲੇ ਦਿਨ ਸ੍ਰੀ ਦਰਬਾਰ ਸਾਹਿਬ ਅੰਦਰ ਬੀਬੀਆਂ ਨੇ ਕੀਰਤਨ ਕਰਨ ਦੀ ਲਾਲਸਾ ਜ਼ਾਹਿਰ ਕੀਤੀ। ਅਗੋਂ ਪੁਜਾਰੀਆਂ ਨੇ ਬੜੇ ਨਿਰਾਦਰ ਭਰੇ ਕੁਬਚਨ ਬੋਲੇ, ਤਦ ਆਪ ਅੰਦਰ ਸਿਖੀ ਸਪਿਰਟ ਨੇ ਜੋਸ਼ ਮਾਰਿਆ ਅਤੇ ਆਪ ਖੂੰਡਾ ਲੈਕੇ ਖੜੇ ਗਏ ਤੇ ਬੀਬੀਆਂ ਦੇ ਜਥੇ ਨੂੰ ਕੀਰਤਨ ਕਰਨ ਲਾ ਦਿਤਾ। ਉਨ੍ਹਾਂ ਨੇ ਪੂਰੇ ਪੰਜਾਂ ਸ਼ਬਦਾਂ ਦਾ ਕੀਰਤਨ ਕਰਕੇ ਭੋਗ ਪਾਇਆ, ਪਰ ਕਿਸੇ ਪੁਜਾਰੀ ਨੇ ਭੀ ਆਪ ਦੇ ਦਬਦਬੇ ਅਗੇ ਚੂੰ ਤਕ ਨ ਕੀਤੀ। ਇਸ ਅਨੋਖੀ ਘਟਨਾ ਨੇ ਆਪਦੇ ਦਿਲ ਤੇ ਡੂੰਘਾ ਅਸਰ ਕੀਤਾ ਅਤੇ ਆਪ ਇਸ ਦਿਨ ਤੋਂ ਗੁਰਦੁਆਰਾ ਸੁਧਾਰ ਲਹਿਰ ਦੀ ਪੂਰਤੀ ਲਈ ਦਿਲੀ ਉਮੰਗ ਨਾਲ ਮੈਦਾਨ ਵਿੱਚ ਕੁਦ ਪਏ।

–ਸ਼ਹੀਦੀ-ਜੀਵਨ–

੨੬ ਜਨਵਰੀ ਸੰ: ੧੯੨੧ ਈ: ਨੂੰ ਸ੍ਰੀ ਤਰਨ ਤਾਰਨ ਸਾਹਿਬ ਗੁਰਦੁਆਰੇ ਦੇ ਕਬਜ਼ੇ ਲਈ ਸਿੰਘ ਚੜ੍ਹਾਈ ਕਰਕੇ ਆਉਂਦੇ ਹਨ ਤਦ ਆਪ ਭੀ ਉਨ੍ਹਾਂ ਦੇ ਨਾਲ ਸ਼ਾਮਲ ਹੋਏ। ਜਿਸ ਦਿਨ ਭਾਈ ਹਜ਼ਾਰਾ ਸਿੰਘ ਜੀ ਅਲਦੀਨਪੁਰ ਸ਼ਹੀਦ ਨਮਿਤ ਰਖੇ ਗਏ ਅਖੰਡ ਪਾਠ ਦਾ ਭੋਗ ਪਿਆ ਤਾਂ ਉਸ ਸਮੇਂ ਭਰੇ ਦੀਵਾਨ ਵਿਚ ਆਪ ਨੇ ਸ੍ਰੀ ਨਨਕਾਣੇ ਸਾਹਿਬ ਦੇ ਮਹੰਤਾਂ ਦੇ ਕੁਕਰਮ ਖੋਲ੍ਹ ਕੇ ਦਸੇ ਅਤੇ ਇਸ ਦੇ ਪਿਛੋਂ ਸਤਿਗੁਰਾਂ ਦੀ ਹਜ਼ੂਰੀ ਵਿੱਚ ਖੜੇ ਹੋ ਕੇ ਅਰਦਾਸ ਕੀਤੀ ਕਿ "ਹੇ ਸਚੇ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ! ਮੇਹਰ ਕਰੋ ਤੇ ਦੇਸ਼ ਵਿਚੋਂ ਜ਼ੁਲਮ ਦੂਰ ਕਰਕੇ ਠੰਢ ਵਰਤਾਓ। ਸਚੇ ਧਰਮ ਖ਼ਾਤ੍ਰ ਆਪ ਨੇ ਸਭ ਤੋਂ ਪਹਿਲੇ ਸ਼ਹੀਦੀ ਦਿਤੀ ਸੀ ਅਤੇ ਨ ਸਹਾਰੇ ਜਾਣ ਵਾਲੇ ਜ਼ੁਲਮਾਂ ਦੇ ਕਸ਼ਟ ਆਪਣੇ ਸੋਹਲ ਸਰੀਰ ਤੇ ਸਹਾਰੇ ਸਨ। ਉਸ ਦੇ ਉਪਰੰਤ ਉਪਰੋ-ਥਲੀ ਬੇਅੰਤ ਸ਼ਹੀਦੀਆਂ ਹੋ ਕੇ ਦੇਸ਼ ਜ਼ਾਲਮਾਂ ਦੇ ਹਥੋਂ ਆਜ਼ਾਦ ਹੋ ਕੇ ਧਰਮ-ਰਾਜ ਕਾਇਮ ਹੋ ਗਿਆ। ਅਜ ਮੈਂ ਨਿਮਾਣਾ ਤੁਹਾਡੇ ਦਰਬਾਰ ਦੇ ਸਨਮੁਖ ਖੜੋ ਕੇ ਬੇਨਤੀਆਂ ਕਰ ਰਿਹਾ ਹਾਂ। ਕੁਝ ਮਹੀਨੇ ਬੀਤੇ ਹਨ ਜਦ ਮੈਂ ਆਪ ਦੇ ਭੁਝੰਗਣ ਆਸ਼ਰਮ ਧਾਰੋਵਾਲੀ ਦੀਆਂ ਕੌਮੀ ਬਚੀਆਂ ਦਾ ਕੀਰਤਨੀ ਜਥਾ ਲਿਆ ਕੇ ਆਪ ਦੇ ਸਚਖੰਡੀ ਦਰਬਾਰ ਵਿੱਚ ਇਕ ਗੁਰੂ ਕਾ ਸ਼ਬਦ ਪੜ੍ਹਣ ਦੀ ਆਗਿਆ ਮੰਗੀ ਸੀ, ਤਾਂ ਇਥੋਂ ਦੇ ਗੰ੍ਥੀ ਪੁਜਾਰੀਆਂ ਨੇ ਉਹ ਦੁਰਗਤ ਕੀਤੀ ਸੀ ਜੋ ਆਪ ਹੀ ਜਾਣਦੇ ਹੋ। ਹਾਕਮਾਂ ਪਾਸ ਪੁਜ ਕੇ ਅਜਿਹੇ ਭੈੜੇ ਸ਼ਬਦ ਕਹੇ ਜੋ ਨੀਚ ਤੋਂ ਨੀਚ ਪੁਰਸ਼ ਭੀ ਨਹੀਂ ਆਖ ਸਕਦਾ। ਅਜ ਤੇਰੇ ਪਿਆਰੇ ਭਾ: ਹਜ਼ਾਰਾ ਸਿੰਘ ਜੀ ਸ਼ਹੀਦ ਤੇ ਹੋਰ ਕਈ ਪਿਆਰਿਆਂ ਦੇ ਸ਼ਾਂਤਮਈ ਰਹਿ ਕੇ ਫੱਟੜ ਹੋਣ ਦੀ ਕੁਰਬਾਨੀ ਦਾ ਸਦਕਾ ਸ੍ਰੀ ਤਰਨ ਤਾਰਨ ਦੇ ਸਚਖੰਡੀ ਦਰਬਾਰ ਦਾ ਪ੍ਰਬੰਧ ਪੰਥਕ ਕਬਜ਼ੇ ਵਿੱਚ ਆ ਗਿਆ ਹੈ। ਪਿਛਲੇ ਪਾਪਾਂ ਦੀ ਮੈਲ ਸ਼ਹੀਦੀ ਖ਼ੂਨ ਨਾਲ ਧੋਤੀ ਗਈ ਹੈ। ਸੁ ਹੇ ਦੀਨਾ ਨਾਥ! ਮੇਰੇ ਤੇ ਵੀ ਅਜੇਹੀ ਕ੍ਰਿਪਾ ਕਰੋ, ਜੁ ਮੈਂ ਨਿਕਾਰੇ ਦਾ ਸਿਰ ਸ੍ਰੀ ਨਨਕਾਣੇ ਸਾਹਿਬ ਗੁਰ-ਦੁਆਰਾ ਜਨਮ ਅਸਥਾਨ ਦੇ ਪ੍ਰਬੰਧ-ਸੁਧਾਰ ਹਿਤ ਲੱਗੇ ਤੇ ਉਹ ਪਵਿਤ੍ਰ ਗੁਰਧਾਮ ਵੀ ਕੁਕਰਮੀਆਂ ਹਥੋਂ ਸੁਤੰਤਰ ਹੋ ਕੇ ਧਰਮੀਆਂ ਦੇ ਪ੍ਰਬੰਧ ਵਿਚ ਆ ਜਾਵੇ। ਉਥੇ ਕਿਸੇ ਕ੍ਰਿਪਾਨਧਾਰੀ, ਪੂਰਨ ਗੁਰਸਿਖ ਨੂੰ ਦਰਸ਼ਨ ਕਰਨ ਦੀ ਖੁਲ੍ਹ

ਨਹੀਂ ਹੈ। ਆਪ ਮੇਹਰ ਕਰੋ ਤੇ ਜਿਸ ਨੂੰ ਆਪਣੀ ਸੇਵਾ ਵਿਚ ਲਾਉਣਾ ਹੋਵੇ ਹੁਕਮ ਕਰਕੇ ਲਾ ਲਓ। ਪਰ ਮੈਂ ਨਿਮਾਣੇ ਦੀ ਉਮੰਗ ਅਤੇ ਉਤਸ਼ਾਹ ਜ਼ਰੂਰੀ ਪੂਰਾ ਕਰਨਾ, ਗੁਰਦੁਆਰਾ ਸ੍ਰੀ ਨਨਕਾਣੇ ਸਾਹਿਬ ਦੀ ਆਜ਼ਾਦੀ ਲਈ ਮੈਨੂੰ ਸ਼ਕਤੀ ਬਖ਼ਸ਼ ਕੇ ਅਪਣੀ ਸੇਵਾ ਵਿੱਚ ਜ਼ਰੂਰੀ ਲਾ ਲੈਣਾ।"

ਆਪ ਦੀ ਇਸ ਅੰਦਰੋਂ ਫੁਟ ਫੁਟ ਕੇ ਨਿਕਲੀ ਦਿਲ-ਚੀਰਵੀਂ ਅਰਦਾਸ ਨੇ ਕਈ ਗੁਰਮੁਖ ਪਿਆਰਿਆਂ ਦੇ ਦਿਲਾਂ ਤੇ ਅਸਰ ਕੀਤਾ ਅਤੇ ਉਨ੍ਹਾਂ ਨੇ ਇਸ ਸ਼ਹੀਦੀ ਦਲ ਲਈ ਆਪਣੇ ਨਾਮ ਭੀ ਪੇਸ਼ ਕੀਤੇ, ਪਰ ਬਿਨਾਂ ਭਾਗਾਂ ਦੇ ਸ਼ਹੀਦੀ ਵਰਗੀ ਪਵਿਤ੍ਰ ਦਾਤ ਕਿਸੇ ਨੂੰ ਪ੍ਰਾਪਤ ਨਹੀਂ ਹੁੰਦੀ।

ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿਚ

ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ੨੩ ਜਨਵਰੀ ਨੂੰ ਜਦ ਭਾਈ ਲਛਮਣ ਸਿੰਘ ਜੀ ਸ੍ਰੀ ਅੰਮ੍ਰਿਤਸਰ ਜੀ ਨੂੰ ਗਡੀ ਵਿਚ ਜਾ ਰਹੇ ਸਨ, ਤਾਂ ਇਨ੍ਹਾਂ ਦੇ ਨਾਲ ਹੀ ਮਹੰਤ ਨਰੈਣ ਦਾਸ ਸੀ। ਮਹੰਤ ਨਰੈਣ ਦਾਸ ਦਾ ਸੀ. ਆਈ. ਡੀ. ਦਾ ਬੰਦਾ ਸ਼ੇਰ ਸਿੰਘ ਸੈਣੀ ਭੀ ਕਾਲੀ ਪਗ ਬੰਨ੍ਹੀਂ ਇਨ੍ਹਾਂ ਦੇ ਨਾਲ ਹੀ ਜਾ ਰਿਹਾ ਸੀ। ਉਸ ਨੇ ਦਸਿਆ ਹੈ ਕਿ ਭਾਈ ਲਛਮਣ ਸਿੰਘ ਜੀ ਹਰ ਇਕ ਨਾਲ ਸਾਰੇ ਰਾਹ ਇਹੋ ਗਲਾਂ ਬਾਤਾਂ ਕਰਦੇ ਜਾਂਦੇ ਸਨ ਕਿ ਮੈਂ ਸ੍ਰੀ ਨਨਕਾਣੇ ਸਾਹਿਬ ਜਾ ਕੇ ਜ਼ਰੂਰ ਸ਼ਹੀਦ ਹੋ ਜਾਣਾ ਹੈ ਹੋਰ ਕੋਈ ਭਾਵੇਂ ਹੋਵੇ ਤੇ ਭਾਵੇਂ ਨਾ ਹੋਵੇ। ੨੩ ਜਨਵਰੀ ਅਤੇ ੬ ਫ਼ਰਵਰੀ ਸੰ: ੧੯੨੧ ਈ: ਦੇ ਸਮਾਗਮਾਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਸ਼੍ਰੋਮਣੀ ਕਮੇਟੀ ਨੇ ਪਾਸ ਕਰਕੇ, ਇਕ ਖੁਲ੍ਹਾ ਚਿੱਠਾ ਛਾਪ ਕੇ ਕਈ ਹਜ਼ਾਰ ਵੰਡ ਦਿਤਾ। ਇਸ ਵਿਚ ਸਰਕਾਰ, ਰਾਜਿਆਂ, ਮਹਾਰਾਜਿਆਂ ਤੇ ਸਾਰੀ ਸਿਖ ਜਨਤਾ ਅਗੇ ਅਪੀਲ ਕੀਤੀ ਗਈ ਸੀ ਕਿ ਉਹ ਨਨਕਾਣੇ ਸਾਹਿਬ ਨੂੰ ਲੜਾਈ ਝਗੜੇ ਤੋਂ ਬਚਾਉਣ ਲਈ ਉਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹਵਾਲੇ ਹੋਣ ਵਿਚ ਸਹਾਇਤਾ ਕਰਨ। ਮਹੰਤਾਂ ਤੇ ਪੁਜਾਰੀਆਂ ਨੂੰ ਭੀ ਪਤਾ ਲਗ ਗਿਆ ਸੀ ਕਿ ਸ੍ਰੀ ਨਨਕਾਣੇ ਸਾਹਿਬ ਦੇ ਗੁਰਦੁਆਰੇ ਦੀਆਂ ਕੁਰੀਤੀਆਂ ਅਤੇ ਬੇਅਦਬੀਆਂ ਦੂਰ ਕਰਨ ਲਈ ਸ਼੍ਰੋਮਣੀ ਕਮੇਟੀ ਵਲੋਂ ਸਾਰੇ ਪੰਥ ਦਾ ਇਕ ਸਾਂਝਾ ਭਾਰੀ ਦੀਵਾਨ ੪, ੫ ਅਤੇ

੬ ਮਾਰਚ ਨੂੰ ਸ੍ਰੀ ਨਨਕਾਣੇ ਸਾਹਿਬ ਵਿੱਚ ਹੋਵੇਗਾ। ਇਸ ਖੁਲ੍ਹੇ ਚਿੱਠੇ ਵਿੱਚ ਮਹੰਤ ਨਰੈਣ ਦਾਸ ਦਾ ਆਚਰਨ ਤੇ ਇਥੇ ਹੋ ਰਹੀਆਂ ਭੈੜੀਆਂ ਗਲਾਂ ਦਾ ਵੇਰਵਾ ਖੋਲ੍ਹ ਕੇ ਦਸਿਆ ਹੋਇਆ ਸੀ। ਮਹੰਤ ਵਲੋਂ ਸ਼ਸ਼ਤ੍ਰਾਂ ਦੀ ਹੋ ਰਹੀ ਤਿਆਰੀ ਦਾ ਜ਼ਿਕਰ ਕਰਕੇ ਸੰਗਤਾਂ ਅਗੇ ਪ੍ਰੇਰਨਾ ਕੀਤੀ ਗਈ ਸੀ ਕਿ ਉਹ ਬਿਨਾਂ ਹੱਥ ਚੁਕਣ ਦੇ ਸ਼ਾਂਤਮਈ ਰਹਿ ਕੇ ਆਪਣੇ ਆਪ ਨੂੰ ਕੁਰਬਾਨ ਕਰ ਦੇਣ।

ਇਸ ਵਡੇ ਭਾਰੇ ਦੀਵਾਨ ਦਾ ਪ੍ਰਬੰਧ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਭਾ: ਬੂਟਾ ਸਿੰਘ ਜੀ ਚਕ ਨੰਬਰ ੨੦੪, ਭਾ: ਤੇਜਾ ਸਿੰਘ ਜੀ ਸਮੁੰਦਰੀ, ਭਾ: ਲਛਮਣ ਸਿੰਘ ਜੀ ਧਾਰੋਵਾਲੀ,ਅਤੇ ਭਾ: ਕਰਤਾਰ ਸਿੰਘ ਜੀ ਝਬਰ ਦੀਆਂ ਡਿਉਟੀਆਂ ਲਾ ਦਿਤੀਆਂ ਸਨ। ਸ਼੍ਰੋਮਣੀ ਕਮੇਟੀ ਦੀ ਇਸ ਮੀਟਿੰਗ ਤੇ ਖਰੇ ਸੌਦੇ ਅਤੇ ਤਰਨ ਤਾਰਨ ਜੋ ਅਕਾਲੀਆਂ ਦੀਆਂ ਗੁਪਤ ਮੀਟਿੰਗਾਂ ਹੋਈਆਂ, ਹਰ ਇਕ ਮੀਟਿੰਗ ਵਿਚ ਮਹੰਤ ਨੂੰ ਖ਼ੁਫ਼ੀਆ ਰਪੋਰਟਾਂ ਦੇਣ ਵਾਲਾ ਸ਼ੇਰ ਸਿੰਘ ਸੈਣੀ ਸ਼ਾਮਲ ਹੁੰਦਾ ਰਿਹਾ ਸੀ। ਉਸ ਦੀ ਜ਼ਬਾਨੀ ਪਤਾ ਲਗਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਉਪ੍ਰੋਕਤ ਪਜੇ ਚਾਰੇ ਸਿੰਘ ਫ਼ੈਸਲਾ ਕਰਕੇ ਹਰਿਮੰਦਰ ਸਾਹਿਬ ਮਥਾ ਟੇਕਣ ਗਏ ਤਾਂ ਹਰਿ ਮੰਦਰ ਸਾਹਿਬ ਦੇ ਪੁਲ ਉਤੇ ਖੜੇ ਕੇ ਗਲ ਵਿਚ ਪੱਲਾ ਪਾ ਕੇ ਭਾ: ਲਛਮਣ ਸਿੰਘ ਜੀ ਨੇ ਅਰਦਾਸ ਕੀਤੀ ਕਿ"ਹੇ ਗੁਰ ਰਾਮਦਾਸ ਜੀ! ਮੇਰੇ ਤੇ ਮੇਹਰ ਕਰਨੀ ਤੇ ਸ੍ਰੀ ਨਣਕਾਣੇ ਸਾਹਿਬ ਸ਼ਹੀਦੀਆਂ ਦਾ ਗੱਫਾ ਬਖ਼ਸ਼ ਕੇ ਆਪਣੇ ਪਵਿਤ੍ਰ ਚਰਨ ਕਮਲਾਂ ਵਿਚ ਥਾਂ ਦੇ ਕੇ ਨਿਵਾਜ ਲੈਣਾ।"

ਸ: ਲਛਮਣ ਸਿੰਘ ਹੁਰਾਂ ਦੀਆਂ ਇਸ ਤਰ੍ਹਾਂ ਬਾਰ ਬਾਰ ਅਰਦਾਸਾਂ ਕਰਨ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਅੰਦਰ ਸੁਤੇ ਸਿਧ ਹੀ ਸ਼ਹੀਦੀ ਵਲਵਲੇ ਉਠ ਰਹੇ ਸਨ ਅਤੇ ਉਹ ਰਾਤ ਦਿਨ ਸ਼ਹਾਦਤ ਦੇ ਚਾਅ ਤੇ ਉਤਸ਼ਾਹ ਵਿਚ ਕਿਦਾਂ ਖੀਵੇ ਹੋਏ ਫਿਰਦੇ ਸਨ।

ਸ਼੍ਰੋਮਣੀ ਕਮੇਟੀ ਦੇ ਖੁਲ੍ਹੇ ਚਿੱਠੇ ਦੇ ਜਵਾਬ ਵਿਚ ਮਹੰਤ ਨਰੈਣ ਦਾਸ ਤੇ ਮਹੰਤ ਕ੍ਰਿਪਾ ਰਾਮ ਦੇ ਦਸਖ਼ਤਾਂ ਹੇਠ ਇਕ ਇਸ਼ਤਿਹਾਰ ਛਾਪ ਕੇ ਲਖਾਂ ਦੀ ਗਿਣਤੀ ਵਿਚ ਵੰਡਿਆ ਗਿਆ ਤੇ ਉਸ ਵਿਚ ਬਾਵਾ ਕਰਤਾਰ ਸਿੰਘ ਬੇਦੀ ਵਲੋਂ ੧੯ ਅਤੇ ੨੦ ਫ਼ਰਵਰੀ ਨੂੰ ਲਾਹੌਰ ਰਖੀ ਗਈ ਕਾਨਫ਼੍ਰੰਸ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਸੀ।

ਕਬਜ਼ੇ ਲਈ ਤਿਆਰੀ

ਕਬਜ਼ੇ ਲਈ ਤਿਆਰੀ

ਭਾਈ ਲਛਮਣ ਸਿੰਘ ਜੀ ਨੇ ਸਿੰਘਾਂ ਦੀ ਭਰਤੀ ਕਰਨੀ

ਸ੍ਰੀ ਤਰਨ ਤਾਰਨ ਸਾਹਿਬ ਦੇ ਖ਼ੂਨੀ ਸਾਕੇ ਮਗਰੋਂ ਪਿੰਡ ਆਉਂਦਿਆਂ ਸਾਰ ਹੀ ਭਾਈ ਲਛਮਣ ਸਿੰਘ ਜੀ ਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ ਕਿ ਸ਼੍ਰੋ: ਕਮੇਟੀ ਨੇ ਉਥੇ ਦੀਵਾਨ ਕਰਨ ਦਾ ਫ਼ੈਸਲਾ ਕੀਤਾ ਹੈ, ਹੁਣ ਅਸੀਂ ਗੁਰਦੁਆਰਾ ਜਨਮ ਅਸਥਾਨ ਪਾਪੀਆਂ ਦੇ ਹਥੋਂ ਆਜ਼ਾਦ ਕਰਾਕੇ ਛਡਾਂਗੇ, ਜਾਂ ਸ਼ਹੀਦੀਆਂ ਪਾ ਜਾਵਾਂਗੇ। ੨੭–੨੮ ਮਾਘ ਨੂੰ ਸਚੇ ਸੌਦੇ ਏਕਮ ਦਾ ਮੇਲਾ ਸੀ। ਆਪ ਆਪਣੇ ਇਲਾਕੇ ਦੇ ਬਹੁਤ ਸਾਰੇ ਸਿੰਘ ਨਾਲ ਲੈਕੇ ਗਏ ਹੋਏ ਸਨ। ਆਪਨੇ ਸਟੇਜ ਤੇ ਖੜ੍ਹੋ ਕੇ ਐਲਾਨ ਕੀਤਾ ਕਿ ਅਸੀਂ ਸ਼ਹੀਦੀ ਲਈ ਆਪਣੇ ਇਲਾਕੇ ਦੀ ਭਰਤੀ ਕਰ ਲਈ ਹੈ, ਤੁਸੀਂ ਝੱਬਰ ਸਾਹਿਬ ਆਪਣੇ ਇਲਾਕੇ ਦੀ ਕਰ ਲਓ। ਤਦ ਭਾਈ ਕਰਤਾਰ ਸਿੰਘ ਝੱਬਰ ਨੇ ਖੜ੍ਹੋਕੇ ਉੱਤਰ ਦਿਤਾ ਕਿ "ਸਾਡਾ ਤਾਂ ਸਾਰਾ ਇਲਾਕਾ ਹੀ ਭਰਤੀ ਹੈ। ਲੌ ਭਈ ਜਿਸ ਨੇ ਸ੍ਰੀ ਨਨਕਾਣੇ ਸਾਹਿਬ ਦਾ ਗੁਰਦੁਆਰਾ ਆਜ਼ਾਦ ਕਰਾਉਣਾ ਹੈ, ਬਾਹਵਾਂ ਖੜੀਆਂ ਕਰ ਦਿਓ।" ਸਭ ਦੀਵਾਨ ਵਿੱਚ ਬੈਠੇ ਸਿੰਘਾਂ ਨੇ ਬਾਹਵਾਂ ਖੜੀਆਂ ਕਰ ਦਿਤੀਆਂ। ਖ਼ੈਰ ਇਸਦੇ ਪਿਛੋਂ ਆਪ ਨੇ ਝੱਬਰ ਜੀ ਨਾਲ ਮਿਲਕੇ ਫ਼ੈਸਲਾ ਕੀਤਾ ਕਿ ਤੁਸੀਂ ਆਪਣੇ ਬੰਦੇ ਇਕੱਠੇ ਕਰੋ, ਤੇ ਅਸੀਂ ਆਪਣੇ ਕਰਦੇ ਹਾਂ ਤੇ ਝੱਬਰ ਜੀ ਨੇ ਕਿਹਾ ਕਿ ਅਸੀਂ ਸ਼੍ਰੋ: ਕਮੇਟੀ ਪਾਸੋਂ ਮਨਜ਼ੂਰੀ ਲੈ ਕੇ ਆਪ ਨੂੰ ਤਾਰ ਦਿਆਂਗੇ ਤੇ ਉਸ ਵਿਚ ਜੇ ਲਿਖੀਏ ਕਿ "ਕੰਬਲ ਗੁਆਚੇ ਲਭ ਪਏ ਹਨ" ਤਾਂ ਜਥਾ ਲੈਕੇ ਤੁਰ ਪੈਣਾ ਤੇ ਜੇ ਲਿਖੀਏ ਕਿ "ਕੰਬਲ ਗੁਆਚੇ ਨਹੀਂ ਲਭੇ" ਤਦ ਜਥਾ ਰੋਕ ਲੈਣਾ। ੧੯ ਫ਼ਰਵਰੀ ਨੂੰ ਇਥੋਂ ਸਾਂਗਲੇ ਤਾਰ ਚਲੀ ਗਈ ਕਿ "ਕੰਬਲ ਗੁਆਚੇ ਲੱਭ ਪਏ ਹਨ" ਜਿਸਦੀ ਉਡੀਕ ਵਿੱਚ ਭਾਈ ਮੰਗਲ ਸਿੰਘ ਜੀ ਕ੍ਰਿਪਾਨ ਬਹਾਦਰ ਨੂੰ ਸਾਂਗਲੇ ਘੱਲਿਆ ਹੋਇਆ ਸੀ। ਉਹ ਤਾਰ ਲੈਕੇ ਧਾਰੋ-ਵਾਲੀ ਆ ਗਏ। ਤਦ ਇਨ੍ਹਾਂ ਨੇ ਸਭ ਸਿੰਘਾਂ ਨੂੰ ਚਿੱਠੀਆਂ ਲਿਖ ਦਿਤੀਆਂ ਤੇ

ਜਥਾ ਤਿਆਰ ਕਰਕੇ ਸ਼ਾਮਾਂ ਨੂੰ ਤੁਰ ਪਏ।

ਆਪਣੇ ਪਿੰਡ ਆਣਕੇ

ਜਦ ਆਪ ਭਾਈ ਕਰਤਾਰ ਸਿੰਘ ਜੀ ਝੱਬਰ ਨਾਲ ਖਰੇ ਸੌਦੇ ਫ਼ੈਸਲਾ ਕਰਕੇ ਪਿੰਡ ਆ ਗਏ ਤਾਂ ਭਰਤੀ ਕਰਨ ਦੇ ਕੰਮ ਨੂੰ ਬੜੇ ਜ਼ੋਰ ਨਾਲ ਸ਼ੁਰੂ ਕਰ ਦਿਤਾ ਸੀ। ਇਕ ਦਿਨ ਆਪ ਆਪਣੇ ਸਾਥੀਆਂ ਸਮੇਤ ਲਾਇਲ-ਪੁਰ ਗੁਰਦੁਆਰਾ ਗੋਜਰੇ ਦੇ ਮੁਕਦਮੇ ਦੀ ਤਾਰੀਖ਼ ਤੇ ਗਏ, ਤਦ ਸਵੇਰ ਦੇ ਦੀਵਾਨ ਵਿਚ ਆਪ ਨੇ ਬੜਾ ਧੜਲੇਦਾਰ ਵਖਿਆਨ ਦਿਤਾ। ਦੀਵਾਨ ਦੀ ਸਮਾਪਤੀ ਤੇ ਭਾਈ ਦਲੀਪ ਸਿੰਘ ਸਾਹੋਵਾਲ ਆਪ ਨੂੰ ਇਕਲਵਾਂਜੇ ਲੈ ਕੇ ਬੈਠ ਗਏ। ਬੜੀ ਗੰਭੀਰਤਾ ਨਾਲ ਇਹ ਗਲ ਸਮਝਾਉਣ ਲੱਗੇ ਕਿ ਭਾਈ ਲਛਮਣ ਸਿੰਘ ਜੀ, ਤੁਸੀਂ ਜੋ ਸੰਗਤ ਨੂੰ ਸ਼੍ਰੋਮਣੀ ਕਮੇਟੀ ਦੇ ਦੀਵਾਨ ਤੋਂ ਪਹਿਲਾਂ ਜਾ ਕੇ ਕਬਜ਼ਾ ਕਰ ਲੈਣ ਲਈ ਜ਼ੋਰ ਦੇ ਰਹੇ ਹੋ ਇਹ ਠੀਕ ਨਹੀਂ ਹੈ; ਇਹ ਕਾਰਵਾਈ ਜਥੇਬੰਦੀ ਤੇ ਜ਼ਬਤ ਦੇ ਉਲਟ ਹੈ। ਪ੍ਰਤੀਤ ਹੁੰਦਾ ਹੈ ਕਿ ਤੁਸੀਂ ਅਜਿਹਾ ਕਰਨ ਲਈ ਏਸੇ ਵਾਸਤੇ ਹੀ ਵਧੇਰੇ ਜ਼ੋਰ ਲਾਉਂਦੇ ਹੋ ਕਿ ਤੁਹਾਨੂੰ ਭਲ ਦਾ ਸੇਹਰਾ ਮਿਲੇ ਤੇ ਮਸ਼ਾਹੂਰੀ ਹੋਵੇ। ਇਹ ਗਲ ਗੁਰਸਿਖ ਨੂੰ ਵਧੇਰੇ ਸੋਭਾ ਨਹੀਂ ਦੇਂਦੀ। ਇਹ ਕਬਜ਼ਾ ਕੋਈ ਗਲੀਂ ਬਾਤੀਂ ਥੋੜਾ ਹੀ ਹੋ ਚਲਿਆ ਹੈ। ਤੁਹਾਨੂੰ ਨਹੀਂ ਪਤਾ ਕਿ ਖ਼ੂਨੀ ਮਹੰਤ ਦੀਆਂ ਕਿਡੀਆਂ ਭਾਰੀਆਂ ਤਿਆਰੀਆਂ ਹਨ? ਤਦ ਭਾਈ ਲਛਮਣ ਸਿੰਘ ਜੀ ਨੇ ਉਤ੍ਰ ਦਿਤਾ ਕਿ ਮੈਨੂੰ ਕਿਸੇ ਮੜੀ ਮਸ਼ਾਹੂਰੀ ਦੀ ਕੋਈ ਲੋੜ ਨਹੀਂ ਤੇ ਨਾ ਹੀ ਮੈਨੂੰ ਮਹੰਤ ਦੀਆਂ ਖ਼ਤਰਨਾਕ ਤਿਆਰੀਆਂ ਭੁਲੀਆਂ ਹੋਈਆਂ ਹਨ; ਮੈਂ ਇਹ ਗਲ ਚੰਗੀ ਤਰ੍ਹਾਂ ਜਾਣਦਾ ਹਾਂ। ਜੇ ਮੈਂ ਨੀਯਤ ਤਾਰੀਖ਼ਾਂ ਤੋਂ ਪਹਿਲਾਂ ਜੱਥਾ ਲੈ ਕੇ ਨਾ ਜਾਵਾਂਗਾ ਤਾਂ ਕੀ ਲਾਭ ਹੋਵੇਗਾ? ੪, ੫ ਤੇ ੬ ਮਾਰਚ ਨੂੰ ਪੰਥ ਦਾ ਚੋਣਵਾਂ ਦਿਮਾਗ਼ ਸ੍ਰੀ ਨਨਕਾਣੇ ਸਾਹਿਬ ਇਕੱਠਾ ਹੋਣਾ ਹੈ। ਜੇ ਕਰ ਜ਼ਾਲਮ ਮਹੰਤ ਉਨ੍ਹਾਂ ਸਾਰਿਆਂ ਨੂੰ ਮਾਰ ਦੇਵੇ ਤਾਂ ਪੰਥ ਦਾ ਕਿੱਡਾ ਵੱਡਾ ਨੁਕਸਾਨ ਹੈ। ਉਸ ਦੇ ਬਦਲੇ ਜੇ ਕਰ ਮੇਰੇ ਵਰਗੇ ਇੱਕ ਅਨਪੜ੍ਹ ਜੱਟ ਦਾ ਸਿਰ ਲਗ ਜਾਵੇ ਤਾਂ ਕੋਈ ਹਰਜ ਨਹੀਂ। ਇਸ ਤਰ੍ਹਾਂ ਨਾਲ ਪੰਥ ਦਾ ਚੋਣਵਾ ਦਿਮਾਗ਼ ਬਚ ਰਹੇਗਾ। ਕੌਮ ਦੇ ਆਗੂਆਂ ਦੇ ਉਥੇ ਕਤਲ ਹੋ ਜਾਣ

ਨਾਲ ਕੌਮ ਚਾਰ ਪੰਜ ਸਦੀਆਂ ਪਿਛੇ ਜਾ ਪਵੇਗੀ। ਇਹੋ ਜੇਹੀਆਂ ਲਹਿਰਾਂ ਕਦੀ ਕਦਾਈਂ ਹੀ ਚਲਿਆ ਕਰਦੀਆਂ ਹਨ।

ਇਲਾਕੇ ਦੇ ਇਕੱਠ ਕਰਨੇ

੪ ਫਗਣ ਨੂੰ ਮਰੜੀ ਚਕ ਨੰ: ੪੨ ਵਿੱਚ ਇਲਾਕੇ ਦਾ ਬੜਾ ਭਾਰੀ ਇਕੱਠ ਹੋਇਆ। ਜਥੇਦਾਰੀ ਲਈ ਭਾਈ ਲਛਮਣ ਸਿੰਘ ਜੀ ਦਾ ਨਾਮ ਪੇਸ਼ ਹੋਇਆ, ਜਿਸ ਤੇ ਕਈਆਂ ਸਜਣਾਂ ਨੇ ਕਈ ਸੁਣੀਆਂ ਸੁਣਾਈਆਂ ਗਲਾਂ ਤੇ ਇਤਰਾਜ਼ ਕੀਤੇ। ਬਹੁਤ ਸਾਰੇ ਸਿੰਘ ਇਨ੍ਹਾਂ ਨਿਰਮੂਲ ਸ਼ੋਸ਼ਿਆਂ ਦੀ ਪੜਤਾਲ ਕਰਨ ਲਈ ਧਾਰੋਵਾਲੀ ਗਏ, ਪਰ ਕੋਈ ਊਜ ਵੀ ਆਪ ਦੇ ਬਰ-ਖ਼ਿਲਾਫ਼ ਸਾਬਤ ਨਾ ਹੋਈ, ਜਿਸ ਤੇ ਸਰਬ ਸੰਮਤੀ ਨਾਲ ਆਪ ਨੂੰ ਸਾਰੇ ਇਲਾਕੇ ਦਾ ਜਥੇਦਾਰ ਥਾਪਿਆ ਗਿਆ ਅਤੇ ਇਸ ਦੇ ਨਾਲ ਹੀ ਇਨ੍ਹਾਂ ਦੀ ਮਰਜ਼ੀ ਅਨੁਸਾਰ ਭਾਈ ਗੁਰਚਰਨ ਸਿੰਘ ਜੀ ਪਿੰਡ ਕੋਟਲਾ ਸੰਤਾ ਸਿੰਘ ਨੂੰ ਆਪ ਦਾ ਪ੍ਰਾਈਵੇਟ ਸਕੱਤ੍ਰ ਨੀਯਤ ਕੀਤਾ ਗਿਆ। ਇਸੇ ਦਿਨ ਹੀ ਦੂਜਾ ਫ਼ੈਸਲਾ ਇਹ ਹੋਇਆ ਕਿ ੭ ਫਗਣ ਨੂੰ ਨਿਜ਼ਾਮਪੁਰੇ ਦੇਵਾ ਸਿੰਘ ਵਾਲੇ ਫੇਰ ਸਾਰੇ ਇਲਾਕੇ ਦਾ ਇਕੱਠ ਕਰਕੇ ਮੁਕੰਮਲ ਸਕੀਮ ਤਿਆਰ ਕੀਤੀ ਜਾਵੇ।

੭ ਫਗਣ ਨੂੰ ਨਜ਼ਾਮਪੁਰੇ ਦੇਵਾ ਸਿੰਘ ਵਾਲੇ ਇਲਾਕੇ ਦੇ ਬਹੁਤ ਸਾਰੇ ਮੁਖੀ ਸਿੰਘ ਪੁਜੇ ਹੋਏ ਸਨ। ਲੰਮੀ ਵਿਚਾਰ ਮਗਰੋਂ ਅਕਾਲੀ ਜਥਾ ਬਾਰ ਕਾਇਮ ਕੀਤਾ ਗਿਆ। ਇਸ ਦੇ ਜਥੇਦਾਰ ਭਾਈ ਲਛਮਣ ਸਿੰਘ ਜੀ, ਸਕੱਤ੍ਰ ਭਾਈ ਦਿਆਲ ਸਿੰਘ ਜੀ ਤੇ ਖ਼ਜ਼ਾਨਚੀ ਭਾਈ ਰੌਡਾ ਸਿੰਘ ਜੀ, ਨਜ਼ਾਮਪੁਰ ਚੇਲੇ ਵਾਲੇ ਤੇ ਅੰਮ੍ਰਿਤ ਪ੍ਰਚਾਰ ਦੇ ਜਥੇਦਾਰ ਭਾਈ ਟਹਿਲ ਸਿੰਘ ਜੀ ਚੁਣੇ ਗਏ।

ਖ਼ਰਚ ਤੋਰਨ ਲਈ ਚੰਦੇ ਦੀ ਅਪੀਲ ਹੋਈ, ੪੦੦) ਨਕਦ ਤੇ ਇਕ ਹਜ਼ਾਰ ਇਕਰਾਰੀ ਰੁਪਏ ਸਿੰਘਾਂ ਨੇ ਲਿਖਾ ਦਿਤੇ। ਫ਼ੈਸਲਾ ਹੋਇਆ ਕਿ ਇਲਾਕੇ ਵਿੱਚ ਗੁਰਦੁਆਰਾ ਸੁਧਾਰ ਲਹਿਰ ਦਾ ਪ੍ਰਚਾਰ ਕਰਨ ਲਈ ਪ੍ਰਚਾਰਕ ਤੇ ਰਾਗੀ ਜਥੇ ਰਖੇ ਜਾਣ। ਮਹੰਤ ਨਰੈਣ ਦਾਸ ਦੀਆਂ ਤਿਆਰੀਆਂ ਦਾ ਗੁਪਤ ਜਾ ਕੇ ਪਤਾ ਲਿਆਉਣ ਲਈ ਸੰਤ ਪਾਲ ਸਿੰਘ ਜੀ ਨਿਰਮਲੇ ਦਾ ਨਾਮ ਤਜਵੀਜ਼ ਹੋ ਕੇ ਪਾਸ ਹੋ ਗਿਆ ਕਿ ਉਹ ੯ ਫਗਣ ਵਾਲੇ ਦਿਨ ਆ ਕੇ ਜਥੇ

ਦੇ ਤੁਰਨ ਤੋਂ ਪਹਿਲਾਂ ਹਰ ਇਕ ਤਿਆਰੀ ਦਾ ਪਤਾ ਦੇਣ। ਇਸੇ ਤਰ੍ਹਾਂ ਭਾਈ ਸੰਗਤ ਸਿੰਘ ਜੀ ਧਾਰੋਵਾਲੀ ਨੂੰ ਅੰਮ੍ਰਿਤਸਰ ਘਲਣਾ ਪਾਸ ਹੋ ਗਿਆ ਕਿ ਉਹ ਸ਼੍ਰੋਮਣੀ ਕਮੇਟੀ ਪਾਸੋਂ ਜਾ ਕੇ ਅੰਦਰੋ ਅੰਦਰੀ ਇਜਾਜ਼ਤ ਲੈ ਆਉਣ। ਭਾ: ਸੰਗਤ ਸਿੰਘ ਜੀ ੯ ਫਗਣ ਨੂੰ ਸ: ਤੇਜਾ ਸਿੰਘ ਜੀ ਸਮੁੰਦਰੀ ਨੂੰ ਅੰਮ੍ਰਿਤਸਰ ਮਿਲੇ ਤੇ ਉਨ੍ਹਾਂ ਉਤ੍ਰ ਦਿਤਾ ਕਿ ਅਸੀਂ ਜਥੇ ਨੂੰ ਰੋਕਣ ਲਈ ਬੰਦੇ ਘਲ ਆਏ ਹਾਂ, ਸ਼੍ਰੋਮਣੀ ਕਮੇਟੀ ਆਗਿਆ ਨਹੀਂ ਦੇਂਦੀ।

ਇਹ ਫ਼ੈਸਲਾ ਕਰਕੇ ਅਜੇ ਸਿੰਘ ਉਠਣ ਹੀ ਲੱਗੇ ਸਨ ਜੋ ਭਾਈ ਕਰਤਾਰ ਸਿੰਘ ਜੀ ਝਬਰ ਵਲੋਂ ਘਲਿਆ ਇਕ ਬੰਦਾ ਆ ਗਿਆ। ਉਸ ਨੇ ਸੁਨੇਹਾ ਦਿਤਾ ਕਿ ਝਬਰ ਜੀ ਨੇ ਭਾ: ਟਹਿਲ ਸਿੰਘ ਜੀ ਤੇ ਭਾਈ ਲਛਮਣ ਸਿੰਘ ਜੀ ਨੂੰ ਲਾਹੌਰੋਂ ਆਉਣ ਵਾਲੀ ਗਡੀ ਤੇ ਢਾਬਾਂ ਸਿੰਘ ਸਟੇਸ਼ਨ ਤੇ ਸਦਿਆ ਹੈ; ਕਿਉਂਕਿ ਉਨ੍ਹਾਂ ਨੇ ਕੋਈ ਜ਼ਰੂਰੀ ਸਲਾਹ ਕਰਨੀ ਹੈ। ਨਾਲ ਹੀ ਇਹ ਗਲ ਆਖੀ ਕਿ ਇਥੋਂ ਇਹ ਸਾਂਗਲੇ ਦੀਆਂ ਟਿਕਟਾਂ ਲੈ ਕੇ ਗਡੀ ਵਿਚ ਬੈਠ ਜਾਣ ਤਾਂ ਜੋ ਗਡੀ ਵਿੱਚ ਬੈਠ ਕੇ ਸਾਰੀ ਗਲ ਬਾਤ ਕਰ ਲਈ ਜਾਵੇ। ਇਸੇ ਵੇਲੇ ਭਾਈ ਲਛਮਣ ਸਿੰਘ ਜੀ, ਭਾਈ ਟਹਿਲ ਸਿੰਘ ਜੀ ਅਤੇ ਭਾਈ ਗੁਰਚਰਨ ਸਿੰਘ ਜੀ ਤਿੰਨੇ ਘੋੜੀਆਂ ਤੇ ਸਵਾਰ ਹੋ ਕੇ ਢਾਬਾਂ ਸਿੰਘ ਸਟੇਸ਼ਨ ਨੂੰ ਤੁਰ ਪਏ। ਦੋਵੇਂ ਸਜਣ ਘੋੜੀਆਂ ਦੀ ਸੌਂਪਣਾ ਭਾਈ ਗੁਰਚਰਨ ਸਿੰਘ ਜੀ ਨੂੰ ਕਰਕੇ ਟਿਕਟਾਂ ਲੈ ਗਡੀ ਚੜ੍ਹ ਬੈਠੇ। ਅਗੇ ਭਾਈ ਬੂਟਾ ਸਿੰਘ ਜੀ ਚਕ ਨੰ: ੨੦੪ ਅਤੇ ਭਾਈ ਕਰਤਾਰ ਸਿੰਘ ਜੀ ਝਬਰ ਲੋਈਆਂ ਦੇ ਮੁਘੜ ਮਾਰੀ ਬੈਠੇ ਸਨ।

ਭਾਈ ਬੂਟਾ ਸਿੰਘ ਜੀ ਨੇ ਭਾਈ ਲਛਮਣ ਸਿੰਘ ਜੀ ਨੂੰ ਆਖਿਆ ਕਿ ਮੇਰੇ ਪਾਸ ਝਬਰ ਜੀ ਨੇ ਬੰਦਾ ਘਲ ਕੇ ਮੈਨੂੰ ਚੂਹੜਕਾਣੇ ਸਦ ਘਲਿਆ ਤੇ ਨਾਲ ਹੀ ਕਿਹਾ ਸੀ ਭਾਈ ਲਛਮਣ ਸਿੰਘ ਜੀ ਭੀ ਇਥੇ ਹੀ ਹੋਣਗੇ, ਪਰ ਤੁਹਾਡੇ ਉਥੇ ਨ ਹੋਣ ਕਰਕੇ ਫੇਰ ਉਚੇਚਾ ਬੰਦਾ ਘਲ ਕੇ ਤੁਹਾਨੂੰ ਮੰਗਾਇਆ ਹੈ। ਗਲ ਦਰ ਅਸਲ ਇਹ ਹੈ ਕਿ ਮੈਨੂੰ ਝਬਰ ਜੀ ਨੇ ਇਸ ਗਲ ਤੇ ਜ਼ੋਰ ਦਿਤਾ ਹੈ ਕਿ ਮਾਝੇ ਵਾਲਿਆਂ ਨੇ ਆਪਣੇ ਇਲਾਕੇ ਵਿਚ ਸਭ ਮਸ਼ਹੂਰ ਇਤਿਹਾਸਕ ਗੁਰਦੁਆਰਿਆਂ ਤੇ ਕਬਜ਼ੇ ਕਰ ਲਏ ਹਨ, ਸਾਨੂੰ ਭੀ ਆਪਣੇ ਸਭ ਇਲਾਕੇ ਨਾਲ ਮਿਲਾ ਕੇ

ਸ੍ਰੀ ਨਨਕਾਣੇ ਸਾਹਿਬ ਗੁਰਦੁਆਰਿਆਂ ਦਾ ਕਬਜ਼ਾ ਕਰ ਲੈਣਾ ਚਾਹੀਦਾ ਹੈ। ਜੇ ਇਹ ਕਬਜ਼ਾ ਭੀ ਸਿੰਘਾਂ ਨੇ ਬਾਹਰੋਂ ਆ ਕੇ ਕੀਤਾ ਤਾਂ ਸਾਡੇ ਇਲਾਕੇ ਦੀ ਬੜੀ ਬੇਇਜ਼ਤੀ ਹੋਵੇਗੀ। ਪਰ ਮੈਂ ਇਨ੍ਹਾਂ ਨੂੰ ਆਖਿਆ ਸੀ ਕਿ ਜੇ ਪੰਥ ਦੇ ਹੁਕਮ ਨਾਲ ਕਬਜ਼ਾ ਕਰੀਏ ਤਾਂ ਠੀਕ ਹੈ, ਇਨ੍ਹਾਂ ਨੇ ਬੜਾ ਜ਼ੋਰ ਦਿਤਾ ਤੇ ਕਿਹਾ ਕਿ ਅਸੀਂ ਹੁਣ ਤਿਆਰੀ ਕਰ ਬੈਠੇ ਹਾਂ ਤੇ ਭਾਈ ਲਛਮਣ ਸਿੰਘ ਜੀ ਹੁਰਾਂ ਦੀ ਭੀ ਸਾਡੇ ਨਾਲ ਮਰਜ਼ੀ ਹੈ, ਏਹੋ ਰਾਏ ਮੇਲਣ ਲਈ ਤੁਹਾਨੂੰ ਸਦਿਆ ਹੈ।

ਆਖ਼ੀਰ ਚਵ੍ਹਾਂ ਨੇ ਏਹੋ ਗਲ ਮੁਕਾ ਲਈ ਕਿ ਜੇ ੪, ੫ ਤੇ ੬ ਮਾਰਚ ਨੂੰ ਸਾਰਾ ਪੰਥ ਸ਼੍ਰੋਮਣੀ ਕਮੇਟੀ ਦੇ ਹੁਕਮ ਅਨੁਸਾਰ ਇਕੱਠਾ ਹੋ ਗਿਆ ਤਾਂ ਬੜਾ ਭਾਰਾ ਨੁਕਸਾਨ ਹੋਵੇਗਾ। ਅਸੀਂ ਸਭ ੧੯ ਫਰਵਰੀ ਰਾਤ ਨੂੰ ਚਲ ਕੇ ੨੦ ਸਵੇਰ ਨੂੰ ਕਬਜ਼ਾ ਕਰ ਲਈਏ। ਇਸ ਦਿਨ ਸਭ ਮਹੰਤ ਅਪਣੀ ਲਾਹੌਰ ਕਾਨਫ੍ਰੰਸ ਤੇ ਰੁਝੇ ਹੋਣਗੇ। ਝਬਰ ਜੀ ਨੇ ਕਿਹਾ ਕਿ ਮੈਂ ਆਪਣਾ ਜਥਾ ਲੈਕੇ ਰਾਹ ਵਿਚੋਂ ਹੋਰ ਪਿੰਡਾਂ ਦੇ ਸਿੰਘਾਂ ਨੂੰ ਸ਼ਾਮਲ ਕਰਦਾ ਹੋਇਆ ਚੰਦਰ ਕੋਟ ਦੀ ਝਾਲ ਤੇ ਸਭ ਨੂੰ ਇਕੱਠਿਆਂ ਕਰਕੇ ਕੂਚ ਕਰਾਂਗਾ। ਤੁਸੀਂ ਜੇ ਅਗੋਂ ਪਿਛੋਂ ਆਓ ਤਾਂ ਨਨਕਾਣੇ ਸਾਹਿਬ ਭਠਿਆਂ ਵਾਲੀਆਂ ਝਾੜੀਆਂ ਵਿਚ ਬੈਠ ਕੇ ਸਾਨੂੰ ਉਡੀਕਣਾ, ਉਥੋਂ ਸਭ ਇਕੱਠੇ ਹੋ ਕੇ ਹੱਲਾ ਕਰਾਂਗੇ। ਭਾਈ ਬੂਟਾ ਸਿੰਘ ਜੀ ੨੦੪ ਦੀ ਸੇਵਾ ਲਾਈ ਗਈ ਕਿ ਉਹ ੧੮ ਫ਼ਰਵਰੀ ਨੂੰ ਸ੍ਰੀ ਨਨਕਾਣੇ ਸਾਹਿਬ ਭਾਈ ਉਤਮ ਸਿੰਘ ਜੀ ਦੇ ਕਾਰਖ਼ਾਨੇ ਪੁਜ ਕੇ ਰਸਿਆਂ ਅਤੇ ਪੌੜੀਆਂ ਦਾ ਪ੍ਰਬੰਧ ਕਰਨ ਤੇ ਉਹ ਥਾਂ ਟਿਕਾਣੇ ਭੀ ਜਾਚ ਛਡਣ ਜਿਥੇ ਪੌੜੀਆਂ ਸੌਖੀਆਂ ਲਗ ਸਕਣ, ਤਾਂ ਜੋ ਉਸ ਸਮੇਂ ਜੇ ਗੁਰਦੁਆਰੇ ਦੇ ਬੂਹੇ ਬੰਦ ਹੋਣ ਤਾਂ ਪੌੜੀਆਂ ਲਾਕੇ ਅੰਦਰ ਦਾਖ਼ਲ ਹੋਕੇ ਕਬਜ਼ਾ ਕਰ ਲਿਆ ਜਾਵੇ। ਰੌਲਾ ਪਾਉਣ ਤੇ ਹੋਰ ਸ਼ਰਾਰਤਾਂ ਕਰਨ ਵਾਲਿਆਂ ਦੀਆਂ ਇਨ੍ਹਾਂ ਰਸਿਆਂ ਨਾਲ ਮੁਸ਼ਕਾਂ ਬੰਨ੍ਹਕੇ ਦਰਸ਼ਨੀ ਡਿਉਢੀ ਦੇ ਸਾਹਮਣੇ ਲਿਆ ਬਹਾਲਿਆ ਜਾਵੇ।

ਲਾਇਲਪੁਰ ਵਿਚ ਤਿਆਰੀਆਂ

੧੭ ਫ਼ਰਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦੁਆਰੇ ਵਿਚ ਭਾਈ ਬੂਟਾ ਸਿੰਘ ਜੀ ੨੦੪ ਦੇ ਉੱਦਮ ਤੇ ਪ੍ਰੇਰਨਾ ਨਾਲ ਇਕ ਇਕੱਠ

ਹੋਇਆ ਅਤੇ ਜਥਾ ਲਿਜਾਣ ਦੀਆਂ ਸਲਾਹਵਾਂ ਹੋਣ ਲਗੀਆਂ। ਭਾਈ ਬੂਟਾ ਸਿੰਘ ਜੀ ਨੇ ਦਸਿਆ ਕਿ ਭਾਈ ਲਛਮਣ ਸਿੰਘ ਜੀ ਅਰਦਾਸਾ ਸੋਧ ਚੁਕੇ ਹਨ। ਭਾਈ ਕਰਤਾਰ ਸਿੰਘ ਜੀ ਝਬਰ ਭੀ ਫ਼ੈਸਲਾ ਕਰ ਚੁਕੇ ਹਨ। ਮੈਂ ਉਨ੍ਹਾਂ ਪਾਸੋਂ ਅੱਜ ਇਸੇ ਮਤਲਬ ਲਈ ਏਥੇ ਆਇਆ ਹਾਂ ਕਿ ਜਥਾ ਤਿਆਰ ਕਰਕੇ ਨਨਕਾਣੇ ਸਾਹਿਬ ਕਬਜ਼ੇ ਲਈ ਚਲੀਏ। ਚੌਧਰੀ ਪਾਲ ਸਿੰਘ ਤੇ ਭਾਈ ਬੂਟਾ ਸਿੰਘ ਜੀ ਇਥੋਂ ਸਲਾਹ ਵਲਾਹ ਕਰਕੇ ਸ:ਹਰਚੰਦ ਸਿੰਘ ਜੀ ਰਈਸ ਦੀ ਕੋਠੀ ਨੂੰ ਤੁਰ ਪਏ ਕਿ ਉਥੇ ਉਨ੍ਹਾਂ ਨਾਲ ਜਾਕੇ ਪਿੰਡਾਂ ਵਿਚੋਂ ਹੋਰ ਬੰਦੇ ਮੰਗਾਉਣ ਲਈ ਸਲਾਹ ਮਸ਼ਵਰਾ ਕਰ ਲਈਏ। ਇਹ ਦੋਵੇਂ ਸਜਨ ਅਜੇ ਗੁਰਦੁਆਰੇ ਵਿਚੋਂ ਨਿਕਲਕੇ ਘੰਟੇ ਘਰ ਹੀ ਪੁਜੇ ਹੋਣਗੇ ਕਿ ਇਨ੍ਹਾਂ ਨੂੰ ਇਥੇ ਹੀ ਸ: ਜੀਵਾ ਸਿੰਘ ਜੀ ਤੇ ਸ: ਹਰਚੰਦ ਸਿੰਘ ਜੀ ਮਿਲ ਪਏ। ਇਨ੍ਹਾਂ ਨੂੰ ਸਾਰੀ ਸਕੀਮ ਦਸੀ ਗਈ ਤਾਂ ਉਨ੍ਹਾਂ ਕਿਹਾ ਕਿ ਤੁਸੀਂ ਏਸ਼ਕ ਜਾਓ ਪਰ ਲੋਕਾਂ ਵਿਚ ਇਸ ਗਲ ਦੀ ਚਰਚਾ ਨਾ ਕਰੋ, ਐਵੇਂ ਵਾਧੂ ਦਾ ਰੌਲਾ ਪਵੇਗਾ, ਜੇਹੜੀ ਗਲ ਭੀ ਕਰੋ ਪੂਰੀ ਸੋਚ ਵਿਚਾਰ ਨਾਲ ਪੱਕਾ ਫ਼ੈਸਲਾ ਕਰਕੇ ਕਰੋ। ਭਾਈ ਬੂਟਾ ਸਿੰਘ ਨੇ ਕਿਹਾ ਕਿ ਅਸੀਂ ਸਵੇਰੇ ਇਕੱਠੇ ਹੀ ਗੱਡੀ ਤੇ ਆਏ ਸੀ, ਭਾਈ ਟਹਿਲ ਸਿੰਘ ਅਤੇ ਝਬਰ ਜੀ ਤਾਂ ਸਾਂਗਲੇ ਉਤਰ ਗਏ ਸਨ ਅਤੇ ਭਾਈ ਲਛਮਨ ਸਿੰਘ ਜੀ ਅਗੇ ਪਿੰਡ ਜਹਾਂਗੀਰ ਨੂੰ ਚਲੇ ਗਏ ਹਨ, ਕਿਉਂਕਿ ਉਥੇ ਭਾਈ ਮੰਗਲ ਸਿੰਘ ਜੀ ਕ੍ਰਿਪਾਨ ਬਹਾਦਰ ਦੇ ਸੌਹਰਿਆਂ ਦਾ ਕੁਝ ਘਰੋਗੀ ਝਗੜਾ ਰਗੜਾ ਜਿਹਾ ਸੀ। ਉਨ੍ਹਾਂ ਨੇ ਅੱਜ ਸ਼ਾਮ ਨੂੰ ਸਤ ਵਜੇ ਦੀ ਗੱਡੀ ਵਾਪਸ ਆਉਣਾ ਹੈ ਤੇ ਸਟੇਸ਼ਨ ਲਾਇਲਪੁਰ ਤੇ ਮੈਂ ਉਨ੍ਹਾਂ ਦੇ ਇਕਰਾਰ ਮੂਜਬ ਉਨ੍ਹਾਂ ਨੂੰ ਮਿਲਣ ਜਾਣਾ ਹੈ। ਇਹ ਗਲਾਂ ਬਾਤਾਂ ਕਰਕੇ ਭਾਈ ਬੂਟਾ ਸਿੰਘ ਜੀ ਖ਼ਾਲਸਾ ਹਾਈ ਸਕੂਲ ਨੂੰ ਚਲੇ ਗਏ। ਉਥੇ ਅਗੇ ਮਾ: ਤਾਰਾ ਸਿੰਘ ਜੀ, ਸ: ਤੇਜਾ ਸਿੰਘ ਜੀ ਸਮੁੰਦਰੀ, ਸ: ਤੇਜਾ ਸਿੰਘ ਜੀ ਚੂਹੜਕਾਣਾ ਤਿੰਨੇ ਇਕੱਠੇ ਬੈਠੇ ਸਨ। ਪਰ ਸ: ਬੂਟਾ ਸਿੰਘ ਜੀ ੨੦੪ ਦੇ ਜਾਣ ਤੋਂ ਪਹਿਲਾਂ ਸ: ਤੇਜਾ ਸਿੰਘ ਜੀ ਸਮੁੰਦਰੀ ਆਪ ਨੂੰ ਇਹ ਸਾਰੀ ਗਲ ਦਸ ਚੁਕੇ ਸਨ, ਕਿਉਂਕਿ ਇਨ੍ਹਾਂ ਨੂੰ ਸ: ਤੇਜਾ ਸਿੰਘ ਜੀ ਚੂਹੜਕਾਣੇ ਤੋਂ ਸਮੁੰਦਰੀ ਵਲੋਂ ਆਉਂਦਿਆਂ ਰਾਹ ਵਿਚ ਇਸ ਗਲ ਦਾ ਪਤਾ ਲਗਾ ਸੀ। ਸਮੁੰਦਰੀ ਜੀ ਬੜੇ ਘਬਰਾਏ ਹੋਏ ਸਨ ਤੇ ਇਸ ਗਲ ਦਾ ਬਾਰ ਬਾਰ ਤੌਖਲ਼ਾ ਕਰਦੇ ਸਨ ਕਿ ਜਿਹੜੇ ਸਿੰਘ ੧੯ ਫ਼ਰਵਰੀ ਨੂੰ ਜਾਣਗੇ,

ਉਨ੍ਹਾਂ ਨੇ ਉਥੇ ਜ਼ਰੂਰ ਵਢੇ ਜਾਣਾ ਹੈ ਕਿਉਂਕਿ ਮਹੰਤ ਦੀ ਬੜੀ ਭਾਰੀ ਤਿਆਰੀ ਹੈ, ਹੋਵੇ ਨ ਤੇ ਕਿਸੇ ਤਰਾਂ ਇਨ੍ਹਾਂ ਨੂੰ ਰੋਕੀਏ। ਇਹ ਗਲਾਂ ਅਜੇ ਹੋ ਹੀ ਰਹੀਆਂ ਸਨ ਜੁ ਸ: ਬੂਟਾ ਸਿੰਘ ੨੦੪ ਨੇ ਸਾਰੀ ਕਹਾਣੀ ਜਾ ਦਸੀ। ਇਨ੍ਹਾਂ ਨੇ ਸ: ਬੂਟਾ ਸਿੰਘ ਨੂੰ ਨਨਕਾਣੇ ਸਾਹਿਬ ਜਾਣੋਂ ਨਾ ਰੋਕਿਆ, ਪਰ ਉਸਦੇ ਸ਼ਹਿਰ ਵਲ ਨੂੰ ਚਲੇ ਆਉਣ ਦੇ ਪਿਛੋਂ ਬੜੀ ਚਿੰਤਾ ਕਰਨ ਲਗੇ ਕਿ ਇਸ ਤਰਾਂ ਕੌਮ ਦਾ ਬੜਾ ਭਾਰਾ ਨੁਕਸਾਨ ਹੋਵੇਗਾ। ਅਖ਼ੀਰ ਇਨ੍ਹਾਂ ਨੇ ਸੋਚ ਵਿਚਾਰ ਕਰਕੇ ਗੁ: ਸਚੇ ਸੌਦੇ ਭਾਈ ਕਰਤਾਰ ਸਿੰਘ ਜੀ ਝਬਰ ਨੂੰ ਤਾਰ ਦਿਤੀ ਕਿ ਉਹ ਅਜ ਰਾਤ ਦੀ ਗੱਡੀ ਸਟੇਸ਼ਨ ਤੇ ਆਕੇ ਸਾਨੂੰ ਮਿਲੇ, ਕਿਉਂਕਿ ਇਹ ੧੯ ਤਾਰੀਖ਼ ਨੂੰ ਸ਼੍ਰੋ: ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਜਾ ਰਹੇ ਸਨ। ਚੂਹੜਕਾਣੇ ਸਟੇਸ਼ਨ ਤੇ ਪੁਜੇ ਤਾਂ ਝਬਰ ਜੀ ਆਪ ਤੇ ਨ ਆਏ ਪਰ ਸ: ਸੁਚਾ ਸਿੰਘ ਜੀ ਜੈ ਚਕ ਵਾਲੇ ਆਏ। ਇਨ੍ਹਾਂ ਨੂੰ ਮਾਸਟਰ ਤਾਰਾ ਸਿੰਘ ਜੀ ਨੇ ਪਕੀ ਕੀਤੀ ਕਿ ਉਹ ਝਬਰ ਜੀ ਤੇ ਜ਼ੋਰ ਪੌਣ ਕਿ ਉਹ ਸ੍ਰੀ ਨਨਕਾਣੇ ਸਾਹਿਬ ਜਥੇ ਲਿਜਾਣੋਂ ਰੋਕ ਦੇਣ। ਭਾ: ਬੂਟਾ ਸਿੰਘ ਜੀ ਨੇ ਖ਼ਾਲਸਾ ਹਾਈ ਸਕੂਲੋਂ ਵਾਪਸ ਆਕੇ ਭਾਈ *ਤੇਜਾ ਸਿੰਘ ਜੀ (ਜੋ ਅਜ ਕਲ ਸ੍ਰੀ ਜਨਮ ਅਸਥਾਨ ਦੇ ਹੈਡ ਗ੍ਰੰਥੀ ਹਨ)ਨੂੰ ਕਿਹਾ ਕਿ ਜਿਸਦੀ ਮਰਜ਼ੀ ਹੈ ਜਾਵੇ,ਜਿਸ ਦੀ ਨਹੀਂ ਮਰਜ਼ੀ ਨਾ ਜਾਵੇ,ਹੁਣ ਵਾਧੂ ਰੌਲਾ ਗੌਲਾ ਤੇ ਖੜਖਸ ਪਾਉਣ ਦੀ ਲੋੜ ਨਹੀਂ ਹੈ। ਤ੍ਰਿਕਾਲਾਂ ਵੇਲੇ ਭਾਈ ਤੇਜਾ ਸਿੰਘ ਜੀ ਨੇ ਇਕ ਸਿੰਘਾਂ ਦੀ ਮੀਟਿੰਗ ਰਖ ਦਿਤੀ, ਜਿਸ ਵਿਚ ਨੌਜਵਾਨ ਵਿਦਿਆਰਥੀਆਂ ਨੇ ਬੜੀ ਖਪ ਸ਼ਪ ਪਾ ਦਿਤੀ ਕਿ ਜਦ ਪਹਿਲਾਂ ਫ਼ੈਸਲਾ ਹੋ ਚੁਕਾ ਹੈ ਤਾਂ ਕਿਉਂ ਲਲੋ-ਪਪੀਆਂ ਕੀਤੀਆਂ ਜਾ ਰਹੀਆਂ ਹਨ, ਭਾਵੇਂ ਕੁਝ ਭੀ ਹੋ ਜਾਵੇ ਅਸੀਂ ਜ਼ਰੂਰ ਨਨਕਾਣੇ ਸਾਹਿਬ ਜਾਵਾਂਗੇ। ਭਾਈ ਤੇਜਾ ਸਿੰਘ ਜੀ ਨੇ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਜਾਣ ਦੀ ਆਗਿਆ ਦੇਵੇ ਤਾਂ ਉਨ੍ਹਾਂ ਦੀ ਕੋਈ ਚਿੱਠੀ ਯਾ ਤਾਰ ਆਉਣੀ ਜ਼ਰੂਰੀ ਹੈ, ਨਹੀਂ ਤੇ ਬਿਲਕੁਲ ਜਾਣ ਦੀ ਕੋਈ ਲੋੜ ਨਹੀਂ ਹੈ। †ਤਦ ਭਾਈ ਜਗਜੀਤ ਸਿੰਘ ਅਤੇ ਭਾਈ ਹਰਬੰਸ ਸਿੰਘ ਵਿਦਿਆਰਥੀ ਨੇ ਇਕ ਫ਼ਰਜ਼ੀ ਤਾਰ ਬਣਾ ਕੇ ਭਾਈ ਤੇਜਾ

---

*ਉਨ੍ਹੀਂ ਦਿਨੀਂ ਆਪ ਖ਼ਾਲਸਾ ਹਾਈ ਸਕੂਲ ਲਾਇਲਪੁਰ ਵਿਚ ਪੰਜਾਬੀ ਟੀਚਰ ਸਨ।

†ਵੇਰਵੇ ਸਹਿਤ ਪੂਰਾ ਹਾਲ ਵੇਖੋ ਭਾਈ ਜੀਵਨ ਸਿੰਘ ਜੀ ਪਰਉਪਕਾਰੀ ਸ਼ਹੀਦ ਲਾਇਲਪੁਰ ਦੇ ਜੀਵਨ ਵਿਚ।

ਸਿੰਘ ਜੀ ਨੂੰ ਲਿਆ ਦਿਤੀ ਤੇ ਇਹ ਭੀ ਤਿਆਰ ਹੋ ਪਏ।

੧੮ ਫ਼ਰਵਰੀ ਲੌਢੇ ਵੇਲੇ ਲਾਇਲਪੁਰ ਸਟੇਸ਼ਨ ਤੇ ਭਾਈ ਲਛਮਣ ਸਿੰਘ ਜੀ ਨੂੰ *ਸਾਂਗਲੇ ਵਲ ਜਾਂਦਿਆਂ ਨੂੰ ਭਾ: ਬੂਟਾ ਸਿੰਘ ਜੀ ੨੦੪, ਭਾਈ ਤੇਜਾ ਸਿੰਘ ਜੀ ਚੂਹੜਕਾਣਾ, ਸ: ਤੇਜਾ ਸਿੰਘ ਜੀ ਸਮੁੰਦਰੀ ਤੇ ਚੌਧਰੀ ਪਾਲ ਸਿੰਘ ਜੀ ਮਿਲੇ। ਇਨ੍ਹਾਂ ਨੇ ਭਾਈ ਲਛਮਣ ਸਿੰਘ ਜੀ ਨੂੰ ਗੱਡੀਓਂ ਥੱਲੇ ਉਤਾਰ ਲਿਆ ਤੇ ਸਮੁੰਦ੍ਰੀ ਜੀ ਨੇ ਕਿਹਾ ਕਿ ਤੁਸੀਂ ਪੰਥ ਦੀ ਸਲਾਹ ਨਾਲ ਕੰਮ ਕਰੋ,ਏਦਾਂ ਮਨ ਆਈ ਨਾ ਕਰੋ, ਇਹ ਆਪੋ ਧਾਪੀ ਠੀਕ ਨਹੀਂ ਹੈ। ਪਰ ਭਾਈ ਲਛਮਣ ਸਿੰਘ ਜੀ ਨੇ ਇਹ ਗਲ ਮੰਨਣ ਤੋਂ ਨਾਂਹ ਕਰ ਦਿਤੀ ਤਦ ਉਨ੍ਹਾਂ ਨੂੰ ਜੱਫਾ ਮਾਰਕੇ ਖੜਿਆਂ ਕਰ ਲਿਆ। ਜਦ ਗੱਡੀ ਪਲੇਟ ਫ਼ਾਰਮ ਲੰਘ ਗਈ, ਤਦ ਆਖਣ ਲਗੇ ਹੁਣ ਤਾਂ ਮੈਨੂੰ ਛੱਡ ਦੇਵੋ। ਜਦ ਛਡਿਆ ਤਾਂ ਬੜੇ ਜ਼ੋਰ ਨਾਲ ਭੱਜ ਕੇ ਗੱਡੀ ਦੀ ਸੀਖ ਫੜਕੇ ਗਾਰਡ ਦੇ ਡੱਬੇ ਵਿਚ ਚੜ੍ਹ ਬੈਠੇ ਤੇ ਕਿਹਾ ਕਿ ਜੇਹੜੀ ਪੱਕੀ ਸਲਾਹ ਹੋਵੇਗੀ ਉਹ ਤੁਹਾਨੂੰ ਰਾਤ ਨੂੰ ਸਾਂਗਲੇ ਸਟੇਸ਼ਨ ਤੇ ਦਸਾਂਗੇ। ਆਪ ਸਾਂਗਲੇ ਉਤਰ ਕੇ ਸਿਧੇ ਧਾਰੋਵਾਲੀ ਨੂੰ ਚਲੇ ਗਏ ਤੇ ਭਾ: ਸੰਤਾ ਸਿੰਘ ਜੀ ਬਜ਼ਾਜ਼ ਨੂੰ ਸੁਨੇਹਾ ਦੇ ਗਏ ਕਿ ਰਾਤ ਦੀ ਗੱਡੀ ਤੇ ਜਾਕੇ ਮਾਸਟਰ ਤਾਰਾ ਸਿੰਘ ਜੀ ਤੇ ਸ: ਬੂਟਾ ਸਿੰਘ ਜੀ ੨੦੪ ਨੂੰ ਸੁਨੇਹਾ ਦੇਣਾ ਕਿ ਲਛਮਣ ਸਿੰਘ ਨਨਕਾਣੇ ਸਾਹਿਬ ਜਾਣੋਂ ਨਹੀਂ ਟਲਦਾ। ਮੈਂ ਬਥੇਰਾ ਜ਼ੋਰ ਲਾਇਆ ਸੀ, ਪਰ ਉਹ ਉੱਕਾ ਹੀ ਨਹੀਂ ਮੰਨਦਾ।

ਰਾਤ ਦੀ ਗੱਡੀ ਨਨਕਾਣੇ ਸਾਹਿਬ ਨੂੰ

੧੮ ਫ਼ਰਵਰੀ ਨੂੰ ਰਾਤ ਦੀ ਗੱਡੀ ਚੂਹੜਕਾਣੇ ਆਉਣ ਲਈ ਝੱਬਰ ਜੀ ਨੇ ਸ: ਬੂਟਾ ਸਿੰਘ ਜੀ ੨੦੪ ਨੂੰ ਪੱਕੀ ਕੀਤੀ ਹੋਈ ਸੀ ਤੇ ਇਹ ਇਕਰਾਰ ਸੀ ਕਿ ਉਹ ਇਕ ਵਾਕਫ਼ਕਾਰ ਬੰਦਾ ਨਨਕਾਣੇ ਸਾਹਿਬ ਦੀ ਟਿਕਟ ਲੈਕੇ ਤਿਆਰ ਰਖਣਗੇ ਜੋ ਉਨ੍ਹਾਂ ਨੂੰ ਚੰਦਰ ਕੋਟ ਦੀ ਝਾਲ ਤੇ ਲੈ ਆਵੇਗਾ ਤੇ ਹੋਰ ਨਨਕਾਣੇ ਸਾਹਿਬ ਦਾ ਥਾਂ ਟਿਕਾਣਾ ਭੀ ਵਿਖਾ ਦੇਵੇਗਾ। ਲਾਇਲਪੁਰੋਂ ਇਸ ਮਤਲਬ ਲਈ ਸ: ਬੂਟਾ ਸਿੰਘ ਜੀ, ਭਾਈ ਹਾਕਮ ਸਿੰਘ ਜੀ ੨੦੪ ਅਤੇ ਚੌਧਰੀ ਪਾਲ

*ਆਪ ੮੬ ਚਕ ਵਿਚੋਂ ਆ ਰਹੇ ਸਨ।

ਸਿੰਘ ਜੀ, ਤਿੰਨੇ ਇਕੱਠੇ ਆਏ ਸਨ । ਭਾਈ ਸੁਚਾ ਸਿੰਘ ਜੀ ਚੂਹੜਕਾਣੇ ਸਟੇਸ਼ਨ ਤੇ ਆਏ ਤੇ ਕਿਹਾ ਕਿ ਝੱਬਰ ਜੀ ਦੇ ਸਿਰ ਪੀੜ ਹੁੰਦੀ ਹੈ ਉਹ ਨਹੀਂ ਆਏ ਤੇ ਉਨ੍ਹਾਂ ਭਾਈ ਗੁਪਾਲ ਸਿੰਘ ਜੀ ਭਿਖੀ ਨੂੰ ਤੁਹਾਡੇ ਨਾਲ ਜਾਣ ਲਈ ਘਲਿਆ ਹੈ, ਤੁਸੀਂ ਇਸ ਨੂੰ ਸੰਭਾਲ ਲਓ। ਇਹ ਹਰ ਇਕ ਰਾਹ ਖਹਿੜੇ ਤੇ ਥਾਂ-ਟਿਕਾਣੇ ਦਾ ਚੰਗਾ ਜਾਣੂੰ ਹੈ। ਪੌੜੀਆਂ ਤਿਆਰ ਕਰਕੇ ਲੌਣ ਵਾਲੀਆਂ ਥਾਵਾਂ ਭੀ ਅੰਗ ਛੱਡਣੀਆਂ। ਇਹ ਚਾਰੇ ਸਜਣ ਰਾਤੀਂ ਚੀਚੇ ਕੀ ਮਲੀਆਂ ਉੱਤਰ ਕੇ ਗੁਰਦੁਆਰੇ ਵਿਚਚਲ ਰਹੇ ਕਿਉਂਕਿ ਉਸ ਵੇਲੇ ਰਾਤੀਂ ਨਨਕਾਣੇ ਸਾਹਿਬ ਨੂੰ ਕੋਈ ਗੱਡੀ ਨਹੀਂ ਜਾਂਦੀ ਸੀ। ਮਾਸਟਰ ਤਾਰਾ ਸਿੰਘ ਜੀ ਆਪਣੇ ਸਾਥੀਆਂ ਸਮੇਤ ਸਿਧੇ ਅੰਮ੍ਰਿਤਸਰ ਨੂੰ ਚਲੇ ਗਏ। ਦਿਨੇ ੧੧ ਵਜੇ ਦੀ ਗੱਡੀ ਜੋ ਲਾਹੌਰੋਂ ਆ ਰਹੀ ਸੀ ਉਸ ਵਿਚ ਆਪ ਚੜ੍ਹ ਬੈਠੇ। ਭਾ: ਹਾਕਮ ਸਿੰਘ ਜੀ ਨੂੰ ਤਾਂ ਜੜ੍ਹਾਂਵਾਲੇ ਦਾ ਟਿਕਟ ਲੈ ਦਿਤਾ ਕਿ ਉਹ ਉਥੇ ਜਾਕੇ ਭਾਈ ਰਾਜਾ ਸਿੰਘ ਜੀ ਨੂੰ ਪੱਕੀ ਕਰੇ ਕਿ ਜੇਹੜੇ ਜਥੇ ਸਮੁੰਦਰੀ ਵਲੋਂ ਆਕੇ ਜੜ੍ਹਾਂਵਾਲੇ ਉੱਤਰਣ, ਉਨ੍ਹਾਂ ਨੂੰ ਬੁਚਿ-ਆਣੇ ਵਾਲੀ ਝਾਲ ਪੰਜ ਪੁਲੀ ਤੇ ਘਲਾ ਦੇਣ ਤੇ ਜਦ ਤਕ ਸਾਡਾ ਸੁਨੇਹਾ ਨਾ ਪੁਜੇ ਉਹ ਉਥੇ ਹੀ ਬੈਠਣ। ੧੯ ਫ਼ਰਵਰੀ ਨੂੰ ਲਾਇਲਪੁਰ ਤੇ ਸਮੁੰਦਰੀ ਦੇ ਇਲਾਕੇ ਦੇ ੮੫ ਸਿੰਘ ਉਤਰੇ ਸਨ ਜੋ ਭਾਈ ਰਾਜਾ ਸਿੰਘ ਜੀ ਦੇ ਇਸ ਸੁਨੇਹੇ ਅਨੁਸਾਰ ਬੁਚਿਆਣੇ ਦੀ ਝਾਲ ਤੇ ਘਲਾ ਦਿਤੇ ਸਨ। ਚੀਚੇ ਕੀ ਮਲੀਆਂ ਤੋਂ ਜਿਸ ਗੱਡੀ ਦੇ ਖ਼ਾਨੇ ਵਿਚ ਇਹ ਚਾਰੇ ਬੈਠੇ ਸਨ ਉਸ ਵਿਚ ਬਹੁਤ ਸਾਰੇ ਸਾਧਾਂ ਦੇ ਬੰਦੇ ਸਣੇ ਅਸਮਾਈਲ ਭਟੀ ਦੇ ਬੈਠੇ ਸਨ। ਇਹ ਆਪੋ ਵਿਚ ਮਖ਼ੌਲ ਨਾਲ ਗਲਾਂ ਕਰਦੇ ਸਨ ਕਿ ਸਿੰਘ ਸਭੀਆਂ ਆਕੇ ਕਬਜ਼ਾ ਕਰਨਾ ਹੈ, ਵੇਖੀਏ ਕਿਵੇਂ ਕਰਦੇ ਹਨ ? ਕਬਜ਼ਾ ਕਰਨ ਵਾਲਾ ਜੇਹੜਾ ਕੋਈ ਆਵੇਗਾ ਇਕ ਵੇਰ ਤਾਂ ਸਾਰੀ ਉਮਰ ਪਿਆ ਯਾਦ ਹੀ ਰਖੇਗਾ। ਇਨ੍ਹਾਂ ਨੂੰ ਸ਼ੱਕ ਪੈ ਗਿਆ ਕਿ ਸ਼ਾਇਦ ਮਹੰਤਾਂ ਨੂੰ ਕਬਜ਼ੇ ਦਾ ਪਤਾ ਲਗ ਗਿਆ ਹੈ। ਪਰ ਚੌਧਰੀ ਪਾਲ ਸਿੰਘ ਜੀ, ਤੇ ਭਾ: ਗੁਪਾਲ ਸਿੰਘ ਜੀ ਨੇ ਕਿਹਾ ਕਿ ਭਾਈ ਬੂਟਾ ਸਿੰਘ ਜੀ, ਇਸਤਰ੍ਹਾਂ ਦੀਆਂ ਸੈ ਲੋਕੀਂ ਅਜ ਕਲ ਗਲਾਂ ਪਏ ਕਰਦੇ ਫਿਰਦੇ ਹਨ, ਤੁਸੀਂ ਭਰਮ ਨਾ ਕਰੋ ਤੇ ਆਪਾਂ ਜਿਸ ਕੰਮ ਚਲੇ ਹਾਂ ਉਹ ਪੂਰੀ ਕੋਸ਼ਸ਼ ਨਾਲ ਕਰੀਏ, ਜੋ ਹੋਵੇਗੀ ਵੇਖੀ ਡਿੱਠੀ ਜਾਵੇਗੀ।

ਮਹੰਤ ਨੂੰ ਪਤਾ ਲੱਗ ਚੁਕਾ ਸੀ

ਅਸਲ ਵਿਚ ਮਹੰਤ ਨਰੈਣ ਦਾਸ ਨੂੰ ਸਿੰਘਾਂ ਦੇ ਕਬਜ਼ੇ ਕਰਨ ਦਾ ਪਤਾ ਲਗ ਚੁਕਾ ਸੀ। ਜਦ ਮਹੰਤ ੮ ਫਗਣ ਨੂੰ ਲਾਹੌਰ ਆਪਣੇ ਰਾਮਗਲੀ ਵਾਲੇ ਮਕਾਨ ਵਿਚ ਬੈਠਾ ਸੀ, ਤਦ ਉਸਨੂੰ ਹਰੀ ਦਾਸ ਸੱਜਦ ਵਾਲੇ ਨੇ ਜਾਕੇ ਕਿਹਾ ਕਿ ਤੂੰ ਇਥੇ ਕੀ ਪਿਆ ਬਣਾਉਂਦਾ ਹੈਂ? ਅਕਾਲੀ ਤੇ ਪਿਛੇ ਕਬਜ਼ਾ ਕਰਨ ਨੂੰ ਫਿਰਦੇ ਨੇ,ਮੇਰਾ ਲੜਕਾ ਜੜ੍ਹਾਂਵਾਲੇ ਖ਼ਾਲਸਾ ਸਕੂਲ ਵਿੱਚ ਪੜ੍ਹਦਾ ਹੈ ਤੇ ਉਨ੍ਹਾਂ ਦੇ ਬੋਰਡਿੰਗ ਹਾਊਸ ਵਿਚ ਬੈਠ ਕੇ ਸਿੰਘਾਂ ਨੇ ੯ ਫਗਣ ਰਾਤ ਨੂੰ ਆਕੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ ਹੈ। ਉਸ ਨੇ ਮੈਨੂੰ ਇਹ ਸਾਰੀ ਗਲ ਉਥੋਂ ਉਚੇਚਾ ਆ ਕੇ ਦਸੀ ਹੈ ਤੇ ਮੈਂ ਤੁਹਾਨੂੰ ਦਸਣ ਲਈ ਲਾਹੌਰ ਨੂੰ ਸਿਧਾ ਉਠ ਵਗਿਆ ਹਾਂ।

੮ ਫਗਣ ਰਾਤ ਨੂੰ ਮਹੰਤ ਨਨਕਾਣੇ ਸਾਹਿਬ ਨੂੰ ਆ ਗਿਆ ਤੇ ਇਰਦ ਗਿਰਦ ਸੂਹ ਕਢਣ ਲਈ ਆਪਣੇ ਬੰਦੇ ਘਲੇ ਜਿਨ੍ਹਾਂ ਆਕੇ ਦਸਿਆ ਕਿ ਇਹ ਐਵੇਂ ਝੂਠੀ ਅਫ਼ਵਾਹ ਹੈ ਸਾਨੂੰ ਕਿਤੋਂ ਇਸ ਗਲ ਦੀ ਉਗ-ਸੁਗ ਨਹੀਂ ਮਿਲੀ ਹੈ ਤਦ ਮਹੰਤ ੯ ਫਗਣ ਨੂੰ ਫੇਰ ਸਾਢੇ ਤਿੰਨ ਵਜੇ ਸ਼ਾਮ ਵੇਲੇ ਤਸੱਲੀ ਕਰਕੇ ਲਾਹੌਰ ਵਲ ਨੂੰ ਤੁਰ ਪਿਆ। ਪਰ ਜਦ ਉਹ ਸਟੇਸ਼ਨ ਤੇ ਗਡੀ ਚੜ੍ਹਨ ਲਗਾ ਤਦ ਮਾਈ ਜੀਉਣੀ ਸੁਨਿਆਰੀ ਮਿਲ ਪਈ, ਉਸ ਨੇ ਕਿਹਾ ਕਿ "ਬੁਚਿਆਣੇ ਅਕਾਲੀ ਇਕੱਠੇ ਹੋ ਰਹੇ ਹਨ, ਮਹੰਤਾ ਤੂੰ ਪਿਆ ਕਿਧਰ ਵਗਿਆ ਜਾਨਾ ਏਂ?" ਮਹੰਤ ਚਲਦੀ ਘਡੀਓਂ ਉਤ੍ਰ ਬੈਠਾ ਤੇ ਇਸ ਦੇ ਸਾਥੀ ਬਾਰਬਰਟਨ ਸਟੇਸ਼ਨ ਤੋਂ ਉਤ੍ਰ ਕੇ ਵਾਪਸ ਨਨਕਾਣੇ ਸਾਹਿਬ ਆ ਗਏ। ੯ ਫਗਣ ਵਾਲੇ ਦਿਨ ਸਟੇਸ਼ਨ ਤੋਂ ਵਾਪਸ ਆ ਕੇ ਮਹੰਤ ਨੇ ਇੰਦਰ ਦਾਸ ਤੇ ਸ਼ੇਰ ਸਿੰਘ ਸੈਣੀ ਨੂੰ ਘੋੜੀਆਂ ਦੇ ਕੇ ਬੁਚਿਆਣੇ ਵਲ ਸਿੰਘਾਂ ਦਾ ਪਤਾ ਲੈਣ ਲਈ ਘਲਿਆ। ਇਸੇ ਤਰ੍ਹਾਂ ਹੋਰ ਬੰਦੇ ਭੀ ਦੂਜੇ ਬੰਨਿਆਂ ਵਲ ਭਜਾਏ ਗਏ। ਜਦ ਇੰਦਰ ਦਾਸ ਆਪਣੇ ਸਾਥੀ ਨਾਲ ਬੁਚਿਆਣੇ ਪੁਜਾ ਤਦ ਸਟੇਸ਼ਨ ਤੇ ਜਥੇ ਦੇ ਸਿੰਘ ਗਡੀ ਉਤ੍ਰਦੇ ਹੀ ਭੁਲੇਖਾ ਦੇਣ ਲਈ ਆਮ ਲੋਕਾਂ ਨੂੰ ਦਸ ਗਏ ਕਿ ੧੩ ਫਗਣ ਨੂੰ ਸ਼੍ਰੀ ਸ਼ੈਂਕਰ ਚਕ ਨੰ: ੫੮ ਵਿਚ ਮਹਾਤਮਾਂ ਗਾਂਧੀ ਨੇ ਆਉਣਾ ਹੈ, ਅਸੀਂ ਲੰਗਰ ਦੇ ਪ੍ਰਬੰਧ ਲਈ ਉਥੇ

ਚਲੇ ਹਾਂ। ਇਹ ਦੋਵੇਂ ਜਣੇ ਏਧਰ ਓਧਰ ਫਿਰ ਤੁਰ ਕੇ ਵਾਪਸ ਆ ਗਏ ਤੇ ਇਨ੍ਹਾਂ ਨੂੰ ਪੱਕਾ ਯਕੀਨ ਹੋ ਗਿਆ ਕਿ ਕੋਈ ਸਿੰਘ ਕਬਜ਼ਾ ਕਰਨ ਨਹੀਂ ਆਇਆ ਹੈ। ਜੋ ਕੁਝ ਲੋਕੀ ਦਸਦੇ ਹਨ ਏਵੇਂ ਹੀ ਹੋਣਾ ਹੈ। ਰਾਹ ਵਿਚ ਨਨਕਾਣੇ ਸਾਹਿਬ ਨੂੰ ਵਾਪਸ ਆਉਂਦਿਆਂ ਇਨ੍ਹਾਂ ਨੂੰ ਬੁਚਿਆਣੇ ਭਾਈ ਰਾਜਾ ਸਿੰਘ ਜੀ ਨੂੰ ਸੁਨੇਹਾ ਦੇ ਕੇ ਵਾਪਸ ਆਉਂਦਾ ਭਾਈ ਹਾਕਮ ਸਿੰਘ ਮਿਲ ਪਿਆ। ਉਸ ਨੇ ਮਹੰਤ ਨਰੈਣ ਦਾਸ ਦਾ ਨਾਮ ਲੈ ਕੇ ਬੜੀਆਂ ਗਾਲ੍ਹੀਆਂ ਕਢੀਆਂ ਤੇ ਕਿਹਾ ਕਿ ਭਲਕੇ ਪਤਾ ਲਗ ਜਾਵੇਗਾ ਕਿ ਲੂਣ ਤੇਲ ਦਾ ਕੀ ਭਾ ਹੈ।

ਇੰਦਰ ਦਾਸ, ਭਾ: ਹਾਕਮ ਸਿੰਘ ਦੇ ਗਲ ਪਵੇ, ਅਗੋਂ ਉਹ ਭੀ ਤਕੜਾ ਹੋ ਕੇ ਤਾਂਘੜੇ। ਖੈਰ ਸ਼ੇਰ ਸਿੰਘ ਦੇ ਸਮਾਈ ਕਰਾਉਣ ਤੇ ਉਹ ਦੋਵੇਂ ਚੁਪ ਕਰਕੇ ਕੋਟ ਸਾਧੂ ਰਾਮ ਨੂੰ ਤੁਰ ਪਏ। ਇਥੇ ਆ ਕੇ ਇੰਦਰ ਦਾਸ ਨੇ ਰੁਲੀਏ ਤੇ ਠੂੰਗੇ ਚਮਿਆਰ ਨੂੰ ਕਿਹਾ ਕਿ ਐਸ ਹੁਲੀਏ ਦਾ ਇਕ ਬੰਦਾ ਪਿਛੇ ਆ ਰਿਹਾ ਹੈ, ਤੁਸੀਂ ਉਸ ਨੂੰ ਜਾ ਕੇ ਜੁਤੀਆਂ ਮਾਰੋ, ਪਰ ਭਾਈ ਹਾਕਮ ਸਿੰਘ ਜੀ ਦਾ ਉਨ੍ਹਾਂ ਨਾਲ ਮੇਲ ਨ ਹੋਇਆ। ਇੰਦਰ ਦਾਸ ਤੇ ਸ਼ੇਰ ਸਿੰਘ ਰਾਤ ਦੇ ਅਠ ਵਜੇ ਨਨਕਾਣੇ ਸਾਹਿਬ, ਗੁ: ਜਨਮ ਅਸਥਾਨ ਦੇ ਲਹਿੰਦੇ ਬੰਨੇ ਪੁਜੇ। ਅਗੇ ਲਾਲ ਦਾਸ ਗੁਰਦੁਆਰੇ ਦੇ ਲਹਿੰਦੇ ਬੂਹੇ ਥਾਣੀ ਲਕੜਾਂ ਦੇ ਗਡੇ ਅੰਦਰ ਸੁਟਵਾ ਰਿਹਾ ਸੀ। ਨਰੈਣ ਦਾਸ ਬਿਸਤ੍ਰਾ ਚੁਕਵਾਈ ਆਉਂਦਾ ਇਨ੍ਹਾਂ ਨੂੰ ਬਾਜ਼ਾਰ ਦੇ ਚੌਂਕ ਵਿਚ ਮਿਲਿਆ ਤੇ ਆਖਣ ਲਗਾ ਕਿ ਮੈਂ ਅਜ ਅੰਦਰ ਗੁਰਦੁਆਰੇ ਦ ਚੌਖੰਡੀ ਵਿਚ ਸੌਣਾ ਹੈ, ਤਾਂ ਜੋ ਅਕਾਲੀ ਆਉਣ ਤੇ ਅਸੀਂ ਕਬਜ਼ਾ ਨਾ ਹੋਣ ਦਈਏ। ਲਕੜਾਂ ਦੇ ਗਡੇ ਅੰਦਰ ਸੁਟਵਾ ਦਿਤੇ ਹਨ। ਮੁਹੰਦ ਹੁਸੈਨ ਤੇ ਮੁਹੰਮਦ ਖੋਜੇ ਤੋਂ ੧੪ ਤੇਲ ਦੇ ਪੀਪੇ ਤੇ ਪੰਜਾਹ ਮਣ ਲਕੜਾਂ ਇਛਰ ਸਿੰਘ ਤ੍ਰਖਾਣ ਪਾਸੋਂ ਮੰਗਾਈਆਂ ਹਨ ਤੇ ਸਤ੍ਰ ਮਣ ਲਕੜਾਂ ਦਾ ਹੋਰ ਆਰਡਰ ਟਾਲ ਤੇ ਦੇ ਘਲਿਆ ਹੈ।

ਭਾਈ ਸ਼ੇਰ ਸਿੰਘ ਤੇ ਇੰਦਰ ਦਾਸ ਨੇ ਕਿਹਾ ਕਿ ਮਹੰਤ ਸਾਹਿਬ ! ਅਸੀਂ ਬੜਾ ਨਸ ਭਜ ਆਏ ਹਾਂ, ਸਾਨੂੰ ਤਾਂ ਕਿਸੇ ਜਥੇ ਦਾ ਮੁਸ਼ਕ ਭੀ ਨਹੀਂ ਲਭਿਆ ਹੈ, ਲੋਕੀਂ ਐਵੇਂ ਖੰਭਾਂ ਦੀਆਂ ਡਾਰਾਂ ਬਣਾਉਂਦੇ ਹਨ। ਹਾਂ, ਕੁਝ ਅਕਾਲੀ ਸ਼੍ਰੀਂਹ ਸ਼ੈਂਕਰ ਚਕ ਨੰ: ੫੮ ਦੇ ਦੀਵਾਨ ਲਈ ਲੰਗਰ ਦਾ ਪ੍ਰਬੰਧ ਕਰਨ ਲਈ ਗਏ ਹਨ। ਤੁਸੀਂ ਸੁਣਿਆ ਹੀ ਹੈ ਕਿ ਉਥੇ ਮਹਾਤਮਾ ਗਾਂਧੀ ਨੇ ਆਉਣਾ ਹੈ।

ਨਨਕਾਣੇ ਸਾਹਿਬ ਦੇ ਕਬਜ਼ੇ ਦਾ ਤਾਂ ਕਿਸੇ ਨੂੰ ਅਜੇ ਤਕ ਚਿਤ-ਚੇਤਾ ਭੀ ਨਹੀਂ ਜਾਪਦਾ ਹੈ, ਤੁਸੀਂ ਆਰਾਮ ਨਾਲ ਘਰ ਚਲ ਕੇ ਸਵੋਂ'; ਤਦ ਉਹ ਬਿਸਤ੍ਰਾ ਵਾਪਸ ਮੋੜ ਕੇ ਬੈਠਕ ਨੂੰ ਚਲਾ ਗਿਆ।


ਸ੍ਰੀ ਨਨਕਾਣੇ ਸਾਹਿਬ ਪੁਜ ਕੇ

ਭਾਈ ਹਾਕਮ ਸਿੰਘ ਜੀ ਤਾਂ ਸਿਧੇ ਜੜ੍ਹਾਂਵਾਲੇ ਨੂੰ ਚਲੇ ਗਏ ਸਨ, ਅਤੇ ਭਾ: ਬੂਟਾ ਸਿੰਘ ਨੇ ਨਨਕਾਣੇ ਸਾਹਿਬ ਪੁਜ ਕੇ ਭਾ: ਗੋਪਾਲ ਸਿੰਘ ਜੀ ਨੂੰ ਗੁ: ਤੰਬੂ ਸਾਹਿਬ ਭਾ: ਸ਼ਰਮ ਸਿੰਘ ਜੀ ਗ੍ਰੰਥੀ ਵਲ ਸੁਰ ਪਤਾ ਲੈਣ ਲਈ ਘਲ ਦਿਤਾ। ਇਹ ਦੋਵੇਂ ਨਨਕਾਣਿਓਂ ਪਤਾ ਕਰਕੇ ਤੰਬੂ ਸਾਹਿਬ ਨੂੰ ਤੁਰ ਪਏ। ਜੜ੍ਹਾਂਵਾਲੇ ਤੋਂ ਹੋਕੇ ਭਾ: ਹਾਕਮ ਸਿੰਘ ਭੀ ਆ ਮਿਲੇ। ਭਾ: ਕੇਸਰ ਸਿੰਘ ਜੀ ਵਰਪਾਲੀਏ ਭੀ ਮਿਲ ਪਏ। ਇਹ ਭਾ: ਬੂਟਾ ਸਿੰਘ ਜੀ ਦੇ ਵਾਕਫ਼ ਸਨ ਤੇ ਨਨਕਾਣੇ ਸਾਹਿਬ, ਦੋ ਕੁ ਦਿਨਾਂ ਤੋਂ ਸ਼ੋਰੇ ਦੇ ਕਾਰਖ਼ਾਨੇ ਆਪਣੀ ਇਕ ਅਸਾਮੀ ਵਲ ਆਏ ਹੋਏ ਸਨ। ਉਨ੍ਹਾਂ ਨੇ ਪੁਛਿਆ ਕਿ ਇਹ ਤਿਗੜੀ ਕਿੱਧਰ ਫਿਰ ਰਹੀ ਹੈ? ਇਨ੍ਹਾਂ ਨੂੰ ਇਤਬਾਰੀ ਬੰਦਾ ਜਾਣਕੇ ਸਾਰੀ ਗਲ ਬਾਤ ਦਸ ਦਿਤੀ। ਭਾਈ ਕੇਸਰ ਸਿੰਘ ਜੀ ਨੇ ਦਸਿਆ ਕਿ ਮੈਂ ਹੁਣੇ ਆਪਣੀਆਂ ਅਸਾਮੀਆਂ ਪਾਸੋਂ ਸ਼ੋਰੇ ਦੇ ਕਾਰਖ਼ਾਨਿਓ ਆਇਆ ਹਾਂ। ਉਨ੍ਹਾਂ ਨੇ ਦਸਿਆ ਹੈ ਕਿ ਇਥੋਂ ਬਹੁਤ ਸਾਰਾ ਸ਼ੋਰਾ ਖ਼ਰੀਦ ਕੇ ਦਾਰੂ ਸਿੱਕਾ ਜਮ੍ਹਾਂ ਕੀਤਾ ਗਿਆ ਹੈ ਤੇ ਕੋਠਿਆਂ ਤੇ ਬਹੁਤ ਇੱਟਾਂ ਜਮ੍ਹਾਂ ਹਨ। ਰਾਤ ਨੂੰ ਵੜੇਵਿਆਂ ਦੇ ਦੌਰੇ ਤੇਲ ਪਾਕੇ ਰੌਸ਼ਨੀ ਲਈ ਗੁਰਦੁਆਰੇ ਦੇ ਚਵ੍ਹੀਂ ਪਾਸੀਂ ਬਾਲਦੇ ਹਨ। ਤੰਬੂ ਸਾਹਿਬ ਇਹ ਪੰਜੇ ਇਕੱਠੇ ਹੋ ਕੇ ਭਾਈ ਉਤਮ ਸਿੰਘ ਜੀ ਦੇ ਕਾਰਖ਼ਾਨੇ ਨੂੰ ਆ ਗਏ। ਇਥੇ ਆਕੇ ਭਾਈ ਕੇਸਰ ਸਿੰਘ ਜੀ ਨੇ ਕਿਹਾ ਕਿ ਮੇਰੇ ਪਾਸ ਇਸ ਵੇਲੇ ੬੦) ਰੁਪਏ ਹਨ, ਤੁਸੀਂ ਪੌੜੀਆਂ ਤੇ ਹੋਰ ਸਾਮਾਨ ਲਈ ਵਰਤ ਲਓ। ਭਾਈ ਉਤਮ ਸਿੰਘ ਜੀ ਨੇ ਕਿਹਾ ਕਿ ਸਾਨੂੰ ਰੁਪਿਆਂ ਦੀ ਲੋੜ ਨਹੀਂ ਹੈ। ਸਾਡਾ ਇਸ ਵੇਲੇ ਇਮਾਰਤ ਦਾ ਕੰਮ ਸ਼ੁਰੂ ਹੈ ਤੇ ਪੌੜੀਆਂ ਮੌਜੂਦ ਹਨ ਤੇ ਕੁਝ ਸ਼ਹਿਰੋਂ ਮੰਗਾ ਕੇ ਪ੍ਰਬੰਧ ਕਰ ਲੈਂਦੇ ਹਾਂ। ਨਵੀਆਂ ਪੌੜੀਆਂ ਦੇ ਬਨਾਉਣ ਲਈ ਇਸ ਵੇਲੇ ਤ੍ਰਦਦ ਕਰਨ ਦੀ ਲੋੜ ਨਹੀਂ, ਪਰ ਮਹੰਤ ਦੀ ਬੜੀ ਭਾਰੀ ਤਿਆਰੀ ਹੈ,ਜੇ ਦੋ ਹਜ਼ਾਰ ਤੋਂ ਘਟ ਦਾ ਜੱਥਾ ਆਇਆ ਤਾਂ ਨੁਕਸਾਨ ਹੋਵੇਗਾ। ਘਟ ਬੰਦਿਆਂ ਨੂੰ ਤਾਂ ਰੋਕ ਦੇਣਾ ਹੀ ਠੀਕ ਹੈ।

ਖੂਨੀ ਸਾਕੇ ਨੂੰ ਸਪਸ਼ਟ ਸਮਝਣਦਾ

ਨਕਸ਼ਾ ਗੁਰਦੁਆਰਾ ਜਨਮ ਅਸਥਾਨ

ਸਕੇਲ ੩੬′ = ੧″



ਭਿਆਨਕ ਸਾਕਾ

ਭਿਆਨਕ ਸਾਕਾ

੧੯ ਫ਼ਰਵਰੀ ਦੀ ਰਾਤ ਨੂੰ

੧੯ ਫ਼ਰਵਰੀ ਦੀ ਰਾਤ ਨੂੰ *ਭਾਈ ਬੂਟਾ ਸਿੰਘ ਜੀ ਚਕ ਨੰਬਰ ੨੦੪ ਅਤੇ ਭਾਈ ਗੁਪਾਲ ਸਿੰਘ ਜੀ ਚੰਦਰ ਕੋਟ ਦੀ ਝਾਲ ਨੂੰ ਤਿਆਰ ਹੋ ਪਏ। ਚੌਧਰੀ ਪਾਲ ਸਿੰਘ ਜੀ ਅਤੇ ਭਾਈ ਵਰਿਆਮ ਸਿੰਘ ਜੀ ਨੂੰ ਇਹ ਸੁਨੇਹਾ ਦੇ ਕੇ ਬੁਚਿਆਣੇ ਦੀ ਝਾਲ ਨੂੰ ਘੱਲ ਦਿਤਾ ਕਿ ਭਾਵੇਂ ਭਾਈ ਹਾਕਮ ਸਿੰਘ ਜੀ ਭੀ ਉਨ੍ਹਾਂ ਨੂੰ ਪੱਕੀ ਕਰ ਆਇਆ ਹੈ, ਪਰ ਫੇਰ ਭੀ ਤੁਸੀਂ ਉਚੇਚੇ ਜਾਕੇ ਇਹ ਤਾਕੀਦ ਕਰਨੀ ਕਿ ਜਥਾ ਓਦੋਂ ਤੁਰੇਗਾ, ਜਦੋਂ ਭਾਈ ਬੂਟਾ ਸਿੰਘ ਜੀ ਹੋਰਾਂ ਦਾ ਸੁਨੇਹਾ ਪੁਜੇਗਾ। ਜਦ ਉਹ ਦੋਵੇਂ ਸਜਣ ਬੁਚਿਆਣੇ ਦੀ ਝਾਲ ਤੇ ਪਹੁੰਚੇ ਤਾਂ ਲਾਗੇ ਚਾਗੇ ਦੇ ੧੫੦ ਸਿੰਘ ਇਕੱਠੇ ਹੋ ਚੁਕੇ ਸਨ। ਇਨ੍ਹਾਂ ਨੂੰ ਭਾਈ ਬੂਟਾ ਸਿੰਘ ਜੀ ਦਾ ਸੁਨੇਹਾ ਚੰਗੀ ਪੱਕੀ ਥਿੱਤੀ ਕਰਕੇ ਦੇ ਦਿਤਾ ਗਿਆ।

ਕੁਝ ਚਿਰ ਉਡੀਕ ਕੇ ਜਥੇ ਦੇ ਸਿੰਘ ਕਾਹਲੇ ਪੈ ਗਏ ਕਿ ਮਤਾਂ ਸਲਾਹ ਵਲਾਹ ਕਰਦਿਆਂ ਦਿਨ ਹੀ ਨਾ ਚੜ੍ਹ ਜਾਵੇ। ਸਲਾਹ ਕਰਕੇ ਚੌਧਰੀ ਪਾਲ ਸਿੰਘ ਜੀ ਤੇ ਇਕ ਹੋਰ ਸਿੰਘ ਨੂੰ ਚੰਦਰ ਕੋਟ ਦੀ ਝਾਲ ਵਲ ਭਾਈ ਬੂਟਾ ਸਿੰਘ ਹੋਰਾਂ ਦਾ ਪਤਾ ਲੈਣ ਲਈ ਬਾਈਸਿਕਲਾਂ ਤੇ ਘਲਿਆ ਗਿਆ। ਇਹ ਰਾਹ ਭੁਲ ਗਏ ਤੇ ਚੰਦਰ ਕੋਟ ਦੀ ਝਾਲ ਨਾ ਲਭ ਸਕੇ। ਦਿਨ ਚੜ੍ਹਦਾ ਵੇਖ ਕੇ ਪਿਛਾਂਹ ਬੁਚਿਆਣੇ ਦੀ ਪੰਜ ਪੁਲੀ ਝਾਲ ਨੂੰ ਉਠ ਨਸੇ ਕਿ ਮਤਾਂ ਸਾਡੇ ਪਿਛੋਂ ਉਨ੍ਹਾਂ ਨੂੰ ਸੁਨੇਹਾ ਪੁਜ ਜਾਵੇ ਤੇ ਜਥਾ ਸ੍ਰੀ ਨਨਕਾਣੇ ਸਾਹਿਬ ਨੂੰ ਚਲਾ ਜਾਵੇ ਤੇ ਅਸੀਂ ਇਧਰ ਭੌਂਦੇ ਪਿਛੇ ਹੀ ਰਹਿ ਜਾਈਏ। ਇਹ ਅਜੇ ਬੁਚਿਆਣੇ ਦੀ ਝਾਲ ਤੇ ਸਾਈਕਲਾਂ ਤੋਂ ਉਤਰੇ ਹੀ ਸਨ, ਜੋ ਇਨ੍ਹਾਂ ਦੇ ਮਗਰੇ ਮਗਰ ਭਾਈ ਦਲੀਪ ਸਿੰਘ ਜੀ

*ਪੂਰੇ ਹਾਲ ਲਈ ਵੇਖੋ ਜੀਵਨ ਭਾਈ ਜੀਵਨ ਸਿੰਘ ਜੀ ਪਰਉਪਕਾਰੀ ਤੇ ਭਾਈ ਦਲੀਪ ਸਿੰਘ ਜੀ ਸਾਹੋਵਾਲ।

ਸਾਹੋਵਾਲ ਤੇ ਭਾਈ ਬੂਟਾ ਸਿੰਘ ਜੀ ੨੦੪ ਘੋੜੀਆਂ ਤੇ ਸਵਾਰ ਹੋਏ ਆ ਗਏ। ਇਨ੍ਹਾਂ ਨੂੰ ਵੇਖਕੇ ਜਥੇ ਨੂੰ ਚਾਅ ਚੜ੍ਹ ਗਏ ਤੇ ਖ਼ੁਸ਼ੀ ਵਿਚ ਲਗੇ ਜੈਕਾਰੇ ਛੱਡਣ। ਪ੍ਰੰਤੂ ਇਨ੍ਹਾਂ ਨੇ ਕਿਹਾ ਕਿ ਪੰਥ ਦੇ ਹੁਕਮ ਅਨੁਸਾਰ ਸਭ ਜਥੇ ਰੋਕ ਦਿਤੇ ਗਏ ਹਨ। ਸਭ ਸਿੰਘ ਅਮਨ ਨਾਲ ਘਰੋ-ਘਰੀ ਚਲੇ ਜਾਓ ਤੇ ਫੇਰ ਸ਼੍ਰੋਮਣੀ ਕਮੇਟੀ ਦੀਆਂ ਨੀਯਤ ਤਾਰੀਖ਼ਾਂ ਤੇ ਦਿਨ ਦੀਵੀਂ ਇਸ ਨਾਲੋਂ ਭੀ ਵਧੇਰੇ ਤਿਆਰੀ ਤੇ ਜੋਸ਼ ਨਾਲ ਆਓ। ਸਿੰਘਾਂ ਨੂੰ ਬੜੀ ਨਿਰਾਸਤਾ ਹੋਈ, ਪਰ ਪੰਥ ਦਾ ਹੁਕਮ ਸਿਰ ਮੱਥੇ ਤੇ ਮੰਨਦੇ ਹੋਏ ਸਭ ਸਿੰਘ ਵਾਪਸ ਹੋ ਗਏ।

ਭਾਈ ਬੂਟਾ ਸਿੰਘ ਜੀ ੨੦੪ ਨੇ ਚੌਧਰੀ ਪਾਲ ਸਿੰਘ ਜੀ ਨੂੰ ਆਖਿਆ ਕਿ ਤੁਸੀਂ ਜੜ੍ਹਾਂਵਾਲੇ ਚਲਕੇ ਗੱਡੀ ਚੜ੍ਹੋ ਤੇ ਮੈਂ ਤੁਹਾਡਾ ਬਿਸਤਰਾ ਸ੍ਰੀ ਨਨਕਾਣੇ ਸਾਹਿਬ ਤੋਂ ਨਾਲ ਲਈ ਆਵਾਂਗਾ। ਐਵੇਂ ਹੁਣ ਵਾਧੂ ਸ੍ਰੀ ਨਨਕਾਣੇ ਸਾਹਿਬ ਵਲ ਪੈਂਡਾ ਮਾਰਨ ਦਾ ਕੀ ਫ਼ਾਇਦਾ ਹੈ। ਤਦ ਭਾਈ ਵਰਿਆਮ ਸਿੰਘ ਜੀ ਨੇ ਜ਼ੋਰ ਦਿਤਾ ਕਿ ਇਹ ਗਲ ਠੀਕ ਨਹੀਂ ਹੈ, ਤੁਸੀਂ ਮੇਰੇ ਨਾਲ ਆਏ ਹੋ, ਤੇ ਹੁਣ ਸ੍ਰੀ ਨਨਕਾਣੇ ਸਾਹਿਬ ਜਾਕੇ ਹੀ ਮੇਰਾ ਸਾਥ ਛੱਡਣਾ। ਇਹ ਦੋਵੇਂ ਸਜਣ ਤਾਂ ਘੋੜੀਆਂ ਭਜਾ ਲੈ ਜਾਣਗੇ ਤੇ ਮੈਂ ਇਕੱਲਾ ਜਾਵਾਂਗਾ। ਇਸ ਵੇਲੇ ਸਾਥ ਛੱਡਣਾ ਚੰਗਾ ਨਹੀਂ ਹੈ। ਤਦ ਚੌਧਰੀ ਸਾਹਿਬ ਇਨ੍ਹਾਂ ਦੀ ਪ੍ਰੇਰਨਾ ਨਾਲ ਸ੍ਰੀ ਨਨਕਾਣੇ ਸਾਹਿਬ ਨੂੰ ਹੀ ਤੁਰ ਪਏ।

ਦੋਵੇਂ ਸਜਣ ਗਲਾਂ ਬਾਤਾਂ ਕਰਦੇ ਨਨਕਾਣੇ ਸਾਹਿਬ ਨੂੰ ਤੁਰੀ ਜਾ ਰਹੇ ਸਨ, ਜੋ ਥੋੜੇ ਚਿਰ ਪਿਛੋਂ ਭਾਈ ਬੂਟਾ ਸਿੰਘ ਜੀ ਤੇ ਭਾਈ ਦਲੀਪ ਸਿੰਘ ਜੀ ਘੋੜੀਆਂ ਭਜਾਈ ਵਾਪਸ ਆ ਪਹੁੰਚੇ ਤੇ ਆ ਕੇ ਆਖਣ ਲਗੇ ਕਿ ਭਾਈ ਵਰਿਆਮ ਸਿੰਘਾ! ਸਾਨੂੰ ਰਾਹ ਦਾ ਥਹੁ ਪਤਾ ਨਹੀਂ ਲਗਦਾ ਹੈ, ਕੋਈ ਸਿਧਾ ਰਾਹ ਤਾਂ ਦਸੋ। ਤਦ ਇਨ੍ਹਾਂ ਨੇ ਜ਼ਰਾ ਅਗੇ ਹੋ ਕੇ ਸਿਧੇ ਰਾਹੇ ਪਾ ਦਿਤੇ। ਪਿਛਲੀ ਰਾਤੇ ਚੰਦ ਛੁਪ ਚੁਕਾ ਸੀ ਤੇ ਇਸ ਰਾਤ ਬੜੀ ਭਾਰੀ ਧੁੰਦ ਪਈ ਸੀ ਤੇ ਜਾਣਕਾਰਾਂ ਨੂੰ ਭੀ ਰਾਹ ਖੈਹੜੇ ਦਾ ਪਤਾ ਘਟ ਵਧ ਹੀ ਲਗਦਾ ਸੀ। ਇਹ ਦੋਹਾਂ ਨੂੰ ਸੁਨੇਹਾ ਦੇ ਕੇ ਕਿ ਜੇ ਕੋਈ ਇਕੜ ਦੁਕੜ ਸਿੰਘ ਮਿਲੇ ਤਾਂ ਵਾਪਸ ਮੋੜੀ ਆਉਣਾ ਆਪ ਘੋੜੀਆਂ ਨੂੰ ਅਡੀਆਂ ਲਾ ਕੇ ਨਨਕਾਣੇ ਸਾਹਿਬ ਨੂੰ ਉਠ ਨਸੇ। ਭਾਈ ਵਰਿਆਮ ਸਿੰਘ ਜੀ ਤੇ ਚੌਧਰੀ ਸਾਹਿਬ ਨਨਕਾਣੇ ਸਾਹਿਬ ਦੇ ਫਾਟਕ

ਦੀ ਚੌਂਕੀ ਪਾਸ ਪੁਜ ਗਏ । ਇਥੇ ਆ ਕੇ ਭਾਈ ਵਰਿਆਮ ਸਿੰਘ ਜੀ ਨੇ ਕਿਹਾ ਕਿ ਚੌਧਰੀ ਜੀ ! ਤੁਸੀਂ ਮੇਰੀ ਕੁਹਾੜੀ ਲੈ ਕੇ ਕਾਰਖਾਨੇ ਨੂੰ ਚਲੋ ਤੇ ਮੈਂ ਸ੍ਰੀ ਜਨਮ ਅਸਥਾਨ ਮਥਾ ਟੇਕ ਆਵਾਂ । ਚੌਧਰੀ ਜੀ ਨੇ ਕਿਹਾ ਕਿ ਤੁਸੀਂ ਤਾਂ ਰੋਜ਼ ਇਥੇ ਰਹਿੰਦੇ ਹੋ, ਮੈਂ ਬਾਹਰੋਂ ਆਇਆ ਹਾਂ,ਮੇਰਾ ਦਿਲ ਭੀ ਮਥਾ ਟੇਕਣ ਨੂੰ ਕਰਦਾ ਹੈ, ਤਦ ਭਾਈ ਵਰਿਆਮ ਸਿੰਘ ਜੀ ਨੇ ਆਖਿਆ ਕਿ ਚਲੋ ਫੇਰ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਕੁਹਾੜੀ ਤੇ ਕ੍ਰਿਪਾਨ ਰਖ ਕੇ ਚਲਦੇ ਹਾਂ। ਇਹ ਦੋਵੇਂ ਸਜਨ ਗਲਾਂ ਬਾਤਾਂ ਕਰਦੇ ਸ੍ਰੀ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ ਵਾਲੀ ਥਾਂ ਤੇ ਪੁਜੇ ਹੋਣਗੇ ਕਿ ਇਨ੍ਹਾਂ ਨੂੰ ਬਹੁਤ ਸਾਰੇ ਬੰਦੇ ਇਕਠੇ ਹੋਏ ਤਹਿਸੀਲ ਵਾਲੇ ਫਾਟਕ ਦੇ ਲਾਗੇ ਨਜ਼ਰ ਪਏ । ਚੌਧਰੀ ਜੀ ਨੇ ਕਿਹਾ ਕਿ ਸਾਡੇ ਜਥੇ ਤਾਂ ਸਭ ਰੁਕ ਗਏ ਹਨ ਇਹ ਮਹੰਤਾਂ ਦੇ ਬੰਦੇ ਹੋਣੇ ਹਨ ? ਭਾਈ ਵਰਿਆਮ ਸਿੰਘ ਜੀ ਨੇ ਆਖਿਆ ਕਿ ਚਲੋ ਭੱਜ ਕੇ ਪਤਾ ਕਰੀਏ ਕਿ ਇਹ ਕੇਹੜੇ ਬੰਦੇ ਹਨ। ਦੋਵੇਂ ਜਣੇ ਉਥੋਂ ਉਠ ਨਸੇ । ਜਦ ਇਹ ਫਾਟਕ ਦੇ ਨਜ਼ਦੀਕ ਪੁਜੇ ਤਦ ਜਥਾ ਸ੍ਰੀ ਜਨਮ ਅਸਥਾਨ ਨੂੰ ਧਮਕੜੇ ਚਾਲ ਆ ਰਿਹਾ ਸੀ । ਚੌਧਰੀ ਪਾਲ ਸਿੰਘ ਜੀ ਨੇ ਭਾਈ ਲਛਮਣ ਸਿੰਘ ਜੀ ਜਥੇਦਾਰ ਨੂੰ ਪਛਾਣ ਲਿਆ ਤੇ ਘੁਟ ਕੇ ਗਲ-ਵਕੜੀ ਪਾ ਕੇ ਫ਼ਤਹ ਗਜਾਈ ਤੇ ਆਖਿਆ ਕਿ ਅਸੀਂ ਪੰਥ ਦੇ ਹੁਕਮ ਅਨੁਸਾਰ ਸਭ ਜਥੇ ਘਰਾਂ ਨੂੰ ਮੋੜ ਆਏ ਹਾਂ, ਤੁਸੀਂ ਕੁਝ ਸੋਚੋ; ਪਰ ਉਨ੍ਹਾਂ ਅਗੋਂ ਕੋਈ ਉਤ੍ਰ ਨ ਦਿਤਾ ਤੇ ਜੱਫੀ ਪਈ ਪਵਾਈ ਹੀ ਆਪਣੀ ਧੁਨ ਵਿਚ ਅਗਾਂਹ ਨੂੰ ਤੁਰੀ ਗਏ । ਥੋੜਾ ਅਗੇ ਆਏ ਹੋਣਗੇ ਤਾਂ ਭਾਈ ਗੁਰਬਖ਼ਸ਼ ਸਿੰਘ ਜੀ ਸ਼ਾਹ ਕੋਟ ਅਤੇ ਭਾਈ ਇਛਰ ਸਿੰਘ ਜੀ ਨੇ ਇਸ਼ਾਰਾ ਕੀਤਾ ਕਿ ਗੁਰਦੁਆਰੇ ਦੇ ਬੂਹੇ ਖੁਲ੍ਹੇ ਹਨ ।

ਜਥੇ ਦੇ ਸਿੰਘਾਂ ਚੋਂ ਭਾਈ ਵਰਿਆਮ ਸਿੰਘ ਅਗੇ ਵਧਿਆ ਤੇ ਜਫਾ ਭਰ ਕੇ ਚੌਧਰੀ ਸਾਹਿਬ ਨੂੰ ਭਾਈ ਲਛਮਣ ਸਿੰਘ ਜੀ ਦੇ ਲੱਕ ਨਾਲੋਂ ਲਾਹ ਲਿਆ ਤੇ ਕਿਹਾ ਕਿ "ਜੇ ਹੌਂਸਲਾ ਪੈਂਦਾ ਈ ਤੇ ਨਾਲ ਚਲ, ਨਹੀਂ ਤਾਂ ਪਰੇ ਹੋ ਕੇ ਮਰ ।" ਅੱਖ ਦੇ ਫੋਰੇ ਵਿਚ ਸਭ ਸਿੰਘ ਹਰਨਾਂ ਵਾਂਗ ਚੁੰਗੀਆਂ ਭਰਦੇ ਗੁਰ-ਦਵਾਰੇ ਵਲ ਦੌੜ ਗਏ। ਚੌਧਰੀ ਜੀ ਨੇ ਭਾਈ ਵਰਿਆਮ ਸਿੰਘ ਜੀ ਨੂੰ ਆਖਿਆ ਕਿ ਦਸੋ ਹੁਣ ਕੀ ਚਾਰਾ ਕਰੀਏ ਇਹ ਤਾਂ ਟਲੇ ਨਹੀਂ ਹਨ ? ਉਨ੍ਹਾਂ

ਨੇ ਉਤ੍ਰ ਦਿਤਾ ਕਿ ਚਲੋ ਭਜ ਕੇ ਭਾਈ ਦਲੀਪ ਸਿੰਘ ਹੁਰਾਂ ਨੂੰ ਖ਼ਬਰ ਦੇਈਏ। ਇਹ ਦੋਵੇਂ ਉਥੋਂ ਸ਼ੂਟ ਵਟ ਕੇ ਜਿਉਂ ਨਠੇ, ਕਾਰਖ਼ਾਨੇ ਪੁਜ ਕੇ ਹੀ ਦਮ ਲਿਆ। ਅਗੇ ਭਾਈ ਦਲੀਪ ਸਿੰਘ ਜੀ ਮੰਜੇ ਤੇ ਬੈਠੇ ਸਨ ਤੇ ਉਨ੍ਹਾਂ ਦੇ ਸਰ੍ਹਾਣੇ ਵਲ ਭਾਈ ਉਤਮ ਸਿੰਘ ਜੀ ਖੜੋਤੇ ਸਨ। ਇਨ੍ਹਾਂ ਦੇ ਕਾਰਖ਼ਾਨੇ ਪੁਜਣ ਤਕ ਸੱਤ ਫ਼ਾਇਰ ਗੋਲੀ ਦੇ ਹੋ ਚੁਕੇ ਸਨ।

ਕਾਰਖਾਨੇ ਦੇ ਵੇਹੜੇ ਵਿਚ ਵੜਦਿਆਂ ਹੀ ਚੌਧਰੀ ਜੀ ਤੇ ਭਾਈ ਵਰਿਆਮ ਸਿੰਘ ਜੀ ਨੇ ਭੁੱਬਾਂ ਮਾਰ ਕੇ ਆਖਿਆ ਕਿ ਤੁਸੀਂ ਕਹਿਰ ਕੀਤਾ ਹੈ, ਤੁਸੀਂ ਤਾਂ ਆਖਦੇ ਸੀ ਕਿ ਸਭ ਜਥੇ ਰੋਕ ਆਏ ਹਾਂ, ਪਰ ਭਾਈ ਲਛਮਣ ਸਿੰਘ ਅੰਦਰ ਜਥਾ ਲੈ ਕੇ ਚਲਾ ਗਿਆ ਹੈ ਅਤੇ ਉਨ੍ਹਾਂ ਉਤੇ ਕਾੜ ਕਾੜ ਗੋਲੀ ਚਲ ਰਹੀ ਹੈ। ਭਾਈ ਦਲੀਪ ਸਿੰਘ ਜੀ ਨੇ ਕਿਹਾ ਕਿ ਕੋਈ ਗਲ ਨਹੀਂ, ਸਭ ਕੁਝ ਭਾਣੇ ਅੰਦਰ ਹੀ ਹੋ ਰਿਹਾ ਹੈ, ਆਪ ਜਨਮ ਅਸਥਾਨ ਨੂੰ ਉਠ ਨਸੇ। ਇਨ੍ਹਾਂ ਦੇ ਮਗਰ ਭਾਈ ਵਰਿਆਮ ਸਿੰਘ ਜੀ ਭੀ ਉਠ ਭਜੇ। ਚੌਧਰੀ ਜੀ ਨੇ ਜੋ ਹੁਲੀਆ ਬਦਲੌਣ ਲਈ ਨੀਲੀ ਤੈਹਮਤ ਬੰਨ੍ਹ ਕੇ ਹੋਰ ਕਪੜੇ ਬਦਲਾਏ ਹੋਏ ਸਨ, ਇਹ ਉਤਾਰ ਕੇ ਉਹ ਪਜਾਮਾਂ ਆਦਿ ਕਪੜੇ ਬਦਲੌਣ ਲਗੇ ਹੋਏ ਸਨ। ਇਨ੍ਹਾਂ ਦੇ ਲੀੜੇ ਬਦਲ ਕੇ ਕਮਰੇ ਵਿਚੋਂ ਬਾਹਰ ਨਿਕਲਦਿਆਂ ਕਰਦਿਆਂ ਨੂੰ ਇਹ ਦੋਵੇਂ ਦੌੜਕੇ ਦੁਰੇਡੇ ਚਲੇ ਗਏ ਸਨ।

ਚੌਧਰੀ ਪਾਲ ਸਿੰਘ ਜੀ ਹਾਫ਼ਜ਼ਾ ਆਬਾਦ ਦੇ ਇਕ ਸਿੰਘ ਨੂੰ ਨਾਲ ਲੈਕੇ ਉਨ੍ਹਾਂ ਦੇ ਮਗਰੇ ਹੀ ਤੁਰ ਪਏ। ਪਿਛੋਂ ਭਾਈ ਬੂਟਾ ਸਿੰਘ ੨੦੪ ਭੀ ਭੱਜਕੇ ਮਿਲ ਪਏ ਤੇ ਆਖਿਆ ਕਿ ਸੜਕ ਵਾਲੇ ਪਾਸੇ ਥਾਣੀਂ ਚਲੀਏ। ਜਦ ਤਿੰਨੇ ਸਜਣ ਗੁਰਦੁਆਰਾ ਛੇਵੀਂ ਪਾਤਸ਼ਾਹੀ ਦੇ ਖੂਹ ਪਾਸ ਪੁਜੇ ਤਾਂ ਲੋਕਾਂ ਨੇ ਇਨ੍ਹਾਂ ਨੂੰ ਗਲ ਪੈ ਕੇ ਰੋਕ ਲਿਆ ਤੇ ਕਿਹਾ ਕਿ ਇਸ ਵੇਲੇ ਰਾਂਝਾ ਮਾਛੀ ਇਕ-ਸਾਰ ਗੋਲੀਆਂ ਚਲਾਈ ਜਾਂਦਾ ਹੈ। ਆਪਣੇ ਬਿਗਾਨੇ ਦੀ ਕੋਈ ਪਛਾਣ ਨਹੀਂ ਹੈ, ਤੁਸੀ ਇਸ ਵੇਲੇ ਜਾਕੇ ਕੀ ਕਰੋਗੇ ? ਭਾਈ ਬੂਟਾ ਸਿੰਘ ਨੇ ਜੀ ਕਿਹਾ ਕਿ ਨਹੀਂ ਸਾਡਾ ਇਸ ਵੇਲੇ ਉਥੇ ਜਾਣਾ ਹੀ ਯੋਗ ਹੈ। ਚੌਧਰੀ ਪਾਲ ਸਿੰਘ ਨੇ ਇਹ ਗਲ ਆਖੀ ਕਿ ਜੇਕਰ ਉਥੇ ਗੋਲੀ ਦਗਦੀ ਵੇਖਕੇ ਮੁੜ ਪਿਛਾਂਹ ਨੂੰ ਨੱਸਣਾ ਹੈ ਤਾਂ ਚੰਗੀ ਗਲ ਇਹੋ ਹੈ ਕਿ ਹੁਣੇ ਹੀ ਅਗੇ ਨ ਜਾਈਏ। ਇਹ ਤਾਂ ਦੋਵੇਂ ਏਨੀ ਗਲ ਕਰਕੇ

ਪਿਛਾਂਹ ਕਾਰਖਾਨੇ ਨੂੰ ਮੁੜ ਪਏ, ਪਰ ਭਾਈ ਬੂਟਾ ਸਿੰਘ ਜੀ ਜਨਮ ਅਸਥਾਨ ਨੂੰ ਵਗ ਤੁਰੇ। ਪ੍ਰੰਤੂ ਫੇਰ ਥੋੜੇ ਚਿਰ ਪਿਛੋਂ ਮਗਰੋਂ ਭੱਜਕੇ ਚੌਧਰੀ ਹੋਰਾਂ ਨੂੰ ਵਾਪਸ ਜਾ ਮਿਲੇ ਤੇ ਆਖਣ ਲਗੇ ਕਿ ਮੈਂ ਬਤੇਰਾ ਜ਼ੋਰ ਲਾਇਆ ਸੀ, ਪਰ ਮੈਨੂੰ ਬੰਡਾਲੀਆਂ ਨੇ ਅਗੇ ਨਹੀਂ ਜਾਣ ਦਿਤਾ ਤੇ ਮੇਰੀ ਸਲਾਹ ਹੈ ਕਿ ਹੋਰ ਬੰਦੇ ਲਿਆਈਏ ਤੇ ਹੁਣ ਕਾਰਖ਼ਾਨੇ ਚਲਕੇ ਸਾਰੀ ਗਲ ਕਥ ਭਾਈ ਉਤਮ ਸਿੰਘ ਹੋਰਾਂ ਨੂੰ ਦਸੀਏ।

ਭਾਈ ਉਤਮ ਸਿੰਘ ਜੀ ਨੇ ਤਾਰਾਂ ਦੇਣੀਆਂ

ਭਾਈ ਬੂਟਾ ਸਿੰਘ ਹੋਰਾਂ ਭਾਈ ਉਤਮ ਸਿੰਘ ਜੀ ਨੂੰ ਜਾਕੇ ਗੋਲੀਆਂ ਚਲਣ ਤੇ ਕਤਲ ਆਮ ਹੋਣ ਦੀਆਂ ਸਾਰੀਆਂ ਵਾਰਦਾਤਾਂ ਦਸੀਆਂ ਤੇ ਕਿਹਾ ਕਿ ਹੁਣ ਕੀ ਕਰੀਏ ? ਤਦ ਉਨ੍ਹਾਂ ਦੇ ਮਸ਼ਵਰੇ ਨਾਲ ਆਪ ਹੋਰ ਸਿੰਘਾਂ ਨੂੰ ਇਲਾਕੇ ਵਿਚੋਂ ਲੈ ਆਉਣ ਲਈ ਗਡੀ ਚੜ੍ਹ ਕੇ ਜੜ੍ਹਾਂਵਾਲੇ ਨੂੰ ਚਲੇ ਗਏ।

ਇਨ੍ਹਾਂ ਦੇ ਪਿਛੋਂ ਹੋਰ ਭੀ ਕਈਆਂ ਸਜਣਾਂ ਨੇ ਆ ਕੇ ਕਾਰਖ਼ਾਨੇ ਇਸ ਤਰਾਂ ਕਤਲ ਆਮ ਹੋਣ ਦੀਆਂ ਗਲਾਂ ਦਸੀਆਂ ਤਦ ਭਾਈ ਉਤਮ ਸਿੰਘ ਜੀ, ਉਨ੍ਹਾਂ ਦੇ ਭਰਾ ਭਾ: ਬਿਅੰਤ ਸਿੰਘ ਜੀ ਤੇ ਕਾਰਖਾਨੇ ਦੇ ਭਾਈਵਾਲ ਭਾਈ ਧੰਨਾ ਸਿੰਘ ਜੀ ਨੇ ਸਲਾਹ ਕੀਤੀ ਕਿ ਥਾਂ ਥਾਂ ਤਾਰਾਂ ਘਲੀਆਂ ਜਾਣ। ਭਾਈ ਉਤਮ ਸਿੰਘ ਜੀ ਨੇ ਭਾਈ ਬਿਅੰਤ ਸਿੰਘ ਜੀ ਅਤੇ ਭਾਈ ਹਰਨਾਮ ਸਿੰਘ ਜੀ ਖ਼ਜ਼ਾਨਚੀ ਨੂੰ ਤਾਰਾਂ ਲਿਖਾਉਣੀਆਂ ਸ਼ੁਰੂ ਕਰ ਦਿਤੀਆਂ ਅਤੇ ਅਠ, ਵਜ ਕੇ ਵੀਹ ਮਿੰਟ ਤੇ ਆਪਣੇ ਮੁਨਸ਼ੀ ਦੀਵਾਨ ਚੰਦ ਨੂੰ ੧੦੦) ਰੁਪੈ ਦਾ ਨੋਟ ਦੇ ਕੇ ਤਾਰ ਘਰ ਨੂੰ ਘਲ ਦਿਤਾ। ਇਸ ਦਿਨ ਐਤਵਾਰ ਹੋਣ ਕਰਕੇ ਲੇਟ ਫ਼ੀਸ ਲਾਕੇ ਸੈਂਕੜੇ ਅਰਜੰਟ (urgent) ਤਾਰਾਂ ਲਾਟ ਸਾਹਿਬ, ਡਿਪਟੀ ਕਮਿਸ਼ਨਰ, ਸੁਪ੍ਰੰਟੈਂਡੰਟ ਪੁਲਸ, *ਮਹਾਤਮਾ ਗਾਂਧੀ, ਸ਼੍ਰੋਮਣੀ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਤੇ ਹਰ ਇਕ ਵਡੇ ਸ਼ਹਿਰ ਦੀਆਂ ਸਿੰਘ ਸਭਾਵਾਂ ਨੂੰ ਘਲੀਆਂ ਗਈਆਂ।

ਨੌਂ ਵਜੇ ਦੇ ਕਰੀਬ ਮਹੰਤ ਦਾ ਬੰਦਾ ਤਾਰ ਘਰ ਵਿਚ ਆ ਬੈਠਾ, ਤਾਂ

---

* ਆਪ ਉਸ ਦਿਨ ਰਾਵਲਪਿੰਡੀ ਆਏ ਹੋਏ ਸਨ।

ਇਸ ਵੇਲੇ ਇਥੋਂ ਤਾਰਾਂ ਦੇਣੀਆਂ ਔਖੀਆਂ ਹੋ ਗਈਆਂ । ਤਦ ਇਨ੍ਹਾਂ ਨੇ ਸ: ਕਰਮ ਸਿੰਘ ਜੀ ਸਟੇਸ਼ਨ ਮਾਸਟਰ ਰਾਹੀਂ ਰੇਲਵੇ ਤਾਰਾਂ ਦੇਣੀਆਂ ਸ਼ੁਰੂ ਕਰ ਦਿਤੀਆਂ । ਉਨ੍ਹਾਂ ਨੇ ਇਸ ਕੰਮ ਨੂੰ ਪੰਥਕ ਸੇਵਾ ਸਮਝ ਕੇ ਦਿਲੀ ਦਰਦ ਨਾਲ ਬੜੀ ਚੁਸਤੀ, ਹੁਸ਼ਿਆਰੀ ਅਤੇ ਸਖ਼ਤ ਮੇਹਨਤ ਨਾਲ ਸਿਰੇ ਚਾੜ੍ਹਿਆ । ਦਸ ਵਜੇ ਦੇ ਕਰੀਬ ਭਾਈ ਉਤਮ ਸਿੰਘ ਜੀ ਹੁਰਾਂ ਨੂੰ ਲਾਹੌਰੋਂ ਅਤੇ ਅੰਮ੍ਰਿਤਸਰੋਂ ਸਪੈਸ਼ਲ ਤਾਰਾਂ ਰਾਹੀਂ ਭਾ: ਲਾਭ ਸਿੰਘ ਦੀ ਤਾਰ ਦੇ ਉਤ੍ਰ ਵਿਚ ਮੋੜਵੇਂ ਜਵਾਬ ਆਉਣੇ ਸ਼ੁਰੂ ਹੋ ਗਏ ਸਨ ਕਿ "ਹੌਸਲਾ ਰਖੋ, ਅਸੀਂ ਪੁਜ ਰਹੇ ਹਾਂ।"

ਜਿੰਨੀਆਂ ਕੁ ਦਿਤੀਆਂ ਗਈਆਂ ਤਾਰਾਂ ਦੇ ਮਜ਼ਮੂਨ ਮਿਲ ਸਕੇ ਹਨ, ਉਹ ਅਗੇ ਲਿਖੇ ਅਨੁਸਾਰ ਹਨ । ਭਾਈ ਉਤਮ ਸਿੰਘ ਹੁਰਾਂ ਦੇ ਬੰਦੇ ਦੇ ਤਾਰ ਘਰ ਜਾਣ ਤੋਂ ਪਹਿਲਾਂ ਇਕ ਤਾਰ ਕਿਸੇ ਭਾਈ ਲਾਭ ਸਿੰਘ ਜੀ ਨੇ ਦਿਤੀ ਸੀ, ਜੋ ਨੌਂ ਵਜੇ ਤਰਨ ਤਾਰਨ ਅਤੇ ਅੰਮ੍ਰਿਤਸਰ ਪੁਜ ਗਈ ਸੀ । ਇਸ ਦਾ ਮਜ਼ਮੂਨ ਇਹ ਸੀ:–

"ਮਹੰਤ ਨੇ ਗੁਰਦੁਆਰਾ ਜਨਮ ਅਸਥਾਨ ਵਿਚ ਬਹੁਤ ਸਾਰੇ ਸਿਖ ਕਤਲ ਕਰ ਦਿਤੇ ਹਨ ਤੇ ਉਨ੍ਹਾਂ ਨੂੰ ਮਿੱਟੀ ਦਾ ਤੇਲ ਪਾ ਪਾ ਕੇ ਸਾੜ ਰਿਹਾ ਹੈ, ਜਿਸ ਤੋਂ ਸ਼ਹੀਦ ਸਿੰਘਾਂ ਦਾ ਖੋਜ ਮਿਟ ਜਾਵੇ।"

ਦੂਜੀ ਤਾਰ ਭਾਈ ਉਤਮ ਸਿੰਘ ਜੀ ਵਲੋਂ ੧੦ ਵਜੇ ਪੁਜੀ:–

"ਕਤਲ-ਆਮ ਸ਼ੁਰੂ ਹੈ, ਮਿੱਟੀ ਦਾ ਤੇਲ ਪਾ ਪਾ ਕੇ ਸਿਖ ਸਾੜੇ ਜਾ ਰਹੇ ਹਨ, ਬਹੁਤ ਛੇਤੀ ਸਰਕਾਰੀ ਮੱਦਦ ਤੇ ਆਪਣੇ ਜਥੇ ਲੈ ਕੇ ਪਹੁੰਚੋ, ਖ਼ਬਰਾਂ ਸਭ ਥਾਈਂ ਭੇਜ ਦਿਓ।"

ਤੀਜੀ ਤਾਰ ਸ਼੍ਰੋਮਣੀ ਕਮੇਟੀ ਨੂੰ:–

"ਅਜ ਭਾਈ ਲਛਮਣ ਸਿੰਘ ਆਪਣੇ ਜਥੇ ਸਮੇਤ ਚਕ ਨੰ: *੯੬ ਨੂੰ ਜਾ ਰਹੇ ਸਨ, ਜਦ ਗੁਰਦੁਆਰੇ ਨਨਕਾਣੇ ਸਾਹਿਬ ਮਥਾ ਟੇਕਣ ਗਏ, ਤਦ ਮਹੰਤ ਨਰੈਣ ਦਾਸ ਤੇ ਉਸਦੇ ਸਾਥੀਆਂ ਨੇ ਬੰਦੂਕਾਂ ਛਵ੍ਹੀਆਂ ਨਾਲ ਮਾਰ ਦਿਤੇ । ਕਈਆਂ ਨੂੰ ਮਿੱਟੀ ਦਾ ਤੇਲ ਪਾਕੇ ਜੀਉਂਦਾ ਸਾੜ ਦਿਤਾ, ਇਕ ਸੌ ਤੋਂ ਵਧ ਮਾਰੇ

* ਚਕ ਨੰ: ੯੬ ਨੂੰ ਜਾਣ ਵਾਲੀ ਗਲ ਗ਼ਲਤ ਹੈ ਪਤਾ ਨਹੀਂ ਕਿਉਂ ਉਨ੍ਹਾਂ ਕਿਉਂ ਲਿਖ ਦਿਤਾ ਸੀ ।

ਗਏ ਹਨ।"

ਚੌਥੀ ਤਾਰ ਚੀਫ਼ ਖ਼ਾਲਸਾ ਦੀਵਾਨ ਨੂੰ :- '

"੨੦-੨-੨੧, ਕੁਛ ਸਿਖ ਯਾਤਰੂ ਗੁਰਦੁਆਰਾ ਜਨਮ ਅਸਥਾਨ *ਮਥਾ ਟੇਕਣ ਆਏ, ਸਾਢੇ ਸਤ ਵਜੇ ਸਵੇਰੇ ਛਵ੍ਹੀਆਂ ਤੇ ਬੰਦੂਕਾਂ ਦੇ ਫ਼ਾਇਰਾਂ ਨਾਲ ਮਾਰੇ ਗਏ ਤੇ ਜ਼ਖ਼ਮੀ ਹੋਏ। ਹਾਲਾਤ ਨਾਜ਼ਕ, ਛੇਤੀ ਅਪੜੋ।"

ਸ਼੍ਰੋਮਣੀ ਕਮੇਟੀ ਨੂੰ ਦੂਜੀ ਤਾਰ :-

"ਸਿਖਾਂ ਦਾ ਕਤਲ-ਆਮ ਸ਼ੁਰੂ ਹੈ, ਛਵ੍ਹੀਆਂ ਤੇ ਬੰਦੂਕਾਂ ਨਾਲ ਮਹੰਤ ਵਲੋਂ ਬੁਛਾੜ ਹੋ ਰਹੀ ਹੈ। ਜੀਉਂਦਿਆਂ ਤੇ ਫੱਟੜਾਂ ਨੂੰ ਮਿੱਟੀ ਦਾ ਤੇਲ ਪਾ ਪਾਕੇ ਸਾੜ ਸੜਵਾ ਰਿਹਾ ਹੈ। ਭਾਈ ਲਛਮਣ ਸਿੰਘ ਜੀ ਤੇ ਦਲੀਪ ਸਿੰਘ ਜੀ ਮਾਰ ਦਿਤੇ ਗਏ ਹਨ। ਅਸੀ ਘਿਰੇ ਹੋਏ ਹਾਂ, ਜਿੰਨੀ ਤੇ ਜਿਸ ਤਰਾਂ ਦੀ ਮਦਦ ਹੋ ਸਕਦੀ ਹੈ ਲੈ ਕੇ ਛੇਤੀ ਪੁਜੋ, ਹਾਲਤ ਬਹੁਤ ਖ਼ਤਰਨਾਕ ਹੈ।"

ਤੀਜੀ ਤਾਰ :-

"ਸਿਖਾਂ ਦਾ ਕਤਲ ਆਮ ਜਾਰੀ ਹੈ, ਮਿੱਟੀ ਦਾ ਤੇਲ ਪਾਕੇ ਸਾੜਿਆ ਜਾ ਰਿਹਾ ਹੈ। ਸਰਕਾਰੀ ਮਦਦ ਸਮੇਤ ਛੇਤੀ ਅਪੜੋ, ਲੋਕਾਂ ਨੂੰ ਖ਼ਬਰ ਪਹੁੰਚਾ ਦਿਓ।"

ਚੌਥੀ ਤਾਰ ਗੁਰਦੁਆਰੇ ਸਚੇ ਸੌਦੇ ਚੂਹੜਕਾਣੇ ਤੋਂ ਗਈ :-

"ਡੇਢ ਸੌ ਸਿੰਘ ਨਨਕਾਣਾ ਸਾਹਿਬ ਮਾਰੇ ਤੇ ਸਸਕਾਰੇ ਗਏ, ਪ੍ਰਬੰਧ ਕਰੋ।"

ਇਕ ਹੋਰਸ ਥਾਂ ਤੋਂ ਪੰਜਵੀਂ ਤਾਰ ਗਈ :-

"ਨਨਕਾਣੇ ਸਾਹਿਬ ਤੋਂ ਆਏ ਮੁਸਾਫ਼ਰ ਦਸਦੇ ਹਨ ਕਿ ਇਕ ਸੌ ਵੀਹ ਸਿਖ ਯਾਤਰੂ ਨਨਕਾਣੇ ਸਾਹਿਬ ਮਹੰਤਾਂ ਵਲੋਂ ਮਾਰੇ ਗਏ ਹਨ, ਉਨ੍ਹਾਂ ਦੇ ਸਰੀਰ ਗੁਰਦੁਆਰੇ ਵਿਚ ਅੱਗ ਲਾਕੇ ਸਾੜਗਏ ਹਨ।"

ਛੇਵੀਂ ਤਾਰ :-

"ਸ਼ਾਮ ਦੇ ਸਾਢੇ ਚਾਰ ਵਜੇ ਭਾਈ ਲਛਮਣ ਸਿੰਘ ਜੀ ਜਥੇ ਸਣੇ

---

*ਮਥਾ ਟੇਕਣ ਨਹੀਂ ਆਏ ਸਨ, ਕਬਜ਼ਾ ਕਰਨ ਆਏ ਸਨ।

ਚਕ ਨੰ: ੯੬ ਨੂੰ ਜਾ ਰਹੇ ਸਨ, ਮਥਾ ਟੇਕਣ ਗਏ ਛਵ੍ਹੀਆਂ ਤੇ ਬੰਦੂਕਾਂ ਨਾਲ ਉਨ੍ਹਾਂ ਤੇ ਬੁਛਾੜ ਕੀਤੀ ਗਈ, ਮਿਟੀ ਦਾ ਤੇਲ ਪਾ ਪਾਕੇ ਜੀਉਂਦੇ ਸਿਖਾਂ ਨੂੰ ਸਾੜਿਆ ਗਿਆ। ਸੌ ਤੋਂ ਵਧ ਮੌਤਾਂ ਹੋਈਆਂ ਦਾ ਅਨੁਮਾਨ ਹੈ।"

ਸਤਵੀਂ ਤਾਰ :—

"ਸਿਖਾਂ ਨੇ ਬਿਲਕੁਲ ਹੱਥ ਨਹੀਂ ਚੁਕਿਆ, ਲਗ ਪਗ *ਡੇਢ ਸੌ ਮਾਰੇ ਗਏ ਤੇ ਮਿੱਟੀ ਦੇ ਤੇਲ ਨਾਲ ਸਾੜੇ ਗਏ। ਡੀ. ਸੀ. ਪਹੁੰਚ ਗਿਆ ਹੈ, ਫ਼ੌਜ ਆ ਰਹੀ ਹੈ, ਛੇਤੀ ਅਪੜੋ।"

ਅਠਵੀਂ ਤਾਰ:—

"ਰਾਤ ਦੇ ਅਠ ਵਜੇ ਸਿਖ ਪਹੁੰਚ ਰਹੇ ਹਨ, ਚੁਪ ਚਾਪ ਹੈਰਾਨ ਤੇ ਸ਼ਾਂਤ ਹਨ, ਡੇਢ ਸੌ ਤੋਂ ਵਧ ਕਤਲ ਕੀਤੇ ਗਏ ਹਨ। ਪਟਰੌਲ ਪਾ ਕੇ ਸਾੜੇ ਗਏ ਹਨ। ਡੀ. ਸੀ. ਪਹੁੰਚ ਗਿਆ ਹੈ, ਫ਼ੌਜ ਆ ਰਹੀ ਹੈ।"

ਨਾਵੀਂ ਤਾਰ:—

ਨਿਹਾਇਤ ਖ਼ੌਫ਼ਨਾਕ ਕਤਲ ਆਮ ਹੋਇਆ ਹੈ ਫਟੜਾਂ ਤੇ ਮਰ ਚੁਕਿਆਂ ਦੀ ਗਿਣਤੀ ਬਾਬਤ ਵਖ ਵਖ ਅੰਦਾਜ਼ੇ ਹਨ, ਮੁਰਦਾ ਤੇ ਅਧ-ਸੜੇ ਸ੍ਰੀਰ ਅਜੇ ਜ਼ਮੀਨ ਤੇ ਪਏ ਹਨ। ਜੋ ਭੀ ਸਿਖ ਅਜ ਨਨਕਾਣੇ ਸਾਹਿਬ ਆਇਆ ਮਾਰ ਦਿਤਾ ਗਿਆ। ਆਦਮੀ ਸਾਢੇ ਸਤ ਤੋਂ ਸਾਢੇ ਚਾਰ ਤਕ ਸੜਦੇ ਰਹੇ, ਨਰੈਣ ਦਾਸ, ਇਸ ਦੇ ਦੋ ਚੇਲੇ ਤੇ ਛਬੀ ਪਠਾਣ ਫੜੇ ਗਏ ਹਨ। ਨਨਕਾਣੇ ਸਾਹਿਬ ਦੇ ਲੋਕਾਂ ਦਾ ਅੰਦਾਜ਼ਾ ਹੈ ਕਿ ਇਕ ਸੌ ਪਚਾਨਵੇ ਸਿਖ ਮਾਰੇ ਗਏ ਹਨ। ਗੁਰਦੁਆਰੇ ਪਰ ਸ੍ਰਕਾਰ ਨੇ ਕਬਜ਼ਾ ਕਰ ਲਿਆ ਹੈ, ਫ਼ੌਜ ਗੁਰਦੁਆਰੇ ਦੀ ਰਾਖੀ ਕਰ ਰਹੀ ਹੈ।"

ਦਸਵੀਂ ਤਾਰ ੨੧-੨-੨੧ ਨੂੰ ਸਵੇਰੇ ਭਾਈ ਅਮਰ ਸਿੰਘ ਜੀ ਐਡੀਟਰ ਲਾਇਲ ਗਜ਼ਟ ਵਲੋਂ ਦਿਤੀ ਗਈ:—

"ਸ੍ਰੀ ਨਨਕਾਣੇ ਸਾਹਿਬ ਬੜਾ ਹੀ ਭਿਆਨਕ ਕਤਲ-ਆਮ

*ਸ਼ਹੀਦ ਹੋ ਗਿਆਂ ਦੀ ਗਿਣਤੀ ਮੈਂ ਛਿਆਸੀ ਤੋਂ ਵਧ ਨਹੀਂ ਲਭ ਸਕਿਆ। ("ਸ਼ਮਸ਼ੇਰ" ਝੁਬਾਲੀਆ)

ਹੋਇਆ ਹੈ। ਕਤਲ ਕੀਤੇ ਗਇਆਂ ਦੀ ਗਿਣਤੀ ਵਖ ਵਖ ਥਾਵਾਂ ਤੇ ਵਖ ਵਖ ਦਸੀ ਜਾਂਦੀ ਹੈ। ਥਾਂ ਪਰ ਥਾਂ ਸੜੀਆਂ ਤੇ ਅਧ-ਸੜੀਆਂ ਲਾਸ਼ਾਂ ਮੌਜੂਦ ਹਨ। ਕੋਈ ਭੀ ਸਿਖ ਜਿਥੇ ਨੇੜੇ ਤੇੜੇ ਨਜ਼ਰ ਪਿਆ ਛਡਿਆ ਨਹੀਂ ਗਿਆ। ਸਾੜਨ ਦਾ ਕੰਮ ਸਵੇਰੇ ਸਾਢੇ ਸਤ ਵਜੇ ਤੋਂ ਸਾਢੇ ਚਾਰ ਵਜੇ ਸ਼ਾਮ ਤਕ ਜਾਰੀ ਰਿਹਾ। ਮਹੰਤ ਨਰੈਣ ਦਾਸ, ਦੋ ਉਸ ਦੇ ਚੇਲੇ ਤੇ ਛਬੀ ਪਠਾਣ ਗ੍ਰਿਫ਼ਤਾਰ ਕਰਕੇ ਸਪੈਸ਼ਲ ਟ੍ਰੇਨ ਵਿਚ ਲਾਹੌਰ ਭੇਜੇ ਗਏ ਹਨ। ਖ਼ਿਆਲ ਹੈ ਕਿ ਇਕ ਸੌ ਪਚਾਨਵੇ ਸਿਖ ਕਤਲ ਕੀਤੇ ਗਏ ਹਨ, ਪੰਜ ਜ਼ਖ਼ਮੀ ਹਸਪਤਾਲ ਵਿਚ ਹਨ। ਮੈਜਿਸਟਰੇਟ ਨੇ ਜਨਮ ਅਸਥਾਨ ਤੇ ਕਬਜ਼ਾ ਕਰ ਲਿਆ ਹੈ। ਕਿਹਾ ਜਾਂਦਾ ਹੈ ਕਿ ਬਾਵਿਆਂ ਤੇ ਹੋਰਨਾਂ ਨੇ ਰਲ ਕੇ ਭਾਰੀ ਸਾਜ਼ਸ਼ ਕੀਤੀ ਹੈ। ਹੁਣ ਸਭ ਕੁਝ ਚੰਗਾ ਹੋ ਰਿਹਾ ਹੈ। ਅਫ਼ਸਰਾਂ ਦੀ ਵਰਤੋਂ ਹਮ-ਦਰਦੀ ਵਾਲੀ ਹੈ। ਹਾਲਤ ਬੜੀ ਖ਼ਤਰਨਾਕ ਤੇ ਫ਼ੌਜ ਪਹਿਰਾ ਦੇ ਰਹੀ ਹੈ।"

ਇਨ੍ਹਾਂ ਤਾਰਾਂ ਦੇ ਪਹੁੰਚਣ ਸਾਰ ਸਾਰੇ ਪੰਜਾਬ ਦੇ ਸਿਖਾਂ ਵਿਚ ਸੁਨਸੁਨੀ ਫੈਲਣ ਦੇ ਨਾਲ ਹੀ ਜੋਸ਼ ਦਾ ਸਮੁੰਦਰ ਠਾਠਾਂ ਮਾਰਨ ਲਗ ਗਿਆ ਸੀ। ਹਰ ਇਕ ਦਰਦੀ ਨੂੰ ਪਰੇਸ਼ਾਨੀ ਨੇ ਘੇਰ ਲਿਆ, ਤੇ ਹਰ ਇਕ ਗੁਰਸਿੱਖ ਦਾ ਦਿਲ ਤੜਫਦਾ ਸੀ ਕਿ ਜਿਵੇਂ ਕਿਵੇਂ ਭੀ ਹੋਵੇ ਸ੍ਰੀ ਨਨਕਾਣੇ ਸਾਹਿਬ ਪਹੁੰਚ ਜਾਵਾਂ*।

ਸ: ਉਤਮ ਸਿੰਘ ਜੀ ਦੇ ਕਾਰਖ਼ਾਨੇ ਤੇ ਹਮਲੇ ਦੀ ਤਿਆਰੀ

ਭਾਈ ਉੱਤਮ ਸਿੰਘ ਜੀ ਅਜੇ ਤਾਰਾਂ ਲਿਖਾ ਹੀ ਰਹੇ ਸਨ, ਜੋ ਕੁਝ ਚਿਰ ਪਿਛੋਂ ਭਾਈ ਹਜ਼ੂਰ ਸਿੰਘ ਕਪੂਰ ਸਿੰਘ ਜੀ ਹੋਰਾਂ ਦਾ ਮੁਸਲਮਾਨ ਮੋਟਰ ਡਰਾਈਵਰ ਆਇਆ, ਤੇ ਆਖਣ ਲਗਾ ਕਿ ਮੈਂ ਮਹੰਤ ਦੀ ਜ਼ਬਾਨੀ ਇਹ ਗਲ ਹੁਣੇ ਸੁਣਕੇ ਆਇਆ ਹਾਂ ਕਿ "ਚਲਕੇ ਬਾਬੂ ਕਰਮ ਸਿੰਘ ਤੇ ਭਾਈ ਉੱਤਮ ਸਿੰਘ ਨੂੰ ਮਾਰ ਦਿਓ, ਫੇਰ ਸਾਡਾ ਵਾਲ ਵਿੰਗਾ ਨਹੀਂ। ਉਸਦੇ ਕਾਰਖ਼ਾਨੇ ਨੂੰ

*ਹਰ ਇੱਕ ਸ਼ਹਿਰ ਵਿਚੋਂ ਸਿੰਘਾਂ ਦੇ ਜਥਿਆਂ ਦੇ ਪਹੁੰਚਣ ਦਾ ਹਾਲ ਤੇ [illegible] ਦੀ ਮੁਕੰਮਲ ਵਾਰਤਾ ਕਿਤਾਬ ਦੇ ਅਗਲੇ ਹਿਸੇ ਵਿੱਚ ਛਪੇਗੀ।

ਅੱਗ ਲਾਕੇ ਵਿਚੇ ਲਾਸ਼ਾਂ ਸੁਟ ਦਿਓ।" ਭਾਈ ਉੱਤਮ ਸਿੰਘ ਜੀ ਨੇ ਜਦ ਇਹ ਗਲ ਸੁਣੀ ਤਾਂ ਕਾਰਖ਼ਾਨੇ ਦੇ ਸਭ ਬੂਹੇ ਬੰਦ ਕਰਕੇ ਕੋਠਿਆਂ ਤੇ ਚੜ੍ਹ ਗਏ। ਬਨੇਰਿਆਂ ਦੀਆਂ ਇੱਟਾਂ ਪੁਟਕੇ ਉਪਰ ਰਖ ਲਈਆਂ। ਰੂੰ ਦੀਆਂ ਮਸ਼ੀਨਾਂ ਵਾਲੀਆਂ ਛੁਰੀਆਂ ਟਾਕੀਆਂ ਬੰਨ੍ਹਕੇ ਹੱਥ ਵਿਚ ਫੜਣ ਲਈ ਮੁੱਠਾਂ ਬਣਾ ਲਈਆਂ ਤੇ ਸਭ ਨੌਕਰਾਂ ਚਾਕਰਾਂ ਨੂੰ ਮੁਕਾਬਲਾ ਕਰਨ ਲਈ ਵੰਡ ਦਿਤੀਆਂ। ਆਪ ਆਪਣੀ ਬੰਦੂਕ ਲੈਕੇ ਦਰਵਾਜ਼ੇ ਦੇ ਉਪਰ ਮੋਰਚਾ ਬਣਾ ਕੇ ਬੈਠ ਗਏ ਤੇ ਇਸ ਤੋਂ ਪਹਿਲਾਂ ਭਾਈ ਮੋਹਰ ਸਿੰਘ ਜੀ ਨੂੰ ਘੋੜੀ ਤੇ ਚਿੱਠੀ ਦੇਕੇ ਡੀ. ਸੀ. ਵਲ ਮਾਂਗਟਾਂ ਵਾਲੇ ਬੰਗਲੇ ਘਲਾ ਦਿਤਾ ਸੀ ਕਿ ਇਸਤਰ੍ਹਾਂ ਇਥੇ ਕਤਲ-ਆਮ ਹੋ ਰਹੀ ਹੈ। ਡੀ. ਸੀ. ਉਸ ਦਿਨ ਦੌਰੇ ਤੇ ਹੋਣ ਕਰਕੇ ਇਸ ਬੰਗਲੇ ਵਿਚ ਉਤ-ਰਿਆ ਹੋਇਆ ਸੀ।

———

ਦੂਜੇ ਬੰਨੇ ਦਾ ਹਾਲ

ਭਾਈ ਲਛਮਣ ਸਿੰਘ ਜੀ ਦੇ ਜਥੇ ਨੇ ਕੂਚ ਕਰਨਾ

ਸਾਕੇ ਤੋਂ ਪੰਜ ਸਤ ਦਿਨ ਪਹਿਲਾਂ, ਭਾਈ ਲਛਮਣ ਸਿੰਘ ਜੀ ਨੇ ਆਪਣੀ ਧਰਮ-ਪਤਨੀ ਨੂੰ ਇਹ ਗਲ ਦ੍ਰਿੜ੍ਹ ਕਰਵਾ ਦਿਤੀ ਕਿ ਅਸਾਂ ਸ੍ਰੀ ਨਨਕਾਣੇ ਸਾਹਿਬ ਜਾਕੇ ਸ਼ਹੀਦੀਆਂ ਪ੍ਰਾਪਤ ਕਰ ਜਾਣੀਆਂ ਹਨ, ਤੁਸੀਂ ਭੀ ਇਸ ਧਰਮ-ਯੁਧ ਵਿੱਚ ਆਪਾ ਕੁਰਬਾਨ ਕਰਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਆਪ ਦੀ ਸੁਪਤਨੀ ਇਨ੍ਹਾਂ ਦੀ ਇਸਤਰ੍ਹਾਂ ਅਠੇ-ਪਹਿਰ ਦੀ ਪ੍ਰੇਰਨਾ ਨਾਲ ਇਹ ਗਲ ਮੰਨ ਗਈ।

ਆਪ ਦੀ ਸੁਪਤਨੀ ਬੀਬੀ ਇੰਦਰ ਕੌਰ ਜੀ ਦੇ ਮਨ ਅੰਦਰ ਜਦ ਸ਼ਹਾਦਤ ਦਾ ਚੰਗੀ ਤਰਾਂ ਗਿਆਨ ਹੋ ਗਿਆ ਤਾਂ ਉਨ੍ਹਾਂ ਨੂੰ ਫੁਰਨਾ ਫੁਰਿਆ ਕਿ ਇਸ ਪਵਿਤ੍ਰ ਕਾਰਜ ਲਈ ਕਿਉਂ ਨਾ ਆਪਣੀਆਂ ਇਕ ਦੋ ਹੋਰ ਸਾਥਣਾਂ ਭੀ ਤਿਆਰ ਕਰ ਲਵਾਂ। ਆਪ ਨੇ ਉਦਮ ਕਰਕੇ ਆਪਣੀ ਸਹੇਲੀ ਬੀਬੀ ਰਣਜੀਤ ਕੌਰ ਜੀ ਅਤੇ ਕੰਨਿਆਂ ਪਾਠਸ਼ਾਲਾ ਦੀ ਅਧਯਾਪਕਾ ਬੀ: ਮਹਿੰਦਰ ਕੌਰ ਜੀ ਨੂੰ ਭੀ ਤਿਆਰ ਕਰ ਲਿਆ।

੧੯ ਫ਼ਰਵਰੀ ਨੂੰ ਚੂਹੜਕਾਣੇ ਤੋਂ ਤਾਰ ਚਲੀ ਗਈ ਕਿ "ਕੰਬਲ ਗੁਆਚੇ ਲਭ ਪਏ ਹਨ।" ਇਸ ਤਾਰ ਦੀ ਉਡੀਕ ਵਿਚ ਭਾਈ ਮੰਗਲ ਸਿੰਘ ਜੀ ਕ੍ਰਿਪਾਨ ਬਹਾਦਰ ਨੂੰ *ਸਾਂਗਲੇ ਘਲਿਆ ਹੋਇਆ ਸੀ। ਭਾਈ ਮੰਗਲ ਸਿੰਘ ਜੀ ਸਾਂਗਲੇ ਤੋਂ ਤਾਰ ਲੈ ਕੇ ਸਿਧੇ ਧਾਰੋਵਾਲੀ ਪੁਜੇ। †ਤਾਰ ਵੇਖ ਕੇ ਭਾਈ ਲਛਮਣ ਸਿੰਘ ਜੀ ਨੂੰ ਬੜੀਆਂ ਖੁਸ਼ੀਆਂ ਚੜ੍ਹ ਗਈਆਂ। ਸਭ ਤਰਾਂ ਦੀ ਤਿਆਰੀ

---

* ਇਸ ਤੋਂ ਨੇੜੇ ਧਾਰੋਵਾਲੀ ਨੂੰ ਹੋਰ ਕੋਈ ਤਾਰ ਘਰ ਨਹੀਂ ਲਗਦਾ ਸੀ।

† ਤਾਰ ਦੇ ਇਹ ਲਫ਼ਜ਼ ਪਹਿਲਾਂ ਹੀ ਗਿਣੇ ਮਿਥੇ ਹੋਏ ਸਨ ਕਿ ਜੇ ਲਿਖਾਂਗੇ ਕਿ 'ਕੰਬਲ ਗੁਆਚੇ ਲਭ ਪਏ ਹਨ" ਤਾਂ ਜਥਾ ਲੈ ਕੇ ਤੁਰ ਪੈਣਾ, ਜੇ ਲਿਖਾਂਗੇ "ਕੰਬਲ ਗੁਆਚੇ ਨਹੀਂ ਲਭੇ" ਤਦ ਜਥਾ ਲੈ ਕੇ ਨ ਤੁਰਨਾ।

ਆਰੰਭ ਦਿਤੀ, ਇਸੇ ਖ਼ੁਸ਼ੀ ਵਿਚ ਭਜੇ ਭਜੇ ਆਪਣੇ ਭਰਾ ਟਹਿਲ ਸਿੰਘ ਜੀ ਦੇ ਘਰ ਗਏ ਤੇ ਆਖਣ ਲਗੇ ਕਿ ਲੈ ਭਰਾਵਾ ਹੁਣ ਸ਼ਹੀਦੀ ਲਈ ਕਮਰ-ਕੱਸੇ ਕਰਨ ਲਗੇ ਹਾਂ,ਇੱਕ ਵੇਰ ਜਾਂਦੀ ਵਾਰੀ ਜੀ ਘੁਟਕੇ ਜੱਫੀ ਪਾਕੇ ਮਿਲ ਤਾਂ ਲਈਏ, ਜਿਉਂ ਘੁਟਕੇ ਜੱਫੀ ਪਾਈ ਆਪ ਦੇ ਕੋਟ ਦੀ ਜੇਬ ਵਿਚੋਂ ਡਾਇਰੀ ਦੀ ਦਬ ਨਾਲ ਆਪ ਦੇ ਭਰਾ ਦੀ ਪਸਲੀ ਟੁਟ ਗਈ। ਉਹ ਰੌਲਾ ਪਾਉਣ ਲਗ ਪਏ, ਤਾਂ ਆਖਣ ਲਗੇ, ਮੈਂ ਤਾਂ ਅਜੇ ਸਾਰੇ ਜ਼ੋਰ ਦੀ ਘੁਟਕੇ ਜੱਫੀ ਹੀ ਨਹੀਂ ਸੀ ਪਾਈ ਤੇ ਖ਼ਿਆਲ ਸੀ ਕਿ ਤੁਰਨ ਸਮੇਂ ਪਾਵਾਂਗੇ, ਪ੍ਰੰਤੂ ਤੂੰ ਅਗੋਂ ਹੀ ਪਸਲੀ ਤੋੜਕੇ ਮੇਰਾ ਤ੍ਰਾਹ ਕੱਢ ਦਿਤਾ ਹੈ। ਉਨ੍ਹਾਂ ਦੀ ਉਹ ਪਸਲੀ ਅਜੇ ਤੱਕ ਭੀ ਟੁੱਟੀ ਹੋਈ ਹੈ।

ਸਵੇਰੇ ਅਠ ਵਜੇ ਭਾਈ ਈਸ਼ਰ ਸਿੰਘ ਜੀ ਨੂੰ ਘੋੜੀ ਤੇ ਤਿਆਰ ਕਰ ਦਿੱਤਾ ਤੇ ਚਿੱਠੀਆਂ ਦੇ ਕੇ ਸ਼ਾਹ ਕੋਟ, ਧੰਨੂਆਣਾ, ਘਸੀਟਪੁਰਾ, ਬੰਡਾਲਾ ਗੁਜਰ ਸਿੰਘ, ਬੰਡਾਲਾ ਬਚਨ ਸਿੰਘ, ਬੰਡਾਲਾ ਨਿਹਾਲੇ ਆਣਾ, ਬੁਰਜ ਚਕ ਨੰ: ੫੫, ਲਹੁਕੇ ਚਕ ਨੰ: ੭੫ ਨੂੰ ਘਲ ਦਿਤਾ ਕਿ ਜਿਨ੍ਹਾਂ ਸਿੰਘਾਂ ਨੇ ਸ਼ਹੀਦੀ ਜਥੇ ਲਈ ਨਾਮ ਲਿਖਾਏ ਸਨ, ਉਨ੍ਹਾਂ ਨੂੰ ਸ੍ਰੀ ਨਨਕਾਣੇ ਸਾਹਿਬ ਵਲ ਤੋਰੀ ਚਲੋ।

ਭਾਈ ਮੂਲ ਸਿੰਘ ਜੀ ਬੋਲੇ ਨੂੰ,ਡੱਲਾ ਨੰਗਲ, ਡਲਾ ਜਰਮੀ, ਵਨੋਟਿਆਂ ਵਾਲੀ, ਕੋਟਲਾ ਕਾਲਵਾਂ ਆਦਿ ਵਲ ਚਿੱਠੀਆਂ ਦੇਕੇ ਘੋੜੀ ਤੇ ਤੋਰ ਦਿਤਾ। ਮਰੜੀ ਤੇ ਕੋਟਲਾ ਸੰਤਾ ਸਿੰਘ ਵਲ ਭਾਈ ਚਰਨ ਸਿੰਘ ਜੀ ਨੂੰ ਸਾਈਕਲ ਤੇ ਭਜਾ ਦਿਤਾ। ਭਾਈ ਮੰਗਲ ਸਿੰਘ ਜੀ ਕ੍ਰਿਪਾਨ ਬਹਾਦਰ ਨੂੰ ਚਕ ਨੰਬਰ ੪੧, ੪੨ ਤੇ ੪੫ ਵਲ ਭੇਜ ਦਿਤਾ। ਭਾਈ ਹਰਬੰਸ ਸਿੰਘ ਜੀ ਨੂੰ ਨਜ਼ਾਮਪੁਰੀਆਂ ਵਲ ਘਲ਼ਕੇ ਸੁਨੇਹਾ ਦਿਤਾ ਕਿ ਉਹ ਖ਼ੁਦ ਅਗੇ ਬੰਦੇ ਘਲ ਕੇ ਆਪਣੇ ਲਾਗੇ ਬੰਨੇ ਦੇ ਸਿੰਘਾਂ ਨੂੰ ਇਕੱਤ੍ਰ ਕਰ ਲੈਣ, ਅਸੀ ਅਠ ਵਜੇ ਰਾਤ ਨੂੰ ਇਥੋਂ ਤੁਰਕੇ ਨਜ਼ਾਮਪੁਰ ਦੇਵਾ ਸਿੰਘ ਵਾਲੇ ਪੁਜ ਜਾਵਾਂਗੇ ਤੇ ਉਹ ਅਗੋਂ ਲੰਗਰ ਆਦਿ ਦੀ ਪੂਰੀ ਤਿਆਰੀ ਰਖਣ। ਰਾਤ ਦੇ ਅੱਠ ਵਜੇ ਦੇ ਕਰੀਬ ਭਾਈ ਈਸ਼ਰ ਸਿੰਘ ਦੇ ਸੁਨੇਹੇ ਅਨੁਸਾਰ ਤਿੰਨ ਸਿੰਘ ਬੁਰਜ ਚਕ ਨੰ: ੫੫, ਪੰਜ ਸਿੰਘ ਬੰਡਾਲਾ ਚਕ ਨੰ: ੬੪ ਅਤੇ ਚਾਰ ਸਿੰਘ ਬੰਡਾਲਾ ਚਕ ਨੰ: ੭੧ ਦੇ ਧਾਰੋਵਾਲੀ ਪੁਜ ਗਏ।

ਭਾਈ ਲਛਮਨ ਸਿੰਘ ਜੀ ਹੋਰਾਂ ਦੇ ਚੁਬਾਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਦਾ ਪ੍ਰਕਾਸ਼ ਸੀ। ਆਪ ਨੇ ਅਰਦਾਸਾ ਸੋਧ ਕੇ ਤੁਰਨ ਸਮੇਂ ਵਾਕ ਲਿਆ ਤਾਂ ਇਹ ਪਵਿੱਤ੍ਰ ਸ਼ਬਦ ਆਇਆ :—

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰ ੨

ੴ ਸਤਿਗੁਰ ਪ੍ਰਸਾਦਿ ॥ ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥ ਦਰਸਨੁ ਹਰਿ ਦੇਖਣ ਕੈ ਤਾਈ ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥ ੧ ॥ ਰਹਾਉ ॥
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ ੨ ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥ ੩ ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ ੪ ॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ ੫ ॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥ ੬ ॥......

ਇਸਦੇ ਉਪਰੰਤ ਅਰਦਾਸਾ ਸੋਧਿਆ ਤੇ ਰਾਤ ਦੇ ਸਾਢੇ ਅੱਠ ਵਜੇ ਜਥੇ ਨੇ ਜੈਕਾਰਾ ਛਡ ਕੇ ਕੂਚ ਕਰ ਦਿਤਾ। ਆਪ ਦੇ ਨਗਰੋਂ ਸੱਤ ਸਿੰਘ ਤੇ ਤਿੰਨ ਬੀਬੀਆਂ, ਬਾਰਾਂ ਸਿੰਘ ਬਾਹਰ ਦੇ ਨਗਰਾਂ ਤੋਂ ਆਏ ਹੋਏ, ਇਕ ਭਾਈ ਚਰਨ ਸਿੰਘ ਜੀ ਕੋਟਲਾ ਸੰਤਾ ਸਿੰਘ ਜੋ ਆਪਦੇ ਪ੍ਰਾਈਵੇਟ ਸਕੱਤ੍ਰ ਸਨ, ਕੁਲ ਤੇਈਆਂ ਸਿੰਘਾਂ ਦਾ ਜਥਾ ਨਜ਼ਾਮ ਪੁਰ ਦੇਵਾ ਸਿੰਘ ਵਾਲੇ ਨੂੰ ਸ਼ਬਦ ਪੜ੍ਹਦਾ ਤੁਰ ਪਿਆ। ਪਿੰਡ ਦੇ ਬਹੁਤ ਸਾਰੇ ਲੋਕੀ ਉਤਸ਼ਾਹ ਨਾਲ ਨਗਰ ਵਿਚੋਂ ਬਾਹਰ ਤਕ ਇਸ ਸ਼ਹੀਦੀ ਜਥੇ ਨੂੰ ਤੋਰਨ ਗਏ।

ਜਥਾ ਅਗੇ ਤੁਰ ਗਿਆ, ਪਰ ਭਾਈ ਲਛਮਣ ਸਿੰਘ ਜੀ ਚੀਤਾ ਭਜਾਉਣ ਬੈਠ ਗਏ। ਪਿਛੇ ਵਲ ਭੌਂ ਕੇ ਵੇਖਿਆ ਤਾਂ ਭਾਈ ਈਸ਼ਰ ਸਿੰਘ ਜੀ ਸ਼ਹੀਦ ਦਾ ਕਾਕਾ ਰੋਂਦਾ ਰੋਂਦਾ ਭੱਜਾ ਆਵੇ ਕਿ ਮੈਂ ਭੀ ਜਥੇ ਦੇ ਨਾਲ ਹੀ ਜਾਣਾ ਹੈ। ਤਦ ਆਪਨੇ ਇਸ ਕਾਕੇ ਨੂੰ ਪਰਚਾਉਣ ਲਈ ਆਪਣੇ ਬੋਝੇ ਵਿਚੋਂ ਤਿੰਨਾਂ ਆਨਿਆਂ ਦੇ ਪੈਸੇ ਕਢ ਕੇ ਦਿਤੇ ਤੇ ਨਗਰ ਵਲ ਪਿਛਾਂਹ ਮੂੰਹ ਭਵਾ ਕੇ ਵੇਖਿਆ ਤੇ ਆਖਿਆ ਕਿ ਅਛਾ ਨਗਰਾ ਸੁਖੀ ਵਸ ! ਤੇ ਨਾਲ ਹੀ ਧੌਣ ਦੇ ਗਾਟੇ ਤੇ ਹੱਥ ਫੇਰਦਿਆਂ ਹੋਇਆਂ ਕਿਹਾ ਕਿ ਹੇ ਮਨਾ ! ਜੇ ਤੇਰਾ ਸਿਰ ਗੁਰੂ ਕੇ ਚਰਨਾਂ ਤੇ ਲਗ ਜਾਵੇ ਤਾਂ ਫੇਰ ਹੋਰ ਕੀ ਚਾਹੀਦਾ ਹੈ ? ਆਪ ਏਨੀ ਗਲ ਕਰਕੇ ਪਿਛੋਂ ਭਜ ਕੇ ਜਥੇ ਨੂੰ ਜਾ ਮਿਲੇ।

ਸਾਰਾ ਜਥਾ ਰਾਤ ਦੇ ਨੌਂ ਵਜੇ ਸ਼ਬਦ ਪੜ੍ਹਦਾ ਨਜ਼ਾਮ ਪੁਰ ਦੇਵਾ ਸਿੰਘ ਵਾਲੇ ਗੁਰਦੁਆਰੇ ਵਿਚ ਪੁਜ ਗਿਆ। ਇਨ੍ਹਾਂ ਦੇ ਪੁਜਣ ਤੋਂ ਪਹਿਲਾਂ ਹੀ ਭਾਈ ਟਹਿਲ ਸਿੰਘ ਜੀ ਹੁਰਾਂ ਨੇ ਆਪਣੇ ਇਰਦ ਗਿਰਦ ਦੇ ਸਿੰਘ ਜਮਾਂ ਕੀਤੇ ਹੋਏ ਸਨ ਤੇ ਗੁਰਦੁਆਰੇ ਵਿਚ ਖੁਲ੍ਹਾ ਲੰਗਰ ਵਰਤ ਰਿਹਾ ਸੀ। ਉਸ ਵੇਲੇ ਦਾ ਇਹ ਉਤਸ਼ਾਹ-ਜਨਕ ਨਜ਼ਾਰਾ ਵੇਖਣ ਵਾਲਾ ਸੀ। ਸਿੰਘਾਂ ਦੇ ਚਿਹਰਿਆਂ ਤੇ ਧਰਮ ਅਤੇ ਕੁਰਬਾਨੀ ਦੇ ਜੋਸ਼ ਨਾਲ ਲਾਲੀਆਂ ਭਖ ਰਹੀਆਂ ਸਨ। ਭਾਈ ਲਛਮਣ ਸਿੰਘ ਜੀ ਹੁਰਾਂ ਦਾ ਸਾਰਾ ਬਾਣਾ ਹੀ ਸੁਰਮਈ ਸੀ, ਜੋ ਵੇਖਣ ਵਾਲਿਆਂ ਦੇ ਦਿਲਾਂ ਨੂੰ ਬੜੀ ਖਿਚ ਪਾ ਰਿਹਾ ਸੀ।

ਇਥੋਂ ਤੁਰਨ ਸਮੇਂ ਭੀ ਭਾਈ ਈਸ਼ਰ ਸਿੰਘ ਜੀ ਬਹੋੜੂ ਵਾਲਿਆਂ ਨੇ ਮਹਾਰਾਜ ਦਾ ਪਵਿਤ੍ਰ ਵਾਕ ਲਿਆ ਤਾਂ ਉਹੋ ਸ਼ਬਦ ਨਿਕਲਿਆ ਜੋ ਧਾਰੋਵਾਲੀ ਨਿਕਲਿਆ ਸੀ। ਇਸ ਦੇ ਪਿਛੋਂ ਭਾਈ ਲਛਮਣ ਸਿੰਘ ਜੀ ਨੇ ਬੜੇ ਪੁਰ-ਅਸਰ ਢੰਗ ਨਾਲ ਅਰਦਾਸਾ ਸੋਧਿਆ ਅਤੇ ਰਾਤ ਦੇ ਦਸ ਵਜੇ ਦੇ ਕਰੀਬ ਜਥੇ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਘਨਘੋਰ ਵਿਚ ਸ਼ਬਦ ਪੜ੍ਹਦਿਆਂ ਹੋਇਆਂ ਚਾਲੇ ਪਾ ਦਿਤੇ, ਪਿੰਡ ਦੇ ਲੋਕੀ ਨਗਰ ਦੀ ਹਦ ਤਕ ਤੋਰਨ ਗਏ।

ਰਾਹ ਦਾ ਹਾਲ

ਨਜ਼ਾਮ ਪੁਰ ਦੇਵਾ ਸਿੰਘ ਵਾਲੇ ਤੋਂ ਤੁਰ ਕੇ ਜਥਾ ਸਿਧਾ ਖਾਲੇ ਖਾਲ ਹੋ ਕੇ ਨਹਿਰ ਟਪ ਪਹੇ ਜਾ ਪਿਆ ਤੇ ਸਿਧਾ ਜਰਮੀ ਡਲੇ ਚਕ ਨੰ: ੮੩ ਪੁਜ ਗਿਆ। ਪਿੰਡ ਵਿਚ ਵੜਦਿਆਂ ਜਥੇ ਨੇ ਗੂੰਜਵਾਂ ਜੈਕਾਰਾ ਛਡਿਆ। ਇਥੇ ਭਾਈ ਮੂਲ ਸਿੰਘ ਜੀ ਬੋਲਾ, ਭਾਈ ਕੇਸਰ ਸਿੰਘ ਜੀ, ਭਾਈ ਵਰਿਆਮ ਸਿੰਘ ਜੀ ਤੇ ਭਾਈ ਲਛਮਣ ਸਿੰਘ ਜੀ ਗੁੰਥੀ ਨੂੰ ਨਾਲ ਲੈ ਕੇ ਕੋਟਲੇ ਕਾਲਵਾਂ ਦੇ ਜਾ ਪੁਜੇ। ਇਥੇ ਸਤ ਸਿੰਘ ਸ਼ਾਹ ਕੋਟ ਦੇ, ਚਾਰ ਸਿੰਘ ਵਨੋਟਿਆਂ ਵਾਲੀ ਦੇ ਅਤੇ ਚਾਰ ਸਿੰਘ ਡਲਾ ਚੰਦਾ ਸਿੰਘ ਦੇ ਆਏ ਹੋਏ ਸਨ। ਇਨ੍ਹਾਂ ਦੇ ਨਾਲ ਹੀ ਛੇ ਸਿੰਘ ਪਿੰਡ ਦੇ ਸ਼ਾਮਲ ਹੋਏ।


ਕੋਟਲੇ ਕਾਲਵਾਂ ਦੇ ਪੁਜਕੇ ਭਾਈ ਲਛਮਣ ਸਿੰਘ ਜੀ ਨੇ ਘਰੋਂ ਨਾਲ ਆਂਦੀ ਘੋੜੀ ਮਰੇੜੀ ਹੋਣ ਕਰਕੇ ਇਥੇ ਹੀ ਛਡ ਦਿਤੀ ਤੇ ਹੋਰ ਇਕ ਤਕੜੀ ਘੋੜੀ ਪਿੰਡ ਵਿਚੋਂ ਮੰਗ ਲਈ ਤੇ ਇਸ ਦੇ ਨਾਲ ਹੀ ਇਕ ਸੌ ਰੁਪਏ ਦਾ ਨੋਟ ਆਪਣੀ

ਗੁਰਦੁਆਰਾ ਜਨਮ ਅਸਥਾਨ ਦੀ ਦਰਸ਼ਨੀ ਡਿਉੜੀ

ਜਿਥੈ ਜਾਇ ਭਗਤੁ ਸੁ ਥਾਨੁ ਸੁਹਾਵਣਾ ।




ਦਰਸ਼ਨੀ ਡਿਉੜੀ ਦਾ ਦਰਵਾਜ਼ਾ ਬਾਹਰਲੇ ਬੰਨਿਉਂ



ਸਾਕੇ ਤੋਂ ਪਹਿਲਾਂ ਇਸ ਦਰਵਾਜ਼ੇ ਤੇ ਲੋਹੇ ਦੀਆਂ ਚਾਦਰਾਂ ਚਾੜ੍ਹ ਕੇ ਗੋਲੀਆਂ ਚਲਾਉਣ ਲਈ ਮੋਰਚੇ ਰਖੇ ਗਏ ਸਨ। ਵੇਖੋ ਨੰਬਰ ੧ ਤੇ ੨।

ਦਰਸ਼ਨੀ ਡਿਉੜੀ ਦਾ ਦਰਵਾਜ਼ਾ ਅੰਦਰਲੇ ਬੰਨਿਉਂ



ਵੇਖੋ ਨੰਬਰ ੧ ਤੇ ੨ ਚਿਟਕਣੀਆਂ ਜੋ ਹੇਠਾਂ ਕਰ ਦੇਣ ਨਾਲ ਇਹ ਗੋਲੀਆਂ ਚਲਾਉਣ ਵਾਲੇ ਮੋਰਚੇਬੰਦ ਹੋ ਜਾਂਦੇ ਹਨ ਅਤੇ ਉਤਾਂਹ ਚੁਕਣ

ਅਸਾਮੀ ਅਲਫ਼ੇ ਪਾਸੋਂ ਲੈ ਲਿਆ ਕਿ ਲੋੜ ਪੈਣ ਤੇ ਕਿਤੇ ਕੰਮ ਆਵੇਗਾ।

ਇਸ ਪਿੰਡ ਵਿਚ ਇਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਹੋ ਰਿਹਾ ਸੀ। ਸੰਤ ਪਾਲ ਸਿੰਘ ਜੀ ਨਿਰਮਲੇ ਜੋ ੭ ਫਗਣ ਨੂੰ ਪਿੰਡ ਦੇਵਾ ਸਿੰਘ ਵਾਲਿਓਂ ਕਮੇਟੀ ਦੇ ਪਾਸ ਕਰਨ ਤੇ ਮਹੰਤ ਨਰੈਣ ਦਾਸ ਦੇ ਪ੍ਰਬੰਧ ਦਾ ਨਨਕਾਣੇ ਸਾਹਿਬ ਤੋਂ ਪਤਾ ਲੈਣ ਲਈ ਗਏ ਹੋਏ ਸਨ, ਉਹ ਦੇਵਾ ਸਿੰਘ ਵਾਲੇ ਨੂੰ ਵਾਪਸ ਆਉਂਦੇ ਹੋਏ ਜਦ ਕੋਟਲੇ ਪੁਜੇ ਤਾਂ ਉਨ੍ਹਾਂ ਨੂੰ ਸ਼ਾਹ ਕੋਟ ਦੇ ਸਿੰਘਾਂ ਪਾਸੋਂ ਪਤਾ ਲਗ ਗਿਆ ਕਿ ਸ਼ਹੀਦੀ ਜਥਾ ਇਥੋਂ ਦੀ ਹੀ ਲੰਘੇਗਾ, ਇਸ ਵੇਲੇ ਜੇਹੜੇ ਸਿੰਘ ਇਥੇ ਬਾਹਰੋਂ ਆਏ ਹੋਏ ਹਨ, ਉਹ ਸਭ ਇਸੇ ਜਥੇ ਦੀ ਉਡੀਕ ਕਰ ਰਹੇ ਹਨ। ਤਦ ਭਾਈ ਪਾਲ ਸਿੰਘ ਜੀ ਭੀ ਅਗੇ ਪੈਂਡਾ ਮਾਰਨ ਦੀ ਬਜਾਏ ਜਥੇ ਨੂੰ ਸਾਰਾ ਹਾਲ ਦਸਣ ਲਈ ਇਥੇ ਹੀ ਰੁਕ ਗਏ।

ਜਦ ਭਾਈ ਲਛਮਣ ਸਿੰਘ ਜੀ ਇਥੇ ਪੁਜੇ ਤਾਂ ਆਪ ਨੇ ਮਹੰਤ ਦੀਆਂ ਸਭ ਖ਼ਤਰਨਾਕ ਤਿਆਰੀਆਂ ਦਾ ਹਾਲ ਬੜੇ ਵਿਸਥਾਰ ਨਾਲ ਦਸਿਆ ਕਿ ਗੁਰਦੁਆਰੇ ਦੇ ਆਪਣੇ ਸਾਰਿਆਂ ਪਿੰਡਾਂ ਦੇ ਮੁਜ਼ਾਰੇ ਤੇ ਇਲਾਕੇ ਦੇ ਚੋਣਵੇਂ ਦੂਰ ਨੇੜਿਓਂ ਬਹੁਤ ਸਾਰੇ ਘਾਣੂ ਬਦਮਾਸ਼ ਇਕੱਠੇ ਕੀਤੇ ਹੋਏ ਹਨ। ਪੰਝੀ ਤੀਹ ਪਠਾਣ ਤਲਬ ਤੇ ਰਖੇ ਹੋਏ ਹਨ। ਦਿਨੇ ਰਾਤ ਦਰਬਾਰ ਸਾਹਿਬ ਦੇ ਦੁਆਲੇ ਪੁਦਾਲੇ ਸਖ਼ਤ ਪਹਿਰਾ ਲਗਾ ਰਹਿੰਦਾ ਹੈ। ਦਿਨ ਪਰ ਰਾਤ ਕਬਾਬ ਭੁਜਦੇ ਤੇ ਸ਼ਰਾਬਾਂ ਦੇ ਦੌਰ ਚਲਦੇ ਰਹਿੰਦੇ ਹਨ। ਦਰਸ਼ਨੀ ਡਿਉੜੀ ਦੇ ਬੂਹਿਆਂ ਤੇ ਮੋਟੇ ਲੋਹੇ ਦੀ ਚਾਦਰ ਦੇ ਪਤ੍ਰੇ ਚਾੜ੍ਹੇ ਗਏ ਹਨ। ਇਨ੍ਹਾਂ ਦੋਹਾਂ ਬੂਹਿਆਂ ਦੇ ਵਿਚ ਦੀ ਵਖ ਵਖ ਗੋਲੀਆਂ ਚਲਾਉਣ ਲਈ ਮੋਰੀਆਂ ਰਖਕੇ ਮੋਰਚੇਬੰਦੀ ਕਾਇਮ ਕੀਤੀ ਗਈ ਹੈ। ਇਨ੍ਹਾਂ ਮੋਰੀਆਂ ਦੇ ਪਿਛਲੇ ਬੰਨੇ ਲੋਹੇ ਦੀਆਂ ਚਿਟਕਣੀਆਂ ਜਹੀਆਂ ਲਗੀਆਂ ਹੋਈਆਂ ਹਨ ਜੋ ਭੰਬੀਰੀ ਵਾਂਗ ਚਵ੍ਹੀਂ ਪਾਸੀਂ ਭੌਂ ਜਾਂਦੀਆਂ ਤੇ ਮੋਰੀਆਂ ਨੰਗੀਆਂ ਹੋ ਜਾਂਦੀਆਂ ਹਨ ਤੇ ਅਗੋਂ ਪਿਛੋਂ ਇਨ੍ਹਾਂ ਨੂੰ ਭੁਆਕੇ ਮੋਰੀਆਂ ਬੰਦ ਰਖੀਦੀਆਂ ਹਨ। ਗੁਰਦੁਆਰਾ ਜਨਮ ਅਸਥਾਨ ਦੀਆਂ ਕੰਧਾਂ ਉੱਚੀਆਂ ਕਰਕੇ ਉਪਰ ਸ਼ੀਸ਼ੀਆਂ ਲਾਈਆਂ ਗਈਆਂ ਹਨ। ਮੈਂ ਸ: ਉਤਮ ਸਿੰਘ ਜੀ ਹੋਰਾਂ ਨੂੰ ਭੀ ਕਾਰਖ਼ਾਨੇ ਜਾਕੇ ਮਿਲਿਆ ਸੀ, ਉਨ੍ਹਾਂ ਨੇ ਸੁਨੇਹਾ ਦਿਤਾ ਹੈ ਕਿ ਜੇ ਦੋ ਢਾਈ ਹਜ਼ਾਰ ਤੋਂ ਸਿੰਘ ਘਟ ਹੋਣ ਤਾਂ ਉੱਕਾ ਹੀ ਨ ਆਉਣ, ਮਤਾਂ ਪੰਥ ਦਾ

ਨੁਕਸਾਨ ਹੋ ਜਾਵੇ। ਮਹੰਤ ਦੇ ਸ਼ੈਤਾਨੀ ਲਸ਼ਕਰ ਦੀ ਕੋਈ ਧੁਰ-ਧਜ ਨਹੀਂ ਹੈ। ਸਗੋਂ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਜ਼ਿਮੇਂਵਾਰ ਵਡੇ ਅਫ਼ਸਰਾਂ ਨੂੰ ਤਾਰਾਂ ਦੇਕੇ ਲੜਾਈ ਦਾ ਸਭ ਸਾਮਾਨ ਫੜਾ ਦੇਣ, ਤਦ ਹੀ ਪੰਥ ਦਾ ਭਲਾ ਹੋ ਸਕਦਾ ਹੈ, ਨਹੀਂ ਤਾਂ ਐਵੇਂ ਬਚੱਾ ਹੋਣਾ ਮੁਸ਼ਕਲ ਹੈ।

ਇਹ ਸਭ ਗਲਾਂ ਬਾਤਾਂ ਸੁਣਦਾ ਜਥਾ ਆਪਣੀ ਲਗਨ ਤੇ ਧੁਨ ਵਿਚ ਮਸਤ ਹੋਇਆ ਮਾਰਚ ਕਰਦਾ ਜਾਂਦਾ ਸੀ। ਭਾਈ ਲਛਮਣ ਸਿੰਘ ਜੀ ਨੇ ਮੋੜਵਾਂ ਉਤਰ ਦਿਤਾ ਕਿ ਸੰਤ ਜੀ, ਕੋਈ ਤੌਖਲੇ ਵਾਲੀ ਗਲ ਨਹੀਂ ਹੈ, ਜੋ ਹੋਵੇਗਾ ਸਭ ਭਾਣੇ ਤੇ ਹੁਕਮ ਅੰਦਰ ਹੀ ਹੋਵੇਗਾ। ਅਗੋਂ ਸੰਤ ਪਾਲ ਸਿੰਘ ਜੀ ਨੇ ਕਿਹਾ ਕਿ ਇਹ ਗਲ ਠੀਕ ਹੈ, ਪਰ ਜੇ ਸ਼ੇਰ ਦੇ ਮੂੰਹ ਵਿਚ ਬਾਂਹ ਦੇਈਏ ਤਾਂ ਕੀ ਨਤੀਜਾ ਨਿਕਲਦਾ ਹੈ ? ਬਲਦੀ ਅੱਗ ਵਿਚ ਛਾਲ ਮਾਰਨ ਵਾਲੇ ਨਾਲ ਕੀ ਬੀਤਦੀ ਹੈ? ਇਹ ਸਾਫ਼ ਤੇ ਸਿਧੀ ਪਧਰੀ ਗਲ ਹੈ ਕਿ ਉਥੇ ਜੇਹੜਾ ਭੀ ਜਾਵੇਗਾ, ਸਭ ਮਾਰਿਆ ਜਾਵੇਗਾ। ਨਾਲੇ ਭਾਈ ਉੱਤਮ ਸਿੰਘ ਹੋਰਾਂ ਭੀ ਬੜੀ ਪੱਕੀ ਥਿਤੀ ਕੀਤੀ ਹੈ ਕਿ ਜੇ ਥੋੜੇ ਸਿੰਘ ਹੋਣ ਤਾਂ ਨ ਆਉਣ। ਭਾਈ ਲਛਮਣ ਸਿੰਘ ਜੀ ਨੇ ਕਿਹਾ ਕਿ ਇਹ ਗੱਲਾਂ ਠੀਕ ਹਨ, ਪਰ ਅਸੀਂ ਭਾਈ ਕਰਤਾਰ ਸਿੰਘ ਜੀ ਝੱਬਰ ਨਾਲ ਇਕਰਾਰ ਕਰ ਚੁਕੇ ਹਾਂ ਤੇ ਕੀਤੇ ਬਚਨਾਂ ਤੋਂ ਫਿਰਨਾ ਸਿੱਖ ਦਾ ਧਰਮ ਨਹੀਂ ਹੈ, ਸਤਿਗੁਰਾਂ ਦਾ ਹੁਕਮ ਹੈ—"ਬਚਨ ਕਰੇ ਤੈ ਖਿਸਕ ਜਾਇ ਬੋਲੇ ਨਰ ਕੱਚਾ" ਜੇ ਹੁਣ ਅਸੀਂ ਵਾਪਸ ਭੀ ਹੋਈਏ ਤਾਂ ਭਾਈ ਕਰਤਾਰ ਸਿੰਘ ਜੀ ਝੱਬਰ ਦੀ ਸਲਾਹ ਨਾਲ ਹੀ ਹੋ ਸਕਦੇ ਹਾਂ। ਤੁਸੀਂ ਸੰਤ ਜੀ ਹੁਣ ਜਾਓ, ਅਸਾਂ ਨਹੀਂ ਰੁਕਣਾ। ਪ੍ਰਵਾਨੇ ਕਦੇ ਨਾਲ ਦੇ ਸਾਥੀਆਂ ਨੂੰ ਨਹੀਂ ਲੈਣ ਜਾਇਆ ਕਰਦੇ, ਇਹ ਸਭ ਕਰਤਾਰ ਦੀਆਂ ਖੇਡਾਂ ਹਨ, ਬੰਦੇ ਦੇ ਵੱਸ ਦੀ ਕੋਈ ਗੱਲ ਨਹੀਂ ਹੈ। ਇਹ ਜੁਵਾਬ ਸੁਣਕੇ ਸੰਤ ਜੀ ਕੋਟਲੇ ਨੂੰ ਵਾਪਸ ਮੁੜ ਗਏ। ਇਥੋਂ ਜਥਾ ਕਾਂਵਾਂਵਾਲੀ ਤੇ ਭੋਲੇ ਚਕ ਨੂੰ ਹੋ ਤੁਰਿਆ। ਅਗੋਂ ਗੱਡਿਆਂ ਵਾਲੇ ਰਾਹੀ ਟੱਕਰੇ, ਤੇ ਆਖਣ ਲਗੇ ਕਿ ਸੰਗਤਾਂ ਗੁਰੂ ਕੀਆਂ ਤੁਰੀਆਂ ਜਾ ਰਹੀਆਂ ਹਨ, ਪਰ ਅਗੇ ਮਹੰਤ ਦੇ ਭੀ ਛੱਵੀਆਂ ਗੰਡਾਸੇ ਚਿਲਕਦੇ ਹਨ, ਉਥੇ ਕੋਈ ਵਿਰਲੇ ਮਾਈ ਕੇ ਲਾਲ ਹੀ ਨਿਤਰਣਗੇ। ਤਦ ਭਾਈ ਲਛਮਣ ਸਿੰਘ ਜੀ ਨੇ ਜਥੇ ਦੇ ਸਿੰਘਾਂ ਨੂੰ ਆਖਿਆ ਕਿ ਖ਼ਾਲਸਾ ਜੀ ਜਿੱਧਰ ਆਏ ਹੋ ਸਤਿਨਾਮ ਆਖਕੇ ਤੁਰੀ ਚਲੋ, ਸਾਨੂੰ ਲੋਕਾਂ ਦੀਆਂ

ਇਨ੍ਹਾਂ ਗੱਲਾਂ ਨਾਲ ਕੀ ਲਗੇ।

ਜਥਾ ਰਵਾਂ ਰਵੀਂ ਵੱਡੀ ਨਹਿਰ ਦੇ ਮੋਲਣ ਵਾਲੇ ਪੁਲ ਤੇ ਪੁਜ ਗਿਆ। ਇਥੇ ਪੰਦਰਾਂ ਸਿੰਘ ਧੰਨੂ ਆਣੇ ਦੇ ਮਿਲ ਪਏ। ਪੁਲ ਦੇ ਲਹਿੰਦੇ ਪਾਸੇ ਜਥੇ ਨੂੰ ਮੁਦਿਆਂ ਵਿੱਚ ਬਠਾਕੇ ਭਾ:ਲਛਮਣ ਸਿੰਘ ਜੀ ਨੇ ਆਖਿਆ ਕਿ ਲੌ ਸਿੰਘ ਸਾਹਿਬ ਜੀ ਇਥੇ ਚੁੱਪ ਚਾਪ ਬੈਠਕੇ ਸਭ ਅਗਲੇ ਪਿਛਲੇ ਸਾਥੀਆਂ ਨੂੰ ਮੇਲ ਲਓ। ਗੱਲਾਂ ਬਾਤਾਂ ਬੰਦ ਰਖੋ, ਤਾਂ ਜੋ ਕੋਈ ਮਹੰਤ ਦਾ ਸੂਹੀਆ ਸੁਣਕੇ ਪਤਾ ਨ ਕਰ ਲਵੇ, ਕਿਉਂਕਿ ਉਸਨੇ ਕਈ ਬੰਦੇ ਇਰਦ ਗਿਰਦ ਇਲਾਕੇ ਵਿਚ ਸੂਹਾਂ ਲੈਣ ਲਈ ਘਲੇ ਹੋਏ ਹਨ।

ਥੋੜੇ ਚਿਰ ਪਿਛੋਂ ਆਪ ਦੀ ਸੁਪਤਨੀ ਬੀਬੀ ਇੰਦਰ ਕੌਰ ਜੀ ਦੂਜੀਆਂ ਬੀਬੀਆਂ ਨਾਲ ਦੋਬੇਲੇ ਘੋੜੀ ਤੇ ਸੁਆਰ ਆ ਮਿਲੀ ਤਾਂ ਭਾਈ ਸੁੰਦਰ ਸਿੰਘ ਜੀ ਦੇਵਾ ਸਿੰਘ ਵਾਲੇ ਨੇ ਮਖ਼ੌਲ ਨਾਲ ਭਾਈ ਲਛਮਣ ਸਿੰਘ ਹੋਰਾਂ ਨੂੰ ਆਖਿਆ—ਜਥੇਦਾਰ ਜੀ ਸਾਡੀਆਂ ਸੰਗਤਾਂ ਤੇ ਬੜੀਆਂ ਤਕੜੀਆਂ ਨੇ ਜੋ ਘੋੜੀਆਂ ਤੇ ਸੁਆਰ ਹੋਕੇ ਭੀ ਪੈਦਲਾਂ ਤੋਂ ਪਿਛੇ ਰਹਿੰਦੀਆਂ ਹਨ। ਤਦ ਹਸ ਕੇ ਜਥੇਦਾਰ ਨੇ ਆਪਣੀ ਸੁਪਤਨੀ ਨੂੰ ਕਿਹਾ, ਕਿ ਲੌ ਆਹ ਡਾਂਗ ਫੜ ਲਓ, ਤੇ ਇਨ੍ਹਾਂ ਵੀਰਾਂ ਦੇ ਨਾਲ ਸਾਂਵਿਆਂ ਹੋਕੇ ਅਗੇ ਪੈਦਲ ਤੁਰੀ ਚਲੋ। ਇਥੇ ਕ਼ਰੀਬਨ ਘੰਟਾ ਕੁ ਜਥੇ ਨੇ ਆਰਾਮ ਕੀਤਾ। ਕਈਆਂ ਦੀਆਂ ਅੱਖਾਂ ਲਗ ਗਈਆਂ ਸਨ, ਤੇ ਕਈ ਉਂਞ ਹੀ ਹੁੰਗਲਾਉਂਦੇ ਸਨ। ਇਸ ਵੇਲੇ ਤਿੰਨ ਵਜੇ ਦਾ ਸਮਾ ਹੋਵੇਗਾ ਜੋ ਭਾਈ ਲਛਮਣ ਸਿੰਘ ਜੀ ਨੇ ਆਵਾਜ਼ ਮਾਰ ਕੇ ਭਾਈ ਦਿਆਲ ਸਿੰਘ ਜੀ ਅਤੇ ਭਾ: ਰੀਡਾ ਸਿੰਘ ਜੀ ਨਜ਼ਾਮਪੁਰੇ ਨੂੰ ਜਗਾਇਆ ਤੇ ਆਖਿਆ ਕਿ ਛੇਤੀ ਉਠੋ ਕੋਈ ਸਲਾਹ ਕਰਨੀ ਹੈ। ਇਹ ਦੋਵੇਂ ਸਜਨ ਸੋਮਨ ਹੋ ਕੇ ਉਠ ਬੈਠੇ ਤਾਂ ਇਨ੍ਹਾਂ ਨੂੰ ਚੰਦਰ ਕੋਟ ਦੀ ਝਾਲ ਵਲ ਝਬਰ ਜੀ ਦੇ ਜਥੇ ਦਾ ਪਤਾ ਕਰਨ ਲਈ ਘਲਿਆ ਗਿਆ। ਜਦ ਇਹ ਥੋੜੀ ਦੂਰ ਹੀ ਤੁਰ ਕੇ ਗਏ ਹੋਣਗੇ ਜੋ ਭਾਈ ਊਧਮ ਸਿੰਘ ਜੀ, ਜਗਤ ਸਿੰਘ ਜੀ, ਹਜ਼ਾਰਾ ਸਿੰਘ ਜੀ, ਚੂਹੜ ਸਿੰਘ ਜੀ ਕੋਟਲਾ ਕਾਲਵਾਂ, ਭਾਈ ਕੇਹਰ ਸਿੰਘ ਜੀ ਡਲਾ ਚੰਦਾ ਸਿੰਘ ਵਾਲਾ ਤੇ ਭਾਈ ਧੀਰ ਸਿੰਘ ਚਕ ੯੧ ਧੰਨੂੰ ਆਣਾ ਤੇ ਕੁਝ ਕੁ ਹੋਰ ਸਜਣ ਭੀ ਇਨ੍ਹਾਂ ਦੇ ਮਗਰੇ ਹੀ ਜਥੇ ਦਾ ਪਤਾ ਲੈਣ ਲਈ ਉਠ ਭਜੇ।

ਬਾਕੀ ਜਥਾ ਇਨ੍ਹਾਂ ਦੀ ਉਡੀਕ ਵਿਚ ਉਥੇ ਹੀ ਬੈਠਾ ਰਿਹਾ। ਥੋੜੇ ਚਿਰ ਪਿਛੋਂ ਭਾਈ ਟਹਿਲ ਸਿੰਘ ਜੀ ਨੇ ਇਹ ਗਲ ਆਖੀ ਕਿ ਭਾਈ ਜੀ ਜਦ ਅਸੀਂ ਘਰੋਂ ਸਿਰ ਦੇਣ ਲਈ ਅਰਦਾਸਾ ਸੋਧ ਕੇ ਤੁਰੇ ਹਾਂ ਤਦ ਫੇਰ ਕਿਸੇ ਦੀ ਕੀ ਓਟ ਰਖਣੀ ਹੈ ? ਚਲੋ ਚਲੀਏ ਕੁਵੇਲਾ ਹੁੰਦਾ ਜਾਂਦਾ ਹੈ, ਐਵੇਂ ਟਿੰਡਾਂ ਬੰਨ੍ਹ-ਦਿਆਂ ਵਾਰੀ ਨ ਲੰਘਾਓ।

ਕੁਝ ਸਿੰਘਾਂ ਨੇ ਕਿਹਾ ਕਿ ਚਲੋ ਫੇਰ ਭਾਈ ਜੀ ਸਾਰਾ ਜਥਾ ਹੀ ਚੰਦਰ ਕੋਟ ਦੀ ਝਾਲ ਥਾਣੀਂ ਹੋ ਕੇ ਚਲਦੇ ਹਾਂ। ਜਥਾ ਚੜ੍ਹਦੇ ਬੰਨੇ ਚੰਦਰ ਕੋਟ ਵਾਲੀ ਝਾਲ ਦੀ ਸੇਧ ਰਖ ਕੇ ਤੁਰ ਪਿਆ ਤੇ ਮਸਾਂ ਅੱਸੀ ਕੁ ਕਰਮ ਹੀ ਗਿਆ ਹੋਵੇਗਾ ਤਾਂ ਅਗੋਂ ਭਜ ਕੇ ਭਾਈ ਟਹਿਲ ਸਿੰਘ ਜੀ ਨੇ ਜਥੇ ਦੇ ਸਿੰਘਾਂ ਨੂੰ ਵਲ ਕੇ ਲਲਕਾਰਾ ਮਾਰ ਕੇ ਆਖਿਆ ਕਿ ਇਹ ਕਰਮ ਗੁਰਸਿੱਖਾਂ ਵਾਲਾ ਨਹੀਂ ਹੈ! ਜਦੋਂ ਅਸੀਂ ਘਰੋਂ ਫ਼ੈਸਲਾ ਕਰਕੇ ਤੁਰੇ ਹੀ ਸੀਸ ਦੇਣ ਲਈ ਹਾਂ ਤਦ ਹੁਣ ਹੋਰ ਆਸਰੇ ਭਾਲਣ ਦੀ ਕੀ ਲੋੜ ਹੈ। ਜਿਸ ਦੇ ਦਿਲ ਵਿਚ ਕੋਈ ਹੋਰ ਗਲ ਹੋਵੇ ਉਹ ਪਿਛਾਂਹ ਘਰ ਨੂੰ ਵਾਪਸ ਮੁੜ ਜਾਵੇ, ਇਥੇ ਕਿਸੇ ਦੀ ਬੰਦੋਗੀਰੀ ਨਹੀਂ ਹੈ। ਇਹ ਗਲ ਸੁਣ ਕੇ ਸਾਰੇ ਸਿੰਘ ਪਿਛਾਂਹ ਭੌਂ ਕੇ ਸਿਧੇ-ਤੀਰ ਨਨਕਾਣਾ ਸਾਹਿਬ ਦੀ ਸੇਧ ਵਿਚ ਤੁਰ ਪਏ।

ਇਸ ਸਮੇਂ ਚੰਦ ਛੁਪ ਚੁਕਾ ਸੀ ਤੇ ਬਹੁਤ ਹਨੇਰਾ ਹੋਣ ਕਰਕੇ ਤੁਰਨ ਸਮੇਂ ਬੜੀ ਤਕਲੀਫ਼ ਹੁੰਦੀ ਸੀ। ਔਝੜ ਰਾਹੇ ਪੈਣ ਦੇ ਕਾਰਨ ਬੜੇ ਠੇਡੇ ਲਗਦੇ ਸਨ। ਸਿੰਘ ਖਾਲੇ ਖਾਲ ਤੁਰ ਪਏ, ਥੋੜੀ ਦੂਰ ਜਾ ਕੇ ਅਗੇ ਮੈਦਾਨ ਆ ਗਿਆ, ਇਥੇ ਸਿੰਘਾਂ ਨੂੰ ਬਹਾ ਕੇ ਭਾਈ ਲਛਮਣ ਸਿੰਘ ਜੀ ਨੇ ਜਥੇ ਪਾਸੋਂ ਸ਼ਾਂਤਮਈ ਰਹਿਣ ਦਾ ਪ੍ਰਣ ਲਿਆ, ਵਿਚੋਂ ਕੁਝ ਸਿੰਘਾਂ ਨੇ ਇਸ ਗਲ ਦੀ ਮੁਖ਼ਾਲਫ਼ਤ ਕੀਤੀ ਕਿ ਸਾਡੀ ਸ਼ਾਂਤਮਈ ਸ੍ਰਕਾਰ ਨਾਲ ਹੈ, ਸਾਧਾਂ ਨਾਲ ਨਹੀਂ। ਭਾਈ ਲਛਮਣ ਸਿੰਘ ਜੀ ਨੇ ਉਤ੍ਰ ਦਿਤਾ ਕਿ ਭਰਾਓ ਜੇ ਇਹ ਗਲ ਹੈ ਤਾਂ ਤੁਸੀਂ ਕੋਈ ਆਪਣਾ ਹੋਰ ਜਥੇਦਾਰ ਚੁਣ ਲਓ, ਯਾ ਘਰਾਂ ਨੂੰ ਵਾਪਸ ਮੁੜ ਚਲੋ, ਇਸ ਸਮੇਂ ਬਾਲਕ ਸ਼ਹੀਦ ਭਾਈ ਦਰਬਾਰਾ ਸਿੰਘ ਜੀ ਆਖਣ ਲਗੇ ਕਿ "ਬਿਲਕੁਲ ਨਹੀਂ, ਅਸੀਂ ਘਰਾਂ ਨੂੰ ਵਾਪਸ ਜਾਣ ਲਈ ਨਹੀਂ ਆਏ ਹਾਂ, ਸਿਧੇ ਨਨਕਾਣਾ ਸਾਹਿਬ ਚਲਾਂਗੇ।"

ਇਥੇ ਹੀ ਭਾਈ ਲਛਮਣ ਸਿੰਘ ਜੀ ਨੇ ਖੂੰਡੇ ਨਾਲ ਸਿੱਧੀ ਲਕੀਰ ਖਿੱਚ ਦਿਤੀ ਤੇ ਆਖਿਆ ਕਿ "ਜਿਨ੍ਹਾਂ ਗੁਰੂ ਕੇ ਪਿਆਰਿਆਂ ਨੇ ਸ਼ਾਂਤਮਈ ਰਹਿ ਕੇ ਸ਼ਹੀਦੀਆਂ ਪਾਉਣੀਆਂ ਹਨ, ਹਥ ਨਹੀਂ ਚੁਕਣਾ, ਵਾਰ ਨਹੀਂ ਕਰਨਾ ਪਰ ਆਪ ਗੁਰੂ ਦੇ ਲੇਖੇ ਲਗ ਜਾਣਾ ਹੈ, ਉਹ ਲੀਕ ਟਪ ਚਲਣ, ਬਾਕੀ ਬੇਸ਼ਕ ਪਿਛਾਂਹ ਪਿੰਡਾਂ ਨੂੰ ਮੁੜ ਜਾਣ।" ਸਭ ਸਿੰਘ ਛਾਲਾਂ ਮਾਰ ਕੇ ਲੀਕ ਟਪ ਗਏ ਤੇ ਆਖਣ ਲਗੇ ਕਿ "ਇਥੋਂ ਹੁਣ ਲੀਕ ਲੁਆ ਕੇ ਘਰਾਂ ਨੂੰ ਵਾਪਸ ਮੁੜਨਾ ਸੂਰਮਿਆਂ ਤੇ ਮਰਦਾਂ ਦਾ ਕੰਮ ਨਹੀਂ ਹੈ।"

ਇਹ ਫ਼ੈਸਲਾ ਪੱਕਾ ਕਰਕੇ ਜਥਾ ਕੋਟ ਦਰਬਾਰ ਦੀ ਜੂਹ ਵਿੱਚ ਆ ਗਿਆ। ਇਥੋਂ ਹੀ ਸ੍ਰੀ ਨਨਕਾਣਾ ਸਾਹਿਬ ਦੀ ਹਦ ਸ਼ੁਰੂ ਹੋ ਜਾਂਦੀ ਸੀ। ਇਸ ਥਾਂ ਫੇਰ ਜਥੇ ਨੂੰ ਬਿਠਾ ਕੇ ਭਾਈ ਲਛਮਣ ਸਿੰਘ ਜੀ ਨੇ ਕਿਹਾ ਕਿ ਖ਼ਾਲਸਾ ਜੀ ਹੁਣ ਨਨਕਾਣਾ ਸਾਹਿਬ ਨੇੜੇ ਹੀ ਹੈ, ਤੁਸੀਂ ਸਰਬ ਸੰਮਤੀ ਨਾਲ ਆਪਣਾ ਕੋਈ ਜਥੇਦਾਰ ਚੁਣ ਲਓ। ਭਾਈ ਟਹਿਲ ਸਿੰਘ ਜੀ ਨੇ ਆਖਿਆ ਕਿ ਤੁਸੀਂ ਹੀ ਪਹਿਲਾਂ ਦੇ ਚੁਣੇ ਹੋਏ ਸਾਡੇ ਜਥੇਦਾਰ ਜੇ, ਅਸੀਂ ਅਜ ਕੋਈ ਹੋਰ ਨਵਾਂ ਜਥੇਦਾਰ ਚੁਣਨਾ ਹੈ ? ਤਦ ਸੰਮਤੀ ਲੈਣ ਲਈ ਬਾਹਵਾਂ ਖੜੀਆਂ ਕਰਵਾਈਆਂ ਗਈਆਂ ਤਾਂ ਸਭ ਨੇ ਪ੍ਰੋੜ੍ਹਤਾ ਕੀਤੀ ਤੇ ਸਰਬ ਸੰਮਤੀ ਨਾਲ ਆਪ ਜਥੇਦਾਰ ਪ੍ਰਵਾਨ ਕੀਤੇ ਗਏ। ਇਸ ਸਮੇਂ ਫੇਰ ਆਪ ਨੇ ਸ਼ਾਂਤਮਈ ਰਹਿਣ ਦਾ ਸਭ ਪਾਸੋਂ ਪ੍ਰਣ ਲੈ ਕੇ ਅਰਦਾਸਾ ਸੋਧਿਆ ਤੇ ਫ਼ਤਹ ਬੁਲਾਈ। ਇਥੋਂ ਚਲ ਕੇ ਜਥਾ ਤਹਿਸੀਲ ਨਨਕਾਣਾ ਸਾਹਿਬ ਵਾਲੇ ਭਠਿਆਂ ਤੇ ਪੁਜ ਗਿਆ। ਇਥੇ ਸਭ ਨੇ ਸਲਾਹ ਕਰਕੇ ਤਿੰਨਾਂ ਬੀਬੀਆਂ ਨੂੰ ਭਾਈ ਹਾਕਮ ਸਿੰਘ ਜੀ ਧਾਰੋਵਾਲੀ ਨਾਲ ਤੰਬੂ ਸਾਹਿਬ ਘਲਾ ਦਿਤਾ। ਇਸ ਸਮੇਂ ਭਾਈ ਟਹਿਲ ਸਿੰਘ ਜੀ ਨੇ ਆਪਣਾ ਕੰਬਲ ਲਾਹ ਕੇ ਬੀਬੀ ਇੰਦਰ ਕੌਰ ਦੀ ਘੋੜੀ ਉਤੇ ਪਾ ਦਿਤਾ, ਨੌਂ ਰੁਪਏ ਨਕਦ ਅਤੇ ਦਸ ਰੁਪੈ ਦਾ ਨੋਟ ਬੀਬੀ ਜੀ ਦੀ ਤਲੀ ਉਤੇ ਰਖ ਦਿਤਾ। ਬੀਬੀ ਜੀ ਨੇ ਕਿਹਾ ਕਿ ਵੀਰ ਜੀ ਤੁਸੀਂ ਆਪਣੇ ਪਾਸ ਹੀ ਰਖੋ, ਤਾਂ ਹੱਸਕੇ ਆਖਣ ਲਗੇ ਕਿ "ਕੋਈ ਗਲ ਨਹੀਂ ਸ਼ਹੀਦੀਆਂ ਪਿਛੋਂ ਤੁਹਾਡੇ ਵਰਗੀਆਂ ਭੈਣਾਂ ਇਸਦਾ ਅਖੰਡ ਪਾਠ ਰਖਵਾ ਦੇਣਗੀਆਂ। ਹੋਰ ਸਾਡਾ ਪਿਛੋਂ ਕਿਸ ਕਰਵਾਉਣਾ ਹੈ"। ਭਾਈ ਵਰਿਆਮ ਸਿੰਘ ਜੀ ਚੇਲੇ ਵਾਲੇ ਨੇ ਛੇ ਰੁਪੈ ਨਕਦ ਤੇ ਇਕ ਸੋਨੇ ਦੀ ਮੁੰਦਰੀ ਚੀਚੀ ਦੀ

ਲਾਹ ਕੇ ਦਿਤੀ,ਕਿ ਸਾਡੇ ਘਰ ਘਲਾ* ਦੇਣੀ। ਭਾਈ ਨਰੈਣ ਸਿੰਘ ਜੀ ਚਕ ਨੰ: ੫੫ ਬੁਰਜ ਨੇ ਲੋਹੇ ਦਾ ਗੜਵਾ ਦਿਤਾ ਕਿ "ਲਓ ਭੈਣ ਜੀ ਇਸ ਵਿਚ ਜਲ ਛੱਕ ਲਿਆ ਕਰਨਾ"। ਇਥੇ ਭਾਈ ਲਛਮਣ ਸਿੰਘ ਜੀ ਨੇ ਫੇਰ ਸ਼ਾਂਤਮਈ ਰਹਿਣ ਦੇ ਪ੍ਰਣ ਨੂੰ ਦੁਹਰਾਇਆ ਤੇ ਆਖਿਆ ਕਿ ਇਸ ਥਾਂ ਤੋਂ ਸਾਡੇ ਨਾਲ ਅਗੇ ਉਹ ਜਾਵੇ ਜਿਸ ਨੇ ਸ਼ਹੀਦ ਹੋਣਾ ਹੈ। ਜਿਸਨੇ ਪਿੱਠ ਵਖਾਕੇ ਉਥੋਂ ਭਜਣਾ ਹੈ ਉਹ ਹੁਣੇ ਹੀ ਲਾਂਭੇ ਹੋ ਜਾਵੇ। ਪਰ ਸਭ ਜਥੇ ਨੇ ਇਕ ਜ਼ਬਾਨ ਹੋਕੇ ਇਹ ਗਲ ਆਖੀ ਕਿ ਅਸੀਂ "ਸਿਧੇ ਹੋਕੇ ਸੀਸ ਦਿਆਂਗੇ।" ਇਸ ਵੇਲੇ ਕੋਈ ਪੌਣੇ ਛੇ ਵਜੇ ਦਾ ਸਮਾ ਹੋਵੇਗਾ, ਪ੍ਰੰਤੂ ਇਸ ਦਿਨ ਬਹੁਤ ਸਾਰੀ ਧੁੰਧ ਪੈਣ ਕਰਕੇ ਅਜੇ ਹਨੇਰਾ ਹੀ ਜਾਪਦਾ ਸੀ। ਇਹ ਗਲਾਂ ਮੁਕਾਕੇ ਬਾਵਾ ਸੁੰਦਰ ਦਾਸ ਨਜ਼ਾਮਪੁਰਾ, ਭਾਈ ਗੁਰਬਖ਼ਸ਼ ਸਿੰਘ ਜੀ ਸ਼ਾਹਕੋਟ ਤੇ ਭਾਈ ਇਛਰ ਸਿੰਘ ਜੀ ਨੂੰ ਅਗੇਤਰੇ ਜਾਕੇ ਗੁਰਦੁਆਰੇ ਦੇ ਦਰਵਾਜ਼ੇ ਖੁਲ੍ਹੇ ਹੋਣ ਦਾ ਪਤਾ ਲੈਣ ਲਈ ਘਲਿਆ ਤੇ ਇਹ ਸ਼ਬਦ ਬਣਾ ਦਿਤੇ ਕਿ ਜੇ ਬੂਹੇ ਖੁਲ੍ਹੇ ਹੋਣ ਤਾਂ ਦੂਰੋਂ ਹੀ ਆਵਾਜ਼ ਮਾਰਕੇ ਆਖ ਦੇਣਾ ਕਿ "ਟਿਕਟ ਖੁਲ੍ਹ ਗਈ ਹੈ, ਚਲੋ ਭਜਕੇ ਗੱਡੀ ਚੜ੍ਹੀਏ"। ਜਿਸ ਵੇਲੇ ਇਹ ਤਿੰਨੇ ਸਜਣ ਤੁਰਨ ਲਗੇ ਤਾਂ ਭਾਈ ਲਛਮਣ ਸਿੰਘ ਜੀ ਨੇ ਬਾਵਾ ਸੁੰਦਰ ਦਾਸ ਨੂੰ ਬਾਹੋਂ ਫੜਕੇ ਇਹ ਗਲ ਆਖੀ ਕਿ "ਮੈਨੂੰ ਨਹੀਂ ਸੀ ਪਤਾ ਕਿ ਆਪ ਐਸੇ ਗੁਰਮੁਖ ਪੁਰਸ਼ ਸਉ, ਜੋ ਸਾਡੇ ਨਾਲ ਸੀਸ ਦੇਣ ਤਕ ਆ ਗਏ ਹੋ, ਸੋ ਬਾਵਾ ਜੀ, ਮੈਨੂੰ ਪਿਛਲਿਆ ਬੋਲਿਆ ਚਾਲਿਆ ਮਾਫ਼ ਕਰਨਾ।"

ਬਾਵਾ ਸੁੰਦਰ ਦਾਸ ਤਾਂ ਮੱਥਾ ਟੇਕਕੇ ਜਨਮ ਅਸਥਾਨ ਦੇ ਅੰਦਰ ਹੀ ਬੈਠ ਗਏ, ਪ੍ਰੰਤੂ ਭਾਈ ਗੁਰਬਖ਼ਸ਼ ਸਿੰਘ ਜੀ ਤੇ ਭਾ: ਇਛਰ ਸਿੰਘ ਜੀ ਨੇ ਦੂਰੋਂ ਹੀ ਪਲੇ ਦਾ ਇਸ਼ਾਰਾ ਕਰਕੇ ਆਵਾਜ਼ ਦਿਤੀ ਕਿ "ਗੁਰਮੁਖੋ, ਟਿਕਟ ਖੁਲ੍ਹ ਗਈ ਹੈ, ਚਲੋ ਭਜਕੇ ਗੱਡੀ ਚੜ੍ਹੀਏ।" ਇਹ ਗਲ ਸੁਣਦਿਆਂ ਸਾਰ ਜਥੇ ਨੇ ਸਿਰਤੋੜ ਦੌੜ ਲਾ ਦਿਤੀ। ਚੌਧਰੀ ਪਾਲ ਸਿੰਘ ਜੀ ਤੇ ਭਾਈ ਵਰਿਆਮ ਸਿੰਘ ਜੀ ਜੋ ਬੁਚਿਆਣੇ ਵਲੋਂ ਭਾਈ ਦਲੀਪ ਸਿੰਘ ਜੀ ਹੋਰਾਂ ਦੇ ਮਗਰੇ ਮਗਰ ਆ ਰਹੇ ਸਨ ਰੇਲ ਦੀ ਲਾਈਨ ਤੇ ਖੜੋਤੇ ਸ੍ਰੀ ਜਨਮ ਅਸਥਾਨ ਨੂੰ ਮੱਥਾ ਟੇਕਣ ਜਾਣ ਲਈ ਸਲਾਹਾਂ ਕਰ ਰਹੇ ਸਨ। ਜਦ ਇਨ੍ਹਾਂ ਨੇ ਇਸ ਸ਼ਹੀਦੀ ਜਥੇ ਨੂੰ ਤਕਿਆ ਤਾਂ

*ਛੇ ਰੁਪੈ ਨਕਦ ਤੇ ਮੁੰਦਰੀ ਬੀਬੀ ਜੀ ਨੇ ਸ਼ਹੀਦੀ ਪਿਛੋਂ ਇਨ੍ਹਾਂ ਦੇ ਘਰ ਪਹੁੰਚਾ ਦਿਤੀ ਸੀ।

ਚੌਧਰੀ ਪਾਲ ਸਿੰਘ ਨੇ ਭਾਈ ਲਛਮਣ ਸਿੰਘ ਜੀ ਨੂੰ ਸਿਆਣ ਕੇ ਉਸਦੇ ਲੱਕ ਨੂੰ ਜੱਫਾ ਪਾ ਲਿਆ ਕਿ ਪੰਥ ਦਾ ਹੁਕਮ ਅੱਜ ਜਥੇ ਲੈ ਜਾਣ ਦਾ ਨਹੀਂ ਹੈ। ਪਰ ਜਥੇ ਵਿਚੋਂ ਇਕ ਸਿੰਘ ਨੇ ਝੰਜੋੜਕੇ ਚੌਧਰੀ ਜੀ ਨੂੰ ਲਾਂਭੇ ਕਰ ਲਿਆ ਤੇ ਆਖਣ ਲਗਾ ਕਿ ਜੇ ਨਾਲ ਨਹੀਂ ਜਾਣ ਹੁੰਦਾ ਤਾਂ ਪਰ੍ਹੇ ਹੋਕੇ ਮਰ, ਤੂੰ ਕੌਣ ਏਂ ਸਾਨੂੰ ਡਕਣ ਵਾਲਾ। ਨਾਲੇ ਸਿਖੀ ਸਪਿਰਟ ਜੋ ਇਨ੍ਹਾਂ ਸਚੇ ਸੂਰਮਿਆਂ ਨੂੰ ਇਤਨੇ ਚਾਰੇ ਕਰਕੇ ਲਿਆਈ ਸੀ, ਇਸ ਗਲ ਨੂੰ ਕਦੋਂ ਸਹਾਰ ਸਕਦੀ ਸੀ। ਪਵਿੱਤ੍ਰ ਗੁਰ ਅਸਥਾਨ ਵਿਚ ਹੋਏ ਅਤਿਆਚਾਰਾਂ ਦੀ ਯਾਦ ਨੇ ਸਭ ਦੇ ਦਿਲਾਂ ਨੂੰ ਝੂਣਿਆ ਤੇ ਇਨ੍ਹਾਂ ਬੀਰਾਂ ਦੇ ਸਰੀਰਾਂ ਵਿਚ ਕੁਰਬਾਨੀ ਲਈ ਝੁਣ-ਝੁਣੀਆਂ ਉਠਣ ਲਗ ਪਈਆਂ। ਅਕਾਲੀ ਜੋਧੇ ਬਾਬਾ ਫੂਲਾ ਸਿੰਘ ਜੀ ਦੇ ਅਰਦਾਸਾ ਸੋਧਕੇ ਦ੍ਰਿੜ੍ਹਤਾ ਤੇ ਗੁਰ-ਵਿਸ਼ਵਾਸ਼ ਉਤੋਂ ਜਿੰਦੜੀ ਕੁਰਬਾਨ ਕਰਨ ਦੀ ਮਿਸਾਲ ਸਾਮ੍ਹਣੇ ਆ ਗਈ। ਭਾ: ਟਹਿਲ ਸਿੰਘ ਜੀ ਨੇ ਕਿਹਾ ਕਿ ਖ਼ਾਲਸਾ ਹੁਣ ਸਤਿਗੁਰਾਂ ਦੀ ਹਜ਼ੂਰੀ ਵਿਚ ਘਰੋਂ ਸ਼ਹੀਦੀ ਲਈ ਅਰਦਾਸਾ ਕਰਕੇ ਤੁਰਿਆ ਹੈ, ਇਸ ਵੇਲੇ ਬੇਮੁਖ ਹੋਕੇ ਪਿਛੇ ਪ੍ਰਤਣਾ ਠੀਕ ਨਹੀਂ ਹੈ। ਬਸ ਫੇਰ ਕੀ ਸੀ, ਤਹਿਸੀਲ ਵਾਲੇ ਫਾਟਕ ਤੋਂ ਭੱਜਕੇ ਮੋਗਾ ਮੰਡੀ ਦੇ ਪਿਛੇ ਦੀ ਹੋਕੇ ਗੁਰੂ ਨਾਨਕ ਹਸਪਤਾਲ ਵਾਲੀ ਸਰਾਂ ਦੀ ਨੁਕਰੋਂ ਜਥਾ ਸਿਧਾ ਗੁਰਦੁਆਰੇ ਦੇ ਅੰਦਰ ਪੌਣੇ ਛੇ ਵਜੇ ਜਾ ਦਾਖ਼ਲ ਹੋਇਆ ਤੇ ਦਰਸ਼ਨੀ ਡਿਉੜੀ ਦਾ ਬੂਹਾ ਅੰਦਰ ਵੜਦਿਆਂ ਹੀ ਬੰਦ ਕਰ ਲਿਆ। ਭਾਈ ਕੇਸਰ ਸਿੰਘ ਜੀ, ਭਾਈ ਗੰਡਾ ਸਿੰਘ ਜੀ, ਭਾਈ ਜੇਠਾ ਸਿੰਘ ਜੀ, ਭਾਈ ਇਛਰ ਸਿੰਘ ਜੀ, ਭਾਈ ਕਰਤਾਰ ਸਿੰਘ ਜੀ, ਭਾਈ ਝੰਡਾ ਸਿੰਘ ਜੀ ਤੇ ਭਾਈ ਮੂਲਾ ਸਿੰਘ ਜੀ ਆਦਿ ਇਕ ਦੂਜੇ ਪਾਸੋਂ ਸੋਟੇ ਖੋਹਣ ਵਿਚ ਰੁਝੇ ਹੋਏ ਸਨ। ਥੋੜੇ ਚਿਰ ਪਿਛੋਂ ਭੱਜਕੇ ਇਹ ਭੀ ਅਗੇ ਆ ਗਏ ਅਤੇ ਦਰਸ਼ਨੀ ਡਿਉੜੀ ਦੇ ਬੂਹੇ ਦੀਆਂ ਝੀਤਾਂ ਥਾਣੀ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਕਿ ਜਥੇਦਾਰ ਜੀ ਬੂਹਾ ਖੁਲ੍ਹਾਓ ਅਸੀ ਬਾਹਰ ਰਹਿ ਗਏ ਹਾਂ, ਪਰ ਅੰਦਰੋਂ ਬੂਹਾ ਨ ਖੁਲ੍ਹਿਆ। ਸਰੋਵਰ ਕੰਢੇ ਬੈਠੇ ਨਾਂਗੇ ਸਾਧ ਆਪਣੇ ਧੂੰਇਆਂ ਵਿਚੋਂ ਚੋ ਕਢਕੇ ਇਨ੍ਹਾਂ ਨੂੰ ਮਾਰਨ ਲਈ ਭਜੇ ਆਏ। ਇਹ ਸਜਣ ਉਨ੍ਹਾਂ ਦੇ ਅਗੇ ਲਗਕੇ ਸਰਾਂ ਨੂੰ ਉਠ ਨੱਸੇ, ਅਗੋਂ ਸਰਾਂ ਦੀ ਡਿਉੜੀ ਤੋਂ ਇੱਟਾਂ ਵਜਣੀਆਂ ਸ਼ੁਰੂ ਹੋ ਗਈਆਂ ਤਾਂ ਇਨ੍ਹਾਂ ਇਥੋਂ ਭਜਕੇ ਨਨਕਾਣੇ ਸਾਹਿਬ ਦੀ ਜੂਹ ਲੰਘਕੇ ਹੀ

ਦਮ ਲਿਆ ਤੇ ਸੁਖੀ ਸਾਂਦੀ ਆਪੋ ਆਪਣੇ ਘਰੋ ਘਰੀਂ ਪੁਜ ਗਏ।

ਗੁਰਦੁਆਰੇ ਦੇ ਅੰਦਰ ਦਾ ਹਾਲ

ਪੌਣੇ ਛੇ ਵਜੇ ਜਥੇ ਦੇ ਅੰਦਰ ਵੜਦਿਆਂ ਹੀ ਭਾਈ ਲਛਮਣ ਸਿੰਘ ਅਤੇ ਭਾ: ਗੁਰਦਿਤ ਸਿੰਘ ਜੀ ਸ਼ਾਹ ਕੋਟ ਨੇ ਦਰਸ਼ਨੀ ਡਿਉੜੀ ਦਾ ਅੰਦਰੋਂ ਬੂਹਾ ਢੋ ਕੇ ਕੁੰਡਾ ਮਾਰ ਲਿਆ। ਜਥਾ ਸਿਧਾ ਇਕਦਮ ਜਨਮ ਅਸਥਾਨ ਦੀ ਬਾਰਾਂਦਰੀ ਨੂੰ ਚਲਾ ਗਿਆ, ਅਗੇ ਭਾਈ ਠਾਕਰ ਦਾਸ ਗ੍ਰੰਥੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਉਸ ਨੂੰ ਜਾਂਦਿਆਂ ਹੀ ਇਕ ਸਿੰਘ ਨੇ ਬਾਹੋਂ ਫੜ ਕੇ ਤਾਬਿਆ ਤੋਂ ਉਠਾ ਦਿਤਾ ਅਤੇ ਭਾਈ ਲਛਮਣ ਸਿੰਘ ਜੀ ਹੁਰਾਂ ਦੇ ਦਰਸ਼ਨੀ ਡਿਉੜੀ ਦਾ ਬੂਹਾ ਬੰਦ ਕਰਕੇ ਚੁਖੰਡੀ ਤਕ ਜਾਣ ਤੋਂ ਪਹਿਲਾਂ ਇਕ ਦੋ ਸਜਣਾਂ ਨੇ ਇਸਨੂੰ ਮਾਮੂਲੀ ਧੌਲ-ਧਪਾ ਭੀ ਕੀਤਾ ਪ੍ਰੰਤੂ ਜਥੇਦਾਰ ਨੇ ਜਾਂਦਿਆਂ ਹੀ ਇਸ ਨੂੰ ਛੁਡਾ ਦਿਤਾ ਤੇ ਆਖਿਆ—ਖ਼ਾਲਸ ਜੀ ਤੁਸੀਂ ਕੀ ਪ੍ਰਣ ਕਰਕੇ ਆਏ ਹੋ ? ਇਸ ਦੇ ਪਿਛੋਂ ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਸਿਬ ਜੀ ਦੀ ਤਾਬਿਆ ਬੈਠ ਗਏ। ਇਸ ਵੇਲੇ ਦੋ ਮਾਈਆਂ ਅਤੇ ਪੰਜ ਸਤ ਬੰਦੇ ਨਨਕਾਣਾ ਸਾਹਿਬ ਦੇ, ਬਾਰਾਂਦਰੀ ਵਿਚ ਬੈਠੇ ਸਨ, ਇਹ ਝਟ ਪਟ ਜਥੇ ਦੇ ਜਾਂਦਿਆਂ ਹੀ ਜ਼ੋਰਦਾਰ ਜੈਕਾਰਾ ਛਡਣ ਤੇ ਦਖਣੀ ਡਿਉੜੀ ਥਾਣੀਂ ਬਾਹਰ ਨਿਕਲ ਗਏ। ਭਾਈ ਲਛਮਣ ਸਿੰਘ ਜੀ ਵਾਕ ਲੈ ਕੇ ਬਾਹਰ ਨਿਕਲ ਆਏ ਅਤੇ ਦਖਣੀ ਡੀਉੜੀ ਦਾ ਬੂਹਾ ਅੰਦਰੋਂ ਬੰਦ ਕਰਵਾ ਕੇ ਪੰਜ ਪੰਜ ਸਤ ਸਤ ਸਿੰਘ ਬੂਹਿਆਂ ਅਗੇ ਪਹਿਰੇ ਤੇ ਪੱਕੇ ਕਰ ਦਿਤੇ। ਜਥੇ ਦੇ ਅੰਦਰ ਦਾਖ਼ਲ ਹੋਣ ਸਮੇਂ ਪੰਝੀ ਬੰਦੇ ਗੁਰਦਿਤ ਸਿੰਘ ਦੀ ਕਮਾਨ ਥਲੇ ਕੋਟ ਦਰਬਾਰ ਦੇ ਦਰਸ਼ਨੀ ਡਿਉੜੀ ਵਿਚ ਡਾਂਗਾਂ ਤੇ ਛਵ੍ਹੀਆਂ ਲਈ ਬੈਠੇ ਸਨ। ਇਨ੍ਹਾਂ ਵਿਚੋਂ ਤੇਰਾਂ ਬੰਦੇ ਤਾਂ ਅਛੋਪਲੇ ਹੀ ਸਿੰਘਾਂ ਦੇ ਦਾਖ਼ਲ ਹੋਣ ਸਮੇਂ ਬਾਹਰ ਨਿਕਲ ਗਏ ਤੇ ਬਾਕੀ ਬਾਰਾਂ ਬੰਦੇ ਅਜੇ ਜਕੋ-ਤਕੀ ਕਰਦੇ ਉਥੇ ਹੀ ਖੜੋਤੇ ਸਨ, ਇਨ੍ਹਾਂ ਵਿਚੋਂ ਦੋ ਤਿੰਨ ਬੰਦਿਆਂ ਦੀਆਂ ਧੰਨੂਆਣੇ ਚਕ ਨੰ: ੯੧ ਵਿਚ ਰਿਸ਼ਤੇਦਾਰੀਆਂ ਸਨ। ਧੰਨੂਆਣੇ ਦੇ ਸਿੰਘ ਜੋ ਜਥੇ ਵਿਚ ਸ਼ਾਮਲ ਹੋ ਕੇ ਆਏ ਸਨ, ਉਨ੍ਹਾਂ ਨੇ ਇਨ੍ਹਾਂ ਨੂੰ ਸਿਆਣ ਕੇ ਇਹ ਗਲ ਆਖੀ ਕਿ ਕੀ ਹੁਣ ਤੁਸੀਂ ਆਪਣੇ ਰਿਸ਼ਤੇ-ਦਾਰਾਂ ਨੂੰ ਵਢੋਗੇ ? ਇਨ੍ਹਾਂ ਅਗੋਂ ਆਖਿਆ ਕਿ ਬਿਲਕੁਲ ਨਹੀਂ, ਅਸੀਂ ਤਾਂ

ਮਾਰੀਦੇ ਟੋਜ਼ ਫਾਟਾਂ ਭਨਾਉਂਦੇ ਆਉਂਦੇ ਹਾਂ। ਜਥੇ ਦੇ ਸਿੰਘਾਂ ਆਖਿਆ ਡਾਂਗਾਂ ਤੇ ਛਵੀਆਂ ਇਥੇ ਰਖ ਦਿਓ, ਇਨ੍ਹਾਂ ਖੁਸ਼ੀ ਨਾਲ ਸਭ ਕੁਝ ਉਥੇ ਰਖ ਦਿਤਾ ਤੇ ਕਿਹਾ ਕਿ ਅਸੀਂ ਆਪਣੇ ਸਾਕਾਂ ਅੰਗਾਂ ਨਾਲ ਵਡੇ ਹਾਂ, ਸਾਧਾਂ ਨਾਲ ਨਹੀਂ। ਜਥੇ ਦੇ ਸਿੰਘਾਂ ਨੇ ਸਭ ਹਥਿਆਰ ਪਤਾ ਫੜ ਕੇ ਅੰਦਰਲੀ ਬਾਉਲੀ ਵਿਚ ਸੁਟ ਦਿਤਾ। ਇਹ ਮੁਜ਼ਾਰੇ ਭੀ ਸਿੰਘਾਂ ਦੇ ਨਾਲ ਹੀ ਗਲਾਂ ਬਾਤਾਂ ਕਰਦੇ ਦਰਸ਼ਨੀ ਡਿਉੜੀ ਦੇ ਵਿਚ ਹੀ ਬੈਠ ਗਏ।

ਚੰਗੀ ਸੂਰਜ ਦੀ ਟਿੱਕੀ ਨਿਕਲ ਚੁਕੀ ਸੀ ਕਿ ਭਾਈ ਲਛਮਣ ਸਿੰਘ ਜੀ ਪਹਿਰਾ ਪੱਕਾ ਕਰਨ ਤੇ ਸੋਘੇਂ ਰਹਿਣ ਦੀਆਂ ਤਾਗੀਦਾਂ ਕਰਦੇ ਫਿਰਦੇ ਸਨ ਕਿ ਮਹੰਤ ਦੀ ਬੈਠਕ ਵਲੋਂ ਗੋਲੀ ਚਲੀ ਜੋ ਉਤਾਂਹ ਉਤਾਂਹ ਖ਼ਾਲੀ ਚਲੀ ਗਈ ਤੇ ਖੜਾਕ ਨਾਲ ਅੰਦਰੋਂ ਬਹੁਤ ਸਾਰੇ ਕਬੂਤ੍ਰ ਉਡ ਗਏ। ਭਾਈ ਲਛਮਣ ਸਿੰਘ ਜੀ ਹੁਰਾਂ ਉੱਚੀਆਂ ਉੱਚੀਆਂ ਆਵਾਜ਼ਾਂ ਦੇ ਕੇ ਇਹ ਆਖਣਾ ਸ਼ੁਰੂ ਕਰ ਦਿਤਾ ਕਿ ਖ਼ਾਲਸਾ ਜੀ ਧੀਰਜ ਨਾਲ ਪਤਾ ਕਰੋ ਕਿ ਗੋਲੀ ਕਿਥੋਂ ਚਲੀ ਹੈ ਤੇ ਕੌਣ ਚਲਾਉਂਦਾ ਹੈ। ਸਿੰਘਾਂ ਆਖਿਆ ਕਿ ਗੋਲੀ ਮਹੰਤ ਦੀ ਬੈਠਕ ਵਲੋਂ ਆਈ ਹੈ। ਬਹੁਤ ਸਾਰੇ ਸਿੰਘ ਛੇਤੀ ਨਾਲ ਇਸ ਗਲ ਦਾ ਪਤਾ ਲੈਣ ਲਈ ਭਜ ਕੇ ਦਰਸ਼ਨੀ ਡਿਉੜੀ ਅਤੇ ਦਖਣੀ ਡਿਉੜੀ ਦੀਆਂ ਪੌੜੀਆਂ ਉਤੇ ਚੜ੍ਹੇ ਪ੍ਰੰਤੂ ਅਗੋਂ ਪੌੜੀਆਂ ਦੇ ਬੂਹੇ ਬੰਦ ਹੋਣ ਕਰਕੇ ਥਲੇ ਵਾਪਸ ਆ ਗਏ।

ਕਾਤਲਾਂ ਨੇ ਕੋਠੇ ਤੇ ਚੜ੍ਹ ਕੇ ਗੋਲੀ ਚਲਾਉਣੀ


੧੯ ਫ਼ਰਵਰੀ ਦੀ ਰਾਤ ਨੂੰ ਤਿੰਨ ਸੌ ਦੇ ਕ਼ਰੀਬ ਛਵ੍ਹੀਆਂ ਤੇ ਡਾਂਗਾਂ ਵਾਲਾ ਬੰਦਾ ਇਕੱਠਾ ਹੋ ਗਿਆ ਸੀ। ਮਹੰਤ ਦੀ ਫ਼ਿਟਣ ਮੰਡੀਓਂ ਡਾਂਗਾਂ ਦੀ ਭਰ ਕੇ ਆਂਦੀ ਗਈ ਤੇ ਆਪਣੇ ਹਰ ਇਕ ਬੰਦੇ ਨੂੰ ਲੋੜ ਅਨੁਸਾਰ ਡਾਂਗਾਂ ਦਿਤੀਆਂ ਗਈਆਂ। ਤੀਹ ਬੰਦੇ ਕੋਟ ਸਾਧੂ ਰਾਮ ਦੇ ਦਖਣੀ ਡਿਉੜੀ ਦੇ ਬੂਹੇ ਅਗੇ, ਛਬੀ ਬੰਦੇ ਕੋਟ ਦਰਬਾਰ ਦੇ ਦਰਸ਼ਨੀ ਡਿਉੜੀ ਵਿਚ ਤੇ ਬਾਹਰ ਦਰਸ਼ਨੀ ਡਿਉੜੀ ਦੇ ਬੂਹੇ ਅਗੇ ਅਠਾਈ ਪਠਾਣ ਪਹਿਰੇ ਤੇ ਸਨ। ਬਾਕੀ ਸਾਰੇ ਹੀ ਜੋ ਪਿੰਡਾਂ ਦੇ ਮੁਜ਼ਾਰੇ ਪੈਹਰੇ ਤੇ ਆਏ ਹੋਏ ਸਨ, ਕੁਝ ਗੁਰਦੁਆਰੇ ਦੇ ਲਾਂਭੇ ਤੇ ਮਹਿਮਾਨ ਖ਼ਾਨੇ ਦੇ ਲਾਗੇ ਚਾਗੇ ਪਹਿਰੇ ਤੇ ਖੜੇ ਕਰ ਦਿਤੇ ਗਏ ਸਨ। ਮਹੰਤ

ਕ੍ਰਿਪਾ ਰਾਮ ਦੇ ਪਿੰਡਾਂ ਵਿਚੋਂ ਆਏ ਬੰਦੇ ਗੁਰਦੁਆਰਾ ਮਾਲ ਜੀ ਸਾਹਿਬ ਪਹਿਰੇ ਤੇ ਖੜੇ ਸਨ ਪਰ ਬਦਮਾਸ਼ਾਂ ਤੇ ਹੋਰ ਬੰਦਿਆਂ ਦਾ ਬਹੁਤ ਕਰੜਾ ਪ੍ਰਬੰਧ ਗੁਰ ਦੁਆਰਾ ਜਨਮ ਅਸਥਾਨ ਹੀ ਕੀਤਾ ਹੋਇਆ ਸੀ, ਕਿਉਂਕਿ ਕਬਜ਼ੇ ਦਾ ਬਹੁਤਾ ਖ਼ਤਰਾ ਇਥੇ ਹੀ ਸੀ।

ਪਿੰਡ ਰੜੂਆਣਾ, ਧੂੜਕੋਟ ਤੇ ਖਿਪ ਵਾਲੀ ਦੇ ਬੰਦੇ ਜਿਥੇ ਜਿਥੇ ਭੀ ਪਹਿਰੇ ਤੇ ਖੜੋਂਦੇ ਸਨ, ਮਹੰਤ ਨੂੰ ਖੁਸ਼ ਕਰਨ ਲਈ ਬੜੀਆਂ ਤੜ੍ਹਾਂ ਮਾਰਦੇ ਸਨ ਕਿ ਅਸੀਂ ਇਹ ਕਰਾਂਗੇ ਔਹ ਕਰਾਂਗੇ। ਸਾਰੇ ਨਾਮੀ ਡਾਕੂ ਜੋ ਬਾਹਰ ਦੇ ਇਲਾ-ਕਿਆਂ ਵਿਚੋਂ ਉਚੇਚੇ ਹਜ਼ਾਰਾਂ ਰੁਪੈ ਖ਼ਰਚ ਕਰਕੇ ਏਸੇ ਮਤਲਬ ਲਈ ਮੰਗਾਏ ਹੋਏ ਸਨ, ਉਹ ਮਹਿਮਾਨ ਖ਼ਾਨੇ ਤੇ ਸਰਾਂ ਦੀਆਂ ਕੋਠੜੀਆਂ ਵਿਚ ਸੁਆ ਦਿਤੇ ਤੇ ਇਨ੍ਹਾਂ ਨੂੰ ਆਖਿਆ ਗਿਆ ਕਿ ਜਦੋਂ ਅਕਾਲੀਏ ਆਉਣਗੇ ਤਦੋਂ ਤੁਸੀ ਆਕੇ ਆਪਣਾ ਕੰਮ ਕਰਨਾ, ਅਗੋਂ ਐਵੇਂ ਅਗੇਤਰੇ ਹੀ ਪਤਾ ਲਗਕੇ ਕੰਮ ਖ਼ਰਾਬ ਨਾ ਹੋ ਜਾਵੇ। ਦਿਨ ਚੜ੍ਹੇ ਉਸ਼ੇਰ ਸ਼ਾਰ ਹੀ ਇਹ ਖ਼ਿਆਲ ਕਰਕੇ ਕਿ ਹੁਣ ਕਿਸੇ ਜਥੇ ਦੇ ਆਉਣ ਦੀ ਉਮੈਦ ਨਹੀਂ ਸਭ ਬੰਦੇ ਆਪੋ ਆਪਣੇ ਥਾਂ ਟਿਕਾਣਿਆਂ ਨੂੰ ਚਲੇ ਗਏ। ਜਿਨ੍ਹਾਂ ਘਾਣੂ ਡਾਕੂਆਂ ਦੀ ਰਿਹਾਇਸ਼* ਕੋਟ ਸਾਧੂ ਰਾਮ ਸੀ, ਇਹ ਅਜੇ ਨਨਕਾਣਿਓਂ ਬਾਹਰ ਨਿਕਲਕੇ ਮੁਸੱਲੀਆਂ ਦੀਆਂ ਝੁਗੀਆਂ ਲੰਘੇ ਹੀ ਸਨ ਕਿ ਪਿਛੋਂ ਭੱਜਕੇ ਲਾਲ ਦਾਸ, ਬਾਗੀ ਸ਼ਾਹ ਤੇ ਲਧੂ ਨੇ ਜ਼ੋਰ ਜ਼ੋਰ ਦੀਆਂ ਆਵਾਜ਼ਾਂ ਮਾਰੀਆਂ ਕਿ ਛੇਤੀ ਨਾਲ ਭਜ ਕੇ ਪਿਛਾਂਹ ਮੁੜੋ, ਅਕਾਲੀ ਆ ਗਏ ! ਅਕਾਲੀ ਆ ਗਏ !! ਇਹ ਸਾਰੇ ਬੰਦੇ ਪਿਛਾਂਹ ਮੁੜ ਪਏ। ਅਗੋ ਗੁਰ-ਦੁਆਰੇ ਦੇ ਅੰਦਰੋਂ ਸਭ ਬੂਹੇ ਬੰਦ ਸਨ। ਗੁਰਦੁਆਰੇ ਦੇ ਚਾਰ ਚੁਫੇਰੇ ਭੌਂ ਰੌਂਕੇ ਮਹਿਮਾਨ ਖ਼ਾਨੇ ਵਲ ਆ ਗਏ ਤੇ ਸਲਾਹ ਕਰਨ ਲਗੇ ਕਿ ਹੁਣ ਕੀ ਚਾਰਾ ਕਰੀਏ, ਤਦ ਇੰਦਰ ਦਾਸ ਨੇ ਆਖਿਆ ਕਿ ਕੋਠੇ ਤੇ ਚੜ੍ਹੀਏ। ਉਸੇ ਵੇਲੇ ਭਲਵਾਨ ਦਰਜ਼ੀ ਖੂਹ ਦੇ ਲਾਗੇ ਦਖਣੀ ਕੰਧ ਨਾਲ ਘੋੜੀ ਬਣ ਗਿਆ। ਸਭ ਤੋਂ ਪਹਿਲਾਂ ਇੰਦਰ ਦਾਸ ਛਵ੍ਹੀ ਸਣੇ ਉਪਰ ਚੜ੍ਹਿਆ, ਥਲਿਉਂ ਹਰਿਆਣੇ ਨੇ ਉੱਚੀ ਕਰਕੇ ਉਸਨੂੰ ਆਪਣੀ ਬੰਦੂਕ ਫੜਾ ਦਿਤੀ ਤੇ ਆਪ ਭੀ ਭਲਵਾਨ ਦਰਜ਼ੀ

*ਡਾਕੂਆਂ ਤੇ ਬਦਮਾਸ਼ਾਂ ਦਾ ਸਭ ਤੋਂ ਵੱਡਾ ਹੈਡ ਕੁਆਰਟਰ ਨਨਕਾਣੇ ਸਾਹਿਬ ਤੋਂ ਤਿੰਨ ਮੀਲ ਦੇ ਫ਼ਾਸਲੇ ਤੇ ਪਿੰਡ ਕੋਟ ਸਾਧੂ ਰਾਮ ਵਿੱਚ ਕਾਇਮ ਕੀਤਾ ਹੋਇਆ ਸੀ। ਇਥੇ ਹੀ ਇਹ ਸਭ ਮਾਸ ਤੇ ਸ਼ਰਾਬਾਂ ਉਡਾਉਂਦੇ ਰਹਿੰਦੇ ਸਨ।

ਗੁਰਦੁਆਰਾ ਜਨਮ ਅਸਥਾਨ ਦੀ ਦਖਣ ਤੇ ਲਹਿੰਦੇ ਦੀ ਕੰਧ



ਉਪਰ ਚੜ੍ਹਕੇ ਉਤਾਂਹ ਚੜ੍ਹ ਗਿਆ। ਇੰਦਰ ਦਾਸ ਨੇ ਅਗੋਂ ਬਾਂਹ ਫੜਕੇ ਕੋਠੇ ਉਪਰ ਚੜ੍ਹਨ ਲਈ ਸਹਾਰਾ ਦਿਤਾ। ਇਸ ਦੇ ਪਿਛੋਂ ਏਸੇ ਤਰਾਂ ਸ਼ਾਮੂੰ ਉਪਰ ਚੜ੍ਹ ਗਿਆ। ਇਸ ਵੇਲੇ ਕੋਈ ਸਾਢੇ ਸਤ ਵਜੇ ਦਾ ਵਕਤ ਹੋਵੇਗਾ ਜੋ ਇਤਨੇ ਨੂੰ ਪਰਲੇ ਬੰਨਿਉਂ ਜਮੀਅਤ ਸਿੰਘ ਮਹੰਤ ਆ ਗਿਆ। ਉਸ ਨੇ ਕਿਹਾ ਕਿ ਏਦਾਂ ਕਾਹਨੂੰ ਤਰਲੇ ਲੈਂਦੇ ਜੇ, ਸਾਡੇ ਘਰੋਂ ਭਜਕੇ ਵਾਂਸ ਦੀ ਪੌੜੀ ਲੈ ਆਓ। ਉਸੇ ਵੇਲੇ ਸ਼ੇਰ ਸਿੰਘ ਦਾਂਦੂ ਨਸ ਕੇ ਇਨ੍ਹਾਂ ਦੇ ਘਰ ਗਿਆ ਤੇ ਪੌੜੀ ਮੋਢਿਆਂ ਤੇ ਚੁਕ ਲਿਆਇਆ ਤੇ ਇਸ ਦੇ ਨਾਲ ਹੀ ਦੂਜੀ ਪੌੜੀ ਬੇਅੰਤ ਸਿੰਘ ਨਿਹੰਗ ਨੇ ਲੈ ਆਂਦੀ। ਇਕ ਪੌੜੀ ਥਾਂਣੀ ਭਾਗ ਸਿੰਘ ਅਮਲੀ ਅਤੇ ਦੂਜੀ ਥਾਂਣੀ ਬਾਵਾ ਜਗਨ ਨਾਥ ਬੈਰਾਗੀ ਬੁੰਘਿਆਂ ਦਾ ਪਸਤੌਲ ਲੈਕੇ ਘਮਾਂ ਘਮ ਕੋਠੇ ਉਪਰ ਚੜ੍ਹ ਗਏ। ਇਨ੍ਹਾਂ ਦੇ ਮਗਰੇ ਮਗਰ ਵਸਾਖਾ ਸਿੰਘ ਤੇ ਇਕ ਹੋਰ ਬੰਦਾ ਬੰਦੂਕਾਂ ਲੈ ਕੇ ਚੜ੍ਹ ਗਏ। ਇਨ੍ਹਾਂ ਦੇ ਪਿਛੋਂ ਕਾਨ੍ਹ ਸਿੰਘ ਕੱਬਾ, ਗੁਰਮੁਖ ਦਾਸ, ਜੀਵਨ ਦਾਸ, ਗੁਰਦਿਤ ਸਿੰਘ, ਰਾਂਝਾ, ਭਲਵਾਨ ਦਰਜ਼ੀ, ਲਧੂ ਚੇਲਾ ਵੀਰਮ ਦਾਸ, ਰਤਨ ਸਿੰਘ, ਨਥੂ ਰਾਮ, (ਮਹੰਤ ਦਾ ਰਿਸ਼ਤੇਦਾਰ) ਤੇ ਕੁਝ ਪਠਾਣ ਉਪਰ ਚੜ੍ਹ ਗਏ।

ਸਭ ਤੋਂ ਪਹਿਲਾਂ ਜਾਂਦਿਆਂ ਹੀ ਲਹਿੰਦੇ ਤੇ ਦਖਣ ਦੀ ਨੁਕਰੇ ਖੜੋ ਕੇ ਹਰਿਆਣੇ ਨੇ ਗੋਲੀ ਦਾਗ਼ ਦਿਤੀ, ਜੋ ਖ਼ਾਲੀ ਗਈ। ਗੋਲੀ ਦਾ ਖੜਾਕ ਸੁਣਦਿਆਂ ਸਾਰ ਭਰਗਾ ਨੰਦ ਭਜਕੇ ਮਹੰਤ ਦੀ ਬੈਠਕ ਵਲ ਗਿਆ ਤੇ ਥਲਿਓਂ ਹੀ ਉਸਨੇ ਛੱਤ ਤੇ ਖੜੋਤੇ ਮਹੰਤ ਨੂੰ ਚੀਕ ਮਾਰਕੇ ਆਖਿਆ ਕਿ "ਮਹੰਤਾ ਸਾਡਾ ਕੱਖ ਨਹੀਂ ਰਿਹਾ।" ਮਹੰਤ ਨੇ ਕਿਹਾ ਕਿ "ਅਕਾਲੀਆਂ ਨੂੰ ਮਾਰਕੇ ਗੁਰਦੁਆਰੇ ਵਿਚੋਂ ਬਾਹਰ ਕੱਢ ਦਿਓ।"

ਪਹਿਲੀ ਗੋਲੀ ਚਲਾਕੇ ਹਰਿਆਣੇ ਤੇ ਉਸ ਦੇ ਸਾਥੀਆਂ ਨੇ ਪਹਿਲਾਂ ਪੱਗਾਂ ਲਾਹ ਕੇ ਘੁਟਕੇ ਬੰਨ੍ਹੀਆਂ, ਫੇਰ ਬਾਹਵਾਂ ਟੰਗੀਆਂ, ਤੇ ਚਾਦਰਾਂ ਛੁੰਗਕੇ ਦੋਵੇਂ ਮਾਛੀ ਭਰਾ ਬੰਦੂਕਾਂ ਚਲੌਣ ਲਗ ਪਏ। ਪਹਿਲੇ ਦੋ ਫ਼ਾਇਰ ਖ਼ਾਲੀ ਗਏ, ਚੌਥਾ ਇਕ ਸਿੰਘ ਨੂੰ ਲਗਾ, ਉਹ *ਵਣ ਥੱਲੇ ਚੁਬੱਚੇ ਲਾਗੇ ਵਾਹਿਗੁਰੂ ਵਾਹਿਗੁਰੂ ਆਖਦਾ ਡਿੱਗ ਪਿਆ ਅਤੇ ਤੜਫ ਤੜਫ ਕੇ ਸ਼ਹੀਦ ਹੋ ਗਿਆ।

*ਇਹ ਵਣ ਦਾ ਬ੍ਰਿਛ ਦਖਣ ਦੀ ਬਾਹੀ, ਪ੍ਰਕਰਮਾਂ ਵਿਚ ਹੁੰਦਾ ਸੀ, ਪਰ ਪਿਛੋਂ ਕਮੇਟੀ ਨੇ ਕਟਾ ਦਿਤਾ।

ਲਹਿੰਦੇ ਅਤੇ ਦਖਣ ਦੀ ਕੰਧ ਦਾ ਵੇਰਵਾ

ਨੰਬਰ ੧ ਤੋਂ ੨ ਤਕ ਗੁਰਦੁਆਰਾ ਜਨਮ ਅਸਥਾਨ ਦੀ ਲਹਿੰਦੇ ਦੀ ਕੰਧ ਹੈ । ਇਹ ਕੰਧ ਨੰਬਰ ੩ ਤੋਂ ਲੈ ਕੇ ਨੰਬਰ ੪ ਤਕ ਪਹਿਲਾਂ ਅੱਠ ਫੁਟ ਉੱਚੀ ਸੀ. ਪਰ ਮਹੰਤ ਨੇ ਸਾਕੇ ਤੋਂ ਕੁਝ ਚਿਰ ਪਹਿਲਾਂ ਨੰਬਰ ੪ ਤੋਂ ਲੈ ਕੇ ਨੰਬਰ ੫ ਤਕ ਚਾਰ ਫੁਟ ਹੋਰ ਉੱਚੀ ਕਰਕੇ ਉਪਰ ਸੀਸ਼ੀਆਂ ਲੁਆ ਦਿਤੀਆਂ ਤਾਂ ਜੋ ਬੰਦਾ ਇਸ ਨੂੰ ਟੱਪ ਨਾ ਸਕੇ । ਨੰਬਰ ੬ ਤੋਂ ਨੰਬਰ ੭ ਤਕ ਮਹੰਤ ਨਰੈਣ ਦਾਸ ਦਾ ਮਕਾਨ ਮਹਿਮਾਨ ਖ਼ਾਨਾ ਹੈ । ਸਾਕੇ ਵਾਲੀ ਰਾਤ ਮਹੰਤ ਇਥੇ ਹੀ ਰਿਹਾ ਸੀ ਤੇ ਇਸੇ ਥਾਂ ਤੋਂ ਗ੍ਰਿਫ਼ਤਾਰ ਹੋਇਆ ਸੀ । ਸਭ ਤੋਂ ਪਹਿਲੀ ਗੋਲੀ ਏਸੇ ਮਕਾਨ ਵਿਚੋਂ ਚੱਲੀ ਸੀ । ਨੰਬਰ ੮ ਤੋਂ ਨੰਬਰ ੯ ਤਕ ਦੱਖਣ ਦੀ ਕੰਧ ਹੈ । ਨੰਬਰ ੧੦ ਤੋਂ ਬਾਹਰਲੇ ਬੰਨਿਓਂ ਕਾਤਲਾਂ ਨੇ ਚੜ੍ਹ ਕੇ ਗੁਰਦੁਆਰਾ ਜਨਮ ਅਸਥਾਨ ਵਲ ਗੋਲੀਆਂ ਚਲਾਈਆਂ ਸਨ । ਨੰਬਰ ੧੧ ਪੌੜੀਆਂ ਦੀ ਮਮਟੀ ਹੈ । ਨੰਬਰ ੧੨ ਵਾਲੀ ਥਾਂ ਪੌੜੀਆਂ ਦੇ ਦਰਵਾਜ਼ੇ ਅਗੇ ਭਾਈ ਨਰਾਇਣ ਸਿੰਘ ਬੁਰਜ ਚਕ ਨੰਬਰ ੫੫ ਦਾ ਅੱਧਾ ਗਾਟਾ ਵਢ ਕੇ ਬਾਹਰ ਵਲ ਪਛਵਾੜੇ ਸੁਟਿਆ ਗਿਆ । ਨੰਬਰ ੧੩ ਵਾਲੀ ਥਾਂ ਤੋਂ ਭਾਈ ਰਾਮ ਸਿੰਘ ਜੀ ਚੋਕ ਨੰਬਰ ੬੪ ਬੰਡਾਲਾ ਛਾਲ ਮਾਰ ਕੇ ਭਜ ਗਿਆ । ਨੰਬਰ ੧੪ ਵਾਲੀ ਥਾਂ ਦੱਖਣੀ ਡਿਉੜੀ ਦੇ ਅੰਦਰਲੇ ਬੰਨੇ ਬੂਹੇ ਵਿਚ ਭਾਈ ਟਹਿਲ ਸਿੰਘ ਜੀ ਨਜ਼ਾਮਪੁਰ ਦੇਵਾ ਸਿੰਘ ਵਾਲੇ ਦੇ ਗੋਲੀ ਨਾਲ ਸ਼ਹੀਦ ਕੀਤੇ ਗਏ ਸਨ । ਨੰਬਰ ੧੫ ਗੁਰਦੁਆਰੇ ਦੇ ਹਾਤੇ ਤੋਂ ਬਾਹਰ ਧੁਤਾ ਰਾਮ ਦੇ ਡੇਰੇ ਦੀਆਂ ਸਮਾਧਾਂ ਹਨ । ਨੰਬਰ ੧੬ ਨਿਸ਼ਾਨ ਸਾਹਿਬ ਹੈ ।


ਜਦ ਇਹ ਸਿੰਘ ਲਹੂ ਲੁਹਾਣ ਹੋਇਆ ਤੜਫ ਰਿਹਾ ਸੀ, ਤਦ ਉਸ ਸਮੇਂ ਹਰਿਆਣਾ ਸ਼ਰਾਬ ਵਿਚ ਮਸਤ ਹੋਇਆ ਕੋਠੇ ਤੇ ਭੁੜਕਦਾ ਸੀ ਤੇ ਉੱਚੀ ਆਵਾਜ਼ ਨਾਲ ਬਾਰ ਬਾਰ ਆਖਦਾ ਸੀ ਕਿ ਮੈਂ ਇਕ ਸਿੰਘ ਨੂੰ ਮਾਰ ਲਿਆ ਹੈ।

ਫੇਰ ਇਨ੍ਹਾਂ ਨੇ ਇਕੱਠੀਆਂ ਗੋਲੀਆਂ ਦੀ ਬਾੜ ਝਾੜਣੀ ਸ਼ੁਰੂ ਕਰ ਦਿਤੀ। ਇਸ ਸਮੇਂ ਮਹਿਮਾਨ ਖ਼ਾਨੇ ਦੀ ਨੁਕਰ ਤੇ ਨਰੈਣ ਦਾਸ ਤੇ ਇਕ ਹੋਰ ਬੰਦਾ ਖੜੇ ਸਨ, ਇਹ ਹਥਾਂ ਨਾਲ ਇਸ਼ਾਰੇ ਕਰਕੇ ਉੱਚੀ ਉੱਚੀ ਆਖੀ ਜਾਂਦੇ ਸਨ ਕਿ ਗੋਲੀਆਂ ਦਾਗੀ ਜਾਓ ਕੋਈ ਪ੍ਰਵਾਹ ਨਹੀਂ ਹੈ। ਮਹੰਤ ਦੇ ਹਲਾ-ਸ਼ੇਰੀ ਦੇਣ ਨਾਲ ਕਾਤਲਾਂ ਹੋਰ ਭੀ ਦਬਾ-ਸਟ ਤੇਜ਼ੀ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ। ਜਥੇ ਵਿਚੋਂ ਪੰਜ ਦਸ ਸਿੰਘ ਵਾਹਿਗੁਰੂ ਵਾਹਿਗੁਰੂ ਆਖਦੇ ਸ਼ਹੀਦ ਹੋ ਗਏ। ਏਸੇ ਸਮੇਂ ਹੀ ਸੰਤ ਰਾਮ ਸਾਧ ਭੀ ਇਨ੍ਹਾਂ ਦੀਆਂ ਗੋਲੀਆਂ ਨਾਲ ਮਾਰਿਆ ਗਿਆ।

ਗੁਰਦਿੱਤ ਸਿੰਘ (ਪ੍ਰੇਮ ਦਾਸ) ਨਰੈਣ ਦਾਸ ਦੇ ਚੇਲੇ ਨੇ ਕਾਰਤੂਸਾਂ ਦੀ ਬੋਰੀ ਭਰਕੇ ਮੋਢੇ ਤੇ ਪਾਈ ਹੋਈ ਸੀ। ਜਦੋਂ ਕਾਰਤੂਸ ਚਲ ਜਾਂਦਾ ਸੀ ਤੇ ਇਹ ਹਰ ਇਕ ਨੂੰ ਹੋਰ ਨਵੇਂ ਕਾਰਤੂਸ ਨਾਲੋ ਨਾਲ ਫੜਾਈ ਜਾਂਦਾ ਸੀ। ਬੰਦੂਕ-ਚੀਆਂ ਨਾਲ ਦੇ ਛਵੀਆਂ ਵਾਲੇ ਸ਼ਰਾਬ ਦੇ ਲੋਰ ਵਿਚ ਐਵੇਂ ਹਵਾ ਵਿਚ ਛਵ੍ਹੀਆਂ ਘੁਮਾਈ ਜਾਂਦੇ ਸਨ। ਬੰਦੂਕਾਂ ਵਾਲੇ ਭੀ ਸ਼ਰਾਬ ਵਿਚ ਗੁਟ ਸਨ। ਹਰ ਇਕ ਫ਼ਾਇਰ ਕਰਨ ਸਮੇਂ ਉੱਚੀ ਉੱਚੀ ਆਖਦੇ ਸਨ ਕਿ "ਖ਼ਾਲਸਾ ਜੀ ਸਿਧੇ ਹੋਕੇ ਸੀਸ ਦਿਓ ?" ਸਿੰਘਾਂ ਵਿਚ ਬੜਾ ਜੋਸ਼ ਫੈਲਿਆ ਹੋਇਆ ਸੀ। ਸਭ ਆਖਣ ਲਗ ਪਏ "ਜਥੇਦਾਰ ਜੀ ਭਾਵੇਂ ਸਭ ਸ਼ਹੀਦ ਹੋ ਜਾਈਏ, ਪਰ ਇਕ ਵੇਰ ਇਸ ਮੁਸਲੇ ਨੂੰ ਥੱਲੇ ਲਾਹ ਲਿਆਉਣਾ ਹੈ"।

ਭਾਈ ਲਛਮਣ ਸਿੰਘ ਜੀ ਜਥੇਦਾਰ ਨੇ ਕਮਾਂਡ ਕਰਦਿਆਂ ਹੁਕਮ ਦਿਤਾ। "ਖ਼ਾਲਸਾ ਜੀ ਇਹ ਗਲ ਬਿਲਕੁਲ ਨਹੀਂ ਕਰਨੀ, ਸ਼੍ਰੋਮਣੀ ਕਮੇਟੀ ਦਾ ਹੁਕਮ ਸ਼ਾਂਤਮਈ ਰਹਿਣ ਦਾ ਹੈ। ਸਿਰ ਦੇ ਦੇਣਾ ਹੈ, ਪਰ ਹਥ ਨਹੀਂ ਚੁਕਣਾ। ਅਸੀਂ ਤਾਂ ਇਥੇ ਸ਼ਹੀਦੀਆਂ ਪ੍ਰਾਪਤ ਕਰਨੀਆਂ ਹਨ"। ਇਸ ਦੇ ਨਾਲ ਹੀ ਜਥੇ ਦੇ ਕੁਝ ਸਿੰਘਾਂ ਨੇ ਕਿਹਾ ਕਿ ਜੇ ਹੋਰ ਨਹੀਂ ਤਾਂ ਉਪਰ ਜਾਕੇ ਬੰਦੂਕਾਂ ਹੀ ਖੋਹ ਲਿਆਈਏ ! ਜਥੇਦਾਰ ਨੇ ਉਤਰ ਦਿਤਾ ਨਹੀਂ; "ਇਉਂ ਨਹੀਂ ਕਰਨਾ ਅਸੀਂ

ਬੰਦੂਕਾਂ ਵਾਲੀ ਅਲਮਾਰੀ



ਇਹ ਅਲਮਾਰੀ ਦਰਸ਼ਨੀ ਡਿਉੜ੍ਹੀ ਦੇ ਪਹਾੜ ਵਾਲੇ ਬੁਰਜ ਵਿਚ ਹੈ, ਜਿਸ ਦੇ ਨੰਬਰ ੧ ਤੇ ੨ ਖਾਨੇ ਦੀ ਫੱਟੀ ਕੱਟਕੇ ਨੰਬਰ ੩, ੪ ਤੇ ੫ ਵਾਲੀ ਥਾਂ ਫੱਟੀ ਵਿਚ ਮੋਰੀਆਂ ਕਢੀਆਂ ਹੋਈਆਂ ਹਨ, ਜਿਨ੍ਹਾਂ ਵਿਚ ਦੀ ਬੰਦੂਕ ਦੀਆਂ ਨਾਲੀਆਂ ਉਪਰ ਕਢਕੇ ਇਸ ਅਲਮਾਰੀ ਵਿਚ ਬੰਦੂਕਾਂ ਰਖੀਆਂ ਜਾਂਦੀਆਂ ਸਨ। ਸਾਕੇ ਦੇ ਪਿਛੋਂ ਇਸ ਬੁਰਜ ਵਿਚੋਂ ਬਹੁਤ ਸਾਰੇ ਹਥਿਆਰ ਤੇ ਕਾਰਤੂਸ ਮਿਲੇ ਸਨ।

ਪ੍ਰਣ ਕੀਤਾ ਹੈ ਤੇ ਅਰਦਾਸਾ ਸੋਧਿਆ ਹੈ ਕਿ ਹਥ ਨਹੀਂ ਚੁਕਣਾ; ਮਤਾਂ ਇਸਤ੍ਰਾਂ ਸਾਥੋਂ ਹਥ ਚੁਕਿਆ ਜਾਵੇ, ਹੁਣ ਸਿਧੇ ਹੋਕੇ ਸੀਸ ਦਈ ਚਲੋ।" ਜਥੇਦਾਰ ਦਾ ਹੁਕਮ ਮੰਨਕੇ ਸਭ ਰੁਕ ਗਏ। ਇਸ ਵੇਲੇ ਤੀਹ ਪੈਂਤੀ ਸਿੰਘ ਬੜੀ ਦਲੇਰੀ ਨਾਲ ਬਾਰਾਂਦਰੀ ਵਿਚੋਂ ਬਾਹਰ ਨਿਕਲਕੇ ਗੋਲੀਆਂ ਸਾਹਮਣੇ ਛਾਤੀਆਂ ਤਾਣਕੇ ਜੈਕਾਰੇ ਛੱਡਦੇ ਬੜੀ ਸੂਰਮਗਤੀ ਨਾਲ ਸ਼ਹੀਦ ਹੋ ਗਏ।

ਬਾਕੀ ਦੇ ਬਹੁਤ ਸਾਰੇ ਸਿੰਘ ਬਾਰਾਂਦਰੀ ਵਿਚ ਬੈਠੇ ਸਨ। ਬਾਰਾਂਦਰੀ ਦੀਆਂ ਚਿੱਕਾਂ ਨੂੰ ਛਾਨਣੀ ਛਾਨਣੀ ਕਰਦੀਆਂ ਗੋਲੀਆਂ ਅੰਦਰ ਜਾਕੇ ਮਾਰ ਕਰਦੀਆਂ ਸਨ। ਇਸ ਵੇਲੇ ਮਹੰਤ ਨਰੈਣ ਦਾਸ ਸ਼ਰਾਬ ਪੀਤੀ, ਘੋੜੀ ਤੇ ਸੁਆਰ ਗੁਰਦੁਆਰੇ ਦੇ ਬਾਹਰ ਪਸਤੌਲ ਫੜਕੇ ਕਮਾਨ ਕਰ ਰਿਹਾ ਸੀ, ਤੇ ਉੱਚੀ ਉੱਚੀ ਹੁਕਮ ਦਿੰਦਾ ਸੀ ਕਿ ਕੋਈ ਜੀਊਂਦਾ ਨਾ ਛੱਡੋ, ਜੋ ਹੋਵੇਗੀ ਮੈਂ ਝਲ ਗੁਜ਼ਰਾਂਗਾ। ਇਕ ਵੇਰ ਤਾਂ ਅਜ ਨਨਕਾਣੇ ਵਿਚੋਂ ਅਕਾਲੀਆਂ ਦਾ ਬੀਜ ਨਾਸ ਕਰ ਦਿਓ।

ਇਸ ਦੀ ਹੱਲਾ-ਸ਼ੇਰੀ ਨਾਲ ਬਹੁਤ ਸਾਰੀ ਕਾਤਲਾਂ ਦੀ ਧਾੜ ਕੋਠੇ ਤੇ ਚੜ੍ਹ ਗਈ ਤੇ ਇੱਟਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਅਗੋਂ ਸਿੰਘਾਂ ਨੇ ਉੱਚੀ ਉੱਚੀ ਆਖਣਾ ਸ਼ੁਰੂ ਕਰ ਦਿਤਾ ਕਿ ਖ਼ਾਲਸਾ ਜੀ ਅਸੀਂ ਹਥ ਨਹੀਂ ਚੁਕਣਾ, ਸ਼ਾਂਤਮਈ ਰਖਣੀ ਹੈ। ਬਹੁਤ ਜ਼ੋਰ ਦਾ ਹੱਲਾ ਗੁਰਦੁਆਰੇ ਦੀ ਲਹਿੰਦੇ ਦੀ ਬਾਹੀ ਵਲ ਹੁੰਦਾ ਰਿਹਾ। ਏਧਰ ਦੇ ਭੀ ਸਭ ਸਿੰਘ ਬਾਰਾਂਦਰੀ ਵਿਚ ਆ ਗਏ। ਪਿਛੋਂ ਕੋਠੇ ਚੜ੍ਹੀ ਧਾੜ ਦੇ ਵਿਚ ਹੀ ਪਿਆਰਾ ਦਾਸ,ਲਾਲ ਦਾਸ, ਗੋਮੀ (ਗੁਰਮੁਖ ਦਾਸ) ਭੀ ਆਗਏ ਸਨ। ਇਨ੍ਹਾਂ ਨੇ ਕਿਹਾ ਕਿ ਦਰਸ਼ਨੀ ਡਿਓੜ੍ਹੀ ਦੇ ਖਬੇ ਬੁਰਜ ਵਿਚੋਂ ਬੰਦੂਕਾਂ ਤੇ ਪਸਤੌਲ ਕਢ ਲਓ। ਇਨ੍ਹਾਂ ਵਿਚੋਂ ਤਿੰਨ ਚਾਰ ਬੰਦੇ ਭਜਕੇ ਗਏ, ਤੇ ਦਰਸ਼ਨੀ ਡਿਓੜ੍ਹੀ ਦੇ ਪਹਾੜ ਵਾਲੀ ਨੁਕਰ ਦੇ ਬੁਰਜ ਦੀ *ਅਲਮਾਰੀ ਵਿਚੋਂ

---

*ਇਸ ਅਲਮਾਰੀ ਦੇ ਤਿੰਨ ਖ਼ਾਨੇ ਹਨ ਜਿਨ੍ਹਾਂ ਵਿਚੋਂ ਹੇਠਲੇ ਖ਼ਾਨੇ ਦੀ ਲਕੜ ਆਰੀ ਨਾਲ ਵਢਾਕੇ ਉਪਰਲੇ ਖ਼ਾਨੇ ਦੀ ਫਟੀ ਵਿਚ ਤਿੰਨ ਮੋਰੀਆਂ ਕਢਾਈਆਂ ਹੋਈਆਂ ਸਨ। ਇਨ੍ਹਾਂ ਵਿਚ ਬੰਦੂਕਾਂ ਦੀਆਂ ਨਾਲੀਆਂ ਉਤਾਂਹ ਕਢਕੇ ਇਥੇ ਤਿੰਨ ਬੰਦੂਕਾਂ ਤੇ ਇਕ ਪਸਤੌਲ ਰੀਜ਼ਰਵ ਰਖੇ ਰਹਿੰਦੇ ਸਨ। ਦਸਿਆ ਜਾਂਦਾ ਹੈ ਕਿ ਇਸ ਕਿਸਮ ਦੇ ਹਥਿਆਰ ਮਹੰਤ ਨੇ ਬਹੁਤ ਸਾਰਾ ਧਨ ਖ਼ਰਚ ਕਰਕੇ ਜੇਪੁਰ, ਜੋਧਪੁਰ ਆਦਿ ਰਿਆਸਤਾਂ ਵਿਚੋਂ ਮੰਗਾਏ ਸਨ।

ਤਿੰਨ ਬੰਦੂਕਾਂ ਤੇ ਇਕ ਪਸਤੌਲ ਰੀਜ਼ਰਵ ਰਖੇ ਹੋਏ ਕਢ ਕੇ ਲੈ ਗਏ। ਇਨ੍ਹਾਂ ਨਾਲ ਦਰਸ਼ਨੀ ਡਿਉੜ੍ਹੀ ਦੀ ਬਖਾਰਚੀ ਵਿਚ ਖੜੋਕੇ ਸਿਧੀਆਂ ਜਨਮ ਅਸਥਾਨ ਵਲ ਗੋਲੀਆਂ ਚਲੌਣੀਆਂ ਸ਼ੁਰੂ ਕਰ ਦਿਤੀਆਂ। ਇਥੋਂ ਸਿਧੀ ਗੋਲੀ ਜਾਕੇ ਭਾਈ ਟਹਿਲ ਸਿੰਘ ਜੀ ਨਜ਼ਾਮਪੁਰ ਨੂੰ ਦੱਖਣੀ ਡਿਉੜ੍ਹੀ ਵਿਚ ਖੜੋਤਿਆਂ ਮੱਥੇ ਵਿਚ ਲਗੀ, ਤੇ ਉਹ ਉਥੇ ਹੀ ਸ਼ਹੀਦ ਹੋ ਗਏ। ਇਸ ਵੇਲੇ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਗੋਲੀਆਂ ਜਾਣ ਲਗ ਗਈਆਂ। ਤਦ ਭਾਈ ਲਛਮਣ ਸਿੰਘ ਜੀ ਨੇ ਹੁਕਮ ਦਿਤਾ ਕਿ ਗੋਲੀਆਂ ਚੌਖੰਡੀ ਦੇ ਅੰਦਰ ਜਾ ਰਹੀਆਂ ਹਨ, ਵੇਖਣਾ ਕਿਤੇ ਮਹਾਰਾਜ ਦੀ ਬੇ-ਅਦਬੀ ਨਾ ਹੋਵੇ। ਬੂਹੇ ਬੰਦ ਕਰਕੇ ਇਸ ਨੂੰ ਰੋਕਣ ਦਾ ਉਪਾ ਕਰੋ, ਤਦ ਪੰਝੀ ਤੀਹ ਸਿੰਘ ਚੌਖੰਡੀ ਦੇ ਅੰਦਰ ਵਾਹਿਗੁਰੂ ਵਾਹਿਗੁਰੂ ਕਰਦੇ ਵੜ ਗਏ। ਇਨ੍ਹਾਂ ਵਿਚੋਂ ਉਸ ਸਮੇਂ ਭਾਈ ਲਛਮਣ ਸਿੰਘ ਜੀ, ਮਹਾਰਾਜ ਦੀ ਤਾਬਿਆ ਬੈਠ ਗਏ। ਬਾਕੀ ਸਿੰਘਾਂ ਨੇ ਅੰਦਰੋਂ ਕੁੰਡੇ ਮਾਰ ਲਏ। ਬਾਕੀ ਜੋ ਬਾਹਰ ਰਹਿ ਗਏ ਸਨ ਉਨ੍ਹਾਂ ਵਿਚੋਂ ਕੁਝ ਸਿੰਘ ਦਰਸ਼ਨੀ ਡਿਉੜ੍ਹੀ ਤੇ ਸਮਾਧਾਂ ਦੀ ਆੜ ਲੈਕੇ ਬੈਠ ਗਏ। ਇਸ ਦੇ ਪਿਛੋਂ ਪਹਾੜ ਵਾਲੇ ਬੰਨਿਓਂ ਦਰਸ਼ਨੀ ਡਿਉੜ੍ਹੀ ਦੇ ਅੰਦਰੋਂ ਪਹਿਲੀ ਛਤ ਤੇ ਖੜੋਕੇ ਕਾਤਲਾਂ ਨੇ ਦਰਸ਼ਨੀ ਡਿਉੜ੍ਹੀ ਦੇ ਅੰਦਰ ਬਰਾਂਡੇ ਵਿਚ ਬੈਠੇ ਸਿੰਘਾਂ ਉਤੇ ਗੋਲੀਆਂ ਤੇ ਇੱਟਾਂ ਦੀ ਵਾਛੜ ਸ਼ੁਰੂ ਕਰ ਦਿਤੀ। ਇਨ੍ਹਾਂ ਸਿੰਘਾਂ ਦੇ ਨਾਲ ਹੀ ਜੋ ਸਵੇਰ ਦੇ ਕੋਟ ਦਰਬਾਰ ਵਾਲੇ ਮੁਜ਼ਾਰੇ ਬੈਠੇ ਸਨ ਉਨ੍ਹਾਂ ਨੂੰ ਸਿੰਘਾਂ ਨੇ ਕਿਹਾ ਕਿ ਲਓ ਭਾਈ ਜੀ ਅਸੀਂ ਤਾਂ ਹੁਣ ਇਥੇ ਸ਼ਹੀਦੀਆਂ ਪਾਵਾਂਗੇ ਪਰ ਤੁਸੀਂ ਕਿਉਂ ਸਾਡੇ ਨਾਲ ਅਣਆਈ ਮੌਤੇ ਮਰਦੇ ਹੋ ? ਦਰਸ਼ਨੀ ਡਿਉੜ੍ਹੀ ਦਾ ਅੰਦਰੋਂ ਕੁੰਡਾ ਖੋਹਲਕੇ ਬਾਹਰ ਨਿਕਲ ਜਾਓ। ਤਦ ਇਹ ਮੁਜ਼ਾਰੇ ਬੂਹਾ ਖੋਹਲਕੇ ਬਾਹਰ ਨਿਕਲ ਗਏ ਤੇ ਇਨ੍ਹਾਂ ਦੇ ਨਾਲ ਹੀ *ਬਰਕਤ ਸਿੰਘ ਜੀ ਏਲ.ਫ, ਲੱਧਾ ਮਲ ਨਨਕਾਣਾ ਸਾਹਿਬ ਤੇ ਦੋ ਸਿੰਘ ਜਥੇ ਵਿਚੋਂ

*ਬਰਕਤ ਸਿੰਘ ਬੇਲਫ ੧੯ ਫ਼ਰਵਰੀ ਨੂੰ ਇਕ ਬੰਦੇ ਦੀ ਕੁਰਕੀ ਲਈ ਲਧਾ ਮਲ ਦੇ ਘਰ ਨਨਕਾਣੇ ਸਾਹਿਬ ਆਇਆ ਹੋਇਆ ਸੀ। ੨੦ ਫ਼ਰਵਰੀ ਨੂੰ ਸਵੇਰੇ ਦੋਵੇਂ ਜਣੇ ਗੁਰਦੁਆਰੇ ਮਥਾ ਟੇਕਣ ਚਲੇ ਗਏ। ਜਥਾ ਆ ਜਾਣ ਕਰਕੇ ਅੰਦਰ ਹੀ ਘੇਰੇ ਗਏ। ਬਰਕਤ ਸਿੰਘ ਦਾ ਕੋਟ ਤੇ ਝੱਗਾ ਛੱਰਿਆਂ ਨਾਲ ਛਾਨਣੀ ਛਾਨਣੀ ਹੋ ਗਏ, ਅਤੇ ਇਕ ਛੱਰੇ ਦਾ ਦਾਣਾ ਸਜੇ ਪੱਟ ਵਿਚ ਭੀ ਲਗਾ ਸੀ। ਲਧਾ ਮਲ ਦੇ ਚੂਕਣੇ ਵਿਚ ਛੱਰਾ ਲੱਗਾ ਤੇ ਉਹ ਭੀ ਭਜਕੇ ਦਰਸ਼ਨੀ ਡਿਉੜ੍ਹੀ ਵਿਚ ਆ ਗਿਆ ਸੀ। ਬੂਹਾ ਖੁਲ੍ਹਦੇ ਸਾਰ ਇਹ ਬਰਕਤ ਸਿੰਘ ਨੂੰ ਨਾਲ ਲੈਕੇ ਆਪਣੇ ਘਰ ਨੂੰ ਚਲਾ ਗਿਆ।

ਦਰਸ਼ਨੀ ਡਿਉੜ੍ਹੀ ਗੁਰਦੁਆਰਾ ਜਨਮ ਅਸਥਾਨ ਦੇ ਅੰਦਰਲੇ ਬੰਨਿਓਂ



ਭਾਈ ਗੁਰਦਿਤ ਸਿੰਘ ਸ਼ਾਹਕੋਟ ਤੇ ਫ਼ੌਜਾ ਸਿੰਘ ਧੰਨੂਆਣਾ ਚਕ ਨੰ: ੬੧, ਜਾਨਾਂ ਬਚਾਕੇ ਬਾਹਰ ਨਿਕਲ ਗਏ।

ਜੇ ਬਾਕੀ ਜਥੇ ਦੇ ਸਿੰਘ ਭੀ ਚਾਹੁੰਦੇ ਤਾਂ ਸਹਿਲੇ ਹੀ ਸਹਿਜ ਸੁਭਾ ਭਾਈ ਫ਼ੌਜਾ ਸਿੰਘ ਤੇ ਭਾਈ ਗੁਰਦਿਤ ਸਿੰਘ ਵਾਂਗ ਜਾਨਾਂ ਬਚਾਕੇ ਬਾਹਰ ਨਿਕਲ ਸਕਦੇ ਸਨ, ਪ੍ਰੰਤੂ ਇਨ੍ਹਾਂ ਨੇ ਇਸ ਤਰਾਂ ਜਾਨਾਂ ਬਚਾਕੇ ਘਰ ਨੂੰ ਜਾਣ ਨਾਲੋਂ ਇਥੇ ਸ਼ਹੀਦੀਆਂ ਪਾਉਣੀਆਂ ਵਧੇਰੇ ਅਮੋਲਕ ਸਮਝੀਆਂ। ਇਹ ਦਲੇਰ ਦੂਲੇ ਮੌਤ ਨੂੰ ਮਜਾਖਾਂ ਕਰਦੇ ਮੁਖੋਂ ਸ੍ਰੀ ਵਾਹਿਗੁਰੂ ਵਾਹਿਗੁਰੂ ਉਚਾਰਦੇ ਮੀਂਹ ਵਾਂਗ ਵਰ੍ਹਦੀਆਂ ਗੋਲੀਆਂ ਸਾਮ੍ਹਣੇ ਛਾਤੀਆਂ ਤਾਣਕੇ ਡਟੇ ਰਹੇ। ਗੋਲੀਆਂ ਤੇ ਇੱਟਾਂ ਵੱਟਿਆਂ ਦੀ ਵਾਛੜ ਦੇ ਨਾਲ ਹੀ ਜ਼ਾਲਮਾਂ ਵਲੋਂ ਸਿੰਘਾਂ ਉੱਤੇ ਫੁਲਾਂ ਉਤੇ ਪਾਣੀ ਤ੍ਰੌਂਕਣ ਵਾਲੇ ਫੁਹਾਰਿਆਂ ਨਾਲ ਤੇਜ਼ਾਬ ਭੀ ਸੁਟਿਆ ਗਿਆ ਪਰ ਸ੍ਰੀ ਕਲਗੀ-ਧਰ ਮਹਾਰਾਜ ਦੇ ਬਹਾਦਰ ਬਚੇ ਬੜੀ ਦ੍ਰਿੜ੍ਹਤਾ ਅਤੇ ਧੀਰਜ ਨਾਲ ਭਾਣੇ ਨੂੰ ਮਿੱਠਾ ਕਰਕੇ ਖਿੜੇ ਮਥੇ ਮੰਨਕੇ ਅਸਹਿ ਕਸ਼ਟ ਝਲਦੇ ਰਹੇ।

ਕਾਤਲਾਂ ਦਾ ਕੋਠਿਆਂ ਤੋਂ ਥਲੇ ਉਤਰਨਾ

ਜਦ ਮਹੰਤ ਦੇ ਬੰਦਿਆਂ ਨੇ ਕੋਠਿਆਂ ਤੇ ਖੜੋਕੇ ਚੰਗੀ ਤਰਾਂ ਗੋਲੀਆਂ ਦੀ ਚਾਂਦਮਾਰੀ ਕਰਕੇ ਬਹੁਤ ਸਾਰੇ ਸਿੰਘ ਸ਼ਹੀਦ ਕਰ ਦਿਤੇ, ਤਦ ਬਾਵਾ ਜਗਨ ਨਾਥ ਬੁਗਿਆਂ ਨੇ ਆਖਿਆ ਕਿ ਚਲੋ ਥਲੇ ਉਤਰੀਏ ਤੇ ਬਾਕੀ ਰਹਿੰਦਿਆਂ ਦਾ ਭੀ ਨਿਸ਼ਾਨ ਮੇਟ ਦੇਈਏ। ਬਾਵਾ ਜਗਨ ਨਾਥ ਹਥ ਵਿਚ ਪਸਤੌਲ ਫੜਕੇ *ਕ੍ਰਿਪੇ ਤੇ ਇੰਦਰ ਦਾਸ ਨੂੰ ਨਾਲ ਲੈਕੇ ਦਖਣੀ ਡਿਉੜ੍ਹੀ ਦੀਆਂ ਪੌੜੀਆਂ ਥਾਣੀਂ ਥਲੇ ਉਤਰੇ। ਇਨ੍ਹਾਂ ਦੇ ਮਗਰੇ ਮਗਰ ਰਿਹਾਣਾ ਮੇਂ ਤੇ ਚਾਰ ਹੋਰ ਬੰਦੂਕਾਂ ਵਾਲੇ ਸਨ, ਪਰ ਸਿੰਘ ਤਾਂ ਅਗੋਂ ਚੀਚੀ ਤਕ ਭੀ ਨਹੀਂ ਚੁਕਦੇ ਸਨ। ਇਨ੍ਹਾਂ ਥਲੇ ਜਾਂਦਿਆਂ ਹੀ ਦਖਣੀ ਡਿਉੜ੍ਹੀ ਦਾ ਬੂਹਾ ਖੋਲ੍ਹ ਦਿਤਾ। ਕਰੀਬਨ ਤ੍ਰੇਹਠ ਛਵ੍ਹੀਆਂ ਵਾਲੇ ਤੇ ਹੋਰ ਬਹੁਤ ਸਾਰੇ ਆਮ ਬੰਦੇ ਗੁਰਦੁਆਰੇ ਦੇ ਹਾਤੇ ਵਿਚ ਆ ਵੜੇ। ਲਾਲ ਦਾਸ ਨੇ ਹੁਕਮ ਦਿਤਾ ਕਿ ਛੇਤੀ ਨਾਲ ਹੁਣ ਅੰਦਰੋਂ ਬੂਹਾ ਬੰਦ ਕਰ ਦਿਓ ਮਤਾਂ ਕੋਈ ਸਿੰਘ ਦਾੱ ਬਚਾਕੇ ਬਾਹਰ ਨ ਨਿਕਲ ਜਾਵੇ, ਯਾ ਬਾਹਰੋਂ ਹੋਰ ਨਵਾਂ

*ਪੁਤ੍ਰ ਉਤਮੇ ਕਸੂਰੀਏ ਦਾ।

ਜਥਾ ਸਾਨੂੰ ਹੀ ਨਾ ਆ ਪਵੇ। ਸੋ ਇਨ੍ਹਾਂ ਨੇ ਅੰਦਰੋਂ ਬੂਹਾ ਬੰਦ ਕਰ ਲਿਆ,ਇਥੋਂ ਇਹ ਸ਼ੈਤਾਨੀ ਟੋਲਾ ਸਿਧਾ ਦਰਸ਼ਨੀ ਡਿਉੜੀ ਵਲ ਨੂੰ ਗਿਆ। ਜਾਂਦਿਆਂ ਹੀ ਬਾਗੀ ਸ਼ਾਹ, ਲਧੂ ਤੇ ਇੰਦਰ ਦਾਸ ਨੇ ਤਿੰਨਾਂ ਸਿੰਘਾਂ ਨੂੰ ਛਵ੍ਹੀਆਂ ਨਾਲ ਵਢ ਸੁਟਿਆ। ਇਨ੍ਹਾਂ ਤਿੰਨਾਂ ਸਿੰਘਾਂ ਪਾਸ ਸਫ਼ਾਜੰਗ ਸਨ, ਪਰ ਉਨ੍ਹਾਂ ਨੇ ਆਪਣੇ ਪ੍ਰਣ ਅਨੁਸਾਰ ਉਂਗਲ ਤਕ ਭੀ ਨਹੀਂ ਚੁਕੀ ਸੀ, ਸਗੋਂ ਇਨ੍ਹਾਂ ਨੇ ਜਦੋਂ ਛਵ੍ਹੀਆਂ ਉਗਰੀਆਂ ਤਾਂ ਸਿਰ ਨੀਵਾਂ ਕਰਕੇ ਮੁਖੋਂ ਵਾਹਿਗੁਰੂ ਵਾਹਿਗੁਰੂ ਉਚਾਰਦਿਆਂ ਧੌਣਾਂ ਝੁਕਾ ਦਿਤੀਆਂ ਤੇ ਇਨ੍ਹਾਂ ਵੈਰੀਆਂ ਨੇ ਕਸਾਈ ਦੇ ਬਕਰੇ ਵਾਂਗ ਸਿੰਘ ਕੋਹ ਸੁਟੇ। ਇਤਨੇ ਨੂੰ ਬੰਡਾਲਾ ਚਕ ਨੰਬਰ ੭੦ ਗੁਜਰ ਸਿੰਘ ਵਾਲਾ ਤੇ ੭੫ ਚਕ ਲੌਹਕਿਆਂ ਦੇ ਜਥੇ ਨੇ ਦਖਣੀ ਡਿਉੜੀ ਵਲ ਆਕੇ ਜੈਕਾਰਾ ਛਡ ਦਿਤਾ, ਤਦ ਸਭ ਕਾਤਲ ਇਨ੍ਹਾਂ ਨੂੰ ਸ਼ਹੀਦ ਕਰਨ ਲਈ ਦਖਣੀ ਡਿਉੜੀ ਵਲ ਨੂੰ ਉੱਠ ਨਸੇ। ਅਗੋਂ ਉਨ੍ਹਾਂ ਨੇ ਭੀ ਜ਼ਰਾ ਛਵ੍ਹੀਆਂ ਉਲੇਰੀਆਂ ਤੇ ਗੁਰਦੁਆਰੇ ਦੇ ਅੰਦਰ ਵੜਕੇ ਭਰਾਵਾਂ ਨੂੰ ਛੁਡਾਉਣ ਲਈ ਯਤਨ ਕੀਤਾ ਤਾਂ ਸਭ ਲਾਗੜ ਭੂਗੜ ਪਿਛਾਂਹ ਨੂੰ ਉੱਠ ਨਸੀ ਤੇ ਬੰਦੂਕਾਂ ਵਾਲੇ ਗੁਰਦੁਆਰੇ ਦੇ ਬੂਹੇ ਅਗੇ ਗੋਲੀਆਂ ਭਰਕੇ ਖੜੇ ਗਏ, ਇਸ ਤਰਾਂ ਮੁਕਾਬਲਾ ਕਰਦੇ ਹੋਏ ਉਹ ਰੇਲ ਦੀ ਲਾਈਨ ਨੂੰ ਭਜ ਗਏ।*

ਕੋਟ ਦਰਬਾਰ ਦੇ ਮੁਜ਼ਾਰੇ ਜੋ ਦਰਸ਼ਨੀ ਡਿਉੜੀ ਵਿਚੋਂ ਬੂਹਾ ਖੋਲ੍ਹਕੇ ਉੱਠ ਨਸੇ ਸਨ, ਉਹ ਇਸ ਵੇਲੇ ਰੇਲ ਦੀ ਲੈਨ ਤੇ ਆਕੇ ਖੜੋ ਗਏ ਸਨ ਤੇ ਆਪੋ ਵਿਚ ਆਖਣ ਲਗੇ ਕਿ ਵੇਖੀਏ ਹੁਣ ਕੀ ਹੁੰਦਾ ਹੈ। ਇਤਨੇ ਨੂੰ ਲਾਲ ਦਾਸ ਇਕ ਟੋਲੀ ਨਾਲ ਇਸ ਜਥੇ ਦੇ ਮਗਰ ਚਲਾ ਗਿਆ ਤੇ ਇਨ੍ਹਾਂ ਨੂੰ ਆਵਾਜ਼ ਮਾਰਕੇ ਕਿਹਾ ਕਿ ਸਭ ਮੁਜ਼ਾਰੇ ਅੰਦਰ ਚਲਕੇ ਸੇਵਾ ਕਰੋ, ਚੌਖੰਡੀ ਵਿਚ ਅਜੇ ਹੋਰ ਭੀ ਸਿੰਘ ਬੈਠੇ ਹਨ। ਇਨ੍ਹਾਂ ਨੇ ਐਵੇਂ ਦੱਾ ਬਚਾਉਣ ਲਈ ਵੌਘੜਾ ਮਾਰਿਆ ਕਿ ਸਾਨੂੰ ਤਾਂ ਇਥੇ ਵਡੇ ਮਹੰਤ ਹੋਰੀ ਖੜੇ ਕਰ ਗਏ ਹਨ ਕਿ ਇਧਰੋਂ ਹੋਰ ਕੋਈ ਐਰ ਗ਼ੈਰ ਬੰਦਾ ਨ ਆਵੇ।

ਹਰੀ ਨਾਥ ਜੋਗੀ, ਕਾਹਨ ਸਿੰਘ ਕੱਬੇ ਅਤੇ ਗੁਰਮੁਖ ਦਾਸ ਨੇ ਇਨ੍ਹਾਂ ਦੇ

*ਪੂਰੇ ਵੇਰਵੇ ਲਈ ਵੇਖੋ ਜੀਵਨ ਭਾਈ ਈਸ਼ਰ ਸਿੰਘ ਜੀ ਧਾਰੋਵਾਲੀ ਤੇ ਭਾਈ ਨਰੈਣ ਸਿੰਘ ਜੀ ਚਕ ਨੰ: ੭੫ ਲਹੁਕੇ ਦਾ।

ਅਜਰ ਖੇੜਾਂ

ਕਾਲ ਜਾਲ ਅਰ ਮਹਾ ਜੰਜਾਲਾ ਛੁਟਕੇ ਜਮਹਿ ਡਰਾ ।
ਅਪਿਉ ਪੀਉ ਗਤੁ ਥੀਉ ਭਰਮਾ, ਕਹੁ ਨਾਨਕ ਅਜਰੁ ਜਰਾ ।



[illegible] ਹਾਲਤ ਨਾਲ ਮਿੰਟੀ ਦੇ ਤੇਲ ਦੇ ਪੀਪੇ ਹਨ ।

ਸਾਮ੍ਹਣੇ ਭਾਈ ਈਸ਼ਰ ਸਿੰਘ ਜਥੇਦਾਰ ਨੂੰ ਛਵ੍ਹੀਆਂ ਨਾਲ ਬੜੀ ਬੇਕਿਰਕੀ ਨਾਲ ਸ਼ਹੀਦ ਕਰ ਦਿਤਾ। ਇਹ ਧਾੜ ਜਦ ਜਨਮ ਅਸਥਾਨ ਨੂੰ ਵਾਪਸ ਮੁੜੀ ਤਾਂ ਹਰੀ ਨਾਥ ਜੋਗੀ ਉੱਚੀ ਉੱਚੀ ਟਾਹਰਾਂ ਮਾਰੇ ਕਿ ਹੁਣ ਕੋਈ ਪ੍ਰਵਾਹ ਨਹੀਂ ਹੈ, ਸਿਖ ਕੋਈ ਜੀਉਂਦਾ ਨ ਛਡੋ,ਖੂੰਨ ਇਕ ਕੀ ਤੇ ਸੌ ਕੀ ਇਕੋ ਹੀ ਗਲ ਹੈ। ਇਸ ਸ਼ਹੀਦੀ ਜਥੇ ਦੇ ਪਿਛਾਂਹ ਮੁੜਨ ਸਮੇਂ ਸ਼ਹੀਦੀ ਬਾਗ ਵਾਲੇ ਬੰਨੇ ਵਖ ਵਖ ਥਾਵਾਂ ਤੇ ਪੰਜ ਪੌੜੀਆਂ ਲਗੀਆਂ ਹੋਈਆਂ ਸਨ। ਇਹ ਕਾਤਲਾਂ ਦਾ ਟੋਲਾ ਇਨ੍ਹਾਂ ਪੌੜੀਆਂ ਰਾਹੀਂ ਜਨਮ ਅਸਥਾਨ ਦੇ ਦੁਆਲੇ ਦੀਆਂ ਕੰਧਾਂ ਤੇ ਕੋਠਿਆਂ ਉਤੇ ਚੜ੍ਹ ਗਿਆ। ਇਸ ਵੇਲੇ ਬਾਗ਼ੀ, ਪਿਆਰਾ ਦਾਸ ਤੇ ਲਧੂ ਜ਼ਖ਼ਮੀਆਂ ਨੂੰ ਛਵ੍ਹੀਆਂ ਨਾਲ ਵਢੀ ਜਾਂਦੇ ਸਨ ਤੇ ਦੋਵੇਂ ਭਰਾ ਮਾਛੀ ਸਮਾਧਾਂ ਤੇ ਕੋਠੜੀਆਂ ਵਿਚੋਂ ਲਭ ਲਭਕੇ ਰਹਿੰਦੇ ਖੂੰਹਦੇ ਸਿੰਘਾਂ ਨੂੰ ਗੋਲੀਆਂ ਨਾਲ ਜ਼ਖ਼ਮੀ ਕਰੀ ਜਾਂਦੇ ਸਨ।

ਚਿਖਾ ਰਚਨੀਆਂ

ਕੋਈ ਅਟੇ ਸਟੇ ਸਾਢੇ ਅਠ ਵਜੇ ਦਾ ਸਮਾ ਹੋਵੇਗਾ ਕਿ ਲਾਲ ਦਾਸ ਨੇ ਹੁਕਮ ਦਿਤਾ ਕਿ ਸਭ ਲਾਸ਼ਾਂ ਪਹਾੜ ਦੀ ਬਾਹੀ ਵਲ ਇਕੱਠੀਆਂ ਕਰਕੇ ਮਿੱਟੀ ਦਾ ਤੇਲ ਪਾਕੇ ਸਾੜ ਦਿਓ ਤਾਂ ਜੁ ਮੁੱਦੇ ਦਾ ਖੁਰਾ ਖੋਜ ਮਿਟ ਜਾਵੇ। ਇਸ ਵੇਲੇ ਬਹੁਤ ਸਾਰੀ ਖ਼ਲਕਤ ਗੁਰਦੁਆਰੇ ਦੇ ਅੰਦਰ ਆ ਚੁਕੀ ਸੀ। ਗੁਰਦਿਤ ਸਿੰਘ ਕੁਝ ਬੰਦਿਆਂ ਨੂੰ ਨਾਲ ਲੈਕੇ ਕੋਠੜੀਆਂ ਵਿਚੋਂ ਘਾਸ ਫੂਸ ਤੇ ਤੇਲ ਦੇ ਪੀਪੇ ਬਾਹਰ ਕਢ ਲਿਆਇਆ, ਜੋ ਪਹਿਲਾਂ ਹੀ ਇਸੇ ਮਤਲਬ ਲਈ ਜਮ੍ਹਾਂ ਕੀਤੇ ਹੋਏ ਸਨ। ਕਾਹਨ ਸਿੰਘ ਕੱਬਾ ਕੋਟ ਸਾਧੂ ਰਾਮ, ਬਾਗੀ ਖਤ੍ਰੀ, ਲਧੂ ਲੰਙਾ, ਸ਼ੇਰ ਸਿੰਘ ਪੁਤ੍ਰ ਜਵਾਲਾ ਸਿੰਘ ਨਨਕਾਣਾ ਸਾਹਿਬ ਬਹੁਤ ਸਾਰੇ ਚੂੜ੍ਹਿਆਂ ਚਪੜਿਆਂ ਨੂੰ ਨਾਲ ਲੈਕੇ ਸਿੰਘਾਂ ਨੂੰ ਕੇਸਾਂ ਤੋਂ ਫੜਕੇ ਧੂਹੀ ਆਉਂਦੇ ਸਨ ਤੇ ਵਖ ਵਖ ਥਾਂ ਪੰਜਾਂ ਢੇਰਾਂ ਵਿਚ ਸਿੰਘਾਂ ਦੀਆਂ ਦੇਹੀਆਂ ਲਕੜਾਂ ਦੇ ਟਾਲ ਵਾਂਗ ਜੋੜ ਦਿਤੀਆਂ, ਇਨ੍ਹਾਂ ਵਿਚੋਂ ਬਹੁਤੇ ਗੁਰੂ ਦੁਲਾਰੇ ਅਜੇ ਸਿਸਕਦੇ ਹੀ ਸਨ।


ਮੇਲਾ ਸਿੰਘ ਪੁਤ੍ਰ ਗੁਜਰ ਸਿੰਘ ਸੈਣੀ, ਛਜੂ ਪੁਤ੍ਰ ਬਸੰਤਾ ਤੇ ਬਸੰਤ ਸਿੰਘ

ਪੁਤ੍ਰ ਝੰਡਾ ਸਿੰਘ* ਤੇਲ ਦੇ ਪੀਪੇ ਖੋਲ੍ਹ ਖੋਲ੍ਹ ਲਾਸ਼ਾਂ ਉਪਰ ਡੋਲ੍ਹੀ ਜਾਂਦੇ ਸਨ। ਜਦ ਸਭ ਢੇਰ ਤੇਲ ਨਾਲ ਤਰ-ਬਤਰ ਹੋ ਗਏ, ਤਦੋਂ ਗੁਰਦਿਤ ਸਿੰਘ, ਮੀਹਾਂ ਸਿੰਘ ਬਕਰੀਆਂ ਵਾਲਾ ਤੇ ਕੁਝ ਨਾਂਗੇ ਸਾਧਾਂ ਨੇ ਤੀਲੀਆਂ ਬਾਲਕੇ ਅੱਗ ਲਾ ਦਿਤੀ। ਜਦੋਂ ਕਈ ਮਣ ਲਕੜਾਂ ਦੀ ਅੱਗ ਦਾ ਭਾਂਬੜ ਮਚਕੇ ਕੋਠਿਆਂ ਤੋਂ ਉੱਚੇ ਲੰਬੂ ਨਿਕਲਨ ਲਗੇ ਤਾਂ ਇਸ ਵੇਲੇ ਇਨ੍ਹਾਂ ਢੇਰਾਂ ਵਿਚ ਕਈ ਜੀਉਂਦੇ ਤੇ ਸਿਸਕਦੇ ਸਿੰਘ ਬਹੁਤ ਤੜਫ਼ਦੇ ਸਨ। ਉਨ੍ਹਾਂ ਦੇ ਮੁਖੋਂ ਦਿਲ ਨੂੰ ਹਿਲਾ ਦੇਣ ਵਾਲੀ ਵਾਹਿਗੁਰੂ ਵਾਹਿਗੁਰੂ ਦੀ ਹੂਕ ਨਿਕਲਦੀ ਸੀ। ਦੋ ਸਿੰਘ ਅੱਗ ਲਗਣ ਸਮੇਂ ਚਿਖਾ ਵਿਚੋਂ ਉਤਾਂਹ ਉਠੇ ਤਾਂ ਆਤਮਾ ਰਾਮ ਨੇ ਛਵ੍ਹੀ ਮਾਰੀ। ਫ਼ਰੀਦ ਤੇ ਕਾਦਰ ਪਠਾਣ ਨੇ ਮੁੜ ਇਨ੍ਹਾਂ ਨੂੰ ਡਾਂਗਾਂ ਮਾਰਕੇ ਅੱਗ ਦੇ ਵਿਚੇ ਸੁਟ ਦਿਤਾ। ਇਸੇ ਵੇਲੇ ਰਾਖ਼ਸ਼ਾਂ ਦਾ ਰੂਪ ਧਾਰੀ ਨਰੈਣ ਦਾਸ ਗੁਰਦੁਆਰੇ ਦੇ ਅੰਦਰ ਆਇਆ ਤੇ ਹੁਕਮ ਦਿਤਾ ਕਿ ਚਾਰ ਪੰਜ ਲਾਸ਼ਾਂ ਸਬੂਤੀਆਂ ਰਖਕੇ ਬਾਕੀ ਸਭ ਫੂਕਕੇ ਨਿਸ਼ਾਨ ਮੇਟ ਦਿਓ, ਸੋ ਉਸ ਦੀ ਕੀਤੀ ਹਦਾਇਤ ਅਨੁਸਾਰ ਕਾਤਲਾਂ ਨੇ ਏਦਾਂ ਹੀ ਕੀਤਾ। ਜਿਸ ਵੇਲੇ ਜ਼ਖ਼ਮੀਆਂ ਤੇ ਮੁਰਦਿਆਂ ਨੂੰ ਇਹ ਘਸੀਟ ਘਸੀਟ ਕੇ ਬਲ ਰਹੀਆਂ ਚਿਖਾਵਾਂ ਵਿਚ ਸੁਟੀ ਜਾਂਦੇ ਸਨ, ਤਦ ਇਸ ਸਮੇਂ ਨਿਹਾਲ ਸਿੰਘ ਕੋਟ ਦਰਬਾਰ ਨੇ ਦਰਸ਼ਨੀ ਡਿਉੜੀ ਵਿਚ ਘਾਇਲ ਹੋਏ ਇਕ ਸਿੰਘ ਨੂੰ ਪੁਛਿਆ, ਸੁਣਾ ਭਾਈ ਕੀ ਹਾਲ ਹੈ। ਇਥੇ ਗੁਰਦੁਆਰੇ ਆਕੇ ਕੀ ਖਟਿਆ ਈ ? ਤਦ ਉਸ ਨੇ ਉੱਤਰ ਦਿਤਾ ਕਿ ਦੋ ਘੁਟ ਪਾਣੀ ਦੇ ਪਿਲਾ ਫੇਰ ਗਲ ਕਰਦਾ ਹਾਂ। ਨਿਹਾਲ ਸਿੰਘ ਬਾਉਲੀ ਤੋਂ ਪਾਣੀ ਦੀ ਗੜਵੀ ਭਰਕੇ ਲੈ ਆਇਆ ਤੇ ਅਜੇ ਚੁਲੀ ਭਰਕੇ ਉਸਦੇ ਮੂੰਹ ਵਿਚ ਪਾਣੀ ਚੋਣ ਹੀ ਲਗਾ ਸੀ, ਤਦ ਝਟ ਲਧੂ ਲੰਙੇ ਨੇ ਘੂਰਕੇ ਆਖਿਆ ਕਿ ਉਹ ਨਿਹਾਲੂ, ਤੂੰ ਸਾਡੇ ਦੁਸ਼ਮਨਾਂ ਨੂੰ ਪਾਣੀ ਪਿਲਾਉਂਦਾ

*ਚੋਦਾਂ ਤੇਲ ਦੇ ਪੀਪੇ ੧੯ ਫ਼ਰਵਰੀ ਰਾਤ ਨੂੰ ਤੇ ੧੧ ਪੀਪੇ ੨੦ ਫ਼ਰਵਰੀ ਸਵੇਰੇ ਮੁਹੰਮਦ ਹੁਸੈਨ ਤੇ ਮੁਹੰਮਦ ਖੋਜੇ ਪਾਸੋਂ ਆਏ ਸਨ। ਜਦ ਇਹ ਤੇਲ ਭੀ ਬੁਝ ਗਿਆ ਤਾਂ ੨੦ ਫ਼ਰਵਰੀ ਸਾਢੇ ਨੌ ਵਜੇ ਦੇ ਕਰੀਬ ਲਧਾ ਰਾਮ ਖੇਦਾ ਤੇ ਅਮੀਰ ਉਲਾ, ਮੱਘਾ ਸਿੰਘ ਸੈਣੀ ਦਾ ਗੱਡਾ ਲੈਕੇ ਦੂਜੀ ਵੇਰ ਹੁਸੈਨ ਖੋਜੇ ਦੀ ਹੱਟੀਓਂ ਤੇਲ ਲੈਣ ਗਏ। ਉਸ ਦੀ ਦੁਕਾਨ ਤੋਂ ਤੇਲ ਮੁਕ ਚੁਕਾ ਸੀ, ਉਹ ਇਨ੍ਹਾਂ ਨੂੰ ਨਾਲ ਲੈਕੇ ਗਿਰਧਾਰੀ ਰਾਮ ਜੈਰਾਮ ਦਾਸ ਵਲ ਲੈ ਗਏ, ਦੁਕਾਨ ਉਤੇ ਬੈਠੇ ਅਨੋਖੇ ਛਾਬੜੇ ਨੇ ਤੇਲ ਦੇਣ ਤੋਂ ਇਨਕਾਰ ਕਰ ਦਿਤਾ, ਤਦ ਅਗਾਂਹ ਨੂੰ ਤੁਰ ਗਏ। ਹੁਸੈਨ ਨੇ, ਅਲਾ ਬਖ਼ਸ਼ ਸੁਦਾਗਰ ਦੀਨ ਖੋਜੇ ਨੂੰ ਇਸ਼ਾਰਾ ਕੀਤਾ ਕਿ ਉਹ ਅਨੋਖੇ ਪਾਸੋਂ ਤੇਲ ਆਪਣੀ ਦੁਕਾਨ ਤੇ ਮੰਗਾਕੇ ਸਾਨੂੰ ਦੇ ਦੇਵੇ। ਉਸਨੇ ਇਕ ਸੌ ਦਾ ਨੋਟ ਲੈਕੇ ਵੀਹ ਪੀਪੇ ਤੇਲ ਦੇ ਮੰਗਾ ਦਿਤੇ ਜੋ ਇਹ ਗੱਡੇ ਤੇ ਰਖਕੇ ਲੈ ਆਏ।

ਦਿਲ ਕੰਬਾਊ ਦ੍ਰਿਸ਼ਯ

ਮਿਟਿ ਗਏ ਗਵਣ ਪਾਏ ਬਿਸਰਾਮ । ਨਾਨਕ ਪ੍ਰਭ ਕੈ ਸਦ ਕੁਰਬਾਨ ।



ਜੋ ਜੋ ਸਹਿਤ ਜਾਤਨਾ ਦੇਹ । ਪ੍ਰਭੂ ਕੇ ਸੰਗ ਨ ਛਾਡਤ ਨੇਹ । ਤੇ ਤੇ ਪਰਮ ਪੁਰੀ ਕੋ ਜਾਹੀ । ਤਿਨ ਹਰ ਸਿਉਂ ਅੰਤਰ ਕਿਛ ਨਾਹੀ ।

ਸੜੀਆਂ ਹੋਈਆਂ ਦੇਹਾਂ ਦਾ ਇਕ ਹੋਰ ਫੇਰ ।

ਹੈਂ ! ਤੇਰੀ ਭੀ ਖੈਰ ਨਹੀਂ ?

ਇਹ ਗਲ ਆਖਦੇ ਸਾਰ ਝਟ ਛਵ੍ਹੀ ਦੀ ਹੁਜ ਮਾਰਕੇ ਪਾਣੀ ਦੀ ਗੜਵੀ ਭੁੰਜੇ ਡੋਲ੍ਹ ਦਿਤੀ। ਇਸ ਸਮੇਂ ਉਸ ਕਲਗੀਆਂ ਵਾਲੇ ਦੇ ਬੀਰ ਬਹਾਦਰ ਨੇ ਆਵਾਜ਼ ਦਿਤੀ ਕਿ ਆ ਫੇਰ ਕਰ ਦੇ ਸ਼ਹੀਦ ਹੁਣ ਹੋਰ ਫੇਰ ਇਸ ਨਾਲੋਂ ਕੇਹੜਾ ਵੇਲਾ ਚੰਗਾ ਹੈ। ਲਧੂ ਬੁਲਬੁਲੀ ਮਾਰਕੇ ਅਗੇ ਵਧਿਆ ਤੇ ਛਵ੍ਹੀ ਮਾਰਕੇ ਉਸਦਾ ਸਿਰ ਧੜ ਨਾਲੋਂ ਵਖ ਕਰ ਦਿਤਾ ਤੇ ਧਮਾਲਾਂ ਪਾਉਂਦਾ ਚੁਖੰਡੀ ਵਲ ਨੂੰ ਭਜ ਗਿਆ। ਇਸ ਦੇ ਪਿਛੋਂ ਇਕ ਹੋਰ ਸਿੰਘ ਸਮਾਧਾਂ ਵਲੋਂ ਨਿਕਲਕੇ ਬਾਹਰ ਆਇਆ ਤੇ ਆਖਣ ਲਗਾ "ਕਿਉਂ ਭਾਈ ਗੁਰਮੁਖੋ, ਮੇਰੇ ਸਾਥੀ ਸਿੰਘ ਸਭ ਸ਼ਹੀਦ ਹੋ ਗਏ ?" ਲਧੂ ਨੇ ਉੱਤਰ ਦਿਤਾ—ਸਭ ਦੀ ਅਲਖ ਮੁਕਾ ਦਿਤੀ ਹੈ। ਤਾਂ ਇਸ ਗੁਰੂ ਕੇ ਲਾਲ ਨੇ ਭੀ ਸੀਸ ਝੁਕਾ ਦਿਤਾ ਤੇ ਆਖਿਆ ਕਿ ਲਓ ਫੇਰ ਬੇਲੀਓ, ਮੈਨੂੰ ਭੀ ਸ਼ਹੀਦ ਕਰਕੇ ਸਾਥੀਆਂ ਨਾਲ ਮੇਲ ਦਿਓ। ਇੰਦਰ ਦਾਸ ਨੇ ਛਵ੍ਹੀ ਮਾਰੀ ਤੇ ਸੀਸ ਉਤਾਰ ਦਿਤਾ। ਉਸ ਪਿਆਰੇ ਦਾ ਸਿਰ ਬੁੜ੍ਹਕਕੇ ਕਿਤਨੀ ਦੂਰ ਜਾਕੇ ਡਿਗਾ।

ਨਰੈਣ ਦਾਸ ਦੇ ਗੁਰਭਾਈ *ਦੇਵਾ ਦਾਸ ਨੇ ਸ਼ਹੀਦੀ ਖ਼ੂਨ ਜੀਭ ਨਾਲ ਚਟਿਆ, ਤੇ ਲਲਕਾਰਾ ਮਾਰਿਆ ਕਿ ਅਜ ਸਾਡੀ ਛਾਤੀ ਠੰਢੀ ਹੋਈ ਹੈ। ਜਦੋਂ ਸ਼ਹੀਦੀ ਚਿਤਾਵਾਂ ਦੇ ਭਾਂਬੜ ਲਟ ਲਟ ਕਰਕੇ ਬਲ ਰਹੇ ਸਨ ਉਸ ਵੇਲੇ ਤਿੰਨ ਸਿੰਘ ਕੋਠੜੀਆਂ ਵਿਚੋਂ ਜੀਉਂਦੇ ਮਿਲੇ, ਉਨ੍ਹਾਂ ਨੂੰ ਭੀ ਕੇਸਾਂ ਤੋਂ ਫੜਕੇ ਖਰੜ ਖਰੜ ਕਰਦਿਆਂ ਬਾਹਰ ਧੂਹ ਆਂਦਾ ਤੇ ਵਡੇ ਬਲਦੇ ਭਾਂਬੜ ਵਿਚ ਜੀਉਂਦੇ ਹੀ ਸੁਟਣ ਲਗੇ। ਅਗੋਂ ਅਗ ਦਾ ਸੇਕ ਬਹੁਤ ਜ਼ੋਰ ਦਾ ਹੋਣ ਕਰਕੇ ਕਿਸੇ ਪਾਸੋਂ ਅਗੇ ਹੋਕੇ ਅਗ ਵਿਚ ਸੁਟਿਆ ਨ ਗਿਆ। ਤਦ ਅੰਤ ਦੀ ਬਾਕੀ ਸ਼ਹੀਦੀ ਜੰਡ ਥਲੇ ਬਹਾਕੇ ਉਪਰ ਮਿੱਟੀ ਦੇ ਤੇਲ ਦਾ ਪੀਪਾ ਮਧਿਆ ਦਿਤਾ, ਤੇ ਅਗ ਲਾ ਕੇ ਜੀਉਂਦਿਆਂ ਨੂੰ ਹੀ ਭੜਥਾ ਕਰ ਦਿਤਾ ਗਿਆ। ਹਰਭਜ ਪੁਤ੍ਰ ਕਾਲੂ ਛਾਬੜਾ ਲਾਸ਼ਾਂ ਦੇ ਝੁਲਸੇ ਹੋਏ ਸਿੜ੍ਹੀ ਤੋਂ ਡਿਗੇ ਟੋਟੇ ਹੁਝਾਂ ਮਾਰ ਮਾਰ ਕੇ ਅਗੇ ਅਗ ਵਲ ਕਰੀ ਜਾਂਦਾ ਸੀ।

* ੨ ਅਗਸਤ ਸੰ: ੧੯੩੧ ਈ: ਨੂੰ ਮਰ ਚੁਕਾ ਹੈ।

ਚੁਖੰਡੀ ਦਾ ਬੂਹਾ ਤੋੜਨਾ


ਇਸ ਵੇਲੇ ਅਗ ਚੰਗੀ ਤਰ੍ਹਾਂ ਮਚ ਰਹੀ ਸੀ । ਕਾਤਲਾਂ ਵਿਚੋਂ ਇਕ ਬੰਦਾ ਦੱਖਣੀ ਡਿਉੜੀ ਥਾਣੀ ਬਾਹਰ ਗਿਆ, ਤੇ ਮਹੰਤ ਨੂੰ ਆਖਣ ਲਗਾ ਕਿ ਚੁਖੰਡੀ ਦੇ ਅੰਦਰ ਭੀ ਬਹੁਤ ਸਾਰੇ ਸਿੰਘ ਅੰਦਰੋਂ ਬੂਹੇ ਮਾਰਕੇ ਬੈਠੇ ਹਨ, ਬਾਹਰ ਵਾਲੇ ਸਭ ਸਾੜ ਦਿਤੇ ਹਨ । ਹੁਣ ਦਸੋ ਉਨ੍ਹਾਂ ਅੰਦ੍ਰਲਿਆਂ ਦਾ ਕੀ ਕਰੀਏ ? "ਮਹੰਤ ਨੇ ਆਖਿਆ ਹੁਣ ਕੇਹੜਾ ਵੇਲਾ ਹੈ, ਉਨ੍ਹਾਂ ਨੂੰ ਭੀ ਮਾਰਕੇ ਬੰਨੇ ਲਾ ਦਿਓ, ਇਸ ਵੇਲੇ ਸੁਸਤੀ ਕਰਨ ਦਾ ਸਮਾਂ ਨਹੀਂ ਹੈ"। ਇਸ ਨੇ ਅੰਦਰ ਆਉਂਦਿਆਂ ਹੀ ਮਹੰਤ ਦਾ ਸੁਨੇਹਾ ਦਿਤਾ । ਸਭ ਕਾਤਲਾਂ ਨੇ ਮਿਲਕੇ ਗੁਰਦੁਆਰੇ ਦੀਆਂ ਚੂਥੀਆਂ ਪੁਟਣੀਆਂ ਸ਼ੁਰੂ ਕਰ ਦਿਤੀਆਂ, ਪਰ ਸਫਲਤਾ ਪ੍ਰਾਪਤ ਨ ਹੋਈ । ਇਸ ਦੇ ਪਿਛੋ ਲਾਲ ਦਾਸ ਨੇ ਬੰਦਾ ਘਲਕੇ *ਆਤਮਾ ਸਿੰਘ ਤ੍ਰਖਾਣ ਨੂੰ ਸਦਵਾਇਆ। ਇਸ ਨੇ ਆਉਂਦਿਆਂ ਹੀ ਗੁਰਦੁਆਰਾ ਜਨਮ ਅਸਥਾਨ ਦੇ ਲਹਿੰਦੇ ਬੂਹੇ ਦੇ ਤਖ਼ਤਿਆਂ ਦੇ ਚਾਂਦੀ ਦੇ ਪੱਤ੍ਰਿਆਂ ਤੇ ਬਾਜੂਆਂ ਵਿਚ ਸੂੰਬੇ ਖਭੋ ਖਭੋ ਕੇ ਕੁੰਡੇ ਦੀਆਂ ਝੜਾਂ ਲਭਣੀਆਂ ਸ਼ੁਰੂ ਕੀਤੀਆਂ, ਪਰ ਬਹੁਤ ਟਕਰਾਂ ਮਾਰਨ ਤੇ ਭੀ ਉਸ ਨੂੰ ਝੜਾਂ ਨਾ ਲਭੀਆਂ । ਤਦ ਉਸ ਨੇ ਬੂਹੇ ਵਿਚ ਸੱਬਰੇ ਨਾਲ ਅੱਠ ਇੰਚ ਦੇ ਕ਼ਰੀਬ ਮਗੋਰਾ ਕਰ ਦਿਤਾ । ਇਸ ਖਪੇ ਥਾਣੀ ੪੫ ਪਸਤੌਲ ਦੇ ਫ਼ਾਇਰ ਗਿਣਕੇ ਬਾਵਾ ਜਗਨ ਨਾਥ ਬੈਰਾਗੀ ਬੁਗਿਆਂ ਨੇ ਕੀਤੇ। ਇਸ ਦੇ ਮਗਰੋਂ ਰਾਂਝੇ, ਰਤਨ ਸਿੰਘ, ਭਾਗ ਸਿੰਘ ਤੇ ਵਸਾਖਾ ਸਿੰਘ ਨੇ ਬੰਦੂਕਾਂ ਤੇ ਪਸਤੌਲਾਂ ਦੀਆਂ ਬੇਸ਼ੁਮਾਰ ਜਨਮ ਅਸ-ਥਾਨ ਦੇ ਅੰਦਰ ਗੋਲੀਆਂ ਚਲਾਈਆਂ । ਇਨ੍ਹਾਂ ਗੋਲੀਆਂ ਦੇ ਨਿਸ਼ਾਨ ਇਕ ਕੰਧ ਤੇ ਡੇਢ ਸੌ ਦੇ ਕ਼ਰੀਬ ਤੇ ਦੂਜੀ ਤੇ ੪੫੪ ਅਫ਼ਸਰਾਂ ਨੇ ਮੌਕੇ ਸਮੇਂ ਗਿਣਤੀ ਕੀਤੇ ਤੇ ਅਦਾਲਤ ਵਿਚ ਪੇਸ਼ ਹੋਣ ਵਾਲੇ ਨਕਸ਼ੇ ਵਿਚ ਵੀ ਵਿਖਾਏ ਗਏ ਸਨ ।

ਜਿਸ ਸਮੇਂ ਕਾੜ ਕਾੜ ਗੋਲੀਆਂ ਚਲ ਰਹੀਆਂ ਸਨ ਅੰਦਰੋਂ 'ਧਨ ਗੁਰੂ

---

*ਆਤਮਾ ਸਿੰਘ ਤਰਖ਼ਾਣ ਦਾ ਜਦ ਅੰਤ ਸਮਾਂ ਨੇੜੇ ਆਇਆ ਤਾਂ ਇਸਦੀ ਦੇਹ ਫਿਟ ਗਈ, ਤੇ ਉਸ ਵਿਚ ਕੀੜੇ ਪੈ ਗਏ । ਅਜਿਹਾ ਗੰਦਾ ਨਾਬੂਰ ਵਗੇ ਕਿ ਕਿਸੇ ਪਾਸੋਂ ਲਾਗੇ ਖੜੋਤਾ ਨਾ ਜਾਵੇ । ਬੜੀ ਔਖੀ ਅੜਾ ਅੜਾ ਕੇ ਜਿੰਦ ਨਿਕਲੀ । ਸਸਕਾਰ ਸਮੇਂ ਇਸਦੀ ਸਿੜੀ ਫਟ ਗਈ, ਤੇ ਲੋਥ ਰਿੜ੍ਹਕੇ ਥਲੇ ਡਿਗ ਪਈ । ਲੋਕੀਂ ਆਖਦੇ ਸਨ ਕਿ ਇਸ ਨੂੰ ਸ਼ਹੀਦਾਂ ਦਾ ਸਰਾਪ ਲਗਾ ਹੈ । ਜੋ ਇਸਤਰਾਂ ਦੀ ਭੈੜੀ ਮੌਤੇ ਮਰਿਆ ਹੈ ।

ਸ਼ਹੀਦੀ ਦਰਵਾਜ਼ਾ



ਇਹ ਦਰਵਾਜ਼ਾ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਲਹਿੰਦੇ ਬੰਨੇ ਹੈ, ਜਿਸ ਵਿਚ ਨੰਬਰ ੧ ਵਾਲੀ
ਕਾਲੀ ਥਾਂ ਤੇ ਮਘੋਰਾ ਕਰਕੇ ਜਨਮ ਅਸਥਾਨ ਦੇ ਅੰਦਰ ਗੋਲੀਆਂ ਚਲਾਕੇ
ਨਿਰਦੋਸ਼ ਸਿੰਘਾਂ ਨੂੰ ਦਾਣਿਆਂ ਵਾਂਗ ਭੁੰਨਿਆ ਗਿਆ।

ਗੋਲੀਆਂ ਦੇ ਨਿਸ਼ਾਨ




ਸ਼ਾਂਤੀ ਦੇ ਅਵਤਾਰ ਨਿਰੰਕਾਰੀ ਬਾਬੇ ਦੇ ਸਚਖੰਡੀ ਦਰਬਾਰ ਅੰਦਰ ਬੰਦੂਕਾਂ ਅਤੇ ਪਸਤੌਲਾਂ ਦੀਆਂ ਗੋਲੀਆਂ ਦੇ

ਮੰਜੀ ਸਾਹਿਬ



ਸੰਗਮਰਮਰ ਦੀ ਇਹ ਮੰਜੀ ਸਾਹਿਬ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਹੈ। ਜਦ ਜ਼ਾਲਮਾਂ ਨੇ ਲਹਿੰਦੇ ਦੇ ਵ
ਵਿਚ ਮਘੌਤਾ ਕਰਕੇ ਗੁ: ਜਨਮ ਅਸਥਾਨ ਦੇ ਅੰਦਰ ਗੋਲੀਆਂ ਚਲਾਈਆਂ ਤਾਂ ਨੰਬਰ ੧, ੨, ੩ ਅਤੇ ਛਾਂ
ਇਸ ਵਿਚ ਭੀ ਗੋਲੀਆਂ ਵਜੀਆਂ। ਤਸਵੀਰ ਵਿਚ ਨਿਸ਼ਾਨ ਸਾਫ਼ ਨਜ਼ਰ ਆਉਂਦੇ ਹਨ।

ਸ਼ਹੀਦੀ ਚੁਬੱਚਾ



ਇਹ ਚੁਬੱਚਾ ਗੁਰਦੁਆਰਾ ਜਨਮ ਅਸਥਾਨ ਦੇ ਦਖਣ ਦੇ ਬੂਹੇ ਵਲ ਹੈ। ਗੁਰਦੁਆਰੇ ਦੇ ਅੰਦਰੋਂ ਜੋ ਸ਼ਹੀਦਾਂ ਦਾ ਖ਼ੂਨ ਵਗ ਰਿਹਾ ਮੀ ਉਸ ਨਾਲ ਇਹ ਚੁਬੱਚਾ ਨੱਕਾ ਨੱਕ ਭਰਕੇ ਉਪਰ ਦੀ ਉਛਲਕੇ ਖ਼ੂਨ ਦੇ ਰੋੜ੍ਹ ਚਲੇ ਹੋਏ ਸਨ।

ਨਾਨਕ'ਦੇ ਜੈਕਾਰਿਆਂ ਦੀ ਆਵਾਜ਼ ਆਉਂਦੀ ਸੀ। ਦਖਣੀ ਬੂਹੇ ਦੀ ਮੋਰੀ ਥਾਣੀ ਫੂਲ ਫੂਲ ਪਾਣੀ ਵਾਂਗ ਸ਼ਹੀਦੀ ਖ਼ੂੰਨ ਵਗਕੇ ਚੁਖੰਡੀ ਵਿਚੋਂ ਬਾਹਰ ਨਿਕਲ ਰਿਹਾ ਸੀ, ਜਿਸ ਨਾਲ ਪਹਿਲਾਂ ਨਿੱਕਾ ਟੋਆ ਭਰਕੇ ਉਸਦੇ ਨਾਲ ਦਾ ਸੋਲਾਂ ਇੰਚ ਡੂੰਘਾ, ਸੋਲਾਂ ਇੰਚ ਲੰਮਾ ਤੇ ਪੰਦਰਾਂ ਇੰਚ ਚੌੜਾ ਚੌਰਸ ਚੁਬੱਚਾ ਸ਼ਹੀਦੀ ਖ਼ੂੰਨ ਨਾਲ ਭਰਕੇ ਉਛਲਕੇ ਉਤੋਂ ਦੀ ਖ਼ੂੰਨ ਵਗਣ ਲਗ ਪਿਆ ਸੀ। ਅਖ਼ੀਰ ਖ਼ੂੰਨ ਜੱਮਕੇ ਮੋਰੀ ਬੰਦ ਹੋ ਗਈ, ਤੇ ਚੁਖੰਡੀ ਦੇ ਅੰਦਰ ਪਿੱਛ ਵਾਂਗ ਸੰਘਣਾ ਚੱਪਾ ਚੱਪਾ ਖ਼ੂੰਨ ਛਲਬਲ ਛਲਬਲ ਕਰਦਾ ਜੰਮਿਆ ਹੋਇਆ ਸੀ।

ਭਾਈ ਲਛਮਣ ਸਿੰਘ ਜੀ ਜਥੇਦਾਰ ਦੀ ਸ਼ਹੀਦੀ

ਗੋਲੀਆਂ ਦੀ ਵਰਖਾ ਸਮੇਂ ਸੂਰਬੀਰ ਜਥੇਦਾਰ ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਨ। ਮੋਢਿਆਂ ਦੇ ਥੱਲੇ ਬਗਲਾਂ ਤੇ ਪੱਸਲੀਆਂ ਵਿਚ ਪੰਜ ਛੇ ਗੋਲੀਆਂ ਲਗ ਚੁਕੀਆਂ ਸਨ, ਪਰ ਆਪ ਬੜੀ ਦ੍ਰਿੜ੍ਹਤਾ ਤੇ ਧੀਰਜ ਨਾਲ ਮਹਾਰਾਜ ਦੀ ਤਾਬਿਆ ਬੈਠੇ ਇਕ ਇੰਚ ਭੀ ਏਧਰ ਓਧਰ ਨਹੀਂ ਹਿਲੇ ਸਨ। ਸਗੋਂ ਵਰ੍ਹਦੀਆਂ ਗੋਲੀਆਂ ਵਿਚ ਅੰਦਰੋਂ ਬੜੀ ਨਿਰ-ਭੈਤਾ ਨਾਲ ਆਵਾਜ਼ ਦਿਤੀ ਕਿ "ਮੈ ਤੁਹਾਡੀਆਂ ਗੋਲੀਆਂ ਨਾਲ ਨਹੀਂ ਮਰਦਾ, ਮੇਰਾ ਆਪ ਅਕਾਲ ਪੁਰਖ ਰਾਖਾ ਹੈ"।

ਇਤਨੇ ਨੂੰ ਹਰੀ ਨਾਥ ਜੋਗੀ, ਗੁਰਮੁਖ ਦਾਸ, ਲਧੇ ਤੇ ਬਾਗੀ ਨੇ ਉੱਤਰ ਪਾਸੇ ਦਾ ਬੂਹਾ ਛੱਵ੍ਹੀਆਂ ਨਾਲ ਤੋੜ ਸੁਟਿਆ। ਸ਼ੇਰ ਦਾਸ ਨੇ ਛੱਵ੍ਹੀ ਦਾ ਅੜੁੱਤਣਾ ਦੇ ਕੇ ਲਤ ਮਾਰੀ ਤੇ ਹੇਠਲੀ ਚੂਥੀ ਨਿਕਲ ਗਈ ਤੇ ਬੂਹਾ ਖੁਲ੍ਹ ਗਿਆ। ਰਾਂਝੇ ਤੇ ਉਸ ਦੇ ਸਾਥੀਆਂ ਨੇ ਇਸ ਬੰਨੇ ਥਾਣੀ ਭੀ ਅੰਦਰ ਅੰਨ੍ਹੇ ਵਾਹ ਗੋਲੀਆਂ ਮਾਰਨੀਆਂ ਸ਼ੁਰੂ ਕਰ ਦਿਤੀਆਂ। ਇਥੋਂ ਸਿਧੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤ੍ਰ ਬੀੜ ਵਿਚ ਭੀ ਗੋਲੀਆਂ ਵਜਣ ਲਗ ਪਈਆਂ। ਇਸ ਸਮੇਂ ਜਿਸ ਥਾਂ ਮਹਾਰਾਜ ਵਿਚ ਗੋਲੀ ਵਜਦੀ ਸੀ ਜਥੇਦਾਰ ਲਛਮਣ ਸਿੰਘ ਸਾਹਿਬ ਅਪਣੇ ਹੱਥ ਅਤੇ ਬਾਹਵਾਂ ਅਗੇ ਕਰ ਦਿੰਦੇ ਸਨ। ਆਪ ਦੇ ਹਥ ਅਤੇ ਬਾਹਵਾਂ ਗੋਲੀਆਂ ਨਾਲ ਚੂਰ ਚੂਰ ਹੋ ਗਈਆਂ। ਮਹਾਰਾਜ ਸ੍ਰੀ ਗੁਰੂ ਨਾਨਕ ਸਾਹਿਬ ਦੀ ਤਸਵੀਰ ਤੇ ਕੜਾਹ ਪ੍ਰਸ਼ਾਦ

ਦੇ ਚੁਬੱਚੇ ਦਾ ਸੰਗਮਰਮਰ ਦਾ ਜੰਗਲਾ ਗੋਲੀਆਂ ਨਾਲ ਚਿਣੀ ਚਿਣੀ ਹੋ ਗਿਆ ਸੀ।

ਦਲੇਰ ਮਰਦ ਨਿਰਭੈ ਜਥੇਦਾਰ ਉਸੇ ਤਰ੍ਹਾਂ ਵਾਹਿਗੁਰੂ ਵਾਹਿਗੁਰੂ ਆਖਦੇ ਅਹਿੱਲ ਮਹਾਰਾਜ ਦੀ ਤਾਬਿਆ ਬੈਠੇ ਸਨ। ਜਦ ਸਭ ਸਿੰਘ ਗੋਲੀਆਂ ਨਾਲ ਫਟੜ ਤੇ ਸ਼ਹੀਦ ਹੋ ਗਏ ਤਦ ਸ਼ੇਰ ਦਾਸ, ਲਧੂ, ਬਾਗੀ ਤੇ ਇਕ ਕੋਟ ਸਾਧੂਰਾਮ ਦਾ ਮਾਹਤਮ ਚੁਖੰਡੀ ਦੇ ਅੰਦਰ ਗਏ ਅਤੇ ਜਥੇਦਾਰ ਨੂੰ ਪਵਿਤ੍ਰ ਕੇਸਾਂ ਤੋਂ ਫੜ ਕੇ ਬਾਹਰ ਧੂਹ ਆਂਦਾ ਤੇ ਧੜਾਂਹ ਦੇ ਕੇ ਮੂਧੜੇ ਮੂੰਹ ਸੰਗ ਮਰਮਰ ਦੇ ਫ਼ਰਸ਼ ਤੇ ਪਟਕਾ ਕੇ ਮਾਰਿਆ। ਆਪ ਦਾ ਮਸਤਕ ਤੇ ਛਾਤੀ ਲਹੂ ਲੁਹਾਨ ਹੋਈ ਹੋਈ ਸੀ। ਆਪ ਨੇ ਵਾਹਿਗੁਰੂ ਵਾਹਿਗੁਰੂ ਉਚਾ-ਰਦਿਆਂ ਸ਼ਹੀਦੀ ਨਸ਼ੇ ਵਿਚ ਗੁਟ ਹੋਇਆਂ ਅਧ-ਮੀਟੇ ਨੈਣਾਂ ਨਾਲ ਆਪਣੀ ਧੌਣ ਉਤਾਂਹ ਚੁਕੀ ਤਾਂ ਬਾਗ਼ੀ ਸ਼ਾਹ ਨੇ ਛਵ੍ਹੀ ਮਾਰ ਕੇ ਸਿਰ ਧੌਣ ਤੋਂ ਵਖ ਕਰ ਦਿਤਾ* ਅਤੇ ਸ੍ਰੀਰ ਪਰ੍ਹਾਂ ਘਸੀਟ ਕੇ ਇਕ ਦੋ ਹੋਰ ਸਿਸਕਦਿਆਂ ਨਾਲ ਰਖ ਕੇ ਮਿਟੀ ਦਾ ਤੇਲ ਪਾ ਕੇ ਜੰਡ ਥਲੇ ਅਗ ਲਾ ਦਿਤੀ ਗਈ, ਏਸੇ ਅਗ ਦੇ ਭੱਬਾਕਿਆਂ ਨਾਲ ਜੰਡ ਭੀ ਸੜ ਗਿਆ।

ਭਾ: ਲਛਮਣ ਸਿੰਘ ਜੀ ਦੀ ਦੇਹੀ ਅਗ ਵਿਚ ਸੁਟ ਦੇਣ ਦੇ ਪਿਛੋਂ ਗੁਰਮੁਖ ਦਾਸ, ਜੀਵਣਾ, ਕਾਹਨ ਸਿੰਘ, ਬਗੂ, ਪਾਲੀ ਤੇ ਭਰਗਾ ਨੰਦ ਤੇ ਕੋਟ ਸਾਧੂ ਰਾਮ ਦੇ ਮੁਜ਼ਾਰੇ ਅੰਦਰੋਂ ਮੁਰਦੇ ਧੂਹ ਧੂਹ ਕੇ ਖੜਦੇ ਸਨ, ਅਗੋਂ ਸੁੰਦਰ ਵੇਦਵਾ ਟੋਟੇ ਚਿਖਾ ਤੇ ਚਿਣ ਕੇ ਰਖੀ ਜਾਂਦਾ ਸੀ। ਪਿਆਰਾ ਦਾਸ, ਲਧੂ ਤੇ ਬਾਗ਼ੀ ਛਵ੍ਹੀਆਂ ਨਾਲ ਟੋਟੇ ਕਰਦੇ ਸਨ। ਲਾਭ ਦਾਸ, ਸੁਧ ਦਾਸ ਤੇ ਜੀਵਣ ਦਾਸ ਤੇਲ ਪਾਉਂਦੇ ਸਨ। ਇਨ੍ਹਾਂ ਦੇ ਨਾਲ ਹੋਰ ਬਾਹਰ ਦੀ ਹਮਾਂ-ਤੁਮਾਂ ਭੀ ਇਸ ਕੁਕਰਮ ਵਿਚ ਲਗੀ ਹੋਈ ਸੀ। ਅੰਦਰਲੇ ਸਭ ਸ਼ਹੀਦ ਸਿੰਘ ਚੁਖੰਡੀ ਚੋਂ ਬਾਹਰ ਕਢ ਕੇ, ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਦੋਵੇਂ ਪਵਿਤ੍ਰ ਬੀੜਾਂ

---

*ਕਮੇਟੀ ਨੇ ਆਪ ਦੀ ਸੁਪਤਨੀ ਬੀਬੀ ਇੰਦਰ ਕੋਰ ਦੀ ਪਿਨਸ਼ਨ ਲਾ ਦਿਤੀ। ੧੯ ਮਈ ਸੰ:੧੯੨੧ ਈ: ਤੋਂ ਲੈ ਕੇ ੨੮ ਫ਼ਰਵਰੀ ੧੯੩੮ ਈ: ਤਕ ਜਿਸ ਦਾ ਜੋੜ ੪੯੦) ਰੁਪਏ ਬਣਦਾ ਹੈ ਅਤੇ ੧੬੧੭) ਰੁਪਏ ਆਪ ਦੀ ਕੰਨਿਆ ਪਾਠਸ਼ਾਲਾ ਨੂੰ, ੩੦-੧੦-੨੫ ਤੋਂ ੩੧-੩-੨੭ ਤਕ ੩੦।।) ਮਹੀਨੇ ਦੇ ਲੇਖੇ ਸਹਾਇਤਾ ਦਿੱਤੀ ਗਈ। ਇਸ ਦੇ ਉਪ੍ਰੰਤ ਇਹ ਕੰਨਿਆਂ ਪਾਠਸ਼ਾਲਾ ਬੰਦ ਹੋ ਗਈ।

ਸ਼ਹੀਦੀ ਜੰਡ



ਦੁਰਾਨੀਆਂ ਨੇ ਇਸ ਜੰਡ ਥਲੇ ਬਹੁਤ ਸਾਰੇ ਸ਼ਹੀਦਾਂ ਸਿੰਘਾਂ ਦੀਆਂ ਦੇਹਾਂ ਦਾ ਢੇਰ ਲਾਕੇ ਅਗ ਲਾਈ ਸੀ। ਅੱਗ ਦੇ ਲੰਬੂਆਂ ਨਾਲ ਅਧਾ ਜੰਡ ਸੜ ਗਿਆ ਸੀ, ਪਰ ਕੁਝ ਸਮਾਂ ਪਾਕੇ ਜੰਡ ਮੁੜ ਹਰਿਆ ਹੋ ਗਿਆ ਪਰ ਤਣਾ ਅਜੇ ਭੀ ਸਾਫ਼ ਸੜਿਆ ਹੋਇਆ ਨਜ਼ਰ ਆਉਂਦਾ ਹੈ।

ਭੀ ਬੜੀ ਸਖ਼ਤ ਬੇਦਰਦੀ ਨਾਲ ਕਲਾਵੇ ਭਰ ਕੇ ਬਾਹਰ ਬਾਰਾਂਦਰੀ ਵਿਚ ਵਗਾਹ ਮਾਰੀਆਂ ।

ਸ਼ਹੀਦੀ ਖ਼ੂਨ ਦੇ ਨਿਸ਼ਾਨ ਮੇਟਣੇ

ਏਧਰ ਸ਼ਹੀਦੀ ਚਿਤਾਵਾਂ ਦੀ ਅਗ ਜ਼ੋਰਾਂ ਤੇ ਸੀ, ਓਧਰ ਲਾਲ ਦਾਸ ਨੇ ਹੁਕਮ ਦਿਤਾ ਕਿ ਸਭ ਮਿਲ ਕੇ ਸੇਵਾ ਕਰੋ । ਪਾਣੀ ਲਿਆ ਕੇ ਦਰਬਾਰ ਦੇ ਅੰਦਰੋਂ ਲਹੂ ਧੋ ਦਿਓ। ਇਸ ਵੇਲੇ ਬਹੁਤ ਸਾਰੇ ਬੰਦੇ ਗੁਰਦੁਆਰੇ ਚੋਂ ਬਾਹਰ ਨੂੰ ਭਜ ਗਏ, ਘੁਮਿਆਰਾਂ ਦੇ ਘਰੋਂ ਕੋਈ ਘੜਾ ਲੈ ਆਇਆ ਤੇ ਕੋਈ ਚਾਟੀ। ਕਿਸੇ ਨੇ ਆਪਣੇ ਘਰੋਂ ਜਾ ਕੇ ਅੱਖ ਦੇ ਫੋਰ ਵਿਚ ਬਾਲਟੀ ਯਾ ਹੋਰ ਜਿਹੜਾ ਬਰਤਨ ਮਿਲਿਆ ਪਾਣੀ ਢੋਣ ਲਈ ਲੈ ਆਂਦਾ । ਤਾਲ ਅਤੇ ਬਾਉਲੀ ਚੋਂ ਪਾਣੀ ਕਢ ਕਢ ਕੇ ਫ਼ਰਸ਼ ਧੋਣ ਲਗ ਪਏ। ਲਹਿਣਾ ਸਿੰਘ, ਵਸਾਵਾ ਸਿੰਘ ਖਤ੍ਰੀ, ਦਿੱਤੂ ਮੈਹਰ ਕੋਟ ਸਾਧੂ ਰਾਮ ਤੇ ਸਨੱਜਾ ਖਤ੍ਰੀ ਪਾਣੀ ਢੋਣ ਵਾਲਿਆਂ ਦੇ ਮੋਹਰੀ ਸਨ। ਲਧਾ ਰਾਮ ਖੋਦਾ, ਖ਼ੁਸ਼ਹਾਲ ਤੇ ਦਿਆਲ ਖੂੰਨ ਇਕੱਠਾ ਕਰਕੇ ਬਾਲਟੀਆਂ ਭਰ ਭਰ ਕੇ ਸਿੜ੍ਹੀ ਤੇ ਸਿਟੀ ਜਾਂਦੇ ਸਨ। ਸਭ ਦੇ ਕਪੜੇ ਜਲਾਦਾਂ ਵਾਂਗ ਖ਼ੂੰਨ ਨਾਲ ਰੰਗੇ ਹੋਏ ਸਨ।

ਮਹੰਤ ਦਾ ਹੋਰ ਪ੍ਰੋਗਰਾਮ

ਜਿਸ ਵੇਲੇ ਅੰਦਰ ਸਭ ਸਿੰਘ ਸ਼ਹੀਦ ਹੋ ਗਏ ਤੇ 'ਸਾੜਣ ਫੂਕਣ ਦਾ ਕੰਮ ਜ਼ੋਰਾਂ ਤੇ ਸੀ ਤਦ ਮਹੰਤ ਨਰੈਣ ਦਾਸ ਘੋੜੀ ਤੇ ਸਵਾਰ ਹੋ ਕੇ ਬਾਲ ਲੀਲ੍ਹਾ ਦੇ ਮਹੰਤ *ਤੀਰਥ ਸਿੰਘ ਪਾਸ ਗਿਆ ਤੇ ਆਖਿਆ ਕਿ ਮੈਂ ਜੋ ਕਰਨਾ ਸੀ ਅਪਣਾ ਕੰਮ ਕਰ ਲਿਆ ਹੈ, ਤੁਸੀਂ ਹੁਣ ਪਿਛੋਂ ਮਦਦ ਰਖਣੀ ਤੇ ਮੁਕਦਮੇ ਦੀ ਪੈਰਵੀ ਚੰਗੀ ਤਰ੍ਹਾਂ ਡਟ ਕੇ ਕਰਨੀ। ਮਹੰਤ ਤੀਰਥ ਸਿੰਘ ਨੇ ਹਥ ਜੋੜ ਕੇ ਆਖਿਆ ਕਿ ਕੋਈ ਗਲ ਨਹੀਂ, ਮਾਲਕ ਭਲੀ ਕਰੇਗਾ।

ਦਸ ਵਜੇ ਦੇ ਕਰੀਬ ਬਾਹਰੋਂ ਆਏ ਬਦਮਾਸ਼ ਸਭ ਭਜ ਭਜਾ ਗਏ ਤੇ ਮੁਜ਼ਾਰੇ ਭੀ ਖਿਸਕ ਗਏ । ਇਸ ਵੇਲੇ ਫੇਰ ਮਹੰਤ ਨੇ ਦੂਜੀ ਵੇਰ

* ੨੨ ਕਤਕ ਸੰਮਤ ੧੯੯੪ ਬਿ: ਨੂੰ ਮਰ 'ਚੁਕਾ ਹੈ ।

ਘੋੜੀ ਤੇ ਸੁਆਰ ਨੇ ਹੀ ਸ਼ਰਾਬ ਪੀਤੀ ਤੇ ਹੋਰ ਲੋਕਾਂ ਨੂੰ ਭੀ ਪਿਆਈ। ਸਾਢੇ ਯਾਰਾਂ ਵਜੇ ਦੇ ਕਰੀਬ ਸਾਧਾਂ ਤੇ ਨਨਕਾਣੇ ਸਾਹਿਬ ਦੇ ਆਮ ਵਸਨੀਕਾਂ ਨੂੰ ਨਾਲ ਲੈ ਕੇ ਸਲਾਹ ਕੀਤੀ ਕਿ ਚਲੋ ਭਾਈ ਉਤਮ ਸਿੰਘ ਦੇ ਕਾਰਖ਼ਾਨੇ ਨੂੰ ਅਗ ਲਾ ਦਈਏ। ਉਸ ਨੂੰ ਤੇ ਬਾਬੂ ਕਰਮ ਸਿੰਘ ਸਟੇਸ਼ਨ ਮਾਸਟਰ ਨੂੰ ਮਾਰ ਕੇ ਉਸ ਅਗ ਦੇ ਵਿਚੇ ਸੁਟ ਦਈਏ, ਫੇਰ ਸਾਡਾ ਕੁਝ ਨਹੀਂ ਵਿਗੜਨ ਲਗਾ। ਇਹ ਅਜੇ ਮਸਾਂ ਪਟੀ ਸਾਹਿਬ ਲਾਗੇ ਹੀ ਰੌਲਾ ਗੌਲਾ ਪਾਉਂਦੇ ਪੁਜੇ ਸਨ ਜੋ ਕਿਸੇ ਨੇ ਆ ਦਸਿਆ ਕਿ ਡਿਪਟੀ ਕਮਿਸ਼ਨਰ ਵਲ ਬੰਦੇ ਗਏ ਹੋਏ ਹਨ । ਉਸ ਨੇ ਹੁਣੇ ਹੀ ਆ ਜਾਣਾ ਹੈ, ਇਹ ਗਲ ਸੁਣ ਕੇ ਸਭ ਵਾਪਸ ਮੁੜ ਆਏ ਤੇ ਆਉਂਦਿਆਂ ਹੀ ਤਲਾ ਦੇ ਕੰਢੇ ਥਾਂ ਪਰ ਥਾਂ ਧੂਣੀਆਂ ਦੀ ਸ਼ਕਲ ਵਿਚ ਸੁਆਹ ਇਕੱਠੀ ਕਰਾ ਕੇ ਪਾਣੀ ਦੇ ਘੜੇ ਭਰਾ ਕੇ ਰਖਾ ਦਿਤੇ ਤਾਂ ਜੋ ਆਉਂਦੇ ਡੀ. ਸੀ. ਨੂੰ ਦਸਿਆ ਜਾਵੇ ਕਿ ਇਨ੍ਹਾਂ ਧੂਣੀਆਂ ਵਾਲੇ ਸਾਧ ਅਕਾਲੀ ਮਾਰ ਕੇ ਤੇ ਅਗ ਨਾਲ ਸਾੜ ਕੇ ਭਜ ਗਏ ਹਨ। ਇਸ ਵੇਲੇ ਹਰੀ ਨਾਥ ਜੋਗੀ ਨੇ ਸਰਾਂ ਵਿਚ ਜਾ ਕੇ ਭੰਗ ਘੋਟੀ ਤੇ ਰਜ ਕੇ ਪੀਤੀ ।


ਸਯਦ ਫ਼ਕੀਰ ਪਠਾਣ ਨੇ ਲਾਸ਼ਾਂ ਦੀ ਤਲਾਸ਼ੀ ਲੈ ਕੇ ਇਕੱਤੀ ਰੁਪਏ ਕਢੇ । ਇਮਾਮ ਗੁਲ ਚੰਗੇ ਚੰਗੇ ਕਪੜਿਆਂ ਦੀ ਗਠੜੀ ਬੰਨ੍ਹ ਕੇ ਭਜਾ ਜਾਂਦਾ ਫੜਿਆ ਗਿਆ। ਸਰਵਰ ਪਠਾਣ ਦੋ ਕੰਬਲ ਇਕ ਸੂਹੇ ਬੂਟ ਤੇ ਦੋ ਕ੍ਰਿਪਾਨਾਂ ਲੈ ਕੇ ਭਜ ਗਿਆ, ਤੇ ਇਸੇ ਨੇ ਇਕੱਤ੍ਰ ਰੁਪਏ ਸ਼ਹੀਦਾਂ ਦੇ ਕਢ ਕੇ ਇਕ ਦੁਕਾਨਦਾਰ ਪਾਸ ਜਮ੍ਹਾ ਕਰਾ ਦਿਤੇ। ਸਰਧੇ ਚਮਿਆਰ ਨੇ ਸ਼ਹੀਦਾਂ ਦੀਆਂ ਲੋਈਆਂ ਤੇ ਹੋਰ ਕਪੜੇ ਲਾਹੇ। ਪਿਆਰਾ ਪੁਤ੍ਰ ਹਰੀ ਸਿੰਘ ਤੇ ਰਖੂ ਭੀ ਬੋਝੇ ਫੋਲਦੇ ਫਿਰਦੇ ਸਨ।

ਡਿਪਟੀ ਕਮਿਸ਼ਨਰ ਦਾ ਆਉਣਾ

*ਮਿਸਟਰ ਐਨ. ਐਸ. ਸੰਧੂ ਡਿਸਟਰਿਕਟ ਇਨਜੀਨੀਅਰ ੨੦ ਫ਼ਰਵਰੀ ਨੂੰ ਸ੍ਰੀ ਨਨਕਾਣੇ ਸਾਹਿਬ ਦੌਰੇ ਉਤੇ ਡਾਕ ਬੰਗਲੇ ਆਇਆ ਹੋਇਆ

*ਆਪ ੧੪ ਅਗਸਤ ਸੰ: ੧੯੩੬ ਈ: ਨੂੰ ਮਾਡਲ ਟਾਊਨ ਲਾਹੌਰ ਵਿੱਚ ਪੂਰੇ ਹੋ ਚੁਕੇ ਹਨ ।

ਗੁਰਦੁਆਰਾ ਜਨਮ ਅਸਥਾਨ ਦੀਆਂ ਪ੍ਰਕਰਮਾਂ ਵਿਚ ਸ਼ਹੀਦੀ ਖ਼ੂਨ ਦੇ ਰੇੜ੍ਹ



ਸੀ। ਇਸ ਨੂੰ ਸਾਢੇ ਸਤ ਵਜੇ ਦੇ ਕਰੀਬ ਇਸ ਇਲਾਕੇ ਦੇ ਦਰੱਖਤਾਂ ਦੇ ਦਰੋਗੇ ਭਾ: ਹਰਨਾਮ ਸਿੰਘ ਜੀ ਨੇ ਦਸਿਆ ਕਿ ਮਹੰਤ ਨਰੈਣ ਦਾਸ ਸਿੰਘਾਂ ਨੂੰ ਗੋਲੀਆਂ ਮਰਵਾ ਕੇ ਜਨਮ ਅਸਥਾਨ ਦੇ ਅੰਦਰ ਮਿਟੀ ਦੇ ਤੇਲ ਨਾਲ ਸੜਵਾ ਰਿਹਾ ਹੈ। ਉਸੇ ਵੇਲੇ ਮਿਸਟਰ ਸੰਧੂ ਨੇ ਇਕ ਚਿਠੀ ਏਸੇ ਭਾਵ ਦੀ ਲਿਖ ਕੇ ਭਾ: ਹਰਨਾਮ ਸਿੰਘ ਜੀ ਨੂੰ ਦਿਤੀ ਤੇ ਸਵਾਰੀ ਲਈ ਆਪਣਾ ਘੋੜਾ ਦੇ ਦਿਤਾ ਕਿ ਇਸ ਨੂੰ ਭਜਾ ਕੇ ਇਹ ਚਿਠੀ ਮਿਸਟਰ †ਐਮ. ਐਮ. ਐਲ. ਕਰੀ ਸਾਹਿਬ ਡਿਪਟੀ ਕਮਿਸ਼ਨਰ ਸ਼ੇਖ਼ੂਪੁਰਾ ਨੂੰ ਮਾਂਗਟਾ ਵਾਲੇ ਦੇ ਆਵੇ। ਇਕ ਚਿੱਠੀ ਭਾਈ ਉੱਤਮ ਸਿੰਘ ਜੀ ਹੁਰਾਂ ਭੀ ਭਾਈ ਮੋਹਰ ਸਿੰਘ ਜੀ ਹਥ ਡੀ. ਸੀ. ਨੂੰ ਘਲੀ ਸੀ ਦੋਵੇਂ ਚਿੱਠੀਆਂ ਵਾਲੇ ਅਗੜ ਪਿਛੜ ਡੀ. ਸੀ. ਨੂੰ ਜਾ ਮਿਲੇ।

ਸਾਢੇ ਬਾਰਾਂ ਵਜੇ ਡਿਪਟੀ ਕਮਿਸ਼ਨਰ ਘੋੜੇ ਤੇ ਸੁਆਰ ਡਾਕ ਬੰਗਲੇ ਸ੍ਰੀ ਨਨਕਾਣਾ ਸਾਹਿਬ ਪੁਜ ਗਿਆ, ਤੇ ਆਉਂਦਿਆਂ ਹੀ ਸੰਧੂ ਸਾਹਿਬ ਨੂੰ ਪੁਛਿਆ ਕਿ ਹੁਣ ਉਥੇ ਕੀ ਹਾਲ ਹੈ ? ਉਨ੍ਹਾਂ ਨੇ ਉੱਤ੍ਰ ਦਿਤਾ ਕਿ ਮੈਨੂੰ ਹੁਣ ਤਕ ਓਧਰੋਂ ਜੋ ਖ਼ਬਰਾਂ ਪੁਜੀਆਂ ਹਨ, ਉਨ੍ਹਾਂ ਤੋਂ ਪਤਾ ਲਗਦਾ ਹੈ, ਕਿ ਮਹੰਤ ਨੇ ਬਹੁਤ ਸਾਰੇ ਅਕਾਲੀਆਂ ਨੂੰ ਮਾਰਕੇ ਤੇਲ ਪਾਕੇ ਸਾੜ ਛਡਿਆ ਹੈ। ਇਹ ਦੋਵੇਂ ਜਣੇ ਉਸੇ ਵੇਲੇ ਘੋੜਿਆਂ ਤੇ ਸੁਆਰ ਹੋਕੇ ਗੁਰਦੁਆਰਾ ਜਨਮ ਅਸਥਾਨ ਵਲ ਗਏ। ਇਹ ਅਜੇ ਸਰਾਂ ਦੇ ਦਰਵਾਜ਼ੇ ਤੋਂ ਥੋੜਾ ਹੀ ਅਗੇ ਪਹੁੰਚੇ ਸਨ, ਕਿ ਮਹੰਤ ਸਫ਼ੈਦ ਘੋੜੀ ਤੇ ਚੜ੍ਹੀ, ਠਾਠਾ ਬੰਨ੍ਹੀ ਆਪਣੇ ਘਰ ਦੀ ਨੁਕਰ ਵਲੋਂ ਆਕੇ ਉਥੇ ਆ ਮਿਲਿਆ ਤੇ ਆਉਂਦਿਆਂ ਹੀ ਆਖਣ ਲਗਾ ਕਿ ਸਾਹਿਬ ਅਕਾਲੀਆਂ ਨੇ ਸਾਡੇ ਬੰਦੇ ਮਾਰ ਘਤੇ ਹਨ। ਡੀ. ਸੀ. ਚੁਪ ਕਰਕੇ ਅਗਾਂਹ ਨੂੰ ਤੁਰ ਪਿਆ, ਮਹੰਤ ਭੀ ਇਸ ਦੇ ਨਾਲ ਹੀ ਤੁਰ ਪਿਆ। ਗੁਰਦੁਆਰੇ ਦੇ ਦਰਵਾਜ਼ੇ ਕੋਲ ਜਾਕੇ ਤਿੰਨੇ ਜਣੇ ਘੋੜਿਆਂ ਤੋਂ ਉੱਤ੍ਰ ਖੜੋਤੇ ਤੇ ਡੀ. ਸੀ. ਨੇ ਮਹੰਤ ਨੂੰ ਆਖਿਆ ਕਿ ਦਰਵਾਜ਼ਾ ਖੋਹਲੋ। ਉਸ ਵੇਲੇ ਦਰਵਾਜ਼ੇ ਦੇ ਅਗੇ ਖੜੋਤਾ ਇਕ ਜਟਾਂ ਵਾਲਾ ਸਾਧੂ ਰੌਲਾ ਪਾਕੇ ਉੱਚੀ ਉੱਚੀ ਆਖੀ ਜਾਵੇ, ਕਿ ਸਾਹਿਬ ਸਾਨੂੰ ਅਕਾਲੀਆਂ ਨੇ ਮਾਰ ਸੁਟਿਆ ਹੈ।


---

†ਡੀ. ਸੀ. ਇਸ ਦਿਨ ਮਾਂਗਟਾ ਵਾਲੇ ਬੰਗਲੇ ਦੌਰੇ ਤੇ ਆਇਆ ਹੋਇਆ ਸੀ। ਇਹ ਥਾਂ ਨਨਕਾਣੇ ਸਾਹਿਬ ਤੋਂ ੧੧ ਮੀਲ ਦੇ ਫ਼ਾਸਲੇ ਤੇ ਹੈ।

ਦਰਸ਼ਨੀ ਡਿਉੜੀ ਦੇ ਦਰਵਾਜ਼ੇ ਵਿਚ ਜੋ ਅੰਦਰੋਂ ਗੋਲੀਆਂ ਚਲਾਉਣ ਲਈ ਚੌਰਸ ਮੋਰੀਆਂ ਰਖੀਆਂ ਹੋਈਆਂ ਸਨ, ਉਨ੍ਹਾਂ ਵਿਚੋਂ ਮਹੰਤ ਨੇ ਬਿਨਾਂ ਕਿਸੇ ਦਾ ਨਾਮ ਲਏ ਦੇ ਆਵਾਜ਼ਾਂ ਮਾਰੀਆਂ ਕਿ ਦਰਵਾਜ਼ਾ ਖੋਹਲੋ। ਡੀ. ਸੀ. ਪੰਜ ਚਾਰ ਮਿੰਟ ਉਡੀਕਦਾ ਰਿਹਾ, ਪਰ ਦਰਵਾਜ਼ਾ ਕੋਈ ਨਾ ਖੁਲ੍ਹਿਆ। ਸਾਹਿਬ ਨੇ ਫੇਰ ਜ਼ੋਰ ਦੇਕੇ ਆਖਿਆ ਕਿ ਦਰਵਾਜ਼ਾ ਖੁਲ੍ਹਾਓ। ਮਹੰਤ ਨੇ ਫੇਰ ਆਵਾਜ਼ਾਂ ਮਾਰੀਆਂ, ਪੰਜ ਚਾਰ ਮਿੰਟ ਗੁਜ਼ਰ ਗਏ ਪ੍ਰੰਤੂ ਬੂਹਾ ਨਾ ਖੁਲ੍ਹਿਆ। ਫੇਰ ਉਸ ਨੂੰ ਤੀਜੀ ਵੇਰ ਹੁਕਮ ਦਿਤਾ ਗਿਆ, ਕਿ ਛੇਤੀ ਦਰਵਾਜ਼ਾ ਖੁਲਾਓ, ਤਾਂ ਉਸਨੇ ਫਿਰ ਬਗ਼ੈਰ ਕਿਸੇ ਦਾ ਨਾਮ ਲਏ ਦੇ ਆਵਾਜ਼ਾਂ ਦਿਤੀਆਂ, ਕਿ ਦਰਵਾਜ਼ਾ ਖੋਹਲੋ। ਤਦ ਤਿੰਨ ਚਾਰ ਮਿੰਟਾਂ ਪਿਛੋਂ ਦਰਵਾਜ਼ਾ ਖੁਲ੍ਹ ਗਿਆ, ਪ੍ਰੰਤੂ ਬੂਹਾ ਖੋਹਲਣ ਵਾਲਾ ਕੋਈ ਬੰਦਾ ਨਜ਼ਰ ਨਾ ਆਇਆ। ਡੀ.ਸੀ. ਸੰਧੂ ਜੀ ਤੇ ਮਹੰਤ ਤਿੰਨੇ ਜਣੇ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਗਏ, ਪਰ ਇਸ ਵੇਲੇ ਅੰਦਰ ਕੋਈ ਬੰਦਾ ਮੌਜੂਦ ਨਹੀਂ ਸੀ। ਦਰਸ਼ਨੀ ਡਿਉੜੀ ਵਿਚ ਵੜਦਿਆਂ ਖ਼ੂਨ ਹੀ ਖ਼ੂਨ ਦਿਸਿਆ, ਅਤੇ ਉਥੇ ਹਥਾਂ ਦੇ ਨਿਸ਼ਾਨ ਪਏ ਹੋਏ ਸਨ, ਜਿਸ ਤੋਂ ਮਾਲੂਮ ਹੁੰਦਾ ਸੀ, ਕਿ ਬੁਕ ਭਰ ਭਰ ਕੇ ਕੋਈ ਇਥੋਂ ਖ਼ੂਨ ਉਠਾਉਂਦਾ ਰਿਹਾ ਹੈ। ਡਿਉੜੀ ਤੋਂ ਅਗੇ ਗਏ ਤਾਂ ਇਕ ਲਾਸ਼ ਥੜ੍ਹੇ ਦੇ ਹੇਠਾਂ ਖਬੇ ਬੰਨੇ ਤੇ ਦੋ ਲਾਸ਼ਾਂ ਥੜ੍ਹੇ ਦੇ ਉਪਰ ਪਈਆਂ ਹੋਈਆਂ ਸਨ। ਮਹੰਤ ਨੇ ਆਖਿਆ ਵੇਖੋ ਸਾਹਿਬ ਅਕਾਲੀਆਂ ਨੇ ਮੇਰੇ ਬੰਦੇ ਮਾਰੇ ਹਨ, ਪਰ ਸਾਹਿਬ ਬਿਲਕੁਲ ਚੁੱਪ ਕਰ ਰਿਹਾ। ਫੇਰ ਹੋਰ ਅਗੇ ਗਏ ਤਾਂ ਥੜੇ ਦੇ ਹੇਠਾਂ ਤੇ ਉਪਰ ਥਾਂ ਪਰ ਥਾਂ ਬਹੁਤ ਸਾਰਾ ਖ਼ੂਨ ਡੁਲ੍ਹਿਆ ਹੋਇਆ ਸੀ। ਸਜੇ ਬੰਨੇ ਜੰਡ ਦੇ ਨਾਲ ਕਈ ਲਾਸ਼ਾਂ ਧੁਖ ਰਹੀਆਂ ਸਨ। ਜਿਨ੍ਹਾਂ ਦਾ ਢੇਰ ਲਗਾ ਹੋਇਆ ਸੀ, ਅਤੇ ਜੰਡ ਭੀ ਝੁਲਸਿਆ ਹੋਇਆ ਸੀ।

ਅੰਦਰ ਦਾ ਸਾਰਾ ਮੌਕਾ ਵੇਖਕੇ ਡੀ. ਸੀ. ਤੇ ਸੰਧੂ ਸਰਾਂ ਦੀ ਡਿਉੜੀ ਵਿਚ ਆਕੇ ਬੈਠ ਗਏ ਅਤੇ ਇਥੇ ਡੀ. ਸੀ. ਨੈ ਮਹੰਤ ਦਾ ਸੰਛੇਪ ਜਿਹਾ ਬਿਆਨ ਲਿਆ, ਜਿਸ ਵਿਚ ਉਸ ਨੇ ਇਹ ਲਿਖਾਇਆ ਕਿ ਅਕਾਲੀਆਂ ਨੇ ਹਮਲ ਕਰਕੇ ਮੇਰੇ ਬੰਦੇ ਮਾਰ ਦਿਤੇ ਹਨ, ਤੇ ਮੁੜ ਅਗ ਨਾਲ ਸਾੜਕੇ ਭਜ ਗਏ ਹਨ ਇਸ ਵੇਲੇ ਮਹੰਤ ਨੂੰ ਸਰਾਂ ਵਿਚ ਛੱਡਕੇ ਡੀ. ਸੀ. ਤੇ ਸੰਧੂ ਜੀ ਤਾਰ ਘਰ ਨੂੰ ਚਲੇ ਗਏ ਤੇ ਮਿਸਟਰ ਕਿੰਗ ਸਾਹਿਬ ਕਮਿਸ਼ਨਰ ਲਾਹੌਰ ਨੂੰ ਫ਼ੌਜ ਦੇ ਦੋ ਸੌ ਸਿਪਾਹ

ਸ਼ਹੀਦੀ ਬਰਾਂਡਾ



ਸ਼ਹੀ ਡਿਓੜੀ ਦਾ ਇਹ ਬਰਾਂਡਾ ਅੰਦਰ ਵੜਦਿਆਂ ਹੀ ਖੱਬੇ ਹਥ ਹੈ। ਇਸ ਥਾਂ ਬਹੁਤ ਸਾਰੇ ਸਿੰਘ ਸ਼ਹੀਦ ਕਰਕੇ
ਦਾ ਕੀਮਾ ਕੀਤਾ ਗਿਆ ਸੀ। ਨੰਬਰ ਦੋ ਵਾਲੀ ਕੋਠੜੀ ਵਿਚ ਕੀ ਗਿਰਮਟ ਵਰਮੇ ਨਾਲ ਛੇਕ ਪਾਕੇ ਅੰਦਰ ਪਸਤੋਲਾਂ

ਭੇਜਣ ਲਈ ਤਾਰ ਦਿਤੀ। ਇਸਦੇ ਨਾਲ ਹੀ ਜੰਗ ਬਹਾਦਰ ਠਾਣੇਦਾਰ ਦੀ ਸੜ ਰਹੀਆਂ ਲਾਸ਼ਾਂ ਬੁਝਾਉਣ ਦੀ ਡਿਉਟੀ ਲਾ ਦਿਤੀ। ਇਹ ਗਲ ਆਮ ਆਖੀ ਜਾਂਦਾ ਹੈ, ਕਿ ਮਹੰਤਾਂ ਨੇ ਉਸਨੂੰ ਸੋਲਾਂ ਹਜ਼ਾਰ ਰੁਪਿਆ ਦੇਣਾ ਕੀਤਾ ਤੇ ਚਾਰ ਹਜ਼ਾਰ ਦੇ ਨੋਟ ਉਸੇ ਵੇਲੇ ਉਸ ਦੇ ਖ਼ੀਸੇ ਵਿਚ ਪਾ ਦਿਤੇ, ਤੇ ਨਿਸ਼ਾਨ ਮਿਟਾਉਣ ਲਈ ਮਹੰਤ ਦੇ ਬੰਦੇ ਲਾਸ਼ਾਂ ਸ਼ਾਮ ਦੇ ਸਾਂਢੇ ਚਾਰ ਵਜੇ ਤਕ ਸਾੜਦੇ ਰਹੇ। ਭਾਈ ਉੱਤਮ ਸਿੰਘ ਜੀ ਨੇ ਬੰਗਲੇ ਆਕੇ ਡੀ. ਸੀ. ਨੂੰ ਖ਼ਬਰ ਦਿਤੀ, ਕਿ ਲਾਸ਼ਾਂ ਸਾੜਕੇ ਨਿਸ਼ਾਨ ਮਿਟਾਏ ਜਾ ਰਹੇ ਹਨ। ਡੀ. ਸੀ. ਨੇ ਆਕੇ ਉਸੇ ਵੇਲੇ ਪਾਣੀ ਪੁਆਕੇ ਲਾਸ਼ਾਂ ਦੀ ਅੱਗ ਬੁਝਵਾ ਦਿਤੀ।

ਰਾਤ ਦੇ ਸਾਢੇ ਅਠ ਵਜੇ ਸਪੈਸ਼ਲ ਗੱਡੀ ਰਾਹੀਂ ਇਕ ਸੌ ਗੋਰਾ ਅਤੇ ਇਕ ਸੌ ਪੂਰਬੀ ਸਿਪਾਹੀ ਪੁੱਜ ਗਿਆ। ਪੁਲਸ ਤੇ ਫ਼ੌਜ ਨੇ ਆਉਂਦਿਆਂ ਹੀ ਗੁਰਦੁਆਰੇ ਦੇ ਗਿਰਦ ਪਹਿਰੇ ਲਾ ਦਿਤੇ।

ਮਹੰਤ ਦੀ ਗ੍ਰਿਫ਼ਤਾਰੀ

੨੦ ਫ਼ਰਵਰੀ ਨੂੰ ਰਾਤ ਦੇ ਸਾਢੇ ਅਠ ਵਜੇ ਇਕ ਸੌ ਗੋਰਾ ਤੇ ਇਕ ਸੌ ਹਿੰਦੁਸਤਾਨੀ ਫ਼ੌਜੀਆਂ ਦੀ ਗਡੀ ਪੁਜ ਗਈ। ਇਸੇ ਗਡੀ ਵਿਚ ਹੀ ਮਿਸਟਰ ਸੀ. ਐਮ. ਕਿੰਗ ਕਮਿਸ਼ਨਰ, ਇਨਸਪੈਕਟਰ ਜਨਰਲ ਪੁਲਸ, ਸ: ਬ: ਮਹਿਤਾਬ ਸਿੰਘ ਜੀ ਸੂਕਾਰੀ ਵਕੀਲ, ਸ: ਗੁਰਬਖ਼ਸ਼ ਸਿੰਘ ਜੀ ਸਕੱਤ੍ਰ ਡਿਸਟ-ਰਿਕਟ ਸਿਖ ਲੀਗ, ਸ: ਹਰਨਾਮ ਸਿੰਘ ਜੀ ਬੈਂਕਰ, ਸ: ਲਾਲ ਸਿੰਘ ਜੀ ਚੋਬ ਫ਼ਰੋਸ਼, ਸ: ਸੁੰਦਰ ਸਿੰਘ ਜੀ ਚਾਵਲਾ ਅਤੇ ਭਾਈ ਅਮਰ ਸਿੰਘ ਜੀ ਐਡੀਟਰ ਲਾਇਲ ਗਜ਼ਟ ਪੁਜ ਗਏ ਸਨ।

ਨਨਕਾਣੇ ਸਾਹਿਬ ਪੁਜਦਿਆਂ ਸਾਰ ਡਿਸਟ੍ਰਿਕਟ ਮੈਜਿਸਟਰੇਟ ਸ਼ੇਖ਼ੂ-ਪੁਰਾ ਦੇ ਹੁਕਮ ਨਾਲ ਗੁਰਦੁਆਰਾ ਜਨਮ ਅਸਥਾਨ ਨੂੰ ਜ਼ੇਰ ਦਫ਼ਾ ੧੪੪ ਜ਼ਾਬਤਾ ਫ਼ੌਜਦਾਰੀ ਅਨੁਸਾਰ ਫ਼ੌਜ ਦੇ ਪ੍ਰਬੰਧ ਵਿਚ ਦੇ ਦਿਤਾ ਗਿਆ। ਫ਼ੌਜ ਨੇ ਗੁਰਦੁਆਰੇ ਦੇ ਚੌਗਿਰਦੇ ਘੇਰਾ ਘਤ ਕੇ ਪਹਿਰੇ ਲਾ ਦਿਤੇ। ਸਭ ਸਿਖ ਮੁਖੀਆਂ ਤੇ ਅਫ਼ਸਰਾਂ ਨੇ ਸਾਰੇ ਮੌਕੇ ਆਪਣੀ ਅਖੀਂ ਵੇਖੇ ਅਤੇ ਕਮਿਸ਼ਨਰ ਦਾ ਧਿਆਨ ਛੇਤੀ ਗ੍ਰਿਫ਼ਤਾਰੀਆਂ ਕਰਾਉਣ ਵਲ ਦਵਾਇਆ।

ਸਭ ਤੋਂ ਪਹਿਲਾਂ ਮਹੰਤ ਨਰੈਣ ਦਾਸ ਦੇ ਬੂਹੇ ਅਗੇ ਪੁਜੇ, ਅਗੋਂ

ਮਕਾਨ ਦਾ ਬੂਹਾ ਬੰਦ ਸੀ। ਬੂਹਾ ਖੋਲ੍ਹਣ ਲਈ ਆਵਾਜ਼ਾਂ ਦਿਤੀਆਂ ਗਈਆਂ, ਕੁਝ ਚਿਰ ਬਾਦ ਆਵਾਜ਼ ਆ ਕੇ ਗੁਮ ਹੋ ਗਈ। ਅਖ਼ੀਰ ਮਕਾਨ ਨੂੰ ਘੇਰਾ ਘਤ ਕੇ ਬੂਹਾ ਤੋੜਿਆ ਗਿਆ ਤਾਂ ਮਹੰਤ ਦੂਜੇ ਬੂਹੇ ਥਾਣੀ ਹਥ ਵਿਚ ਬੰਦੂਕ ਲਈ ਸਾਹਮਣੇ ਆਇਆ, ਜੋ ਛੇਤੀ ਨਾਲ ਭਜ ਕੇ ਕਰ੍ਹੀ ਸਾਹਿਬ ਨੇ ਬੰਦੂਕ ਖੋਹ ਲਈ। ਇਸ ਦੇ ਨਾਲ ਹੀ ਹਰੀ ਨਾਥ ਜੋਗੀ ਬਾਹਰ ਆਇਆ ਤੇ ਉਹ ਭੀ ਕਲਾਵਾ ਭਰ ਕੇ ਫੜ ਲਿਆ ਗਿਆ। ਮਹੰਤ ਦੀ ਜਾਮਾ-ਤਲਾਸ਼ੀ ਤੇ ਉਸ ਦੀ ਜੇਬ ਵਿਚੋਂ ਬਹੁਤ ਸਾਰੀਆਂ ਗੋਲੀਆਂ ਨਿਕਲੀਆਂ। ਦੋਹਾਂ ਨੂੰ ਇਕੱਠੀ ਹਥਕੜੀ ਲਾਈ ਗਈ। ਪੁਲਸ ਪਾਸ ਹਥਕੜੀਆਂ ਥੋੜੀਆਂ ਸਨ, ਇਸ ਕਰਕੇ ਇਨ੍ਹਾਂ ਦੇ ਪਿਛੋਂ ਛਬੀ ਪਠਾਣ ਤੇ ਮਹੰਤ ਦਾ ਇਕ ਹੋਰ ਚੇਲਾ ਗ੍ਰਿਫ਼-ਤਾਰ ਕਰਕੇ ਮੁਸ਼ਕਾਂ ਬੰਨ੍ਹ ਲਈਆਂ। ਸਾਰੇ ਮੁਲਜ਼ਮ ਸਪੈਸ਼ਲ ਗਡੀ ਰਾਹੀਂ ਰਾਤ ਦੇ ਦੋ ਵਜੇ ਸੈਂਟਰਲ ਜੇਹਲ ਲਾਹੌਰ ਨੂੰ ਘਲ ਦਿਤੇ ਗਏ।

ਭਾਈ ਲਾਭ ਸਿੰਘ ਜੀ ਤੇ ਭਾ: ਭਗਤ ਸਿੰਘ ਜੀ ਜੋ ਦੋ ਜ਼ਖ਼ਮੀ ਬੰਡਾਲੀਆਂ ਦੇ ਬੂੰਗੇ ਪਏ ਸਨ, ਉਹ ਡੀ. ਸੀ. ਦੇ ਹੁਕਮ ਨਾਲ ਮਿਉ ਹਸਪਤਾਲ ਲਾਹੌਰ ਵਿਚ ਇਲਾਜ ਲਈ ਏਸੇ ਗਡੀ ਵਿਚ ਹੀ ਭੇਜੇ ਗਏ ਸਨ।

ਤਲਾਸ਼ੀ ਵਿਚ ਬਾਵਾ ਹਰੀ ਦਾਸ ਐਡੀਟਰ ਸੰਤ ਸੇਵਕ ਦੀ ਇਕ ਤਾਰ ਫੜੀ ਗਈ ਜਿਸ ਵਿਚ ਉਸ ਨੇ ਮਹੰਤ ਨਰੈਣ ਦਾਸ ਨੂੰ ਲਿਖਿਆ ਸੀ ਕਿ ਜੇ ਕਰ ਆਪ ਨੇ ਕਲ ਤਕ *ਬਾਵਿਆਂ ਨੂੰ ਸਾਢੇ ਤਿੰਨ ਹਜ਼ਾਰ ਰੁਪਿਆ ਨ ਘਲਿਆ ਤਦ

---

* ਇਸ ਕਾਨਫ਼੍ਰੰਸ ਦੇ ਹਰਤੇ ਕਰਤੇ ਬਾਵਾ ਹਰਦਿਤ ਸਿੰਘ, ਬਾਵਾ ਅਵਤਾਰ ਸਿੰਘ, ਉਜਾਗਰ ਸਿੰਘ ਤੇ ਟਿਕਾ ਹਰਬੰਸ ਸਿੰਘ ਸਨ। ਬਾਵਾ ਕਰਤਾਰ ਸਿੰਘ ਬੇਦੀ ਰੀਸੈਪਸ਼ਨ ਕਮੇਟੀ ਦਾ ਪ੍ਰਧਾਨ ਤੇ ਟਿਕਾ ਜਸਵੰਤ ਸਿੰਘ ਸਕੱਤ੍ਰ ਸੀ। ਕਾਨਫ਼੍ਰੰਸ ਦਾ ਸਾਰਾ ਖ਼ਰਚ ਮਹੰਤ ਨਰੈਣ ਦਾਸ ਤੇ ਕ੍ਰਿਪਾ ਰਾਮ ਨੇ ਦੇਣਾ ਕੀਤਾ ਸੀ। ਪਰ ਸਭ ਤੋਂ ਵਧ ਪਵਾੜੇ ਦੀ ਜੜ ਹਰ ਇਕ ਬੰਨੇ ਗੰਢ ਤੁਪ ਕਰਨ ਵਾਲਾ ਬਾਵਾ ਕਰਤਾਰ ਸਿੰਘ ਬੇਦੀ ਹੀ ਸੀ। ਇਸੇ ਨੇ ਹੀ ਇਸ ਕਾਨਫ਼੍ਰੰਸ ਦਾ ਬੀੜਾ ਚੁਕਿਆ ਸੀ। ੧੩ ਨਵੰਬਰ ਸੰ: ੧੯੨੧ ਈ: ਵਾਲੇ ਦਿਨ ਮਹੰਤ ਨੇ ਫਾਂਸੀ ਦਾ ਹੁਕਮ ਸੁਣਨ ਸਮੇਂ ਬਾਵਾ ਕਰਤਾਰ ਸਿੰਘ ਬੇਦੀ ਅਤੇ ਦੋ ਹੋਰ ਹਰਦਵਾਰ ਦੇ ਸਾਧਾਂ ਦੇ ਨਾਮ ਵਸੀਅਤ ਕੀਤੀ ਸੀ ਕਿ ਇਹ ਨਨਕਾਣੇ ਸਾਹਿਬ ਦਾ ਗੁਰਦੁਆਰਾ ਸਿਖਾਂ ਪਾਸੋਂ ਕਾਨੂੰਨੀ ਚਾਰਾਜੋਈ ਕਰਕੇ ਵਾਪਸ ਲੈ ਲੈਣ। ਇਨ੍ਹਾਂ ਨੇ ਸ਼ੇਖ਼ੂਪੁਰੇ ਅਦਾਲਤ ਵਿਚ ਦੀਵਾਨੀ ਦਾਹਵਾ ਦਾਇਰ ਕਰ ਦਿਤਾ ਸੀ। ਇਨ੍ਹਾਂ ਪੰਥ ਘਾਤਕ ਸਰਗਰਮੀਆਂ ਨੂੰ ਵੇਖ ਕੇ ਬਾਵਾ ਕਰਤਾਰ ਸਿੰਘ ਬੇਦੀ ਅਤੇ ਉਜਾਗਰ ਸਿੰਘ ਦਾ ਰਾਵਲਪਿੰਡੀ ਵਿਚ ਸਿਖ ਸੰਗਤਾਂ ਵਲੋਂ ਬੜੀ ਧੂਮ ਧਾਮ ਨਾਲ ਜਨਾਜ਼ਾ ਕਢਿਆ ਗਿਆ। ਇਸਤ੍ਰੀਆਂ "ਹਾਇਆ ਵੇ ਕਰਤਾਰੂ ਸ਼ੇਰਾ" ਦਾ ਸਿਆਪਾ ਕਰਦੀਆਂ ਸ਼ਮਸ਼ਾਨ ਭੂਮੀ ਤਕ ਗਈਆਂ ਅਤੇ ਜਨਾਜ਼ੇ ਉਤੇ ਸਾਰੇ ਰਸਤੇ ਬੋਹਕਰਾਂ ਦੇ ਚੌਰ ਹੁੰਦੇ ਗਏ। ਇਸੇ ਤਰ੍ਹਾਂ ਲਾਹੌਰੋਂ ਗੁਰਦੁਆਰਾ ਚੁਮਾਲਾ ਸਾਹਿਬ ਤੋਂ ਭੀ ਸੰਗਤਾਂ ਜਨਾਜ਼ਾ ਕਢ ਕੇ ਤੁਰਨ ਲਗੀਆਂ ਸਨ ਪਰ ਡੀ. ਸੀ. ਨੇ ਸਪੈਸ਼ਲ ਹੁਕਮ ਦੇ ਕੇ ਜਨਾਜ਼ਾ ਬੰਦ ਕਰਵਾ ਦਿਤਾ। ਪਿਛੋਂ ਆਕੇ ਬਾਵੇ ਕਰਤਾਰ ਸਿੰਘ ਨੇ ਪੰਥ ਦੀ ਸ਼ਰਨ ਆ ਲਈ ਤੇ ਆਪ ਨੂੰ ਨਨਕਾਣੇ ਸਾਹਿਬ ਦਾ ਸ਼ਹੀਦ ਗੰਜ ਬਨਾਉਣ ਲਈ ਦਸ ਹਜ਼ਾਰ ਰੁਪਿਆ ਤਨਖ਼ਾਹ ਲਾਈ ਗਈ ਤੇ ੧੨ ਮਈ ਸੰ: ੧੯੨੩ ਈ: ਨੂੰ ਨੰਗੀਂ ਪੈਰੀਂ ਅੰਮ੍ਰਿਤਸਰੋਂ ਤੁਰ ਕੇ ਨਨਕਾਣੇ ਸਾਹਿਬ ਦੀ ਯਾਤਰਾ ਦਾ ਹੁਕਮ ਹੋਇਆ ਤੇ ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ-ਨਾਮਾ ਜਾਰੀ ਹੋਇਆ।

ਬਾਵੇ ਆਖਦੇ ਹਨ ਕਿ ਉਹ ਸਨਾਤਨ ਸਿਖ ਧਰਮ ਕਾਨਫ੍ਰੰਸ ਦੀਆਂ ਤਿਆਰੀਆਂ ਬੰਦ ਕਰ ਦੇਣਗੇ, ਫ਼ੌਰਨ ਇਹ ਰੁਪਿਆ ਟਿਕਾ ਹਰਬੰਸ ਸਿੰਘ ਜੀ ਨੂੰ ਭੇਜ ਦਿਓ।

ਇਕ ਰੁਕਾ ਨਰੈਣ ਦਾਸ ਦਾ ਦਸਖ਼ਤੀ ਫੜਿਆ ਗਿਆ ਜਿਸ ਵਿਚ ਇਨਸਪੈਕਟਰ ਪੁਲਸ ਨੂੰ ਇਕ ਹਜ਼ਾਰ ਰੁਪਿਆ ਵਢੀ ਦੇਣ ਦਾ ਹਾਲ ਸੀ ਜੋ ੨੩ ਫ਼ਰਵਰੀ ਵਾਲੇ ਦਿਨ ਗਵਰਨਰ ਪੰਜਾਬ ਨੂੰ ਦਿੱਤਾ ਗਿਆ ਪਰ ਇੰਨਸਪੈਕਟਰ ਪੁਲਸ ਕੇਵਲ ਇੱਥੋਂ ਬਦਲਿਆ ਹੀ ਗਿਆ ਸੀ।

ਇਕ ਬੋਰੀ ਬੁਰਜ ਵਿਚੋਂ ਤੇ ਅੱਧੀ ਬੋਰੀ ਦਰਸ਼ਨੀ ਡਿਉੜੀ ਦੀ ਉਪ੍ਰਲੀ ਛਤੋਂ ਕਾਰਤੂਸਾਂ ਦੀ ਫੜੀ ਗਈ। ਇਸ ਤੋਂ ਬਿਨਾਂ ਕੁਝ ਕਾਰਤੂਸ ਮਹੰਤ ਦੇ ਅੰਦਰੋਂ ਭੀ ਫੜੇ ਗਏ ਸਨ।

ਇਕ ਤਾਰ ਮਹੰਤ ਨਰੈਣ ਦਾਸ ਦੇ ਨਾਮ ਤੇ ਲਾਲਾ ਲਾਜਪਤ ਰਾਏ ਵਲੋਂ ਦਿਤੀ ਗਈ ਫੜੀ ਗਈ, ਜਿਸ ਵਿਚ ਲਿਖਿਆ ਸੀ ਕਿ ਮਹਾਤਮਾ ਗਾਂਧੀ ਜੀ ਨਨਕਾਣੇ ਸਾਹਿਬ ਨਹੀਂ ਆ ਸਕਦੇ*।

ਬਾਵੇ ਕਰਤਾਰ ਸਿੰਘ ਨੂੰ ਪਚੱਤ੍ਰ ਹਜ਼ਾਰ ਰੁਪਿਆ ਦੇਣਾ

ਜਦੋਂ ਸ਼੍ਰੋਮਣੀ ਕਮੇਟੀ ਵਲੋਂ ਨਨਕਾਣੇ ਸਾਹਿਬ ੪, ੫ ਤੇ ੬ ਮਾਰਚ ਨੂੰ ਬੜਾ ਭਾਰੀ ਦੀਵਾਨ ਕਰਨ ਦਾ ਇਸ਼ਤਿਹਾਰ ਨਿਕਲਿਆ ਤਾਂ ਮਹੰਤ ਨੂੰ ਪਿੱਸੂ ਪੈ ਗਏ ਤੇ ਉਸ ਨੇ ਗੁਰੂ ਕੇ ਖ਼ਜ਼ਾਨੇ ਚੋਂ ਸਭ ਰੁਪਿਆ ਕਢਾਕੇ ਲਾਹੌਰ ਢੋਣਾ ਸ਼ੁਰੂ ਕਰ ਦਿਤਾ ਅਤੇ ਬੌਂਦਲੇ ਹੋਏ ਨੇ ਰੁਪਿਆ ਅਮਾਨਤ ਰਖਣ ਤੇ ਦੇਣ ਲਗਿਆਂ ਕੋਈ ਥਾਂ-ਕੁ-ਥਾਂ ਨ ਵੇਖਿਆ। ਪੰਜਾਹ ਹਜ਼ਾਰ ਦੇ ਕਰੀਬ ਦੇਵੀ ਦਿਆਲ ਆੜ੍ਹਤੀ ਮੰਡੀ ਨਨਕਾਣਾ ਸਾਹਿਬ ਨੂੰ ਦਿਤਾ ਰੁਪਿਆ ਮਾਰਿਆ ਗਿਆ ਤੇ ਹੋਰ ਕਈ†

---

* ਲਾਲਾ ਲਾਜਪਤ ਰਾਏ ਦੇ "ਬੰਦੇ ਮਾਤ੍ਰਮ" ਅਖ਼ਬਾਰ ਨੂੰ ਮਹੰਤ ਵਲੋਂ ਪੰਜ ਹਜ਼ਾਰ ਰੁਪਿਆ ਦਿਤਾ ਗਿਆ ਸੀ ਜਿਸ ਦੇ ਕਾਰਨ ਉਸ ਨੇ ਗ਼ਲਤ ਫ਼ਹਿਮੀ ਪੈਦਾ ਕਰਨ ਵਾਲੇ ਨੋਟ ਲਿਖੇ। ਦੂਜਾ ਲਾਲਾ ਜੀ ਨਾਲ ਇਹ ਫ਼ੈਸਲਾ ਸੀ ਕਿ ਇਕ ਟ੍ਰਸਟ ਬਣਾਇਆ ਜਾਵੇਗਾ ਜਿਸ ਦੇ ਪ੍ਰਧਾਨ ਲਾਲਾ ਜੀ ਤੇ ਮੈਂਬਰ ਉਨ੍ਹਾਂ ਦੀ ਮਰਜ਼ੀ ਦੇ ਬੰਦੇ ਹੋਣਗੇ। ਮਹੰਤ ਨੂੰ ਗੁਜ਼ਾਰਾ ਦੇ ਕੇ ਬਾਕੀ ਰੁਪਿਆ ਨੈਸ਼ਨਲ ਯੂਨੀਵਰਸਟੀ ਤੇ ਪੋਲੀਟੀਕਲ ਕੰਮਾਂ ਤੇ ਖ਼ਰਚ ਕੀਤਾ ਜਾਵੇਗਾ।

† ਕਿਨਾ ਕਿਨਾ ਤੇ ਕਿਸ ਕਿਸ ਉਸ ਵੇਲੇ ਦੇ ਚੌਧਰੀ ਨੂੰ ਮਹੰਤ ਵਲੋਂ, ਕਿਥੇ ਕਿਥੇ ਰੁਪਿਆ ਦਿਤਾ ਗਿਆ, ਪੂਰਾ ਵੇਰਵਾ ਨ ਰਦੇ ਜਾਣ ਵਾਲੇ ਸਬੂਤਾਂ ਸਣੇ ਅਗਲੇ ਹਿਸੇ ਵਿਚ ਦਿਤਾ ਜਾਵੇਗਾ। ਸਾਕੇ ਦੀ ਤਿਆਰੀ ਤੇ ਮੁਕਦਮੇ ਦੇ ਅਖ਼ੀਰ ਤਕ ਮਹੰਤ ਦਾ ਸਤ ਲਖ ਰਪਿਆ ਖ਼ਰਚ ਹੋਇਆ ਸੀ।


ਬੰਦਿਆਂ ਨੂੰ ਬੇਸ਼ੁਮਾਰ ਰੁਪਿਆ ਦਿਤਾ ਗਿਆ। ਜੋ ਰੁਪਿਆ ਸ਼ੇਰ ਸਿੰਘ ਦਾਂਦੂ ਕਈ ਦਿਨ ਲਾਕੇ ਇਥੋਂ ਲਾਹੌਰ ਮਹੰਤ ਦੇ ਰਾਮ ਗਲੀ ਵਾਲੇ ਮਕਾਨ ਵਿਚ ਢੋ ਕੇ ਪਹੁੰਚਾਂਦਾ ਰਿਹਾ ਸੀ, ਉਸ ਵਿਚੋਂ ੨੧ ਫ਼ਰਵਰੀ ਦੀ ਰਾਤ ਨੂੰ ਨੌਂ ਵਜੇ ਫ਼ਿਟਨ ਨੰਬਰ ੧੪ ਬੰਦ ਗਡੀ ਨੰਬਰ ੮੧ ਅਤੇ ਇਕ ਟਾਂਗੇ ਵਿਚ ਪੰਜ ਵੱਡੇ ਬਕਸ ਰੁਪਿਆਂ ਅਤੇ ਪੌਂਡਾਂ ਦੇ ਭਰੇ ਹੋਏ ਬਾਵਾ ਹਰੀ ਦਾਸ ਸੱਯਦ ਵਾਲਾ, ਬਾਵਾ ਸੁੰਦਰ ਦਾਸ ਸਿਆਲਕੋਟੀ, ਤੇ ਮਹੰਤਣੀ ਲਖਸ਼ਮੀ ਦੇਵੀ ਤਿੰਨੇ ਜਣੇ ਕੋਠੀ ਨੰ:੨੨ ਵਿਚ ਬਾਵਾ ਕਰਤਾਰ ਸਿੰਘ ਬੇਦੀ ਪਾਸ ਲੈਕੇ ਪੁੱਜੇ ਅਤੇ ਇਨ੍ਹਾਂ ਬਕਸਾਂ 'ਚੋਂ ਕਢਕੇ ਤਕੜੀ ਨਾਲ ਤੋਲਕੇ ਪਚੱਤ੍ਰ ਹਜ਼ਾਰ ਰੁਪਿਆ ਉਸ ਨੂੰ ਦਿਤਾ ਗਿਆ। ਰਾਤ ਨੂੰ ਮਹੰਤਣੀ ਤੇ ਦੂਜੇ ਦੋਵੇਂ ਜਣੇ ਬਾਵੇ ਦੀ ਕੋਠੀ ਹੀ ਰਹੇ, ਤੇ ਉਸ ਨੂੰ ਕਿਹਾ ਕਿ ਉਹ ਮਹੰਤਣੀ ਨੂੰ ਆਪਣੇ ਚਕਾਂ ਵਿਚ ਲੁਕਣ ਵਾਸਤੇ ਪਹੁੰਚਾ ਦੇਵੇ, ਪ੍ਰੰਤੂ ਉਸ ਨੇ ਇਹ ਗੱਲ ਮੰਨਣ ਤੋਂ ਇਨਕਾਰ ਕਰ ਦਿਤਾ, ਅਖੀਰ ਇਨ੍ਹਾਂ ਦੋਹਾਂ ਜਣਿਆਂ ਨੇ ਨਰਾਸ ਹੋ ਇਆਂ ਬਾਵੇ ਦੀ ਮੋਟਰ ਕਾਰ ਲਈ ਅਤੇ ਰਾਤੋ ਰਾਤ ਇਸ ਵਿਚ ਮਹੰਤਣੀ ਨੂੰ ਸੁਆਰ ਕਰਕੇ ਅਟਾਰੀ ਲੈ ਗਏ, ਤੇ ਇੱਥੋਂ ਤਿੰਨੇ ਜਣੇ ਗਡੀ ਚੜ੍ਹਕੇ ਹਰਦੁਵਾਰ ਨੂੰ ਚਲੇ ਗਏ। ਮਹੰਤਣੀ ਨੂੰ ਉੱਥੇ ਛੱਡਕੇ ਮੁੜ ਉਹ ਦੋਵੇਂ ਜਣੇ ਵਾਪਸ ਆ ਗਏ ਤੇ ਮਹੰਤ ਦੇ ਬਰਖ਼ਿਲਾਫ਼ ਬਣੇ ਗਵਾਹਾਂ ਨੂੰ ਪੰਜ ਪੰਜ ਚਾਰ ਚਾਰ ਹਜ਼ਾਰ ਰੁਪਿਆ ਦੇਕੇ ਮੁਕਰੌਂਦੇ ਰਹੇ।

———

ਗੁਰਪੁਰ ਵਾਸੀ ਮਿਠ ਬੋਲੜੇ

ਸ: ਹਰਬੰਸ ਸਿੰਘ ਜੀ ਰਈਸ ਅਟਾਰੀ

ਸਜਣ ਮੈਂਡੇ ਰੰਗਲੇ ਜਾਇ ਸੁਤੇ ਜੀਰਾਣ ।



ਆਪ ਨੇ ੨੧ ਫ਼ਰਵਰੀ ਸੰਨ ੧੯੨੧ ਈ: ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਨਾਮ ਤੇ ਸਰਕਾਰ ਪਾਸੋਂ ਗੁਰਦੁਆਰਾ ਜਨਮ ਅਸਥਾਨ ਦੀਆਂ ਚਾਬੀਆਂ ਲਈਆਂ ਸਨ ਅਤੇ ਇਸ ਦਿਨ ਗਰਦੁਆਰੇ ਦੇ ਪ੍ਰਬੰਧ ਲਈ ਬਣੀ ਕਮੇਟੀ ਦੇ ਆਪ ਪ੍ਰਧਾਨ ਥਾਪੇ ਗਏ ਸਨ ।

ਗੁਰਦੁਆਰੇ ਦਾ ਕਬਜ਼ਾ

੨੧ ਜਨਵਰੀ ਦੀ ਸ਼ਾਮ ਨੂੰ ਮਾਸਟਰ ਤਾਰਾ ਸਿੰਘ ਜੀ, ਸ: ਹਰਬੰਸ ਸਿੰਘ ਜੀ ਅਟਾਰੀ, ਪ੍ਰੋ: ਜੋਧ ਸਿੰਘ ਜੀ, ਸ: ਤੇਜਾ ਸਿੰਘ ਜੀ ਸਮੁੰਦਰੀ, ਬਾਬਾ ਕੇਹਰ ਸਿੰਘ ਜੀ ਪੱਟੀ ਅਤੇ ਭਾਈ ਕਰਤਾਰ ਸਿੰਘ ਜੀ ਝੱਬਰ ਆਪਣੇ ਜਥੇ ਸਣੇ ਪੁੱਜ ਚੁਕੇ ਸਨ।

ਭਾਈ ਕਰਤਾਰ ਸਿੰਘ ਜੀ ਝੱਬਰ* ਦੇ ਜਥੇ ਵਿਚ ਅਠ ਸੌ ਅਤੇ ਹਜ਼ਾਰ ਦੇ ਵਿਚਕਾਰ ਸਿੰਘ ਹੋਣਗੇ ਜੋ ਸਭ ਹਥਿਆਰ ਬੰਦ ਸਨ ਕਿਸੇ ਪਾਸ ਛਵ੍ਹੀ, ਕਿਸੇ ਪਾਸ ਕੁਹਾੜੀ, ਪਰ ਡਾਂਗੋਂ ਖਾਲੀ ਤਾਂ ਕੋਈ ਭੀ ਨਹੀਂ ਸੀ। ਸਭ ਸਿੰਘਾਂ ਨੂੰ ਰੋਹ ਚੜ੍ਹੇ ਹੋਏ ਸਨ ਤੇ ਅਥਾਹ ਜੋਸ਼ ਵਿਚ ਆਏ ਸਭ ਮਰਨ ਮਾਰਨ ਨੂੰ ਤਿਆਰ ਸਨ। ਇਨ੍ਹਾਂ ਵਿਚੋਂ ਕੁਝ ਸਿੰਘ ਘੋੜੀਆਂ ਤੇ ਸਵਾਰ ਸਨ ਜੋ ਇਕ ਸਿਧੀ ਕਤਾਰ ਬੰਨ੍ਹ ਕੇ ਗੁਰਦੁਆਰੇ ਨੂੰ ਸਿਧੇ ਤੀਰ ਆ ਰਹੇ ਸਨ। ਸ: ਬ: ਮਹਿਤਾਬ ਸਿੰਘ ਜੀ ਨੇ ਅਗਲ-ਵਾਂਢੀ ਜਾ ਕੇ ਇਸ ਜਥੇ ਨੂੰ ਕੁਝ ਚਿਰ ਲਈ ਅਟਕਾ ਦਿਤਾ ਤੇ ਸਿਖ ਮੁਖੀਆਂ ਨੂੰ ਇਕਠੇ ਕਰਕੇ ਕਿਹਾ ਕਿ ਸਰਕਾਰ ਦੀ ਮਰਜ਼ੀ ਇਕ ਕਮੇਟੀ ਬਣਾ ਕੇ ਗੁਰਦੁਆਰੇ ਦਾ ਕਬਜ਼ਾ ਦੇ ਦੇਣ ਦੀ ਹੈ, ਤੁਸੀਂ ਕਮੇਟੀ ਬਣਾ ਕੇ ਕਬਜ਼ਾ ਲੈ ਲਓ। ਸ: ਹਰਬੰਸ ਸਿੰਘ ਹੋਰਾਂ ਉਤ੍ਰ ਦਿਤਾ ਕਿ ਪੰਥ ਅਗੇ ਕਮੇਟੀ ਬਣਾ ਚੁਕਾ ਹੈ ਤੇ ਅਸੀਂ ਕਬਜ਼ਾ ਸ਼੍ਰੋ: ਗੁ: ਪ੍ਰ: ਕਮੇਟੀ ਦੇ ਨਾਮ ਤੇ ਲਵਾਂਗੇ, ਵਖਰੀ ਕਮੇਟੀ ਨਹੀਂ ਬਣਾਵਾਂਗੇ। ਇਸ ਗੱਲ ਤੇ ਕੁਝ ਚਿਰ ਵਿਚਾਰ ਹੁੰਦੀ ਰਹੀ, ਛੇਕੜ ਇਹ ਫ਼ੈਸਲਾ ਹੋਇਆ ਕਿ ਸ਼੍ਰੋਮਣੀ ਕਮੇਟੀ ਦੀ ਇਕ ਸਬ ਕਮੇਟੀ ਬਣਾਕੇ ਕਬਜ਼ਾ ਲਿਆ ਜਾਵੇ। ਇਤਨੇ

---

* ਜਥੇ ਦੇ ਸਿੰਘਾਂ ਦਾ ਹਰ ਇਕ ਪਿੰਡ ਵਿਚੋਂ ਇਕਠੇ ਹੋ ਕੇ ਤੁਰਨਾ ਤੇ ਜਥੇਦਾਰਾਂ ਦਾ ਨੀਯਤ ਹੋਣਾ, ਛਤੋਆਂ ਜ਼ਿਲਿਆਂ ਦੇ ਸਿੰਘਾਂ ਦਾ ਮਾਰਚ ਕਰਨਾ, ਦੇਵਾ ਦਾਸ ਦੀ ਮੋਟਰ ਰੋਕ ਕੇ ਫੜਨਾ ਤੇ ਉਸ ਪਾਸੋਂ ਖੋਹੀ ਸੰਦੂਕੜੀ ਦਾ ਮੁਕੰਮਲ ਹਾਲ ਅਗਲੇ ਹਿਸੇ ਵਿਚ ਦਿਤਾ ਜਾਵੇਗਾ। "ਸ਼ਮਸ਼ੇਰ"

ਨੂੰ ਕਿੰਗ ਕਮਿਸ਼ਨਰ ਤੇ ਡੀ. ਸੀ. ਸ਼ੇਖ਼ੂਪੁਰਾ ਇਨ੍ਹਾਂ ਦੇ ਪਾਸ ਆ ਗਏ। ਫੇਰ ਇਹੋ ਗਲ ਮੁੜ ਕੇ ਦੁਬਾਰੇ ਚਲੀ। ਡੀ. ਸੀ. ਸ਼ੇਖ਼ੂਪੁਰਾ (ਜੇਹੜੇ ਸ: ਹਰਬੰਸ ਸਿੰਘ ਜੀ ਨੂੰ [ਜਾਣਦੇ ਨਹੀਂ ਸਨ) ਨੇ ਕੁਝ ਅਜਿਹਾ ਰੀਮਾਰਕ ਕੀਤਾ ਜਿਸ ਦਾ ਭਾਵ ਇਹ ਸੀ ਕਿ ਕੁਝ ਵਧੀਕ (Respectable) ਆਦਮੀਆਂ ਦੀ ਕਮੇਟੀ ਹੋਣੀ ਚਾਹੀਦੀ ਹੈ। ਸ: ਹਰਬੰਸ ਸਿੰਘ ਜੀ ਨੇ ਕਿਹਾ ਕਿ ਮਿਸਟਰ ਕਿੰਗ ਸਾਨੂੰ ਜਾਣਦੇ ਹਨ, ਪ੍ਰੰਤੂ ਸਾਨੂੰ ਕੋਈ ਚਾਓ ਕਬਜ਼ਾ ਲੈਣ ਦਾ ਨਹੀਂ, ਤੁਸੀਂ ਜੇਹੜੀ ਮਰਜ਼ੀ ਹੈ ਕਮੇਟੀ ਬਣਾ ਲਓ। ਮਿਸਟਰ ਕਿੰਗ ਨੇ ਜਦ ਕੰਮ ਵਿਚਲਦਾ ਵੇਖਿਆ ਤਾਂ ਆਖਣ ਲੱਗਾ ਕਿ ਸ੍ਰਦਾਰ ਸਾਹਿਬ ਜੀ ਸਾਡਾ ਇਹ ਮਤਲਬ ਨਹੀਂ ਹੈ। ਅਖ਼ੀਰ ਮੁਕਦੀ ਗੱਲ ਇਹ ਕਿ ਉਨ੍ਹਾਂ ਪੰਥਕ ਮੁਖੀਆਂ ਨੇ ਸ਼੍ਰੋਮਣੀ ਕਮੇਟੀ ਦੇ ਨਾਮ ਤੇ ਗੁਰਦੁਆਰੇ ਦਾ ਕਬਜ਼ਾ ਲੈ ਲਿਆ ਤੇ ਕਿੰਗ ਸਾਹਿਬ ਨੇ ਕੁੰਜੀਆਂ ਸ: ਹਰਬੰਸ ਸਿੰਘ ਜੀ ਅਟਾਰੀ ਦੇ ਹੱਥ ਫੜਾਈਆਂ। ਸਭ ਸਿੰਘ ਜੈਕਾਰੇ ਛਡਦੇ ਗੁਰਦੁਆਰੇ ਨੂੰ ਤੁਰ ਪਏ। ਜਦ ਦਰਸ਼ਨੀ ਡਿਉੜੀ ਪਾਸ ਪੁਜੇ ਤਾਂ ਅਗੇ ਗੋਰੇ ਪਹਿਰੇ ਤੇ ਸਨ, ਤੇ ਕੁਝ ਸਾਧੂ ਧੂਣੀਆਂ ਤਪਾਈ ਬੈਠੇ ਸਨ। ਸ੍ਰਕਾਰ ਨੇ ਡੀ. ਸੀ. ਦੇ ਹੁਕਮ ਨਾਲ ਗੋਰਿਆਂ ਦਾ ਪੈਹਰਾ ਉਸੇ ਵੇਲੇ ਹਟਾ ਲਿਆ ਤੇ ਉਹ ਸਾਧੂ ਭੀ ਨਾਲ ਹੀ ਤਿੱਤਰ ਹੋ ਗਏ, ਇਤਨੇ ਨੂੰ ਜਥਾ ਭੀ ਪੁਜ ਗਿਆ। ਗੁਰਦੁਆਰੇ ਦੇ ਬੂਹੇ ਬੰਦ ਕਰਵਾਕੇ ਇਸ ਜਥੇ ਦੇ ਥਾਂ-ਪ੍ਰ-ਥਾਂ ਪਹਿਰੇ ਲਾ ਦਿਤੇ ਗਏ, ਤਾਂ ਜੋ ਪੁਲਸ ਮੌਕੇ ਦਾ ਨਕਸ਼ਾ ਸਹੀ ਬਣਾ ਸਕੇ ਅਤੇ ਕੋਈ ਨਿਸ਼ਾਨ ਨ ਮਿਟ ਜਾਵੇ।

ਦਿਲ-ਕੰਬਾਊ ਦ੍ਰਿਸ਼ਯ

ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਸ੍ਰੀਰ ਦੇ ਲੂੰ ਕੰਡੇ ਕਰਨ ਵਾਲਾ ਡਾਹਢਾ ਹੀ ਦਰਦਨਾਕ ਨਕਸ਼ਾ ਬਣਿਆ ਹੋਇਆ ਸੀ। ਥਾਂ ਥਾਂ ਪਵਿੱਤ੍ਰ ਸ਼ਹੀਦੀ ਖ਼ੂਨ ਦੀਆਂ ਛਿਟਾਂ ਤੇ ਘਰਾਲਾਂ ਵਗੀਆਂ ਹੋਈਆਂ ਸਨ। ਸਾਰੇ ਹਾਤੇ ਵਿਚ ਲੋਥਾਂ ਨੂੰ ਧੂਹਣ ਦੀਆਂ ਘਸੀਟਣੀਆਂ ਲਗੀਆਂ ਹੋਈਆਂ ਸਨ ਅਤੇ ਖ਼ੂੰਨ ਦੇ ਵਗਿਆਂ ਰੇੜ੍ਹਾਂ ਦੇ ਨਿਸ਼ਾਨ ਸਨ। ਪੰਜ ਵੱਖ ਵੱਖ ਥਾਵਾਂ ਤੇ ਕੋਈ ਵੀਹ ਮੁਰਬਾ ਫ਼ੁੱਟ ਵਿਚ ਸ਼ਹੀਦਾਂ ਦੀਆਂ ਝੁਲਸੀਆਂ ਹੋਈਆਂ ਦੇਹੀਆਂ ਖਿਲਰੀਆਂ ਪਈਆਂ ਸਨ। ਬਾਕੀ ਇਕ ਵਡੇ ਪੰਜ ਫ਼ੁੱਟ ਉਚੇ ਢੇਰ ਵਿਚ ਇਕੱਠੀਆਂ ਪਈਆਂ

ਭਿਆਨਕ ਦ੍ਰਿਸ਼

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ।



ਮਿੱਟਾ ਮੰਨਕੇ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਖੜ੍ਹੀ ਹੈ। ਸਾਹਮਣੇ ਸੜੀਆਂ ਹੋਈਆਂ ਲਾਸ਼ਾਂ ਦੇ ਢੇਰ ਤੇਲ ਦੇ ਪੀਪੇ ਤੇ ਇਕ ਨੁਕਰੇ ਸ਼ਰਾਬ ਦੀਆਂ ਬੋਤਲਾਂ ਪਈਆਂ ਹਨ।

ਸਨ। ਇਸ ਢੇਰ ਵਿਚ ਬਹੁਤ ਸਾਰੇ ਸਿਰ ਧੜਾਂ ਤੋਂ ਵਖ ਹੋਏ ਇਉਂ ਜਾਪਦੇ ਸਨ ਕਿ ਜਿਸ ਤਰ੍ਹਾਂ ਘੁਮਿਆਰ ਦੇ ਪਜਾਵੇ ਵਿਚ ਅਧ ਕੱਚੇ ਟਿੰਡਾਂ ਵਰਗੇ ਭਾਂਡੇ ਪਏ ਹੁੰਦੇ ਹਨ। ਇਨ੍ਹਾਂ ਨੂੰ ਮਿਟੀ ਦਾ ਤੇਲ ਪਾਕੇ ਸਾੜਣ ਦਾ ਯਤਨ ਕੀਤਾ ਗਿਆ ਸੀ। ਕੁਝ ਅਧ-ਸੜੀਆਂ,ਕੁਝ ਝੁਲਸੀਆਂ ਹੋਈਆਂ ਖ਼ੂਨ ਨਾਲ ਲਥ ਪਥ ਹੋਈਆਂ ਦੇਹੀਆਂ ਪਈਆਂ ਸਨ। ਪੂਰਾ ਜੁੱਸਾ ਕਿਸੇ ਦਾ ਕਾਇਮ ਨਹੀਂ ਸੀ, ਸਭ ਸੜੇ ਹੋਏ ਬੇਪਛਾਣੇ ਤੇ ਅੰਗ ਅੰਗ ਹੋਏ ਸਨ। ਹਡੀਆਂ ਨਾਲ ਸੜਿਆ ਹੋਇਆ ਮਾਸ ਵੇਖ ਕੇ ਮਨੁਖ ਦਾ ਸ੍ਰੀਰ ਕੰਬਣ ਤੇ ਦਿਲ ਧੜਕਣ ਲਗ ਪੈਂਦਾ ਸੀ।

ਇਹ ਭਿਆਨਕ ਦਿਲ-ਕੰਬਾਊ ਦ੍ਰਿਸ਼ਯ ਵੇਖਕੇ ਸਿੱਖਾਂ ਦੇ ਅਥਰੂ ਨਿਕਲਣੋਂ ਨ ਰਹਿ ਸਕੇ। ਕਈਆਂ ਦੇ ਸਰੀਰ ਵਿਚ ਝੁਣ-ਝੁਣੀਆਂ ਤੇ ਕੰਬਣੀਆਂ ਛਿੜੀਆਂ ਹੋਈਆਂ ਸਨ। ਕਈਆਂ ਦੀ ਇਨ੍ਹਾਂ ਜ਼ੁਲਮੀ ਨਜ਼ਾਰਿਆਂ ਨੂੰ ਵੇਖ ਕੇ ਹਿਚਕੀ ਬਝੀ ਹੋਈ ਸੀ। ਕਈ ਸਿੰਘ ਸਿੰਘਣੀਆਂ ਇਸ ਹਾਲਤ ਵਿਚ ਖੜੇ ਬੇਹਵਾਸ ਹੋ ਰਹੇ ਸਨ। ਇਨ੍ਹਾਂ ਵਿਚ ਕਈ ਅਜਿਹੇ ਭੀ ਸਨ ਜੋ ਹੈਰਾਨੀ ਦੇ ਮਾਰੇ ਬਿਟਰ ਬਿਟਰ ਤਕ ਰਹੇ ਸਨ। ਵੇਖਣ ਵਾਲੇ ਨੂੰ ਇਉਂ ਮਾਲੂਮ ਹੁੰਦਾ ਸੀ ਕਿ ਉਸਦੀ ਕੋਈ ਪਿਆਰੀ ਚੀਜ਼ ਇਸ ਥਾਂ ਗੁੰਮ ਹੋ ਗਈ ਹੈ, ਜਿਸਦਾ ਇਸ ਦੁਨੀਆਂ ਵਿਚ ਮਿਲਣਾ ਅਸੰਭਵ ਹੈ।

ਪੁਲਸ ਨੂੰ ਪੜਤਾਲ ਕਰਨ ਤੇ ਕਿਤੇ ਕਿਤੇ ਕਟੇ ਹੋਏ ਕੇਸ ਤੇ ਇਕ ਚਾਟੀ ਵਿਚ ਕੁਝ ਕੜੇ, ਕੰਘੇ ਤੇ ਚਲੇ ਹੋਏ ਕਾਰਤੂਸ ਮਿਲੇ। ਮਿੱਟੀ ਦੇ ਤੇਲ ਦੇ ਛੱਬੀ ਪੀਪੇ ਖਾਲੀ ਬਾਹਰ ਹਾਤੇ ਵਿਚੋਂ ਤੇ ਸੋਲਾਂ ਭਰੇ ਹੋਏ ਅੰਦਰੋਂ ਕੋਠੜੀਆਂ ਵਿਚੋਂ ਮਿਲੇ। ਸਤ ਸੀਖਾਂ, ਜਿਨ੍ਹਾਂ ਨਾਲ ਹਿਲਾ ਹਿਲਾ ਤੇ ਠਕੋਰ ਠਕੋਰ ਕੇ ਲੋਥਾਂ ਸਾੜਦੇ ਰਹੇ ਸਨ, ਬਾਵਲੀ ਦੇ ਨਾਲ ਬਹੁਤ ਸਾਰੇ ਖਾਲੀ ਘੜੇ ਪਏ ਸਨ, ਜਿਨ੍ਹਾਂ ਨਾਲ ਖ਼ੂਨ ਧੋਣ ਲਈ ਪਾਣੀ ਖੜਿਆ ਜਾਂਦਾ ਸੀ। ਦਰਸ਼ਨੀ ਡਿਉੜੀ ਤੇ ਹੋਰ ਕੋਠਿਆਂ ਉਤੋਂ ਤੇ ਥਲਿਓਂ ਇੱਟਾਂ ਦੇ ਸੋਲਾਂ ਵਡੇ ਢੇਰ, ਸਿਗਰਟਾਂ ਦੀਆਂ ਡਬੀਆਂ, ਸ਼ਰਾਬ ਦੀਆਂ ਬੋਤਲਾਂ, ਤਮਾਕੂ ਦੀਆਂ ਚਿਲਮਾਂ ਤੇ ਬਹੁਤ ਸਾਰੇ ਤੇਲ ਨਾਲ ਭਿਜੇ ਹੋਏ ਵੜੇਵੇਂ ਜੋ ਰਾਤ ਨੂੰ ਦੌਰੇ ਭਰਕੇ ਗੁਰਦੁਆਰੇ ਦੇ ਚਵ੍ਹੀਂ ਖੂੰਨੀਂ ਰੌਸ਼ਨੀ ਲਈ ਬਾਲੇ ਜਾਂਦੇ ਸਨ ਆਦਿ ਮਿਲੇ। ਭਾਈ ਦਲੀਪ ਸਿੰਘ ਜੀ ਸਾਹੋਵਾਲ ਵਾਲੀ ਘੁਮਿਆਰਾਂ ਦੀ ਭੱਠੀ ਵਿਚੋਂ ਸਤ ਕੜੇ,ਇਕ ਮਾਲਾ ਲੋਹੇ ਦੀ ਭਾਈ ਦਲੀਪ ਸਿੰਘ ਜੀ ਦੀ,ਨੌਂ

ਰੁਪਏ ਤੇ ਇਕ ਪੈਸਾ ਨਕਦ ਮਿਲੇ। ਇਕ ਸਿੰਘ ਦੀ ਖੋਪਰੀ ਜੋ ਅਜੇ ਸਾਰੀ ਸੜੀ ਨਹੀਂ ਸੀ ਮਿਲੀ, ਉਸ ਉਪਰ ਇਸ ਵੇਲੇ ਕੇਸ ਮੌਜੂਦ ਸਨ। ਇਕ ਸ਼ਹੀਦ ਸਿੰਘ ਦਾ ਸਬੂਤਾ ਹਥ ਜਿਸ ਵਿਚ ਕੁੰਜੀਆਂ ਦਾ ਗੁਛਾ ਫੜਿਆ ਹੋਇਆ ਸੀ। ਬਾਕੀ ਸਭ ਦੇ ਸ੍ਰੀਰ ਸੜ ਕੇ ਭਸਮ ਹੋ ਚੁਕੇ ਸਨ।

ਚੁਖੰਡੀ ਦੇ ਅੰਦਰ ਖ਼ੂਨ ਜਮਿਆ ਪਿਆ ਸੀ। ਬਾਹਰਲਾ ਚੁਬੱਚਾ ਖ਼ੂਨ ਨਾਲ ਭਰਿਆ ਪਿਆ ਸੀ। ਪੰਜ ਕੰਘੇ, ਖਿਲਰੇ ਹੋਏ ਕੇਸ, ਇਕ ਸੌ ਤੋਂ ਵਧੀਕ ਬੰਦਕਾਂ ਦੀਆਂ ਗੋਲੀਆਂ ਮਿਲੀਆਂ। ਇਕ ਬੂਹੇ ਦੇ ਤਖ਼ਤੇ ਅਤੇ ਪੱਥਰ ਦੀ ਸਿਲ ਉਤੇ ਸਿੰਘਾਂ ਨੂੰ ਵਢਣ ਟੁਕਣ ਦੇ ਕਸਾਈ ਦੇ ਫਟੇ ਵਾਂਗ ਨਿਸ਼ਾਨ ਸਨ। ਇਕ ਸੰਤ ਰਾਮ ਸਾਧ ਤੇ ਤਿੰਨ ਹੋਰ ਸ਼ਹੀਦਾਂ ਦੀਆਂ ਸਬੂਤੀਆਂ ਦੇਹੀਆਂ ਸਨ। ਵਖ ਵਖ ਥਾਂਈਂ ਲਾਸ਼ਾਂ ਦੇ ਪੰਜ ਵਡੇ ਢੇਰ ਲਗੇ ਹੋਏ ਸਨ। ਪੁਲਸ ਵਾਲਿਆਂ *ਇਕ ਸੌ ਤੀਹ ਲੋਥਾਂ ਗਿਣੀਆਂ ਸਨ। ਸਾਬਤ ਲੋਥਾਂ ਸਾਰੀਆਂ ਨਹੀਂ ਸਨ, ਇਸ ਲਈ ਟੁਕੜੇ ਮਿਲਾ ਕੇ ਗਿਣਨ ਵਿਚ ਸ਼ਾਇਦ ਭੁਲੇਖਾ ਖਾ ਗਏ ਹੋਣ।

ਸ਼ਹੀਦਾਂ ਦਾ ਸਸਕਾਰ ਕਰਨਾ

੨੨ ਫ਼ਰਵਰੀ ਨੂੰ ਫ਼ੌਜ ਸ੍ਰਕਾਰੀ ਹੁਕਮ ਨਾਲ ਸਪੈਸ਼ਲ ਗੱਡੀ ਦਵਾਰਾ ਲਾਹੌਰ ਪੁਜ ਗਈ, ਤੇ ਇਸੇ ਦਿਨ ਕਮੇਟੀ ਨੇ ਮਿਲ ਕੇ ਸਲਾਹ ਕੀਤੀ ਕਿ ਸ਼ਹੀਦ ਸਿੰਘਾਂ ਦਾ ਸਸਕਾਰ ਓਦੋਂ ਕੀਤਾ ਜਾਵੇ, ਜਦੋਂ ਗਵਰਨਰ ਸਾਹਿਬ ਆਪ ਆਕੇ ਆਪਣੀ ਅੱਖੀਂ ਇਹ ਦਰਦਨਾਕ ਹਾਲਤ ਵੇਖ ਲੈਣ। ਸੋ ਇਸ ਫ਼ੈਸਲੇ ਅਨੁਸਾਰ ਸ: ਹਰਬੰਸ ਸਿੰਘ ਜੀ ਅਟਾਰੀ ਨੇ ਲਾਟ ਸਾਹਿਬ ਪੰਜਾਬ ਨੂੰ ਤਾਰ ਦਿਤੀ ਕਿ "ਤੁਸੀਂ ਇਕ ਵੇਰ ਇਥੇ ਆ ਕੇ ਸਾਡੀ ਦਰਦਨਾਕ ਹਾਲਤ ਅਪਣੀ ਅੱਖੀਂ ਵੇਖ ਜਾਓ"।

੨੩ ਫ਼ਰਵਰੀ ਨੂੰ ਸਰ ਐਡਵਰਡ ਮੈਕਲੇਗਨ ਸਾਹਿਬ ਗਵਰਨਰ

---

* ਮੈਂ ਸਾਰਾ ਸ਼ਹੀਦੀ ਇਲਾਕਾ ਛਾਣਕੇ ੮੬ ਸ਼ਹੀਦਾਂ ਦਾ ਪਤਾ ਲਾ ਸਕਿਆ ਹਾਂ। ਮਹੰਤ ਪਾਰਟੀ ਵਲੋਂ ਤਿੰਨ ਬੰਦੇ ਮਰਿਆਂ ਦਾ ਥੋਹ ਲਗਾ ਹੈ। ਸੋਹਣੀ ਮੁਸੱਲੀ, ਸੰਤ ਰਾਮ ਸਾਧ ਤੇ ਭਗਵਾਨ ਸਿੰਘ ਮੁਖ਼ਾਰਾ ਰੜੂਆਣਾ। ਮੌਕੇ ਦੇ ਬਿਆਨਾਂ ਵਿਚੋਂ ਸ: ਹਰਬੰਸ ਸਿੰਘ ਜੀ ਅਟਾਰੀ ਤੇ ਪ੍ਰੋ: ਜੋਧ ਸਿੰਘ ਦਾ ਲੋਥਾਂ ਦੀ ਗਿਣਤੀ ਸਬੰਧੀ ੯੦ ਜਾਂ ੯੫ ਦਾ ਅੰਦਾਜ਼ਾ ਹੈ। ਪੂਰੇ ਵੇਰਵੇ ਲਈ ਅੰਤਕਾ ਵੇਖੋ।

ਸ਼ਹੀਦੀ ਅੰਗੀਠਾ

ਜੋ ਲੋੜੀਦੇ ਰਾਮ ਸੇਵਕ ਸੇਈ ਕਾਢੀਆ ।



ਨਾਨਕ ਸੇਵਕੁ ਸੋਈ ਆਖੀਐ ਜੋ ਸਿਰ ਧਰੇ ਉਤਾਰਿ ।

ਪਜਾਬ ਸਣੇ ਐਗਜ਼ੈਕਟਿਵ ਕੌਂਸਲ ਦੇ ਮੈਂਬਰਾਂ ਤੇ ਮਿਸਟਰ ਕਿੰਗ ਕਮਿਸ਼ਨਰ ਨਾਲ ਸਪੈਸ਼ਲ ਗੱਡੀ ਰਾਹੀਂ ਨਨਕਾਣੇ ਸਾਹਿਬ ਆਏ। ਸਟੇਸ਼ਨ ਤੋਂ ਅਗੇ ਲਿਆ ਕੇ ਗੁਰਦੁਆਰੇ ਦੇ ਨਜ਼ਦੀਕ ਹੀ ਨਵੀਂ ਅਬਾਦੀ ਦੇ ਲਾਗੇ ਟਰੇਨ ਲਿਆ ਖੜੀ ਕੀਤੀ। ਲਾਟ ਸਾਹਿਬ ਨੂੰ ਅੰਦਰ ਦੇ ਸਾਰੇ ਹਾਲ ਵਿਖਾਏ ਗਏ। ਜਦੋਂ ਇਹ ਭਿਆਨਕ ਨਜ਼ਾਰੇ ਵੇਖ ਕੇ ਗੁਰਦੁਆਰੇ ਵਿਚੋਂ ਬਾਹਰ ਨਿਕਲਨ ਲਗੇ, ਤਦ ਸ: ਬਹਾਦਰ ਮਹਿਤਾਬ ਸਿੰਘ ਜੀ ਨੇ ਜੋ ਉਨ੍ਹਾਂ ਦੇ ਪਿਛੇ ਪਿਛੇ ਜਾ ਰਹੇ ਸਨ, ਅੱਖਾਂ ਅਗੇ ਰੁਮਾਲ ਲੈਕੇ ਭੁਸਕਾਰੇ ਭਰਨੇ ਸ਼ੁਰੂ ਕਰ ਦਿਤੇ......ਤਦ ਭਾਈ ਕਰਤਾਰ ਸਿੰਘ ਜੀ ਝੱਬਰ, ਉਸਦੇ ਸਾਥੀਆਂ ਤੇ ਹੋਰ ਅਕਾਲੀਆਂ ਨੇ ਮਿਲ ਕੇ ਉੱਚੀ ਉੱਚੀ ਆਖਣਾ ਸ਼ੁਰੂ ਕਰ ਦਿਤਾ ਕਿ ਇਹ ਸਭ ਕਾਰਾ ਮਿਸਟਰ ਕਿੰਗ ਨੇ ਕਰਾਇਆ ਹੈ ਤੇ ਹੋਰ ਜੋ ਕਿਸੇ ਦੇ ਮੂੰਹ ਅਗੇ ਵਾ-ਦੁਵਾ ਆਇਆ ਆਖੀ ਚਲਾ ਗਿਆ। ਉਸ ਵੇਲੇ ਗਵਰਨਰ ਸਾਹਿਬ ਦਾ ਰਵੱਈਆ ਬੜਾ ਹਮਦਰਦੀ ਭਰਿਆ ਸੀ। ਉਨ੍ਹਾਂ ਕਿਹਾ ਕਿ ਇਨਸਾਫ਼ ਕੀਤਾ ਜਾਵੇਗਾ। ਗੱਡੀ ਚੜ੍ਹਣ ਸਮੇਂ ਸ: ਕਰਤਾਰ ਸਿੰਘ ਜੀ ਝੱਬਰ ਨੇ ਲਾਟ ਸਾਹਿਬ ਨੂੰ ਬਾਹੋਂ ਫੜਕੇ ਝੰਜੋੜਿਆ ਅਤੇ ਇਨਸਾਫ਼ ਕਰਨ ਲਈ ਤਾਕੀਦ ਕੀਤੀ, ਪਰ ਇਸ ਨੂੰ ਅੰਦਰੋਂ ਗਵਰਨਰ ਤੇ ਸਰਕਾਰ ਨੇ ਬੁਰਾ ਮਹਿਸੂਸ ਕੀਤਾ। ਅਕਾਲੀਆਂ ਦੇ ਨਾਹਰਿਆਂ ਤੇ ਡਾਂਗਾਂ ਦਾ ਜੋ ਉਸ ਵੇਲੇ ਵਿਖਾਲਾ ਕੀਤਾ ਗਿਆ, ਉਸਦਾ ਬਾਕੀ ਅਫ਼ਸਰਾਂ ਉਤੇ ਉਲਟਾ ਅਸਰ ਹੋਇਆ। ਅਕਾਲੀਆਂ ਤੇ ਹੋਰ ਸਿਖਾਂ ਦੀ ਗਿਣਤੀ ਜੋ ਉਸ ਵੇਲੇ ਨਨਕਾਣੇ ਸਾਹਿਬ ਜਮ੍ਹਾਂ ਹੋਏ ਸਨ, ਚਾਲੀ ਪੰਜਾਹ ਹਜ਼ਾਰ ਦੇ ਵਿਚਕਾਰ ਸੀ।

ਭਾਈ ਸਾਹਿਬ ਭਾਈ ਤਖ਼ਤ ਸਿੰਘ ਜੀ ਮੈਨੇਜਰ ਸਿਖ ਕੰਨਿਆਂ ਮਹਾਂ ਵਿਦਿਆਲਾ ਫ਼ੀਰੋਜ਼ਪੁਰ ਦੀ ਸੇਵਾ ਅੰਗੀਠਾ ਤਿਆਰ ਕਰਾਉਣ ਦੀ ਲਾਈ ਗਈ। ਭਾਈ ਹੀਰਾ ਸਿੰਘ ਜੀ ਰਾਗੀ ਸੰਗਤਾਂ ਨੂੰ ਨਾਲ ਲੈ ਕੇ ਬਾਹਰੋਂ ਘੁਮਿਆਰਾਂ ਦੀ ਆਵੀ ਦੇ ਲਾਗਿਓਂ ਚਾਗਿਓਂ ਦੇਹਾਂ ਲੈਣ ਲਈ ਗਏ। ਉਨ੍ਹਾਂ ਨੇ ਇਕ ਨਿਕੀ ਜਿਹੀ ਪਾਲਕੀ ਬਣਾ ਲਈ ਤੇ ਜਿਥੋਂ ਭੀ ਮਾਸ ਦਾ ਲੋਥੜਾ ਮਿਲਿਆ ਚੁਕ ਕੇ ਉਸ ਵਿਚ ਰਖਾ ਦਿਤਾ। ਆਪ ਅਗੇ ਅਗੇ ਵੈਰਾਗ-ਮਈ ਸ਼ਬਦ ਪੜ੍ਹਦੇ ਆਉਂਦੇ ਸਨ ਤੇ ਪਿਛੇ ਪਿਛੇ ਬਾਕੀ ਦੀ ਸੰਗਤ ਪੜ੍ਹਦੀ ਆਉਂਦੀ ਸੀ। ਸਾਰੇ ਸ਼ਹਿਰ ਵਿਚੋਂ ਜਿਥੋਂ ਕਿਤੇ ਲਕੜਾਂ ਮਿਲੀਆਂ ਝਟ ਪਟ

ਹੀਲਾ ਕਰਕੇ ਸਿੰਘਾਂ ਨੇ ਲੈ ਆਂਦੀਆਂ। ਕੋਈ ਵੀਹ ਫ਼ੁਟ ਲੰਮਾ ਤੇ ਅਠ ਫ਼ੁਟ ਉਚਾ ਅੰਗੀਠਾ ਤਿਆਰ ਕੀਤਾ ਗਿਆ।* ਸਭ ਤੋਂ ਪਹਿਲਾਂ ਵਿਚਕਾਰ ਤਿੰਨ ਸਬੂਤੀਆਂ ਪਵਿਤ੍ਰ ਦੇਹਾਂ ਚਿਖਾ ਉਪਰ ਰਖੀਆਂ ਗਈਆਂ। ਇਸ ਦੇ ਪਿਛੋਂ ਬਾਕੀ ਗੇਲੀਆਂ ਵਾਂਗ ਕਾਲੇ ਹੋਏ ਕੁਰੰਗ ਤੇ ਲਤਾਂ ਬਾਹਵਾਂ ਚਿਣੀਆਂ ਗਈਆਂ। ਸਭ ਤੋਂ ਅਖ਼ੀਰ ਤਿੰਨ ਟੋਕਰੇ ਕੀਮੇ ਵਾਂਗ ਕੀਤੇ ਮਾਸ ਦੇ ਟੁਕੜੇ ਤੇ ਦਸ ਕੁ ਟੋਕਰੇ ਹੋਰ ਚੂਰ ਭੂਰ ਰਾਖ ਦੀ ਸ਼ਕਲ ਵਿਚ ਇਕਤ੍ਰ ਕਰਕੇ ਸ਼ਹੀਦੀ ਅੰਗੀਠੇ ਵਿਚ ਰਖੇ ਗਏ। ਤਿੰਨ ਵਜੇ ਤੋਂ ਲੈ ਕੇ ਸਾਢੇ ਛੇ ਵਜੇ ਤਕ ਸਭ ਤਿਆਰੀ ਹੋ ਜਾਣ ਪਿਛੋਂ ਸਤ ਵਜੇ ਦੇ ਕਰੀਬ ੧੩੩।।) ਦੇ ਚਾਰ ਪੀਪੇ ਘਿਉ ਦੇ ਲਿਆ ਕੇ ਅੰਗੀਠੇ ਉਪਰ ਪਾਏ ਗਏ। ਅੰਗੀਠੇ ਦੇ ਚਾਰ ਚੁਫੇਰੇ ਵੈਰਾਗ ਮਈ ਦਸ਼ਾ ਵਿਚ ਸਜਲ ਨੈਣਾਂ ਨਾਲ ਘਨਘੋਰ ਪਾ ਕੇ ਸੰਗਤਾਂ "ਮਰਾਂ ਤੇ ਹਰਿ ਕੇ ਦੁਆਰ" ਸ਼ਬਦ ਪੜ੍ਹ ਰਹੀਆਂ ਸਨ। ਪ੍ਰੋਫ਼ੈਸਰ ਜੋਧ ਸਿੰਘ ਜੀ ਨੇ ਬੜਾ ਦਰਦਨਾਕ ਭਾਵ ਪੂਰਤ ਅਰਦਾਸਾ ਸੋਧਿਆ, ਜਿਸ ਦਾ ਸੰਗਤਾਂ ਦੇ ਦਿਲਾਂ ਤੇ ਬਹੁਤ ਡੂੰਘਾ ਅਸਰ ਹੋਇਆ। ਇਸ ਦੇ ਉਪ੍ਰੰਤ ਸ਼ਾਮ ਦੇ ਸਤ ਵਜੇ ਦੇ ਕ਼ੀਬ ਲੰਬੂ ਲਾ ਦਿਤਾ ਗਿਆ। ਲੰਬੂ ਲਗਣ ਪਿਛੋਂ ਜਥੇਦਾਰ ਦੀ ਪ੍ਰੇਰਨਾ ਅਨੁਸਾਰ ਸਭ ਨੇ ਸ਼ਹੀਦਾਂ ਨਮਿਤ ਸ੍ਰੀ ਜਪੁਜੀ ਸਾਹਿਬ ਦੇ ਪਾਠ ਕਰਨੇ ਸ਼ੁਰੂ ਕਰ ਦਿਤੇ, ਜਿਨ੍ਹਾਂ ਨੂੰ ਪਾਠ ਨਹੀਂ ਆਉਂਦੇ ਸਨ ਉਹ ਵਾਹਿਗੁਰੂ ਦਾ ਅਖੰਡ ਜਾਪ ਕਰ ਰਹੇ ਸਨ।

ਦੂਜੇ ਬੰਨੇ ਨਾਲ ਹੀ ਦੀਵਾਨ ਲਗ ਗਿਆ ਤੇ ਅੰਗੀਠੇ ਦੇ ਦੁਆਲੇ ਕੁਝ ਸਿੰਘਾਂ ਦੇ ਪਹਿਰੇ ਲਾ ਦਿਤੇ, ਤਾਂ ਜੋ ਸ਼ਹੀਦਾਂ ਦਾ ਕੋਈ ਰਿਸ਼ਤੇਦਾਰ ਵੈਰਾਗ ਦੇ ਜੋਸ਼ ਵਿਚ ਗੱਚ ਖਾ ਕੇ ਚਿਖਾ ਵਿਚ ਛਾਲ ਨ ਮਾਰ ਦੇਵੇ। ਇਸ ਪਵਿਤ੍ਰ ਸ਼ਹੀਦੀ ਅੰਗੀਠੇ ਦੀਆਂ ਲਾਟਾਂ ਕੋਠਿਆਂ ਤੋਂ ਭੀ ਉਚੀਆਂ ਨਿਕਲ ਰਹੀਆਂ ਸਨ। ਇਸ ਪਵਿਤ੍ਰ ਰੋਸ਼ਨੀ ਦੀ ਲੋ ਵਿਚ ਹੀ ਇਹ ਗੁਰਮਤੇ ਸ੍ਰਬ-ਸੰਮਤੀ ਨਾਲ ਪਾਸ ਕੀਤੇ ਗਏ:—


੧. ਇਸ ਭਿਆਨਕ ਸਾਜ਼ਸ਼ ਵਿਚ ਜਿਨ੍ਹਾਂ ਅਪ੍ਰਾਧੀਆਂ ਦਾ ਹਥ ਹੈ ਉਨ੍ਹਾਂ ਦੀ ਪੂਰੀ ਪੜਤਾਲ ਕਰਕੇ ਯੋਗ ਦੰਡ ਦਿਤਾ ਜਾਵੇ।

---


*੧੩।।) ਰੁਪੇ ਦਾ ੨੪ ਗਜ਼ ਲੱਠਾ ਆਂਦਾ ਗਿਆ ਜੋ ਸਭ ਦੇ ਉਪਰ ਲਪੇਟ ਦਿਤਾ ਗਿਆ।

ਸ਼ਹੀਦ ਗੰਜ

ਸਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ
ਧਰਮ ਪਰ ਮਰਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ ।



ਸ਼ਹੀਦ ਗੰਜ ਦਾ ਕੁੰਡ



੨. ਜਿਸ ਥਾਂ ਤੇ ਇਨ੍ਹਾਂ ਪਵਿਤ੍ਰ ਸ਼ਹੀਦਾਂ ਦਾ ਸਸਕਾਰ ਹੋਇਆ ਹੈ, ਇਸ ਥਾਂ ਤੇ ਪੰਥ ਵਲੋਂ ਸ਼ਹੀਦ ਗੰਜ ਬਣਾ ਕੇ ਸ਼ਹੀਦੀ ਦੀਵਾਨ ਨੀਯਤ ਕੀਤਾ ਜਾਵੇ ।*

੩. ਸੰਗਤਾਂ ਦੀ ਸੇਵਾ ਵਿਚ ਬੇਨਤੀ ਕੀਤੀ ਜਾਵੇ ਕਿ ਜਿਥੇ ਜਿਥੇ ਭੀ ਸਿਖਾਂ ਦੀ ਵਸੋਂ ਹੈ ਉਥੇ ਉਥੇ ਹੀ ੫ ਅਪਰੈਲ ਸੰ: ੧੯੨੧ ਈ: ਮੁਤਾਬਕ ੨੩ ਜੇਠ ਸਵੇਰ ਦੇ ਅਠ ਵਜੇ ਇਨ੍ਹਾਂ ਸ਼ਹੀਦਾਂ ਦੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ (ਅਖੰਡ ਚਾਹੇ ਖੁਲ੍ਹੇ) ਪਾਠਾਂ ਦੇ ਭੋਗ ਪਾਏ ਜਾਣ ਤੇ ਉਸ ਦਿਨ ਸਾਰੇ ਸਿਖ ਆਸ਼ਰਮ ਬੰਦ ਰਹਿਣ ਤੇ ਹਰ ਇਕ ਸਿਖ ਇਸ ਭਿਆਨ ਸਾਕੇ ਦਾ ਧਿਆਨ ਧਰ ਕੇ ਗੁਰਬਾਣੀ ਦੇ ਪਾਠ ਤੇ ਬੇਨਤੀ ਵਿਚ ਸਮਾਂ ਬਤੀਤ ਕਰੇ ।

੪. ਬਾਵਾ ਕਰਤਾਰ ਸਿੰਘ ਬੇਦੀ ਨਾਲ, ਨਾਮਿਲਵਰਤਨ, ਪੰਥ ਵਿਚੋਂ ਛੇਕਣ ਤੇ ਗੁਰੂ ਤਖ਼ਤਾਂ ਤੋਂ ਅਰਦਾਸਾ ਬੰਦ ਕਰਨ ਦੇ ਵਿਚਾਰ ਪਾਸ ਹੋਏ ।

੫. ਇਨ੍ਹਾਂ ਗੁਰਮਤਿਆਂ ਦੀ ਕਾਪੀ ਸਰਕਾਰ ਹਿੰਦ ਤੇ ਸਰਕਾਰ ਪੰਜਾਬ ਨੂੰ ਯੋਗ ਪ੍ਰਬੰਧ ਹਿਤ ਤੇ ਸਾਰੀਆਂ ਪ੍ਰਸਿਧ ਅਖ਼ਬਾਰਾਂ ਨੂੰ ਪ੍ਰਕਾਸ਼ਤ ਕਰਨ ਲਈ ਘਲੀ ਜਾਵੇ ।

ਇਨ੍ਹਾਂ ਪੰਜ ਗੁਰਮਤਿਆਂ ਦੇ ਉਪ੍ਰੰਤ ਕੀਰਤਨ ਸੋਹਿਲੇ ਦਾ ਪਾਠ ਹੋ ਕੇ ਰਹਿਰਾਸ ਸਾਹਿਬ ਦਾ ਪਾਠ ਹੋਇਆ ਤੇ ਸ਼ਹੀਦੀ ਬੀੜ ਤੋਂ ਭਾਈ ਹੀਰਾ ਸਿੰਘ ਜੀ ਰਾਗੀ ਨੇ ਵਾਕ ਲਿਆ, ਤਾਂ ਇਹ ਸ਼ਬਦ ਨਿਕਲਿਆ :—

---

* ਇਸ ਪਵਿਤ੍ਰ ਸ਼ਹੀਦ ਗੰਜ ਦਾ ਬੁਨਿਆਦੀ ਪੱਥਰ ੨੧ ਨਵੰਬਰ ਸੰ: ੧੯੩੪ ਈ: ਮੁਤਾਬਕ ੨੭ ਮਘਰ ਸੰ: ੧੯੯੧ ਬਿ: ਨੂੰ ਮੇਲੇ ਦੇ ਭਾਰੇ ਪੰਥਕ ਇਕੱਠ ਦੇ ਸਾਹਮਣੇ ਇਨ੍ਹਾਂ ਪੰਜਾਂ ਪੰਥਕ ਮੁਖੀਆਂ ਨੇ ਰਖਿਆ-- ੧. ਸੰਤ ਰਣਧੀਰ ਸਿੰਘ ਜੀ ਨਾਰੰਗਵਾਲ । ੨. ਬਾਬਾ ਖੜਕ ਸਿੰਘ ਜੀ ਸਿਆਲਕੋਟ । ੩. ਅਕਾਲੀ ਕੌਰ ਸਿੰਘ ਜੀ ਨਿਹੰਗ । ੪. ਸ: ਪ੍ਰਤਾਪ ਸਿੰਘ ਜੀ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ । ੫ ਸ: ਬ: ਮਹਿਤਾਬ ਸਿੰਘ ਜੀ ਲਾਹੌਰ ।

ਸ਼ਹੀਦ ਗੰਜ ਦੇ ਥਲੇ ਤਹਿਖਾਨੇ ਵਿਚ ਗੋਲ ਸ਼ੀਸ਼ੇ ਤੇ ਸੀਮੇਂਟ ਦੇ ਬਕਸੇ ਵਿਚ ਸ਼ਹੀਦਾਂ ਸਿੰਘਾਂ ਦੀਆਂ ਪਵਿੱਤ੍ਰ ਅਸਤੀਆਂ ਹਨ । ਪੌੜੀਆਂ ਉਤਰ ਕੇ ਸੁਰੰਗ ਥਾਣੀਂ ਜਾਕੇ ਇਨ੍ਹਾਂ ਦੇ ਥਲੇ ਦਰਸ਼ਨ ਹੁੰਦੇ ਹਨ । ਅੰਦਰ ਬਿਜਲੀ ਦਾ ਰੌਸ਼ਨੀ ਲਈ ਪਰਬੰਧ ਹੈ । ਉਪਰ ਸੁਫ਼ੇਦ ਸੰਗਮਰਮਰ ਨਾਲ ਸ਼ਹੀਦ ਗੰਜ ਦਾ ਗੁੰਬਜ਼ ਬਣਿਆ ਹੋਇਆ ਹੈ । ਇਸ ਉਤੇ ੨੩੧੬।।।) ਲਾਗਤ ਆਈ ਹੈ ।

੨੦ ਫ਼ਰਵਰੀ ਸੰ: ੧੯੨੧ ਤੋਂ ਲੈਕੇ ਅਜ ਤਕ ਹਰ ਸਾਲ ੨੦ ਫ਼ਰਵਰੀ ਨੂੰ ਸ਼ਹੀਦਾਂ ਦੀ ਯਾਦਗਾਰ ਵਿਚ ਬੜਾ ਭਾਰਾ ਸਾਲਾਨਾ ਮੇਲਾ ਲਗਦਾ ਹੈ ।

ਰਾਗ ਵਡਹੰਸ ਮਹਲਾ ੫ ਛੰਤ ਘਰ ੪
ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ ॥ ੧ ॥
ਛੰਤੁ ॥ ਮਿਲਿ ਜਲੁ ਜਲਹਿ ਖਟਾਨਾ ਰਾਮ ॥ ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥
ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ ॥
ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ ॥
ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥
ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥ ੪ ॥ ੨ ॥

ਸੰਤ ਰਾਮ ਸਾਧ ਦਾ ਸਸਕਾਰ ਕਰਨਾ

ਮਹਾਰਾਜ ਦਾ ਵਾਕ ਸੁਨਣ ਪਿੱਛੋਂ ਸਭ ਸੰਗਤਾਂ ਉਠਕੇ ਫਿਰਨ ਤੁਰਨ ਲਗ ਪਈਆਂ। ਸੰਤ ਰਾਮ ਸਾਧ ਦੀ ਲਾਸ਼ ਨੂੰ ਜੇਹੜਾ ਭੀ ਵੇਖੇ ਜੋਸ਼ ਵਿਚ ਇਹੋ ਆਖੇ ਇਸਨੂੰ ਕੁੱਤਿਆਂ ਅਗੇ ਪਾਓ ਤੇ ਕੋਈ ਆਖੇ ਕਿ ਇਉਂ ਨਹੀਂ ਇਸ ਨੂੰ ਸੰਢਿਆਂ ਮਗਰ ਬੰਨ੍ਹਕੇ ਸਾਰੇ ਸ਼ਹਿਰ ਵਿਚ ਫਿਰਾਓ, ਪਰ ਭਾਈ ਭਾਗ ਸਿੰਘ ਨੇ ਸਭ ਸਿੰਘਾਂ ਦਾ ਧਿਆਨ ਅਪਣੇ ਵਲ ਖਿਚਕੇ ਕਿਹਾ ਕਿ ਭਾਈ ਸਾਹਿਬ ਜੀ ! ਜੇ ਕਿਸੇ ਨੇ ਇਸ ਤਰ੍ਹਾਂ ਦਾ ਕੁਕਰਮ ਕੀਤਾ, ਜਿਸ ਨਾਲ ਕਿ ਇਸ ਸਾਧ ਦਾ ਮੁਰਦਾ ਖਰਾਬ ਹੋਵੇ ਤਾਂ ਸਾਡੇ ਇਤਿਹਾਸ ਨੂੰ ਦਾਗ਼ ਲਗੇਗਾ। ਸ: ਹਰਬੰਸ ਸਿੰਘ ਜੀ ਅਟਾਰੀ ਤੇ ਭਾਈ ਤਖ਼ਤ ਸਿੰਘ ਜੀ ਨੂੰ ਇਸ ਗਲ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਦੋ ਪਾਣੀ ਦੀਆਂ ਬਾਲਟੀਆਂ ਮੰਗਾਕੇ ਇਸ ਦਾ ਇਸ਼ਨਾਨ ਕਰਾਇਆ ਤੇ ਉਪਰ ਚਿਟੇ ਲਠੇ ਦਾ ਕਫਣ ਦੇਕੇ *ਭਾ: ਹੀਰਾ ਸਿੰਘ ਜੀ ਰਾਗੀ,†ਸ:ਹਰਬੰਸ ਸਿੰਘ ਜੀ ਅਟਾਰੀ ‡ਭਾ: ਤਖ਼ਤ ਸਿੰਘਜੀ ਫ਼ੀਰੋਜ਼ਪੁਰ, ਤੇ ਭਾ:ਅਮਰੀਕ ਸਿੰਘ ਜੀ ਚੂਨੇ ਵਾਲੇ ਗੁਜਰਾਂਵਾਲਾ, ਕਾਨੀ ਲਗਕੇ ਇਸਦੀ ਅਰਥੀ ਨੂੰ ਚੁਕਕੇ ਰਾਤ ਦੇ ਨੌਂ ਵਜੇ ਗੁਰਦੁਆਰੇ ਚੋਂ ਬਾਹਰ ਲੈ ਗਏ ਅਤੇ ਭਾ: ਦਲੀਪ ਸਿੰਘ ਜੀ ਦੇ ਸ਼ਹੀਦ ਗੰਜ ਦੇ ਸਾਹਮਣੇ ਪੈਲੀਆਂ ਵਿਚ ਚੜ੍ਹਦੇ ਬੰਨੇ ਚਿਖਾ ਬਣਾਕੇ ਕੀਰਤਨ ਸੋਹਿਲੇ ਦਾ ਪਾਠ ਕਰਕੇ ਸਾਢੇ ਦਸ ਵਜੇ ਇਸ ਦਾ ਮਿਰਤਕ ਸੰਸਕਾਰ ਕਰ ਦਿਤਾ ਅਤੇ ਆਪ ਗੁਰਦੁਆਰੇ ਆਕੇ ਬਾਉਲੀ ਸਾਹਿਬੋਂ ਇਸ਼ਨਾਨ ਕਰਕੇ ਹੋਰ ਕੱਪੜੇ ਬੱਦਲ ਲਏ।

* ੨ ਸਤੰਬਰ ੧੯੨੬ ਈ: ਵਿਚ ੪੬ ਸਾਲ ਦੀ ਉਮਰ ਵਿਚ ਆਪ ਚੜ੍ਹਾਈ ਕਰ ਗਏ।
† ਆਪ ੨੪ ਮਈ ੧੯੩੬ ਈ: ਨੂੰ ੫੮ ਸਾਲ ਦੀ ਉਮਰ ਵਿਚ ਚੜ੍ਹਾਈ ਕਰ ਗਏ।
‡ ੧੮ ਦਸੰਬਰ ੧੯੩੭ ਈ: ਨੂੰ ੭੩ ਸਾਲ ਦੀ ਉਮਰ ਵਿਚ ਆਪ ਚੜ੍ਹਾਈ ਕਰ ਗਏ।

ਸ੍ਰੀ ਨਨਕਾਣੇ ਸਾਹਿਬ ਦੇ ਇਤਿਹਾਸਕ ਗੁਰਦੁਆਰੇ
ਗੁਰਦੁਆਰਾ ਜਨਮ ਅਸਥਾਨ, ਸ਼ਹੀਦ ਗੰਜ ਤੇ ਸ਼ਹੀਦੀ ਜੰਡ



ਇਸ ਥਾਂ ਸ੍ਰੀ ਗੁਰ ਨਾਨਕ ਦੇਵ ਜੀ ਦਾ ਜਨਮ ਹੋਇਆ ਸੀ। ਭਾਈ ਬਾਲੇ ਵਾਲੀ ਸਾਖੀ ਅਤੇ ਗੁਰੂ ਨਾਨਕ ਪ੍ਰਕਾਸ਼ ਵਿਚ ਜਨਮ ਕਤਕ ਸੁਦੀ ੧੫ ਦਾ ਲਿਖਿਆ ਹੈ. ਪਰ ਪੁਰਾਣੀਆਂ ਜਿਤਨੀਆ ਲਿਖਤਾਂ ਦੀਆਂ ਸਾਖੀਆਂ ਹਨ ਉਨ੍ਹਾਂ ਸਭ ਵਿਚ ਭਾਈ ਮਨੀ ਸਿੰਘ ਤਕ ਨੇ ਵੈਸਾਖ ਸੁਦੀ ੩ ਲਿਖਿਆ ਹੈ। ਜ਼ਿਲਾ ਹਜ਼ਾਰਾ ਦੇ ਪਿੰਡ ਬਾਲਾ ਕੋਟ ਵਿਚ ਲਾਲਾ ਠਾਕਰ ਦਾਸ ਸੋਨੀ ਦੇ ਘਰ ਸੰਮਤ ੧੬੦੦ ਜੇਠ ੩ ਦੀ ਲਿਖੀ ਹੋਈ ਇਕ ਸਾਖੀ ਹੈ. ਉਸ ਵਿਚ ਸੰਮਤ ੧੫੨੬ ਵੈਸਾਖ ਸੁਦੀ ੫ ਨੂੰ ਸਤਿਗੁਰਾਂ ਦਾ ਜਨਮ ਹੋਣਾ ਲਿਖਿਆ ਹੈ।

ਸ੍ਰੀ ਨਨਕਾਣੇ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਿੰਨੇ ਇਤਿਹਾਸਕ ਗੁਰਦੁਆਰੇ ਹਨ. ਉਨ੍ਹਾਂ ਸਭ ਦੇ ਨਾਮ ਸਾਂਝੀ ਕਰੀਬਨ ਸਾਢੇ ਸਤਾਰਾਂ ਹਜ਼ਾਰ ਏਕੜ ਜ਼ਮੀਨ ਅਤੇ

ਗੁਰਦੁਆਰਾ ਬਾਲ ਲੀਲ੍ਹਾ


ਰਾਜ ਲੀਲਾ ਤੇਰੇ ਨਾਮ ਬਨਾਈ ।



ਇਸ ਥਾਂ ਛੋਟੀ ਉਮਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਬਾਲਕਾਂ ਨਾਲ ਖੇਡਿਆ ਕਰਦੇ ਸਨ । ਗੁਰਦੁਆਰੇ ਦੇ ਪੂਰਬ ਵਲ ਇਕ ਪੁਰਾਣਾ ਸਰੋਵਰ ਹੈ ਜੋ ਗੁਰੂ ਸਾਹਿਬ ਦੇ ਨਾਮ ਤੇ ਦੀਵਾਨ ਕੌੜਾ ਮਲ ਨੇ ਖੁਦਵਾਇਆ ਸੀ । ਇਸ ਗੁਰਦੁਆਰੇ ਦੇ ਨਾਮ ੧੨੦ ਮੁਰੱਬੇ ਜ਼ਮੀਨ ਅਤੇ ੩੧ ਰੁਪਏ ਸਾਲਾਨਾ ਜਾਗੀਰ ਹੈ।

ਗੁਰਦੁਆਰਾ ਤੰਬੂ ਸਾਹਿਬ

ਸਚੁ ਸਉਦਾ ਲੈ ਗੁਰ ਵੀਚਾਰੀ ।




ਇਹ ਗੁਰਦੁਆਰਾ ਕਸਬੇ ਦੇ ਉਤਰ ਵਲ ਹੈ। ਚੂਹੜਕਾਣੇ ਤੋਂ ਸਚਾ ਸੌਦਾ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਆਕੇ ਇਸ ਥਾਂ ਇਕ ਵਣ ਥਲੇ ਲੁਕ ਗਏ ਸਨ। ਪਿਤਾ ਕਾਲੂ ਜੀ ਨੂੰ ਜਦ ਪਤਾ ਲਗਾ ਕਿ ਆਪ ਸਾਰੀ ਰਾਸ ਪੂੰਜੀ ਵਿਦਵਾਨ ਭੁਖੇ ਸਾਧੂ ਸੰਤਾਂ ਨੂੰ ਖੁਆ ਆਏ ਹਨ ਤਦ ਉਨ੍ਹਾਂ ਨੇ ਇਸ ਥਾਂ ਗੁਸੇ ਵਿਚ ਆਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕੋਮਲ ਮੁਖ ਤੇ ਚਪੇੜਾਂ ਠੋਕੀਆਂ। ਸਾਹਮਣੇ ਉਸ ਵਣ ਦੀ ਤਸਵੀਰ ਹੈ। ਮਾਘ ਸੁਦੀ ੩ ਨੂੰ ਸਾਲਾਨਾ ਜੋੜ ਮੇਲਾ ਲਗਾਤਾਰ ਚਾਲੀ ਸਾਲਾਂ ਤੋਂ ਲਗਦਾ ਹੈ।

ਗੁਰਦੁਆਰਾ ਤੰਬੂ ਸਾਹਿਬ ਦਾ ਵਣ



ਗੁਰਦੁਆਰਾ ਛੇਵੀਂ ਪਾਤਸ਼ਾਹੀ


ਪੰਜ ਪਿਆਲੇ ਪੰਜ ਪੀਰ ਛਟਵਾਂ ਪੀਰ ਬੈਠਾ ਗੁਰ ਭਾਰੀ ॥
ਅਰਜਨ ਕਾਇਆ ਪਲਟ ਕੈ ਮੂਰਤ ਹਰ ਗੋਬਿੰਦ ਸਵਾਰੀ ॥



ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਗੁਰਧਾਮਾਂ ਦੀ ਯਾਤ੍ਰਾ ਕਰਨ ਆਏ ਅਤੇ ਕਸ਼ਮੀਰ ਤੋਂ ਹਟਦੇ ਹੋਏ ਜੇਠ ਸੁਦੀ ੧੧ ਨੂੰ ਪਧਾਰੇ ਹਨ । ਜਿਸ ਵਣ ਹੇਠਾਂ ਗੁਰੂ ਮਹਾਰਾਜ ਬੈਠੇ ਸਨ ਉਹ ੧ ਵੈਸਾਖ ਸੰਮਤ ੧੯੯੪ ਬਿ: ਨੂੰ ਕਟ ਕੇ ਉਸ ਥਾਂ ਈਸ਼ਰ ਸਿੰਘ ਜੀ ਡਿਪਟੀ ਮੈਜਿਸਟ੍ਰੇਟ ਨਹਿਰ, ਮਾਨਾਂ ਵਾਲੇ ਨੇ, ਆਪਣੇ ਪਿਤਾ ਸ: ਗਨੇਸ਼ਾ ਸਿੰਘ ਦੀ ਯਾਦਗਾਰ ੨੭੩੬) ਰੁਪਏ ਲਾ ਕੇ ਗੁਰਦੁਆਰੇ ਦੀ ਸ਼ਾਨਦਾਰ ਇਮਾਰਤ ਬਣਵਾ ਦਿਤੀ ਹੈ । ਬਸੰਤ ਪੰਚਮੀ ਨੂੰ ਸਾਲਾਨਾ ਮੇਲਾ ਲਗਦਾ ਹੈ ।

ਗੁਰਦੁਆਰਾ ਮਾਲ ਜੀ ਸਾਹਿਬ ਤੇ ਨਵਾਂ ਸਰੋਵਰ

ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ ।



ਇਸ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਗਾਈਆਂ ਅਤੇ ਮਝੀਆਂ ਚਾਰਦੇ ਹੁੰਦੇ ਸਨ । ਅਰ ਵਣ ਦੇ ਬਿਰਛ ਦੀ ਛਾਇਆ ਸੂਰਜ ਢਲਣ ਤੋਂ ਭੀ ਗੁਰੂ ਸਾਹਿਬ ਦੇ ਮੁਖ ਤੋਂ ਨਹੀਂ ਟਲੀ ਸੀ । ... ਕੀਤੀ ਸੀ । ਇਹ ਗੁਰਦੁਆਰਾ ਪਹਿਲਾਂ ਖੇਤਾਂ ਵਿਚ ਹੁੰਦਾ ਸੀ ਪਰ ਹੁਣ ਆਬਾਦੀ ਵਿਚ ਆ ਗਿਆ ਹੈ ।

ਗੁਰਦੁਆਰਾ ਮਾਲ ਜੀ ਸਾਹਿਬ ਦਾ ਵਣ



ਗੁਰਦੁਆਰਾ ਕਿਆਰਾ ਸਾਹਿਬ



ਤੋਂ ਪੂਰਬ ਵਲ ਨੇੜੇ ਹੀ ਖੇਤਾਂ ਵਿਚ ਗੁਰੂ ਮਹਾਰਾਜ ਦਾ ਇਹ ਗੁਰਦੁਆਰਾ ਹੈ। ਇਸ ਥਾਂ ਗੁਰੂ ਜੀ ਨੇ ਪਸ਼ੂਆਂ ਦੀ
ਹੀ ਭੇਨੇ ਦੀ ਪੈਲੀ ਹਰੀ ਕੀਤੀ ਸੀ। ਇਸ ਗੁਰਦੁਆਰੇ ਦੇ ਨਾਮ ੨੫ ਮੁਰੱਬੇ ਜ਼ਮੀਨ ਹੈ। ਅਸੂ ਵਦੀ ੧੦ ਨੂੰ
ਸਾਲਾਨਾ ਜੋੜ ਮੇਲਾ ਲਗਦਾ ਹੈ।

ਧਾਰੋਵਾਲੀ ਦੇ ਬਾਕੀ ਸ਼ਹੀਦ

ਧਾਰੋਵਾਲੀ ਚਕ ਨੰ: ੩੩

ਜ਼ਿਲਾ ਸ਼ੇਖੂਪੁਰਾ

ਦੇ

ਬਾਕੀ ਸ਼ਹੀਦ

ਭਾਈ ਈਸ਼ਰ ਸਿੰਘ ਜੀ ਜਥੇਦਾਰ

ਆਪ ਦਾ ਜਨਮ ਸੰ: ੧੯੨੭ ਬਿਕ੍ਰਮੀ ਮੁਤਾਬਿਕ ਸੰ: ੧੮੭੦ ਈ: ਵਿਚ ਮਾਤਾ ਪ੍ਰੇਮ ਕੌਰ ਦੀ ਕੁਖੋਂ ਭਾਈ ਹਰਦਿੱਤ ਸਿੰਘ ਜੀ ਦੇ ਘਰ ਧਾਰੋਵਾਲੀ ਜ਼ਿਲਾ ਗੁਰਦਾਸਪੁਰ ਵਿਚ ਹੋਇਆ, ਆਪ ਦੇ ਪਿਤਾ ਫ਼ੌਜ ਵਿਚ ਦਫ਼ੇਦਾਰ ਸਨ। ਇਨ੍ਹਾਂ ਦਾ ਸੁਭੌ ਬੜਾ ਹਸਮੁਖ, ਮਿਲਾਪੜਾ ਤੇ ਗੁਰਮੁਖ ਸੀ। ਜਦੋਂ ਕਦੇ ਛੁਟੀ ਆਉਣਾ ਤਾਂ ਆਖਣਾ ਕਿ ਬਾਰਾਂ ਆਬਾਦ ਹੋ ਰਹੀਆਂ ਹਨ, ਸਿੰਘਾਂ ਨੂੰ ਭੀ ਮੁਰੱਬੇ ਮਿਲਣਗੇ, ਸੋ ਸਭ ਛਪਰੀਆਂ ਬੰਨ੍ਹਣੀਆਂ ਸਿਖ ਲਓ। ਕਦੇ ਸਮਾਂ ਆਵੇਗਾ, ਜੋ ਸਾਨੂੰ ਉਨ੍ਹਾਂ ਵਿਚ ਗੁਜ਼ਾਰਾ ਕਰਨਾ ਪਵੇਗਾ। ਆਪ ਗੁਰਸਿਖੀ ਦੇ ਬੜੇ ਪਿਆਰੇ ਸਨ। ਪਿੰਡ ਵਿਚ ਸੰਗਰਾਂਦ ਦੇ ਜੋੜ ਮੇਲੇ ਬੜੇ ਉਤਸ਼ਾਹ ਤੇ ਪ੍ਰੇਮ ਨਾਲ ਸੰਗਤ ਨੂੰ ਇਕੱਠਿਆਂ ਕਰਕੇ ਮਨਾਇਆ ਕਰਦੇ ਸਨ।

ਭਾਈ ਈਸ਼ਰ ਸਿੰਘ ਜੀ ਚਾਰ ਭੈਣ ਭਰਾ ਸਨ। ਇਕ ਭਾਈ ਠਾਕਰ ਸਿੰਘ, ਦੂਜਾ ਭਾਈ ਈਸ਼ਰ ਸਿੰਘ, ਤੀਜਾ ਭਾਈ ਕਰਮ ਸਿੰਘ, ਚੌਥੀ ਬੀਬੀ ਭਾਨੋ ਜੀ। ਨਿਕੇ ਹੁੰਦਿਆਂ ਹੀ ਸਾਰੇ ਭੈਣਾਂ ਭਰਾਵਾਂ ਵਿਚੋਂ ਆਪ ਦਾ ਸੁਭੌ ਭੋਲਾ ਭਾਲਾ ਅਤੇ ਬਿਰਤੀ ਇਕਾਂਤ-ਪਸੰਦ ਚੁੱਪ-ਕੀਤੀ ਜਿਹੀ ਹੋਇਆ ਕਰਦੀ ਸੀ। ਜ਼ਰਾ ਕੁ ਸੁਰਤ ਸੰਭਾਲੀ ਤਾਂ ਆਪ ਦੇ ਮਾਪਿਆਂ ਨੇ ਗਾਜ਼ੀ ਨੰਗਲ ਦੇ ਸਕੂਲੇ ਪੜ੍ਹਨੇ ਪਾ

ਦਿਤਾ। ਉਥੇ ਆਪ ਨੇ ਪ੍ਰਾਇਮਰੀ ਤਕ ਵਿਦਿਆ ਪ੍ਰਾਪਤ ਕਰ ਲਈ । ਆਪਣੀ ਜਮਾਤ ਦੇ ਸਾਰਿਆਂ ਮੁੰਡਿਆਂ ਨਾਲੋਂ ਪੜ੍ਹਾਈ ਵਿਚ ਹਮੇਸ਼ਾਂ ਅਵਲ ਰਿਹਾ ਕਰਦੇ ਸਨ। ਇਸਦੇ ਪਿਛੋਂ ਆਪਣੇ ਨਗਰੋਂ ਹੀ ਗੁਰਦੁਆਰੇ ਵਿਚੋਂ ਗੁਰਮੁਖੀ ਪੜ੍ਹਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠੀ ਹੋ ਗਏ। ਚੇਤਾ-ਸ਼ਕਤੀ ਬਹੁਤ ਤੇਜ਼ ਸੀ ਤੇ ਮਨ ਪੜ੍ਹਾਈ ਵਿਚ ਚੰਗਾ ਖੁਭਦਾ ਸੀ। ੧੫ ਸਾਲ ਦੀ ਉਮਰ ਹੋਈ, ਤਾਂ ੧੫ ਫਗਣ ਸੰ: ੧੯੪੨ ਬਿ: ਵਿਚ ਭਾਈ ਹਰਨਾਮ ਸਿੰਘ ਦੀ ਸਪੁਤ੍ਰੀ ਬੀਬੀ ਬਸੰਤ ਕੌਰ ਨਾਲ ਮੁਹੱਦੀ ਪੁਰ ਜ਼ਿਲਾ ਜਾਲੰਧਰ ਵਿਚ ਸ਼ਾਦੀ ਹੋ ਗਈ। ਇਸ ਦੇ ਪਿਛੋਂ ਭਾਈ ਮੂਲ ਸਿੰਘ ਜੀ ਗਰਮੂਲਾ ਦੇ ਜਥੇ ਪਾਸੋਂ ਅੰਮ੍ਰਿਤ ਛਕਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ।

ਸੋਹਣੀ ਸਾਫ਼ ਨੀਯਤ ਨਾਲ ਵਾਹੀ ਘੁਕੌਣੀ। ਸੁਭੱਾ ਬਹੁਤ ਮਿੱਠਾ, ਗੰਭੀਰ ਤੇ ਮਿਲਣਸਾਰ ਸੀ। ਪਿੰਡ ਦੀਆਂ ਵਿਆਹ ਸ਼ਾਦੀਆਂ ਤੇ ਮਰਨਿਆਂ ਪ੍ਰਨਿਆਂ ਨੂੰ ਮੋਹਰੇ ਹੋਕੇ ਸੇਵਾ ਕਰਨੀ। ਉੱਦਮ ਕਰਕੇ ਪਿੰਡ ਵਿਚ ਗੁਰਪੁਰਬ ਮਨੌਣ ਵਲ ਸਿੰਘਾਂ ਦਾ ਧਿਆਨ ਦੁਵਾਇਆ ਕਰਦੇ ਸਨ।

ਸੰਤ ਹੋਕੇ ਗ੍ਰਿਹਸਥ ਧਾਰਨ ਕਰਨੀ

ਆਪ ਦੇ ਬਾਬੇ ਭਾਈ ਨੌਰੰਗ ਸਿੰਘ ਜੀ ਸੰਤ ਹੋ ਗਏ ਸਨ। ਇਹ ਆਪਣੇ ਘਰ ਬਾਰ ਦਾ ਸਭ ਲਟਾਕਾ ਛੱਡ ਛਡਾ ਕੇ ਹਰਦਵਾਰ ਵਲ ਸੰਤਾਂ ਦੀ ਮੰਡਲੀ ਨਾਲ ਜਾ ਰਲੇ ਸਨ। ਭਾਈ ਈਸ਼ਰ ਸਿੰਘ ਜੀ ਹੋਰਾਂ ਦੀ ਇਨ੍ਹਾਂ ਨਾਲ ਬਹੁਤ ਸੰਗਤ ਹੋਇਆ ਕਰਦੀ ਸੀ। ਹਰ ਵੇਲੇ ਗੁਰਮਤ ਨਾਮ ਸਿਮਰਨ ਅਭਿਆਸ ਕਮਾਈ ਦੀਆਂ ਗੱਲਾਂ ਬਾਤਾਂ ਕਰਦੇ ਰਿਹਾ ਕਰਨਾ, ਜਿਸ ਦੇ ਕਾਰਨ ਆਪ ਦੇ ਸੁਭੱਾ ਵਿਚ ਭੀ ਚੰਗਾ ਪਲਟਾ ਆ ਚੁਕਾ ਸੀ। ਬਿਰਤੀ ਬਿਲਕੁਲ ਸਾਧੂਆਂ ਵਾਲੀ ਸੀ ਤੇ ਸੁਭਾ ਵਲੋਂ ਭੀ ਸੰਤ ਸਰੂਪ ਹੀ ਹੋ ਗਏ ਸਨ। ਲਗਦੀ ਵਾਹੇ ਕਦੀ ਕਿਸੇ ਦਾ ਦਿਲ ਨਾ ਦੁਖਾਉਣਾ। ਜਦੋਂ ਆਪ ਦੇ ਬਾਬਾ ਜੀ ਹਰਦਵਾਰ ਨੂੰ ਚਲੇ ਗਏ,ਤਾਂ ਆਪ ਦੀ ਸੰਤ ਬਿਰਤੀ ਈਸ਼ਵਰ ਦੇ ਭੁਜਨ ਬੰਦਗੀ ਦੀਆਂ ਗਿਆਨ ਧਿਆਨ ਦੀਆਂ ਗੱਲਾਂ ਤੋਂ ਵਾਂਝੀ ਹੋ ਗਈ, ਜਿਸ ਦੇ ਕਾਰਨ ਆਪ ਦਾ ਮਨ ਨਗਰ ਵਿਚੋਂ ਕੁਝ ਉਚਾਟ ਜਿਹਾ ਹੋ ਗਿਆ। ਉਪਰਾਮ ਹੋਏ ਆਪਣੇ ਬਾਬੇ ਜੀ ਦੀ ਢੂੰਡ ਵਿਚ

ਕੁੰਭ ਤੇ ਪਰਾਗਰਾਜ ਚਲੇ ਗਏ। ਉਥੇ ਸੰਤਾਂ ਦਾ ਸਤਸੰਗ ਕਰਕੇ ਤਿੰਨ ਸਾਲ ਸੰਤ ਮਤੇ ਵਿਚ ਹੀ ਪ੍ਰਵਿਰਤ ਹੋਏ ਰਹੇ। ਉਧਰੋਂ ਫਿਰਦੇ ਤੁਰਦੇ ਫ਼ਕੀਰ ਦੀ ਮੌਜ ਅਨੁਸਾਰ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਨੂੰ ਚਲੇ ਆਏ। ਉਸ ਸਮੇਂ ਕੁਦਰਤੀ ਆਪ ਦੇ ਚਾਚਾ ਕੇਸਰ ਸਿੰਘ ਰਸਾਲਾ ਨੰ: ੩੦ ਵਿਚ ਹੈਦਰਾਬਾਦ, ਦੱਕਨ ਰਹਿੰਦੇ ਸਨ। ਉਹ ਭੀ ਰਬ-ਸਬੱਬੀ ਇਕ ਦਿਨ ਸ੍ਰੀ ਹਜ਼ੂਰ ਸਾਹਿਬ ਜੀ ਗੁਰਦੁਆਰੇ ਦੇ ਦਰਸ਼ਨਾਂ ਨੂੰ ਆਏ ਤਾਂ ਇਨ੍ਹਾਂ ਦਾ ਮੇਲ ਹੋ ਗਿਆ। ਇਨ੍ਹਾਂ ਨੂੰ ਇਸ ਤਰ੍ਹਾਂ ਸੰਤ ਬਿਰਤੀ ਵਿਚ ਵੇਖਕੇ ਬੜੇ ਹੈਰਾਨ ਹੋਏ। ਆਪਣੇ ਪਾਸ ਲੈ ਜਾਕੇ ਛੇ ਮਹੀਨੇ ਛਾਉਣੀ ਵਿਚ ਰਖਿਆ। ਇਥੋਂ ਹਰ ਰੋਜ਼ ਗੁਰਦੁਆਰੇ ਜਾਣਾ, ਓਥੋਂ ਪ੍ਰਚਾਰ ਸੁਣ ਸੁਣ ਕੇ ਆਪ ਦਾ ਤਿਆਗੀ ਤੇ ਵੈਰਾਗੀ ਮਨ ਮੁੜ ਗ੍ਰਿਹਸਥ ਵਲ ਪ੍ਰੇਰਿਆ ਗਿਆ। ਮਨ ਦੀ ਮੌਜ ਆਈ ਤਾਂ ਇਥੋਂ ਫੇਰ ਦੁਬਾਰੇ ਅੰਮ੍ਰਿਤ ਛਕ ਲਿਆ। "ਵਿਚੇ ਗ੍ਰਿਹਿ ਸਦ ਰਹੇ ਉਦਾਸੀ" ਤੇ "ਸੋ ਗਿਰਹੀ ਜੋ ਨਿਗ੍ਰਹੁ ਕਰੈ" ਦੇ ਸ਼ੁਭ ਵਾਕਾਂ ਤੇ ਅਮਲ ਕਰਨਾ ਸ਼ੁਰੂ ਕਰ ਦਿਤਾ। ਜਦ ਉਸ ਵੇਲੇ ਆਪ ਦੇ ਚਾਚਾ ਜੀ ਛੁਟੀ ਲੈ ਕੇ ਨਗਰ ਨੂੰ ਆਏ, ਤਾਂ ਉਨ੍ਹਾਂ ਦੇ ਨਾਲ ਹੀ ਪਿੰਡ ਨੂੰ ਆ ਗਏ। ਇਥੇ ਆ ਕੇ ਘਰੇ ਹੀ ਸਾਰਾ ਸਾਰਾ ਦਿਨ ਗਿਆਨ ਧਿਆਨ ਤੇ ਗੁਰਮਤ ਫਲਾਸਫੀ ਦੀ ਚਰਚਾ ਵਾਰਤਾ ਹੁੰਦੀ ਰਹਿਣੀ। ਸੂਰਜ ਪ੍ਰਕਾਸ਼, ਸਾਖੀ ਪ੍ਰਮਾਣ ਅਤੇ ਪੰਥ ਪ੍ਰਕਾਸ਼ ਦੀ ਕਥਾ ਬੜੀ ਲਗਨ ਤੇ ਉਮਾਹ ਨਾਲ ਕਰਿਆ ਕਰਨੀ।

ਇਸ ਸਮੇਂ ਘਰ ਦੇ ਕੁਟੰਬ ਨੇ ਸੇਵਾ ਕਰ ਕਰਕੇ ਆਪ ਨੂੰ ਰੀਝਾ ਲਿਆ ਅਤੇ ਆਪ ਦਾ ਭੀ ਪ੍ਰਵਾਰ ਵਿਚ ਅਜਿਹਾ ਮੋਹ ਪਿਆਰ ਪਿਆ ਕਿ ਆਪ ਸਚ ਮੁਚ ਗ੍ਰਿਹਸਥ ਵਿਚ ਪ੍ਰਵਿਰਤ ਹੋ ਗਏ, ਤਦ ਆਪ ਦੇ ਘਰ ਛੇ ਬਚੇ ਪੈਦਾ ਹੋਏ : (੧) ਬੀ: ਕਰਤਾਰ ਕੌਰ, (੨) ਬੀ: ਪਾਰੋ,(੩) ਭ਼ਾ:ਮੇਜਾ ਸਿੰਘ,(੪ ਭਾ: ਅਮ੍ਰੀਕ ਸਿੰਘ, (੫) ਭਾਈ ਚੰਨਣ ਸਿੰਘ, (੬) ਭਾ: ਸੁਹਾਵਾ ਸਿੰਘ। ਆਪਦਾ ਰੰਗ ਗੋਰਾ ਕੱਦ ਛੇ ਫ਼ੁੱਟ, ਸ੍ਰੀਰ ਇਕਹਿਰਾ, ਲੰਮਾ ਦਾੜ੍ਹਾ, ਅੱਖਾਂ ਗੋਲ ਗੋਲ ਤੇ ਨਕਸ਼ ਤਿੱਖੇ ਸਨ। ਪਿੰਡ ਆਕੇ ਰਹਿਣ ਨਾਲ ਭੀ ਆਪ ਦੇ ਸੰਤ ਸੁਭਾੱ ਵਿਚ ਕੋਈ ਬਦਲੀ ਨਹੀਂ ਹੋਈ ਸੀ। ਈਸ਼ਵਰ ਦੇ ਭਰੋਸੇ ਅਤੇ ਭਾਣੇ ਵਿਚ ਰਾਜੀ ਰਹਿਣਾ ਕਦੀ ਕੋਈ ਦੁਖ ਤਕਲੀਫ਼ ਭੀ ਆ ਜਾਵੇ ਤਾਂ ਉਸ ਨੂੰ ਹੌਂਸਲੇ ਨਾਲ ਸੁਖ ਕਰਕੇ ਹੀ ਮੰਨਣਾ।

ਕੁਰਬਾਨੀ ਦੇ ਮੈਦਾਨ ਵਿਚ

੧, ੨ ਅਤੇ ੩ ਅਕਤੂਬਰ ਸੰ: ੧੯੨੦ ਈ: ਨੂੰ ਭਾਈ ਲਛਮਣ ਸਿੰਘ ਜੀ ਨੇ ਜਦੋਂ ਇਕ ਭਾਰੀ ਦੀਵਾਨ ਦਾ ਉਦਮ ਅਰੰਭਿਆ ਤਾਂ ਉਸ ਸਮੇਂ ਆਪ ਨੇ ਆਪਣੇ ਘਰ ਬਾਰ ਦੇ ਸਭ ਕੰਮ ਛਡ ਛਡਾਕੇ ਉਨ੍ਹਾਂ ਦੀ ਸਹਾਇਤਾ ਕੀਤੀ। ਦੋਵਾਂ ਦੀ ਆਪੋ ਵਿਚ ਬੜੀ ਮੁਹੱਬਤ ਸੀ। ਜੇਹੜਾ ਭੀ ਕੰਮ ਕਰਨਾ ਹੋਵੇ ਦੋਹਾਂ ਜਣਿਆਂ ਸਲਾਹ ਮਸ਼ਵਰਾ ਕਰਕੇ ਸੰਮਤੀ ਮੇਲ ਲੈਣੀ ਤੇ ਫੇਰ ਇਕ ਸੁਰ ਹੋ ਕੇ ਉਸ ਵਿਚ ਜੁਟ ਪਿਆ ਕਰਨਾ।

ਖਰੇ ਸੌਦੇ ਏਕਮ ਦੇ ਦੀਵਾਨ ਤੋਂ ਵਾਪਸ ਆ ਕੇ ਦੋਵੇਂ ਚਾਚਾ ਭਤੀਜਾ ਲੱਕ ਬੰਨ੍ਹ ਕੇ ਸ੍ਰੀ ਨਨਕਾਣੇ ਸਾਹਿਬ ਲਿਜਾਣ ਵਾਲੇ ਜਥੇ ਲਈ ਸਿੰਘਾਂ ਦੀ ਭਰਤੀ ਵਿਚ ਲਗ ਗਏ। ਆਪਣੇ ਸਭ ਘਰੋਗੀ ਕਾਰ ਵਿਹਾਰ ਵਿਸਾਰ ਦਿਤੇ। ਰਾਤ ਦਿਨ ਇਕ ਕਰਕੇ ਇਸੇ ਕੰਮ ਵਿਚ ਜੁਟੇ ਰਿਹਾ ਕਰਨਾ। ਨ ਖਾਂਦਿਆਂ ਨੂੰ ਖਾਣ ਤੇ ਨ ਪੀਂਦਿਆਂ ਨੂੰ ਪੀਣ। ਦੋਵੇਂ ਜਣੇ ਅਜ ਇਸ ਪਿੰਡ ਤੇ ਕਲ ਉਸ ਪਿੰਡ ਹੋਇਆ ਕਰਨ।

ਜਿਤਨੇ ਸਿੰਘ ਭੀ ਸ੍ਰੀ ਨਨਕਾਣੇ ਸਾਹਿਬ ਪਵਿਤ੍ਰ ਸ਼ਹੀਦੀਆਂ ਪਾ ਗਏ, ਉਹ ਸਭ ਇਸ ਸੁਭਾਗ ਜੋੜੀ ਦੀ ਹਿੰਮਤ, ਮਿਹਨਤ, ਅਸਰ ਅਤੇ ਰਸੂਖ਼ ਦਾ ਹੀ ਨਤੀਜਾ ਸੀ। ਖ਼ਾਸ ਖ਼ਾਸ ਪਿੰਡਾਂ ਦੇ ਬੰਦਿਆਂ ਦੀਆਂ ਚੁਣ ਚੁਣ ਕੇ ਡਿਉ-ਟੀਆਂ ਲਾਈਆਂ ਹੋਈਆਂ ਸਨ ਕਿ ਜਦੋਂ ਕਬਜ਼ੇ ਲਈ ਚੜ੍ਹਾਈ ਕੀਤੀ ਜਾਵੇ ਤਾਂ ਥਾਂ ਪਰ ਥਾਂ ਸਭ ਸਿੰਘ ਆਪੋ ਆਪਣੀ ਸੇਵਾ ਅਨੁਸਾਰ ਝਟ ਜੁਟ ਪੈਣ। ਆਪ ਇਸ ਤਰ੍ਹਾਂ ਚੱਕਰ ਕਢਦਿਆਂ ਬੁਰਜ ਚਕ ਨੰ: ੫੫, ਬੰਡਾਲਾ ਚਕ ਨੰ: ੬੪, ਬੰਡਾਲਾ ਚਕ ਨੰ: ੭੧ ਆਦਿ ਪਿੰਡਾਂ ਵਿਚ ਸ਼ਹੀਦੀ ਲਈ ਸਿੰਘਾਂ ਦੇ ਨਾਮ ਲਿਖ ਕੇ ਬੰਡਾਲਾ ਚਕ ਨੰ: ੭੦ ਵਿਚ ਪੁਜੇ ਅਤੇ ਭਾਈ ਈਸ਼ਰ ਸਿੰਘ ਜੀ ਦੇ ਭਣੇਵੇਂ ਭਾਈ ਗੁਰਦਿਆਲ ਸਿੰਘ ਜੀ ਦੇ ਘਰ ਜਾ ਕੇ ਡੇਰੇ ਲਾ ਦਿਤੇ। ਉਨ੍ਹਾਂ ਨਾਲ ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦੀ ਜਥੇ ਲਈ ਭਰਤੀ ਦੀ ਗਲ ਬਾਤ ਕੀਤੀ। ਉਸ ਦਿਨ ਪਿੰਡ ਦੇ ਸਾਰੇ ਤੁਰਨੇ ਸੇਤੀ ਬੰਦੇ ਗੁਰਦੁਆਰੇ ਦੀਆਂ ਲਕੜਾਂ ਲੈਣ ਲਈ ਨਹਿਰ ਤੇ ਗਏ ਹੋਏ ਸਨ, ਜਿਸ ਦੇ ਕਾਰਨ ਕਿਸੇ ਸਿੰਘ ਨੇ ਭੀ

ਇਸ ਸ਼ੁਭ ਕੰਮ ਲਈ ਨਾਮ ਨ ਲਿਖਾਇਆ। ਇਹ ਦੋਵੇਂ ਚਾਚਾ ਭਤੀਜਾ ਨਿਰਾਸ ਹੋ ਕੇ ਵਾਪਸ ਪਿੰਡ ਨੂੰ ਮੁੜ ਪਏ। ਭਾਈ ਗੁਰਦਿਆਲ ਸਿੰਘ ਨੇ ਇਨ੍ਹਾਂ ਦੀ ਘੋੜੀ ਵਾਗ ਡੋਰ ਕਰਕੇ ਫੜੀ ਹੋਈ ਸੀ ਤੇ ਇਨ੍ਹਾਂ ਨੂੰ ਪਿੰਡੋਂ ਬਾਹਰ ਤੋਰਨ ਲਈ ਜਾ ਰਿਹਾ ਸੀ। ਅਗੋ ਭਾਈ ਆਸਾ ਸਿੰਘ ਜੀ ਤੇ ਭਾ: ਦੀਦਾਰ ਸਿੰਘ ਜੀ ਮਿਲ ਪਏ। ਇਨ੍ਹਾਂ ਨੇ ਤੁਰਨ ਸਮੇਂ ਆਖਿਆ ਕਿ ਤੁਸੀਂ ਤਾਂ ਪਿੰਡ ਦੀ ਗਿਲ ਹੀ ਗਵਾ ਦਿਤੀ ਹੈ, ਇਸ ਤਰ੍ਹਾਂ ਦੀ ਤੇ ਕਿਤੇ ਨਹੀਂ ਸੀ ਹੋਈ। ਇਨ੍ਹਾਂ ਦੋਵਾਂ ਸਜਣਾਂ ਪੁਛਿਆ—ਕਿਉਂ ਜੀ ! ਕੀ ਗਲ ਹੈ ? ਤਾਂ ਇਨ੍ਹਾਂ ਸ਼ਹੀਦੀ ਲਾੜਿਆਂ ਨੇ ਸਾਰੀ ਗਲ ਬਾਤ ਖੋਲ੍ਹ ਕੇ ਦਸੀ ਤੇ ਆਖਿਆ ਕਿ ਸਾਰੇ ਪਿੰਡਾਂ ਵਿਚੋਂ ਸਿੰਘਾਂ ਨੇ ਸ਼ਹੀਦੀਆਂ ਲਈ ਨਾਮ ਲਿਖਾਏ ਹਨ, ਪਤਾ ਨਹੀਂ ਤੁਹਾਨੂੰ ਕੀ ਵਾ ਵਗ ਗਈ ਹੈ। ਤਾਂ ਦੀਦਾਰ ਸਿੰਘ ਨੇ ਆਖਿਆ ਕਿ ਜੇ ਤੁਹਾਡਾ ਭਣੇਵਾਂ ਗੁਰਦਿਆਲ ਸਿੰਘ ਨਾਮ ਲਿਖਾ ਦੇਵੇ ਤਾਂ ਮੈਂ ਭੀ ਲਿਖਾ ਦਿੰਦਾ ਹਾਂ। ਉਨ੍ਹਾਂ ਨੇ ਖਹਿੜੇ ਪੈ ਕੇ ਭਾਈ ਗੁਰਦਿਆਲ ਸਿੰਘ ਜੀ ਦਾ ਨਾਮ ਲਿਖ ਲਿਆ ਤਾਂ ਭਾ: ਦੀਦਾਰ ਸਿੰਘ ਜੀ ਨੇ ਭੀ ਨਾਮ ਲਿਖਾ ਕੇ ਦਸਖ਼ਤ ਕਰ ਦਿਤੇ। ਇਸ ਦੇ ਪਿਛੋਂ ਭਾਈ ਆਸਾ ਸਿੰਘ ਜੀ ਨੇ ਕਿਹਾ ਕਿ ਮੇਰਾ ਨਾਮ ਭੀ ਭਰਾਓ ਲਿਖ ਲਓ ਤੇ ਹੁਣ ਵਾਪਸ ਪਿੰਡ ਨੂੰ ਚਲੋ। ਗੁਰਦੁਆਰੇ ਦੀਆਂ ਲਕੜਾਂ ਲੈ ਕੇ ਹੋਰ ਸਿੰਘ ਨਹਿਰ ਤੋਂ ਵਾਪਸ ਆ ਜਾਂਦੇ ਹਨ ਤਾਂ ਹੋਰ ਭੀ ਦਸ ਪੰਜ ਨਾਮ ਲਿਖ ਲੈਣੇ । ਇਹ ਕੀ ਗਲ ਹੋਈ ਅਸੀਂ ਆਪਣੇ ਭਰਾਵਾਂ ਦੇ ਨਾਲ ਹੀ ਹਾਂ, ਉਹ ਜਾਣੇ ਜੇ ਤੁਸੀਂ ਮਾਰੇ ਜਾਓਗੇ ਤਾਂ ਅਸੀਂ ਭੀ ਤੁਹਾਡੇ ਨਾਲ ਮਾਰੇ ਜਾਵਾਂਗੇ ! ਕੇਹੜੀ ਦਸਾਂ ਪੰਜਾਂ ਦੇ ਸਿਰਾਂ ਨਾਲ ਆਖ਼ਰ ਆ ਚਲੀ ਏ। ਜੋ ਹੋਊ ਬ੍ਰਾਦਰੀ ਦੇ ਨਾਲ ਝਲ ਗੁਜ਼ਾਰਾਂ-ਗੇ। ਇਹ ਗਲਾਂ ਬਾਤਾਂ ਕਰਦੇ ਪੰਜੇ ਜਣੇ ਪਿੰਡ ਨੂੰ ਵਾਪਸ ਮੁੜ ਆਏ ਤਾਂ ਅਗੋਂ ਲੱਕੜਾਂ ਵਾਲੇ ਸਿੰਘ ਭੀ ਆ ਗਏ । ਭਾਈ ਲਛਮਣ ਸਿੰਘ ਜੀ ਹੁਰਾਂ ਨੇ ਮਹੰਤ ਨਰੈਣ ਦਾਸ ਦੇ ਅਤਿਆਚਾਰਾਂ ਤੇ ਕੁਕਰਮਾਂ ਦਾ ਹਾਲ ਖੋਲ੍ਹ ਕੇ ਦਸਿਆ ਤਾਂ ਪਹਿਲੇ ਤਿੰਨਾਂ ਸਿੰਘਾਂ ਤੋਂ ਵਖਰੇ ਇਕੀ ਸਿਘਾਂ ਨੇ ਹੋਰ ਸਿਰ ਦੇਣ ਲਈ ਨਾਮ ਲਿਖਾ ਦਿਤੇ, ਤਦ ਇਹ ਬੜੇ ਖ਼ੁਸ਼ ਹੋਏ। ਉਸ ਦਿਨ ਭਾਈ ਨਰੈਣ ਸਿੰਘ ਜੀ ਰਾਮਗੜ੍ਹੀਏ ਚਕ ਨੰ: ੭੫ ਦੇ ਸ਼ਹੀਦ ਵੀ ਇਥੇ ਲਕੜਾਂ ਵਢਣ ਲਈ ਸਿੰਘਾਂ ਦੇ ਨਾਲ ਗਏ ਹੋਏ ਸਨ। ਉਨ੍ਹਾਂ ਭੀ ਆਪਣਾ ਨਾਮ ਲਿਖਾ

ਦਿਤਾ ਅਤੇ ਇਕਰਾਰ ਕੀਤਾ ਕਿ ਮੈਂ ਅਪਣੇ ਨਗਰ ਵਿਚੋਂ ਹੋਰ ਭੀ ਸਿੰਘ ਭਰਤੀ ਕਰਾਂਗਾ। ਸੋ ਉਨ੍ਹਾਂ ਪਿੰਡ ਜਾ ਕੇ ਬਾਰਾਂ ਸਿੰਘ ਆਪਣੇ ਪਿੰਡੋਂ ਭਰਤੀ ਕੀਤੇ। ਫੇਰ ਭਾਈ ਲਛਮਣ ਸਿੰਘ ਜੀ ਤੇ ਸ: ਈਸ਼ਰ ਸਿੰਘ ਜੀ ਇਥੋਂ ਬੰਡਾਲੇ ਚਕ ਨੰ: ੭੩ ਨੂੰ ਚਲੇ ਗਏ। ਉਥੋਂ ਕੇਵਲ ਇਕੋ ਭਾਈ ਭਗਤ ਸਿੰਘ ਜੀ ਨੇ ਆਪਣਾ ਨਾਮ ਦਿਤਾ। ਇਥੋਂ ਵਾਪਸੀ ਤੇ ਟਿੱਬੀ ਬੰਡਾਲੇ ਤੋਂ ਤਿੰਨ ਅਤੇ ਘਸੀਟ ਪੁਰੇ ਵਿਚੋਂ ਇਕ ਸਿੰਘ ਨੇ ਸਿਰ ਦੇਣ ਲਈ ਨਾਮ ਲਿਖਾਏ। ਇਨ੍ਹਾਂ ਪਿੰਡਾਂ ਵਿਚੋਂ ਹੋ ਕੇ ਆਪ ਖ਼ੁਸ਼ੀ ਖ਼ੁਸ਼ੀ ਧਾਰੋਵਾਲੀ ਨੂੰ ਵਾਪਸ ਚਲੇ ਗਏ।

੯ ਫਗਣ ਵਾਲੇ ਦਿਨ ਨੂੰ

ਸਵੇਰੇ ਚਾਰ ਵਜੇ ਸ਼ੇਰ ਮਰਦ ਭਾਈ ਈਸ਼ਰ ਸਿੰਘ ਜੀ ਉਠੇ ਅਤੇ ਭਾਈ ਲਛਮਣ ਸਿੰਘ ਜੀ ਹੋਰਾਂ ਨਾਲ ਗਲ ਗਿਣ ਮਿਥ ਕੇ ਉਨ੍ਹਾਂ ਦੀ ਘੋੜੀ ਤੇ ਸਵਾਰ ਹੋ ਕੇ ਸ਼ਾਹ ਕੋਟ, ਬੁਰਜ ਚਕ ਨੰ: ੫੫, ਬੰਡਾਲਾ ਚਕ ਨੰ: ੬੪, ੭੧ ਅਤੇ ਧੰਨੂਆਣਾ ਚਕ ਨੰ: ੯੧ ਪੰਜਾਂ ਪਿੰਡਾਂ ਵਿਚ ਸਿੰਘਾਂ ਨੂੰ ਸ਼ਹੀਦੀ ਪ੍ਰਵਾਨੇ ਵੰਡ ਕੇ ਆਪ ਸ਼ਾਮ ਨੂੰ ਚਕ ਨੰ: ੭੦ ਬੰਡਾਲੇ ਆ ਗਏ। ਜਿਨ੍ਹਾਂ ਸਿੰਘਾਂ ਨੇ ਸ਼ਹੀਦੀ ਜਥੇ ਲਈ ਨਾਮ ਲਿਖਾਏ ਸਨ, ਸਭ ਨੂੰ ਤਿਆਰੀ ਦਾ ਹੁਕਮ ਦੇ ਦਿਤਾ। ਬੰਡਾਲਾ ਚਕ ਨੰ: ੭੩, ਲਹੁਕੇ ਚਕ ਨੰ: ੭੫, ਬੰਡਾਲਾ ਟਿੱਬੀ ਅਤੇ ਘਸੀਟ ਪੁਰੇ ਇਥੋਂ ਆਦਮੀ ਘਲ ਕੇ ਸਿੰਘਾਂ ਨੂੰ ਸਨੇਹੇ ਘਲਾ ਦਿਤੇ ਕਿ ਸਭ ਸਿੰਘ ਸ਼ਹੀਦੀ ਵਹੀਰ ਵਿਚ ਸ਼ਾਮਲ ਹੋਣ ਲਈ ਅਜ ਸ਼ਾਮ ਨੂੰ ਜਮਿਆਣੇ ਵਾਲੀ ਖੂਹੀ ਤੇ ਆ ਮਿਲੋ।

ਭਾਈ ਬੂੜ ਸਿੰਘ ਜੀ ਨਿਰਮਲਾ ਗ੍ਰੰਥੀ ਲਹੁਕੇ ਚਕ ਨੰ: ੭੫ ਮਹੰਤ ਨਰੈਣ ਦਾਸ ਦਾ ਚੰਗਾ ਜਾਣੂ ਪਛਾਣੂ ਸੀ, ਉਸ ਨੇ ਉਸ ਦਿਨ ਪਿੰਡ ਆ ਕੇ ਦਸਿਆ ਕਿ ਮੈਂ ਇਕ ਦਿਨ ਸ੍ਰੀ ਨਨਕਾਣੇ ਸਾਹਿਬ ਗਿਆ ਸੀ ਤੇ ਮਹੰਤ ਨੂੰ ਪੁਛਿਆ ਸੀ ਕਿ ਮਹੰਤ ਜੀ ਇਹ ਸਿਖਾਂ ਦੀ ਪਿੰਡਾਂ ਵਿਚ ਕੀ ਗੜ-ਬੜੀ ਮਚੀ ਹੋਈ ਹੈ ? ਉਸਨੇ ਆਖਿਆ ਕਿ ਸਿਖਾਂ ਦੀ ਕੀ ਜਾ ਹੈ ਜੋ ਨਨਕਾਣੇ ਸਾਹਿਬ ਵਿਚ ਪੈਰ ਭੀ ਪਾ ਜਾਣ। ਇਥੇ ਜੇਹੜਾ ਭੀ ਆਵੇਗਾ ਉਸ ਦੀ ਅਲਖ ਮੁਕਾ ਦਿਆਂਗੇ। ਆ, ਮੈਂ ਤੈਨੂੰ ਸਭ ਹਥਿਆਰ ਪੱਤਾ ਵਿਖਾਵਾਂ, ਤੂੰ ਪਿੰਡ ਵਿਚ ਜਾ ਕੇ

ਸਭ ਨੂੰ ਦਸ ਦੇਹ ਕਿ ਮਤਾਂ ਐਵੇਂ ਕੋਈ ਭੁਲੇਖੇ ਵਿਚ ਅਭੋਲ ਹੀ ਨ ਮਾਰਿਆ ਜਾਵੇ। ਮੈਨੂੰ ਉਸ ਨੇ ਗੁਰਦੁਆਰੇ ਦੇ ਦਖਣ ਵਲ ਦੀਆਂ ਕੋਠੜੀਆਂ ਖੋਲ੍ਹ ਕੇ ਵਿਖਾਈਆਂ ਸਨ। ਉਥੇ ਬੰਦੂਕਾਂ ਤੇ ਦੋ ਹੀ ਸਨ, ਪਰ ਛਵ੍ਹੀਆਂ ਢੇਰ ਸਾਰੀਆਂ ਸਨ। ਇਸ ਵੇਲੇ ਪਿੰਡ ਦੇ ਲੋਕਾਂ ਚੋਂ ਕੋਈ ਇਤਬਾਰ ਕਰੇ ਤੇ ਕੋਈ ਨ ਕਰੇ। ਅਖ਼ੀਰ ਇਨ੍ਹਾਂ ਸਿੰਘਾਂ ਨੇ ਭਾਈ ਈਸ਼ਰ ਸਿੰਘ ਜੀ ਨੂੰ ਪੁੱਛਿਆ ਕਿ ਭਾਈ ਜੀ! ਇਹ ਬੂੜ ਸਿੰਘ ਜੋ ਗਲਾਂ ਦਸਦਾ ਹੈ ਇਹ ਠੀਕ ਹਨ ਕਿ ਐਵੇਂ ਹਵਾੜੇ ਉਡਾਕੇ ਲੋਕਾਂ ਨੂੰ ਡਰਾਉਂਦਾ ਏ ? ਉਨ੍ਹਾਂ ਕਿਹਾ ਕਿ ਇਹ ਬਿਲਕੁਲ ਸੱਚ ਜੇ। ਇਸ ਨਾਲੋਂ ਭੀ ਜੇ ਦਸ ਗੁਣਾ ਵਧੇਰੇ ਕੁਝ ਆਖੀਏ ਤਾਂ ਉਸ ਦਾ ਇੰਤਜ਼ਾਮ ਬਿਲਕੁਲ ਸੱਚ ਹੈ। ਉਹ ਅੰਨ੍ਹੇਵਾਹ ਗੁਰਦੁਆਰੇ ਦਾ ਰੁਪਿਆ ਤੂੜੀ ਦੇ ਭਾ ਉਡਾ ਰਿਹਾ ਹੈ। ਉਥੇ ਜਿਸ ਨੇ ਸਿਰ ਦੇਣਾ ਹੋਵੇ ਉਹੋ ਘਰੋਂ ਫ਼ੈਸਲਾ ਕਰਕੇ ਚਲੇ। ਅਸਾਂ ਓਥੇ ਕੋਈ ਲੰਗਰ ਦੀ ਖੀਰ ਖਾਣ ਨਹੀਂ ਜਾਣਾ ਹੈ। ਮਤਾਂ ਰਾਹ ਵਿਚ ਜਾ ਕੇ ਕਿਸੇ ਦਾ ਜੀ ਘਾਊਂ-ਮਾਂਊਂ ਹੋਣਾ ਹੈ ਤਾਂ ਉਹ ਹੁਣੇ ਹੀ ਪਿੰਡੋਂ ਨ ਤੁਰੇ।

ਖ਼ੈਰ,ਰਾਤ ਦੇ ਅੱਠ ਵਜੇ ਜਿਨ੍ਹਾਂ ੨੪ ਸਿੰਘਾਂ ਨੇ ਨਾਮ ਲਿਖਾਏ ਸਨ, ਉਨ੍ਹਾਂ ਚੋਂ ਵੀਹ ਸਿੰਘ ਤਿਆਰ ਹੋ ਕੇ ਤੁਰ ਪਏ, ਤੇ ਚਾਰ ਸਜਣ ਇਹ ਗਲ ਸੁਣ ਕੇ ਹੀ ਘਰਾਂ ਤੋਂ ਨ ਤੁਰੇ। ਪਿੰਡ ਦੇ ਬਹੁਤ ਸਾਰੇ ਮਾਈ ਭਾਈ ਢੋਲਕੀਆਂ ਛੈਣਿਆਂ ਨਾਲ ਸ਼ਬਦ ਪੜ੍ਹਦੇ ਪਿੰਡ ਦੀ ਜੂਹ ਚੋਂ ਬਾਹਰ ਤਕ ਤੋਰਨ ਗਏ। ਸਿੰਘਾਂ ਵਿਚ ਜੋਸ਼ ਤੇ ਉਤਸ਼ਾਹ ਬਹੁਤ ਸੀ। ਪਿੰਡ ਦੀ ਰੌੜ ਵਿਚ ਖੜੋ ਕੇ ਭਾਈ ਈਸ਼ਰ ਸਿੰਘ ਜੀ ਨੇ ਅਰਦਾਸਾ ਸੋਧਿਆ ਕਿ "ਹੇ ਸੱਚੇ ਪਾਤਸ਼ਾਹ! ਸਾਡੇ ਪਾਪੀਆਂ ਸ੍ਰਾਪੀਆਂ ਦੇ ਸਿਰ ਪ੍ਰਵਾਨ ਕਰਕੇ ਆਪਣੀ ਦਰਗਾਹ ਵਿਚ ਲੇਖੇ ਲਾ ਲਵੋ ਅਤੇ ਆਪਣੇ ਸੱਚ-ਖੰਡੀ ਦਰਬਾਰ ਚੋਂ ਕੁ-ਧਰਮ ਦਾ ਨਾਸ ਤੇ ਧਰਮ ਦਾ ਪ੍ਰਕਾਸ਼ ਕਰਨਾ"।

ਜਰਨੈਲੀ ਸੜਕੇ ਪੈ ਕੇ ਜਮਿਆਣੇ ਦੀ ਖੂਹੀ ਤੇ ਪੁਜ ਗਏ। ਦੋ ਸਿੰਘ ਘਸੀਟਪੁਰੇ ਦੇ, ਇਕ ਸਿੰਘ ਕਰੀਆਂ ਵਾਲੇ ਬੰਡਾਲੇ ਦਾ ਅਤੇ ਦਸ ਸਿੰਘ ਲਹੁਕਿਆਂ ਦੇ ਆ ਮਿਲੇ। ਇਥੇ ਭਾਈ ਈਸ਼ਰ ਸਿੰਘ ਜੀ ਹੁਰਾਂ ਆਖਿਆ ਕਿ ਲਓ ਸਿੰਘ ਜੀ ਆਪੋ-ਧਾਪੀ ਚੰਗੀ ਨਹੀਂ ਹੁੰਦੀ, ਸਭ ਸਿੰਘ ਮਿਲਕੇ ਸਰਬ ਸੰਮਤੀ ਨਾਲ ਆਪਣਾ ਇਕ ਜਥੇਦਾਰ ਚੁਣ ਲਓ; ਤਾਂ ਸਭ ਨੇ ਸਰਬ ਸੰਮਤੀ ਨਾਲ ਆਪਦੇ ਨਾਂਹ ਨਾਂਹ ਕਰਨ ਤੇ ਭੀ ਆਪਨੂੰ ਜਥੇਦਾਰ ਚੁਣ ਲਿਆਤੇ ਪ੍ਰਵਾਨਗੀ ਦਾ ਜੈਕਾਰਾ ਗਜਾ ਦਿਤਾ।

ਜਥੇ ਦੇ ਰਾਹ ਦਾ ਹਾਲ

ਜਮਿਆਣੇ ਦੀ ਖੂਹੀ ਤੋਂ ਗੱਲਾਂ ਬਾਤਾਂ ਕਰਦੇ ਰਵਾਂ-ਰਵੀਂ ਨਨਕਾਣੇ ਸਾਹਿਬ ਨੂੰ ਤੁਰ ਪਏ। ਚੰਦਰ ਕੋਟ ਦੀ ਝਾਲ ਨੂੰ ਜਾਣ ਲਈ ਜਾਣਾ ਸੀ ਸ਼ਾਹਕੋਟ ਨੂੰ, ਪਰ ਹਨੇਰੇ ਵਿਚ ਰਾਹ ਭੁੱਲ ਕੇ ਜਿਉਂ ਸੂਏ ਚੜ੍ਹੇ, ਚਿੱਟੀ ਵਲ ਆ ਨਿਕਲੇ। ਜਦ ਪੰਜ ਛੇ ਕੋਹ ਪੈਂਡਾ ਚਲੇ ਗਏ ਤਾਂ ਪਤਾ ਲਗਾ ਕਿ ਅਸੀਂ ਤਾਂ ਰਾਹ ਘੁੱਸੇ ਜਾਂਦੇ ਹਾਂ, ਉਥੋਂ ਪਿਛਾਂਹ ਮੁੜੇ। ਧੰਨੂਆਣੇ ਦਾ ਪੁਲ ਲੰਘ ਕੇ ਪਿੰਡ ਧੰਨੂਆਣੇ ਆ ਗਏ ਕਿ ਇਥੋਂ ਸਿੰਘਾਂ ਦਾ ਪਤਾ ਕਰ ਲਈਏ। ਪਿੰਡ ਵਿਚ ਵੜਦਿਆਂ ਹੀ ਜੈਕਾਰਾ ਛਡਿਆ, ਪਰ ਸਭ ਲੋਕੀ ਘੂਕ ਸੁੱਤੇ ਪਏ ਸਨ। ਅਖੀਰ ਭਾਈ ਰੰਗਾ ਸਿੰਘ ਜੀ ਨੂੰ ਘਰੋਂ ਸੁੱਤਿਆਂ ਨੂੰ ਜਗਾ ਕੇ ਪਤਾ ਕੀਤਾ, ਤਾਂ ਉਸਨੇ ਦੱਸਿਆ ਕਿ ਇੱਥੋਂ ਜਥਾ ਨਕੋਦਰ ਰਾਈਆਂ ਨੂੰ ਚਲਾ ਗਿਆ ਹੈ। ਇਹ ਜਥਾ ਭੀ ਨਕੋਦਰ ਰਾਈਆਂ ਦੇ ਦਖਣ ਥਾਣੀਂ ਹੋ ਕੇ ਨਹਿਰ ਦੇ ਜ਼ਖੀਰੇ ਦੇ ਵਿਚ ਦੀ ਪਿੰਡ ਬਰਾਲੇ ਦੇ ਨਾਲ ਨਾਲ ਤੁਰਿਆ ਗਿਆ। ਅਗੋਂ ਸ਼ਾਹ ਕੋਟ ਵਾਲੀ ਸੜਕੇ ਪੈਕੇ ੪ ਚਕ ਸੈਣੀਆਂ ਦੇ ਪੁਜੇ। ਇਥੋਂ ਜਥੇ ਨੂੰ ਚੰਦਰਕੋਟ ਦੀ ਝਾਲ ਨੂੰ ਜਾਣ ਦੀ ਸਲਾਹ ਹਟਾ ਦਿਤੀ, ਕਿਉਂਕਿ ਔਝੜ ਰਾਹੇ ਪੈ ਜਾਣ ਦੇ ਕਾਰਨ ਸਤਾਰਾਂ ਅਠਾਰਾਂ ਕੋਹ ਪੈਂਡਾ ਕਰਕੇ ਸਿੰਘ ਥਕ ਚੁਕੇ ਸਨ। ਇਨ੍ਹਾਂ ਸੋਚਿਆ ਕਿ ਹੁਣ ਏਧਰ ਨੂੰ ਵਲ ਪਾਕੇ ਜਾਣ ਦੀ ਬਜਾਏ ਹੁਣ ਸਾਰੇ ਸਿੰਘ ਸਿਧੇ ਜਾਣ ਅਤੇ ਭਾਈ ਭੁਗਤ ਸਿੰਘ ਨੂੰ ਘੋੜੀ ਤੇ ਚਾੜ੍ਹਕੇ ਚੰਦਰ ਕੋਟ ਦੀ ਝਾਲ ਵਲ ਘਲਿਆ ਗਿਆ ਕਿ ਉਹ ਜਥੇ ਦਾ ਪਤਾ ਲੈਕੇ ਪਿੰਡ ਪੈੜੇ ਵਾਲੀ ਦੇ ਅਗੇ ਮਿਲਕੇ ਸਭ ਹਾਲ ਦਸਣ। ਜਥੇ ਦੇ ਸਿੰਘ ਖ਼ੁਸ਼ੀ ਖ਼ੁਸ਼ੀ ਗਲਾਂ ਕਰਦੇ ਆਉਣ ਕਿ ਮਹੰਤ ਸੌਹਰੇ ਨੇ ਭੀ ਹੁਣ ਤਕ ਅੱਤ ਚੁਕੀ ਰਖੀ ਹੈ, ਅਜ ਜਾਂਦਿਆਂ ਹੀ ਪਟਿਆਂ ਤੋਂ ਫੜਕੇ ਗੁਰਦੁਆਰੇ ਵਿਚੋਂ ਬਾਹਰ ਕਢਕੇ ਬਿਠਾ ਦੇਣਾ ਹੈ।

ਇਕ ਤਾਂ ਸਾਰੀ ਰਾਤ ਦਾ ਅਨੀਂਦਰਾ ਤੇ ਪੈਂਡਾ ਕੋਈ ਪੇਸ਼ ਨਾ ਜਾਣ ਦੇਵੇ, ਦੂਜੇ ਭਾ: ਰਾਮ ਸਿੰਘ ਤੇ ਭਾ:ਮੋਤਾ ਸਿੰਘ ਨੇ ਬਹੁਤ ਸਾਰੇ ਛੋਲੇ ਭੁਨਾਕੇ ਮੌਰਾਂ ਪਿੱਛੇ ਬੰਨ੍ਹੇ ਹੋਏ ਸਨ। ਜਦੋਂ ਜਥੇ ਦੇ ਸਿੰਘ ਪੰਜ ਸਤ ਕੋਹ ਰਾਹ ਖੇਹੜਾ ਭੁਲੇ ਗਏ ਤਾਂ ਇਹ ਆਖਣ ਲਗੇ ਕਿ ਲਓ ਭਈ ਭਾਰ ਹੌਲਾ ਕਰੋ। ਮਗਰੀ ਮਗਰੀ ਛੋਲਿਆਂ

ਦੀ ਚੁਕੀ ਆਉਂਦਿਆਂ ਸਾਡੀਆਂ ਤਾਂ ਮੌਰਾਂ ਭੀ ਅੰਬ ਗਈਆਂ ਹਨ,ਆਪੋ ਆਪਣਾ ਹਿਸਾ ਵੰਡ ਲਓ। ਸਭ ਨੇ ਮੁਠ ਮੁਠ ਦੋ ਦੋ ਮੁਠਾਂ ਲੈਕੇ ਚੱਬ ਲਏ। ਇਨ੍ਹਾਂ ਨੇ ਬੜੀ ਭੂਹ ਚਾੜ੍ਹੀ ਤੇ ਤੇਹ ਨਾਲ ਮੂੰਹ ਸੁੱਕੇ; ਪਰ ਨਹਿਰ ਦੀ ਬੰਦੀ ਸੀ, ਜਿਸਦੇ ਕਾਰਨ ਇਨ੍ਹਾਂ ਨੂੰ ਪਾਣੀ ਦੀ ਇਕ ਘੁਟ ਭੀ ਨਾ ਲਭੀ। ੫ ਚੱਕ ਚੂਹੜਕਾਣੇ ਦੀ ਝਾਲ ਤੇ ਪਸ਼ੂਆਂ ਦਾ ਗੰਧਲਿਆ ਹੋਇਆ ਦੜਬੜ ਜਿਹਾ ਪਾਣੀ ਮਿਲਿਆ। ਉਹ ਪੀਤਾ ਤੇ ਜਾਵੇ ਨਾ, ਪਰ ਸਭ ਨੇ ਬੁਲ੍ਹ ਗਿੱਲੇ ਕਰ ਲਏ। ਚੁਪ-ਚੁਪੀਤੇ ਪੈੜੇ ਵਾਲੀ ਦੇ ਵਿਚ ਦੀ ਲੰਘੇ। ਇਸ ਵੇਲੇ ਹਾਲੀ ਹਲ ਜੋਣ ਲਈ ਬਾਹਰ ਕਢ ਰਹੇ ਸਨ ਅਤੇ ਕੁੱਕੜ ਬਾਂਗਾਂ ਪਿਆ ਦਿੰਦਾ ਸੀ।

ਪੈੜੇ ਵਾਲੀ ਤੋਂ ਕੁਝ ਦੂਰ ਜਾਕੇ ਪਹੁ ਫ਼ੁਟ ਪਈ। ਸਭ ਬਿੜਕਾਂ ਲੈ ਕੇ ਆਖਣ ਲਗ ਪਏ ਕਿ ਲਾਲੀ ਪਾਟ ਗਈ ਹੈ, ਬੜਾ ਕੁਵੇਲਾ ਹੋ ਗਿਆ ਹੈ ਤੇ ਅਜੇ ਤਕ ਭਾ: ਭਗਤ ਸਿੰਘ ਨੇ ਆਕੇ ਜਥੇ ਦਾ ਪਤਾ ਨਹੀਂ ਦਿਤਾ ਹੈ। ਇਹ ਗਲਾਂ ਕਰ ਹੀ ਰਹੇ ਸਨ ਜੁ ੧੧ ਸਿੰਘ ਲਾਇਲਪੁਰ ਦੇ ਮਿਲ ਪਏ। ਉਨ੍ਹਾਂ ਆਖਿਆ ਕਿ ਅਸੀਂ ਭੀ ਇਸੇ ਕੰਮ ਆਏ ਹਾਂ। ਇਨ੍ਹਾਂ ਨੂੰ ਭੀ ਆਪਣੇ ਵਿਚ ਸ਼ਾਮਲ ਕਰ ਲਿਆ। ਇਨ੍ਹਾਂ ਦੱਸਿਆ ਕਿ ਅਸੀਂ ਲਾਇਲਪੁਰੋਂ ਗਡੀ ਚੜ੍ਹਕੇ ਸਾਂਗਲੇ ਤੋਂ ਉਤਰਕੇ ਸ਼ਾਹਕੋਟ ਤਕ ਟਾਂਗਿਆਂ ਤੇ ਆਏ,ਅਗੋਂ ਰਾਹ ਖੈਹੜੇ ਦਾ ਪਤਾ ਨਾ ਲਗੇ ਤੇ ਇਕ ਘੋੜੀ ਵਾਲੇ ਸਿੰਘ ਦੇ ਦਸਣ ਤੇ ਤੁਹਾਨੂੰ ਮਿਲ ਪਏ ਹਾਂ। ਉਹ ਘੋੜੀ ਵਾਲਾ ਸਿੰਘ ਭਾਈ ਲਛਮਣ ਸਿੰਘ ਜੀ ਦੇ ਜਥੇ ਦਾ ਪਤਾ ਲੈਣ ਨਨਕਾਣੇ ਸਾਹਿਬ ਨੂੰ ਚਲਾ ਗਿਆ ਹੈ। ਇਨ੍ਹਾਂ ਦੇ ਨਾਲ ਹੀ ਭਾਈ ਜੀਵਣ ਸਿੰਘ ਜੀ ਪਰਉਪਕਾਰੀ ਸਨ,ਉਨ੍ਹਾਂ ਦੇ ਪੈਰ ਤੇ ਜ਼ਖ਼ਮ ਸੀ। ਪੈਂਡੇ ਦੀ ਡੋਲ ਪੈਕੇ ਉਸਦੇ ਜੋਸ਼ ਨਾਲ ਉਨ੍ਹਾਂ ਦੇ ਪਟ ਵਿਚ ਸੰਢਾ ਚੜ੍ਹਿਆ ਹੋਇਆ ਸੀ ਤੇ ਪਿੰਡੇ ਨੂੰ ਤਾਪ ਦੀ ਮਾੜੀ ਜਿਹੀ ਭਖ ਭੀ ਸੀ। ਉਹ ਬੜੇ ਔਖੇ ਹੋਏ, ਪਰ ਹਿੰਮਤ ਕਰਕੇ ਸਾਰਾ ਰਾਹ ਨਾਲ ਦੌੜੀ ਆਏ। ਇਨ੍ਹਾਂ ਵਿਚੋਂ ਭਾਈ ਗੁਰਚਰਨ ਸਿੰਘ ਭਾਟੀਏ ਨੂੰ ਵਿਡ ਪੀੜ ਹੁੰਦੀ ਸੀ ਤੇ ਉਹ ਪਲ ਪਲ ਪਿਛੋਂ ਮਰੋੜ ਬਹਿੰਦਾ ਸੀ, ਪਰ ਏਸ ਤਰ੍ਹਾਂ ਬਹਿੰਦਿਆਂ ਉਠਦਿਆਂ ਉਹ ਭੀ ਪਿਛੇ ਪਿਛੇ ਨਾਲ ਤੁਰੀ ਗਿਆ।

ਨਿਵਾਣਾਂ ਜਿਹੀਆਂ ਵਿਚ ਚਲ ਕੇ ਭਾਈ ਈਸ਼ਰ ਸਿੰਘ ਜੀ ਨੇ ਆਪਣੀ ਘੋੜੀ ਭਾਈ ਜੀਤਾ ਸਿੰਘ ਨੂੰ ਦੇ ਕੇ ਭਜਾਇਆ ਕਿ ਤੂੰ ਬੰਡਾਲੀਆਂ ਦੇ ਬੂੰਗੇ

ਚਲ ਕੇ ਭਾਈ ਭਗਤ ਸਿੰਘ ਤੋਂ ਪਤਾ ਕਰਕੇ ਸਾਨੂੰ ਮੁੜ ਕੇ ਦਸ ਕਿ ਅਜੇ ਜਥੇ ਪੁਜੇ ਹਨ ਕਿ ਨਹੀਂ। ਉਹ ਕੌਣ ਵੇਲੇ ਦਾ ਘੋੜੀ ਤੇ ਗਿਆ ਹੋਇਆ ਹੈ, ਕਿਉਂ ਏਨੀ ਢਿਲ ਲਾ ਦਿਤੀ ਸੁ। ਇਥੇ ਅਧਾ ਕੁ ਘੰਟਾ ਬੈਠ ਕੇ ਸਭ ਨੇ ਸਾਹ ਲਿਆ। ਫੇਰ ਭਾਈ ਈਸ਼ਰ ਸਿੰਘ ਜੀ ਜਥੇਦਾਰ ਨੇ ਹੁਕਮ ਦਿਤਾ ਕਿ ਚਲੋ ਰਵਾਂ ਰਵੀਂ ਤੁਰੇ ਚਲੀਏ, ਦਿਨ ਚੜ੍ਹਦਾ ਜਾਂਦਾ ਹੈ।* ਇਥੋਂ ਥੋੜੀ ਦੂਰ ਚਲ ਕੇ ਗਏ ਹੋਣਗੇ ਜੁ ਗੋਲੀ ਦੀ ਆਵਾਜ਼ ਸੁਣਾਈ ਦੇਣ ਲਗ ਪਈ।

ਭਾਈ ਭਗਤ ਸਿੰਘ ਜੀ ਤੇ ਭਾਈ ਜੀਤਾ ਸਿੰਘ ਜੀ ਦਾ ਹਾਲ

ਭਾਈ ਭਗਤ ਸਿੰਘ ਘੋੜੀ ਭਜਾ ਕੇ ਚੰਦਰ ਕੋਟ ਦੀ ਝਾਲ ਵਲੋਂ ਵਾਪਸ ਆ ਰਿਹਾ ਸੀ, ਜੁ ਮੋਲਨ ਵਾਲੇ ਬੰਗਲੇ ਤੇ ਇਸ ਨੂੰ ਤੇਰਾਂ ਸਿੰਘ ਲਾਇਲਪੁਰ ਦੇ ਰਾਹ ਘੁਸੇ ਫਿਰਦੇ ਮਿਲੇ। ਉਨ੍ਹਾਂ ਕਿਹਾ ਕਿ ਅਸੀਂ ਭਾ: ਲਛਮਣ ਸਿੰਘ ਜੀ ਦੇ ਜਥੇ ਦੀ ਢੂੰਡ ਭਾਲ ਕਰ ਰਹੇ ਹਾਂ, ਸਾਨੂੰ ਉਹ ਲਭਦਾ ਨਹੀਂ, ਕੀ ਚਾਰਾ ਕਰੀਏ ? ਇਨ੍ਹਾਂ ਨੇ ਕਿਹਾ ਕਿ ਤੁਸੀਂ ਮੇਰੇ ਨਾਲ ਚਲੋ ਮੈਂ ਤੁਹਾਨੂੰ ਉਨ੍ਹਾਂ ਨੂੰ ਮਿਲਾ ਦਿਆਂਗਾ। ਪਹਿਲਾਂ ਤਾਂ ਉਹ ਕਾਨਾ-ਫੂਸੀਆਂ ਕਰਨ ਲਗ ਪਏ ਕਿ ਮਤਾਂ ਇਹ ਮਹੰਤ ਦਾ ਹੀ ਬੰਦਾ ਹੋਵੇ। ਭਾਈ ਭਗਤ ਸਿੰਘ ਨੇ ਇਨ੍ਹਾਂ ਨੂੰ ਆਖਿਆ ਕਿ ਜੇ ਦਿਲ-ਜਮੀ ਹੋਵੇ ਤਾਂ ਮੇਰੇ ਨਾਲ ਤੁਰ ਪਵੋ, ਨਹੀਂ ਤਾਂ ਇਥੇ ਹੀ ਬਹਿ ਕੇ ਅਨੰਦ ਲਓ। ਮੈਂ ਭੀ ਉਸੇ ਜਥੇ ਨੂੰ ਲਭਦਾ ਫਿਰਦਾ ਹਾਂ; ਪਰ ਹੁਣ ਤਕ ਕੋਈ ਥੌਹ-ਪਤਾ ਨਹੀਂ ਲਗਾ ਹੈ। ਇਹ ਏਨੀ ਗਲ ਸੁਣ ਕੇ ਇਸ ਦੇ ਨਾਲ ਹੀ ਤੁਰ ਪਏ। ਭਾਈ ਭਗਤ ਸਿੰਘ ਇਨ੍ਹਾਂ ਨੂੰ ਭਾਈ ਈਸ਼ਰ ਸਿੰਘ ਜੀ ਦੇ ਜਥੇ ਦੇ ਔਣ ਤੋਂ ਪਹਿਲਾਂ ਹੀ ਪੈੜੇ ਵਾਲੀ ਦੀ ਹਦ ਵਿਚ ਬਿਠਾਕੇ ਘੋੜੀ ਭਜਾ ਅਗੇ ਨਨਕਾਣੇ ਸਾਹਿਬ ਨੂੰ ਨਿਕਲ ਗਿਆ। ਇਹ ਮਸਾਂ ਦੋ ਕੁ ਮੀਲ ਹੀ ਅਜੇ ਗਿਆ ਹੋਵੇਗਾ ਕਿ ਪਿਛੋਂ ਭਾ: ਜੀਤਾ ਸਿੰਘ ਘੋੜੀ ਭਜਾ ਕੇ ਜਾ ਮਿਲਿਆ। ਉਸ ਨੇ ਕਿਹਾ ਕਿ ਸੁਣਾ ਜਥੇ ਦਾ ਕੀ ਪਤਾ ਆਂਦਾ ਹੈ ? ਆਪਣੇ ਜਥੇ ਦੇ ਸਿੰਘ ਤੈਨੂੰ ਬੜਾ ਉਡੀਕਦੇ ਹਨ, ਮੈਂ ਤੇਰਾ ਪਤਾ ਲੈਣ ਹੀ ਆਇਆ ਹਾਂ। ਉਸ ਨੇ ਕਿਹਾ ਕਿ ਮੈਂ ਨਹਿਰ ਦੀਆਂ ਝਾਲਾਂ ਤੇ ਬਤੇਰੀਆਂ ਟੱਕਰਾਂ ਮਾਰੀਆਂ ਹਨ, ਪਰ

---

*ਇਸ ਤੋਂ ਅਗਲਾ ਹਾਲ ਭਾਈ ਨਰੈਣ ਸਿੰਘ ਜੀ ਟ੍ਰੈਕ ਨੰ: ੭੫ ਲਹੂਕਿਆਂ ਦੇ ਜੀਵਨ ਵਿਚ ਪੜ੍ਹੋ।

ਪਿਛਲੀ ਰਾਤੇ ਚੰਦ ਛੁਪ ਜਾਣ ਦੇ ਕਾਰਨ ਮੈਨੂੰ ਜਥੇ ਦਾ ਕੋਈ ਥਹੁ ਪਤਾ ਨਹੀਂ ਲਗਾ। ਚੰਦਰ ਕੋਟ ਦੀ ਝਾਲ ਤੋਂ ਇਕ ਸਿੰਘ ਨੇ ਦਸਿਆ ਕਿ ਜਥਾ ਤੁਰ ਗਿਆ ਹੈ। ਮੈਂ ਉਸ ਨੂੰ ਭਾਲ ਭੂਲ ਕੇ ਅਖ਼ੀਰ ਏਧਰ ਆਇਆ ਹਾਂ। ਹੁਣ ਚਲ ਆਪਾਂ ਨਨਕਾਣੇ ਸਾਹਿਬ ਚਲੀਏ ਤੇ ਉਥੋਂ ਪਤਾ ਲਿਆ ਕੇ ਇਨ੍ਹਾਂ ਨੂੰ ਦਸ ਦਈਏ।

ਇਨ੍ਹਾਂ ਦੋਹਾਂ ਨੇ ਘੋੜੀਆਂ ਨੂੰ ਜਿਉਂ ਅਡੀਆਂ ਲਾਈਆਂ ਆਪਣੇ ਬੁੰਗੇ ਆ ਗਏ। ਇਥੇ ਘੋੜੀਆਂ ਬੰਨ੍ਹ ਕੇ ਮੂੰਹ ਸਿਰ ਲਪੇਟ ਕੇ ਸ੍ਰੀ ਜਨਮ ਅਸਥਾਨ ਦੇ ਅੰਦਰ ਆ ਗਏ। ਅਗੇ ਇਕ ਸਾਧੂ ਬੋਹਕਰ ਪਿਆ ਦੇਵੇ। ਭਾ: ਭਗਤ ਸਿੰਘ ਨੇ ਕਿਹਾ ਕਿ ਜੀਤਾ ਸਿੰਘਾ ਜੇ ਪੰਜ ਦਸ ਸਿੰਘ ਇਸ ਵੇਲੇ ਹੋਰ ਸਾਡੇ ਨਾਲ ਹੁੰਦੇ ਤਾਂ ਹੁਣ ਸਹਿਜ-ਸੁਭੱਾ ਛੋਪਲੇ ਹੀ ਗੁਰਦੁਆਰੇ ਤੇ ਕਬਜ਼ਾ ਕਰ ਲੈਂਦੇ; ਐਵੇਂ ਲੋਕਾਂ ਨੇ ਹਵਾੜੇ ਉਡਾ ਉਡਾ ਕੇ ਪਿੰਡਾਂ ਵਿਚ ਵਾਹਰਾਂ ਪਾਈਆਂ ਹੋਈਆਂ ਹਨ। ਇਨ੍ਹਾਂ ਸਾਧੜਿਆਂ ਨੇ ਕੀ ਕਰਨਾ ਹੈ? ਅਜ ਸੂਰਜ ਦੀ ਟਿੱਕੀ ਨਿਕਲਣ ਨਾਲ ਇਥੇ ਪੰਥ ਦੇ ਝੰਡੇ ਝੂਲ ਜਾਣਗੇ।

ਜਦ ਇਹ ਦਖਣੀ ਡਿਉੜੀ ਥਾਣੀ ਗੁਰਦੁਆਰੇ ਵਿਚੋਂ ਬਾਹਰ ਨਿਕਲ ਕੇ ਰੇਲ ਦੀ ਲਾਇਨ ਵਲ ਚਲੇ ਤਾਂ ਅਗੇ ਪੰਜਾਹ ਸਠ ਬੰਦੇ ਧੂੰਏਂ ਤੇ ਹਥਿਆਰ-ਪਤਾ ਲੈ ਕੇ ਬੈਠੇ ਸਨ। ਇਸ ਤੋਂ ਅਗੇ ਖੂਹ ਪਾਸ ਗਏ ਤਾਂ ਇਥੇ ਭੀ ਤੀਹ ਕੁ ਮੁਸਲਮਾਨ ਬੈਠੇ ਸਨ; ਸਿਰਾਂ ਤੋਂ ਪਗਾਂ ਲਥੀਆਂ ਹੋਈਆਂ ਤੇ ਹੁਕੇ ਪੀਣ ਡਹੇ ਹੋਏ ਸਨ। ਮੂੰਹ ਹਨੇਰਾ ਹੋਣ ਕਰਕੇ ਕੋਲ ਦੀ ਲੰਘ ਗਏ। ਇਨ੍ਹਾਂ ਵਿਚੋਂ ਕਿਸੇ ਨੇ ਭੀ ਇਨ੍ਹਾਂ ਨੂੰ ਬੁਲਾਇਆ ਚਲਾਇਆ ਨਹੀਂ ਸੀ। ਇਥੋਂ ਇਹ ਇਕ ਚਕਰ ਲਾ ਕੇ ਸਰਾਂ ਵਲ ਉਤੋਂ ਦੀ ਹੋ ਕੇ ਆ ਗਏ। ਇਥੋਂ ਫੇਰ ਉਰਲੇ ਬੰਨੇ ਨੂੰ ਥੋੜੀ ਦੂਰ ਹੀ ਆਏ ਹੋਣਗੇ ਕਿ ਜੈਕਾਰਾ ਛੁਟਿਆ ਅਤੇ ਧੂੰਏਂ ਤੇ ਬੈਠੇ ਬੰਦੇ ਸਭ ਰੌਲਾ ਪਾਉਂਦੇ ਗੁਰਦੁਆਰੇ ਨੂੰ ਭਜ ਗਏ ਕਿ ਸਿੰਘ ਆ ਪਏ! ਸਿੰਘ ਆ ਪਏ!!

ਇਹ ਦੋਵੇਂ ਜਣੇ ਤਲਾ ਤੇ ਆ ਖੜੋਤੇ ਕਿ ਵੇਖੀਏ ਹੁਣ ਕੀ ਹੁੰਦਾ ਹੈ। ਪਹਿਲਾਂ ਦੋ ਗੋਲੇ ਚਲੇ, ਤੇ ਮਹੰਤ ਦੀ ਬੈਠਕ ਤੋਂ ਖ਼ਾਲੀ ਫ਼ਾਇਰ ਹੋਏ, ਪਿਛੋਂ ਦਖਣੀ ਕੰਧ ਥਾਣੀਂ ਕਾਤਲਾਂ ਨੇ ਚੜ੍ਹਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ। ਇਨ੍ਹਾਂ ਦੇ ਪਾਸ ਹੀ ਭਾਈ ਮੰਗਲ ਸਿੰਘ ਦਫ਼ੇਦਾਰ ਚਕ ਨੰ: ੪੦ ਖੜੇ ਸਨ।

ਲਾਇਲਪੁਰ ਦੇ ਜੋ ਕੁਝ ਸਿੰਘ ੧੯ ਫ਼ਰਵਰੀ ਨੂੰ ਪਿਛਲੇ ਪਹਿਰ ਭਾਈ ਤੇਜਾ ਸਿੰਘ ਜੀ ਦੇ ਜਥੇ ਤੋਂ ਪਹਿਲਾਂ ਚੂਹੜਕਾਣੇ ਪੁਜੇ ਸਨ,ਉਨ੍ਹਾਂ ਨੂੰ ਦਿਨ ਹੁੰਦਿਆਂ ਹੀ ਝੱਬਰ ਜੀ ਨੇ ਚੰਦਰ ਕੋਟ ਦੀ ਝਾਲ ਨੂੰ ਪੈਦਲ ਤੋਰ ਦਿਤਾ ਸੀ,ਤਾਕਿ ਉਹ ਰਾਤ ਨੂੰ ਉੱਥੇ ਚਲ ਰਹਿਣ ਤੇ ਜਦੋਂ ਜੱਥਾ ਆਵੇ ਉਸ ਨਾਲ ਸ਼ਾਮਲ ਹੋ ਜਾਣ । ਇਹ ਸਾਰੀ ਰਾਤ ਰੁੱਖਾਂ ਥੱਲੇ ਸੌਂ ਰਹੇ । ਜਦੋਂ ਜੱਥੇ ਰੋਕੇ ਗਏ ਤਾਂ ਉਨ੍ਹਾਂ ਨੂੰ ਭੀ ਉੱਥੇ ਹੀ ਪਤਾ ਲਗ ਗਿਆ । ਇਨ੍ਹਾਂ ਖ਼ਿਆਲ ਕੀਤਾ ਕਿ ਹੁਣ ਪਿਛਾਂਹ ਜਾਣ ਦੀ ਬਜਾਏ ਸ੍ਰੀ ਨਨਕਾਣੇ ਸਾਹਿਬ ਚਲੀਏ; ਉਥੇ ਦਿਨੇ ਗੁਰਦੁਆਰੇ ਮੱਥਾ ਟੇਕ ਕੇ ਗੱਡੀ ਚੜ੍ਹ ਜਾਵਾਂਗੇ । ਇਨ੍ਹਾਂ ਚੋਂ ਕੁਝ ਸਿੰਘ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਆ ਗਏ ਅਤੇ ਕੁਝ ਭਾ: ਉੱਤਮ ਸਿੰਘ ਜੀ ਦੇ ਕਾਰਖ਼ਾਨੇ ਨੂੰ ਚਲੇ ਗਏ। ਕਾਰਖ਼ਾਨੇ ਵਾਲਿਆਂ ਸਿੰਘਾਂ ਵਿਚੋਂ ਇਕ ਚੌਦਾਂ ਸਾਲ ਦਾ ਭੁਝੰਗੀ ਭਾ: ਪ੍ਰਤਾਪ ਸਿੰਘ ਗੋਲੀ ਦੀ ਆਵਾਜ਼ ਸੁਣ ਕੇ ਭਾਈ ਦਲੀਪ ਸਿੰਘ ਹੁਰਾਂ ਦੇ ਮਗਰੇ ਮਗਰ ਉਠ ਨੱਸਾ । ਲੋਕਾਂ ਨੇ ਬਤੇਰਾ ਰੋਕਿਆ, ਪਰ ਇਹ ਬਾਲਕ ਨਾ ਰੁਕਿਆ। ਇਸ ਦੇ ਗਾਤ੍ਰੇ ਕ੍ਰਿਪਾਨ ਸਜਾਈ ਹੋਈ ਸੀ। ਸਰੋਵਰ ਦੇ ਕੰਢੇ ਪੁੱਜਕੇ ਭਾਈ ਭਗਤ ਸਿੰਘ ਹੁਰਾਂ ਪਾਸ ਆ ਖੜੋਤਾ । ਇਸ ਦਾ ਗਾਤ੍ਰਾ ਵੇਖ ਕੇ ਧੂੰਏਂ ਤੇ ਬੈਠੇ ਸਾਧਾਂ ਵਿਚੋਂ ਦੋ ਜਟਾਵਾਂ ਵਾਲੇ ਸਾਧ ਇਸ ਦੇ ਗਲ ਆ ਪਏ। ਇਕ ਦੇ ਹੱਥ ਵਿਚ ਬਲਦਾ ਚੋ ਸੀ ਤੇ ਦੂਜੇ ਦੇ ਹੱਥ ਵਿਚ ਪਿੱਤਲ ਦੇ ਕੋਕਿਆਂ ਵਾਲੀ ਪਹੌੜੀ ਸੀ । ਇਨ੍ਹਾਂ ਦੋਹਾਂ ਸਾਧਾਂ ਨੇ ਇਸ ਦਾ ਗਾਤ੍ਰਾ ਖੋਹਣ ਲਈ ਹਥ ਪਾ ਲਿਆ, ਤਾਂ ਇਹ ਭੁਝੰਗੀ ਗਾਤ੍ਰਾ ਲੁਹਾਉਣੋਂ ਅੜ ਖੜੋਤਾ; ਤਾਂ ਭਾ:ਭਗਤ ਸਿੰਘ ਤੇ ਜੀਤਾ ਸਿੰਘ ਨੇ ਅੱਗੇ ਵਧ ਕੇ ਕਿਹਾ ਕਿ ਜਾਣ ਦੇਹ ਮੁੰਡਿਆ ਜ਼ਿੱਦ ਛੱਡ ਤੇ ਲਾਹ ਦੇ ਗਾਤ੍ਰਾ ਬਾਵੇ ਹੁਰਾਂ ਨੂੰ, ਐਵੇਂ ਅਜਾਈਂ ਮਾਰਿਆ ਜਾਵੇਂਗਾ ! ਉਸ ਨੇ ਕਿਹਾ ਕਿ ਮੈਂ ਤਾਂ ਇਸ ਨੂੰ ਸਰੀਰ ਨਾਲੋਂ ਵਖ ਨਹੀਂ ਕਰਨਾ, ਬੇਸ਼ਕ ਮਾਰਿਆ ਜਾਵਾਂ । ਇਤਨੇ ਨੂੰ ਇਕ ਕਾਤਲ ਛਵ੍ਹੀ ਲੈਕੇ ਆ ਪਿਆ। ਉਸ ਨੇ ਛਵ੍ਹੀ ਉਗ੍ਹੀ,ਪਰ ਇਕ ਮਾਈ ਨੇ ਇਸ ਭੁਝੰਗੀ ਦੇ ਉੱਪਰ ਲੇਟ ਕੇ ਉਸ ਨੂੰ ਬਚਾ ਲਿਆ ਤੇ ਆਪਣੇ ਨਾਲ ਮੰਡੀ ਨੂੰ ਲੈ ਗਈ । ਇਹ ਦੋਵੇਂ ਜਣੇ ਜੱਥੇ ਨੂੰ ਪਤਾ ਦੇਣ ਦੀ ਬਜਾਏ ਬੰਡਾਲੀਆਂ ਦੇ ਬੁੰਗ ਚਲੇ ਗਏ । ਇੱਥੇ ਇਸ ਬੁੰਗੇ ਵਿਚ ਇਨ੍ਹਾਂ ਦੇ ਵਾਕਫ਼ ਸੈਣੀ ਮੁਜ਼ਾਰੇ ਰਹਿੰਦੇ ਸਨ । ਉਨ੍ਹਾਂ ਆ ਕੇ ਦੱਸਿਆ ਕਿ ਇਕ ਸਿੰਘ ਲਹੂ-ਲੁਹਾਣ ਹੋਇਅ ਸਰੋਵਰ ਦੇ ਕੰਢੇ ਬੇਰੀ ਥੱਲੇ ਪਿਆ ਤੜਫਦਾ ਹੈ । ਹਿੰਮਤ

ਕਰੋ ਤੇ ਉਸ ਨੂੰ ਇਥੇ ਲੈ ਆਓ, ਸ਼ਾਇਦ ਬਚ ਜਾਵੇ, ਉਥੇ ਤਾਂ ਉਸ ਨੂੰ ਕਿਸੇ ਨੇ ਜੀਉਂਦਿਆਂ ਨਹੀਂ ਛਡਣਾ। ਭਾ: ਜੀਤਾ ਸਿੰਘ, ਭਗਤ ਸਿੰਘ, ਪੰਜਾਬ ਸਿੰਘ ਅਤੇ ਇਕ ਮੁਜ਼ਾਰਾ ਮੰਜੀ ਲੈਕੇ ਗਏ ਅਤੇ ਭਾਈ ਭਗਤ ਸਿੰਘ ਜੀ ਬੰਡਾਲਾ ਕਰੀਆਂ ਵਾਲੇ ਨੂੰ ਚੁਕ ਕੇ ਲੈ ਆਏ। ਇਸ ਦੇ ਪਿੱਛੋਂ ਭਾਈ ਦਸੌਂਧਾ ਸਿੰਘ ਲਹੁਕਿਆਂ ਦਾ ਭੀ ਜ਼ਖ਼ਮੀ ਹੋਇਆ ਆ ਗਿਆ, ਉਸ ਦੇ ਮੂੰਹ ਤੇ ਛੱਰਰਾ ਵਜਾ ਹੋਇਆ ਸੀ। ਲਹੂ ਦੀਆਂ ਧਤੀਰੀਆਂ ਵਗ ਕੇ ਸਾਰਾ ਚਿਹਰਾ ਤੇ ਕੱਪੜੇ ਲਹੂ ਨਾਲ ਲਿਬੜੇ ਹੋਏ ਸਨ।

ਸ਼ਹੀਦੀ

ਸ੍ਰੀ ਨਨਕਾਣੇ ਸਾਹਿਬ ਤੋਂ ਮਸਾਂ ਮੀਲ ਕੁ ਦਾ ਫ਼ਾਸਲਾ ਹੋਵੇਗਾ, ਜੁ ਭਾਈ ਈਸ਼ਰ ਸਿੰਘ ਜੀ ਹੁਰਾਂ ਦੇ ਜੱਥੇ ਨੂੰ ਗੋਲੀਆਂ ਦੀ ਆਵਾਜ਼ ਸੁਣਾਈ ਦੇਣ ਲਗ ਪਈ। ਸਾਰੇ ਸਿੰਘਾਂ ਵਿਚ ਇਸ ਦੀ ਚਰਚਾ ਛਿੜ ਪਈ, ਤਦ ਭਾਈ ਈਸ਼ਰ ਸਿੰਘ ਅਤੇ ਭਾਈ ਨਰੈਣ ਸਿੰਘ ਨੇ ਇਕ ਸੋਟੇ ਨਾਲ ਲੰਮੀ ਲਕੀਰ ਖਿਚਕੇ ਕਿਹਾ ਕਿ ਖ਼ਾਲਸਾ ਜੀ ! ਜਿਨ੍ਹਾਂ ਨੇ ਜਾਨਾਂ ਤਲੀ ਉੱਤੇ ਰਖਕੇ ਸੀਸ ਗੁਰੂ ਨੂੰ ਭੇਟਾ ਕਰਨੇ ਹਨ ਉਹ ਲੀਕ ਟੱਪ ਆਓ, ਬਾਕੀ ਇਸ ਤੋਂ ਅੰਗੇ ਨ ਲੰਘਣ। ਇਹ ਕੋਈ ਤਮਾਸ਼ਾ ਨਹੀਂ, ਸਿਰਾਂ ਧੜਾਂ ਦੀਆਂ ਬਾਜੀਆਂ ਦੀਆਂ ਖੇਡਾਂ ਹਨ। ਜੇਹੜੇ ਸਿੰਘ ਫ਼ੈਸਲਾ ਕਰਕੇ ਲੀਕ ਟੱਪ ਆਏ ਉਨ੍ਹਾਂ ਨੇ ਸ੍ਰੀ ਜਨਮ ਅਸਥਾਨ ਵਲ ਸਿਰ-ਤੋੜ ਦੌੜ ਲਾ ਦਿਤੀ। ਭਾਈ ਈਸ਼ਰ ਸਿੰਘ ਜੀ ਭੀ ਇਨ੍ਹਾਂ ਸਿੰਘਾਂ ਦੇ ਨਾਲ ਹੀ ਦੌੜ ਪਏ; ਪਰ ਗੱਭਰੂਆਂ ਜਿੰਨਾ ਦੌੜਨਾ ਇਨ੍ਹਾਂ ਲਈ ਮੁਸ਼ਕਲ ਸੀ; ਕਿਉਂਕਿ ਇਕ ਤਾਂ ਇਨ੍ਹਾਂ ਦੀ ਉਮਰ ਅਠਾਹਠ ਸਾਲ ਦੀ ਬ੍ਰਿਧ ਸੀ, ਦੂਜੇ ੧੯ ਫ਼ਰਵਰੀ ਅੱਠ ਵਜੇ ਤੋਂ ਲੈ ਕੇ ਇਕ ਦਿਨ ਤੇ ਇਕ ਰਾਤ ਪੈਂਡਾ ਕੀਤਾ। ਅਨੀਂਦਰੇ ਤੇ ਥਕੇਵੇਂ ਨੇ ਭੀ ਇਸ ਬ੍ਰਿਧ ਸ਼ੇਰ ਦੇ ਦਿਲ ਉੱਤੇ ਕੋਈ ਅਸਰ ਨਹੀਂ ਕੀਤਾ ਸੀ। ਅੰਦਰੋਂ ਆਤਮਾ ਬੜੀ ਮਜ਼ਬੂਤ ਚੜ੍ਹਦੀਆਂ ਕਲਾਂ ਵਿਚ ਖੇਡਦੀ ਸੀ। ਸ਼ਹੀਦੀ ਦੇ ਚੌਂ ਵਿਚ ਆਪਣੇ ਸ੍ਰੀਰਕ ਬਲ ਅਨੁਸਾਰ ਦੌੜੀ ਚਲੀ ਗਏ; ਪਰ ਬ੍ਰਿਧਾਂ ਤੇ ਗੱਭਰੂਆਂ ਦੀ ਦੌੜ ਦਾ ਕੀ ਮੁਕਾਬਲਾ ? ਜੱਥੇ ਦੇ ਸਿੰਘ ਆਪ ਨੂੰ ਪਿੱਛੇ ਛੱਡ ਕੇ ਅੱਗੇ ਲੰਘ ਗਏ।

ਆਪ ਦਾ ਦਿਲ ਨੌਜਵਾਨਾਂ ਨਾਲੋਂ ਭੀ ਵਧੇਰੇ ਮਜ਼ਬੂਤ, ਦਲੇਰ ਤੇ

ਬਹਾਦਰ ਸੀ,ਜਿਸ ਉੱਤੇ ਮੌਤ ਦਾ ਉੱਕਾ ਕੋਈ ਖ਼ੌਫ਼ ਨਹੀਂ ਸੀ। ਜੱਥੇ ਦੇ ਸਿਘਾਂ ਨੇ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਘਿਰੇ ਹੋਏ ਭਾ: ਲਛਮਣ ਸਿੰਘ ਹੁਰਾਂ ਦੇ ਸਾਥੀ ਸਿੰਘਾਂ ਨੂੰ ਛੁਡਾਉਣ ਦਾ ਯਤਨ ਕੀਤਾ, ਪਰ ਕਾਮਿਆਬ ਨ ਹੋਏ ਅਤੇ ਜਿਤਨੀ ਤੇਜ਼ੀ ਨਾਲ ਉਹ ਅੱਗੇ ਦੌੜ ਕੇ ਗਏ ਸਨ ਉਤਨੀ ਨਾਲ ਹੀ ਹੁਣ ਵਾਪਸ ਭੱਜੇ ਆ ਰਹੇ ਸਨ। ਪਰ ਆਪ ਉਸੇ ਤਰ੍ਹਾਂ ਸ੍ਰੀ ਜਨਮ ਅਸਥਾਨ ਵਲ ਮੂੰਹ ਕਰੀ ਆਪਣੀ ਸ਼ਹੀਦੀ ਧੁਨ ਵਿਚ ਮਸਤ ਹੋਏ ਵਾਹੋ-ਦਾਹੀ ਭੱਜੇ ਜਾ ਰਹੇ ਸਨ। ਵਾਪਸ ਆ ਰਹੇ ਜਥੇ ਦੇ ਸਿੰਘਾਂ ਨੇ ਆਖਿਆ ਕਿ ਬਾਬਾ ਆ ਜਾ ਸਾਡੇ ਮਗਰ ਪਿਛਾਂਹ ਨੂੰ ਦੌੜ ਆ। ਉਥੇ ਗੋਲੀਆਂ ਚਲਦੀਆਂ ਨੇ, ਕੋਈ ਕਿਸੇ ਦੀ ਵਾਹ ਨਹੀਂ ਜਾਂਦੀ। ਭਾ:ਈਸ਼ਰ ਸਿੰਘ ਨੇ ਬਾਂਹ ਖੜੀ ਕਰਕੇ ਉਚੀ ਅਵਾਜ਼ ਨਾਲ ਆਖਿਆ ਕਿ 'ਖਾਲਸਾ ਜੀ ! ਕਿਉਂ ਹਰਨ ਹੋਏ ਜਾਂਦੇ ਜੇ ? ਪਸ਼ੌਰੋਂ ਭਜਿਆਂ ਲਾਹੌਰ ਬੜੀ ਦੂਰ ਹੈ। ਘਰ ਜਾਕੇ ਕੀ ਦੱਸੋਗੇ ?'ਇਨ੍ਹਾਂ ਵਿਚੋਂ ਜੋ ਹੋਰ ਪਿਛੇ ਆ ਰਹੇ ਸਨ,ਉਨ੍ਹਾਂ ਨੇ ਬਾਂਹੋਂ ਫੜਕੇ ਨਾਲ ਪਿਛਾਂਹ ਨੂੰ ਧੂਹਿਆ ਕਿ ਆ ਜਾ ਬਾਬਾ ਮਾਰਿਆ ਜਾਵੇਂਗਾ; ਤਾਂ ਆਖਣ ਲਗੇ ਕਿ"ਬਾਬਾ ਘਰੋਂ ਹੀ ਮਰ ਕੇ ਤੁਰਿਆ ਹੈ,ਇਸ ਨੂੰ ਇਥੇ ਆ ਕੇ ਪਤਾ ਨਹੀਂ ਲਗਾ ਕਿ ਮਾਰਿਆਂ ਜਾਣਾ ਹੈ !" ਇਤਨੇ ਚਿਰ ਨੂੰ ਸਾਮ੍ਹਣਿਓਂ ਕਾਤਲਾਂ ਦੀ ਧਾੜ ਦੌੜਦੀ ਆਈ, ਪਰ ਇਸ ਨਿਰਭੈ ਦੂਲੇ ਦੇ ਦਿਲ ਵਿਚ ਉਨ੍ਹਾਂ ਦੀਆਂ ਛਵ੍ਹੀਆਂ ਅਤੇ ਬੰਦੂਕਾਂ ਦਾ ਜ਼ਰਾ ਜਿੰਨਾ ਭੀ ਭੈ ਨਹੀਂ ਆਉਂਦਾ ਸੀ। ਬਾਂਹ ਖੜੀ ਕਰਕੇ ਛਾਤੀ ਅੱਗੇ ਡਾਹ ਦਿਤੀ। ਉਨ੍ਹਾਂ ਚੋਂ ਇਕ ਪੱਥਰ-ਦਿਲ ਕਾਤਲ ਨੇ ਨਿਸ਼ਾਨਾ ਬੰਨ੍ਹਕੇ ਗੋਲੀ ਛਾਤੀ ਵਿਚ ਮਾਰੀ। ਆਪ ਨੇ ਉੱਚੀ ਦੇ ਕੇ ਕੂਕ ਮਾਰੀ ਤੇ ਆਖਿਆ : "ਧੰਨ ਗੁਰ ਨਾਨਕ ! ਧੰਨ ਗੁਰ ਨਾਨਕ !!" ਇਤਨੇ ਨੂੰ ਗੁਰਮੁਖ ਦਾਸ, ਕਾਹਨ ਸਿੰਘ ਕੱਬੇ ਤੇ ਹਰੀ ਨਾਥ ਜੋਗੀ ਨੇ ਪਿੱਛੋਂ ਮਿਲ ਕੇ ਛਵ੍ਹੀਆਂ ਨਾਲ ਸਰੀਰ ਦੇ ਡੱਕਰੇ ਡੱਕਰੇ ਕਰਕੇ ਸ਼ਹੀਦ ਕਰ ਦਿਤਾ।*

ਸੱਚ ਮੁੱਚ ਸ਼ਹਾਦਤ ਦੀ ਪਦਵੀ ਬੜੀ ਉੱਚੀ ਹੈ। ਸ਼ਹੀਦੀ ਦਾ ਮਾਣ ਕਿਸੇ ਵੱਡੇ ਭਾਗਾਂ ਵਾਲੇ ਨੂੰ ਹੀ ਪ੍ਰਾਪਤ ਹੁੰਦਾ ਹੈ। ਸ਼ਹੀਦ ਦੀ ਸ਼ਹਾਦਤ ਬੜੇ ਬੜੇ ਅਸਚਰਜ ਰੰਗ ਵਿਖਾਉਂਦੀ ਹੈ। ਇਹ ਧਾਰਮਕ ਦੁਨੀਆਂ ਨੂੰ ਅਗੇ ਨਾਲੋਂ ਭੀ

*ਕਮੇਟੀ ਨੇ ੧੩੦੦) ਰੁਪੈ ਆਪ ਦਾ ਕਰਜ਼ਾ ਉਤਾਰਿਆ ਅਤੇ ਆਪ ਦੀ ਸੁਪਤਨੀ ਬੀਬੀ ਬਸੰਤ ਕੌਰ ਦੇ ਨਾਮ ੧੯ ਮਈ ਸੰ: ੧੯੨੧ ਈ: ਤੋਂ ਪਿਨਸ਼ਨ ਲਾ ਦਿਤੀ, ਜਿਸਦਾ ੨੮-੨-੩੭ ਤਕ ੨੪੬੬) ਰੁਪਏ ਜੋੜ ਹੈ।

ਹੋਰ ਉੱਚਾ ਤੇ ਸੋਹਣਾ ਬਣਾ ਦਿੰਦੀ ਹੈ। ਇਹ ਸੁੱਤੀਆਂ ਕੌਮਾਂ ਨੂੰ ਹਲੂਣ ਹਲੂਣ ਕੇ ਜਗਾ ਦਿੰਦੀ ਹੈ। ਸ਼ਹੀਦ ਆਪਣੀ ਸ਼ਹਾਦਤ ਨਾਲ ਨਿਰਾ-ਪੁਰਾ ਆਪਣੀ ਕੌਮ ਅਤੇ ਦੇਸ਼ ਨੂੰ ਹੀ ਉੱਚਾ ਅਤੇ ਸੋਹਣਾ ਨਹੀਂ ਬਣਾਉਂਦਾ, ਸਗੋਂ ਸਾਰੇ ਸੰਸਾਰ ਨੂੰ ਹੀ ਸੁੰਦਰ ਬਣਾ ਦਿੰਦਾ ਹੈ। ਸ਼ਹੀਦ,ਸ਼ਹਾਦਤ ਪ੍ਰਾਪਤ ਕਰਕੇ ਕਿਸੇ ਇਕ ਦੇਸ਼ ਜਾਂ ਕੌਮ ਦਾ ਨਹੀਂ ਰਹਿੰਦਾ ਹੈ, ਸਗੋਂ ਸੰਸਾਰ ਦੀਆਂ ਹਦ-ਬੰਦੀਆਂ ਟਪਕੇ ਸਾਰੀ ਦੁਨੀਆਂ ਦੀ ਸਾਂਝੀ ਪੂੰਜੀ ਬਣ ਜਾਂਦਾ ਹੈ। ਫੇਰ ਨਾ ਨਿਰਾ ਉਸਦੀ ਕੌਮ ਤੇ ਦੇਸ਼ ਵਾਲੇ ਹੀ ਉਸ ਉਤੇ ਫ਼ਖ਼ਰ ਕਰਦੇ ਹਨ,ਸਗੋਂ ਸਾਰਾ ਜਗਤ ਹੀ ਉਸਦੇ ਸਚੇ ਪ੍ਰੇਮ, ਅਸੂਲੀ ਪਿਆਰ ਤੇ ਸੁਤੰਤ੍ਰ ਖ਼ਿਆਲਾਂ ਤੇ ਅਸ਼ ਅਸ਼ ਕਰਦਾ ਹੈ ਅਤੇ ਉਸਦੇ ਗੁਣਾਂ ਦੇ ਸੋਹਲੇ ਗਾਉਂਦਾ ਨਹੀਂ ਥਕਦਾ ਹੈ।

ਇਸੇ ਤਰ੍ਹਾਂ ਭਾਈ ਈਸ਼ਰ ਸਿੰਘ ਜੀ ਨੇ ਪਵਿੱਤ੍ਰ ਧਰਮ ਅਸਥਾਨ ਵਿਚੋਂ ਅਧਰਮ ਨੂੰ ਕਢਣ ਹਿਤ ਖਿੜੇ ਮਥੇ ਧਰਮੀ ਗੁਰੂ ਦਾ ਅੱਖਾਂ ਸਾਹਮਣੇ ਧਿਆਨ ਧਰਦਿਆਂ ਹੋਇਆਂ ਜਾਨ ਕੁਰਬਾਨ ਕਰ ਦਿਤੀ। ਸ਼ਹਾਦਤ ਦੀ ਮੰਜ਼ਲ ਉਤੇ ਦ੍ਰਿੜ੍ਹਤਾ ਨਾਲ ਰਖਿਆ ਗਿਆ ਇਕ ਕਦਮ ਭੀ ਪਿਛੇ ਨਾ ਹਟਾਇਆ, ਸਗੋਂ ਅਗੇ ਹੀ ਅਗੇ ਵਧੀ ਗਏ। ਅਜਿਹੀ ਸਿਖੀ ਸ਼ਾਨ ਬਦਲੇ ਗੁਰੂ ਕੇ ਦਰਬਾਰ ਸਿਧੇ ਸੀਸ ਵਾਰਨ ਵਾਲੇ ਗੁਰਮੁਖ ਪਿਆਰਿਆਂ ਦੀ ਖਾਲਸਈ ਦ੍ਰਿੜ੍ਹਤਾ ਦੇ ਆਸਰੇ ਕੌਮ ਜੀਉਂਦੀਆਂ ਕੌਮਾਂ ਵਿਚ ਗਿਣੀ ਜਾਣ ਦਾ ਹੱਕ ਰਖਦੀ ਹੈ।

ਸਾਨੂੰ ਸਭ ਨੂੰ ਮਿਲ ਕੇ ਉਸ ਅਰਸ਼ੀ ਦਾਤੇ ਦੀ ਦਰਗਾਹ ਵਿਚ ਅਰਦਾਸ ਕਰਕੇ ਦਾਨ ਮੰਗਣਾ ਚਾਹੀਦਾ ਹੈ। ਉਹ ਸ਼ਹੀਦੀ ਕਲਾ ਜੋ ਮਹਾਨ ਸ਼ਹੀਦੀ ਲਾੜਿਆਂ ਦੇ ਦਿਲਾਂ ਵਿਚ ਭਰੀ ਗਈ ਸੀ, ਉਹ ਸਾਰੀ ਕੌਮ ਨੂੰ ਬਖ਼ਸ਼ੇ। ਇਸ ਉਚ ਆਦਰਸ਼ ਵਲ ਖਿਚਿਆਂ ਜਾਣ ਨਾਲ ਹੀ ਕੌਮਾਂ ਉਚੀਆਂ ਹੋਇਆ ਕਰ-ਦੀਆਂ ਹਨ। ਅਜਿਹੇ ਉਚੇ ਸ਼ੁਭ ਭਾਵ ਹੀ ਸਾਡੇ ਦਿਲਾਂ ਨੂੰ ਸਾਫ਼ ਕਰਕੇ ਉਸ ਵਿਚ ਧਰਮ ਦਾ ਬੀ ਬੀਜਦੇ ਹਨ। ਇਸ ਬੀਜ ਦਾ ਫਲ ਹੀ ਉਚ ਆਤਮਕ ਅਵਸਥਾ ਦੇ ਅਨੁਭਵ ਦਾ ਅਨੰਦ ਲੈਣਾ ਹੈ। ਅਜਿਹਾ ਅਨੰਦ ਉਸ ਸਮੇਂ ਈਸ਼੍ਵਰ ਰੂਪ ਹੋਏ ਭਾਈ ਈਸ਼ਰ ਸਿੰਘ ਜੈਸੇ ਬੀਰਾਂ ਦੀ ਆਤਮਾਂ ਨੂੰ ਪ੍ਰਾਪਤ ਸੀ।

ਥੋੜੇ ਚਿਰ ਪਿਛੋਂ ਲਾਲ ਦਾਸ ਦੇ ਘਲੇ ਹੋਏ ਦੋ ਮੁਸੱਲੀ ਗੱਜੂ ਅਤੇ ਪਰਲੀ ਆਏ। ਇਨ੍ਹਾਂ ਨੇ ਭਾਈ ਸਾਹਿਬ ਦੀ ਦਸਤਾਰ ਸਿਰ ਤੋਂ

ਲਾਹਕੇ ਗਿਟਿਆਂ ਨੂੰ ਪਾ ਲਈ ਤੇ ਵਿਚ ਡਾਂਗ ਅੜਾਕੇ ਦੋਹਾਂ ਜਣਿਆਂ ਜਿਉਂ ਧੂਹਿਆ, ਰੇਲ ਦੀ ਪੁਲੀ ਦੇ ਬਲਿਓਂ ਦੀ ਕਣਕਾਂ ਵਿਚ ਦੀ ਘਸੀਟਦੇ ਬੁਤ ਵਾਲੇ ਖੂਹ ਦੇ ਇਕ ਮੁਰੱਬੇ ਦੀ ਨੁਕਰ ਵਿਚ ਲੈ ਗਏ। ਅਗੇ ਜਾਂਦਿਆਂ ਨੂੰ ਭਾਈ ਜੀਉਣ ਸਿੰਘ ਜੀ ਪ੍ਰਉਪਕਾਰੀ ਲਾਇਲਪੁਰ ਅਤੇ ਭਾਈ ਗੁਰਚਰਨ ਸਿੰਘ ਜੀ ਡਿੰਗਿਆਂ ਨੂੰ ਲਕੜਾਂ ਚਿਣਕੇ ਉਪਰ ਰਖਿਆ ਹੋਇਆ ਸੀ ਇਨ੍ਹਾਂ ਨੂੰ ਭੀ ਚੁਕਕੇ ਉਨ੍ਹਾਂ ਦੇ ਨਾਲ ਹੀ ਟਿਕਾ ਦਿਤਾ ਅਤੇ ਬਾਵਾ ਲਾਲ ਦਾਸ ਨੇ ਡੱਬੀ ਵਿਚੋਂ ਤੀਲ ਕਢਕੇ ਅੱਗ ਲਾ ਦਿਤੀ। ਅਜੇ ਇਨ੍ਹਾਂ ਦੇ ਸ੍ਰੀਰ ਕੱਚੇ ਭੁੰਨੇ ਹੀ ਹੋਏ ਸਨ, ਜੋ ਉਪਰੋਕਤ ਦੋਹਾਂ ਮੁਸੱਲੀਆਂ ਨੇ ਪਾਣੀ ਪਾ ਕੇ ਅੰਗੀਠਾ ਠੰਢਾ ਕਰ ਦਿਤਾ ਅਤੇ ਮਗਰੋਂ ਡਾਂਗਾਂ ਨਾਲ ਭੋਹ ਵਾਂਗ ਕੁਟ ਕੁਟ ਕੇ ਅਸਤੀਆਂ ਨੂੰ ਨਿਕਿਆਂ ਨਿਕਿਆਂ ਕਰਕੇ ਇਕ ਨੇ ਕਾਲੀ ਕੰਨੀ ਦੀ ਚੁਤੱਹੀ ਵਿਚ ਤੇ ਦੂਜੇ ਨੇ ਬੋਰੀ ਦੇ ਦੋੜੇ ਵਿਚ ਪੰਡਾਂ ਬੰਨ੍ਹੀਆਂ ਅਤੇ ਚੁਕਕੇ ਬੁਤ ਵਾਲੇ ਖੂਹ ਵਿਚ ਜਾ ਸੁਟੀਆਂ। ਇਸ ਸਮੇਂ ਲਾਲ ਦਾਸ ਦੇ ਕੱਪੜੇ ਸ਼ਹੀਦੀ ਖ਼ੂੰਨ ਨਾਲ ਲੇਬੂ ਪੇਬੂ ਸਨ।

ਸਾਡਾ ਇਤਿਹਾਸ ਦਸਦਾ ਹੈ, ਕਿ ਸਿਖੀ ਘਰਾਣਿਆਂ ਦੀ ਵਡਿਆਈ ਅਤੇ ਉਨ੍ਹਾਂ ਦਾ ਅਸਲੀ ਜੀਵਨ ਸ਼ਹਾਦਤ ਦੇ ਖ਼ੂੰਨ ਵਿਚ ਲੁਕਿਆ ਹੁੰਦਾ ਹੈ, ਜਿਸ ਦੇ ਆਸਰੇ ਉਸ ਦੀਆਂ ਆਉਣ ਵਾਲੀਆਂ ਨਸਲਾਂ ਕੁਰਬਾਨੀ ਦੇ ਮੈਦਾਨ ਵਿਚ ਹਮੇਸ਼ਾਂ ਫਲਦੀਆਂ, ਫੁਲਦੀਆਂ ਤੇ ਸਿਖੀ ਦੀ ਮਹਿਕ ਖਿੰਡੇਂਦੀਆਂ ਰਹਿੰਦੀਆਂ ਹਨ। ਕਿਸੇ ਘਰਾਣੇ ਵਿਚ ਉਸ ਦੇ ਬਜ਼ੁਰਗ ਦੀ ਧਰਮ,ਕੌਮ ਅਤੇ ਮੁਲਕ ਬਦਲੇ ਦਿਤੀ ਗਈ ਸ਼ਹਾਦਤ ਬੇ-ਅਰਥ ਨਹੀਂ ਜਾਂਦੀ ਹੈ। ਸਗੋਂ ਬਿਜਲੀ ਦੀ ਛੋਹ ਵਾਂਗ ਉਸ ਦੇ ਪ੍ਰਵਾਰ ਵਿਚ ਅਸਰ ਹੋਏ ਬਿਨਾਂ ਨਹੀਂ ਰਹਿੰਦਾ। ਇਸੇ ਤਰ੍ਹਾਂ ਮੌਤ ਨੂੰ ਮਜਾਖਾਂ ਕਰਨ ਵਾਲੇ ਨਿਰਭੈ ਜੋਧੇ ਭਾਈ ਈਸ਼ਰ ਸਿੰਘ ਜੀ ਦੀ ਸ਼ਹਾਦਤ ਨੇ ਉਸਦੇ ਆਪਣੇ ਪ੍ਰਵਾਰ ਤੇ ਅਸਰ ਕੀਤਾ, ਤੇ ਉਸ ਵਿਚੋਂ ਕਈ ਜੀਅ ਅਜ ਤਕ ਪੰਥਕ ਕੁਰਬਾਨੀਆਂ ਦੇ ਮੈਦਾਨ ਵਿਚ ਕੁਰਬਾਨੀ ਲਈ ਲੱਕ ਬੰਨ੍ਹੀ ਫਿਰਦੇ ਹਨ, ਜਿਨ੍ਹਾਂ ਨੇ ਕਈ ਵਾਰ ਕੈਦਾਂ ਭੁਗਤੀਆਂ ਤੇ ਜੁਰਮਾਨੇ ਭਰੇ ਹਨ।

ਭਾ: ਮੰਗਲ ਸਿੰਘ ਜੀ ਕ੍ਰਿਪਾਨ ਬਹਾਦਰ

ਆਪ ਦਾ ਜਨਮ ਸੰ: ੧੮੯੫ ਈ: ਵਿਚ ਉੱਦੋ ਕੇ ਜ਼ਿਲਾ ਗੁਰਦਾਸਪੁਰ ਵਿਚ ਮਾਤਾ ਹੁਕਮੀ ਦੀ ਕੁਖੋਂ ਭਾਈ ਰੱਤਾ ਜੀ ਦੇ ਘਰ ਮਜ਼ਹਬੀ ਘਰਾਣੇ ਵਿਚ ਹੋਇਆ। ਛੋਟੀ ਉਮਰੇ ਹੀ ਮਾਪੇ ਚੜ੍ਹਾਈ ਕਰ ਗਏ ਅਤੇ ਆਪਨੂੰ ਕਈ ਥਾਈਂ ਦਰ ਦਰ ਰੁਲਕੇ ਧੱਕੇ-ਧੋਹੜੇ ਖਾਣੇ ਪਏ। ਜਦ ਏਸ ਤਰ੍ਹਾਂ ਯਤੀਮੀ ਦੀ ਹਾਲਤ ਵਿਚ ਰੁਲਦਿਆਂ ਖੁਲਦਿਆਂ ਆਪ ਨੇ ਹੋਸ਼ ਸੰਭਾਲੀ ਤਾਂ ਆਪ ਨੂੰ ਸ਼ਬਦ ਪੜ੍ਹਣ ਦਾ ਬਹੁਤ ਸ਼ੌਕ ਹੋ ਗਿਆ। ਆਪ ਦਿਲ-ਖਿਚੂ ਆਵਾਜ਼ ਨਾਲ ਬੜੀ ਲਟਕ ਵਿਚ ਮਸਤ ਹੋਕੇ ਹੱਲੇ ਦੇ ਸ਼ਬਦ ਪੜ੍ਹਿਆ ਕਰਦੇ ਸਨ। ਮਿੱਠਾ ਤੇ ਸੁਰੀਲਾ ਕੀਰਤਨ ਸੁਣ ਕੇ ਸ੍ਰੋਤਿਆਂ ਨੇ ਅਸਚਰਜਤਾ ਦੇ ਘਰ ਪੁਜਕੇ ਮਗਨ ਹੋ ਕੇ ਗੁਟ ਹੋ ਜਾਇਆ ਕਰਨਾ। ਪ੍ਰਮਾਤਮਾਂ ਦੀਆਂ ਬਖ਼ਸ਼ਿਸ਼ਾਂ ਭੀ ਬੇਅੰਤ ਤੇ ਅਨੋਖੀਆਂ ਹਨ। ਗ਼ਰੀਬਾਂ ਤੇ ਯਤੀਮਾਂ ਨੂੰ ਸ਼ਹੀਦੀ ਦਰਜੇ ਦੇ ਕੇ ਪੰਥ ਦਾ ਸਿਰਤਾਜ ਬਣਾ ਦੇਣਾ, ਇਹ ਉਸੇ ਦੇ ਹੀ ਅਲੌਕਿਕ ਕੌਤਕ ਹਨ। ਕਲ ਜਿਨ੍ਹਾਂ ਦੇ ਨਾਮ ਲੈਣ ਤੋਂ ਭੀ ਕਈ ਭੁੱਲੜ ਵੀਰ ਝਿਜਕਦੇ ਸਨ, ਅਜ ਸਤਿਗੁਰੂ ਸਚੇ ਪਾਤਿਸ਼ਾਹ ਦੀ ਬਰਕਤ ਦਾ ਸਦਕਾ ਸਭ ਸਿਖ ਮਿਲਕੇ ਦੋਹਾਂ ਵੇਲਿਆਂ ਦੀ ਅਰਦਾਸ ਵਿਚ ਸ਼ਰਧਾ ਤੇ ਪ੍ਰੇਮ ਨਾਲ ਉਨ੍ਹਾਂ ਦੇ ਨਾਮ ਲੈਕੇ ਸਿਰ ਝੁਕਾ ਦਿੰਦੇ ਹਨ। ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਲਈ ਕਿਸੇ ਗੁਰਸਿਖ ਦੀ ਉਹ ਜੋਦੜੀ ਯਾ ਅਰਦਾਸ ਸਤਿਗੁਰਾਂ ਦੀ ਹਜ਼ੂਰੀ ਵਿਚ ਪ੍ਰਵਾਨ ਨਹੀਂ ਹੁੰਦੀ। ਜਿਸ ਵਿਚ ਆਪ ਜੈਸੇ "ਧਰਮ ਬੀਰ ਸ਼ਹੀਦਾਂ" ਦਾ ਨਾਮ ਲੈਕੇ ਤਰਲਾ ਜਾਂ ਵਾਸਤਾ ਨਹੀਂ ਪਾਇਆ ਜਾਂਦਾ।

ਆਪ ਦੀ ਉਮਰ ਅਜੇ ਮਸਾਂ ਦਸਾਂ ਕੁ ਸਾਲਾਂ ਦੀ ਸੀ ਜੋ ਇਕ ਦੀਵਾਨ ਵਿਚ ਮਨਮੋਹਣੀ ਤੇ ਸੁਰੀਲੀ ਆਵਾਜ਼ ਨਾਲ ਸ਼ਬਦ ਪੜ੍ਹਦਿਆਂ ਭਾਈ ਲਛਮਣ ਸਿੰਘ ਜੀ ਜਥੇਦਾਰ ਧਾਰੋਵਾਲੀ ਨਾਲ ਮੇਲ ਹੋ ਗਿਆ। ਇਸ ਹੋਣਹਾਰ ਨਿਰਛੱਲ ਕਿਰਤੀ ਬੱਚੇ ਨੂੰ ਵੇਖ ਕੇ ਆਪ ਦਾ ਮਨ ਮੋਹਿਆ ਗਿਆ। ਦੀਵਾਨ ਦੀ ਸਮਾਪਤੀ ਤੇ ਇਸ ਭੋਲੇ ਭਾਲੇ ਮਾਸੂਮ ਬੱਚੇ ਨੂੰ ਵਖਰਿਆਂ ਕਰਕੇ ਸਾਰਾ ਹਾਲ ਚਾਲ ਪੁਛਿਆ

ਕਿ "ਕਾਕਾ ਤੂੰ ਬੜਾ ਮਿੱਠਾ ਤੇ ਰਸੀਲਾ ਕੀਰਤਨ ਕਰਦਾ ਏਂ'। ਤੇਰੇ ਮਾਪੇ ਬੜੇ ਭਾਗਾਂ ਵਾਲੇ ਹਨ ਜਿਨ੍ਹਾਂ ਦਾ ਤੂੰ ਪੁੱਤਰ ਏਂ, ਤੂੰ ਤਾਂ ਉਨ੍ਹਾਂ ਦੇ ਨਾਮ ਨੂੰ ਇਹ ਜਸ ਤੇ ਸ਼ੋਭਾ ਦਿਵਾ ਰਿਹਾ ਹੈਂ"। ਇਸ ਦੇ ਜਵਾਬ ਵਿਚ ਇਹ ਯਤੀਮ ਬੱਚਾ ਹੰਝੂ ਭਰੀਆਂ ਅੱਖਾਂ ਨਾਲ ਬੱਬੋਲਿੱਕਾ ਜਿਹਾ ਹੋ ਕੇ ਫੁਟ ਪਿਆ ਅਤੇ ਆਪਣੀ ਸਾਰੀ ਦੁਖਾਂ ਭਰੀ ਕਹਾਣੀ ਸੁਣਾ ਦਿਤੀ ਤੇ ਅੰਤ ਵਿਚ ਆਖਿਆ ਕਿ 'ਮੈਂ ਨਿਆਸਰਾ ਹਾਂ, ਕੋਈ ਥਾਂ ਟਿਕਾਣਾ ਨਹੀਂ, ਪਰ ਦਿਲ ਵਿਚ ਸਿਖੀ ਲਈ ਡਾਢੇ ਉਬਾਲ ਉਠਦੇ ਹਨ। ਸਿਵਾਏ ਉਸ ਕਲਗੀਆਂ ਵਾਲੇ ਦਾਤਾਰ ਦੇ, ਦੁਨੀਆਂ ਵਿਚ ਮੈਨੂੰ ਹੋਰ ਕਿਸੇ ਦਾ ਆਸਰਾ ਪਰਨਾ ਨਹੀਂ ਹੈ।' ਇਹ ਦੁਖ ਭਰੀ ਵਾਰਤਾ ਸੁਣਕੇ ਜਥੇਦਾਰ ਸਾਹਿਬ ਭੀ ਕਰੁਣਾ ਰਸ ਵਿਚ ਆ ਗਏ ਤੇ ਆਪ ਦੇ ਦਿਲ ਉਤੇ ਇਸ ਕਾਕੇ ਦੀ ਦੁਖਾਂ ਭਰੀ ਕਹਾਣੀ ਸੁਣਕੇ ਬਹੁਤ ਡੂੰਘਾ ਅਸਰ ਹੋਇਆ। ਆਖਣ ਲਗੇ, ਕਿ ਜੀਉਣ ਜੋਗਿਆ, ਤੂੰ ਕੋਈ ਫ਼ਿਕਰ ਨ ਕਰ, ਮੇਰੇ ਨਾਲ ਸਾਡੇ ਘਰ ਚਲ, ਤੈਨੂੰ ਮਾਪਿਆਂ ਦੀ ਭੁਖ ਹੈ ਤੇ ਸਾਨੂੰ ਸੰਤਾਨ ਨ ਹੋਣ ਦਾ ਦੁਖ ਹੈ। ਮੈਂ ਅਜ ਤੋਂ ਤੈਨੂੰ ਆਪਣਾ ਧਰਮ-ਪੁਤਰ ਬਣਾਉਂਦਾ ਹਾਂ। ਸਤਿਗੁਰ ਸਚੇ ਪਾਤਸ਼ਾਹ ਮੇਹਰ ਕਰਨ ਤੇ ਸਾਡੇ ਦੋਹਾਂ ਦੇ ਹੀ ਦੁਖ ਦੂਰ ਹੋ ਜਾਣ।

ਭੁਝੰਗੀ ਮੰਗਲ ਸਿੰਘ ਜੀ ਨੇ ਇਹ ਗਲ ਖ਼ੁਸ਼ੀ ਖ਼ੁਸ਼ੀ ਮੰਨ ਲਈ ਅਤੇ ਇਨ੍ਹਾਂ ਦੇ ਨਾਲ ਹੀ ਉਸੇ ਦਿਨ ਤੋਂ ਧਾਰੋਵਾਲੀ ਆਕੇ ਰਹਿਣ ਬਹਿਣ ਲਗ ਪਏ।

ਇਥੇ ਆਉਂਦਿਆਂ ਹੀ ਆਪ ਨੂੰ ਚੰਗੀ ਗੁਰਮੁਖੀ ਵਿਦਿਆ ਪੜ੍ਹਾਈ ਗਈ ਜਵਾਨ ਹੋਣ ਤੇ ਬੜੇ ਉਤਸ਼ਾਹ ਤੇ ਮੇਹਨਤ ਨਾਲ ਵਾਹੀ-ਜੋਤੀ ਦਾ ਕੰਮ ਕਰਨ ਲਗ ਪਏ। ਸੰ: ੧੯੧੩ ਈ: ਵਿਚ ਸੈਂਟਰਲ ਖ਼ਾਲਸਾ ਮਾਝਾ ਦੀਵਾਨ ਪਾਸੋਂ ਅੰਮ੍ਰਿਤ ਛਕਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ ਅਤੇ ਗੁਰੂ ਘਰ ਦੀ ਪੂਰੀ ਪੂਰੀ ਸਿਖਿਆ ਪ੍ਰਾਪਤ ਕਰ ਲਈ। ਰਾਤ ਦਿਨ ਇਕ ਕਰਕੇ ਬਹੁਤ ਸਾਰੀ ਗੁਰਬਾਣੀ ਕੰਠ ਕਰ ਲਈ। ਆਪ ਗੁਰਸਿਖੀ ਦੀ ਰਹਿਤ ਬਹਿਤ ਵਿਚ ਐਨੇ ਪ੍ਰਪੱਕ ਸਨ ਕਿ ਜਦੋਂ ਕਦੀ ਇਲਾਕੇ ਵਿਚ ਅੰਮ੍ਰਿਤ ਪ੍ਰਚਾਰ ਹੁੰਦਾ, ਆਪ ਨੂੰ ਚੁਣਕੇ ਸੰਗਤ ਪੰਜਾਂ ਪਿਆਰਿਆਂ ਵਿਚ ਸ਼ਾਮਲ ਕਰਿਆ ਕਰਦੀ ਸੀ। ਆਪ ਦਾ ਸਮੁੱਚਾ ਜੀਵਨ ਸਿਖੀ ਦਾ ਇਕ ਉਚੇ ਦਰਜੇ ਦਾ ਨਮੂਨਾ ਸੀ।

ਫ਼ੌਜ ਵਿਚ ਭਰਤੀ ਹੋਣਾ

ਆਪ ਨੂੰ ਜਦ ਧਾਰੋਵਾਲੀ ਰਹਿੰਦਿਆਂ ਕੁਝ ਸਮਾ ਗੁਜ਼ਰ ਗਿਆ ਤਾਂ, ਆਪ ਦੇ ਦਿਲ ਵਿਚ ਫ਼ੌਜੀ ਨੌਕਰੀ ਕਰਨ ਦਾ ਚੱ ਉਪਜ ਪਿਆ। ਆਪਣੇ ਧਰਮ ਪਿਤਾ ਨੂੰ ਆਖਣ ਲਗੇ ਕਿ ਬਾਪੂ ਜੀ ਮੇਰਾ ਚਿੱਤ ਕਰਦਾ ਹੈ, ਕਿ ਫ਼ੌਜ ਵਿਚ ਭਰਤੀ ਹੋ ਕੇ ਸ਼ਸਤ੍ਰ ਚਲਾਉਣੇ ਸਿੱਖਾਂ। ਤੁਸੀਂ ਕਿਸੇ ਦਿਨ ਚਲਕੇ ਮੈਨੂੰ ਫ਼ੌਜ ਵਿਚ ਨੌਕਰ ਕਰਵਾ ਆਓ। ਆਪ ਦੇ ਧਰਮ ਪਿਤਾ ਜੀ ਨੇ ਸੰ: ੧੯੧੫ ਈ: ਵਿਚ ਲਾਹੌਰ ਜਾਕੇ ਪਲਟਨ ਨੰ: ੩੨/੨ ਵਿਚ ਭਰਤੀ ਕਰਵਾ ਦਿਤਾ। ਆਪ ਨੂੰ ਗੁਰ ਸਿਖੀ ਦੀ ਅਜਿਹੀ ਪਾਣ ਚੜ੍ਹੀ ਹੋਈ ਸੀ ਕਿ ਪੰਜ ਕਕਾਰ ਦੀ ਧਾਰਨਾ ਵਿਚ ਕਦੇ ਵਿਘਨ ਨਹੀਂ ਪੈਣ ਦਿਤਾ ਸੀ, ਕਿਉਂਕਿ ਆਪ ਦੀ ਸੰਗਤ ਸਿਖੀ ਦੇ ਕਟੜ ਜਥੇ ਸੈਂਟ੍ਰਲ ਖ਼ਾਲਸਾ ਮਾਝਾ ਦੀਵਾਨ ਨਾਲ ਬਹੁਤ ਚਿਰ ਰਹੀ ਸੀ। ਆਪ ਦਾ ਮਨ ਇਸ ਗੁਰਸਿਖੀ ਦੀ ਟਕਸਾਲ ਵਿਚ ਅਜਿਹਾ ਢਲ ਚੁਕਾ ਹੋਇਆ ਸੀ ਕਿ ਆਪ ਦਾ ਕ੍ਰਿਪਾਨ ਨਾਲ ਦਿਲੋਂ ਡਾਹਢਾ ਪਿਆਰ ਸੀ ਤੇ ਹਰ ਵਕਤ ਫ਼ੌਜ ਦੀ ਨੌਕਰੀ ਸਮੇਂ ਭੀ ਕਪੜਿਆਂ ਦੇ ਥਲੇ ਇਸ ਨੂੰ ਗਾਤਰੇ ਰਖਦੇ ਸਨ। ਆਪ ਦੀ ਨੌਕਰੀ ਨੂੰ ਪੂਰੇ ਦੋ ਸਾਲ ਹੋ ਗਏ ਸਨ, ਪਰ ਇਸ ਸਮੇਂ ਵਿਚ ਕ੍ਰਿਪਾਨ ਕਦੇ ਅੰਗ ਤੋਂ ਜੁਦਾ ਨਹੀਂ ਕੀਤੀ ਸੀ।

ਗੁਰਦੁਆਰੇ ਜਾਣਾ ਤੇ ਸਿੰਘਾਂ ਨੂੰ ਰਹਿਤ-ਬਹਿਤ ਵਿਚ ਪ੍ਰਪੱਕ ਰਹਿਣ ਦਾ ਬੜਾ ਖੜਕੇਦਾਰ ਪ੍ਰਚਾਰ ਕਰਨਾ। ਪਲਟਨ ਵਿਚ ਆਪ ਦੀ ਜ਼ਿੰਦਗੀ ਦਾ ਬੜਾ ਡੂੰਘਾ ਪ੍ਰਭਾਵ ਸੀ। ਉਥੇ ਆਮ ਲੋਕੀਂ ਆਪ ਨੂੰ ਕਟੜ ਸਿੰਘ ਸਫੀਆ ਤੇ ਦ੍ਰਿੜ੍ਹ-ਵਿਸ਼ਵਾਸ਼ੀ ਸਿਖ ਦੇ ਨਾਮ ਨਾਲ ਪੁਕਾਰਿਆ ਕਰਦੇ ਸਨ। ਇਕ ਦਿਨ ਸੁਭਾਵਕ ਕਮਾਨ-ਆਫ਼ਸਰ ਨੇ ਪਰੇਡ ਸਮੇਂ ਆਪ ਦੀ ਕ੍ਰਿਪਾਨ ਕੁੜਤੇ ਦੇ ਥਲਿਓਂ ਨੰਗੀ ਹੋਈ ਵੇਖ ਲਈ ਤਾਂ ਹੁਕਮ ਦਿਤਾ ਕਿ ਬਾਹਰ ਦਾ ਹਥਿਆਰ ਪਹਿਨਣਾ ਫ਼ੌਜੀ ਕਾਨੂੰਨ ਦੇ ਵਿਰੁਧ ਹੈ, ਇਸ ਨੂੰ ਫ਼ੌਰਨ ਉਤਾਰ ਦਿਤਾ ਜਾਵੇ। ਪਰ ਆਪ ਨੇ ਨਿਧੱੜਕ ਹੋਕੇ ਉਤਰ ਦਿਤਾ ਕਿ ਇਹ ਮੇਰੇ ਗੁਰੂ ਕਲਗੀਆਂ ਵਾਲੇ ਦੀ ਦਾਤ ਹੈ, ਮੇਰੀ ਜਾਨ ਹੈ, ਸਦਾ ਮੇਰੇ ਅੰਗ ਸੰਗ ਰਹੇਗੀ ਤੇ ਮੇਰਾ ਸੀਸ ਉਤਰਨ ਤੋਂ ਪਹਿਲਾਂ ਨਹੀਂ ਉਤਰੇਗੀ। ਪਲਟਨ ਦੇ ਹੋਰ ਅਫ਼ਸਰਾਂ

ਤੇ ਸਿਪਾਹੀਆਂ ਨੇ ਭੀ ਬਤੇਰਾ ਸਮਝਾਉਣ ਦੀ ਕੋਸ਼ਸ਼ ਕੀਤੀ ਪਰ ਆਪ ਨੇ ਸਾਫ਼ ਇਸ ਧਰਮ ਵਿਰੁਧ ਹੁਕਮ ਦੀ ਪਾਲਨਾ ਕਰਨ ਤੋਂ ਇਨਕਾਰ ਕਰ ਦਿਤਾ। ਸਾਹਬ ਨੂੰ ਬੜੀ ਸਿਆਣਪ ਨਾਲ ਅਤੇ ਦਲੇਰੀ ਨਾਲ ਇਹ ਗਲ ਸਮਝਾਈ ਕਿ ਕ੍ਰਿਪਾਨ ਸਿੰਘਾਂ ਦਾ ਮਜ਼ਹਬੀ ਨਿਸ਼ਾਨ ਹੈ, ਕੋਈ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਇਸ ਨੂੰ ਜੀਉਂਦੇ-ਜੀ ਆਪਣੇ ਤਨ ਨਾਲੋਂ ਜੁਦਾ ਨਹੀਂ ਕਰ ਸਕਦਾ।

ਦੂਜੇ ਝੋਲੀ-ਚੁਕਾਂ ਨੇ ਭੀ ਸਚ ਪਿਛੇ ਆਵਾਜ਼ ਦੇਣ ਦੀ ਥਾਂ ਰੋਟੀ ਪਿਛੇ ਆਪਣੇ ਧਰਮ ਕਰਮ ਨੂੰ ਛਿੱਕੇ ਤੇ ਰਖ ਕੇ ਸਾਹਬ ਦੀ ਹਾਂ ਨਾਲ ਹਾਂ ਮਿਲਾਈ। ਉਂਞ ਭੀ ਕਾਨੂੰਨ ਹਾਕਮਾਂ ਦੇ ਹਥ ਹੀ ਹੁੰਦੇ ਹਨ, ਫੇਰ ਇਕ ਫ਼ੌਜੀ ਅਫ਼ਸਰ ਲੜਾਈ ਦੇ ਸਮੇਂ ਇਕ ਸਪਾਹੀ ਦਾ ਇਹ ਉਤ੍ਰ ਕਿਵੇਂ ਸਹਾਰ ਸਕੇ!

ਸਾਹਿਬ ਇਹ ਗੱਲਾਂ ਸੁਣ ਕੇ ਅਗ-ਬਗੋਲਾ ਹੋ ਗਿਆ। ਫ਼ੌਜੀ ਕਾਨੂੰਨ ਅਨੁਸਾਰ ਹੁਕਮ-ਅਦੂਲੀ ਵਿਚ ਆਪ ਦਾ ਕੋਰਟ-ਮਾਰਸ਼ਲ ਕੀਤਾ ਗਿਆ। ਇਸ ਸਮੇਂ ਦੇ ਗਏ ਗੁਜ਼ਰੇ ਤੇ ਨਿਘਰੇ ਹੋਏ ਗ੍ਰੰਥੀ ਸਿੰਘ ਨੇ ਭੀ ਇਹ ਗਵਾਹੀ ਦੇ ਦਿਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਗਾਤ੍ਰੇ ਵਾਲੀਆਂ ਲੰਮੀਆਂ ਕ੍ਰਿਪਾਨਾਂ ਪਹਿ-ਨਣ ਦਾ ਕੋਈ ਹੁਕਮ ਨਹੀਂ ਹੈ। ਆਪ ਨੂੰ ਇਸ ਮੁਕਦਮੇ ਵਿਚ ਇਕ ਸਾਲ ਕੈਦ ਦੀ ਸਜ਼ਾ ਹੋ ਗਈ, ਜਿਸ ਨੂੰ ਆਪ ਨੇ ਹਸੂੰ ਹਸੂੰ ਕਰਦਿਆਂ ਖਿੜੇ ਮਥੇ ਪ੍ਰਵਾਨ ਕੀਤਾ, ਇਸ ਦੇ ਪਿਛੋਂ ਛੇਤੀ ਹੀ ਸਿਖਾਂ ਵਲੋਂ ਕ੍ਰਿਪਾਨ ਦੀ ਆਜ਼ਾਦੀ ਲਈ ਐਜੀਟੇਸ਼ਨ ਸ਼ੁਰੂ ਹੋ ਗਈ, ਜਿਸ ਦੇ ਕਾਰਨ ਆਪ ਨੂੰ ਛੇ ਮਹੀਨੇ ਸਜ਼ਾ ਭੁਗਤਣ ਪਿਛੋਂ ਹੀ ਸ੍ਰਕਾਰ ਨੇ ਰਿਹਾ ਕਰ ਦਿਤਾ।

"ਕ੍ਰਿਪਾਨ ਬਹਾਦਰ" ਦਾ ਖ਼ਤਾਬ ਮਿਲਣਾ

ਆਪ ਨੂੰ ਸਿਆਲਕੋਟੋਂ ਜਦ ਛੇ ਮਹੀਨੇ ਸਜ਼ਾ ਭੁਗਤਣ ਪਿਛੋਂ ਰਿਹਾ ਕੀਤਾ ਗਿਆ ਤਾਂ ਸੰਗਤ ਨੇ ਸਾਰੇ ਸ਼ਹਿਰ ਵਿਚ ਆਪ ਦਾ ਬੜਾ ਭਾਰਾ ਜਲੂਸ ਕਢਿਆ ਤੇ ਗੁਰਦੁਆਰਾ ਬਾਬੇ ਦੀ ਬੇਰ ਦੇ ਭਰੇ ਦੀਵਾਨ ਵਿਚ ਆਪ ਦੇ ਧਾਰਮਕ ਭਾਵਾਂ ਦੀ ਪ੍ਰਸੰਸਾ ਕੀਤੀ ਗਈ। ਕ੍ਰਿਪਾਨ ਬਦਲੇ ਇਸ ਤਰ੍ਹਾਂ ਦ੍ਰਿੜ੍ਹਤਾ ਨਾਲ ਤਕਲੀਫ਼ਾਂ ਸਹਾਰਣ ਤੇ ਆਪਣੀ ਨੌਕਰੀ ਦੀ ਕੋਈ ਪ੍ਰਵਾਹ ਨ ਕਰਨ ਦੀ

ਕੁਰਬਾਨੀ ਨੂੰ ਸਾਹਮਣੇ ਰਖਦਿਆਂ ਹੋਇਆਂ ਆਪ ਨੂੰ ਪੰਥ ਵਲੋਂ "ਕ੍ਰਿਪਾਨ ਬਹਾਦਰ" ਦਾ ਖ਼ਿਤਾਬ ਦਿਤਾ ਗਿਆ ਅਤੇ ਪੰਚ ਖ਼ਾਲਸਾ ਦੀਵਾਨ ਭਸੌੜ ਵਲੋਂ ੭) ਰੁਪਏ ਮਹੀਨਾ ਕ੍ਰਿਪਾਨ ਬਹਾਦਰੀ ਦੀ ਪਿਨਸ਼ਨ ਲਾਈ ਗਈ। ਆਪ ਦੀ ਇਸ ਪਹਿਲੀ ਨਿਰਾਲੀ ਕੁਰਬਾਨੀ ਨੇ ਸਾਰੇ ਪੰਥ ਵਿਚ ਆਪ ਦੀ ਬਹੁਤ ਸ਼ੋਭਾ ਵਧਾ ਦਿਤੀ। ਪੰਥਕ ਅਖ਼ਬਾਰਾਂ ਵਿਚ ਆਪ ਦੀ ਵਡਿਆਈ ਤੇ ਪ੍ਰਸੰਸਾ ਵਿਚ ਬਹੁਤ ਸਾਰੇ ਲੇਖ ਨਿਕਲੇ। ਆਪ ਸਿਆਲਕੋਟੋਂ ਚਲ ਕੇ ਸਿਧੇ ਧਾਰੋਵਾਲੀ ਆ ਗਏ ਇਸ ਕੁਰਬਾਨੀ ਦੀ ਇਜ਼ਤ ਕਰਦਿਆਂ ਹੋਇਆਂ ਭਾਈ ਬੂਟਾ ਸਿੰਘ ਜੀ ਰੰਘੜ ਨੰਗਲ ਨੇ ਆਪਣੀ ਸਪੁਤ੍ਰੀ ਬੀਬੀ ਨਰੈਣ ਕੌਰ ਦਾ ਆਪ ਨਾਲ ਨਾਤਾ ਕਰ ਦਿਤਾ। ਭਾਈ ਲਛਮਣ ਸਿੰਘ ਜੀ ਨੇ ਬੜੀ ਧੂਮ ਧਾਮ ਨਾਲ ਆਪ ਦੀ ਸ਼ਾਦੀ ਕੀਤੀ। ਦੂਰੋਂ ਦੂਰੋਂ ਰਾਗੀ ਤੇ ਪ੍ਰਚਾਰਕ ਸਦੇ ਗਏ ਅਤੇ ਬੜਾ ਭਾਰਾ ਗੁਰਮਤਿ ਪ੍ਰਚਾਰ ਹੋਇਆ; ਨੂੰਹ ਘਰ ਆ ਗਈ। ਮੁਢੋਂ ਹੀ ਜਿਸ ਦਿਨ ਦੇ ਭਾਈ ਮੰਗਲ ਸਿੰਘ ਜੀ ਇਸ ਘਰ ਵਿਚ ਆਏ ਸਨ ਬਿਨਾ ਕਿਸੇ ਭਿੰਨ-ਭੇਦ ਯਾ ਵਿਤਕਰੇ ਦੇ ਸਾਰਾ ਪ੍ਰਵਾਰ ਇਕੋ ਚੌਂਕੇ ਵਿਚ ਬਹਿ ਕੇ ਇਕੱਠੇ ਪ੍ਰਸ਼ਾਦ ਛਕਿਆ ਕਰਦੇ ਸਨ। ਇਸ ਅਭੇਦਤਾ ਦੇ ਵਰਤਾਰੇ ਨੂੰ ਵੇਖ ਕੇ ਪਹਿਲਾਂ ਪਹਿਲਾਂ ਤਾਂ ਪਿੰਡ ਦੇ ਪੁਰਾਤਨ ਖ਼ਿਆਲੀਏ ਬੜੇ ਔਖੇ ਹੋਏ ਅਤੇ ਨਕ ਮੂੰਹ ਚਾੜ੍ਹਦੇ ਰਹੇ, ਜਿਥੇ ਕਿਤੇ ਬਹਿਣਾ ਏਹੋ ਵਾਧੂ ਘਾਟੂ ਗਲਾਂ ਕਰਦਿਆਂ ਰਹਿਆ ਕਰਨਾ, ਪਰ ਪਿਛੋਂ ਸਹਿਜੇ ਸਹਿਜੇ ਭਾਈ ਲਛਮਣ ਸਿੰਘ ਜੀ ਦੇ ਰੋਹਬ ਦਾਬ ਤੇ ਦਬ-ਦਬੇ ਨਾਲ ਸਭ ਇਕ-ਮਿਕ ਹੋ ਗਏ। ਭਾਈ ਲਛਮਣ ਸਿੰਘ ਜੀ ਦੀ ਇਹ ਬੜੀ ਭਾਰੀ ਹਿੰਮਤ, ਦਲੇਰੀ ਤੇ ਕੁਰਬਾਨੀ ਸੀ ਜੋ ਅਜ ਤੋਂ ਵੀਹ ਸਾਲ ਪਹਿਲਾਂ ਇਕ ਅਖੌਤੀ ਅਛੂਤ ਬੱਚੇ ਨੂੰ ਘਰ ਲਿਆ ਕੇ ਉਸੇ ਪ੍ਰਵਾਰ ਵਿਚੋਂ ਨੂੰਹ ਲਿਆ ਕੇ ਸਾਰੇ ਪਿੰਡ ਨੂੰ ਅਭੇਦ ਵਰਤਾ ਕੇ ਛੂਤ ਛਾਤ ਦੀ ਬੀਮਾਰੀ ਨੂੰ ਦੂਰ ਕਰ ਦਿਤਾ।

ਸ਼ਹੀਦੀ ਲਈ ਤਿਆਰੀ

ਆਪ ਦੇ ਧਰਮ ਪਿਤਾ ਇਸ ਸਮੇਂ ਇਲਾਕੇ ਵਿਚ ਗੁਰਦੁਆਰਿਆਂ ਦੇ ਸੁਧਾਰ ਸਬੰਧੀ ਪ੍ਰਚਾਰ ਵਿਚ ਸਭ ਤੋਂ ਅਗੇ ਵਧ ਕੇ ਹਿੱਸਾ ਲੈ ਰਹੇ ਸਨ, ਤਾਂ ਇਹ ਕਿੱਦਾਂ ਹੋ ਸਕਦਾ ਸੀ ਕਿ ਆਪ ਦਾ ਧਰਮ-ਪੁਤ੍ਰ ਪਿਛਾਂਹ ਹੋ ਕੇ ਘਰ ਬੈਠਾ ਰਹਿੰਦਾ।

ਜਿਸ ਨੇ ਪਿਤਾ ਬਣ ਕੇ ਪਾਲਣਾ ਕੀਤੀ, ਵਿਦਿਆ ਦਿਤੀ, ਅਤੇ ਸਿਖ ਮਤ ਦਿਤੀ, ਲਾਡਾਂ ਨਾਲ ਖੁਲ੍ਹਾ ਖਵਾਇਆ ਪਿਆਇਆ ਤੇ ਜਵਾਨ ਹੋਣ ਤੇ ਵਿਆਹਿਆ ਪ੍ਰਨਾਇਆ ਤਾਂ ਫੇਰ ਇਹ ਗਲ ਕਿੱਦਾਂ ਬਣ ਸਕਦੀ ਸੀ ਕਿ ਅਜਿਹੇ ਅਲੌਕਿਕ ਸ਼ਹੀਦੀ ਸਮੇਂ ਪਿਤਾ ਨਾਲੋਂ ਆਪ ਪਿਛੇ ਰਹਿ ਜਾਂਦੇ! ਮਹੰਤ ਨਰੈਣ ਦਾਸ ਦੀਆਂ ਜ਼ੁਲਮੀ ਤਿਆਰੀਆਂ ਸੁਣ ਕੇ ਆਪ ਦੇ ਮੂੰਹ ਤੇ ਲਾਲੀਆਂ ਚੜ੍ਹ ਗਈਆਂ ਤੇ ਆਖਣ ਲਗੇ: ਮੈਂ ਆਪਣਾ ਜਨਮ ਤਦ ਸਫਲ ਸਮਝਾਂਗਾ ਜਦ ਗੁਰੂ ਨਾਨਕ ਦੇ ਪਵਿਤ੍ਰ ਦਰ ਉਤੇ ਇਹ ਨਿਮਾਣੀ ਜਿੰਦੜੀ ਧਰਮ ਖ਼ਾਤਰ ਲਗ ਜਾਵੇਗੀ। ਆਪ ਬੜੇ ਜੋਸ਼ੀਲੇ ਅਤੇ ਧਾਰਮਕ ਸਪਿਰਟ ਵਾਲੇ ਨੌਜਵਾਨ ਗੁਰਸਿਖ ਸਨ; ਜੋ ਮੂੰਹੋਂ ਕਢਦੇ ਪੂਰਾ ਕਰਕੇ ਵਿਖਾ ਦਿੰਦੇ ਸਨ।

ਸਾਕੇ ਤੋਂ ਪਹਿਲਾਂ ਜਦ ਚੂਹੜਕਾਣੇ ਖਰੇ ਸੌਦੇ ਗੁਰਦੁਆਰੇ ਦਾ ਕਬਜ਼ਾ ਹੋਇਆ ਤਾਂ ਉਸ ਸਮੇਂ ਭੀ ਆਪ ਜਥੇ ਵਿਚ ਬੜੀ ਦਲੇਰੀ ਨਾਲ ਸ਼ਾਮਲ ਹੋਏ ਸਨ ਤੇ ਉਥੇ ਰਾਤ ਦਿਨ ਸੇਵਾ ਕਰਦਿਆਂ ਕਦੇ ਥੱਕੇ ਨਹੀਂ ਸਨ।

੮ ਫਗਣ ਵਾਲੇ ਦਿਨ ਆਪ ਦਾ ਮੁਕਲਾਵਾ ਆਇਆ ਅਤੇ ੯ ਫਗਣ ਨੂੰ ਸ਼ਾਮਾਂ ਵੇਲੇ ਜਥਾ ਤਿਆਰ ਹੋ ਪੈਂਦਾ ਹੈ। ਇਸ ਸਮੇਂ ਆਪ ਦੇ ਸਸ ਸੌਹਰਾ ਜੀ ਭੀ ਆਏ ਹੋਏ ਸਨ। ਤੁਰਨ ਸਮੇਂ, ਸਭੇ ਸਾਕ ਕੁੜਾਵੇ ਵੇਖ ਕੇ ਲੜ ਲੱਗੀ ਬੰਨੀ ਨੇ ਜ਼ਿਦ ਕੀਤੀ ਕਿ ਸਵਾਮੀ ਜੀ ਮੈਂ ਭੀ ਸ਼ਹੀਦੀ ਲਈ ਨਾਲ ਹੀ ਜਾਣਾ ਹੈ, ਪਰ ਅਫ਼ਸੋਸ ਕਿ ਬੀਬੀ ਦੇ ਮਾਤਾ ਪਿਤਾ ਨੇ ਹੱਠ ਕਰਕੇ ਉਸ ਨੂੰ ਰੋਕ ਲਿਆ। ਅਲ੍ਹੜ ਬਾਲੜੀ ਨੇ ਬਥੇਰੇ ਤਰਲੇ ਲਏ ਕਿ ਜਦ ਮੇਰੀ ਸਸ ਅਤੇ ਸੌਹਰਾ ਸ਼ਹੀਦੀ ਲਈ ਜਾ ਰਹੇ ਹਨ ਤਾਂ ਮੈਂ ਘਰ ਬਹਿ ਕੇ ਕੀ ਕਰਨਾ ਹੈ; ਜੇ ਆ ਗਏ ਤਾਂ ਸਭ ਇਕੱਠੇ ਜੀਉਂਦੇ ਆ ਜਾਵਾਂਗੇ, ਨਹੀਂ ਤਾਂ ਇਕੱਠੇ ਸ਼ਹੀਦੀ ਬੇੜੇ ਤੇ ਚੜ੍ਹ ਜਾਵਾਂਗੇ। ਪਰ ਆਪ ਦੀਆਂ ਫ਼ਰਿਆਦਾਂ ਤੇ ਤਰਲੇ ਕਿਸੇ ਦੇ ਦਿਲ ਤੇ ਕੋਈ ਅਸਰ ਨ ਕਰ ਸਕੇ।

ਇਸ ਤੋਂ ਬਿਨਾਂ ਭਾਈ ਮੰਗਲ ਸਿੰਘ ਜੀ ਨੂੰ ਆਪ ਦੇ ਸਸ ਸੌਹਰੇ ਨੇ ਭੀ ਰੋਕਣ ਲਈ ਬੜੇ ਯਤਨ ਕੀਤੇ ਪਰ ਜਿਸ ਸੂਰਬੀਰ ਜੋਧੇ ਦਾ ਧਰਮ ਪਿਤਾ ਤੇ ਮਾਤਾ ਅਜ ਮਰਦੇ ਮੈਦਾਨ ਹੋ ਕੇ ਸ਼ਹੀਦੀ ਜੰਞ ਦੇ ਮੋਹਰੀ ਬਣੇ ਹੋਣ ਅਤੇ ਸ਼ਹੀਦੀ ਫ਼ੌਜਾਂ ਆਪ ਨੂੰ ਆਪਣਾ ਜਥੇਦਾਰ ਥਾਪ ਕੇ ਪਿੰਡੋਂ ਬਾਹਰ

ਨਿਕਲ ਰਹੀਆਂ ਹੋਣ ਤਾਂ ਫੇਰ ਭਲਾ ਉਸ ਦੇ ਧਰਮੀ ਬੇਟੇ ਨੂੰ ਕੇਹੜੀ ਸ਼ਕਤੀ ਰੋਕਣ ਵਾਲੀ ਸੀ ? ਆਪ ਅਪਣੀ ਧਰਮ ਪਤਨੀ ਦੇ ਮੋਹ ਪਿਆਰ, ਆਪਣੇ ਜਵਾਨੀ ਦੇ ਜਜ਼ਬਿਆਂ ਅਤੇ ਉਮੰਗਾਂ ਦੀ ਕੋਈ ਪ੍ਰਵਾਹ ਨ ਕਰਦਿਆਂ ਹੋਇਆਂ ਬੜੀ ਦਲੇਰੀ ਨਾਲ ਸ਼ਹੀਦੀ ਜੰਞ ਨਾਲ ਤੁਰ ਪਏ।

ਸ੍ਰੀ ਜਨਮ ਅਸਥਾਨ ਦੇ ਅੰਦਰ ਜਦ ਜ਼ਾਲਮ ਮਹੰਤ ਵਲੋਂ ਭਾੜੇ ਦੇ ਚਾਟੜਿਆਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕੀਤੀਆਂ,ਤਾਂ ਆਪ ਦੇ ਚਿਹਰੇ ਤੇ ਸੂਰਬੀਰਤਾ ਦਾ ਜਲਾਲ ਪ੍ਰਗਟ ਹੋ ਰਿਹਾ ਸੀ,ਆਪ ਦਾ ਹੌਂਸਲਾ ਦੁਗਣਾ ਹੋ ਗਿਆ ਅਤੇ ਚਾਂਈ ਚਾਂਈ ਉਚੀ ਆਵਾਜ਼ ਨਾਲ ਆਖਿਆ ਕਿ ਜੇ ਗੁਰੂ ਦੇ ਦੁਆਰੇ ਸ਼ਹੀਦੀ ਮਿਲੇ ਤਾਂ ਇਸ ਨਾਲੋਂ ਵਧ ਕੇ ਹੋਰ ਮੇਰੇ ਕੀ ਪੂਰਨ ਭਾਗ ਹੋ ਸਕਦੇ ਹਨ। ਆਪ ਨੂੰ ਸਖ਼ਤ ਬੇਦਰਦੀ ਨਾਲ ਗੋਲੀਆਂ ਦਾ ਨਸ਼ਾਨਾ ਬਣਾ ਕੇ ਸ਼ਹੀਦ ਕੀਤਾ ਗਿਆ। ਆਪ ਨੇ ਹਸੂੰ ਹਸੂੰ ਕਰਦਿਆਂ ਛਾਤੀ ਤਾਣਕੇ ਗੋਲੀਆਂ ਦੇ ਵਾਰ ਸਹਾਰੇ, ਜ਼ਾਲਮਾਂ ਜਿਹੜੀਆਂ ਦੋ ਦੇਹਾਂ ਅਗ ਦੀ ਭੇਟਾ ਨਹੀਂ ਕੀਤੀਆਂ ਸਨ, ਉਨ੍ਹਾਂ ਵਿਚੋਂ ਇਕ ਆਪ ਦਾ ਸਰੀਰ ਸੀ।

ਆਪ ਨੇ ਆਪਣੇ ਧਰਮ ਪਿਤਾ ਦਾ ਅੰਤਮ ਦਮ ਤਕ ਪੂਰਾ ਪੂਰਾ ਸਾਥ ਨਿਭਾਇਆ ਅਤੇ ਇਸ ਖਾਤਰ ਸੱਚ ਮੁੱਚ ਆਪਣੀ ਪਤਨੀ ਦੀ ਸੁਹਾਗ ਰਾਤ ਨੂੰ ਭੀ ਅਜ ਮੌਤ ਰਾਤ ਵਿਚ ਬਦਲ ਦਿਤਾ ਅਤੇ ਦੁਨੀਆਂ ਉਤੇ ਇਹ ਇਕ ਅਦੁਤੀ ਮਿਸਾਲ ਕਾਇਮ ਕਰ ਦਿਤੀ ਕਿ ਗੁਰੂ ਕਾ ਸਿਖ ਧਰਮ ਖਾਤਰ ਸ਼ਹੀਦ ਹੋਣ ਲਗਿਆਂ ਦੁਨੀਆਂ ਦੇ ਕਿਸੇ ਮੋਹ ਪਿਆਰ ਦੀ ਕੋਈ ਪ੍ਰਵਾਹ ਨਹੀਂ ਕਰਦਾ ਹੈ। ਖ਼ੁਸ਼ੀਆਂ ਅਤੇ ਅਨੰਦ ਹੁਲਾਸ ਦੇਣ ਵਾਲੀ ਪਤਨੀ ਹੱਥੋਂ ਆਪਣਾ ਲੜ ਛੁਡਾਕੇ ਮੌਤ ਦੀ ਲਾੜੀ ਨੂੰ ਪੱਲਾ ਫੜਾਉਣਾ ਵਧੇਰੇ ਫ਼ਖ਼ਰ ਨਾਲ ਪਸੰਦ ਕਰਦਾ ਹੈ ਅਤੇ ਸ਼ਹਾਦਤ ਦਾ ਜਾਮ ਪੀ ਕੇ ਆਪਣੇ ਨਾਮ ਨੂੰ ਸਦਾ ਲਈ ਅਟੱਲ ਕਰ ਜਾਂਦਾ ਹੈ।

ਭਾਈ ਸੁੰਦਰ ਸਿੰਘ ਜੀ

ਆਪ ਦਾ ਜਨਮ ੧ ਅੱਸੂ ਸੰਮਤ ੧੯੩੯ ਬਿਕ੍ਰਮੀ ਵਿਚ ਮਾਤਾ ਜੀਉ ਦੀ ਕੁਖੋਂ ਭਾਈ ਚੁਗੱਤ ਸਿੰਘ ਦੇ ਘਰ ਪਿੰਡ ਭਾਮ ਜ਼ਿਲਾ ਗੁਰਦਾਸਪੁਰ ਵਿਚ

ਹਇਆ। ਆਪ ਦੇ ਦੋ ਹੋਰ ਭਰਾ ਭਾਈ ਕੇਸਰ ਸਿੰਘ ਜੀ ਤੇ ਭਾਈ ਈਸ਼ਰ ਸਿੰਘ ਜੀ ਹਨ ਆਪ ਦੇ ਪਿਤਾ ਭਾ: ਚੁਗੱਤ ਸਿੰਘ ਜੀ ਨੂੰ ਧਾਰੋਵਾਲੀ ਚਕ ਨੰ: ੩੩ ਜ਼ਿਲਾ ਸ਼ੇਖ਼ੂਪੁਰਾ ਵਿਚ ਜ਼ਮੀਨ ਮਿਲੀ ਤੇ ਇਥੇ ਹੀ ਆਣ ਕੇ ਵੱਸ ਪਏ । ਭਾਈ ਸੁੰਦਰ ਸਿੰਘ ਜੀ ਨੇ ਇਥੇ ਹੀ ਪ੍ਰਵਰਿਸ਼ ਪਾਈ। ਆਪ ਵਾਹੀ ਕਰਦੇ ਸਨ ਅਤੇ ਮਾਮੂਲੀ ਗੁਰਮੁਖੀ ਦੀ ਹਰਫ਼-ਸ਼ਨਾਸੀ ਸੀ। ਆਪ ਰਸਾਲਾ ਨੰਬਰ ੧੧ ਵਿਚ ਭਰਤੀ ਹੋ ਗਏ,ਸਤ ਸਾਲ ਨੌਕਰੀ ਕਰਕੇ ਨਾਮ ਕਟਵਾ ਲਿਆ।

ਆਪ ਦੀ ਸ਼ਾਦੀ ੨੪ ਚਕ ਸਿੰਘੋ ਵਾਲਾ ਜ਼ਿਲਾ ਸ਼ੇਖ਼ੂਪੁਰਾ ਵਿਚ ਭਾਈ ਸਾਉਣ ਸਿੰਘ ਦੀ ਸਪੁਤ੍ਰੀ ਬੀਬੀ ਤੇਜ ਕੌਰ ਨਾਲ ਹੋ ਗਈ। ਸ਼ਹੀਦੀ ਤੋਂ ਪੰਜ ਮਹੀਨੇ ਪਿੱਛੋਂ ਆਪਦੇ ਘਰ ਕਾਕੇ ਬਾਰਾ ਸਿੰਘ ਦਾ ਜਨਮ ਹੋਇਆ।

ਆਪ ਦਾ ਕੱਦ ਪੰਜ ਫ਼ੁਟ ਸਤ ਇੰਚ ਸੀ, ਡੀਲ ਡੌਲ ਦੇ ਸੋਹਣੇ ਬਾਂਕੇ ਜਵਾਨ ਸਨ। ਸਰੀਰ ਚੁਸਤ ਤੇ ਫੁਰਤੀਲਾ,ਚਿਹਰਾ ਲੰਬਾ, ਦਾਹੜਾ ਕਾਲਾ ਅਤੇ ਰੰਗ ਕਣਕ-ਭਿੰਨਾ ਸੀ। ਆਪ ਮਾਘ ਸੰ: ੧੯੭੭ ਬਿ: ਨੂੰ ਭਾਈ ਲਛਮਣ ਸਿੰਘ ਹੋਰਾਂ ਨਾਲ ਇਕ ਬ੍ਰਾਦਰੀ ਦੇ ਅਨੰਦ ਕਾਰਜ ਤੇ ਗਏ ਉਥੇ ਜਥੇਦਾਰ ਲਛਮਣ ਸਿੰਘ ਹੁਰਾਂ ਸ੍ਰੀ ਤਰਨ ਤਾਰਨ ਦੇ ਸਾਕੇ ਦਾ ਜ਼ਿਕਰ ਕਰਕੇ ਉਥੇ ਹੋ ਚੁਕੇ ਸ਼ਹੀਦ ਭਾਈ ਹਜ਼ਾਰਾ ਸਿੰਘ ਜੀ ਅਤੇ ਭਾਈ ਹੁਕਮ ਸਿੰਘ ਜੀ ਦੀਆਂ ਤਸਵੀਰਾਂ ਵਿਖਾ ਕੇ ਸ਼ਹੀਦੀ ਜਥੇ ਦੀ ਭਰਤੀ ਲਈ ਅਪੀਲ ਕੀਤੀ,ਤਾਂ ਆਪ ਦੇ ਦਿਲ ਉਤੇ ਬੜਾ ਗਹਿਰਾ ਅਸਰ ਹੋਇਆ। ਆਪ ਉਸ ਵੇਲੇ ਭਰੇ ਦੀਵਾਨ ਵਿਚ ਹੱਥ ਜੋੜ ਕੇ ਖੜੇ ਗਏ, ਤੇ ਬੇਨਤੀ ਕੀਤੀ ਕਿ ਮੇਰਾ ਸਰੀਰ ਭੀ ਹਾਜ਼ਰ ਹੈ, ਜਿੱਥੇ ਚਾਹੋ ਧਰਮ-ਅਰਥ ਵਰਤ ਲਓ। ਆਪ ਪਾਸੋਂ ਰਹਿਤ ਵਿਚ ਪ੍ਰਪਕ ਰਹਿਣ ਦਾ ਪ੍ਰਣ ਲੈ ਕੇ ਜਥੇ ਵਿਚ ਨਾਮ ਭਰਤੀ ਕਰ ਲਿਆ। ਪਿੰਡ ਆ ਕੇ ਜਦ ਖਰੇ ਸੌਦੇ ਜਥਾ ਸੇਵਾ ਲਈ ਗਿਆ ਤਾਂ ਆਪ ਭੀ ਉਸ ਵਿਚ ਸ਼ਾਮਲ ਹੋਕੇ ਗਏ ਅਤੇ ਉਥੇ ਹੀ ਅੰਮ੍ਰਿਤ ਛਕ ਕੇ ਸਿਖੀ ਦੇ ਜਹਾਜ਼ੇ ਚੜ੍ਹ ਗਏ। ਇਸ ਦਿਨ ਤੋਂ ਆਪ ਦਾ ਜੀਵਨ ਇਕ ਨਮੂਨੇ ਦਾ ਆਦਰਸ਼ਕ ਜੀਵਨ ਸੀ,੯ ਫ਼ਗਣ ਨੂੰ ਜਦ ਜਥਾ ਤੁਰਨ ਲਗਾ ਤਾਂ ਸਭ ਨੇ ਕਾਲ਼ੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ, ਪਰ ਆਪ ਦੇ ਚਿੱਟੀ ਦਸਤਾਰ ਸਜੀ ਹੋਈ ਸੀ।ਜਥੇ ਦੇ ਸਿੰਘਾਂ ਨੇ ਆਖਿਆ ਕਿ ਭਾਈ ਜੀ,ਇਹ ਗਲ ਤਾਂ ਠੀਕ ਨਹੀਂ ਹੈ; ਤਾਂ ਆਪ ਨੇ ਜ਼ਨਾਨਾ ਕਾਲਾ ਦੁਪਟਾ ਹੀ ਸਿਰ ਤੇ ਬੰਨ੍ਹ

ਲਿਆ। ਮੱਝਾਂ ਨੂੰ ਥਾਪੀਆਂ ਦਿਤੀਆਂ ਤੇ ਰਵਾਂ ਰਵੀਂ ਖ਼ੁਸ਼ੀ ਨਾਲ ਜੱਥੇ ਵਿਚ ਆ ਮਿਲੇ ਅਤੇ ੧੦ ਫਗਣ ਵਾਲੇ ਦਿਨ ਆਪ ਸੱਚ-ਖੰਡੀ ਦਰਬਾਰ ਅੰਦਰ ਸ਼ਹੀਦੀਆਂ ਪ੍ਰਾਪਤ ਕਰਕੇ ਆਪਣਾ ਨਾਮ ਸਦਾ ਲਈ ਅਮਰ ਕਰ ਗਏ*।

ਭਾਈ ਆਤਮਾ ਸਿੰਘ ਜੀ

ਆਪ ਦਾ ਜਨਮ ਭਾਈ ਹੀਰਾ ਸਿੰਘ ਜੀ ਮਜ਼੍ਹਬੀ ਦੇ ਘਰ ਮੁਸਤਰਾ ਬਾਦ ਜ਼ਿਲਾ ਗੁਰਦਾਸਪੁਰ ਵਿਚ ਸੰ: ੧੯੩੮ ਬਿ: ਨੂੰ ਹੋਇਆ। ਨਿਕੇ ਹੁੰਦੇ ਡੰਗਰ ਵਛਾ ਚਾਰਦੇ ਰਹੇ। ਵੱਡੇ ਹੋਕੇ ਆਥੜੀਆਂ ਦਾ ਕੰਮ ਅਰੰਭ ਦਿਤਾ। ਜਵਾਨ ਹੋਏ ਤਾਂ ਧਾਰੋਵਾਲੀ ਆ ਗਏ। ਇਥੇ ਭਾ: ਲਛਮਣ ਸਿੰਘ ਹੋਰਾਂ ਨਾਲ ਸੰਗਤ ਹੋ ਗਈ। ਮਾਮੂਲੀ ਗੁਰਮੁਖੀ ਪੜ੍ਹਕੇ ਅੰਮ੍ਰਿਤ ਛਕ ਲਿਆ ਅਤੇ ਗੁਰਬਾਣੀ ਕੰਠ ਕਰ ਲਈ। ਇਥੇ ਆ ਕੇ ਹੀ ਆਪ ਦੀ ਸ਼ਾਦੀ ਭਾ: ਦੇਵੀਏ ਦੀ ਪੁਤ੍ਰੀ ਬੀ: ਬਿਸ਼ਨ ਕੌਰ ਨਾਲ ਭੁਲਰ ਜ਼ਿਲਾ ਗੁਰਦਾਸਪੁਰ ਵਿਚ ਹੋ ਗਈ। ਆਪ ਦੇ ਘਰ ਪੰਜਾਂ ਬਚਿਆਂ ਦਾ ਜਨਮ ਹੋਇਆ: ੧. ਭਾਈ ਲਛਮਣ ਸਿੰਘ, ੨. ਭਾਈ ਮੰਗਲ ਸਿੰਘ, ੩. ਭਾਈ ਪ੍ਰੇਮ ਸਿੰਘ, ੪. ਬੀਬੀ ਈਸ਼ਰ ਕੌਰ, ਤੇ ੫. ਬੀਬੀ ਇੱਛਰ ਕੌਰ ਜੀ।

ਆਪ ਦਾ ਸੁਭਾ ਬੜਾ ਧੀਰਾ ਤੇ ਮਿੱਠਾ ਸੀ। ਕਦ ਪੰਜ ਫ਼ੁਟ ਅਠ ਇੰਚ ਸੀ। ਆਪ ਸੰ: ੧੯੧੪ ਈ: ਵਿਚ ਭਰ ਜਵਾਨੀ ਸਮੇਂ ਪਲਟਨ ਨੰਬਰ ੩੨/੨ ਵਿਚ ਭਰਤੀ ਹੋ ਗਏ। ਪੰਜ ਸਾਲ ਨੌਕਰੀ ਕਰਕੇ ਸੰ:੧੯੧੮ ਈ:ਵਿਚ ਇਨਾਮ ਲੈਕੇ ਘਰ ਨੂੰ ਆ ਗਏ। ਪਿੰਡ ਆਕੇ ਵਧੇਰੇ ਮੇਲ ਗੇਲ ਭਾਈ ਲਛਮਣ ਸਿੰਘ ਹੋਰਾਂ ਨਾਲ ਰਖਣਾ, ਗੁਰਦੁਆਰਾ ਲਹਿਰ ਚਲੀ, ਤਾਂ ਆਪ ਕੁਦ ਕੁਦ ਕੇ ਕੁਰਬਾਨੀ ਲਈ ਸਭ ਤੋਂ ਮੋਹਰੇ ਹੋਕੇ ਦੁੜੰਗੇ ਤੇ ਕੁਦਾੜੇ ਮਾਰਦੇ ਜਾਇਆ ਕਰਦੇ ਸਨ। ਗੁਰਦੁਆਰਾ ਖਰੇ ਸੌਦੇ ਦੇ ਕਬਜ਼ੇ ਸਮੇਂ ਭੀ ਆਪ ਜਥੇ ਦੇ ਨਾਲ ਹੀ ਸਨ। ੧, ੨, ਅਤੇ ੩ ਅਕਤੂਤਰ ਸੰ: ੧੯੨੦ ਈ: ਨੂੰ ਜੋ ਧਾਰੋਵਾਲੀ ਪੋਲੀਟੀਕਲ ਜਲਸਾ ਹੋਇਆ ਸੀ। ਉਸ ਦੇ ਲੰਗਰ ਦੀ ਰਾਤ ਦਿਨ ਇਕ ਕਰਕੇ ਬੜੀ ਭਾਰੀ

*ਕਮੇਟੀ ਨੇ ੧੪੯੮) ਆਪ ਦਾ ਕਰਜ਼ਾ ਉਤਾਰਿਆ, ਮਾਤਾ, ਸੁਪਤਨੀ ਤੇ ਲੜਕੇ ਦੇ ਨਾਮ ਪਿੰਨਸ਼ਨ ਲਾ ਦਿਤੀ। ੧੮-੫-੨੧ ਤੋਂ ੩੧-੭-੩੭ ਤਕ ਇਸ ਦਾ ਜੋੜ ੨੫੮੯।।।=)ਬਣਦਾ ਹੈ।

ਸੇਵਾ ਕੀਤੀ । ਜਿਸ ਦਿਨ ਧਾਰੋਵਾਲੀ ਤੋਂ ਜਥਾ ਤੁਰਨ ਲਗਾ ਹੈ, ਤਾਂ ਆਪ ਭੀ ਇਸ ਵਿਚ ਸ਼ਾਮਲ ਹੋ ਗਏ । ਸ੍ਰੀ ਜਨਮ ਅਸਥਾਨ ਦੇ ਅੰਦਰ ਜਦ ਦੁਸ਼ਮਨਾਂ ਨੇ ਮੀਂਹ ਵਾਂਗ ਗੋਲੀਆਂ ਵਰਹੌਣੀਆਂ ਸ਼ੁਰੂ ਕੀਤੀਆਂ ਤਾਂ ਆਪ ਛਾਤੀ ਤੇ ਹੱਥ ਮਾਰਕੇ ਬਾਰਾਂ ਦਰੀ ਵਿਚੋਂ ਬਾਹਰ ਨਿਕਲ ਆਏ ਅਤੇ ਦਲੇਰ ਮਰਦਾਂ ਵਾਂਗ ਆਪਣੀ ਛਾਤੀ ਨੂੰ ਢਾਲ ਬਣਾਕੇ ਜ਼ਾਲਮਾਂ ਦੀਆਂ ਜ਼ੁਲਮੀ ਗੋਲੀਆਂ ਨੂੰ ਸਹਾਰਿਆ। ਭਾਈ ਹਜ਼ਾਰਾ ਸਿੰਘ ਜੀ ਚਕ ਨੰਬਰ ੬੪ ਬੰਡਾਲਾ ਅਤੇ ਭਾਈ ਮੰਗਲ ਸਿੰਘ ਜੀ ਕ੍ਰਿਪਾਨ ਬਹਾਦਰ ਧਾਰੋਵਾਲੀ ਨਾਲ ਆਪ ਦਾ ਤੀਜਾ ਸਰੀਰ ਭੀ ਅਗਨ ਭੇਟ ਨਹੀਂ ਹੋਇਆ ਸੀ । ਆਪ ਦੀ ਸਜੀ ਅੱਖ ਵਿਚ ਗੋਲੀ ਲਗ ਕੇ ਗਿਚੀ ਵਿਚ ਜਾ ਨਿਕਲੀ ਸੀ, ਦੂਜੀ ਗੋਲੀ ਖੱਬੇ ਮੱਮੇ ਦੇ ਹੇਠ ਲਗ ਕੇ ਪਾਰ ਜਾ ਨਿਕਲੀ ਸੀ । ਇਕ ਗੋਲੀ ਛਾਤੀ ਦੇ ਵਿਚ ਹੀ ਖੁੱਭੀ ਹੋਈ ਸੀ। ਆਪ ਦਾ ਕਮਰ ਕੱਸਾ ਲਗਿਆ ਲਗਾਇਆ ਸੀ, ਪਰ ਕ੍ਰਿਪਾਨ ਵੈਰੀਆਂ ਨੇ ਉਤਾਰ ਲਈ ਸੀ। ਆਪ ਚੌਫਾਲ ਪਏ ਸਨ । ਸੀਸ ਹਰਿ ਮੰਦਰ ਸਾਹਿਬ ਜੀ ਦੇ ਦੱਖਣ ਵਲ ਅਤੇ ਲਤਾਂ ਉਤਰ ਵਲ ਸਨ । ਚੌਥੇ ਦਿਨ ਜਦ ਸਸਕਾਰ ਹੋਇਆ ਤਾਂ ਦੇਹੀ ਬਹੁਤ ਫੁਲੀ ਹੋਈ ਸੀ । ਦਰਸ਼ਨ ਕਰਨ ਵਾਲੀਆਂ ਸੰਗਤਾਂ ਦੇ ਹੰਝੂ ਠਲੇ ਨਹੀਂ ਰਹਿੰਦੇ ਸਨ* ।

ਭਾਈ ਈਸ਼ਰ ਸਿੰਘ ਜੀ ਨੰਬਰ ੨

ਆਪ ਦਾ ਜਨਮ ੧੩ ਸਾਵਣ ਸੰ: ੧੯੪੫ ਬਿ: ਨੂੰ ਮਾਤਾ ਲਛਮੀ ਦੀ ਕੁਖੋਂ ਭਾਈ ਵਧਾਵਾ ਸਿੰਘ ਦੇ ਘਰ ਰੂਪੋਵਾਲੀ ਜ਼ਿਲਾ ਗੁਰਦਾਸਪੁਰ ਵਿਚ ਹੋਇਆ । ਆਪ ਚਾਰ ਭੈਣ ਭਰਾ ਸਨ । ੧. ਭਾਈ ਈਸ਼ਰ ਸਿੰਘ, ੧. ਬੀਬੀ ਈਸ਼ਰੀ, ੩. ਭਾਈ ਦੂਲਾ ਸਿੰਘ. ੪. ਬੀਬੀ ਰਾਮੋ ਜੀ । ਅਠਾਰਾਂ ਕੁ ਸਾਲ ਦੀ ਉਮਰ ਵਿਚ ਧਾਰੋਵਾਲੀ ਆ ਗਏ, ਪਹਿਲਾਂ ਮੁਰੱਬੇ ਹਿੱਸੇ ਤੋਂ ਲੈਕੇ ਵਾਹੀ ਕਰ ਲਈ, ਪਰ ਫੇਰ ਪਿੱਛੋਂ ਆਕੇ ਕੁਝ ਚਿਰ ਸੇਪ ਕਰਦੇ ਰਹੇ । ਭਾਈ ਲਛਮਣ ਸਿੰਘ ਹੋਰਾਂ ਦੀ ਸੰਗਤ ਨਾਲ ਗੁਰਮੁਖੀ ਪੜ੍ਹ ਗਏ ਅਤੇ ਇਥੇ ਹੀ ਅੰਮ੍ਰਿਤ ਛਕ ਲਿਆ ।

* ਕਮੇਟੀ ਨੇ ੩੦੦) ਰੁਪਏ ਆਪ ਦਾ ਕਰਜ਼ਾ ਉਤਾਰਿਆ ਤੇ ਸੁਪਤਨੀ ਤੇ ਬਚੇ ਦੇ ਨਾਮ ਪਿੰਨਸ਼ਨ ਲਾ ਦਿੱਤੀ । ੧੮-੫-੨੧ ਤੋਂ ੧੨-੧੦-੩੬ ਤਕ ਜਿਸਦਾ ਜੋੜ ੨੪੪੭) ਬਣਦਾ ਹੈ ।

ਵੀਹ ਕੁ ਸਾਲ ਦੀ ਉਮਰ ਵਿਚ ੧੪ ਹਾੜ ਨੂੰ ਭਾਈ ਸੱਮਾਂ ਸਿੰਘ ਦੀ ਪੁਤ੍ਰੀ ਬੀਬੀ ਪ੍ਰਸਿਨੀ ਨਾਲ ਸ਼ਾਦੀ ਹੋ ਗਈ। ਇਸ ਦੀ ਕੁਖੋਂ ਕਾਕੇ ਚੰਨਣ ਸਿੰਘ ਦਾ ਜਨਮ ਹੋਇਆ, ਜੋ ਸਾਕੇ ਦੇ ਦੋ ਸਾਲ ਪਿੱਛੋਂ ਗੁਜ਼ਰ ਗਿਆ।

ਆਪ ਦਾ ਸੁਭਾ ਬਹੁਤ ਨਰਮ ਅਤੇ ਹਲੀਮੀ ਖੋਰਾ ਸੀ। ਆਪ ਦੀ ਤਬੀਅਤ ਦਾ ਵਧੇਰੇ ਝੁਕਾ ਗੁਰ ਸਿਖਾਂ ਦੀ ਸੇਵਾ ਕਰਨ ਵਲ ਲਗਾ ਰਹਿੰਦਾ ਸੀ। ਬੜੇ ਪ੍ਰੇਮ ਨਾਲ ਢੋਲਕੀ ਵਜਾ ਕੇ ਸ਼ਬਦ ਪੜ੍ਹਨੇ। ਆਪ ਭੀ ੯ ਫਗਣ ਨੂੰ ਭਾਈ ਲਛਮਣ ਸਿੰਘ ਹੋਰਾਂ ਦੇ ਜਥੇ ਨਾਲ ਚਲਕੇ ਸ੍ਰੀ ਜਨਮ ਅਸਥਾਨ ਦੇ ਅੰਦਰ ਗੋਲੀਆਂ ਦਾ ਨਸ਼ਾਨਾ ਬਣਾਕੇ ਸਿਸਕਦੇ ਹੀ ਅੱਗ ਦੀ ਭੇਟਾ ਕੀਤੇ ਗਏ*।

* ਕਮੇਟੀ ਨੇ ੪੧੦) ਰੁਪਏ ਆਪ ਦਾ ਕਰਜ਼ਾ ਉਤਾਰਿਆ ਅਤੇ ਮਾਤਾ ਲਛਮੀ ਦੇ ਨਾਮ ਪਿੰਨਸ਼ਨ ਲਾ ਦਿਤੀ। ੧੪-੭-੨੧ ਤੋਂ ੩੧-੧੦-੩੭ ਤਕ, ਜਿਸ ਦਾ ੨੨੦੦) ਜੋੜ ਬਣਦਾ ਹੈ।

ਕੋਟਲਾ ਸੰਤ ਸਿੰਘ ਚਕ ਨੰਬਰ ੪੩

ਦੇ ਸ਼ਹੀਦ

ਭਾਈ ਚਰਨ ਸਿੰਘ ਜੀ

ਆਪ ਦਾ ਜਨਮ ੧੨ ਮਘਰ ਸੰਮਤ ੧੯੫੯ ਬਿ: ਵਿਚ ਮਾਤਾ ਸਦਾ ਕੌਰ ਦੀ ਕੁਖੋਂ ਭਾਈ ਗੁਰਦਿਤ ਸਿੰਘ ਦੇ ਘਰ ਕੋਟਲੇ ਸੰਤਾ ਸਿੰਘ ਵਿਚ ਹੋਇਆ। ਆਪ ਅਠ ਭੈਣ ਭਰਾ ਸਨ। ੧. ਬੀਬੀ ਲਛਮਣ ਕੌਰ, ੨. ਭਾਈ ਪੂਰਨ ਸਿੰਘ, ੩. ਭਾਈ ਕਾਲਾ ਸਿੰਘ, ੪. ਭਾਈ ਚਰਨ ਸਿੰਘ, ੫. ਭਾਈ ਜਰਨੈਲ ਸਿੰਘ, ੬. ਭਾਈ ਨਥਾ ਸਿੰਘ, ੭. ਬੀਬੀ ਕਰਤਾਰ ਕੌਰ, ੮. ਭਾਈ ਸ਼ਿੰਗਾਰਾ ਸਿੰਘ ਜੀ।

ਆਪ ਦਾ ਰੰਗ ਕਣਕ ਭਿੰਨਾ, ਕਦ ਸਵਾ ਪੰਜ ਫ਼ੁਟ, ਸਰੀਰ ਪਤਲਾ ਬਹੁਤ ਖ਼ੂਬਸੂਰਤ ਜਵਾਨ ਸਨ। ਤਬੀਅਤ ਤਿਖੀ, ਪਰ ਹਰ ਇਕ ਸਚੀ ਗਲ ਮੂੰਹ ਤੇ ਠੋਕ ਕੇ ਕਰ ਦਿਆ ਕਰਨੀ। ਪ੍ਰੈਮਰੀ ਤਕ ਵਿਦਆ ਪ੍ਰਾਪਤ ਕੀਤੀ। ਪੜ੍ਹਾਈ ਵਿਚ ਆਪਣੀ ਜਮਾਤ ਵਿਚ ਚੰਗੇ ਹੁਸ਼ਿਆਰ ਮੁੰਡਿਆਂ ਵਿਚ ਗਿਣੇ ਜਾਂਦੇ ਸਨ। ਪੜ੍ਹਨ ਦੀ ਬੜੀ ਚੇਟਕ ਸੀ, ਸਕੂਲੋਂ ਹਟ ਕੇ ਸੰਤ ਬਿਸ਼ਨ ਸਿੰਘ ਪਾਸੋਂ ਧਾਰਮਕ ਵਿਦਯਾ ਪੜ੍ਹ ਲਈ। ਪੰਥ ਪ੍ਰਕਾਸ਼ ਤੇ ਸੂਰਜ ਪ੍ਰਕਾਸ਼ ਦੀ ਕਥਾ ਕਰਿਆ ਕਰਨੀ, ਸ਼ਬਦ ਪੜ੍ਹਨ ਦਾ ਬੜਾ ਸ਼ੌਂਕ ਸੀ। ਇਕ ਢੱਡ ਸਾਰੰਗੀ ਦਾ ਜਥਾ ਭੀ ਬਣਾਇਆ ਹੋਇਆ ਸੀ, ਜਿਸ ਨਾਲ ਆਪ ਸੋਹਣੀ ਸਾਰੰਗੀ ਵਜਾਇਆ ਕਰਦੇ ਸਨ। ਸੰਤਾਂ ਪਾਸੋਂ ਵਿਦਯਾ ਪ੍ਰਾਪਤ ਕਰਨ ਦਾ ਇਹ ਅਸਰ ਹੋਇਆ ਕਿ ਕਈ ਵਾਰੀ ਛੇ ਛੇ ਮਹੀਨੇ ਲਈ ਸਾਧੂਆਂ ਸੰਤਾਂ ਨਾਲ ਚਲੇ ਜਾਣਾ। ਪਿੰਡੋਂ ਭਾਈ ਮਹਿਤਾਬ ਸਿੰਘ ਜੀ ਦੇ ਜਥੇ ਪਾਸੋਂ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋ ਗਏ, ਪਹਿਲਾਂ ਨਾਮ ਕਰਨੈਲ ਸਿੰਘ ਸੀ। ਹਾੜ ਦੀ ਪੂਰਨਮਾਸ਼ੀ ਨੂੰ ਸੰ:

੧੯੫੬ ਬਿ: ਵਿਚ ਭਾਈ ਗੰਡਾ ਸਿੰਘ ਦੀ ਸਪੁਤ੍ਰੀ ਬੀਬੀ ਇੰਦਰ ਕੌਰ ਨਾਲ ਬੁਰਜ ਚਕ ਨੰ: ੫੫ ਵਿਚ ਅਨੰਦ ਕਾਰਜ ਹੋ ਗਿਆ। ਅਜੇ ਮੁਖਲਾਹਵ (ਮੁਕਲਾਵਾ) ਨਹੀਂ ਆਇਆ ਸੀ, ਜੋ ਸ਼ਹੀਦੀਆਂ ਪਾ ਗਏ।

ਅਕਾਲੀ ਲਹਿਰ ਚਲੀ ਤਾਂ ਆਪ ਦਾ ਮਨ ਏਧਰ ਪ੍ਰੇਰਿਆ ਗਿਆ, ਧਾਰਮਕ ਕੰਮ ਕਰਨ ਦਾ ਬੜਾ ਸ਼ੌਕ ਸੀ, ਖ਼ਾਲਸਾ ਹਾਈ ਸਕੂਲ ਸਾਂਗਲਾ ਦੀ ਉਗ੍ਰਾਹੀ ਲਈ ੧੫ ਦਿਨ ਸਰਦਾਰ ਅਮਰ ਸਿੰਘ ਜੀ ਝੁਲੇਰ ਨਾਲ ਜਾਕੇ ਮੁਫ਼ਤ ਸੇਵਾ ਕਰਦੇ ਰਹੇ।

ਆਪ ਨੇ ਪਿੰਡਾਂ ਵਿਚ ਫਿਰ ਕੇ ਬੜੀ ਲਗਨ ਨਾਲ ਧਾਰਮਕ ਪ੍ਰਚਾਰ ਕੀਤਾ। ਬਾਹਰੋਂ ਦੀਵਾਨਾਂ ਤੇ ਜਾ ਕੇ ਜੇਹੜਾ ਪ੍ਰਚਾਰ ਸੁਣਨਾ ਝਟ ਯਾਦ ਕਰ ਲੈਣਾ, ਦਿਮਾਗ਼ ਬੜਾ ਚੇਤੰਨ ਅਤੇ ਚੁਸਤ ਸੀ। ਕਾਲੀ ਪਗ ਸਜਾਈ ਰਖਣੀ ਤੇ ਗਾਤ੍ਰਾ ਇਕ ਮਿੰਟ ਭੀ ਗਲੋਂ ਨ ਲੌਹਣਾ. ਅਸ਼ਨਾਨ ਕਰਨ ਲਗਿਆਂ ਸਿਰ ਤੇ ਬੰਨ੍ਹ ਲੈਣਾ। ਜਦ ਧਾਰੋਵਾਲੀ ਦੀਵਾਨ ਹੋਇਆ ਤੇ ਉਥੇ ਜਾਣ ਨਾਲ ਵਧੇਰੇ ਧਰਮ ਦੀ ਪਾਹ ਚੜ੍ਹ ਗਈ। ਸ੍ਰੀ ਤਰਨ ਤਾਰਨ ਸਾਹਿਬ ਦੇ ਸਾਕੇ ਸਮੇਂ ਭੀ ਉਥੇ ਸੇਵਾ ਕੀਤੀ। ਜਦ ੨੨,੨੩ ਤੇ ੨੪ ਫਗਣ ਦੇ ਸ੍ਰੀ ਨਨਕਾਣੇ ਸਾਹਿਬ ਦੀਵਾਨ ਦੇ ਲੰਗਰ ਲਈ ਮਰੜੀਂ ਕਮੇਟੀ ਹੋਈ ਤਾਂ ਉਸ ਵਿਚ ਭੀ ਆਪ ਸ਼ਾਮਲ ਸਨ। ਉਥੇ ਸਭ ਸਿੰਘਾਂ ਨੇ ਫ਼ੈਸਲਾ ਕਰਕੇ ਜਦੋਂ ਭਾਈ ਲਛਮਣ ਸਿੰਘ ਜੀ ਨੂੰ ਜਥੇ-ਦਾਰ ਨੀਯਤ ਕੀਤਾ ਤਦ ਆਪ ਨੂੰ ਉਨ੍ਹਾਂ ਦੇ ਪ੍ਰਾਈਵੇਟ ਸਕੱਤ੍ਰ ਦੀ ਸੇਵਾ ਸੌਂਪੀ ਗਈ।

ਆਪ ਨੂੰ ਜਦ ਇਹ ਸੇਵਾ ਸੌਂਪੀ ਗਈ ਤਾਂ ਮੁੜ ਆਪ ਇਸ ਦਿਨ ਆਪਣੇ ਪਿੰਡ ਨਹੀਂ ਗਏ। ਉਸੇ ਦਿਨ ਭਾਈ ਲਛਮਣ ਸਿੰਘ ਹੁਰਾਂ ਦੇ ਨਾਲ ਹੀ ਇਲਾਕੇ ਵਿਚ ਪ੍ਰਚਾਰ ਲਈ ਚਲੇ ਗਏ। ਸ਼ਹੀਦੀ ਜਥੇ ਦੇ ਸਿੰਘਾਂ ਨੂੰ ਇਕੱਠਿਆਂ ਹੋਣ ਲਈ ਜਿਨੀਆਂ ਪਿੰਡੋ ਪਿੰਡ ਚਿੱਠੀਆਂ ਘਲੀਆਂ ਗਈਆਂ ਸਨ ਉਹ ਸਭ ਆਪ ਦੀ ਕਲਮ ਦੀਆਂ ਹੀ ਲਿਖੀਆਂ ਹੋਈਆਂ ਸਨ। ਬੜੇ ਛੋਹਲੇ ਲਿਖਾਰੀ ਸਨ। ਜਦ ੯ ਫਗਣ ਨੂੰ ਚਿਠੀਆਂ ਦੇ ਲਿਖਣ ਦੀ ਸੇਵਾ ਤੋਂ ਵੇਹਲੇ ਹੋਏ ਤਾਂ ਖ਼ੁਦ ਬਾਈਸਿਕਲ ਲੈ ਕੇ ਘਸੀਟ ਪੁਰੇ, ਮਰੜੀਂ, ਨਜ਼ਾਮਪੁਰੇ, ਚਕ ਨੰ: ੬੪ ਆਦਿ ਥਾਈਂ ਪੁਜ ਕੇ ਚਿੱਠੀਆਂ ਦਿਤੀਆਂ ਅਤੇ ਪ੍ਰੇਰਨਾ ਕੀਤੀ, ਸ਼ਾਮ ਨੂੰ ਜਥੇ

ਦੇ ਤੁਰਨ ਸਮੇਂ ਤੋਂ ਪਹਿਲਾਂ ਮੁੜ ਧਾਰੋਵਾਲੀ ਪੁਜ ਗਏ।

ਜਦ ਭਾਈ ਲਛਮਣ ਸਿੰਘ ਹੋਰਾਂ ਧਾਰੋਵਾਲੀ ਤੋਂ ਚਾਲੇ ਪਾਏ ਤਾਂ ਆਪ ਭੀ ਉਨ੍ਹਾਂ ਦੇ ਨਾਲ ਹੀ ਤੁਰ ਪਏ। ੨੦ ਫ਼ਰਵਰੀ ਵਾਲੇ ਦਿਨ ਜਦੋਂ ਜ਼ਾਲਮਾਂ ਦੇ ਜ਼ੁਲਮ ਅਤੇ ਸਾਬਰਾਂ ਦੇ ਸਬਰ ਦਾ ਮੁਕਾਬਲਾ ਹੋਣ ਲਗਾ ਤਾਂ ਉਸ ਸਮੇਂ ਆਪ ਨੇ ਆਪਣੇ ਆਪ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਇਕ ਦਰਦਨਾਕ ਮਿਸਾਲ ਕਾਇਮ ਕਰ ਦਿਤੀ, ਜੋ ਆਉਣ ਵਾਲੀਆਂ ਨਸਲਾਂ ਨੂੰ ਹਲੂਣੇ ਦੇ ਕੇ ਉਭਾਰਦੀ ਰਹੇਗੀ। ਜਿਸ ਦੀ ਪਵਿਤ੍ਰ ਯਾਦ ਕਮਜ਼ੋਰ ਦਿਲਾਂ ਨੂੰ ਢਾਰਸ ਅਤੇ ਮਜ਼ਬੂਤਾਂ ਨੂੰ ਹੋਰ ਤਾਕਤ ਬਖ਼ਸ਼ਦੀ ਰਹੇਗੀ। ਆਪ ਦੇ ਨਾਲ ਹੋਰ ਭੀ ਜਿਨ੍ਹਾਂ ਧਰਮੀ ਜੋਧਿਆਂ ਆਪਣੀਆਂ ਜਾਨਾਂ ਕੁਰਬਾਨ ਕਰਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਉਨ੍ਹਾਂ ਦੇ ਨਾਮ ਸਦਾ ਇਤਿਹਾਸ ਵਿਚ ਚਮਕਦੇ ਰਹਿਣਗੇ।

ਆਪ ਦੇ ਪਿੰਡ ਵਾਲੇ ਜਥੇ ਦਾ ਹਾਲ

ਜਦ ਆਪ ਆਪਣੇ ਪਿੰਡ ਦੇ ਸਜਣਾਂ ਨੂੰ ੧੯ ਫ਼ਰਵਰੀ ਵਾਲੇ ਦਿਨ ਚਿੱਠੀ ਦੇ ਕੇ ਪਕੀ ਕਰ ਗਏ ਕਿ ਰਾਤ ਨੂੰ ਜਿਨ੍ਹਾਂ ਸਿੰਘਾਂ ਨੇ ਨਾਮ ਲਿਖਾਏ ਹਨ। ਉਹ ਧਾਰੋਵਾਲੀ ਪੁਜ ਜਾਓ ਤਾਂ ਚਾਰ ਸਿੰਘ ਆਪ ਦੇ ਪਿੰਡੋਂ ਚਲ ਕੇ ਮਰੜੀਂ ਗਏ, ਉਥੋਂ ਦਸ ਸਿੰਘ ਨਾਲ ਰਲ ਪਏ। ਅਗੋਂ ਚਕ ਨੰ: ੧੪ ਮਰੜਾਂ ਵਿਚੋਂ ਦੋ ਸਿੰਘ ਹੋਰ ਸ਼ਾਮਲ ਹੋ ਗਏ। ਏਸ ਤਰ੍ਹਾਂ ੧੯ ਸਿੰਘਾਂ ਦਾ ਜਥਾ ਧਾਰੋਵਾਲੀ ਨੂੰ ਤੁਰ ਪਿਆ,ਅਗੇ ਜਾਂਦਿਆਂ ਨੂੰ ਭਾਈ ਲਛਮਣ ਸਿੰਘ ਜੀ ਦਾ ਜਥਾ ਤੁਰਗਿਆ ਸੀ,ਇਥੋਂ ਨਜ਼ਾਮਪੁਰ ਦੇਵਾ ਸਿੰਘ ਵਾਲੇ, ਡਲੇ ਜਰਮੀ ਤੋਂ ਹੋ ਕੇ ਕੋਟਲੇ ਕਾਲਵਾਂ ਦੇ ਪੁਜੇ ਤਾਂ ਇਨ੍ਹਾਂ ਵਿਚੋਂ ਤਿੰਨ ਸਿੰਘ ਅਗੇ ਤੁਰੀ ਗਏ। ਬਾਕੀ ਸਿੰਘ ਪਿੰਡ ਵਿਚੋਂ ਹੋਰ ਬੰਦੇ ਕਢਣ ਲਈ ਠਹਿਰ ਗਏ। ਇਹ ਤਿੰਨੇ ਆਦਮੀ ਕੁਕੱੜ ਦੀ ਬਾਂਗ ਨਾਲ ਮੋਲਣ ਵਾਲੇ ਪੁਲ ਤੇ ਪੁਜ ਕੇ ਇਨ੍ਹਾਂ ਦੀ ਉਡੀਕ ਵਿਚ ਬੈਠ ਗਏ। ਦਿਨ ਚੜ੍ਹਦੇ ਨੂੰ ਪਿਛਲੇ ਸਿੰਘਾਂ ਦਾ ਜਥਾ ਭੀ ਵਾਹੋ ਦਾਹੀ ਆ ਮਿਲਿਆ। ਇਤਨੇ ਨੂੰ ਲੋ ਲਗ ਗਈ ਤੇ ਦਿਨ ਦਾ ਚੜ੍ਹਾ ਸੀ, ਜੋ ਭਾਈ ਦਿਆਲ ਸਿੰਘ ਜੀ ਨਜ਼ਾਮਪੁਰ ਵਾਲੇ ਉਥੇ ਆ ਗਏ। ਇਨ੍ਹਾਂ ਉਸ ਨੂੰ ਪੁਛਿਆ ਕਿ ਜਥਾ ਕਿਡੀ ਕੁ ਦੂਰ ਚਲਾ

ਗਿਆ ਹੈ। ਸਾਨੂੰ ਨਹੀਂ ਮਿਲਿਆ, ਭਜਦਿਆਂ ਦੇ ਸਾਡੇ ਤੇ ਤਣੇ ਭੀ ਚੜ੍ਹ ਗਏ ਨੇ। ਅਸੀਂ ਹੁਣ ਕਿਵੇਂ ਕਰੀਏ। ਇਨ੍ਹਾਂ ਆਖਿਆ ਕਿ ਸ਼੍ਰੋ: ਕਮੇਟੀ ਦਾ ਹੁਕਮ ਆ ਗਿਆ ਹੈ ਕਿ ਹੁਣ ਜੇਹੜਾ ਜੱਥਾ ਜਾਵੇਗਾ ਕਮੇਟੀ ਉਸ ਦੀ ਜ਼ਿਮੇਵਾਰ ਨਹੀਂ ਹੋਵੇਗੀ। ਇਹ ਗਲਾਂ ਕਰਦਿਆਂ ਕਰੌਂਦਿਆਂ ਨੂੰ ਭਾਈ ਗੁਰਦਿਤ ਸਿੰਘ ਝੀਂਡਾ ਭੀ ਉਥੇ ਆ ਗਿਆ, ਉਸ ਨੇ ਕਿਹਾ ਕਿ ਜੱਥਾ ਗੁਰਦੁਆਰੇ ਪੁਜ ਗਿਆ ਹੈ ਤੁਸੀਂ ਦੌੜ ਜਾਓ। ਝੱਬਰ ਭੀ ਉਤਲੇ ਪਾਸੇ ਥਾਂਣੀ ਆ ਰਿਹਾ ਹੈ। ਇਸ ਜਥੇ ਨੇ ਜੁਤੀਆਂ ਲਾਹ ਕੇ ਹੱਥ ਵਿਚ ਫੜ ਲਈਆਂ; ਨਹਿਰ ਸੁਕੀ ਹੋਈ ਸੀ ਵਿਚਦੀ ਲੰਘ ਕੇ ਦੋ ਮੀਲ ਸੂਏ ਤਕ ਦੌੜੀ ਗਏ। ਕੋਟ ਦਰਬਾਰ ਪੁਜ ਕੇ ਭਾਈ ਪਿਆਰਾ ਸਿੰਘ ਪਿੰਡ ਵਿਚ ਲਸੀ ਪੀਣ ਲਈ ਚਲਾ ਗਿਆ ਪਰ ਕਿਸੇ ਲੱਸੀ ਨ ਪਿਆਈ, ਇਚਰਾਂ ਨੂੰ ਸੂਰਜ ਚੜ੍ਹ ਚੁਕਾ ਸੀ। ਇਕ ਮੁਸਲਮਾਨ ਮਿਲਿਆ ਉਸ ਨੇ ਦਸਿਆ ਕਿ ਭਾਈ ਵਡਾ ਜਥਾ ਅੰਦਰ ਸ਼ਹੀਦ ਹੋ ਗਿਆ ਤੇ ਜਥੇ ਦੇ ਸਿੰਘ ਸਭ ਵਢੇ ਟੁਕੇ ਗਏ ਹਨ। ਤੁਸੀਂ ਏਨੇ ਜਣੇ ਕੁਝ ਨਹੀਂ ਕਰ ਸਕਦੇ। ਇਕ ਹੋਰ ਬਾਹਰੋਂ ਨਿੱਕਾ ਜਿਹਾ ਜਥਾ ਪਿਆ ਸੀ, ਉਹ ਭੀ ਕੁਝ ਚਿਰ ਹੱਥ ਵਖਾ ਕੇ ਭਜ ਗਿਆ। ਇਨ੍ਹਾਂ ਉਸ ਉਤੇ ਇਤਬਾਰ ਨ ਕੀਤਾ ਅਤੇ ਭਾਈ ਬਿਸ਼ਨ ਸਿੰਘ ਜੀ ਬੰਡਾਲੀਏ ਨੂੰ ਚਿੱਟੀ ਪਗ ਬੰਨ੍ਹਾ ਕੇ ਅਗਲ-ਵਾਂਡੀ ਪਤਾ ਲੈਣ ਲਈ ਭਜਾ ਦਿਤਾ ਤੇ ਆਪ ਥੱਕੇ ਹੋਣ ਦੇ ਕਾਰਨ ਸਭ ਉਥੇ ਬੈਠ ਗਏ। ਉਸ ਨੇ ਛੇਤੀ ਹੀ ਵਾਪਸ ਜਾ ਕੇ ਸਭ ਗਲਾਂ ਉਸੇ ਤਰ੍ਹਾਂ ਦਸੀਆਂ। ਇਹ ਸਾਰੇ ਜਣੇ ਅੰਨ੍ਹਿਆਂ ਦੇ ਵਾੜਿਓਂ ਲਸੀ ਨਾਲ ਰੋਟੀ ਖਾ ਕੇ ਚੰਦਰ ਕੋਟ ਦੀ ਝਾਲ ਨੂੰ ਆ ਗਏ ਕਿਉਂਕਿ ਲੋਕਾਂ ਨੇ ਦਸਿਆ ਸੀ ਕਿ ਸਿੰਘ ਉਥੇ ਇਕੱਠੇ ਹੋ ਰਹੇ ਹਨ। ਲੌਹਡੇ ਵੇਲੇ ਉਥੇ ਪੁਜੇ, ਪਰ ਉਥੇ ਕੋਈ ਬੰਦਾ ਨਹੀਂ ਸੀ, ਇਤਨੇ ਚਿਰ ਨੂੰ ਭਾਈ ਲਾਭ ਸਿੰਘ ਜੀ ਭਿੱਖੀ ਤੇ ਤਿੰਨ ਬੰਦੇ ਹੋਰ ਨਹਿਰੇ ਨਹਿਰ ਆ ਰਹੇ ਸਨ। ਉਨ੍ਹਾਂ ਕਿਹਾ ਕਿਧਰੇ ਨ ਜਾਓ ਹੋਰ ਜਥੇ ਪਿੱਛੇ ਆ ਰਹੇ ਹਨ। ਇਹ ਸ਼ਾਮ ਨੂੰ ਪਿੰਡ ਚੰਦਰ ਕੋਟ ਦੀ ਝਾਲ ਵਿਚ ਦਾਣਿਆਂ ਤੇ ਪ੍ਰਸ਼ਾਦਿਆਂ ਲਈ ਚਲੇ ਗਏ, ਪਰ ਮਹੰਤ ਤੋਂ ਡਰਦਿਆਂ ਕਿਸੇ ਨੇ ਕੁਝ ਨ ਦਿਤਾ, ਪਰ ਇਕ ਰੰਡੀ ਨੰਬਰ-ਦਾਰਨੀ ਨੇ ਮਨ ਕੁ ਆਟਾ ਗੁੰਨ੍ਹ ਕੇ ਰੋਟੀਆਂ ਪਕਾਉਣੀਆਂ ਸ਼ੁਰੂ ਕਰ ਦਿਤੀਆਂ, ਫੇਰ ਵੇਖੋ ਵੇਖੀ ਪਿੰਡ ਦੀਆਂ ਸਾਰੀਆਂ ਜ਼ਨਾਨੀਆਂ ਸੇਵਾ ਲਈ ਆ ਲਗੀਆਂ।

ਤਾਂ ਮੰਗਲ ਸਿੰਘ ਜੀ ਕੋਟ ਵਾਰ ਦਾ ਦਿਨ ਚੜ੍ਹੇ ਗਡੇ ਤੇ ਰੋਟੀਆਂ ਤੇ ਮਕਈ ਦੇ ਦਾਣੇ ਭਨਾ ਕੇ ਲਦੀ ਆਵੇ ਜੋ ਸਭ ਨੂੰ ਵਰਤਾ ਦਿਤੇ ਗਏ। ਇਸ ਦੇ ਪਿਛੋਂ ਇਹ ਸਭ ਸਿੰਘ ਝਬਰ ਦੇ ਜਥੇ ਨਾਲ ਸ਼ਾਮਲ ਹੋ ਕੇ ਚਲੇ ਗਏ।

ਬੁਰਜ ਚੱਕ ਨੰ: ੫੫ ਦੇ ਸ਼ਹੀਦ

ਬੁਰਜ ਚਕ ਨੰ: ੫੫ ਜ਼ਿਲਾ ਲਾਇਲਪੁਰ

ਦੇ ਸ਼ਹੀਦ

ਭਾਈ ਨਰਾਇਣ ਸਿੰਘ ਜੀ ਸ਼ਹੀਦ

ਆਪ ਦਾ ਜਨਮ ਨਵੇਂ ਵਿਰਆਂਹ ਜ਼ਿਲਾ ਅੰਮ੍ਰਿਤਸਰ ਵਿਚ ਸੰਧੂ ਖ਼ਾਨ-ਦਾਨ ਵਿਚ ਹੋਇਆ। ਇਨ੍ਹਾਂ ਦੇ ਪਿਤਾ ਨੂੰ ਟਿਕਾਈ ਤੇ ਸਵਾ ਮੁਰੱਬਾ ਜ਼ਮੀਨ ਮਿਲੀ ਤਾਂ ਆਪ ਭੀ ਉਨ੍ਹਾਂ ਦੇ ਨਾਲ ਹੀ ਇਥੇ ਆ ਗਏ। ਆਪ ਚਾਰ ਭੈਣ ਭਰਾ ਸਨ :-(੧) ਭਾ: ਨਰੈਣ ਸਿੰਘ, (੨) ਭਾ: ਸੁਰੈਣ ਸਿੰਘ, (੩) ਭਾਈ ਗੁਰਮੁਖ ਸਿੰਘ, (੪) ਬੀ: ਕਿਸ਼ਨ ਕੌਰ। ਆਪਣੇ ਪਿੰਡੋਂ ਹੀ ਗੁਰਦੁਆਰੇ ਵਿਚੋਂ ਪਹਿਲਾਂ ਗੁਰਮੁਖੀ ਪੜ੍ਹੀ ਅਤੇ ਫੇਰ ਸਿਰਹਾਲੀ ਸਕੂਲ ਵਿਚੋਂ ਤਿੰਨ ਜਮਾਤਾਂ ਉਰਦੂ ਦੀਆਂ ਪਾਸ ਕੀਤੀਆਂ। ਆਪਦਾ ਰੰਗ ਕਣਕ ਭਿੰਨਾ, ਸ੍ਰੀਰ ਲੰਮਾ, ਸਿਧੇ ਲੰਮੇ ਦਾਹੜੇ ਨਾਲ ਦੋਹਰੀ ਗੁਰਮੁਖੀ ਦਸਤਾਰ ਪੂਰਨ ਸਿਖੀ ਦਾ ਨਮੂਨਾ ਪੇਸ਼ ਕਰਿਆ ਕਰਦੀ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕਕੇ ਪਿਛਲੀ ਉਮਰੇ ਬੀਬੀ ਖੇਮ ਕੌਰ ਨਾਲ ਜ਼ਾਤ ਪਾਤ ਤੋੜ ਕੇ ਅਨੰਦ ਕਾਰਜ ਕਰ ਲਿਆ। ਇਸ ਬੀਬੀ ਦੀ ਕੁਖੋਂ ਕਾਕੀ ਤਾਰੋ ਦਾ ਜਨਮ ਹੋਇਆ। ਜੋ ਸ਼ਹੀਦੀ ਸਮੇਂ ਤਿੰਨਾਂ ਸਾਲਾਂ ਦੀ ਸੀ। ਆਪ ਦੇ ਨਾਨਕੇ ਸਰਲੀ ਜ਼ਿਲਾ ਅੰਮ੍ਰਿਤਸਰ ਵਿਚ ਸਨ। ਸ੍ਰੀ ਹਜ਼ੂਰ ਸਾਹਿਬ ਅਤੇ ਹੋਰ ਮਸ਼ਹੂਰ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਕਰਕੇ ਦੋ ਸਾਲ ਪਿਛੋਂ ਪਿੰਡ ਆਏ, ਤਾਂ ਬਬੇਕ ਧਾਰਨ ਕਰ ਲਿਆ। ਸਰਬ ਲੋਹ ਦੇ ਬਰਤਨ ਰਖਣੇ ਅਤੇ ਪ੍ਰਸ਼ਾਦਿ ਸੋਧ ਦਾ ਛਕਣਾ। ਇਸ ਦੇ ਨਾਲ ਹੀ ਬਿਰਤੀ ਅਜਿਹੀ ਉੱਚੀ ਕਰ ਲਈ, ਕਿ ਬਿਗਾਨੀ ਚੀਜ਼ ਨੂੰ ਹਮੇਸ਼ਾਂ ਜ਼ਹਿਰ ਸਮਾਨ ਸਮਝਣਾ।

ਆਪਣੇ ਘਰ ਦੇ ਨਾਲ ਹੀ ਇਕ ਵੱਡੀ ਬੈਠਕ ਬਣਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਲਿਆ। ਉਸ ਸਮੇਂ ਪਿੰਡ ਵਿਚ ਹੋਰ ਕੋਈ ਗੁਰਦੁਆਰਾ ਨਹੀਂ ਸੀ। ਜਟਕੀ ਕਰੜੀ ਕਾਰ ਕਰਦਿਆਂ ਹੋਇਆਂ ਭੀ ਕਦੇ ਨਿਤਨੇਮ ਵਿਚ ਨਾਗਾ ਨਹੀਂ ਪੈਣ ਦਿਆ ਕਰਦੇ ਸਨ। ਸਵੇਰੇ ਚਾਰ ਵਜੇ ਉਠ ਕੇ ਅਸ਼ਨਾਨ ਕਰਕੇ ਗੁਰਬਾਣੀ ਪੜ੍ਹਣੀ ਅਤੇ ਮਹਾਰਾਜ ਦਾ ਪ੍ਰਕਾਸ਼ ਕਰਕੇ ਵਾਕ ਲੈਣਾ ਫੇਰ ਇਸ ਦੇ ਪਿਛੋਂ ਕਿਤੇ ਦਿਨ ਚੜ੍ਹੇ ਜਾ ਕੇ ਹਲ ਜੋਣਾ। ਆਪਣਾ ਬਾਹਰ ਦਾ ਸੌ ਕੰਮ ਛੱਡਕੇ ਭੀ ਨੇਮ ਨਾਲ ਪਿੰਡ ਆ ਕੇ ਸੰਗਤ ਨੂੰ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਸਨੌਣਾ। ਰਾਤ ਨੂੰ ਨੇਮ ਨਾਲ ਧਾਰਮਕ ਦੀਵਾਨ ਲਾਉਣੇ। ਜਿਥੇ ਆਪ ਦੀ ਆਵਾਜ਼ ਬੜੀ ਸੁਰੀਲੀ ਸੀ, ਉਸ ਦੇ ਨਾਲ ਹੀ ਢੋਲਕੀ ਛੈਣੇ ਭੀ ਬੜੇ ਕਮਾਲ ਦੇ ਵਜੌਂਦੇ ਸਨ। ਦੀਵਾਨ ਲਾਉਣ ਦੀ ਪਰਪਾਟੀ ਸ਼ਹੀਦ ਹੋਣ ਤਕ ਇਕ ਸਾਰ ਪੂਰੇ ਪੰਝੀ ਸਾਲ ਜਾਰੀ ਰਖੀ। ਪਿੰਡ ਵਿਚ ਬੜੇ ਉਤਸ਼ਾਹ ਤੇ ਪਿਆਰ ਨਾਲ ਵਿਆਹ ਸ਼ਾਦੀਆਂ ਤੇ ਪੁਜਕੇ ਗੁਰਮਰਯਾਦਾ ਕਰਾਣੀ। ਭਾਈ ਚਾਰੇ ਨਾਲ ਵਰਤੋਂ ਵਿਹਾਰ ਤੇ ਸਲੂਕ ਸਾਰੀ ਉਮਰ ਹੀ ਬੜਾ ਚੰਗਾ ਨਿਭਾਇਆ। ਉਂਵ ਹਰ ਇਕ ਦੇ ਮੂੰਹ ਤੇ ਪੰਚੈਤ ਵਿਚ ਨਿਰਭੈ ਹੋਕੇ ਸਚ ਸੁਣਾ ਦੇਣਾ। ਇਹ ਗਲ ਨਗਰ ਵਿਚ ਮਸ਼ਹੂਰ ਸੀ, ਕਿ ਆਪ ਕਿਸੇ ਦੇ ਦੁਨਿਆਵੀ ਰੋਅਬ ਦਾਬ ਵਿਚ ਆ ਕੇ ਕਦੇ ਝੂਠ ਨਹੀਂ ਬੋਲਿਆ ਕਰਦੇ ਸਨ। ਆਪਣੀ ਮੇਹਨਤ ਨਾਲ ਦਸਾਂ ਨਵਾਂ ਦੀ ਧਰਮ ਦੀ ਕ੍ਰਿਤ ਕਰਨੀ, ਤੇ ਵੰਡ ਛਕਣਾ। ਆਮ ਜੀਵਨ ਬੜਾ ਸੁਚਿਆਰ ਬੰਦਿਆਂ ਵਰਗਾ ਸੀ।

ਆਮ ਰਹਿਣੀ ਬਹਿਣੀ

ਆਪਣੇ ਵਾਹੀ ਜੋਤੀ ਦੇ ਕੰਮ ਵਿਚ ਬੜੇ ਤਕੜੇ ਸਨ। ਕੰਮ ਕਰਦਿਆਂ ਕਦੇ ਥਕ ਨਾ ਜਾਨਣਾ। ਸਾਰੀ ਉਮਰ ਤਕ ਵਾਹੀ ਦੇ ਕਰੜੇ ਕੰਮ ਵਿਚ ਨ ਕਦੇ ਚੂਹੜਾ ਆਥੜੀ ਰਖਿਆ, ਅਤੇ ਨਾ ਹੀ ਕਿਸੇ ਨਾਲ ਸਾਂਝ ਭਿਆਲੀ ਕੀਤੀ। ਸਾਰਾ ਕੰਮ ਕਾਜ ਗੁਰੂ ਤੇ ਭਰੋਸਾ ਰਖਕੇ ਆਪ ਇਕੱਲੇ ਹੀ ਕਰਦੇ ਰਹੇ। ਹੱਥਾਂ ਪੈਰਾਂ ਦੇ ਬੜੇ ਛੋਹਲੇ ਤੇ ਫੁਰਤੀਲੇ ਸਨ। ਜਦ ਡੰਗਰ ਵਛੇ ਨੂੰ ਵੰਡ ਪੌਣਾ ਤਾਂ ਆਬਾਂ, ਫੰਡਰਾਂ ਅਤੇ ਲਵੇਰੀਆਂ ਸਭ ਨੂੰ ਇਕੋ ਜਿਹਾ ਪੌਣਾ। ਤਾਂ ਲੋਕਾਂ ਹਸਣਾ ਤੇ

ਆਖਣਾ ਕਿ ਸਾਨੂੰ ਇਸ ਤਰ੍ਹਾਂ ਵਿਤਕਰਾ ਨਹੀਂ ਕਰਨਾ ਚਾਹੀਦਾ ਹੈ। ਸਭ ਜੀਵਾਂ ਦਾ ਆਤਮਾਂ ਤੇ ਬਿਰਤੀ ਇਕੋ ਜਿਹੀ ਹੈ। ਦੂਵੈਤ ਕੀਤਿਆਂ ਰਬ ਦੇ ਮਨ ਵਿਚ ਗ਼ੈਰਤ ਜਾਂਦੀ ਹੈ। ਸਾਰੀ ਉਮਰ ਵਿਚ ਕਦੇ ਦਾਣੇ ਨਹੀਂ ਵੇਚੇ ਸਨ । ਆਖਣਾ ਕਿ ਇਹ ਵਸਤ ਪ੍ਰਮਾਤਮਾਂ ਨੇ ਛਕਣ ਅਤੇ ਛਕੌਣ ਲਈ ਪੈਦਾ ਕੀਤੀ ਹੈ। ਬਪਾਰ ਕਰਨ ਵਾਸਤੇ ਨਹੀਂ। ਸਰੀਰ ਅਜਿਹਾ ਨਰੋਆ ਸੀ, ਕਿ ਸਾਰੀ ਉਮਰ ਵਿਚ ਕਦੇ ਬੀਮਾਰ ਨਹੀਂ ਹੋਏ ਸਨ। ਹਰ ਵਕਤ ਹੱਥ ਵਿਚ ਤੀਰ ਯਾ ਸਫ਼ਾਜੰਗ ਰਖਣਾ। ਤੁਰਦੇ ਬੜਾ ਹੀ ਤੇਜ਼ ਸਨ, ਸਭੇ ਚਹੁੰ ਘੰਟਿਆਂ ਵਿਚ ਸ੍ਰੀ ਨਨਕਾਣੇ ਸਾਹਿਬ ਦਾ ਅਠਾਰਾਂ ਕੋਹ ਪੈਂਡਾ ਨਬੇੜ ਕੇ ਝਟ ਪਿੰਡ ਅਪੜ ਪੈਣਾ ਤੇ ਆਪਣੇ ਨਾਲ ਤੁਰਨ ਵਾਲੇ ਸਾਥੀਆਂ ਨੂੰ ਸਦਾ ਹੀ ਹੁਸੱਾ ਕੇ ਪਿੱਛੇ ਛੱਡ ਦਿਆ ਕਰਨਾ।

ਸਾਲ ਕੁ ਦੇ ਕ੍ਰੀਬ ਚੀਨ ਵਲ ਰਹੇ। ਉਥੋਂ ਮਨ ਉਚਾਟ ਹੋਇਆ, ਤਾਂ ਮੁੜ ਆਪਣੇ ਪਿੰਡ ਹੀ ਆ ਗਏ। ਆਪਣੇ ਖ਼ਰਚ ਤੇ ਇਕ ਚਾਲੀ ਕੁ ਮੰਜਿਆਂ ਦੀ ਬੈਠਕ ਬਣਾਈ। ਸਾਰੇ ਪਿੰਡ ਦੀਆਂ ਜੰਞਾਂ ਮਾਞਾਂ ਇਸੇ ਵਿਚ ਹੀ ਉਤਰਿਆ ਕਰਦੀਆਂ ਸਨ। ਆਪਣੀ ਮਾਤਾ ਦੀ ਸਾਰੀ ਉਮਰ ਪੁਜਕੇ ਬੜੀ ਭਾਰੀ ਸੇਵਾ ਕੀਤੀ। ਹਲ ਜੋਣ ਤੋਂ ਪਹਿਲਾਂ ਆਪਣੇ ਘਰ ਦਾ ਪਾਣੀ ਭਰ ਕੇ ਮਾਤਾ ਜੀ ਨੂੰ ਦੇ ਕੇ ਜਾਣਾ।

ਸਤਿਗੁਰੂ ਤੇ ਭਰੋਸਾ

ਗੁਰੂ ਘਰ ਤੇ ਬੜਾ ਹੀ ਸਿਦਕ ਅਤੇ ਭਰੋਸਾ ਰਖਣਾ। ਹਰ ਸਾਲ ਕਤਕ ਪੂਰਨਮਾਸ਼ੀ ਅਤੇ ਨਿਮਾਣੀ ਇਕਾਦਸ਼ੀ ਨੂੰ ਅਠਾਰਾਂ ਕੋਹ ਪੈਂਡਾ ਚਲ ਕੇ ਸ੍ਰੀ ਨਨਕਾਣੇ ਸਾਹਿਬ ਜਾ ਕੇ ਗੁਰੂ ਕਾ ਲੰਗਰ ਲਾਉਣਾ। ਸ੍ਰੀ ਨਨਕਾਣੇ ਸਾਹਿਬ ਦੇ ਮੇਲਿਆਂ ਤੇ ਲਗਣ ਵਾਲੇ ਲੰਗਰਾਂ ਵਿਚੋਂ ਇਹ ਸਭ ਤੋਂ ਪਹਿਲਾ ਲੰਗਰ ਸੀ, ਜੋ ਆਪ ਵਲੋਂ ਬਾਹਰ ਦੀਆਂ ਸੰਗਤਾਂ ਲਈ ਅਰੰਭ ਹੋਇਆ ਸੀ। ਪਿੰਡੋਂ ਹੀ ਪ੍ਰੇਮ ਨਾਲ ਆਟਾ, ਦਾਲ ਅਤੇ ਲੱਕੜਾਂ ਆਦਿ ਮੇਲੇ ਤੋਂ ਇਕ ਦਿਨ ਪਹਿਲਾਂ ਤਿਆਰ ਕਰਕੇ ਗਡਾ ਜੋ ਕੇ ਤੁਰ ਪੈਣਾ। ਆਪ ਨੇ ਆਪਣੇ ਸ਼ਹੀਦ ਹੋਣ ਦੇ ਸਮੇਂ ਤਕ ਇਸ ਲੰਗਰ ਨੂੰ ਵੀਹ ਸਾਲ ਤਕ ਇਕਸਾਰ ਜਾਰੀ ਰੱਖਿਆ। ਮੀਂਹ ਜਾਵੇ ਹਨੇਰੀ, ਆਪ ਨੇ ਆਪਣੇ ਘਰ ਦੇ ਸੌ ਕੰਮ ਛੱਡ ਕੇ ਭੀ ਸ੍ਰੀ ਨਨਕਾਣੇ ਸਾਹਿਬ ਲੰਗਰ ਦਾ ਸਾਮਾਨ ਲੈ ਕੇ ਪੁਜਣਾ। ਗੁਰੂ ਘਰ ਦੀ ਇਸ ਸੁਚੀ ਕਾਰ

ਵਿਚ ਕਦੀ ਆਪਨੇ ਅਖੀਰੀ ਦਮ ਤਕ ਨਾਗਾ ਨਹੀਂ ਪੈਣ ਦਿਤਾ ਸੀ। ਕਈ ਵੇਰ ਦਾਣਿਆਂ ਦਾ ਬੋਹਲ ਬਣਿਆ ਹੋਇਆ ਹੀ ਉਤੇ ਤੰਗਲੀਆਂ ਦੇਕੇ ਸੁੰਵਾ ਛੱਡਕੇ ਤੁਰ ਪੈਣਾ, ਪਰ ਆਪ ਦਾ ਸਤਿਗੁਰੂ ਆਸਰੇ ਕਦੇ ਇਕ ਦਾਣਾ ਭੀ ਨਹੀ ਹਿਲਿਆ ਸੀ ਅਤੇ ਨ ਹੀ ਤੂੜੀ ਤੰਦ ਦਾ ਹੀ ਵਿਣਾਂਹ ਹੋਇਆ ਸੀ।

ਸ਼ਾਦੀ ਗ਼ਮੀ ਤੇ ਲੋਕਾਂ ਦੇ ਘਰੀਂ ਮਹਾਰਾਜ ਦੇ ਪਾਠ ਕਰਕੇ ਜੋ ਪੂਜਾ ਦੀ ਮਾਇਆ ਆਉਂਦੀ, ਉਸਦੇ ਕੰਘੇ, ਕੜੇ ਅਤੇ ਕਿਰਪਾਨਾਂ ਖ਼ਰੀਦ ਕੇ ਲੋਕਾਂ ਵਿਚ ਅੰਮ੍ਰਿਤ ਪ੍ਰਚਾਰ ਕਰਿਆ ਕਰਨਾ। ਬਚਦੀ ਮਾਇਆ ਸ੍ਰੀ ਨਨਕਾਣੇ ਸਾਹਿਬ ਦੇ ਮੇਲੇ ਵਾਲੇ ਦਿਨ ਲੰਗਰ ਦੀ ਰਸਤ ਵਿਚ ਪਾ ਦਿਆ ਕਰਨੀ। ਇਸ ਪੂਜਾ ਦੇ ਧਾਨ ਨੂੰ ਆਪਣੀ ਨਿਜਦੀ ਵਰਤੋਂ ਲਈ ਬਿਖ ਸਮਾਨ ਸਮਝਦੇ ਰਹੇ। ਪੂਰੀ ਪਾਬੰਦੀ ਨਾਲ ਆਪਣੀ ਸਾਰੀ ਕਮਾਈ ਦਾ ਦਸਵੰਧ ਕਢਣਾ। ਇਕ ਵੇਰਾਂ ਸਬਬ ਨਾਲ ਗੁਰਦੁਆਰੇ ਦੀ ਕੰਧ ਢਠ ਗਈ,ਤਾਂ ਆਪਣੇ ਦਸਵੰਦ ਵਿਚੋਂ ਵੀਹ ਰੁਪਏ ਲਾ ਕੇ ਇਕਲਿਆਂ ਨੇ ਹੀ ਕੰਧ ਬਣਵਾ ਦਿਤੀ। ਗੁਰੂ ਘਰ ਤੇ ਹਦੋਂ ਵਧੇਰੇ ਸ਼ਰਧਾ ਅਤੇ ਵਿਸ਼ਵਾਸ ਰਖਦੇ ਸਨ। ਵੇਹਲੇ ਸਮੇਂ ਵਿਚ ਲਿਵ ਲਾ ਕੇ ਭਜਨ ਬੰਦਗੀ ਭੀ ਸੋਹਣੀ ਕਰਿਆ ਕਰਦੇ ਸਨ। ਜੇਹੜੀ ਕਣਕ ਦੀ ਪੈਲ਼ੀ ਸ੍ਰੀ ਨਨਕਾਣੇ ਸਾਹਿਬ ਦੇ ਲੰਗਰ ਲਈ ਬੀਜਣੀ, ਉਸ ਵਿਚ ਕਦੇ ਜੁੱਤੀ ਲੈਕੇ ਨ ਵੜਣਾ। ਹਲ ਵਾਹੁੰਦਿਆਂ ਆਮ ਤੌਰ ਤੇ ਹਰਾ ਨਾਲ ਗੌਂ ਕੇ ਇਨ੍ਹਾਂ ਤੁਕਾਂ ਦਾ ਪਾਠ ਕਰਿਆ ਕਰਦੇ ਸਨ :—

"ਤੇਰੈ ਹੁਕਮੇ ਸਾਵਣੁ ਆਇਆ ॥ ਮੈ ਸਤ ਕਾ ਹਲੁ ਜੋਆਇਆ ॥
ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ" ॥

(ਸ੍ਰੀ ਰਾਗ ਮਹਲਾ ੫)

ਵੜ੍ਹ ਆਈ ਹੋਈ ਪੈਲੀ ਵਿਚੇ ਛਡਕੇ ਧਾਰਮਕ ਦੀਵਾਨਾਂ ਤੇ ਚਲੇ ਜਾਣਾ। ਲੋਕਾਂ ਆਖਣਾ ਭਾਈ ਜੀ ਆਉਂਦਿਆਂ ਨੂੰ ਵੜ੍ਹ ਸੁੱਕ ਜਾਊ, ਇਸ ਨੂੰ ਸੁਹਾਗੇ ਦੀ ਫਾਟ ਤਾਂ ਮਾਰ ਜਾਓ, ਤਾਂ ਅਗੋਂ ਹਸਕੇ ਆਖਣਾ ਗੁਰਮੁਖੋ ਕੋਈ ਗਲਨਹੀਂ, ਗੁਰੂ ਮਹਾਰਾਜ ਵੇਖਣਾ ਕਿਦਾਂ ਫ਼ਸਲ ਕਰਦੇ ਹਨ। ਸੋ ਅਜਿਹੇ ਧਰਮੀ ਸਿਦਕਵਾਨਾਂ ਦੇ ਹਮੇਸ਼ਾਂ ਹੀ ਬੇੜੇ ਪਾਰ ਹੋਣੇ, ਬੇਅੰਤ ਫ਼ਸਲ ਢਾੜੀ ਹੋਣੀ ਤੇ ਵੇਖਣ ਵਾਲਿਆਂ ਦੰਗ ਰਹਿ ਜਾਣਾ। ਤਾਂ ਉਨ੍ਹਾਂ ਨੂੰ ਆਖਣਾ ਭਲਿਓ ਲੋਕੋ ! ਗੁਰੂ ਤੇ ਤਵੱਕੋ ਰਖੋ, ਫਿਰ ਦੇਖੋ ਉਹ ਕਿਦਾਂ ਆਰ ਬਖਾਰ ਭਰਦਾ ਹੈ, ਉਸ

ਦ ਘਰ ਵਿਚ ਕਿਸੇ ਗੱਲ ਦੀ ਕਮੀ ਯਾ ਥੁੜ ਨਹੀਂ ਹਰ ਇਕ ਸੰਗਰਾਂਦ ਨੂੰ ੧।) ਦਾ ਪਲਿਓਂ ਕੜਾਹ ਪ੍ਰਸ਼ਾਦਿ ਕਰਕੇ ਸੰਗਤਾਂ ਵਿਚ ਵਰਤਾਉਣਾ। ਅਕਾਲੀ ਲਹਿਰ ਚਲਣ ਦੇ ਦਿਨਾਂ ਵਿਚ ਇਲਾਕੇ ਅੰਦਰ ਲਾਗੇ ਬੰਨੇ ਫਿਰਕੇ ਬੜਾ ਅੰਮ੍ਰਿਤ ਪ੍ਰਚਾਰ ਕੀਤਾ ਅਤੇ ਨਗਰ ਵਿਚ ਬਾਹਰੋਂ ਰਾਹੀ ਪਾਤੀ ਆਏ ਦੀ ਭੀ ਪੁਜਕੇ ਸੇਵਾ ਕਰਿਆ ਕਰਨੀ। ਧਰਮ ਦੀ ਕ੍ਰਿਤ ਕਰਕੇ, ਵੰਡ ਛਕਣਾ, ਪੁਰਾਤਨ ਗੁਰ ਸਿਖਾਂ ਵਾਂਗ ਆਪ ਦਾ ਇਕ ਖ਼ਾਸ ਗੁਣ ਸੀ।

ਸ਼ਹੀਦੀ ਲਈ ਤਿਆਰੀ

ਆਪ ਨੇ ਪਹਿਲਾਂ ਹੀ ਭਾਈ ਲਛਮਣ ਸਿੰਘ ਹੁਰਾਂ ਪਾਸ ਧਾਰੋਵਾਲੀ ਦੀਵਾਨ ਤੇ ਆਪਣਾ ਨਾਮ ਸੁਧਾਰਕ ਜਥੇ ਵਿਚ ਲਿਖਾਇਆ ਹੋਇਆ ਸੀ। ੯ ਫੱਗਣ ਵਾਲੇ ਦਿਨ ਪਹਿਲਾਂ ਭਾਈ ਈਸ਼ਰ ਸਿੰਘ ਜੀ ਧਾਰੋਵਾਲੀ ਘੋੜੀ ਤੇ ਭਾਈ ਲਛਮਣ ਸਿੰਘ ਜੀ ਜਥੇਦਾਰ ਦੀ ਚਿੱਠੀ ਦੇ ਗਏ ਅਤੇ ਇਸ ਦੇ ਪਿਛੋਂ ਭਾਈ ਇੰਦਰ ਸਿੰਘ ਜੀ ਇਸ ਨਗਰ ਦੇ ਦਸਤੀ ਚਿੱਠੀ ਲੈ ਗਏ; ਕਿਉਂਕਿ ਇਹ ਸਜਣ ਉਸ ਦਿਨ ਧਾਰੋਵਾਲੀ ਇਕ ਖੋਜ ਕਢਣ ਲਈ ਗਏ ਹੋਏ ਸਨ ਤੇ ਉਥੋਂ ਭਾਈ ਲਛਮਣ ਸਿੰਘ ਹੁਰਾਂ ਨੇ ਇਨ੍ਹਾਂ ਦੇ ਹੱਥੀਂ ਭੀ ਚਿੱਠੀ ਭੇਜ ਦਿਤੀ ਕਿ ੯ ਫੱਗਣ ਨੂੰ ਜੱਥਾ ਲੈ ਕੇ ਸ਼ਾਮਾਂ ਤਕ ਧਾਰੋਵਾਲੀ ਪੁਜ ਜਾਓ। ਆਪ ਨੇ ਸ਼ਹੀਦੀ ਪ੍ਰਵਾਨਾ ਪੜ੍ਹਕੇ ਸਿੰਘਾਂ ਨੂੰ ਸੁਣਾਇਆ ਕਿ ਜਿਨ੍ਹਾਂ ਗੁਰਮੁਖਾਂ ਨੇ ਗੁਰਾਂ ਨਮਿੱਤ ਸੀਸ ਦੇਣੇ ਹੋਣ ਉਹ ਸਭ ਤਿਆਰੇ ਕਰ ਲੈਣ। ਜਿਨ੍ਹਾਂ ਦਾ ਚਿੱਤ ਨਾ ਕਰੇ ਉਹ ਬੇ-ਸ਼ੱਕ ਨਾ ਜਾਣ ਇਹ ਕੋਈ ਬਧੋਗੀਰੀ ਦਾ ਸੌਦਾ ਨਹੀਂ ਹੈ।

ਆਪ ਨੇ ਕੇਸੀ ਅਸ਼ਨਾਨ ਕੀਤਾ; ਭਾਈ ਦਿਆਲ ਸਿੰਘ ਜੀ ਅਤੇ ਭਾ: ਕਿਸ਼ਨ ਸਿੰਘ ਹੁਰਾਂ ਨੂੰ ਭੀ ਨਾਲ ਤਿਆਰ ਕਰ ਲਿਆ। ਤੁਰਨ ਸਮੇਂ ਕਾਲੀ ਸੂਫ਼ ਦੀ ਦਸਤਾਰ ਸਜਾ ਕੇ ਉਪਰ ਚੱਕਰ ਲਾ ਲਿਆ। ਮਾਤਾ ਨੇ ਪੁਛਿਆ ਬੱਚਾ ਤੂੰ ਤੇ ਸਾਰੀ ਉਮਰ ਹੀ ਸੁਫ਼ੈਦ ਕਪੜੇ ਰਖੇ ਹਨ, ਅਜ ਕਿਉਂ ਕਾਲੀ ਪੱਗ ਬੰਨ੍ਹੀ ਹੈ ? ਆਪ ਨੇ ਹੱਸ ਕੇ ਉੱਤਰ ਦਿਤਾ ਕਿ ਮਾਤਾ ਜੀ ! ਅਜ ਸਿੰਘਾਂ ਦੀ ਚੜ੍ਹਾਈ ਹੈ, ਤਾਂ ਉਨ੍ਹਾਂ ਪੁਛਿਆ ਕਿ ਚੜ੍ਹਾਈ ਤੋਂ ਵਾਪਸ ਫੇਰ ਕਦੋਂ ਆਉਣਾ ਜੇ ? ਜਵਾਬ ਦਿਤਾ ਕਿ ਮਾਤਾ ਜੀ ! ਸਤਿਗੁਰਾਂ ਹੱਥ ਡੋਰ ਹੈ ਜਦੋਂ ਉਨ੍ਹਾਂ ਦਾ ਹੁਕਮ ਹੋਵੇਗਾ ਆ ਜਾਵਾਂਗੇ। ਆਪੋਂ ਅਗੇਤਰੇ ਕੀ ਦਸੀਏ "ਨਥ ਖ਼ਸਮ ਹੱਥ ਹੈ"। ਜੇ ਅੰਨਜਲ

ਹੋਇਆ ਤਾਂ ਆ ਚੁਗਾਂਗੇ, ਨਹੀਂ ਤਾਂ ਜਿਥੇ ਭੋਂ ਮਰਲਾ ਹੋਇਆ ਉਥੇ ਸੁਆਸ ਪੂਰੇ ਹੋ ਜਾਣਗੇ। ਮਹੰਤ ਨਰੈਣੇ ਦੀਆਂ ਬਦਮਾਸ਼ੀਆਂ ਦਾ ਸੁਧਾਰ ਕਰਨ ਲਈ ਸਿੰਘ ਚੱਲੇ ਹਨ। ਉਸ ਨੇ ਭੀ ਬਤੇਰੇ ਮਾਇਆ ਦੇ ਛਲ-ਛਿਦਰ ਰਚੇ ਹੋਏ ਹਨ। ਇਸ ਵੇਲੇ ਜਾਂ ਉਸ ਦਿਆਂ ਪਾਪਾਂ ਦਾ ਖ਼ਾਤਮਾ ਹੋਵੇਗਾ, ਜਾਂ ਸਾਡੀਆਂ ਜਿੰਦੜੀਆਂ ਦਾ। ਬੱਚਾ! ਇਹ ਗਲ ਸੁਖੀ-ਸਾਂਦੀ ਮੂੰਹੋਂ ਨਾ ਕੱਢ, ਮੈਨੂੰ ਤਾਂ ਤੇਰੀ ਠੰਡੀ ਵਾ ਹੀ ਆਉਂਦੀ ਰਹੇ। ਜ਼ਿੰਦਗੀਆਂ ਲਗਣ ਤੇਰੇ ਦੁਸ਼ਮਨਾਂ ਦੀਆਂ। ਅੱਛਾ ਮਾਤਾ ਜੀ ਜੋ ਉਸ ਨੂੰ ਭਾਵੇ ਤੇਰੇ ਮੇਰੇ ਕੀ ਵੱਸ ਹੈ? ਇਹ ਗੱਲਾਂ ਕਰਕੇ ਮਾਤਾ ਨੂੰ ਮੱਥਾ ਟੇਕਿਆ ਅਤੇ ਲੋਂਢੇ ਪਹਿਰ ਤੁਰ ਕੇ ਤਿੰਨੇ ਸਿੰਘ ਧਾਰੋਵਾਲੀ ਨੂੰ ਚਲੇ ਗਏ ਅਤੇ ਉਥੇ ਜਾ ਕੇ ਭਾਈ ਲਛਮਣ ਸਿੰਘ ਜੀ ਦੇ ਤਿਆਰ ਹੋਣ ਵਾਲੇ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਲੰਮੀਆਂ ਵਾਟਾਂ ਦੇ ਪੈਂਡੇ ਪੈ ਗਏ।

ਜਿਸ ਵੇਲੇ ਭਾ: ਰਾਮ ਸਿੰਘ ਜੀ ਬੰਡਾਲਾ ਚੱਕ ਨੰ: ੬੪ ਦੱਖਣੀ ਡਿਉੜੀ ਦੀਆਂ ਪੌੜੀਆਂ ਥਾਣੀ ਉਪਰ ਚੜ੍ਹੇ, ਤਾਂ ਆਪ ਭੀ ਸਫ਼ਾਜੰਗ ਫੜ ਕੇ ਉਨ੍ਹਾਂ ਦੇ ਪਿਛੋਂ ਕੋਠੇ ਤੇ ਚੜ੍ਹਣ ਲਗੇ। ਅਜੇ ਆਪ ਨੇ ਮਮਟੀ ਦੇ ਬੂਹੇ ਵਿਚੋਂ ਮੂੰਹ ਬਾਹਰ ਹੀ ਕਢਿਆ ਸੀ, ਤਾਂ ਇੰਦਰ ਦਾਸ ਨੇ ਆਪ ਤੇ ਛੱਵ੍ਹੀ ਦਾ ਵਾਰ ਕੀਤਾ। ਆਪ ਨੇ ਸਫ਼ਾਜੰਗ ਅਗੇ ਕਰਕੇ ਵਾਰ ਡਕਣਾ ਚਾਹਿਆ, ਤਾਂ ਪਲਸੇਟ ਨਾਲ ਤਿਲਕ ਕੇ ਇੰਦਰ ਦਾਸ ਦੀ ਗੁਟ ਪਾਸੋਂ ਬਾਂਹ ਜ਼ਖ਼ਮੀ ਹੋ ਗਈ। ਇੰਦਰ ਦਾਸ ਗੁਟ ਨੱਪ ਕੇ ਪਰ੍ਹਾਂ ਬਨੇਰੇ ਤੇ ਜਾ ਬੈਠਾ ਅਤੇ ਭਾਈ ਨਰਾਇਣ ਸਿੰਘ ਜੀ ਅਜੇ ਅਗਾਂਹ ਹੁੰਦੇ ਹੀ ਸਨ, ਜੋ ਲਾਂਭਿਓਂ ਦੀ ਜੀਵਨ ਦਾਸ ਨੇ ਵਸਾਹ ਕੇ ਜੋਰਦੀਂ ਛੱਵ੍ਹੀ ਮਾਰੀ ਅਤੇ ਆਪ ਦੀ ਧੌਣ ਦਾ ਅੱਧਾ ਗਾਟਾ ਵਢਿਆ ਗਿਆ। "ਹੇ ਗੁਰ! ਹੇ ਗੁਰ!!" ਉਚਾਰਦਿਆਂ ਨੂੰ ਜੀਵਨ ਦਾਸ ਨੇ ਲੱਤਾਂ ਤੋਂ ਘਸੀਟ ਕੇ ਧੌਣ ਪਰਨੇ ਕੰਧ ਤੋਂ ਥਲੇ ਬਾਹਰ ਵਾਰ ਸੁੱਟ ਦਿਤਾ ਅਤੇ ਥਲੇ ਖਲੋਤੇ ਕੋਟ ਸਾਧੂ ਰਾਮ ਦੇ ਮੁਜ਼ਾਰਿਆਂ ਨੇ ਲੱਤਾਂ ਤੋਂ ਫੜ ਕੇ ਜਿਉਂ ਧੂਹਿਆ ਅਤੇ ਸਿਸਕਦਿਆਂ ਨੂੰ ਹੀ ਭਾਈ ਦਲੀਪ ਸਿੰਘ ਜੀ ਵਾਲੀ ਭੱਠੀ ਵਿਚ ਝੋਕ ਦਿਤਾ। ਪਚਵੰਜਾ ਸਾਲ ਦੀ ਉਮਰ ਵਿਚ ਆਪ ਨੇ ਗੁਰੂ ਘਰ ਦੇ ਪ੍ਰਬੰਧਕਾਂ ਦੇ ਸੁਧਾਰ ਹਿਤ ਆਪਣੀ ਪਿਆਰੀ ਜਿੰਦੜੀ ਕੁਰਬਾਨ ਕਰਵਾ ਦਿਤੀ। ਪੰਜ ਛੇ ਸਾਲ ਤਕ ਇਸ ਕੰਧ ਉਤੇ ਆਪ ਦੇ ਪਵਿੱਤ੍ਰ ਸ਼ਹੀਦੀ ਖ਼ੂੰਨ ਦੀਆਂ ਘਰਾਲਾ ਦਿਸਦੀਆਂ ਰਹੀਆਂ ਸਨ।

ਸੱਚਾ ਸੂਰਮਾ

ਭਾਈ ਦਿਆਲ ਸਿੰਘ ਜੀ ਸ਼ਹੀਦ

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ



ਗੁਰ ਸਿੱਖੀ ਸੁਣ ਗੁਰ ਸਿਖ ਪਾਲੈ।
ਗੁਰ ਸਿਖ ਲੰਘੇ ਪਿਰਮ ਪਿਆਲੈ।

ਗੁਰ ਸਿਖੀ ਬਾਰੀਕ ਹੈ ਸਿਲ ਚੱਟਣ ਫਿਕੀ।
ਤਿੱਖੀ ਖੰਡੇ ਧਾਰ ਹੈ ਉਹ ਵਾਲਹੁ ਨਿੱਕੀ।

ਭਾਈ ਦਿਆਲ ਸਿੰਘ ਜੀ

ਆਪ ਦਾ ਜਨਮ ਪਿੰਡ ਘਸੀਟ ਪੁਰਾ ਜ਼ਿਲਾ ਅੰਮ੍ਰਿਤਸਰ ਵਿਚ ਮਾਤਾ ਰਾਮ ਕੌਰ ਦੀ ਕੁਖੋਂ ਭਾਈ ਦੇਵਾ ਸਿੰਘ ਜੀ ਦੇ ਘਰ ਹੋਇਆ। ਆਪ ਦੋ ਭੈਣ ਭਰਾ ਸਨ,ਭਾਈ ਦਿਆਲ ਸਿੰਘ ਜੀ ਤੇ ਬੀਬੀ ਹਰ ਕੌਰ ਜੀ। ਨਿੱਕਿਆਂ ਹੁੰਦਿਆਂ ਹੀ ਗੁਰਦੁਆਰੇ ਵਿਚੋਂ ਗੁਰਮੁਖੀ ਪੜ੍ਹੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੰਗੇ ਪਾਠੀ ਬਣ ਗਏ। ਆਪ ਦਾ ਵਿਆਹ ਪਿੰਡ ਜੋਧਪੁਰ ਤਹਿਸੀਲ ਤਰਨ ਤਾਰਨ ਵਿਚ ਹੋਇਆ ਪਰ ਕੋਈ ਸੰਤਾਨ ਉਤਪਨ ਨ ਹੋਈ।

ਸੁਭੱਾ ਦੇ ਬੜੇ ਕੌੜੇ ਤੇ ਸਿਰੜੀ ਸਨ। ਭਾਵੇਂ ਸਿਰ ਚਲਾ ਜਾਵੇ ਪਰ ਆਪਣੀ ਕੀਤੀ ਜ਼ਬਾਨ ਤੋਂ ਕਦੇ ਭੈੜੇ ਨਹੀਂ ਪੈਂਦੇ ਸਨ। ਰੰਗ ਕਣਕ ਭਿੰਨਾ, ਸ੍ਰੀਰ ਭਾਰਾ, ਉੱਚ ਬੜੀ ਹਿੰਮਤ ਅਤੇ ਤਾਕਤ ਦੇ ਮਾਲਕ ਸਨ। ਖ਼ਰਚ ਪਰਚ ਕਰਨ ਲਗਿਆਂ ਦਿਲ ਬੜਾ ਹੀ ਦਲੇਰ ਰਖਣਾ ਤੇ ਵੈਸੇ ਹੱਥ ਦੇ ਭੀ ਚੰਗੇ ਸਖੀ ਸਨ। ਬ੍ਰਾਦਰੀ ਵਿਚ ਹਰ ਇਕ ਨਾਲ ਮਿਲਣਸਾਰੀ ਰਖਣੀ। ਆਪਣੇ ਅੰਗਾਂ ਸਾਕਾਂ ਨਾਲ ਭੀ ਸੋਹਣੀ ਵਰਤੋਂ ਵਿਹਾਰ ਰਖਦੇ ਸਨ, ਹਰ ਇਕ ਰਿਸ਼ਤੇਦਾਰ ਨੂੰ ਹਮੇਸ਼ਾਂ ਹੀ ਕੁਝ ਨ ਕੁਝ ਹਥੋਂ ਦੇ ਕੇ ਖ਼ੁਸ਼ ਹੋਣਾ।

ਆਪ ਨੇ ਵੀਹ ਸਾਲ ਪੂੰਨੇ ਪਲਟਨ ਵਿਚ ਨੌਕਰੀ ਕੀਤੀ। ਸੰ: ੧੮੯੭-੯੮ ਈ: ਵਿਚ ਸਮਾਰਾ ਫ਼ਰੰਟੀਅਰ ਵਿਚ ਲੜਾਈ ਤੇ ਜਾਣ ਪੁਰ ਇਕ ਬਹਾਦਰੀ ਦਾ ਤਕਮਾ ਭੀ ਲਿਆ ਸੀ। ਪੰਝੀ ਸਾਲ ਤਕ ੪) ਰੁਪਏ ਮਹੀਨਾ ਪਿਨਸ਼ਨ ਲੈਂਦੇ ਰਹੇ। ਕੋਈ ਧੀਆ ਪੁਤਾ ਨ ਹੋਣ ਦੇ ਕਾਰਨ ਆਪ ਵੀਹਾਂ ਸਾਲਾਂ ਤੋਂ ਆਪਣੀ ਭੈਣ ਪਾਸ ਹੀ ਚਕ ਨੰ: ੫੫ ਬੁਰਜਾਂ ਵਿਚ ਰਹਿੰਦੇ ਸਨ। ਆਪ ਸਾਕੇ ਤੋਂ ਕੁਝ ਚਿਰ ਪਹਿਲਾਂ ਲਹੁਕੇ ਚਕ ਨੰ: ੭੫ ਦੀਵਾਨ ਤੇ ਗਏ ਤੇ ਉਥੋਂ ਹੀ ਭਾਈ ਨਰਾਇਣ ਸਿੰਘ ਹੁਰਾਂ ਦੇ ਜਥੇ ਪਾਸੋਂ ਅੰਮ੍ਰਿਤ ਛੱਕ ਕੇ ਅਕਾਲੀ ਸਜ ਗਏ। ਅਤੇ ਇਸ ਦੇ ਨਾਲ ਹੀ ਸ੍ਰੀ ਨਨਕਾਣੇ ਸਾਹਿਬ ਜਾਣ ਵਾਲੇ ਸ਼ਹੀਦੀ ਜੱਥੇ ਵਿਚ ਆਪਣਾ ਨਾਮ ਲਿਖਾ ਦਿਤਾ।

ਭਾਈ ਨਰਾਇਣ ਸਿੰਘ ਹੋਰਾਂ ਦੇ ਭਾਈ ਲਛਮਣ ਸਿੰਘ ਜੀ ਦੀ ਚਿੱਠੀ ਸੁਨਾਉਣ ਤੇ ਆਪ ਭੀ ਤਿਆਰ ਹੋ ਪਏ। ਸ਼ਹੀਦੀ ਸਮੇਂ ਆਪ ਦੀ ਉਮਰ ਸਠ ਸਾਲ ਦੀ ਸੀ, ਪਰ ਸ੍ਰੀਰ ਅਜੇ ਨੌਜਵਾਨ, ਗਭਰੂਆਂ ਵਰਗਾ ਮਜ਼ਬੂਤ ਸੀ।

ਤੁਰਨ ਸਮੇਂ ਸਭ ਨੂੰ ਫ਼ਤਹ ਬੁਲਾਈ ਤੇ ਆਖਿਆ "ਹੇ ਮਹਾਰਾਜ, ਅਸੀਂ ਜਿਸ ਨੇਕ ਇਰਾਦੇ ਨਾਲ ਚਲੇ ਹਾਂ ਉਸੇ ਨਾਲ ਹੀ ਸਾਡੇ ਸੀਸ ਉਥੇ ਲਾ ਲਵੇ ਤਾਂ ਸਾਡੇ ਧੰਨ ਭਾਗ ਹਨ।" ਆਪ ਭਾਈ ਨਰਾਇਣ ਸਿੰਘ ਹੁਰਾਂ ਨਾਲ ਚਲ ਕੇ ਅੰਦਰ ਛਵ੍ਹੀਆਂ ਅਤੇ ਗੋਲੀਆਂ ਨਾਲ ਸ਼ਹੀਦ ਹੋ ਕੇ ਆਪਣਾ ਜਨਮ ਸਫਲਾ ਕਰ ਗਏ।

ਭਾਈ ਕਿਸ਼ਨ ਸਿੰਘ ਜੀ

ਆਪ ਦਾ ਜਨਮ ਰਤੋ ਕੇ ਜ਼ਿਲਾ ਅੰਮ੍ਰਿਤਸਰ ਵਿਚ ਮਾਤਾ ਨਿਹਾਲ ਕੌਰ ਜੀ ਦੀ ਕੁਖੋਂ ਭਾਈ ਸੁੰਦਰ ਸਿੰਘ ਜੀ ਦੇ ਘਰ ਹੋਇਆ। ਪਿੰਡੋਂ ਗੁਰ-ਦੁਆਰੇ ਵਿਚੋਂ ਹੀ ਗੁਰਮੁਖੀ ਵਿਦਿਆ ਪ੍ਰਾਪਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੰਗੇ ਸੋਹਣੇ ਸਰਲ ਪਾਠੀ ਬਣ ਗਏ। ਆਪ ਦਾ ਕਦ ਲੰਮਾ, ਸ੍ਰੀਰ ਸਡੌਲ ਅਤੇ ਰੰਗ ਗੋਰਾ ਸੀ। ਸੁਭੱਾ ਬੜਾ ਨੇਕ, ਸਭ ਨੂੰ ਵੀਰ ਜੀ, ਮਾਈ ਜੀ ਤੇ ਬੀਬੀ ਜੀ ਤੋਂ ਬਿਨਾਂ ਨ ਬੁਲਾਉਣਾ। ਸੰਗਤਾਂ ਭੀ ਆਪ ਦਾ ਬੜਾ ਆਦਰ ਤੇ ਸਤਿਕਾਰ ਕਰਦੀਆਂ ਸਨ।

ਹਰ ਰੋਜ਼ ਗੁਰਦੁਆਰੇ ਦੀਵਾਨ ਲਾ ਕੇ ਸ਼ਬਦ ਪੜ੍ਹਨੇ, ਆਪ ਦੀ ਆਵਾਜ਼ ਵਿਚ ਬੜੀ ਹੀ ਖਿੱਚ ਤੇ ਰਸ-ਸਵਾਦ ਸੀ। ਸੰਗਤਾਂ ਨੂੰ ਗੁਰਸਿਖੀ ਵਿਚ ਪ੍ਰਪੱਕ ਰਹਿਣ ਦੇ ਉਪਦੇਸ਼ ਕਰਨੇ। ਆਪ ਦੇ ਯਤਨ ਨਾਲ ਹੀ ਸਭ ਤੋਂ ਪਹਿਲਾਂ ਚਕ ਨੰ: ੫੫ ਬੁਰਜਾਂ ਵਿਚ ਮਜ਼ਹਬੀ ਸਿੰਘਾਂ ਦਾ ਗੁਰਦੁਆਰਾ ਬਣਿਆ ਸੀ। ਆਪ ਦੇ ਸ਼ਬਦ ਪੜ੍ਹਨ ਵਿਚ ਅਜਿਹੀ ਖਿੱਚ ਤੇ ਅਸਰ ਸੀ ਕਿ ਜ਼ਿਮੀਂਦਾਰ ਸਿੰਘ ਭੀ ਦੀਵਾਨ ਵਿਚ ਆ ਕੇ ਅਭੇਦ ਬੈਠਦੇ ਸਨ। ਜ਼ਿਮੀਂਦਾਰਾਂ ਨੇ ਹੁਣ ਆ ਕੇ ਅਪਣਾ ਵਖਰਾ ਗੁਰਦੁਆਰਾ ਆਬਾਦ ਕੀਤਾ ਹੈ ਨਹੀਂ ਤਾਂ ਸਭ ਉਸ ਵੇਲੇ ਓਧਰੇ ਹੀ ਖਿੱਚੇ ਚਲੇ ਜਾਂਦੇ ਸਨ। ਆਪ ਚਕ ਨੰ: ੫੫ ਬੁਰਜਾਂ ਵਿਚ ਮਜ਼ਹਬੀ ਸਿੰਘਾਂ ਦੇ ਗੁਰਦੁਆਰੇ ਗ੍ਰੰਥੀ ਸਨ। ਆਪ ਦਾ ਆਪਣੇ ਨਗਰ ਵਿਚ ਵਾਹਵਾਹ ਸੋਹਣਾ ਰਸੂਖ਼ ਸੀ। ਵੀਹ ਸਾਲ ਦੀ ਉਮਰ ਵਿਚ ਭਰ ਜਵਾਨੀ ਦੇ ਸਮੇਂ ਭਾਈ ਨਰਾਇਣ ਸਿੰਘ ਹੁਰਾਂ ਨਾਲ ਇਥੋਂ ਧਾਰੋਵਾਲੀ ਦੇ ਜਥੇ ਨਾਲ ਮਿਲ ਕੇ ਗੋਲੀਆਂ ਤੇ ਛਵ੍ਹੀਆਂ ਨਾਲ ਜਨਮ ਅਸਥਾਨ ਦੇ ਅੰਦਰ ਸ਼ਹੀਦ ਹੋ ਗਏ ਅਤੇ ਆਪਣੀ ਸੋਹਣੀ ਯਾਦ ਲੋਕਾਂ ਦੇ ਦਿਲਾਂ ਵਿਚ ਛੱਡ ਗਏ।

ਬੰਡਾਲਾ ਚੱਕ ਨੰ: ੬੪ ਦੇ ਸ਼ਹੀਦ

ਬੰਡਾਲਾ ਚਕ ਨੰ: ੬੪ ਜ਼ਿਲਾ ਲਾਇਲਪੁਰ

ਦੇ ਸ਼ਹੀਦ

ਨਗਰ ਨੂੰ ਪੰਥਕ ਸੇਵਾ ਦੀ ਲਾਗ ਲਗਣੀ

ਸੰ: ੧੯੦੬ ਈ: ਦੀ ਗਲ ਹੈ, ਜੋ ਇਸ ਨਗਰ ਵਿਚ ਭਾਈ ਮੂਲ ਸਿੰਘ ਜੀ ਗੁਰਮੂਲਾ ਨੇ ਸਿੰਘ ਸਭਾ ਲਹਿਰ ਦਾ ਜ਼ੋਰਦਾਰ ਪ੍ਰਚਾਰ ਕੀਤਾ। ਜਿਸ ਦੇ ਕਾਰਨ ਉਸ ਸਮੇਂ ਲੋਕਾਂ ਵਿਚ ਚੰਗੀ ਜਾਗ੍ਰਤ ਆ ਗਈ। ਸਿਖੀ ਪਿਆਰ ਤੇ ਸੇਵਾ ਦਾ ਉਤਸ਼ਾਹ ਠਾਠਾਂ ਮਾਰਨ ਲਗ ਗਿਆ। ਇਸ ਦੇ ਕੁਝ ਚਿਰ ਪਿੱਛੋਂ ਭਾਈ ਲਛਮਣ ਸਿੰਘ ਜੀ ਧਾਰੋਵਾਲੀ ਦਾ ਸ਼ੁਭ ਅਨੰਦ ਕਾਰਜ ਇਸ ਨਗਰ ਵਿਚ ਹੋ ਗਿਆ। ਇਸ ਨੌਜਵਾਨ ਸਿੰਘ ਅੰਦਰ ਭੀ ਗੁਰਮਤ ਪ੍ਰਚਾਰ ਦੀ ਅਬੁਝ ਲਗਨ ਲਗੀ ਹੋਈ ਸੀ। ਇਥੇ ਜਦੋਂ ਕਦੇ ਸਮੇਂ ਸਮੇਂ ਅਨੁਸਾਰ ਆਉਣਾ, ਤਾਂ ਬੜਾ ਪੁਰ ਜੋਸ਼ ਪ੍ਰਚਾਰ ਕਰਨਾ, ਜਿਸ ਨਾਲ ਨਗਰ ਨਿਵਾਸੀਆਂ ਦੇ ਦਿਲਾਂ ਵਿਚ ਚੰਗੀ ਖਿਚ ਉਤਪਨ ਹੋ ਜਾਣੀ, ਫੇਰ ਜੇ ਕਦੇ ਕੁਝ ਸਮਾਂ ਲੰਘ ਜਾਣਾ ਤਾਂ ਆਪਣੇ ਆਪ ਹੀ ਪਿੰਡ ਵਾਲਿਆਂ ਨੇ ਸੁਨੇਹਾ ਘਲਕੇ ਆਪ ਨੂੰ ਸਦ ਲਿਆ ਕਰਨਾ, ਤਾਂ ਆਪ ਨੇ ਇਥੇ ਪੁਜਕੇ ਬੜੇ ਰੌਣਕਾਂ ਵਾਲੇ ਧਾਰਮਕ ਦੀਵਾਨ ਲਾਉਣੇ ਅਤੇ ਬੜਾ ਧੜਲੇਦਾਰ ਪ੍ਰਚਾਰ ਕਰਨਾ। ਇਸ ਉਦਮ ਤੇ ਪ੍ਰੇਰਨਾ ਨਾਲ ਸਿੰਘਾਂ ਵਿਚ ਧਾਰਮਕ ਜੋਸ਼ ਹੋਰ ਭੀ ਵਧੇਰੇ ਰੰਗ ਫੜ ਗਿਆ।

ਜਦ ਗੁਰਦੁਆਰਾ ਸ੍ਰੀ ਤਰਨਤਾਰਨ ਸਾਹਿਬ ਦੇ ਮੋਰਚੇ ਦੀ ਖ਼ਬਰ ਇਸ ਨਗਰ ਵਿਚ ਪੁਜੀ ਤਾਂ ਝੱਟ ਪਟ ਸੋਲਾਂ ਸਿੰਘਾਂ ਦਾ ਜਥਾ ਤਿਆਰ ਹੋਕੇ ਤੁਰ ਪਿਆ। ਸਾਰਾ ਜੱਥਾ ਇਕੋ ਪਿੰਡ ਦਾ ਤਿਆਰ ਬਰ ਤਿਆਰ ਹੋਣ ਕਰਕੇ ਪ੍ਰਬੰਧਕਾਂ ਨੇ ਇਸ ਨੂੰ ਗੁਰਦੁਆਰੇ ਦੇ ਖ਼ਜ਼ਾਨੇ ਦੀ ਸੰਭਾਲਨ ਦੀ ਸੇਵਾ ਸੌਂਪ ਦਿਤੀ। ਇਨ੍ਹਾਂ

ਸਿੰਘਾਂ ਨੇ ਰਾਤ ਦਿਨੇਂ ਬੜੀ ਤਕੜਾਈ ਨਾਲ ਪਹਿਰੇ ਤੇ ਡਟੇ ਰਹਿਣਾ। ਇਸ ਸਮੇਂ ਗੁਰਦੁਆਰਾ ਭਾਈ ਜੋਗਾ ਸਿੰਘ, ਪਿਸ਼ਾਵਰ ਤੋਂ ਤਰਨਤਾਰਨ ਤਾਰ ਪੁਜੀ ਕਿ ਇਥੇ ਸਿੰਘਾਂ ਦੀ ਲੋੜ ਹੈ, ਤਾਂ ਇਸ ਜਥੇ ਵਿਚੋਂ ਚੁਣਵੇਂ ਅਠ ਜਵਾਨ ਕਢ ਕੇ ਪਸ਼ਾਵਰ ਨੂੰ ਜਾਣ ਵਾਲੇ ਜਥੇ ਵਿਚ ਪਾਏ ਗਏ ਅਤੇ ਅੱਠ ਸਿੰਘ ਤਰਨਤਾਰਨ ਰਖ ਲਏ। ਇਹ ਸੋਲਾਂ ਸਿੰਘ ਹੀ ਰਹਿਤ ਬਹਿਤ ਵਿਚ ਚੰਗੇ ਪ੍ਰਪੱਕ ਅਤੇ ਬੜੇ ਖ਼ੂਬਸੂਰਤ ਤਾਕਤਵਰ ਛਾਂਟਵੇਂ ਜਵਾਨ ਸਨ।

ਪਸ਼ਾਵਰ ਪੁਜ ਕੇ ਇਨ੍ਹਾਂ ਨੇ ਬੜੀ ਡੂੰਘੀ ਲਗਨ, ਉਤਸ਼ਾਹ ਤੇ ਸਿਖੀ ਦੇ ਆਪ-ਮੁਹਾਰੇ ਅੰਦਰ ਦੇ ਜੋਸ਼ ਨਾਲ ਸ਼ਲਾਘਾ ਯੋਗ ਪ੍ਰੇਮ ਦੀ ਸੇਵਾ ਕੀਤੀ। ਹਰ ਔਖੇ ਸਮੇਂ ਆਪਣੀਆਂ ਜਾਨਾਂ ਦੀ ਪ੍ਰਵਾਹ ਨ ਕਰਦੇ ਹੋਏ ਇਹ ਸੂਰਮੇਂ ਮੈਦਾਨ ਵਿਚ ਕੁਦ ਪਿਆ ਕਰਦੇ ਸਨ। ਸਭ ਨੇ ਉਸ ਸਮੇਂ ਬੜੀ ਤਾਰੀਫ਼ ਕਰਨੀ ਤੇ ਆਖਣਾ ਕਿ ਇਹ ਬੜੇ ਬੇਖ਼ੌਫ਼ ਤੇ ਮਨਚਲੇ ਸਿੰਘ ਹਨ। ਗੁਰਦੁਆਰਾ ਸੁਧਾਰ ਲਹਿਰ ਖ਼ਾਤਰ ੨੪ ਅਸੂ ਸੰ: ੧੯੭੯ ਬਿ: ਨੂੰ ਦੋ ਸਿੰਘ ਢਾਈ ਢਾਈ ਸਾਲ ਦੀ ਸਖ਼ਤ ਕੈਦ ਹੋਏ। ੧੦ ਚੇਤ ਸੰਮਤ ੧੯੭੯ ਬਿ: ਨੂੰ ਇਕ ਸਿੰਘ ਗੁਰਦੁਆਰਾ ਸੁਧਾਰ ਲਹਿਰ ਦਾ ਪ੍ਰਚਾਰ ਕਰਨ ਦੇ ਅਪ੍ਰਾਧ ਵਿਚ ਇਕ ਸਾਲ ਕੈਦ ਹੋਇਆ। ਛੇ ਸਿੰਘ ਗੁਰਦੁਆਰਾ ਜੈਤੋ ਦੇ ਖੰਡਤ ਅਖੰਡ ਪਾਠ ਦੇ ਮੋਰਚੇ ਵਿਚ ਗਏ ਅਤੇ ਬੜੀ ਆਨ ਸ਼ਾਨ ਨਾਲ ਉਥੋਂ ਦੇ ਅਸਹਿ ਦੁਖੜੇ ਝਲਕੇ ਮਝੈ ਸਿੰਘਾਂ ਨਾਲ ਹੀ ਰਿਹਾ ਹੋਕੇ ਆਏ। ਇਨ੍ਹਾਂ ਵਿਚੋਂ ਭਾਈ ਬੇਲਾ ਸਿੰਘ ਅਤੇ ਭਾਈ ਸੰਗਤ ਸਿੰਘ ਜੀ ਨਾਭੇ ਦੀ ਜੇਹਲ ਵਿਚ ਹੀ ਸ਼ਹੀਦ ਹੋ ਗਏ।

ਸ੍ਰੀ ਨਨਕਾਣੇ ਸਾਹਿਬ ਵਾਸਤੇ ਸ਼ਹੀਦੀ ਲਈ ਤਿਆਰੀ

ਜਿਸ ਨਗਰ ਵਿਚ ਹਮੇਸ਼ਾਂ ਹੀ ਕੌਮੀ ਕੰਮਾਂ ਤੇ ਗੁਰੂ ਘਰ ਦੀ ਸੇਵਾ ਲਈ, ਸ੍ਰੀ ਕਲਗ਼ੀਧਰ ਜੀ ਮਹਾਰਾਜ ਦੇ ਬੀਰ ਸਪੁਤ੍ਰ ਹਰ ਇਕ ਕਿਸਮ ਦੀਆਂ ਔਕੜਾਂ ਦੀ ਪ੍ਰਵਾਹ ਨ ਕਰਦੇ ਹੋਏ ਸੇਵਾ ਲਈ ਤਿਆਰ-ਬਰ-ਤਿਆਰ ਰਹਿੰਦੇ ਹੋਣ, ਫੇਰ ਭਲਾ ਇਹ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਸੁਧਾਰ ਦੇ ਮੋਰਚੇ ਲਈ ਇਥੋਂ ਕਿਉਂ ਨ ਪਵਿਤ੍ਰ ਸ਼ਹੀਦੀਆਂ ਲਈ ਸਿੰਘ ਨਿਤਰਦੇ।

ਭਾ: ਗੁਰਚਰਨ ਸਿੰਘ ਪਿੰਡ ਕੋਟਲਾ ਸੰਤਾ ਸਿੰਘ ਨੇ ਭਾ: ਲਛਮਣ ਸਿੰਘ

ਜੀ ਦੀ ਬਾਈਸਿਕਲ ਤੇ ਆ ਕੇ ਚਿਠੀ ਦਿਤੀ ਕਿ ਜਿਨ੍ਹਾਂ ਸਿੰਘਾਂ ਨੇ ਪਹਿਲਾਂ ਸਾਡੇ ਪਾਸ ਨਾਮ ਲਿਖਾਏ ਹੋਏ ਹਨ ਉਹ ਸਭ ਇਕੱਠੇ ਹੋਕੇ ਧਾਰੋਵਾਲੀ ਆ ਜਾਓ। ਇਥੋਂ ਸ੍ਰੀ ਨਨਕਾਣੇ ਸਾਹਿਬ ਦੇ ਗੁਰਦੁਆਰੇ ਦੇ ਕਬਜ਼ੇ ਲਈ ਸ਼ਹੀਦੀ ਜੱਥਾ ਤਿਆਰ ਹੋ ਕੇ ਚਾਲੇ ਪਾਵੇਗਾ। ਇੱਥੋਂ ਪੰਜ ਗੁਰੂ ਕੇ ਲਾਲ ਤਿਆਰ ਹੋ ਕੇ ਤੁਰ ਪਏ,ਜਿਨ੍ਹਾਂ ਵਿਚੋਂ ਚਾਰ ਸਿੰਘ ਤਾਂ ਗੁਰੂ ਕੀ ਹਜ਼ੂਰੀ ਵਿਚ ਸ੍ਰੀ ਜਨਮ ਅਸਥਾਨ ਦੇ ਅੰਦਰ ਹੀ ਸ਼ਹੀਦੀਆਂ ਪ੍ਰਾਪਤ ਕਰ ਗਏ ਅਤੇ ਇਕ ਭਾਈ ਰਾਮ ਸਿੰਘ ਪੁਤ੍ਰ ਭਾਈ ਵਧਾਵਾ ਸਿੰਘ ਅੰਦਰੋਂ ਕੰਧ ਟੱਪ ਕੇ ਜਿਉਂ ਭਜੇ,ਬਚਕੇ ਸੁਖੀ ਸਾਂਦੀ ਘਰ ਨੂੰ ਆ ਗਏ।

ਜਦ ਸ਼ਹੀਦੀ ਜਥਾ ਅੰਦਰ ਦਾਖ਼ਲ ਹੋ ਗਿਆ ਤਾਂ ਅੰਦਰੋਂ ਦਰਸ਼ਨੀ ਡਿਉੜੀ ਤੇ ਦਖਣੀ ਡਿਉੜੀ ਦੇ ਬੂਹੇ ਬੰਦ ਕਰਾ ਕੇ ਜਥੇਦਾਰ ਭਾ: ਲਛਮਣ ਸਿੰਘ ਜੀ ਥਾਂ ਪਰ ਥਾਂ ਸਿੰਘਾਂ ਦੇ ਪੈਹਰੇ ਲੁਆ ਰਹੇ ਸਨ। ਜੋ ਇਸ ਸਮੇਂ ਪਹਿਲਾਂ ਦਖ਼ਣ ਵਲੋਂ ਕੋਠਿਆਂ ਤੋਂ ਬੰਦੂਕਾਂ ਚਲਣੀਆਂ ਸ਼ੁਰੂ ਹੋ ਗਈਆਂ। ਕੁਝ ਸਿੰਘ ਫਟੜ ਹੋਕੇ ਜ਼ਮੀਨ ਤੇ ਡਿੱਗ ਪਏ, ਜਥੇਦਾਰ ਸਭ ਨੂੰ ਵਰਦੀਆਂ ਗੋਲੀਆਂ ਵਿਚ ਸ਼ਾਂਤ ਮਈ ਰਹਿਣ ਦਾ ਉਪਦੇਸ਼ ਦੇ ਰਹੇ ਸਨ ਕਿ ਖ਼ਾਲਸਾ ਜੀ! ਹੱਥ ਨਹੀਂ ਚੁੱਕਣਾ, ਕੌਮ ਦਾ ਹੁਕਮ ਨਹੀਂ ਹੈ।

ਇਸ ਸਮੇਂ ਜਿਹੜੇ ਸਿੰਘ ਗੋਲੀਆਂ ਨਾਲ ਫੱਟੜ ਹੋਏ ਹਿੱਲ ਨਹੀਂ ਸਕਦੇ ਸਨ, ਉਨ੍ਹਾਂ ਉਪਰ ਕੋਠਿਆਂ ਤੋਂ ਇੱਟਾਂ ਦੀ ਵਾਛੜ ਸ਼ੁਰੂ ਹੋ ਗਈ। ਇਸ ਸਮੇਂ ਭਾ: ਰਾਮ ਸਿੰਘ ਜਨਮ ਅਸਥਾਨ ਦੇ ਬੂਹੇ ਅਗੇ ਖੜੋਤੇ ਸਨ, ਜੋ ਦੱਖਣੀ ਡਿਉੜੀ ਵਿਚੋਂ ਭਾਈ ਟਹਿਲ ਸਿੰਘ ਜੀ ਨਜ਼ਾਮਪੁਰ ਦੇਵਾ ਸਿੰਘ ਵਾਲੇ ਨੇ ਇਨ੍ਹਾਂ ਨੂੰ ਇਸ਼ਾਰਾ ਕਰਕੇ ਆਵਾਜ਼ ਦਿੱਤੀ ਕਿ ਖ਼ਾਲਸਾ ਜੀ ਏਧਰ ਅੰਦਰ ਆ ਜਾਓ। ਇਹ ਭੱਜ ਕੇ ਬਚਾ ਲਈ ਉਨ੍ਹਾਂ ਪਾਸ ਚਲੇ ਗਏ। ਏਨੇ ਚਿਰ ਨੂੰ ਬਾਹਰੋਂ ਮਹੰਤ ਦੇ ਹਮੈਤੀਆਂ ਨੇ ਦੱਖਣੀ ਡਿਉੜੀ ਦੇ ਬੂਹੇ ਨੂੰ ਬਾਹਰੋਂ ਜ਼ੋਰ ਨਾਲ ਧਕ ਕੇ ਚੂਥੀ ਪੁਟ ਦਿੱਤੀ, ਤਾਂ ਭਾਈ ਟਹਿਲ ਸਿੰਘ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਨਰਇਣ ਸਿੰਘ ਜੀ ਚੱਕ ਨੰ: ੫੫ ਬੁਰਜ ਅਤੇ ਦੇਵਾ ਸਿੰਘ ਵਾਲੇ ਦੇ ਪੰਜ ਸੱਤ ਸਿੰਘਾਂ ਨੇ ਅੰਦਰੋਂ ਬਾਹਰ ਨੂੰ ਧੱਕ ਕੇ ਚੂਥੀ ਚਾੜ੍ਹਣ ਦਾ ਯਤਨ ਕੀਤਾ, ਤਾਂ ਭਾਈ ਟਹਿਲ ਸਿੰਘ ਜੀ ਨੇ ਭਾਈ ਰਾਮ ਸਿੰਘ ਨਾਲ ਮਿਲ ਕੇ ਇਨ੍ਹਾਂ ਦੇ ਸਫ਼ਾਜੰਗ ਨਾਲ ਬੂਹੇ ਨੂੰ ਅੜੁਤਣਾ ਦੇ ਕੇ ਚੂਥੀ ਚਾੜ੍ਹ ਦਿਤੀ।

ਭਾਈ ਟਹਿਲ ਸਿੰਘ ਜੀ ਦੱਖਣੀ ਡਿਉੜੀ ਵਿਚੋਂ ਜਨਮ ਅਸਥਾਨ ਵਲ ਬਾਹਰ ਮੂੰਹ ਕੱਢ ਕੇ ਵੇਖਣ ਹੀ ਲਗੇ ਸਨ, ਕਿ ਦਰਸ਼ਨੀ ਡਿਉੜੀ ਤੇ ਖੜੋਤੇ ਕਾਤਲਾਂ ਵਿਚੋਂ ਇਕ ਨੇ ਸ਼ਿਸਤ ਬੰਨ੍ਹ ਕੇ ਗੋਲੀ ਮਾਰੀ, ਜੋ ਆਪ ਦੇ ਮੱਥੇ ਵਿਚ ਵੱਜੀ ਤੇ ਆਪ 'ਅਕਾਲ' 'ਅਕਾਲ' ਕਰਦੇ ਉਥੇ ਹੀ ਡਿੱਗ ਕੇ ਸ਼ਹੀਦ ਹੋ ਗਏ। ਦੂਜੇ ਸਿੰਘਾਂ ਨੂੰ ਭਾਈ ਰਾਮ ਸਿੰਘ ਜੀ ਨੇ ਆਖਿਆ ਕਿ ਅਸੀਂ ਪੌੜੀਆਂ ਥਾਣੀ ਉਪਰ ਕੋਠੇ ਤੇ ਚੜ੍ਹੀਏ, ਪਰ ਇਨ੍ਹਾਂ ਨਾਲ ਕੋਈ ਸਿੰਘ ਇਸ ਸਮੇਂ ਉਪਰ ਚੜ੍ਹਣ ਲਈ ਤਿਆਰ ਨਾ ਜਾਪਿਆ ਤਾਂ ਇਹ ਇਕੱਲੇ ਹੀ ਸਫ਼ਾਜੰਗ ਲੈ ਕੇ ਕੋਠੇ ਉਪਰ ਚੜ੍ਹ ਗਏ। ਅਗੋਂ ਜਾਂਦਿਆਂ ਹੀ ਇਨ੍ਹਾਂ ਦੀ ਇਕ ਸਾਧ ਨਾਲ ਮੁੱਠ-ਭੇੜ ਹੋ ਪਈ, ਜਿਸ ਨੂੰ ਕਲਾਵਾ ਭਰ ਕੇ ਆਪ ਨੇ ਜਨਮ ਅਸਥਾਨ ਵਲ ਕੋਠੇ ਤੋਂ ਥੱਲੇ ਭੁੰਞੇਂ ਸੁਟ ਦਿੱਤਾ। ਜਦ ਇਨ੍ਹਾਂ ਨੇ ਸਫ਼ਾਜੰਗ ਭੁਵਾਉਣਾ ਸ਼ੁਰੂ ਕੀਤਾ, ਤਾਂ ਬਾਕੀ ਦੇ ਕੋਠੇ ਵਾਲੇ ਕਾਇਰਾਂ ਨੇ ਵੇਹਲ ਕਰ ਦਿੱਤਾ। ਏਨੇ ਚਿਰ ਨੂੰ ਇੱਕ ਪਠਾਣ ਵੱਖੀ ਬੰਨਿਓਂ ਇਨ੍ਹਾਂ ਦੇ ਗਲ ਆ ਪਿਆ। ਇਨ੍ਹਾਂ ਦਾ ਸਰੀਰ ਚੰਗਾ ਨਰੋਆ ਅਤੇ ਤਾਕਤਵਾਰ ਸੀ। ਇਨ੍ਹਾਂ ਝੱਟ ਉਸ ਦੇ ਪੱਟੀਂ ਪੈ ਕੇ ਉਸ ਨੂੰ ਢਾਹ ਲਿਆ ਤੇ ਛਾਤੀ ਤੇ ਚੜ੍ਹ ਬੈਠੇ। ਜਦ ਇਹ ਉਸ ਨਾਲ ਗੁਥਮ-ਗੁਥਾ ਹੋ ਪਏ ਤਾਂ, ਲਾਗਿਓਂ ਦੂਜੇ ਪਾਸ ਖੜੋਤੇ ਪਠਾਣ ਨੇ ਇਨ੍ਹਾਂ ਨੂੰ ਜੋੜ ਕੇ ਲਕ ਵਿਚ ਡਾਂਗ ਮਾਰੀ ਅਤੇ ਦੂਜੀ ਮਾਰਨ ਲਈ ਉਗਰੀ ਹੀ ਸੀ ਜੋ ਇਨ੍ਹਾਂ ਨੇ ਹੇਠਾਂ ਪਏ ਉਸ ਪਠਾਣ ਨੂੰ ਛੱਡਕੇ ਕੋਠੇ ਤੋਂ ਥੱਲੇ ਛਾਲ ਮਾਰ ਦਿੱਤੀ ਅਤੇ ਉਥੋਂ ਧੌਲਰਾਂ ਵਲ ਨੂੰ ਉੱਠ ਨਸੇ ਅਤੇ ਰਾਹ ਵਿਚ ਲਹੁਕੇ ਅਤੇ ਬੰਡਾਲਾ ਗੁਜਰ ਸਿੰਘ ਵਾਲੇ ਦੇ ਜ਼ਖ਼ਮੀ ਸਿੰਘ ਨੂੰ ਮਿਲ ਕੇ ਉਨ੍ਹਾਂ ਨਾਲ ਚੱਕ ਨੰ: ੫ ਚੂਹੜਕਾਣੇ ਚਲੇ ਗਏ। ਉਸ ਥਾਂ ਤੋਂ ਉਨ੍ਹਾਂ ਨਾਲੋਂ ਨਿਖੜ ਕੇ ਜਾਨ ਬਚਾਕੇ ਰਾਤ ਦੇ ਦਸ ਵਜੇ ਆਪਣੇ ਪਿੰਡ ਪੁਜ ਗਏ।

———

ਭਾਈ ਹਜ਼ਾਰਾ ਸਿੰਘ ਜੀ

ਜਨਮ ਤੇ ਮਾਤਾ ਪਿਤਾ

ਆਪ ਦਾ ਜਨਮ ੧੫ ਪੋਹ ਸੰ: ੧੯੫੮ ਬਿ: ਨੂੰ ਮਾਤਾ ਨੰਦ ਕੌਰ ਦੀ ਕੁਖੋਂ ਭਾਈ ਲਾਲ ਸਿੰਘ ਦੇ ਘਰ ਬੰਡਾਲਾ ਨਿਹਾਲੇ ਆਣਾ ਚੱਕ ਨੰ: ੬੪ ਜ਼ਿਲਾ ਲਾਇਲਪੁਰ ਵਿੱਚ ਹੋਇਆ। ਆਪ ਚਾਰ ਭਰਾ ਸਨ—(੧) ਭਾਈ ਹਜ਼ਾਰਾ ਸਿੰਘ ਜੀ, (੨) ਭਾਈ ਦਾਰਾ ਸਿੰਘ ਜੀ, (੩) ਭਾਈ ਬੇਲਾ ਸਿੰਘ ਜੀ ਜੋ ਨਾਭੇ ਦੀ ਬੀੜ ਵਿਚ ਨਾਵੇਂ ਸ਼ਹੀਦੀ ਜਥੇ ਵਿਚ ਮਾਰ ਕੁਟਾਈ ਨਾਲ ਸ਼ਹੀਦ ਹੋ ਗਏ । (੪) ਭਾਈ ਧਾਰਾ ਸਿੰਘ ਜੀ ਜੋ ਈਸ਼ਵਰ ਦਾ ਭਜਨ ਕਰਨ ਤੇ ਨੇਕ ਕਮਾਈ ਵਿਚ ਰੁਝੇ ਰਹਿੰਦੇ ਹਨ। ਸਾਰੇ ਨਗਰ ਵਿਚ ਆਪ ਖ਼ਾਸ ਇੱਜ਼ਤ ਦੀ ਨਜ਼ਰ ਨਾਲ ਵੇਖੇ ਜਾਂਦੇ ਹਨ।

ਸੁਭਾਓ ਤੇ ਸ਼ਕਲ ਕੱਦ

ਆਪ ਦਾ ਸੁਭੱਾ ਬੜਾ ਹੀ ਸਫ਼ਾਈ ਪਸੰਦ ਸੀ। ਪਿੰਡਾਂ ਦੇ ਲੋਕਾਂ ਦੀ ਆਮ ਗ਼ਰੀਬੀ,ਅਵਿਦਿਆ ਅਤੇ ਅਠੇ ਪਹਿਰ ਸਖ਼ਤ ਜ਼ਿਮੀਂਦਾਰੀ ਰੁਝੇਵਿਆਂ ਦੇ ਕਾਰਨ ਲਿਬਾਸ ਵਧੇਰੇ ਸਾਫ਼ ਸੁਥਰਾ ਨਹੀਂ ਰਹਿੰਦਾ । ਆਪ ਹਮੇਸ਼ਾਂ ਲੋਕਾਂ ਨੂੰ ਸਾਫ਼ ਸੁਥਰੇ ਰਹਿਣ ਦਾ ਉਪਦੇਸ਼ ਕਰਿਆ ਕਰਦੇ ਸਨ। ਆਪ ਜ਼ਿਮੀਂਦਾਰੀ ਕਾਰ ਕਰਦਿਆਂ ਹੋਇਆਂ ਭੀ ਖ਼ਾਸ ਕਰਕੇ ਬੜੇ ਸਾਫ਼ ਸੁਥਰੇ ਬਸਤਰ ਪਹਿਨਕੇ ਹਮੇਸ਼ਾਂ ਨਸੂਗੇ ਬਣੇ ਰਹਿਣਾ। ਆਪ ਭਾਵੇਂ ਅਨਪੜ੍ਹ ਹੀ ਸਨ ਪਰ ਦਿਮਾਗ਼ ਹਰ ਇਕ ਗਲ ਚੰਗੀ ਅਨੁਭਵ ਕਰਨ ਵਾਲਾ ਸੀ। ਆਪਣੇ ਪਿਤਾ ਦੇ ਘਰ ਜੇਠੇ ਪੁਤਰ ਹੋਣ ਦੇ ਕਾਰਨ ਸਾਰੇ ਘਰ ਬਾਰ ਦੇ ਕੰਮ ਕਾਜ ਦੇ ਮੋਹਰੀ ਸਨ। ਭਜ ਭਜ ਕੇ ਘਰੋਗੀ ਕੰਮ ਕਰਨੇ ਤੇ ਇਸ ਤੋਂ ਬਿਨਾਂ ਸਾਰਾ ਸਾਰਾ ਦਿਨ ਵਾਹੀ ਦੇ ਕੰਮ ਵਿਚ ਰੁਝਿਆਂ ਰਹਿਣਾ। ਜੀਵਨ ਬੜਾ ਸਾਦਾ ਤੇ ਸੁਚੱਜਾ ਸੀ। ਹਿਰਦਾ ਸਾਫ਼ ਹੋਣ ਦੇ ਕਾਰਨ ਹਰ ਇਕ ਨੂੰ ਸੱਚੀ ਗਲ ਨਿਰਭੈ ਹੋ ਕੇ ਮੂੰਹ ਤੇ ਆਖ ਦੇਣੀ ਆਪ ਦਾ ਇਕ ਅਸੂਲ ਜਿਹਾ ਬਣਿਆ ਹੋਇਆ ਸੀ।

ਗੁਰੂ ਘਰ ਦੀਆਂ ਸਾਖੀਆਂ ਤੇ ਹੋਰ ਸ਼ਹੀਦੀਆਂ ਦੇ ਇਤਿਹਾਸਕ ਪ੍ਰਸੰਗ ਪ੍ਰੇਮ ਨਾਲ ਸੁਣਨ ਦਾ ਬਹੁਤ ਸ਼ੌਕ ਸੀ। ਧਾਰਮਕ ਦੀਵਾਨਾਂ ਵਿਚ ਛਾਲਾਂ ਮਾਰ ਕੇ ਜਾਣਾ। ਪੰਦਰਾਂ ਕੁ ਸਾਲ ਦੀ ਉਮਰ ਵਿਚ ਸ਼ਾਦੀ ਤੋਂ ਪਹਿਲਾਂ ਹੀ ਭਾਈ ਬੁਧ ਸਿੰਘ ਜੀ ਦੇ ਜਥੇ ਪਾਸੋਂ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਰਹਿਤ ਵਾਨ ਸਿੰਘ ਸਜ ਗਏ।

ਕੱਦ ਸਮੱਧਰ, ਰੰਗ ਗੋਰਾ ਨਛੋਹ, ਛਾਤੀ ਤੇ ਮੱਥਾ ਚੌੜਾ, ਰੰਗਲੀ ਜਵਾਨੀ ਦੀ ਦੱਮਕ ਮਾਰਦਾ ਸੀ। ਮਾਪਿਆਂ ਦਾ ਲਾਡਲਾ, ਅਣਖੀ ਤੇ ਸ਼ੌਕੀਨ ਪੁਤ੍ਰ ਸੀ। ਦੌੜਣ ਵਿਚ ਛੋਹਲਾ ਅਤੇ ਸੁਭੌਂ ਹਸ-ਮੁਖ ਹੋਣ ਦੇ ਕਾਰਨ ਚਿਹਰਾ ਹਸੂੰ ਹਸੂੰ ਕਰਦਾ ਸਦਾ ਖਿੜਿਆ ਰਹਿੰਦਾ ਸੀ। ਕਿਸੇ ਦੇ ਦੁੱਖ ਦਰਦ ਨੂੰ ਵੇਖ ਕੇ ਹਰ ਤਰ੍ਹਾਂ ਨਾਲ ਉਸ ਦੀ ਮਦਦ ਕਰਨੀ ਆਪ ਦਾ ਇਕ ਖ਼ਾਸ ਸ਼ੁਭ ਗੁਣ ਸੀ।

ਅਨੰਦ ਵਿਆਹ ਤੇ ਸੰਤਾਨ

ਆਪ ਦਾ ਅਨੰਦ ਕਾਰਜ ਮਹੀਨਾ ਹਾੜ ਸੰ: ੧੯੭੩ ਬਿ: ਵਿਚ ਭਾਈ ਅਤਰ ਸਿੰਘ ਜੀ ਦੀ ਸਪੁਤ੍ਰੀ ਬੀਬੀ ਗੁਲਾਬ ਕੌਰ ਨਾਲ, ਬੁਤਾਲਾ ਜ਼ਿਲਾ ਅੰਮ੍ਰਿਤਸਰ ਵਿਚ ਪੂਰਨ ਗੁਰਮਰਯਾਦਾ ਅਨੁਸਾਰ ਹੋਇਆ। ਵਿਆਹ ਦੇ ਚਾਰ ਸਾਲ ਪਿਛੋਂ, ਸ਼ਹੀਦੀ ਤੋਂ ਇਕ ਮਹੀਨਾ ਪਹਿਲਾਂ ਇਕ ਬੀਬੀ ਜਨਮੀ, ਜੋ ਅੱਠ ਮਹੀਨੇ ਦੀ ਹੋ ਕੇ ਚੜ੍ਹਾਈ ਕਰ ਗਈ। ਆਪਣੀ ਸੁਪਤਨੀ ਤੇ ਘਰ ਦੇ ਹੋਰ ਟੱਬਰ ਟੋਰ ਨਾਲ ਆਪ ਦਾ ਬੜਾ ਡੂੰਘਾ ਪਿਆਰ ਸੀ। ਜੇ ਕਿਸੇ ਨੂੰ ਜ਼ਰਾ ਮਾਸਾ ਭੀ ਦੁੱਖ ਪੀੜ ਹੋਣਾ, ਤਾਂ ਭਜਿਆਂ ਫਿਰਨਾ ਅਤੇ ਬਗਾਨਾ ਦੁੱਖ ਵੇਖ ਕੇ ਆਪ ਦਾ ਕੋਮਲ ਹਿਰਦਾ ਜਰ ਨਹੀਂ ਸਕਿਆ ਕਰਦਾ ਸੀ। ਸਾਰੀ ਸਾਰੀ ਰਾਤ ਸੇਵਾ ਕਰਦਿਆਂ ਹੀ ਕਈ ਕਈ ਰਾਤਾਂ ਉਨੀਂਦਰੇ ਹੀ ਲੰਘਾ ਦਿਆ ਕਰਨੀਆਂ।

ਆਪ ਦੀ ਸ਼ਹੀਦੀ ਦੇ ਨੌਂ ਸਾਲ ਮਗਰੋਂ ਬੀਬੀ ਗੁਲਾਬ ਕੌਰ ਜੀ ਦਾ ਇਨ੍ਹਾਂ ਦੇ ਛੋਟੇ ਭਰਾਤਾ ਭਾਈ ਦੀਦਾਰ ਸਿੰਘ ਨਾਲ ਅਨੰਦ ਕਾਰਜ ਕਰ ਦਿਤਾ ਗਿਆ।

ਪੰਥਕ ਸੇਵਾ ਦਾ ਅਵਸਰ

ਆਪ ਨੂੰ ਧਾਰਮਕ ਦੀਵਾਨਾਂ ਤੇ ਜਾ ਕੇ ਪ੍ਰਚਾਰ ਸੁਣਨ ਦਾ ਬੜਾ ਭਾਰਾ ਚੱਾ ਸੀ। ਇਹ ਇਸੇ ਪ੍ਰਚਾਰ ਸੁਣਨ ਦਾ ਹੀ ਅਸਰ ਸੀ ਕਿ ਜਦੋਂ ਸ੍ਰੀ ਅੰਮ੍ਰਿਤਸਰ ਜੀ ਹਰਿਮੰਦਰ ਸਾਹਿਬ ਦੀਆਂ ਚਾਬੀਆਂ ਖੋਹੀਆਂ ਜਾਣ ਦਾ ਮੋਰਚਾ ਲਗਾ ਤਾਂ ਆਪ ਆਪਣੇ ਨਗਰੋਂ ੧੫ ਕੁ ਸਿੰਘਾਂ ਦੇ ਜੱਥੇ ਵਿਚ ਰਲ ਕੇ ਸ੍ਰੀ ਅੰਮ੍ਰਿਤਸਰ ਜੀ ਗ੍ਰਿਫ਼ਤਾਰੀ ਲਈ ਗਏ, ਪ੍ਰੰਤੂ ਜਾਂਦਿਆਂ ਨੂੰ ਮੋਰਚਾ ਫ਼ਤਹ ਹੋ ਚੁਕਾ ਸੀ ਤਾਂ ਆਪ ਸਣੇ ਆਪਣੇ ਸਾਥੀ ਬਾਕੀ ਸਿੰਘਾਂ ਦੇ ਘਰ ਨੂੰ ਵਾਪਸ ਆ ਗਏ। ਪਿੰਡ ਨੂੰ ਮੁੜਦਿਆਂ ਆਉਂਦਿਆਂ ਰਾਹ ਵਿਚ ਬੜੇ ਉਤਸ਼ਾਹ ਨਾਲ ਪੰਥਕ ਸੇਵਾ ਦੀਆਂ ਗਲਾਂ ਬਾਤਾਂ ਕਰਦੇ ਆਏ ਤੇ ਦੂਜੇ ਨਾਲ ਦੇ ਸਾਥੀ ਸਿੰਘਾਂ ਨੂੰ ਭੀ ਗੁਰੂ ਘਰ ਦੀ ਸੇਵਾ ਲਈ ਬੜੇ ਜ਼ੋਰ ਨਾਲ ਸਾਰੇ ਰਾਹ ਹੀ ਪ੍ਰੇਰਨਾ ਕਰਦੇ ਰਹੇ।

ਜਿਸ ਦਿਨ ਆਪ ਨਗਰ ਨੂੰ ਸ੍ਰੀ ਅੰਮ੍ਰਿਤਸਰੋਂ ਵਾਪਸ ਮੁੜੇ ਸਨ, ਉਸ ਦਿਨ ਵਾਪਸ ਆਉਣ ਤੋਂ ਪਹਿਲਾਂ ਆਪ ਨੇ ਆਪਣਾ ਨਾਮ ਅੰਮ੍ਰਿਤਸਰ ਅਕਾਲੀ ਦਲ ਦੇ ਮੈਂਬਰਾਂ ਵਿਚ ਲਿਖਾ ਦਿਤਾ ਸੀ ਕਿ ਅਗੋਂ ਜਦੋਂ ਕਦੋਂ ਭੀ ਕੋਈ ਪੰਥਕ ਸੇਵਾ ਦਾ ਮੌਕਾ ਬਣੇ ਤਾਂ ਮੈਨੂੰ ਸਦ ਘਲਣਾ। ਇਹ ਵਤੀਰਾ ਆਪ ਦੇ ਕੌਮੀ ਪਿਆਰ ਤੇ ਪੰਥਕ ਕੁਰਬਾਨੀ ਦਾ ਸਬੂਤ ਦਿੰਦਾ ਹੈ।

ਸ਼ਹੀਦੀ ਲਈ ਚਾਓ

੯ ਫਗਣ ਮੁਤਾਬਕ ੨੦ ਫ਼ਰਵਰੀ ਸੰ: ੧੯੨੧ ਈ: ਨੂੰ ਸ਼ਾਮ ਦੇ ਚਾਰ ਵਜੇ ਆਪ ਦੇ ਨਾਮ ਭਾਈ ਗੁਰਚਰਨ ਸਿੰਘ ਜੀ, ਭਾਈ ਲਛਮਣ ਸਿੰਘ ਜੀ ਧਾਰੋਵਾਲੀ ਦੀ ਚਿਠੀ ਲੈ ਕੇ ਆਇਆ ਕਿ ਤੁਸੀ ਸਿੰਘ ਲੈ ਕੇ ੮ ਵਜੇ ਰਾਤ ਨੂੰ ਧਾਰੋਵਾਲੀ ਪੁਜ ਜਾਓ। ਸੇਵਾ ਕਰਨ ਤੇ ਬਹੁਤਾ ਅਸਰ ਰਸੂਖ ਰਖਣ ਵਾਲੇ ਭਾਵੇਂ ਅੱਠ ਸਿੰਘ ਪਸ਼ਾਵਰੋਂ ਭਾਈ ਜੋਗਾ ਜੀ ਦੇ ਗੁਰਦੁਆਰੇ ਦੇ ਮੋਰਚੇ ਤੋਂ ਅਜੇ ਤਕ ਵਾਪਸ ਨਹੀਂ ਮੁੜੇ ਸਨ। ਪਰ ਆਪ ਦੇ ਅੰਦਰ ਜਵਾਨੀ ਦਾ ਜੋਸ਼ ਤੇ ਸੇਵਾ ਦਾ ਉਤਸ਼ਾਹ ਦੋਵੇਂ ਜਿਦੋ ਜਿਦੀ ਕੰਮ ਕਰਦੇ ਸਨ ਸ੍ਰੀ ਨਨਕਾਣੇ ਸਾਹਿਬ ਦੇ ਮੋਰਚੇ ਦੀ ਖ਼ਬਰ ਪੜ੍ਹਦਿਆਂ ਸਾਰ ਹੀ ਆਪ ਨੂੰ ਸ਼ਹੀਦੀ ਰੰਗਣ ਚੜ੍ਹ ਗਈ।

ਬੀਮਾਰੀ ਦੇ ਕਾਰਨ ਭਾਵੇਂ ਦੋ ਦਿਨਾਂ ਤੋਂ ਆਪ ਨੇ ਪ੍ਰਸ਼ਾਦ ਭੀ ਨਹੀਂ ਛਕਿਆ ਸੀ। ਇਹ ਖ਼ੁਸ਼ਖ਼ਬਰੀ ਸੁਣਨ ਤੋਂ ਪਹਿਲਾਂ ਕੋਈ ਅੱਧਾ ਕੁ ਘੰਟਾ ਹੀ ਵੇਲਨਾ ਛੱਡ ਕੇ ਘਰ ਆਏ ਸਨ। ਰਾਤ ਦੇ ਨੀਂਦਰੇ ਦੇ ਕਾਰਨ ਲੇਟ ਕੇ ਜ਼ਰਾ ਅੱਖ ਲਾਉਣ ਹੀ ਲਗੇ ਸਨ ਜੋ ਹਲਕਾਰੇ ਨੇ ਆ ਸਚੀਆਂ ਸ਼ਹੀਦੀਆਂ ਦੀ ਚਿੱਠੀ ਦਿਤੀ ਤਾਂ ਉਸੇ ਵੇਲੇ ਪਿੰਡ ਵਿਚ ਕਾਂ-ਵੱਟੀ ਫੇਰ ਦਿਤੀ ਕਿ ਭਾਈ ਚਲੋ ਜਿਸ ਸ੍ਰੀ ਨਨਕਾਣੇ ਸਾਹਿਬ ਸ਼ਹੀਦੀ ਬਾਟੇ ਛਕਣੇ ਹਨ। ਇਹ ਸੋਹਣੇ ਸੁਨੇਹੇ ਦੇ ਕੇ ਝਟ ਪਟ ਹੀ ਤਿਆਰੇ ਕਰ ਲਏ ਅਤੇ ਬਾਕੀ ਨਾਲ ਦੇ ਸਿੰਘਾਂ ਦੀ ਉਡੀਕ ਵਿਚ ਪਰ੍ਹੇ ਦੇ ਤਖ਼ਤ ਪੋਸ਼ ਤੇ ਆ ਬੈਠੇ। ਮਾਤਾ ਜੀ ਨੇ ਇੱਥੇ ਆ ਕੇ ਬੜੇ ਲਾਡ ਤੇ ਪਿਆਰ ਨਾਲ ਆਖਿਆ ਕਿ "ਪੁਤ ਤੂੰ ਤਕੜਾ ਨਹੀਂ ਹੈਂ, ਥਕਿਆ ਹੋਇਆ ਹੈਂ, ਇਸ ਲਈ ਨਨਕਾਣੇ ਨ ਜਾਹ ?" ਤਾਂ ਹਸ ਕੇ ਉਤ੍ਰ ਦਿਤਾ—ਕਿ ਮਾਤਾ ਜੀ ! ਗੁਰੂ ਘਰ ਦੀ ਸੇਵਾ ਹੈ, ਇਹ ਜਿੰਨੀ ਰੀਝ ਲਾ ਕੇ ਪ੍ਰੀਤ ਨਾਲ ਕਰਾਂਗੇ ਉਨ੍ਹਾਂ ਹੀ ਤਨ, ਮਨ ਸੁਖੀ ਹੋਵੇਗਾ। ਬਾਬੇ ਦੇ ਘਰ ਦੀ ਸੇਵਾ ਕਰਨ ਚਲੇ ਹਾਂ, ਜਿਸ ਸੇਵਾ ਲੈਣੀ ਹੈ ਆਪੇ ਬਾਬਾ ਰਾਜ਼ੀ ਕਰ ਲਵੇਗਾ। ਤੁਸੀਂ ਕੋਈ ਤੌਖਲਾ ਨ ਕਰੋ ਅਸੀਂ ਕਰਤਾਰ ਦੇ ਹੁਕਮ ਅੰਦਰ ਪਰਸੋਂ ਹੀ ਵਾਪਸ ਆ ਜਾਵਾਂਗੇ, ਇਸ ਵਿਚ ਚਿੰਤਾ ਕਰਨ ਵਾਲੀ ਕੇਹੜੀ ਗਲ ਹੈ ਤਾਂ ਮਾਤਾ ਜੀ ਇਹ ਗਲ ਆਖ ਕੇ ਘਰ ਨੂੰ ਮੁੜ ਗਏ "ਹਛਾ ਬਚਿਓ ਮਹਾਰਾਜ ਤੁਹਾਡੀ ਸੇਵਾ ਪਰੰਗਤ ਪਾਵੇ।" ਤੁਰਨ ਸਮੇਂ ਆਪ ਨੇ ਖੱਟੇ ਸਾਫ਼ੇ ਪੱਲੇ ਕੁਝ ਛੋਲੇ ਭੁੰਨਾ ਕੇ ਲੱਕ ਨਾਲ ਬੰਨ੍ਹ ਲਏ ਜੋ ਸ਼ਹੀਦੀ ਸਮੇਂ ਇਹ ਉਸੇ ਤਰ੍ਹਾਂ ਲੱਕ ਨਾਲ ਬਝੇ, ਖ਼ੂਨ ਨਾਲ ਭਿਜੇ ਹੋਏ ਸੰਗਤਾਂ ਨੇ ਵੇਖੇ ਸਨ।

ਥੋੜੇ ਚਿਰ ਪਿਛੋਂ ਭਾਈ ਵਰਿਆਮ ਸਿੰਘ ਜੀ, ਭਾਈ ਚੇਤ ਸਿੰਘ ਜੀ, ਭਾਈ ਰਾਮ ਸਿੰਘ ਜੀ ਤੇ ਭਾਈ ਉਜਾਗਰ ਸਿੰਘ ਜੀ ਭੀ ਤਖ਼ਤ ਪੋਸ਼ ਤੇ ਪੁਜ ਗਏ। ਸਭ ਨੇ ਕਾਲੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ। ਘੰਟਾ ਕੁ ਦਿਨ ਰਹਿੰਦੇ ਨਾਲ ਪਿੰਡ ਦੇ ਚੌਂਕ ਵਿਚ ਹੀ ਅਰਦਾਸਾ ਸੋਧ ਕੇ ਸਾਰੇ ਸਿੰਘਾਂ ਨੂੰ ਫ਼ਤਹ ਗਜਾਈ ਅਤੇ ਸਿਧੇ ਧਾਰੋਵਾਲੀ ਨੂੰ ਚਾਲੇ ਪਾ ਦਿਤੇ। ਇਸ ਦਿਨ ਭਾ: ਨਰਾਇਣ ਸਿੰਘ ਜੀ ਦੇ ਪੁਤ੍ਰ ਭਾਈ ਊਧਮ ਸਿੰਘ ਦਾ ਵਿਆਹ ਸੀ। ਤੁਰਿਆਂ ਜਾਂਦਿਆਂ ਨੂੰ ਉਸ ਆਵਾਜ਼ ਮਾਰ ਕੇ ਆਖਿਆ ਕਿ ਭਾਈ ਅਕਾਲੀਓ ਸਿੰਘੋ !

ਸਿਖੀ ਦਾ ਪਹਿਲਾ ਸਬਕ

ਪਹਿਲਾਂ ਮਰਣ ਕਬੂਲਿ, ਜੀਵਣ ਕੀ ਛਡਿ ਆਸ । ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ ।

ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰੁ ਧਰਿ ਤਲੀ ਗਲੀ ਮੇਰੀ ਆਉ ।

ਇਤੁ ਮਾਰਗਿ ਪੈਰੁ ਧਰੀਜੈ, ਸਿਰੁ ਦੀਜੈ ਕਾਣਿ ਨ ਕੀਜੈ ।



ਭਾਈ ਹਜਾਰਾ ਸਿੰਘ ਜੀ ਚਕ ਨੰਬਰ ੬੪.   ਭਾਈ ਮੰਗਲ ਸਿੰਘ ਜੀ ਕ੍ਰਿਪਾਨ ਬਹਾਦਰ, ਧਾਰੋਵਾਲੀ

ਕੁਝ ਛਕ ਛਕਾ ਲਓ। ਪੰਜਾਂ ਹੀ ਸਿੰਘਾਂ ਨੇ ਉਤ੍ਰ ਦਿਤਾ ਕਿ ਬਹਿ ਕੇ ਖਾਣ ਪੀਣ ਦਾ ਤਾਂ ਹੁਣ ਸਮਾਂ ਕੋਈ ਨਹੀਂ ਹੈ। ਲਿਆ ਐਥੇ ਬਾਹਰ ਹੀ ਫੜਾ ਦੇ ਜੋ ਛਕਾਉਣਾ ਹੈ। ਨਨਕਾਣੇ ਸਾਹਿਬ ਜਾ ਕੇ ਖ਼ਬਰੇ ਜੇ ਭਾਗਾਂ ਵਿਚ ਹੋਇਆ ਤਾਂ ਸ਼ਹੀਦ ਹੀ ਨਹੀਂ ਹੋ ਜਾਣਾ ਹੈ ਤੇ ਮੁੜ ਆ ਕੇ ਕਿਨ ਛਕਣਾ ਛਕਾਉਣਾ ਹੈ। ਉਸ ਨੇ ਮਠਿਆਈ ਦਾ ਥਾਲ ਭਰ ਕੇ ਦਿਤਾ, ਸਭ ਨੇ ਮਠਿਆਈ ਝੋਲੀਆਂ ਵਿਚ ਪਾ ਲਈ। ਸਣੇ ਹਲਕਾਰੇ ਦੇ ਆਪ ਲਪ-ਗੜਪੀ ਮਠਿਆਈ ਖਾਂਦੇ ਵਾਹੋ-ਦਾਹੀ ਧਾਰੋਵਾਲੀ ਨੂੰ ਤੁਰ ਪਏ।

ਰਾਤ ਨੂੰ ਖਾਓ ਪੀਓ ਵੇਲੇ ਧਾਰੋਵਾਲੀ ਪੁਜ ਗਏ। ਅਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਦਸ ਬਾਰਾਂ ਸਿੰਘ ਬੈਠੇ ਸਨ। ਸਭ ਨੂੰ ਨਗਰ ਨਵਾਸੀਆਂ ਨੇ ਕੋਸਾ ਕੋਸਾ ਦੁਧ ਛਕਾਇਆ। ਇਥੋਂ ਇਸ ਜਥੇ ਦੇ ਨਾਲ ਅਰਦਾਸਾ ਸੋਧ ਜੈਕਾਰੇ ਛਡ ਕੇ ਰਾਤੋ ਰਾਤ ਨਹਿਰ ਤੇ ਜਾ ਕੇ ਅੱਧਾ ਘੰਟਾ ਆਰਾਮ ਕੀਤਾ.....................................। ਜਦ ਜ਼ਾਲਮਾਂ ਨੇ ਸ੍ਰੀ ਜਨਮ ਅਸਥਾਨ ਦੀ ਪਵਿਤ੍ਰ ਧਰਤੀ ਉਤੇ ਗੁਰਦੁਆਰਾ ਸੁਧਾਰ ਦੇ ਹਾਮੀਆਂ ਨੂੰ ਗੋਲੀਆਂ ਨਾਲ ਭੁਨਣਾ ਸ਼ੁਰੂ ਕੀਤਾ ਤਾਂ ਆਪ ਨੇ ਬੜੀ ਦਲੇਰੀ ਨਾਲ ਛਾਤੀ ਡਾਹ ਕੇ ਗੋਲੀਆਂ ਨੂੰ ਆਪਣੇ ਸੀਨੇ ਦੀ ਢਾਲ ਬਣਾ ਕੇ ਸਹਾਰਿਆ।

ਆਪ ਦਾ ਮਸਤਕ ਅਤੇ ਮੂੰਹ ਛਵ੍ਹੀਆਂ ਨਾਲ ਫੱਟੜ ਸੀ। ਇਕ ਗੋਲੀ ਸਜੀ ਅਖ ਦੇ ਭਰਵੱਟੇ ਤੇ ਵਜ ਕੇ ਕਨਪਟੀ ਦੇ ਕੋਲ ਦੀ ਲੰਘੀ ਹੋਈ ਸੀ। ਦੂਜੀ ਗੋਲੀ ਦੰਦ ਤੋੜ ਕੇ ਮੂੰਹ ਵਿਚਦੀ ਗਿਚੀ ਥਾਣੀਂ ਲੰਘ ਗਈ। ਦੋ ਗੋਲੀਆਂ ਛਾਤੀ ਵਿਚ ਲਗੀਆਂ ਹੋਈਆਂ ਸਨ। ਆਪ ਜੀ ਦੀ ਪਵਿਤ੍ਰ ਦੇਹ ਜ਼ਾਲਮਾਂ ਪਾਸੋਂ ਅਗ ਦੀ ਭੇਟ ਹੋਣੋਂ ਬਚੀ ਹੋਈ ਸੀ। ਆਪ ਦੇ ਸ੍ਰੀਰ ਨੂੰ ਚੰਗੀ ਤਰ੍ਹਾਂ ਗੌਹ ਨਾਲ ਵੇਖਿਆ ਗਿਆ। ਗੁਰੂ ਘਰ ਦੇ ਸਚੇ ਆਸ਼ਕ ਦੀ ਪਿਠ ਵਲ ਕਿਸੇ ਮਾਮੂਲੀ ਹਥਿਆਰ ਯਾ ਗੋਲੀ ਦਾ ਇਕ ਨਿਸ਼ਾਨ ਭੀ ਨਹੀਂ ਸੀ। ਜਿਸ ਤੋਂ ਸਾਫ਼ ਪਤਾ ਲਗਦਾ ਹੈ ਕਿ ਆਪ ਦੇ ਅੰਦਰ ਉਸ ਸਮੇਂ ਕਿਨੇ ਕੁ ਸਚੀ ਸ਼ਹੀਦੀ ਦੇ ਚਾਓ ਚੜ੍ਹੇ ਹੋਏ ਸਨ। ਕੌਮ ਅਜਿਹੇ ਸੂਰਮਿਆਂ ਤੇ ਬੀਰ ਬਹਾਦਰਾਂ ਉਤੇ ਜਿਨਾ ਮਾਣ ਕਰੇ ਉਨਾਂ ਹੀ ਥੋੜਾ ਹੈ। ਜੋ ਕੌਮ ਨੂੰ ਜੀਉਂਦਿਆਂ ਰਖਣ ਲਈ ਮੌਤ ਦੇ ਨਿਰਦਈ ਪੰਜਿਆਂ ਅਗੇ ਛਾਤੀਆਂ ਤਾਣ ਕੇ ਬੇਖ਼ੌਫ਼ੀ ਨਾਲ ਖੜੇ ਜਾਂਦੇ ਹਨ ਅਤੇ ਸਿਖੀ

ਧਰਮ ਦੀ ਰਖ ਵਖਾਉਂਦੇ ਹਨ। ਅਜ ਜੋ ਇਸ ਪਵਿਤ੍ਰ ਅਸਥਾਨ ਉਤੇ ਧਰਮ ਦੇ ਝੰਡੇ ਝੁਲ ਕੇ ਡੰਕੇ ਵਜ ਰਹੇ ਹਨ। ਇਹ ਸਭ ਅਜਿਹੇ ਧਰਮੀ ਸ਼ਹੀਦਾਂ ਦੀ ਬਰਕਤ ਦਾ ਹੀ ਸਦਕਾ ਹੈ। ਉਸ ਸਮੇਂ ਆਪ ਦਾ ਫ਼ੋਟੋ ਲਿਆ ਗਿਆ, ਜਿਸ ਤੋਂ ਖਿੜੇ ਮਥੇ ਸਨਮੁਖ ਹੋ ਗੋਲੀਆਂ ਖਾਣ ਦੇ ਨਿਸ਼ਾਨ ਸਾਫ਼ ਨਜ਼ਰ ਆਉਂਦੇ ਹਨ। ਪਾਠਕ ਇਨ੍ਹਾਂ ਨਿਸ਼ਾਨਾਂ ਨੂੰ ਗੌਹ ਨਾਲ ਤਕਣ ਤਾਂ ਇਹ ਗਲ ਸੁਤੇ ਸਿਧ ਹੀ ਨਿਸਚੇ ਹੋ ਜਾਵੇਗੀ ਕਿ ਸਚ ਮੁਚ ਇਹ ਨਿਸ਼ਾਨ ਹੀ ਜੀਉਂਦੀਆਂ ਕੌਮਾਂ ਦੀ ਇਕ ਸ਼ਹੀਦੀ ਵਸੀਅਤ ਦਾ ਪ੍ਰਿਤ ਬਿੰਬ ਹਨ। ਜਿਸ ਦੇ ਆਸਰੇ ਅਸੀਂ ਸਦਾ ਜੀਉਂਦੀਆਂ ਕੌਮਾਂ ਦੀ ਗਿਣਤੀ ਵਿਚ ਸ਼ੁਮਾਰ ਹੋਣ ਲਈ ਆਪਣੇ ਅੰਦਰ ਜੀਵਨ ਕਣੀ ਪੈਦਾ ਕਰਨੀ ਹੈ।*

ਭਾਈ ਵਰਿਆਮ ਸਿੰਘ ਜੀ

ਜਨਮ ਅਤੇ ਮਾਤਾ ਪਿਤਾ

ਆਪ ਦਾ ਜਨਮ ੩੧ ਜੁਲਾਈ ਸੰ: ੧੮੮੧ ਈ: ਨੂੰ ਪਿੰਡ ਸੁਤੋਵਾਲ ਜ਼ਿਲਾਂ ਅੰਮ੍ਰਿਤਸਰ ਵਿਚ ਸ਼ਾਹ ਵੇਲੇ, ਮਾਈ ਹੁਕਮੀ ਦੀ ਕੁਖੋਂ ਭਾਈ ਦੂਲਾ ਸਿੰਘ ਦੇ ਘਰ ਹੋਇਆ। ਸੰ: ੧੮੯੩ ਈ: ਵਿਚ ਜਦੋਂ ਜ਼ਿਲਾ ਲਾਇਲਪੁਰ ਦੇ ਇਲਾਕੇ ਦੀ ਚਕ ਬੰਦੀ ਹੋਈ ਤਾਂ ਆਪ ਦੇ ਪਿਤਾ ਨੇ ਇਥੇ ਆਕੇ ਸੇਪ ਕਰ ਲਈ। ਉਸ ਸਮੇਂ ਆਪ ਦੀ ਉਮਰ ੧੨ ਸਾਲ ਦੀ ਸੀ। ਨਿਕੇ ਹੁੰਦਿਆਂ ਮਾਲ ਢਾਂਡਾ ਚਾਰਨ ਦਾ ਕੰਮ ਕੀਤਾ ਅਤੇ ਵੱਡੇ ਹੋਕੇ ਕੁਝ ਚਿਰ ਸੇਪ ਕੀਤੀ ਅਤੇ ਪਿੱਛੋਂ ਮੁਰਬੇ ਹਿੱਸੇ ਤੋਂ ਲੈਕੇ ਵਾਹੀ ਜੋਤੀ ਕਰਦੇ ਰਹੇ। ਆਪ ਦਾ ਕਾਰ ਵਿਹਾਰ ਤੇ ਲੋਕਾਂ ਨਾਲ ਆਮ ਵਰਤੋਂ ਵਿਹਾਰ ਸੋਹਣਾ ਖਰਿਆਂ ਬੰਦਿਆਂ ਵਾਲਾ ਸੀ, ਆਪ ਦਾ ਰੰਗ ਪੱਕਾ ਸੌਲਾ, ਕਦ ਲੰਮਾ, ਸਰੀਰ ਭਾਰਾ ਪਰ ਕੰਮ ਕਾਜ ਕਰਨ ਵਿਚ ਚੁਸਤ ਸੀ।

---

* ਆਪ ਦੇ ਵਾਰਸਾਂ ਨੇ ਗੁਰਦੁਆਰਾ ਕਮੇਟੀ ਵਲੋਂ ਪਿਨਸ਼ਨ ਲੈਣੀ ਸਵੀਕਾਰ ਨਹੀਂ ਕੀਤੀ ਸੀ। ਕੇਵਲ ੧੮੦) ਰੁਪਏ ਕਰਜ਼ਾ ਹੀ ਉਤਰਵਾਇਆ ਸੀ।

ਸ਼ਾਦੀ ਤੇ ਪ੍ਰਵਾਰ

ਆਪ ਪੰਜ ਭਰਾ ਤੇ ਚਾਰ ਭੈਣਾਂ ਸਨ। ੧. ਬੀਬੀ ਇੰਦਰ ਕੌਰ, ੨. ਭਾਈ ਵਰਿਆਮ ਸਿੰਘ, ੩. ਭਾਈ ਸ਼ੇਰ ਸਿੰਘ, ੪. ਭਾਈ ਮੇਹਰ ਸਿੰਘ, ੫. ਭਾਈ ਬਿਸ਼ਨ ਸਿੰਘ, ੬. ਭਾਈ ਸੋਹਣ ਸਿੰਘ, ੭. ਬੀਬੀ ਜਿੰਦ ਕੌਰ, ੮. ਬੀਬੀ ਨੰਦ ਕੌਰ, ੯. ਬੀਬੀ ਧੰਨ ਕੌਰ। ਆਪ ਦਾ ਨਾਨਾ ਪੂੰਨੂੰ ਪੰਜ ਗਰਾਈਂ ਜ਼ਿਲਾ ਗੁਰਦਾਸਪੁਰ ਦਾ ਰਹਿਣ ਵਾਲਾ ਸੀ। ਆਪ ਦੀ ਸ਼ਾਦੀ ਪਿੰਡ ਚੌਧਰੀ ਵਾਲੇ, ਜ਼ਿਲਾ ਅੰਮ੍ਰਿਤਸਰ ਵਿਚ ਭਾ: ਲਹਿਣੇ ਦੀ ਬੀਬੀ ਜਵਾਲੀ ਨਾਲ ਹੋਈ। ਆਪ ਦੇ ਘਰ ਦੋ ਕਾਕੀਆਂ ਪੈਦਾ ਹੋਈਆਂ। ਇਕ ਬੀਬੀ ਨਿਹਾਲ ਕੌਰ ੧੨ ਸਾਲ ਦੀ ਉਮਰ ਵਿਚ ਵਿਆਹੀ ਪ੍ਰਨਾਈ ਹੋਈ ਗੁਜ਼ਰ ਗਈ। ਦੂਜੀ ਬੀ: ਦਿਆਲ ਕੌਰ ਜਿਸ ਦਾ ਅਨੰਦ ਕਾਰਜ ਭਾ: ਹਰੀ ਸਿੰਘ ਨਾਲ ਧੰਨੂੰਆਣੇ ਜ਼ਿਲਾ ਲਾਇਲਪੁਰ ਵਿਚ ਕੀਤਾ ਗਿਆ। ਸ਼ਹੀਦ ਹੋਣ ਤੋਂ ਚਾਰ ਸਾਲ ਪਹਿਲਾਂ ਸਿੰਘਣੀ ਚੜ੍ਹਾਈ ਕਰ ਗਈ ਸੀ।

ਕਾਰ ਵਿਹਾਰ ਤੇ ਰਹਿਣੀ ਬਹਿਣੀ

ਪਹਿਲੀ ਅਵਸਥਾ ਵਿਚ ਪਿੰਡ ਦੇ ਜ਼ਿਮੀਂਦਾਰਾਂ ਪਾਸ ਸੇਪ ਕਰਦੇ ਸਨ। ਨਿਕਿਆਂ ਹੁੰਦਿਆਂ ਸੁਭਾ ਬੜਾ ਸੰਗਾਊ ਤੇ ਸ਼ਰਮ-ਹਜ਼ੂਰ ਸੀ। ਭਾਬੀਆਂ ਨੇ ਵੇਹੜੇ ਵਿਚ ਬੈਠਿਆਂ ਹੋਣਾ ਤਾਂ ਮੂੰਹ ਤੇ ਪੱਲਾ ਪਾ ਕੇ ਲੰਘ ਜਾਣਾ। ਪਹਿਲਾਂ ਪਹਿਲਾਂ ਕੁਸ਼ਤੀਆਂ ਘੁਲਣ ਦਾ ਬੜਾ ਸ਼ੌਕ ਸੀ। ਪਲਟਨ ਵਿਚ ਜਾ ਕੇ ਦੋ ਵੇਰ ਘੋਲਾਂ ਦੇ ਇਨਾਮ ਪ੍ਰਾਪਤ ਕੀਤੇ। ਚੰਗੇ ਗੁਰਮੁਖਾਂ ਤੇ ਭਲੇ ਪੁਰਸ਼ਾਂ ਦੀ ਸੰਗਤ ਕਰਨੀ, ਜਿਸ ਦੇ ਕਾਰਨ ਆਪ ਨੇ ਅੰਮ੍ਰਿਤ ਛਕ ਲਿਆ। ਇਸ ਦਿਨ ਤੋਂ ਆਪ ਅੰਦਰ ਸਿੱਖੀ ਦਾ ਬੜਾ ਡੂੰਘਾ ਪਿਆਰ ਪੈ ਗਿਆ। ਆਪ ਨੇ ਬਾਕੀ ਸਿੰਘਾਂ ਨੂੰ ਭੀ ਧਰਮ ਉਪਦੇਸ਼ ਕਰਨਾ ਸ਼ੁਰੂ ਕਰ ਦਿਤਾ। ਜਿਸ ਦਿਨ ਆਪ ਨੇ ਅੰਮ੍ਰਿਤ ਪਾਨ ਕੀਤਾ ਸੀ, ਉਸ ਦਿਨ ਤੋਂ ਸਾਰੇ ਭਾਂਡੇ ਸਰਬ ਲੋਹ ਦੇ ਲਾ ਲਏ ਸਨ। ਵਸੇਬਾ ਅਖੌਤੀ ਅਛੂਤਾਂ ਵਿਚ ਹੋਣ ਦੇ ਕਾਰਨ ਆਪਣਾ ਪ੍ਰਸ਼ਾਦ ਆਪਣੀ ਹੱਥੀਂ ਤਿਆਰ ਕਰਨਾ, ਕਿਸੇ ਦੂਜੇ ਬਰਾਦਰੀ ਦੇ ਬੰਦੇ ਨਾਲ ਕਿਸੇ ਕਿਸਮ ਦੀ ਕੋਈ ਸਾਂਝ ਨਹੀਂ ਰਖੀ ਹੋਈ ਸੀ।

ਜਦ ਸੰ: ੧੯੧੪ ਈ: ਵਿਚ ਜਰਮਨ ਦੀ ਲੜਾਈ ਲਗੀ ਤਾਂ ਆਪ ਪਲਟਨ ਨੰ: ੮ ਵਿਚ ਸਿਪਾਹੀ ਭਰਤੀ ਹੋਕੇ ਨੌਕਰ ਹੋ ਗਏ। ਪਲਟਨ ਵਿਚ ਆਕੇ ਆਪ ਨੂੰ ਸਿੱਖੀ ਦਾ ਹੋਰ ਭੀ ਰੰਗ ਚੜ੍ਹ ਗਿਆ, ਅਠੇ ਪਹਿਰ ਗਾਤ੍ਰੇ ਕ੍ਰਿਪਾਨ ਸਜਾਈ ਰਖਣੀ। ਇਕ ਵੇਰ ਪਲਟਨ ਦੇ ਅਫ਼ਸਰਾਂ ਨੇ ਜਦ ਇਨ੍ਹਾਂ ਨੂੰ ਝੱਗੇ ਦੇ ਥਲੇ ਕ੍ਰਿਪਾਨ ਸਜਾਈ ਵੇਖਿਆ, ਤਾਂ ਫ਼ੌਜੀ ਕਾਨੂੰਨ ਅਨੁਸਾਰ ਇਨ੍ਹਾਂ ਦੀ ਕ੍ਰਿਪਾਨ ਉਤਾਰ ਲਈ ਗਈ, ਪ੍ਰੰਤੂ ਇਸ ਕ੍ਰਿਪਾਨ ਦੇ ਸਚੇ ਆਸ਼ਕ ਨੇ ਕ੍ਰਿਪਾਨ ਦੇ ਵਿਛੋੜੇ ਵਿਚ ਭੁਖ ਹੜਤਾਲ ਕਰ ਦਿਤੀ ਅਤੇ ਉੱਨਾ ਚਿਰ ਤਕ ਅੰਨ ਜਲ ਨ ਛਕਿਆ, ਜਿੰਨਾ ਚਿਰ ਤਕ ਕਿ ਸਰਕਾਰੀ ਅਫ਼ਸਰਾਂ ਨੇ ਆਪਣੀ ਭੁਲ ਮੰਨਕੇ ਇਨ੍ਹਾਂ ਨੂੰ ਕ੍ਰਿਪਾਨ ਵਾਪਸ ਕਰਕੇ ਨ ਪਹਿਨਾ ਦਿਤੀ। ਇਸ ਗਲ ਤੋਂ ਪਤਾ ਲਗਦਾ ਹੈ ਕਿ ਆਪ ਅੰਦਰ ਉਸ ਸਮੇਂ ਕਿੰਨਾ ਕੁ ਗੁਰਸਿੱਖੀ ਦਾ ਪਿਆਰ ਸੀ, ਜਦੋਂ ਕਿ ਅਜੇ ਕ੍ਰਿਪਾਨ ਦੀ ਆਮ ਖੁਲ੍ਹ ਭੀ ਨਹੀਂ ਹੋਈ ਸੀ। ਆਪ ਦੀ ਇਹ ਦਲੇਰੀ ਤੇ ਰਹਿਤ ਦੀ ਪਕਿਆਈ ਸਾਫ ਦਸਦੀ ਹੈ ਕਿ ਆਪ ਇਸ ਸਮੇਂ ਧਰਮ ਦੀ ਮਹਿਕ ਵਿਚ ਮਸਤ ਹੋ ਚੁਕੇ ਸਨ। ਇਸੇ ਰੰਗਣ ਅਤੇ ਮਸਤੀ ਦੇ ਸਮੇਂ ਹੀ ਆਪ ਨੇ ਪਲਟਨ ਵਿਚ ਗੁਰਮੁਖੀ ਪੜ੍ਹੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਚੰਗੇ ਅਖੰਡ ਪਾਠੀ ਹੋ ਗਏ। ਰੋਜ਼ ਨਿਤ ਨੇਮ ਕਰਨਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਰ ਰੋਜ਼ ਹਥੀਂ ਸੇਵਾ ਕਰਨੀ। ਢੋਲਕੀ ਛੈਣਿਆਂ ਨਾਲ ਗੁਰਦੁਆਰੇ ਦੀਵਾਨ ਲਾਉਣੇ ਅਤੇ ਡਾਹਡੀ ਲਗਨ ਨਾਲ ਗੁਰਮਤ ਪ੍ਰਚਾਰ ਕਰਨਾ। ਆਪ ਕਈ ਵੇਰ ਨਿਤਨੇਮ,ਪਾਠ ਅਤੇ ਸਿਮਰਨ ਵਿਚ ਮਗਨ ਰਹਿਣ ਕਰਕੇ ਅਫ਼ਸਰਾਂ ਦੀ ਪੁਛਾ-ਗਿਛੀ ਵਿਚ ਭੀ ਆਉਂਦੇ ਰਹੇ।

ਆਪ ਦੀ ਬ੍ਰਿਤੀ

ਆਪ ਦਾ ਵਧੇਰੇ ਝੁਕਾ ਦਿਨੋ ਦਿਨ ਗੁਰਬਾਣੀ ਦੇ ਪਾਠ ਤੇ ਨਾਮ ਸਿਮਰਨ ਅਭਿਆਸ ਵਲ ਹੁੰਦਾ ਗਿਆ, ਜਿਸਤੋਂ ਪਲਟਨ ਦੇ ਅਫ਼ਸਰਾਂ ਨੇ ਵਧੇਰੀ ਟੋਕਾ-ਟਾਕੀ ਸ਼ੁਰੂ ਕਰ ਦਿਤੀ। ਜਦ ਆਪ ਨੇ ਵੇਖਿਆ ਕਿ ਮੈਂ ਪਲਟਨ ਦੀ ਨੌਕਰੀ ਵਿਚ ਆਪਣੀ ਇਸ ਬ੍ਰਿਤੀ ਦੇ ਰਸ ਨੂੰ ਨਹੀਂ ਮਾਣ ਸਕਦਾ ਹਾਂ, ਤਾਂ ਆਪ ਨੇ ਪੰਜ ਸਾਲ ਪਿੱਛੋਂ ਇਸ ਸ੍ਰਕਾਰੀ ਨੌਕਰੀ ਨੂੰ ਲੱਤ ਮਾਰਕੇ ਆਪਣਾ ਨਾਮ ਕਟਾ ਲਿਆ।

ਪਿੰਡ ਆ ਕੇ ਆਪ ਨੇ ਇਕ ਵੱਖਰਾ ਕੋਠਾ ਛੱਤ ਕੇ ਉਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿਤਾ, ਜਿਸ ਵਿਚ ਆਪ ਨੇ ਠੱਟੀ ਦੇ ਦੂਜੇ ਬੰਦਿਆਂ ਨੂੰ ਇਕੱਤ੍ਰ ਕਰਕੇ ਗੁਰਮਤ ਦਾ ਪ੍ਰਚਾਰ ਕਰਨਾ। ਸ਼ਬਦ ਕੀਰਤਨ ਤੇ ਮਹਾਰਾਜ ਦੀ ਕਥਾ ਸੁਣਾਉਣੀ, ਆਪ ਦੇ ਇਸ ਪ੍ਰਚਾਰ ਦਾ ਚੰਗਾ ਅਸਰ ਹੋਇਆ ਤੇ ਕਈ ਪ੍ਰੇਮੀ ਅੰਮ੍ਰਿਤ ਛਕਕੇ ਤਿਆਰ ਬਰ ਤਿਆਰ ਹੋ ਗਏ। ਆਪ ਦੀ ਬ੍ਰਿਤੀ ਵਧੇਰੇ ਨਾਮ ਜਪਣ ਤੇ ਬਾਣੀ ਪੜ੍ਹਣ ਵਿਚ ਹੀ ਲਗੀ ਰਹਿੰਦੀ ਸੀ।

ਜਿਥੇ ਕਿਤੇ ਭੀ ਇਲਾਕੇ ਵਿਚ ਧਾਰਮਕ ਦੀਵਾਨ ਸਜਣੇ, ਆਪਣੇ ਸੌ ਕੰਮ ਛੱਡ ਕੇ ਭੀ ਉਥੇ ਪੁਜਣਾ। ਆਪ ਦਾ ਵਧੇਰੇ ਮੇਲ-ਗੇਲ ਗੁਰਪੁਰ ਵਾਸੀ ਸ: ਤੇਜਾ ਸਿੰਘ ਜੀ ਸਮੁੰਦਰੀ ਨਾਲ ਹੁੰਦਾ ਸੀ। ਦੀਵਾਨ ਵਿਚ ਸਿੰਘ ਆਪ ਨਾਲ ਸੰਗਤ ਪੰਗਤ ਦਾ ਕੋਈ ਪ੍ਰਹੇਜ਼ ਨਹੀਂ ਕਰਦੇ ਸਨ। ਪਰ ਇਕ ਵੇਰ ਦੀ ਗਲ ਹੈ ਕਿ ਜਦੋਂ ਆਪ ਗੁਰਦੁਆਰਾ ਭਾਈ ਜੋਗਾ ਸਿੰਘ ਪਿਸ਼ਾਵਰ, ਦੀ ਸੇਵਾ ਲਈ ਨੀਲੇ ਬਸਤ੍ਰ ਪਹਿਨਕੇ ਆਪਣੇ ਪਿੰਡ ਦੇ ਦੂਜੇ ਸਿੰਘਾਂ ਨਾਲ ਤਿਆਰ ਹੋ ਪਏ। ਤਾਂ ਅਵਿਦਿਆ ਦੇ ਕਾਰਨ ਨਗਰ ਦੇ ਕੁਝ ਸਿੰਘਾਂ ਨੇ ਕਿਹਾ ਕਿ ਅਸੀਂ ਚੌਥੇ ਪੌੜੇ ਦੇ ਸਿੰਘਾਂ ਨੂੰ ਨਾਲ ਲੈ ਜਾ ਕੇ ਇਕ ਥਾਂ ਨਹੀਂ ਛੱਕਣਾ ਹੈ। ਖ਼ੈਰ ਆਪ ਨੇ ਨਿਰਾਸਤਾ ਵਿਚ ਵਾਪਸ ਮੁੜਣ ਸਮੇਂ ਸਹਿਜ ਸੁਭੱਾ ਇਹ ਸ਼ਬਦ ਆਖੇ "ਤੁਸੀਂ ਮੈਨੂੰ ਗੁਰਮੁਖੋ ਕਿਉਂ ਅੱਡ ਕਰਦੇ ਹੋ? ਸ਼ਹੀਦ ਤਾਂ ਅਸਾਂ ਪਿੰਡ ਦਿਆਂ ਨੇ ਇਕੱਠਿਆਂ ਹੀ ਹੋਣਾ ਹੈ"।

ਇਹ ਗੱਲ ਆਖ ਕੇ ਆਪ ਨਿਰਾਸਤਾ ਵਿਚ ਨਿਮੂ-ਝੂਣੇ ਜਿਹੇ ਹੋ ਕੇ ਘਰ ਨੂੰ ਵਾਪਸ ਮੁੜ ਆਏ। ਅਗੋਂ ਆਉਂਦਿਆਂ ਨੂੰ ਇਨ੍ਹਾਂ ਦੇ ਭਰਾਤਾ ਭਾਈ ਸ਼ੇਰ ਸਿੰਘ ਨੇ ਵਾਪਸ ਮੁੜ ਆਉਣ ਦਾ ਕਾਰਨ ਪੁਛਿਆ ਤਾਂ ਇਨ੍ਹਾਂ ਨੇ ਇਹ ਗਲ ਬੜੇ ਦੁੱਖ ਨਾਲ ਸਜਲ ਅੱਖਾਂ ਨਾਲ ਦਸੀ ਤਾਂ ਉਨ੍ਹਾਂ ਨੇ ਅਗੋਂ ਬੜੇ ਹੌਂਸਲੇ ਤੇ ਧੀਰਜ ਨਾਲ ਉਤਰ ਦਿੱਤਾ ਕਿ ਇਸ ਵਿਚ ਓਦਰਨ ਦੀ ਗਲ ਹੀ ਕਿਹੜੀ ਹੈ? ਤੁਸੀਂ ਜਥੇਦਾਰ ਭਾਈ ਤੇਜਾ ਸਿੰਘ ਜੀ ਨਾਲ ਹੋ ਕੇ ਚਲੇ ਜਾਓ। ਜਦੋਂ ਗੁਰੂ ਘਰ ਦੀ ਸੇਵਾ ਹੀ ਕਰਨੀ ਤਾਂ ਫੇਰ ਕਿਸੇ ਦੀ ਕੀ ਮੁਸ਼ਿੰਦਗੀ ਹੈ।

ਆਪ ਜਿਵੇਂ ਕਿਵੇਂ ਭੀ ਹੋ ਸਕਿਆ ਸਿਧੇ ਪਿਸ਼ਾਵਰ ਪੁਜ ਗਏ। ਮੋਰਚਾ ਫ਼ਤਹ ਹੋਣ ਤੇ ਬਾਕੀ ਸਿੰਘ ਤਾਂ ਉਥੇ ਹੀ ਰਹੇ, ਪਰ ਆਪ ਅਤੇ ਭਾਈ ਚੇਤ ਸਿੰਘ

ਜੀ ਪਿੰਡ ਦੇ ਦੂਜੇ ਸਿੰਘਾਂ ਤੋਂ ਚੋਰੀ ਪਿੰਡ ਨੂੰ ਵਾਪਸ ਆ ਗਏ;ਕਿਉਂਕਿ ਇਨ੍ਹਾਂ ਨੇ ਪਹਿਲਾਂ ਧਾਰੋਵਾਲੀ ਸ੍ਰੀ ਨਨਕਾਣੇ ਸਾਹਿਬ ਦੇ ਮੋਰਚੇ ਲਈ ਭਾਈ ਲਛਮਣ ਸਿੰਘ ਜੀ ਨੂੰ ਨਾਮ ਲਿਖਾਇਆ ਹੋਇਆ ਸੀ ਤੇ ਇਨ੍ਹਾਂ ਨੂੰ ਇਹ ਤੌਖਲਾ ਸੀ ਕਿ ਸਾਡੇ ਪਿਛੋਂ ਜਥਾ ਸ੍ਰੀ ਨਨਕਾਣੇ ਸਾਹਿਬ ਨੂੰ ਨ ਤੁਰ ਜਾਵੇ। ਇਨ੍ਹਾਂ ਦੇ ਵਾਪਸ ਆਉਣ ਵਿਚ ਭੀ ਸਤਿਗੁਰਾਂ ਦਾ ਇਕ ਭੇਦ ਸੀ। ਜੋ ਅਜੇ ਵਾਪਸ ਆਏ ਹੀ ਹਨ ਕਿ ਭਾ: ਲਛਮਣ ਸਿੰਘ ਹੁਰਾਂ ਦੀ ਚਿੱਠੀ ਲੈ ਕੇ ਭਾਈ ਗੁਰਚਰਨ ਸਿੰਘ ਜੀ ਪਿੰਡ ਪੁਜਾ ਹੋਇਆ ਸੀ ਜੋ ਸ੍ਰੀ ਨਨਕਾਣੇ ਸਾਹਿਬ ਦੀ ਸੇਵਾ ਲਈ ਜਥੇਦਾਰ ਦਾ ਹੁਕਮ ਦਸਦਾ ਹੈ। ਕੁਦਰਤ ਨੂੰ ਏਹੋ ਮਨਜ਼ੂਰ ਸੀ ਜੋ ਪਿਸ਼ਾਵਰ ਤੋਂ ਆਪ ਦਾ ਛੇਤੀ ਆਉਣਾ ਬਣ ਗਿਆ ਸੀ।

ਸ਼ਹੀਦੀ ਦੀ ਲਾਗ ਲਗਣੀ

ਆਪ ਨੂੰ ਖ਼ਾਲਸਾ ਦੀਵਾਨਾਂ ਤੇ ਸ੍ਰੀ ਗੁਰੂ ਸਿੰਘ ਸਭਾਵਾਂ ਦੇ ਦੀਵਾਨਾਂ ਤੇ ਜਾ ਕੇ ਪ੍ਰਚਾਰ ਦਾ ਬੜਾ ਸ਼ੌਕ ਸੀ। ਆਪਣੀਆਂ ਦੋਹਾਂ ਬੀਬੀਆਂ ਨੂੰ ਸਮੁੰਦਰੀ ਲੈ ਜਾਕੇ ਦੀਵਾਨ ਤੇ ਅੰਮ੍ਰਿਤ ਛਕਾਇਆ ਤੇ ਘਰੇ ਹੀ ਮਾਮੂਲੀ ਗੁਰਮੁਖੀ ਪੜ੍ਹਾਈ। ਮਾਤਾ ਨੂੰ ਅੰਮ੍ਰਿਤ ਛਕਣ ਲਈ ਬੜਾ ਜ਼ੋਰ ਦਿਤਾ, ਪ੍ਰੰਤੂ ਉਨ੍ਹਾਂ ਪੁਰਾਣੇ ਸੁਭਾਂ ਦੇ ਹੋਣ ਕਰਕੇ ਨ ਛਕਿਆ ਪਰ ਇਨ੍ਹਾਂ ਦੇ ਸ਼ਹੀਦ ਹੋਣ ਪਿਛੋਂ ਉਹ ਭੀ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਗਏ। ਆਪ ਨੇ ਕਈ ਦੀਵਾਨਾਂ ਵਿਚ ਸ੍ਰੀ ਨਨਕਾਣੇ ਸਾਹਿਬ ਦੇ ਮਹੰਤ ਨਰੈਣ ਦਾਸ ਦੀਆਂ ਕੁਰੀਤੀਆਂ ਬਾਬਤ ਬਹੁਤ ਕੁਝ ਸੁਣਿਆ ਗਿਣਿਆ ਹੋਇਆ ਸੀ, ਜਿਸ ਦੇ ਕਾਰਨ ਆਪ ਅੰਦਰ ਸ੍ਰੀ ਨਨਕਾਣੇ ਸਾਹਿਬ ਦੇ ਗੁਰਦੁਆਰੇ ਦੇ ਸੁਧਾਰ ਲਈ ਬੜਾ ਡੂੰਘਾ ਪ੍ਰੇਮ ਹੋ ਚੁਕਾ ਸੀ। ਆਪ ਨੇ ਭਾਈ ਲਛਮਣ ਸਿੰਘ ਹੁਰਾਂ ਨੂੰ ਸ਼ਹੀਦੀ ਲਈ ਆਪਣਾ ਨਾਮ ਲਿਖਵਾ ਦਿਤਾ ਸੀ ਅਤੇ ਸਾਰੇ ਇਲਾਕੇ ਵਿਚ ਫਿਰ ਤੁਰਕੇ ਹੋਰ ਭੀ ਸਿੰਘਾਂ ਨੂੰ ਰਾਤ ਦਿਨ ਪ੍ਰੇਰਨਾ ਕਰਦੇ ਹੁੰਦੇ ਸਨ। ਜਦ ਇਨ੍ਹਾਂ ਦੇ ਪਿੰਡ ਸਦੇ ਦੀ ਚਿਠੀ ਆਈ ਤਾਂ ਆਪ ਝਟ ਪਟ ਤਿਆਰ ਹੋ ਪਏ। ਤੁਰਨ ਤੋਂ ਦੋ ਕੁ ਘੰਟੇ ਪਹਿਲਾਂ ਘਰ ਆ ਕੇ ਆਪਣੀ ਬੀਬੀ ਨੂੰ ਆਖਿਆ ਕਿ ਛੇਤੀ ਨਾਲ ਪ੍ਰਸ਼ਾਦੇ ਸਜਾ ਦਿਓ, ਅਸੀਂ ਧਾਰੋਵਾਲੀਓਂ ਹੋਕੇ ਸ੍ਰੀ ਨਨਕਾਣੇ ਸਾਹਿਬ ਸੇਵਾ ਤੇ ਜਾਣਾ ਹੈ। ਇਸਦੇ ਪਿੱਛੋਂ ਮਾਤਾ ਨੂੰ ਸਦ ਕੇ ਕਿਹਾ ਕਿ ਮਾਈ ਜੀ ਤੁਸੀਂ ਬੀਬੀਆਂ ਪਾਸ ਰਹਿਣਾ। ਮਾਂ ਨੇ

ਆਖਿਆ ਕਿ ਬੱਚਾ ਤੂੰ ਕਦੋਂ ਮੁੜਨਾ ਹੈ? ਆਪਨੇ ਕਿਹਾ ਕਿ ਭਲਕੇ ਆ ਜਾਣਾ ਹੈ, ਤੁਸੀਂ ਕੋਈ ਚਿੰਤਾ ਨ ਕਰੋ,ਅਸੀਂ ਮਹਾਰਾਜ ਦੇ ਦਰਸ਼ਨ ਕਰਨ ਹੀ ਚਲੇ ਹਾਂ।

ਉਸ ਦਿਨ ਆਪ ਮੰਜੀ ਉਨਣ ਲਗੇ ਸਨ,ਜੋ ਜਥੇ ਨਾਲ ਤੁਰ ਪਏ। ਮਾਂ ਨੇ ਕਿਹਾ ਕਿ ਬਚਿਆ! ਮੰਜੀ ਤਾਂ ਉਣ ਜਾਂਦੋਂ? ਇਨ੍ਹਾਂ ਕਿਹਾ ਕਿ ਮਾਈ ਜੀ ਸਚੀ ਗਲ ਤੇ ਹੈ ਈ ਇਹ ਕਿ ਅਸੀਂ ਖ਼ਬਰੇ ਉਥੇ ਲੇਖੇ ਹੀ ਨਹੀਂ ਲਗ ਜਾਣਾ! ਤੇ ਮੰਜੀਆਂ ਤਾਂ ਏਥੇ ਹੀ ਪਈਆਂ ਰਹਿਣੀਆਂ ਹਨ। ਏਨੀ ਗਲ ਆਖ ਕੇ ਪ੍ਰਸ਼ਾਦ ਛਕਿਆ ਤੇ ਬਚੀਆਂ ਨੂੰ ਪਿਆਰ ਦੇਕੇ ਖੰਗੂਰਾ ਮਾਰਕੇ ਬੂਹਿਓਂ ਬਾਹਰ ਨਿਕਲ ਆਏ। ਆਪਣੇ ਸਾਥੀਆਂ ਦੇ ਨਾਲ ਆ ਕੇ ਸ੍ਰੀ ਨਨਕਾਣੇ ਸਾਹਿਬ ਦੀ ਸੁਭਾਗ ਧਰਤੀ ਤੇ ਆ ਸ਼ਹੀਦੀ ਦੇਗਾਂ ਛਕੀਆਂ। ਆਪ ਦੇ ਸ਼ਹੀਦ ਹੋਣ ਪਿੱਛੋਂ ਜਦ ਬੀਬੀ ਦਿਆਲ ਕੌਰ ਦੀ ਸ਼ਾਦੀ ਹੋਈ ਤਾਂ ਜਿਸ ਪਵਿਤ੍ਰ ਬੀੜ ਤੋਂ ਆਪ ਪਾਠ ਕਰਿਆ ਕਰਦੇ ਸਨ, ਉਹ ਬੀਬੀ ਜੀ ਆਪਣੇ ਨਾਲ ਹੀ ਸੌਹਰੇ ਘਰ ਲੈ ਗਏ,ਜੋ ਅਜ ਤਕ ਉਨ੍ਹਾਂ ਦੇ ਪਾਸ ਹੈ*।

ਭਾਈ ਚੇਤ ਸਿੰਘ ਜੀ

ਖ਼ਾਨਦਾਨ

ਆਪ ਦਾ ਜਨਮ ਬੰਡਾਲਾ ਜ਼ਿਲਾ ਅੰਮ੍ਰਿਤਸਰ ਵਿਚ ੨੮ ਮਈ ਸੰ: ੧੮੯੧ ਈ: ਨੂੰ ੪ ਵਜੇ ਅੰਮ੍ਰਿਤ ਵੇਲੇ ਮਾਤਾ ਰਾਮ ਕੌਰ ਦੀ ਕੁਖੋਂ, ਭਾਈ ਜਵਾਲਾ ਸਿੰਘ ਜੀ ਦੇ ਘਰ ਹੋਇਆ। ਆਪ ਦੇ ਨਾਨਕੇ ਠਰੂ ਜ਼ਿਲਾ ਅੰਮ੍ਰਿਤਸਰ ਵਿਚ ਹਨ। ਜਦੋਂ ਬਾਰ ਵਿਚ ਚਕਬੰਦੀ ਹੋਣ ਸਮੇਂ ਇਸ ਚੱਕ ਦੀ ਨੀਂਹ ਰਖੀ ਗਈ ਤਾਂ ਆਪ ਉਸ ਸਮੇਂ ਅਠ ਸਾਲ ਦੀ ਉਮਰ ਵਿਚ ਆਪਣੇ ਮਾਪਿਆਂ ਨਾਲ ਇਥੇ ਆ ਗਏ ਸਨ। ਆਪ ਚਾਰ ਭਰਾ ਸਨ। ਇਨ੍ਹਾਂ ਦਾ ਖ਼ਾਨਦਾਨ ਸੰ: ੧੮੯੧ ਈ: ਤੋਂ ਬੰਡਾਲਾ ਚਕ ਨੰਬਰ ੬੪ ਨਿਹਾਲੇ ਆਣਾ ਵਿਚ ਆ ਕੇ ਆਬਾਦ ਹੋ ਚੁਕਾ ਹੈ।

---

* ਆਪ ਦੀ ਮਾਤਾ ਹੁਕਮ ਕੌਰ ਦੇ ਨਾਮ ਕਮੇਟੀ ਨੇ ਪਿੰਨਸ਼ਨ ਲਾ ਦਿਤੀ। ੧੩-੩-੨੨ ਤੋਂ ੨੮-੨-੩੮ ਤਕ ਜਿਸਦਾ ਜੋੜ ੨੭੧੪) ਰੁਪਏ ਬਣਦਾ ਹੈ।

ਸ਼ਾਦੀ ਤੇ ਸੰਤਾਨ

ਆਪ ਦੀਆਂ ਦੋ ਸ਼ਾਦੀਆਂ ਹੋਈਆਂ। ਪਹਿਲੀ ਸ਼ਾਦੀ ਸਿਆਲਕੋਟ ਹੋਈ। ਸਿੰਘਣੀ ਕਾਕਾ ਹੋਣ ਦੇ ਕਾਰਨ ਸੂਤਕੀ ਤਾਪ ਵਿਚ ਗ੍ਰਸੀ ਗਈ ਅਤੇ ਕੋਈ ਦੋ ਕੁ ਸਾਲ ਪਿਛੋਂ ਗੁਜ਼ਰ ਗਈ। ਦੂਜੀ ਸ਼ਾਦੀ ਬੀਬੀ ਈਸ਼ਰ ਕੌਰ ਸਪੁਤ੍ਰੀ ਭਾਈ ਅਤਰ ਸਿੰਘ ਜੀ ਨਾਲ ਮੁਕਤਸਰ ਹੋਈ। ਬੀਬੀ ਈਸ਼ਰ ਕੌਰ ਦੀ ਕੁਖੋਂ ਛੇ ਕਾਕੀਆਂ ਅਤੇ ਇਕ ਕਾਕੇ ਦਾ ਜਨਮ ਹੋਇਆ, ਜਿਨ੍ਹਾਂ ਵਿਚੋਂ ਇਕ ਬੀਬੀ ਗੁਰਦਿਆਲ ਕੌਰ ਤੇ ਇਕ ਪੁਤ੍ਰ ਭਾਈ ਲਾਭ ਸਿੰਘ ਇਸ ਵੇਲੇ ਆਪਣੇ ਪਿਤਾ ਦੀ ਸੋਹਣੀ ਨਿਸ਼ਾਨੀ ਹਨ। ਭਾਈ ਲਾਭ ਸਿੰਘ ਆਪਣੇ ਪਿਤਾ ਦੇ ਸ਼ਹੀਦ ਹੋਣ ਸਮੇਂ ਅਠ ਕੁ ਸਾਲ ਦੇ ਸਨ ਤੇ ਬੀਬੀ ਛੇ ਸਾਲ ਦੀ ਸੀ। ਬੀਬੀ ਵਡੇ ਮਾਲ ਚਕ ਵਿਆਹੀ ਹੋਈ ਹੈ।

ਸ੍ਰੀਰਕ ਬਲ ਤੇ ਕਦ-ਕਾਠ

ਆਪ ਬੜੇ ਤਾਕਤਵਰ ਜਵਾਨ ਸਨ। ਇਨ੍ਹਾਂ ਦੀਆਂ ਇਸ ਸਮੇਂ ਦੀਆਂ ਕਈ ਸਾਖੀਆਂ ਹਨ, ਜਿਨ੍ਹਾਂ ਵਿਚੋਂ ਕੁਝਕੁ ਵਰਣਨ ਕੀਤੀਆਂ ਜਾਂਦੀਆਂ ਹਨ:— ਬਾਰ ਦੇ ਇਲਾਕੇ ਵਿਚ ਇਕ "ਹਸਨੀ" ਜਾਂਗਲੀ ਬੜਾ ਭਾਰਾ ਚੋਰ ਸੀ, ਜੋ ਆਮ ਦੋ ਆਦਮੀਆਂ ਨਾਲੋਂ ਤਕੜਾ ਮਿਥਿਆ ਹੋਇਆ ਜਵਾਨ ਸੀ। ਬੈੜਾ ਤੇ ਅੜਬੰਗ ਏਨਾ ਸੀ ਕਿ ਲੋਕਾਂ ਨੇ ਉਸ ਦੀ ਅੱਲ "ਕਤਲੀ" ਪਾਈ ਹੋਈ ਸੀ। ਪਿੰਡੋ ਪਿੰਡ ਉਸ ਦੀਆਂ ਧੁੱਮਾਂ ਪਈਆਂ ਹੋਈਆਂ ਸਨ। ਡਰ ਦਾ ਮਾਰਾ ਕੋਈ ਬੰਦਾ ਉਸ ਦੇ ਮਜਾਹਮ ਹੋਣ ਦਾ ਹੀਆਂ ਨਹੀਂ ਕਰਦਾ ਸੀ।

ਇਹ ਘਾਣੂ ਚੋਰ ਇਕ ਵੇਰ ਇਨ੍ਹਾਂ ਦੀ ਸਜਰ ਸੂਈ ਮੱਝ ਚੁਰਾ ਕੇ ਲੈ ਗਿਆ। ਇਨ੍ਹਾਂ ਬਥੇਰੇ ਸੁਨੇਹੇ ਘਲੇ, ਉਸ ਦੇ ਸਕਿਆਂ ਸੋਧਰਿਆਂ ਪਾਸ ਹਲੀਮੀ ਨਾਲ ਭੀ ਗਲ ਬਾਤ ਕੀਤੀ, ਪਰ ਉਹ ਮਹਾਂ ਛਟੇ ਹੋਏ ਲੁਚੇ ਜਾਂਗਲੀ ਕਿੱਥੇ ਪੱਲਾ ਫੜੋਣ। ਇਕ ਦਿਨ ਰਬ-ਸਬਬੀ ਹਸਨੀ ਆਪਣੇ ਪਿੰਡ ਨੂੰ ਜਾਂਦਾ ਭਾਈ ਚੇਤ ਸਿੰਘ ਜੀ ਨੂੰ ਰਾਹ ਵਿਚ ਮਿਲ ਪਿਆ। ਇਨ੍ਹਾਂ ਨੇ ਹੌਸਲਾ ਕਰਕੇ "ਮੂਰਖ ਗੰਢ ਪਵੇ ਮੂੰਹ ਮਾਰ" ਦੇ ਪਵਿਤ੍ਰ ਵਾਕ ਅਨੁਸਾਰ ਉਸ ਦੇ ਗਲ ਵਿਚ

ਸਾਫ਼ਾ ਪਾ ਲਿਆ ਤੇ ਦੱਬ ਗਲਘੋਟੂ ਚਾੜ੍ਹਿਆ। ਉਹ ਚੋਰ ਜਿਹੜਾ ਦੋਂਹ ਦੋਂਹ ਤੇ ਭਾਰੂ ਸੀ ਅਤੇ ਇਲਾਕੇ ਵਿਚੋਂ ਡਰਦਾ ਕੋਈ ਉਸ ਦੇ ਸਿਰੇ ਨਹੀਂ ਆਉਂਦਾ ਸੀ, ਇਨ੍ਹਾਂ ਇਕੱਲਿਆਂ ਨੇ ਫੜ ਕੇ ਪਿੰਡ ਨੂੰ ਧੂਹ ਕੇ ਲੈ ਆਂਦਾ।

ਪਿੰਡ ਦੇ ਲੋਕੀਂ ਆਖਣ ਕਿ ਭਾਈ ਚੇਤ ਸਿੰਘਾ! ਲੋਹੜਾ ਮਾਰਿਆ ਈ, ਇਸ ਲੁਚੇ ਨੂੰ ਕਾਹਨੂੰ ਹਥ ਪੌਣਾ ਸੀ? ਐਵੇਂ ਪਿੱਛੋਂ ਹੋਰ ਪਿੰਡ ਦਾ ਵਣਾਂਹ ਕਰੇਗਾ, ਇਹ ਤੂੰ ਚੰਗੀ ਗਲ ਨਹੀਂ ਕੀਤੀ ਹੈ। ਇਨ੍ਹਾਂ ਨੇ ਆਖਿਆ ਕਿ ਜੇ ਇਹ ਇਥੋਂ ਜੀਉਂਦਾ ਬਚ ਕੇ ਜਾਵੇਗਾ ਤਾਂ ਕੁਝ ਪਿੰਡ ਦੀ ਹਬੀ-ਨਬੀ ਕਰੇਗਾ। ਮੈਂ ਤਾਂ ਇਸ ਨੂੰ ਇਥੇ ਹੀ ਟੋਕੇ ਨਾਲ ਵੱਢ ਸੁਟਣਾ ਹੈ, ਨਹੀਂ ਤਾਂ ਮੇਰੀ ਮਝ ਲਿਆ ਦੇਵੇ। ਲੋਕਾਂ ਵੱਢਣੋਂ ਛੁਡਾਇਆ, ਤਾਂ ਆਪ ਨੇ ਉਸ ਨੂੰ ਅਪਣੀ ਹਵੇਲੀ ਵਿਚ ਲੈ ਜਾ ਕੇ ਕੱਸ ਕੇ ਮੁਸ਼ਕਾਂ ਬੰਨ੍ਹ ਦਿਤੀਆਂ, ਤੇ ਆਖਿਆ ਕਿ ਬੱਚੂ ਮੇਰੀ ਮੱਝ ਅਜ ਸ਼ਾਮ ਤਕ ਮੰਗਾ ਦੇਹ, ਨਹੀਂ ਤਾਂ ਮੈਂ ਤੈਨੂੰ ਰਾਤੀਂ ਜੀਉਂਦੇ ਨੂੰ ਹੀ ਅਗ ਲਾ ਕੇ ਸਾੜ ਦੇਣਾ ਹੈ। ਅਗੋਂ ਹਸਨੀ ਪਿਆ ਰੱਬ ਦੇ ਵਾਸਤੇ ਪਾਵੇ। ਅਖ਼ੀਰ ਨੂੰ ਉਸਨੇ ਆਪਣੇ ਚਾਚੇ ਤੇ ਜਨਾਨੀ ਨੂੰ ਸੁਨੇਹਾ ਘਲਿਆ ਕਿ ਦੁਹਾਈ ਰੱਬ ਦੀ ਮੈਨੂੰ ਇਕ ਵੇਰ ਆ ਕੇ ਮਿਲੋ, ਮੈਨੂੰ ਇਹ ਸਿਖ ਜੀਉਂਦੇ ਨੂੰ ਨਹੀਂ ਛੱਡਦਾ ਦਿਸਦਾ, ਇਸ ਪਾਸੋਂ ਮੇਰੀ ਜਾਨ ਛੁਡਾਓ। ਮੱਝ ਚੋਰੀ ਹੋਈ ਨੂੰ ਪੂਰਾ ਇਕ ਸਾਲ ਹੋ ਚੁਕਾ ਸੀ, ਉਹ ਝਟ ਪਟ ਕਿਥੋਂ ਲੈ ਆਉਣ? ਅੰਤ ਦੀ ਬਾਕੀ ਉਸਦਾ ਚਾਚਾ ਕਾਦੂ ਅਤੇ ਵਹੁਟੀ ਫੱਤੋ ਆਪਣੀ ਘਰ ਦੀ ਮਹਿੰ ਲੈ ਕੇ ਆਏ। ਗਲ ਵਿਚ ਪੱਲਾ ਪਾ ਕੇ ਮਿਨਤਾਂ ਤਰਲੇ ਕਰਨ ਲਗੇ ਕਿ ਦੁਹਾਈ ਖ਼ੁਦਾ ਦੀ ਇਸ ਦੀ ਗੈਲ ਛੱਡ, ਤੇਰੀ ਮੱਝ ਅਸੀਂ ਅੱਠਵੇਂ ਦਿਨ ਨੂੰ ਲਿਆ ਦਿਆਂਗੇ। ਤੇ ਉਸ ਦੇ ਵੱਟੇ ਸਾਡੀ ਇਹ ਮੱਝ ਅਮਾਨਤ ਰੱਖ। ਇਨ੍ਹਾਂ ਨੇ ਮਹਿੰ ਦਾ ਰੱਸਾ ਫੜ ਕੇ ਆਪਣੇ ਕਿੱਲੇ ਬੰਨ੍ਹ ਲਿਆ ਤੇ ਹਸਨੀ ਦੀਆਂ ਮੁਸ਼ਕਾਂ ਖੋਹਲ ਦਿਤੀਆਂ। ਪੂਰੇ ਇਕ ਮਹੀਨੇ ਪਿਛੋਂ ਹਸਨੀ ਨੇ ਇਨ੍ਹਾਂ ਦੀ ਅਸਲੀ ਮਹਿੰ ਲਿਆ ਦਿਤੀ ਅਤੇ ਆਪਣੀ ਵਾਪਸ ਲੈ ਗਿਆ। ਉਸ ਦਿਨ ਤੋਂ ਇਸ ਚੋਰ ਨੇ ਤੋਬਾ ਕੀਤੀ ਕਿ ਮੁੜ ਮੈਂ ਕਦੀ ਜੰਮ-ਸਿਰ ਭੀ ਇਸ ਪਿੰਡ ਦੀ ਚੀਜ਼ ਚੋਰੀ ਨਹੀਂ ਕਰਾਂਗਾ। ਇਹ ਸਾਰਾ ਦਬਦਬਾ ਤੇ ਜਬ੍ਹਾ ਇਸ ਸੂਰਮੇ ਦੇ ਬਲ ਦਾ ਹੀ ਨਤੀਜਾ ਸੀ।

ਭਾਰ ਚੁਕਣਾ

ਦੋ ਮਣ ਪੱਕੇ ਦਾ ਮਗਰਾ, ਇਕੱਲੇ ਇਕ ਹਥ ਨਾਲ ਚੁਕ ਕੇ ਮਗਰ ਪਿਛੇ ਪਾ ਲੈਂਦੇ ਸਨ। ਪਿੰਡ ਦਾ ਤਾਂ ਕੀ ਇਲਾਕੇ ਵਿਚੋਂ ਭੀ ਕੋਈ ਜਵਾਨ ਆਪ ਦਾ ਇਸ ਕੰਮ ਵਿਚ ਮੁਕਾਬਲਾ ਨਹੀਂ ਕਰ ਸਕਦਾ ਸੀ।

ਦੋ ਪੱਤੀਆਂ ਦਾ ਸਾਂਝਾ ਖ਼ਰਾਸ ਸੀ। ਸ਼ਰੀਕੇ ਵਿਚ ਕਿਸੇ ਗਲੋਂ ਝਗੜਾ ਰਗੜਾ ਹੋ ਪਿਆ। ਆਪ ਇਕੱਲਿਆਂ ਨੇ ਹੀ ਇਕ ਛੇ ਮਣ ਪੱਕੇ ਦਾ ਪੁੜ ਮਗਰ ਪਿਛੇ ਚੁੱਕ ਕੇ ਘਰ ਲੈ ਆਂਦਾ। ਵੇਖਣ ਵਾਲੇ ਲੋਕੀਂ ਦੰਗ ਰਹਿ ਗਏ। ਇਹ ਪੁੜ ਅਜੇ ਤਕ ਭੀ ਆਪ ਦੇ ਘਰ ਪਿਆ ਹੋਇਆ ਹੈ। ਭਾਵੇਂ ਕਿੱਡਾ ਭੀ ਕੋਈ ਵਿਉਂ ਵਾਲਾ ਜਵਾਨ ਹੋਵੇ। ਆਪ ਤਿੰਨ ਮਣ ਪੱਕੇ ਦੀ ਪੰਡ ਚੁਕਾਉਣ ਲਗੇ ਉਸ ਦੇ ਗਲ ਪਾ ਦਿਆ ਕਰਦੇ ਸਨ। ਇਸ ਗਲ ਵਿਚ ਆਪ ਦੀ ਬੜੀ ਭਾਰੀ ਮਸ਼ਹੂਰੀ ਸੀ।

ਚੋਰਾਂ ਦੀਆਂ ਟੱਕਰਾਂ ਲਵਾਉਣੀਆਂ

ਆਪ ਬੜੇ ਹੌਂਸਲੇ ਵਾਲੇ ਗੰਭੀਰ ਜਵਾਨ ਸਨ। ਇਕ ਵੇਰ ਇਨ੍ਹਾਂ ਦੇ ਮੁਰੱਬੇ ਵਿਚ ਜਾਂਗਲੀ ਚੋਰੀ ਕਰਨ ਲਈ ਆਏ। ਇਨ੍ਹਾਂ ਦੇ ਬਲਕਾਰ ਨਾਲ ਲਲਕਾਰਾ ਮਾਰਨ ਤੇ ਕੁਝ ਤਾਂ ਭਜ ਗਏ, ਪਰ ਦੋ ਜਾਂਗਲੀਆਂ ਨੂੰ ਆਪ ਨੇ ਗਿੱਟੀਂ ਚੜ੍ਹਕੇ ਮਗਰੋਂ ਭਜ ਕੇ ਫੜ ਲਿਆ ਅਤੇ ਧੌਣਾਂ ਤੋਂ ਫੜਕੇ ਮਥਿਆਂ ਦੀਆਂ ਅਜਿਹੀਆਂ ਜ਼ੋਰਦਾਰ ਟੱਕਰਾਂ ਲਵਾਈਆਂ ਕਿ ਇਸ ਗਲ ਦੀਆਂ ਸਾਰੇ ਜਾਂਗਲੀਆਂ ਵਿਚ ਧੁੱਮਾਂ ਪੈ ਗਈਆਂ।

ਇਕੱਲਿਆਂ ਮੱਝ ਦੀ ਬੂਥੀ ਫੜਨੀ

ਮੈਹਰੂ ਪਸੂ ਵਿਚ ਬਹੁਤ ਜ਼ੋਰ ਹੁੰਦਾ ਹੈ ਤੇ ਜੇਕਰ ਕਦੀ ਇਸ ਨੂੰ ਦਵਾਈ ਆਦਿ ਦੇਣੀ ਪਵੇ ਤਾਂ ਘਟ ਤੋਂ ਘਟ ਜਦ ਤਕ ਤਿੰਨ ਚਾਰ ਬੰਦੇ ਮਿਲ ਕੇ ਪਸੂ ਨੂੰ ਢਾਹ ਕੇ ਯਾ ਨਰੜਕੇ ਬੂਥੀ ਨਾ ਫੜਣ, ਉਹ ਦਵਾਈ ਨਹੀਂ ਲੈਂਦਾ ਹੈ। ਪ੍ਰੰਤੂ ਆਪਵਿਚ ਕੁਦਰਤ ਨੇ ਕੋਈ ਅਜਿਹਾ ਅਦੁਤੀ ਬਲ ਪਾਇਆ ਸੀ ਕਿ ਆਪ ਇਕੱਲੇ

ਹੀ ਮਹਿੰ ਦੀ ਬੂਥੀ ਫੜਕੇ ਦਵਾਈ ਆਦਿ ਦੇ ਦਿਆ ਕਰਦੇ ਸਨ। ਆਪ ਵੀਣੀ ਭੀ ਚੰਗੀ ਘੁਟ ਕੇ ਫੜਦੇ ਸਨ।

ਸੁਭਾਓ ਤੇ ਭਾਈਚਾਰੇ ਨਾਲ ਵਰਤੋਂ ਵਿਹਾਰ

ਆਪ ਦਾ ਸੁਭੌਾ ਬੜਾ ਮਿਲਨਸਾਰੀ ਤੇ ਗੰਭੀਰ ਸੀ। ਪਿੰਡ ਵਿਚ ਕਿਸੇ ਘਰ ਭੀ ਸ਼ਾਦੀ ਯਾ ਗ਼ਮੀ ਹੋਵੇ, ਤਾਂ ਆਪਣੇ ਘਰ ਦਾ ਸੌ ਕੰਮ ਛਡਕੇ ਭੀ ਉਥੇ ਜਾ ਕੇ ਸਾਰਾ ਕੰਮ ਕਾਜ ਕਰਨਾ। ਪਰ ਸਭ ਕੁਝ ਕਰ ਕਰਾਕੇ ਭੀ ਮੁੜ ਪ੍ਰਸ਼ਾਦਾ ਆਪਣੇ ਘਰ ਆ ਕੇ ਹੀ ਛਕਦੇ ਹੁੰਦੇ ਸਨ। ਇਸ ਤੋਂ ਬਿਨਾਂ ਪਿੰਡ ਦੇ ਸਾਂਝੇ ਮੀਂਝੇ ਹੋਰ ਕੰਮਾਂ ਦੇ ਕਰਨ ਦਾ ਭੀ ਬੜਾ ਹੀ ਦਿਲੀ ਸ਼ੌਂਕ ਹੁੰਦਾ। ਜੇ ਕਦੇ ਕੋਠਾ ਮਠਲਾ ਛਤਣ ਲਗਿਆਂ ਕਿਸੇ ਗ਼ਰੀਬ ਭਰਾ ਨੇ ਵਗਾਰ ਪਾਉਣੀ ਤਾਂ ਸਾਰਾ ਸਾਰਾ ਦਿਨ ਇਟਾਂ ਤੇ ਗਾਰਾ ਫੜੌਂਦਿਆਂ ਨ ਥਕਣਾ। ਹਮੇਸ਼ਾਂ ਹੀ ਆਪਣਾ ਵਿਗਾੜਕੇ ਦੂਜੇ ਦਾ ਸੁਆਰ ਕੇ ਖ਼ੁਸ਼ ਹੋਣਾ। ਗੁਰਦੁਆਰੇ ਜਾਕੇ ਗੁਰਬਾਣੀ ਪੜ੍ਹਣੀ, ਲੋਕਾਂ ਨੂੰ ਇਤਿਹਾਸਕ ਪ੍ਰਸੰਗ ਸੁਨਾਉਣੇ ਅਤੇ ਗੁਰਸਿਖੀ ਵਿਚ ਪ੍ਰਪੱਕ ਰਹਿਣ ਦੀ ਜ਼ੋਰਦਾਰ ਪ੍ਰੇਰਨਾ ਕਰਨੀ। ਆਪ ਦੀ ਲੋਕਾਂ ਵਿਚ ਬੜੀ ਕਦਰ ਸੀ। ਆਪ ਗੁਰੂ ਘਰ ਦੇ ਬੜੇ ਪ੍ਰੇਮੀ, ਸਿਦਕਵਾਨ ਤੇ ਡੂੰਘੇ ਵਿਸ਼ਵਾਸੀ ਸਿੰਘ ਸਨ। ਇਸ ਲਈ ਜਦ ਆਪ ਭਾਈ ਜੋਗਾ ਸਿੰਘ ਜੀ ਦੇ ਗੁਰਦੁਆਰੇ ਦੇ ਮੋਰਚੇ ਲਈ ਗਏ ਤਾਂ ੨੫) ਰੁਪਏ ਦਾ ਕੜਾਹ ਪ੍ਰਸ਼ਾਦ ਕਰਾਇਆ।

ਜਦ ਆਪ ਪਸ਼ਾਵਰੋਂ ਭਾਈ ਜੋਗਾ ਸਿੰਘ ਜੀ ਦੇ ਗੁਰਦੁਆਰਾ ਸੁਧਾਰ ਦੇ ਮੋਰਚੇ ਤੋਂ ਵਾਪਸ ਆਏ ਸਨ, ਤਾਂ ਕੁਤਿਆਂ ਨਾਲ ਸੈਹਿਆਂ ਦਾ ਸ਼ਿਕਾਰ ਖੇਡਣ ਦੀ ਚੇਟਕ ਲਗ ਗਈ। ਇਸ ਸਮੇਂ ਮੁਕਾਬਲੇ ਵਿਚ ਇਤਨਾ ਤੇਜ਼ ਦੌੜਿਆ ਕਰਨਾ ਕਿ ਸਭ ਸਾਥੀਆਂ ਨੂੰ ਪਿੱਛੇ ਛਡ ਜਾਇਆ ਕਰਨਾ। ਆਪ ਦੇ ਤੇਜ਼ ਦੌੜਣ ਦੀ ਇਲਾਕੇ ਵਿਚ ਬੜੀ ਹੀ ਮਸ਼ਹੂਰੀ ਹੋ ਚੁਕੀ ਸੀ।

ਆਪ ਨੂੰ ਰੱਸਾ ਖਿਚਨ ਦਾ ਭੀ ਬੜਾ ਸ਼ੌਂਕ ਸੀ। ਆਪਣੇ ਪਿੰਡ ਦੇ ਸਿੰਘਾਂ ਨੂੰ ਨਾਲ ਲੈ ਜਾਕੇ ਲਾਗੇ ਚਾਗੇ ਦੇ ਪਿੰਡਾਂ ਵਿਚ ਰੱਸੇ ਦਾ ਮੁਕਾਬਲਾ ਕਰਨਾ। ਬਹੁਤੀ ਵੇਰੀ ਆਪਨੇ ਇਕੱਲੇ ਇਕੱਲੇ ਬੰਦੇ ਨਾਲ ਰੱਸਾ ਖਿਚਣ ਵਿਚ ਅਵਲ ਰਹਿਣਾ।

ਕਦ ਕਾਠ ਤੇ ਚੇਹਰਾ ਮੋਹਰਾ

ਆਪ ਦਾ ਕਦ ਛੇ ਫ਼ੁਟ ਲੰਮਾ ਸੀ। ਰੰਗ ਗੋਰਾ ਨਛੋਹ,ਅੱਖਾਂ ਬਿਲੀਆਂ, ਕੇਸ ਸੁਨਹਿਰੀ, ਦਾੜ੍ਹਾ ਛੋਟਾ, ਮੁਛਾਂ ਕੁੰਡਲੀਆਂ, ਖ਼ੂਬਸੂਰਤ। ਪਿੰਡ ਦੇ ਲੋਕਾਂ ਨੇ ਸੁਨਹਿਰੀ ਕੇਸਾਂ ਦੇ ਕਾਰਨ ਅਲ "ਬੂਰਾ, ਬੂਰਾ" ਪਾਈ ਹੋਈ ਸੀ। ਹਮੇਸ਼ਾਂ ਖਦਰ ਦਾ ਪਹਿਰਾਵਾ ਰਖਣਾ, ਦਸਤਾਰ ਸਿਧੀ ਲਟ-ਬੌਰੀ ਜਹੀ ਸਜਾਉਂਦੇ ਸਨ।

ਵਿਦਿਆ ਪ੍ਰਾਪਤੀ ਤੇ ਪੰਥਕ ਸੇਵਾ

ਉਰਦੂ ਦੀਆਂ ਪੰਜ ਜਮਾਤਾਂ ਬੰਡਾਲਾ ਜ਼ਿਲਾ ਅੰਮ੍ਰਿਤਸਰ ਵਿਚ ਪੜ੍ਹੀਆਂ। ਪਿੰਡ ਦੇ ਗੁਰਦੁਆਰੇ ਵਿਚੋਂ ਅੰਮ੍ਰਿਤ ਛੱਕਿਆ। ਗੁਰਮੁਖੀ ਆਮ ਦੀਵਾਨਾਂ ਤੇ ਆਉਣ ਜਾਣ ਦੇ ਸ਼ੌਂਕ ਨਾਲ ਫਿਰਦਿਆਂ ਤੁਰਦਿਆਂ ਹੀ ਸਿਖ ਲਈ ਸੀ।

ਆਮ ਇਲਾਕੇ ਦੇ ਦੀਵਾਨਾਂ ਵਿਚ ਬੜੇ ਉਤਸ਼ਾਹ ਨਾਲ ਪੁਜਿਆ ਕਰਦੇ ਸਨ। ਗਿੱਲਾਂ ਅਤੇ ਧਾਰੋਵਾਲੀ ਦੇ ਦੀਵਾਨਾਂ ਤੇ ਜਾਕੇ ਬਹੁਤ ਸਾਰੀ ਸੇਵਾ ਕੀਤੀ। ਆਪਣੇ ਸਾਥੀਆਂ ਨੂੰ ਕਈ ਵੇਰ ਆਖਣਾ ਕਿ ਅਸੀਂ ਖੰਡੇ ਨਾਲ ਸ਼ਹੀਦ ਹੋਣਾ ਹੈ। ਭਾਈ ਜੋਗਾ ਸਿੰਘ ਜੀ ਦੇ ਗੁਰਦੁਆਰੇ ਦੇ ਸੁਧਾਰ ਹਿਤ ਆਪਣੇ ਪਿੰਡ ਦੇ ਬਾਕੀ ਸਾਥੀਆਂ ਨਾਲ ਗਏ। ਜਦ ਉਥੇ ਦਾ ਮੋਰਚਾ ਫ਼ਤਹਿ ਹੋ ਗਿਆ ਤਾਂ ਆਪ ਅਤੇ ਭਾਈ ਵਰਿਆਮ ਸਿੰਘ ਜੀ ਦੋਵੇਂ ਜਥੇ ਵਿਚੋਂ ਚੋਰੀ ਪਿੰਡ ਨੂੰ ਆ ਗਏ ਕਿ ਮਤਾਂ ਸਾਡੇ ਪਿੱਛੋਂ ਸ੍ਰੀ ਨਨਕਾਣੇ ਸਾਹਿਬ ਦੇ ਸੁਧਾਰ ਲਈ ਜਥੇ ਵਿਚ ਮੇਰਾ ਭਰਾ ਨ ਚਲਾ ਜਾਵੇ, ਕਿਉਂਕਿ ਓਸ ਨੇ ਧਾਰੋਵਾਲੀ ਦੀਵਾਨ ਤੇ ਭਾਈ ਲਛਮਣ ਸਿੰਘ ਜੀ ਜਥੇਦਾਰ ਨੂੰ ਸ੍ਰੀ ਨਨਕਾਣੇ ਸਾਹਿਬ ਦੇ ਸੁਧਾਰ ਵਾਲੇ ਜਥੇ ਵਿਚ ਆਪਣਾ ਨਾਮ ਲਿਖਾਇਆ ਹੋਇਆ ਸੀ। ਆਪ ਇਸੇ ਖਿਚ ਨਾਲ ਪਿਸ਼ਾਵਰੋਂ ਵਾਪਸ ਮੁੜ ਪਏ।

ਸ਼ਹੀਦੀ ਲਈ ਕਮਰਕਸੇ

ਪਿੰਡ ਪੁਜੇ ਤਾਂ ਅਗੇ ਭਾਈ ਲਛਮਣ ਸਿੰਘ ਜੀ ਧਾਰੋਵਾਲੀ ਦੀ ਚਿੱਠੀ ਆਈ ਹੋਈ ਸੀ ਕਿ ਸ੍ਰੀ ਨਨਕਾਣੇ ਸਾਹਿਬ ਦੇ ਮੋਰਚੇ ਲਈ ਪੁਜੋ। ਇਨ੍ਹਾਂ ਦੇ ਭਰਾ ਭਾਈ ਕੇਹਰ ਸਿੰਘ ਨੇ ਭੀ ਭਾਈ ਲਛਮਣ ਸਿੰਘ ਹੁਰਾਂ ਪਾਸ ਨਾਮ

ਲਿਖਾਇਆ ਹੋਇਆ ਸੀ।

ਇਨ੍ਹਾਂ ਆਪਣੇ ਭਰਾ ਨੂੰ ਆਖਿਆ ਕਿ "ਸਰਦਾਰਾ, ਤੇਰੀਆਂ ਦੋ ਜ਼ਨਾ-ਨੀਆਂ ਹਨ, ਮੇਰੇ ਪਾਸੋਂ ਇਨ੍ਹਾਂ ਦੀ ਸੰਭਾਲ ਪਿਛੋਂ ਨਹੀਂ ਹੋਣੀ ਹੈ। ਜੋ ਸੰਭਾਲਣਾ ਹੈ ਤੂੰ ਸੰਭਾਲ ਤੇ ਮੈਂ ਤੇਰੇ ਥਾਂ ਜਾਂਦਾ ਹਾਂ। ਨਾਲੇ ਤੂੰ ਨਿੱਕਾ ਹੈਂ ਤੇ ਮੈਂ ਵਡਾ ਹਾਂ, ਜਾਣ ਦਾ ਹੱਕ ਮੇਰਾ ਹੀ ਹੈ। ਦੂਜੇ ਤੇਰਾ ਸੁਭਾ ਬੜਾ ਕੌੜਾ ਹੈ, ਤੈਥੋਂ ਸ਼ਾਂਤਮਈ ਨਹੀਂ ਰਖੀ ਜਾਣੀ।" ਏਨੀ ਗਲ ਆਖ ਕੇ ਉਸ ਦੇ ਜਥੇ ਨਾਲ ਜਾਣ ਵਾਲੇ ਕਪੜੇ ਗਲੋਂ ਲੁਹਾ ਕੇ ਆਪਣੇ ਗਲ ਪਾ ਲਏ ਅਤੇ ਆਪਣੀ ਸਿੰਘਣੀ ਨੂੰ ਆਖਿਆ ਕਿ ਮੈਂ ਹੀ ਕੇਹਰ ਸਿੰਘ ਦੇ ਥਾਂ ਤਿਆਰ ਹੋ ਪਿਆ ਹਾਂ। ਮੈਨੂੰ ਥੋੜੇ ਜਹੇ ਪੈਸੇ ਦੇਹ। ਉਸ ਨੇ ਪੰਜ ਰੁਪੈ ਟਾਕੀ ਪਲਿਓਂ ਖੋਲ੍ਹ ਕੇ ਦਿਤੇ, ਅਗੋਂ ਆਖਣ ਲਗੇ ਮੈਂ ਐਨੇ ਕੀ ਕਰਨੇ ਹਨ, ਮੈਨੂੰ ਥੋੜੇ ਹੀ ਚਾਹੀਦੇ ਹਨ। ਸਿੰਘਣੀ ਨੇ ਉਤਰ ਦਿਤਾ, ਕੋਈ ਗਲ ਨਹੀਂ ਕੁਝ ਵਿਚੋਂ ਪ੍ਰਸ਼ਾਦ ਕਰਾ ਦੇਣਾ। ਕੋਲ ਹੋਇਆ ਪੈਸਾ ਹਮੇਸ਼ਾਂ ਬਾਹਰ ਕੰਮ ਹੀ ਆਉਂਦਾ ਹੈ, ਇਕ ਵੇਲੇ ਸੌ ਲੋੜ ਪੈ ਜਾਂਦੀ ਹੈ।

ਪੰਜ ਰੁਪਏ ਲੈ ਕੇ ਦੁਵਾਖੇ ਤੋਂ ਚਾਕੂ ਫੜਕੇ ਬੋਝੇ ਵਿਚ ਪਾ ਲਿਆ। ਸਫ਼ਾ-ਜੰਗ ਹੱਥ ਵਿਚ ਫੜ ਕੇ ਤੁਰਨ ਲਗੇ ਤਾਂ ਇਨ੍ਹਾਂ ਦੀ ਭਾਬੀ ਨੇ ਆਖਿਆ ਕਿ ਇਸ ਨਾਲ ਕਿਸੇ ਨੂੰ ਵੱਢਣਾ ਨਾ, ਸੌ ਛਿੱਕੀ ਦੀ ਡੰਨੀ ਦੀ ਏ, ਨਾਂ ਜਾਣੀਏ ਕੁਝ ਹੋਰ ਹੀ ਨ ਬਣ ਬਹੇ। ਇਨ੍ਹਾਂ ਉਤਰ ਦਿਤਾ ਕਿ ਭਾਬੀ ਜੀ, ਵਾਹਿਗੁਰੂ ਵਾਹਿਗੁਰੂ ਆਖੋ, ਬਾਬੇ ਦੇ ਦਰਬਾਰ ਚਲੇ ਹਾਂ, ਉਥੇ ਕਦੇ ਏਦਾਂ ਹੋ ਸਕਦਾ ਹੈ? ਏਸੇ ਕਰਕੇ ਤੇ ਮੈਂ ਨਿੱਕੇ ਨੂੰ ਨਹੀਂ ਜਾਣ ਦਿਤਾ।

ਉਸ ਪੁਛਿਆ, ਫੇਰ ਬਾਬੇ ਦੇ ਦਰਬਾਰ ਜਾ ਕੇ ਕੀ ਲੈਣਾ ਜੇ? ਉਤ੍ਰ ਦਿਤਾ ਕਿ ਉਥੇ ਗੁਰੂ ਦੀਆਂ ਸੰਗਤਾਂ ਆਉਣੀਆਂ ਹਨ, ਲੰਗਰ ਦੀ ਸੇਵਾ ਲਈ ਚੁਲ੍ਹੇ ਚੌਂਕੇ ਬਨਾਉਣ ਚਲੇ ਹਾਂ। ਏਨੀ ਗਲ ਆਖ ਕੇ ਛੋਲਿਆਂ ਦੀ ਝੋਲੀ ਭਰ ਕੇ ਘਰੋਂ ਠੁਮਕ ਠੁਮਕ ਕਰਦੇ ਬਾਹਰ ਨਿਕਲ ਆਏ। ਅਗੇ ਭੱਠੀ ਤੇ ਮੁਸਲ-ਮਾਨੀ ਝੀਉਰੀ ਦਾਣੇ ਭੁਨਦੀ ਸੀ, ਉਸ ਨੂੰ ਉਠਾ ਕੇ ਸਿਖ ਮਹਿਰੇ ਨੂੰ ਬਹਾ ਕੇ ਦਾਣੇ ਭੁਨਾ ਲਏ ਤੇ ਸਿਧੇ ਰਵਾਂ ਰਵੀਂ ਪਰ੍ਹੇ ਦੇ ਤਖ਼ਤਪੋਸ਼ ਨੂੰ ਆ ਗਏ। ਅਗੇ ਭਾਈ ਰਾਮ ਸਿੰਘ, ਭਾਈ ਉਜਾਗਰ ਸਿੰਘ ਤੇ ਭਾਈ ਹਜ਼ਾਰਾ ਸਿੰਘ ਜੀ ਦੈਠੇ

ਸਨ। ਉਥੇ ਸਭ ਨੇ ਗੁਰਮਤਾ ਕਰਕੇ ਅਰਦਾਸਾ ਸੋਧ ਚਾਲੇ ਪਾ ਦਿਤੇ।

ਰਾਹ ਵਿਚ ਤੁਰਿਆਂ ਜਾਂਦਿਆਂ ਨੂੰ ਰਤੇ ਚੋਏ ਖਤ੍ਰੀਆਂ ਦਾ ਮੁੰਡਾ ਮਿਲਿਆ, ਉਸ ਨੂੰ ਸੁਨੇਹਾ ਦਿਤਾ ਕਿ ਮੇਰੇ ਭਰਾ ਈਸ਼ਰ ਸਿੰਘ ਨੂੰ ਆਖਣਾ ਕਿ ਸਾਡੀ ਉਡੀਕ ਨ ਰਖਣੀ, ਮਾਲ ਢਾਂਡੇ ਨੂੰ ਪੱਠਾ ਦੱਥਾ ਆਪੇ ਹੀ ਪਾ ਲਵੇ, ਜੇ ਨ ਪਵੇ ਤਾਂ ਵੇਚ ਵਟ ਲਵੇ, ਅਸੀਂ ਤਾਂ ਹੁਣ ਗੁਰੂ ਦੇ ਲੇਖੇ ਹੀ ਲਗ ਜਾਣਾ ਹੈ। ਸੋ ਆਪ ਆਪਣੇ ਇਨ੍ਹਾਂ ਭਵਿਖਤ ਵਾਕਾਂ ਤੇ ਫੁੱਲ ਚਾੜ੍ਹਦੇ ਹੋਏ ਸਚੇ ਗੁਰਦਰਬਾਰੇ ਆ ਸ਼ਹੀਦ ਹੋਏ।*

ਭਾਈ ਉਜਾਗਰ ਸਿੰਘ ਜੀ

ਜਨਮ ਤੇ ਮਾਤਾ ਪਿਤਾ

ਆਪ ਦਾ ਜਨਮ ੧੦ ਜੂਨ ਸੰ: ੧੯੦੨ ਈ: ਨੂੰ ਬੰਡਾਲਾ ਚੱਕ ਨੰਬਰ ੬੪ ਨਿਹਾਲੇਆਣੇ ਵਿਚ, ਮਾਤਾ ਦਿਆਲ ਕੌਰ ਦੀ ਕੁਖੋਂ ਭਾਈ ਜਗਤ ਸਿੰਘ ਦੇ ਘਰ ਹੋਇਆ। ਆਪ ਪੰਜ ਭੈਣ ਭਰਾ ਸਨ-(੧) ਭਾਈ ਫ਼ੌਜਾ ਸਿੰਘ, (੨) ਬੀਬੀ ਰਾਮ ਕੌਰ, (੩) ਭਾਈ ਉਜਾਗਰ ਸਿੰਘ, (੪) ਭਾਈ ਬਹਾਦੁਰ ਸਿੰਘ, (੫) ਭਾਈ ਤਾਰਾ ਸਿੰਘ।

ਭੈਣ ਤਾਂ ਸ਼ਾਦੀ ਹੋਣ ਤੋਂ ਥੋੜੇ ਚਿਰ ਪਿਛੋਂ ਹੀ ਗੁਜ਼ਰ ਗਈ। ਬਾਕੀ ਭਰਾ ਇਸ ਵੇਲੇ ਆਪਣੀ ਵਾਹੀ ਜੋਤੀ ਦਾ ਕਾਰ ਵਿਹਾਰ ਕਰਦੇ ਹਨ। ਜਦੋਂ ਬਾਰ ਵਿਚ ਚੱਕ ਬੰਦੀ ਹੋ ਰਹੀ ਸੀ, ਓਦੋਂ ਹੀ ਆਪ ਦੇ ਪਿਤਾ ਭਾਈ ਜਗਤ ਸਿੰਘ ਜੀ ਬੰਡਾਲਾ ਜ਼ਿਲਾ ਅੰਮ੍ਰਿਤਸਰ ਤੋਂ ਆ ਕੇ ਇਥੇ ਆਬਾਦ ਹੋਏ ਸਨ। ਆਪ ਦੇ ਨਾਨਕੇ ਦਕੋਹਾ ਜ਼ਿਲਾ ਗੁਰਦਾਸਪੁਰ ਵਿਚ ਹਨ ਤੇ ਨਾਨੇ ਦਾ ਨਾਮ ਭਾ: ਦੇਵਾ ਸਿੰਘ ਹੈ।

* ਕਮੇਟੀ ਨੇ ਆਪ ਦੀ ਸੁਪਤਨੀ ਬੀਬੀ ਈਸ਼ਰੀ ਦੇ ਨਾਮ ਪਿਨਸ਼ਨ ਲਾ ਦਿਤੀ, ੧੭-੫-੨੧ ਤੋਂ ੩੧-੧੨-੩੭ ਤਕ ਜਿਸ ਦਾ ਜੋੜ ੧੩੯੮) ਰੁਪਏ ਬਣਦਾ ਹੈ।

ਸ਼ਾਦੀ, ਸੰਤਾਨ ਤੇ ਕਾਰ ਵਿਹਾਰ

ਆਪ ਦੀਆਂ ਦੋ ਸ਼ਾਦੀਆਂ ਹੋਈਆਂ, ਪਹਿਲੀ ਵਲੀਪੁਰ ਬੂੜੇ ਜ਼ਿਲਾ ਸ਼ੇਖ਼ੂਪੁਰੇ ਵਿਚ ੧੬ ਸਾਲ ਦੀ ਉਮਰ ਅੰਦਰ ਬੀਬੀ ਸੰਤ ਕੌਰ ਸਪੁਤਰੀ ਭਾਈ ਵਧਾਵਾ ਸਿੰਘ ਜੀ ਨਾਲ ਹੋਈ।

ਇਕ ਵੇਰ ਦੀ ਗਲ ਹੈ ਕਿ ਆਪ ਦੀ ਧਰਮ ਪਤਨੀ ਨੇ ਕਿਸੇ ਗਲੋਂ ਆਪ ਦੀ ਮਾਤਾ ਦੀ ਬੇ-ਅਦਬੀ ਕੀਤੀ ਤਾਂ ਆਪਨੇ ਇਸ ਗਲ ਦਾ ਰੋਸ ਮੰਨਾਉਂ-ਦਿਆਂ ਹੋਇਆਂ, ਕੁਝ ਚਿਰ ਲਈ ਉਸ ਨਾਲ ਨਾ-ਮਿਲਵਰਤਨ ਕਰ ਦਿਤਾ। ਅਤੇ ਜਦ ਤਕ ਉਸ ਨੇ ਮਾਤਾ ਪਾਸੋਂ ਖਿਮਾਂ ਨਾ ਮੰਗ ਲਈ ਉਸ ਨਾਲ ਕੋਈ ਕਾਰ ਵਿਹਾਰ ਨਾ ਰਖਿਆ। ਇਸ ਬੀਬੀ ਦੀ ਕੁਖੋਂ ਇਕ ਭੁਝੰਗੀ ਜਨਮਿਆ, ਜੋ ਸਾਲ ਦਾ ਹੋ ਕੇ ਘੋੜੀ ਤੋਂ ਡਿਗ ਕੇ ਚੜ੍ਹਾਈ ਕਰ ਗਿਆ, ਪਿਛੋਂ ਕਾਕੀ ਲਛਮਣ ਕੌਰ ਦਾ ਜਨਮ ਹੋਇਆ, ਉਹ ਭੀ ਛੇਤੀ ਹੀ ਚੜ੍ਹਾਈ ਕਰ ਗਈ। ਬੀਬੀ ਸੰਤ ਕੌਰ ਜੀ ਤਪਦਿੱਕ ਦੀ ਨਾਮੁਰਾਦ ਬੀਮਾਰੀ ਨਾਲ ਗੁਜ਼ਰ ਗਏ।

ਇਸ ਦੇ ਪਿਛੋਂ ਆਪ ਦੀ ਦੂਜੀ ਸ਼ਾਦੀ ਪਿੰਡ ਨੂੜੇ ਡਲੇ ਭਾਈ ਲੱਖਾ ਸਿੰਘ ਜੀ ਦੀ ਸਪੁਤਰੀ ਬੀਬੀ ਹਰਨਾਮ ਕੌਰ ਨਾਲ ਹੋਈ। ਇਸ ਬੀਬੀ ਦੀ ਕੁਖੋਂ ਕੋਈ ਸੰਤਾਨ ਨ ਹੋਈ ਤੇ ਇਹ ਭੀ ਛੇਤੀ ਹੀ ਗੁਰਪੁਰੀ ਨੂੰ ਸਿਧਾਰ ਗਏ। ਭਾਈ ਬੁਧ ਸਿੰਘ ਜੀ ਦੀ ਜਥੇਦਾਰੀ ਬਲੇ ਪਿੰਡ ਦੇ ਗੁਰਦੁਆਰੇ ਵਿਚੋਂ ਅੰਮ੍ਰਿਤ ਛਕ ਲਿਆ ਅਤੇ ਰਹਿਤ ਬਹਿਤ ਵਿਚ ਪ੍ਰਪੱਕ ਹੋ ਗਏ।

ਸਰੀਰਕ ਬਲ

ਆਪ ਬੜੇ ਦਰਸ਼ਨੀ ਜਵਾਨ ਸਨ। ਰੰਗ ਗੋਰਾ, ਮੁਛਾਂ ਕੁੰਢੀਆਂ, ਸਰੀਰ ਭਾਰਾ ਅਤੇ ਕਦ ਲੰਮਾ ਸੀ। ਆਪ ਬੜੀ ਜ਼ਬਰਦਸਤ ਵੀਣੀ ਫੜਿਆ ਕਰਦੇ ਸਨ। ਬਹੁਤ ਘਟ ਬੰਦੇ ਹੀ ਇਨ੍ਹਾਂ ਦੀ ਫੜੀ ਵੀਣੀ ਛੁਡਾਇਆ ਕਰਦੇ ਸਨ। ਦੋ ਮਣ ਪਕੇ ਦਾ ਲੋਹੇ ਦਾ ਕੜਾਹਾ ਕੁੰਡੇ ਤੋਂ ਫੜਕੇ ਇਕ ਹੱਥ ਨਾਲ ਜ਼ਮੀਨ ਤੋਂ ਚੁਕ ਕੇ ਆਪਣੇ ਸਰੀਰ ਦੇ ਉਦਾਲੇ ਪੁਦਾਲੇ ਚੱਕਰ ਲਾ ਦਿਆ ਕਰਦੇ ਸਨ। ਕੜਾਹੇ ਦਾ ਏਦਾਂ ਚੱਕਰ ਕੋਈ ਵਿਰਲਾ ਮਿਥਵਾਂ ਜਵਾਨ ਹੀ ਲਾ ਸਕਦਾ ਹੈ।

ਆਮ ਹਾਰੀ ਸਾਰੀ ਬੰਦੇ ਦੀ ਤਾਕਤ ਨਾਲੋਂ ਇਹ ਬਹੁਤ ਵਡੇ ਜ਼ੋਰ ਵਾਲੇ ਜਵਾਨ ਦਾ ਕੰਮ ਹੈ।

ਪੰਜ ਛੇ ਮਣ ਕਚੇ ਦਾ ਬੁਗਦਰ ਫੜਕੇ ਸਹਿਜ ਸੁਭਾ ਬਾਲਾ ਕਢ ਦੇਣਾ। ਜ਼ਿਦੋ ਜ਼ਿਦੀ ਦੋ ਢਾਈ ਮਣ ਲੋਹੇ ਦੀ ਐਹਰਨ ਸੁਟਣੀ ਤੇ ਬਾਲੇ ਕਢਣੇ। ਰੱਸਾ ਖਿਚਣ ਵਿਚ ਭੀ ਚੰਗਾ ਸਰੀਰ ਨਰੋਆ ਤੇ ਕਮਾਇਆ ਹੋਇਆ ਸੀ। ਨਿਕੇ ਹੁੰਦਿਆਂ ਕੁਸ਼ਤੀਆਂ ਘੁਲਣ ਦਾ ਬੜਾ ਸ਼ੌਂਕ ਸੀ, ਪਰ ਦਾਹੜੀ ਅਤੇ ਕੇਸਾਂ ਦੀ ਕਦੀ ਬੇਅਦਬੀ ਨਹੀਂ ਕਰਾਈ ਸੀ।

ਨਹਿਰ ਇਕੱਲਿਆਂ ਨੇ ਹੀ ਬੰਨ੍ਹਣੀ, ਏਸ ਇਲਾਕੇ ਵਿਚ ਤ੍ਰਿੰਨ ਹੀ ਬੰਦੇ ਅਜਿਹੇ ਸਨ, ਜੇਹੜੇ ਇਕੱਲਾ ਇਕੱਲਾ ਨਹਿਰ ਬੰਨ੍ਹ ਸਕਦੇ ਸਨ; ਜਿਨ੍ਹਾਂ ਵਿਚੋਂ ਤੀਜੇ ਇਹ ਆਪ ਸਨ।

ਬੜੇ ਸਖੀ ਦਿਲ ਦੇ ਬੰਦੇ ਸਨ, ਕਮੀਣ ਕਾਂਦੂ ਕੋਈ ਬਾਹਰ ਵਟ ਬੰਨੇ ਤੇ ਜਾਕੇ ਸਵਾਲ ਪਾਵੇ ਤੇ ਕਿਸੇ ਨੂੰ ਕਦੀ ਨਾ ਮੋੜਣਾ। ਆਪ ਦਾ ਸੁਭੱਾ ਬੜਾ ਦਲੇਰ ਸੀ। ਖਲੜੀ ਵਿਚ ਕਿਸੇ ਕਿਸਮ ਦਾ ਡਰ ਤਾਂ ਉਕਾ ਹੀ ਨਹੀਂ ਹੁੰਦਾ ਸੀ।

ਵਿਦਿਆ ਪ੍ਰਾਪਤੀ ਤੇ ਹੋਰ ਹਾਲ

ਗੁਰਮੁਖੀ ਆਪਣੇ ਪਿੰਡ ਦੇ ਗੁਰਦੁਆਰੇ ਵਿਚੋਂ ਹੀ ਪੜ੍ਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਸਧਾਰਨ ਪਾਠ ਕਰ ਲੈਂਦੇ ਸਨ। ਕਈ ਵੇਰਾਂ ਜਦ ਆਪ ਦੇ ਘਰ ਮਹਾਰਾਜ ਦੀ ਬੀੜ ਪਾਠ ਲਈ ਜਾਣੀ ਤਾਂ ਬੜੇ ਚਾਂ ਨਾਲ ਗ੍ਰੰਥੀ ਸਿੰਘ ਦੀ ਸਹਾਇਤਾ ਲਈ ਮਹਾਰਾਜ ਦਾ ਪਾਠ ਸੁਰ ਨਾਲ ਕਰਨਾ ਤੇ ਐਓਂ ਜਾਪਣਾ ਜਿਵੇਂ ਮੂੰਹੋਂ ਫੁਲ ਕਿਰਦੇ ਹਨ। ਵਾਹੀ ਜੋਤੀ ਦਾ ਕੰਮ ਬੜੇ ਖੜਕੇ-ਦੜਕੇ ਨਾਲ ਕਰਦੇ ਸਨ। ਅਠੇ ਪਹਿਰ ਜਦੋਂ ਵੇਖੋ ਆਪਣੇ ਕੰਮ ਵਿਚ ਹੀ ਗ਼ਲਤਾਨ ਰਹਿਣਾ, ਪਰ ਜਦੋਂ ਕਦੇ ਵੇਹਲਾ ਸਮਾਂ ਮਿਲਨਾ ਤਾਂ ਲੋਕਾਂ ਨੂੰ ਜਨਮ ਸਾਖੀ ਅਤੇ ਬੰਦਾ ਬਹਾਦਰ ਦੀਆਂ ਸ਼ਹੀਦੀਆਂ ਡਾਢੀ ਹੇਕ ਨਾਲ ਪੜ੍ਹ ਕੇ ਸੁਨੌਣੀਆਂ। ਸੰਗਤਾਂ ਨੇ ਭੀ ਬੜੇ ਉਤਸ਼ਾਹ ਤੇ ਪ੍ਰੇਮ ਨਾਲ ਸੁਣਨੀਆਂ। ਏਸ ਤਰ੍ਹਾਂ ਕਈ ਕਈ ਘੰਟੇ ਮੌਜ ਬਣਾ ਛਡਣੀ। ਜਿਸ ਦਿਨ ਦੇ ਆਪ ਸ਼ਹੀਦ ਹੋ ਗਏ ਹਨ, ਮਾਨੋਂ ਪਿੰਡ ਦੀ ਸਾਰੀ ਰੌਣਕ ਹੀ ਇਨ੍ਹਾਂ ਦੇ ਨਾਲ ਚਲੀ ਗਈ ਹੈ।

ਪੰਥਕ ਸੇਵਾ ਦਾ ਚਾਓ

ਜਦੋਂ ਤੋਂ ਆਪ ਦੀ ਦੂਜੀ ਸਿੰਘਣੀ ਦਾ ਅਕਾਲ ਚਲਾਣਾ ਹੋ ਗਿਆ ਸੀ, ਆਪ ਦੀ ਬ੍ਰਿਤੀ ਕੁਝ ਘਰੋਗੀ ਕੰਮਾਂ ਤੋਂ ਉਚਾਟ ਜਹੀ ਰਹਿਣ ਲਗ ਪਈ ਸੀ।

ਆਪ ਬਾਹਰ ਦੀਵਾਨਾਂ ਵਿਚ ਵਧੇਰੇ ਆਉਣ ਜਾਣ ਲਗ ਪਏ, ਉਥੇ ਹੀ ਆਪ ਨੂੰ ਪੰਥਕ ਸੇਵਾ ਦੀ ਰੰਗਣ ਚੜ੍ਹਨੀ ਸ਼ੁਰੂ ਹੋ ਗਈ। ਸ੍ਰੀ ਤਰਨਤਾਰਨੋਂ ਪਿਸ਼ਾਵਰ ਦੇ ਜਥੇ ਵਿਚ ਭਰਤੀ ਹੋ ਕੇ ਚਲੇ ਗਏ। ਉਥੋਂ ਮੋਰਚਾ ਫ਼ਤਹ ਹੋਣ ਤੇ ਵਾਪਸ ਆ ਗਏ। ਆਪ ਨੇ ਧਾਰੋਵਾਲੀ ਭਾਈ ਲਛਮਣ ਸਿੰਘ ਜੀ ਹੁਰਾਂ ਪਾਸ ਸ੍ਰੀ ਨਨਕਾਣੇ ਸਾਹਿਬ ਦੇ ਮਹੰਤ ਨਰੈਣ ਦਾਸ ਦੀਆਂ ਕੁਰੀਤੀਆਂ ਦੇ ਸੁਧਾਰ ਲਈ ਜਥੇ ਵਿਚ ਨਾਮ ਦਿਤਾ ਹੋਇਆ ਸੀ। ਜਦੋਂ ਆਪ ਨੂੰ ਸ੍ਰੀ ਨਨਕਾਣੇ ਸਾਹਿਬ ਆਉਣ ਲਈ ਹੁਕਮ ਪੁਜਾ ਤਾਂ ਚੌਂ ਚੜ੍ਹ ਗਿਆ। ਉਸ ਵੇਲੇ ਆਪ ਪਿੰਡ ਦੇ ਨੇੜੇ ਹੀ ਆਪਣੇ ਮੁਰੱਬਿਆਂ ਵਿਚ ਪਠੇ ਵਢਦੇ ਸਨ। ਕੁਦਰਤੀਂ ਆਪ ਦੇ ਪੈਰ ਨੰਗੇ ਸਨ। ਆਪਣੇ ਪਿਤਾ ਦਾ ਜੋੜਾ ਪੈਰੀਂ ਪਾ ਕੇ ਪਠੇ ਚੁਕ ਭਜੇ ਭਜੇ ਘਰ ਨੂੰ ਆ ਗਏ ਅਤੇ ਅਕਾਲੀ ਸ਼ਹੀਦੀ ਬਾਣੇ ਸਜਾ ਲਏ। ਕ੍ਰਿਪਾਨ ਦਾ ਗਾਤ੍ਰਾ ਕੁਝ ਖੁਲ੍ਹਾ ਸੀ। ਆਪਣੀ ਭਾਬੀ ਨੂੰ ਆਖਣ ਲਗੇ ਕਿ "ਭਾਬੀ ਮੇਰਾ ਗਾਤ੍ਰਾ ਖੁਲ੍ਹਾ ਹੈ ਏਸ ਨੂੰ ਦੋ ਤੋਪੇ ਲਾ ਕੇ ਜ਼ਰਾ ਤੰਗ ਤੇ ਕਰ ਦੇ" ਓਸ ਨੇ ਅਗੋਂ ਉਤ੍ਰ ਦਿਤਾ ਹੇਖਾਂ ਨੌਂ ਸੌ ਚੂਹਾ ਖਾ ਕੇ ਬਿੱਲੀ ਹਜ ਨੂੰ ਚਲੀ ਏ, ਹੁਣ ਵੱਡਾ ਅਕਾਲੀਆ ਬਣਨ ਲਗਾ ਏ। ਅਗੋਂ ਉਤ੍ਰ ਦਿਤੋ ਨੇ "ਭਾਬੀ ਕੋਈ ਗਲ ਨਹੀਂ, ਜੇ ਨੌਂ ਸੌ ਚੂਹਾ ਖਾ ਕੇ ਭੀ ਬਿੱਲੀ ਹਜ ਨੂੰ ਚਲੀ ਜਾਵੇ ਤਾਂ ਭੀ ਤੂੰ ਚੰਗਾ ਹੀ ਜਾਣ। ਹਜ ਨੂੰ ਹੀ ਚਲੀ ਹੈ, ਕਿਸੇ ਮਾੜੇ ਬੰਨੇ ਤਾਂ ਨਹੀਂ ਨਾ ਚਲੀ ਜੋ ਕਿਧਰੋਂ ਓਸ ਦਾ ਗਾਹਲ ਉਲਾਂਭਾ ਆਉਣਾ ਹੈ।" ਘਰ ਜਾਣ ਤੋਂ ਪਹਿਲਾਂ ਹੀ ਮੁਰਕੀਆਂ ਲਾਹ ਕੇ ਸੁਨਿਆਰੇ ਦੀ ਦੁਕਾਨ ਤੇ ਰਖ ਆਏ ਜੋ ਸ਼ਹੀਦ ਹੋਣ ਸਮੇਂ ਉਸ ਨੇ ਇਨ੍ਹਾਂ ਦੇ ਘਰ ਲਿਆ ਕੇ ਦਿਤੀਆਂ।

ਭਾਬੀ ਨਾਲ ਗਲਾਂ ਕਰਦਿਆਂ ਦੇ ਵਿਚ ਹੀ ਮਾਂ ਆ ਕੇ ਆਖਣ ਲਗੀ— "ਉਜਾਗਰ ਸਿੰਘਾ ਮੈਂ ਤਾਂ ਤਰਲੇ ਲੈਂਦੀ,ਤੇਰੇ ਹੋਰ ਬਾਨ੍ਹਣੂ ਪਈ ਬੰਨ੍ਹਦੀ ਫਿਰਦੀ ਹਾਂ ਤੇ ਤੂੰ ਇਹ ਕੇਹੜੇ ਚਾਲੇ ਫੜੇ ਹਨ? ਪੁਤ੍ਰਾ ਅਸਾਂ ਟਬਰ-ਟੋਰ ਵਾਲਿਆਂ

ਕਾਲੀਏ ਬਣ ਕੇ ਕੀ ਲੈਣਾ ਹੈ। ਘਰ ਦਾ ਬੂਹਾ ਖੁਲ੍ਹਣ ਦੇ ਜੋ ਸਾਡੀ ਭੀ ਵੇਲ ਵਧੇ।" ਮਾਂ ਛਡ ਏਨ੍ਹਾਂ ਕਚੀਆਂ ਗਲਾਂ ਨੂੰ, ਮੈਂ ਹੁਣ ਇਨ੍ਹਾਂ ਬੇੜਾਂ ਵਿਚ ਨਹੀਂ ਬਝਣਾ ਹੈ। ਬਥੇਰਾ ਦੁਨੀਆਂਦਾਰੀ ਦਾ ਰੰਡੀ ਰੋਣਾ ਕਰ ਵੇਖਿਆ ਹੈ। ਹੁਣ ਗੁਰੂ ਲੇਖੇ ਹੀ ਲਗਣ ਦੇ, ਐਵੇਂ ਵਾਧੂ ਹੋਰ ਕਛੂਮਤਾਂ ਨਾ ਲਾ। ਇਹ ਜੋ ਕੁਝ ਹੋ ਰਿਹਾ ਹੈ ਸਭ ਓਸੇ ਦੇ ਭਾਣੇ ਵਿਚ ਹੀ ਵਰਤ ਰਿਹਾ ਹੈ। ਜੇ ਆ ਲਗੀ ਏ ਤਾਂ ਪਿੰਡ ਕਿਸੇ ਨੇ ਮੌਤ ਥੋੜੀ ਡਕ ਲੈਣੀ ਹੈ। ਉਥੇ ਗੁਰੂ ਘਰ ਵਿਚ ਸੀਸ ਦਿਤਿਆਂ ਤਾਂ ਫੇਰ ਅਗਾ ਪਿਛਾ ਸੰਵਰ ਜਾਊ।

ਇਹ ਗਲਾਂ ਬਾਤਾਂ ਕਰਕੇ ਆਪ ਸਿਧੇ ਰਵਾਂ ਰਵੀਂ ਨੀਲੇ ਬਸਤ੍ਰ ਸਜਾਈ ਤਖ਼ਤਪੋਸ਼ ਤੇ ਆ ਗਏ ਜਿਥੇ ਅਗੇ ਭਾਈ ਰਾਮ ਸਿੰਘ, ਭਾਈ ਚੇਤ ਸਿੰਘ, ਭਾਈ ਵਰਿਆਮ ਸਿੰਘ ਹੁਰੀਂ ਇਨ੍ਹਾਂ ਦੀ ਉਡੀਕ ਵਿਚ ਬੈਠੇ ਸਨ।

ਇਨ੍ਹਾਂ ਦੇ ਪਿਤਾ ਭਾਈ ਜਗਤ ਸਿੰਘ ਨੇ ਬੜੇ ਜ਼ੋਰ ਨਾਲ ਆ ਕੇ ਮੋੜਿਆ ਕਿ ਤੂੰ ਜਥੇ ਨਾਲ ਨਾ ਜਾਹ, ਉਥੇ ਮਹੰਤ ਨੇ ਬੜੇ ਬੜੇ ਡਾਕੂ ਰਖੇ ਹੋਏ ਹਨ, ਪ੍ਰੰਤੂ ਆਪ ਨੇ ਕਿਸੇ ਗਲ ਦੀ ਪ੍ਰਵਾਹ ਨ ਕੀਤੀ। ਆਪਣੇ ਪਿਤਾ ਦਾ ਜੋੜਾ ਲਾਹ ਕੇ ਭੀ ਦੇ ਦਿਤਾ ਤੇ ਆਪ ਨੰਗੀਂ ਪੈਰੀਂ ਹੀ ਸਾਰਾ ਪੰਧ ਆਪਣੀ ਲਗਨ ਵਿਚ ਮਸਤ ਹੋ ਕੇ ਸਿਧੇ ਤੁਰੀ ਗਏ ਅਤੇ ਦੂਜੇ ਸਾਥੀਆਂ ਦੇ ਨਾਲ ਹੀ ਆਪਣਾ ਪਵਿਤ੍ਰ ਸੀਸ ਗੁਰਚਰਨਾਂ ਵਿਚ ਆ ਭੇਟ ਕੀਤਾ।

ਗੁਰਦੁਆਰਾ ਕਮੇਟੀ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਤੀਨਿਧਾਂ ਨੇ ਇਨ੍ਹਾਂ ਦੇ ਪਿੰਡ ਘਰ ਜਾਕੇ ਸਹਾਇਤਾ ਲੈਣ ਲਈ ਬੜਾ ਜ਼ੋਰ ਲਾਇਆ, ਪਰ ਇਸ ਸਿਦਕੀ ਪ੍ਰਵਾਰ ਨੇ ਹੋਰ ਕਈ ਸ਼ਹੀਦੀ ਘਰਾਣਿਆਂ ਵਾਂਗ ਗੁਰਦੁਆਰੇ ਪਾਸੋਂ ਕਿਸੇ ਕਿਸਮ ਦੀ ਸਹਾਇਤਾ ਲੈਣੀ ਸਵੀਕਾਰ ਨ ਕੀਤੀ।

ਬੰਡਾਲਾ ਚੱਕ ਨੰ: ੭੧ ਦੇ ਸ਼ਹੀਦ

ਬੰਡਾਲਾ ਬਚਨ ਸਿੰਘ ਵਾਲਾ ਚਕ ਨੰ:੭੧

ਜ਼ਿਲਾ ਲਾਇਲਪੁਰ ਦੇ ਸ਼ਹੀਦ

ਭਾਈ ਸੱਮਾਂ ਸਿੰਘ ਜੀ

ਸਾਕੇ ਤੋਂ ਹਫ਼ਤਾ ਕੁ ਪਹਿਲਾਂ ਭਾਈ ਲਛਮਣ ਸਿੰਘ ਅਤੇ ਭਾਈ ਈਸ਼ਰ ਸਿੰਘ ਜੀ ਧਾਰੋਵਾਲੀ ਇਸ ਚੱਕ ਵਿਚ ਆਏ ਅਤੇ ਸ੍ਰੀ ਨਨਕਾਣੇ ਸਾਹਿਬ ਦੇ ਗੁਰਦੁਆਰਾ ਸੁਧਾਰ ਹਿਤ ਸਿੰਘਾਂ ਨੂੰ ਨਾਮ ਲਿਖੌਣ ਲਈ ਪ੍ਰੇਰਨਾ ਕੀਤੀ। ਭਾਈ ਸੱਮਾਂ ਸਿੰਘ, ਭਾਈ ਪ੍ਰੀਤਮ ਸਿੰਘ, ਭਾਈ ਇੱਛਰ ਸਿੰਘ ਅਤੇ ਭਾਈ ਧਰਮ ਸਿੰਘ ਜੀ ਚਵ੍ਹਾਂ ਨੇ ਨਾਮ ਲਿਖਵਾ ਦਿਤੇ।

੯ ਫਗਣ ਵਾਲੇ ਦਿਨ ਸਵੇਰੇ ਘੋੜੀ ਤੇ ਸ: ਈਸ਼ਰ ਸਿੰਘ ਜੀ ਧਾਰੋਵਾਲੀ ਬੰਡਾਲਾ ਗੁਜਰ ਸਿੰਘ ਵਾਲਾ ਚੱਕ ਨੰ: ੭੦ ਨੂੰ ਜਾਂਦੇ ਹੋਏ ਪੱਕੀ ਕਰ ਗਏ ਕਿ ਭਾਈ ਸਾਹਿਬ ਜੀ ਤੁਸੀ ਤਿਆਰ ਹੋਕੇ ਧਾਰੋਵਾਲੀ ਸ਼ਾਮ ਨੂੰ ਪੁਜ ਜਾਓ। ਇਨ੍ਹਾਂ ਦੇ ਪਿਛੋਂ ਫੇਰ ਦੁਪਹਿਰ ਨੂੰ ਭਾਈ ਗੁਰਚਰਨ ਸਿੰਘ ਜੀ ਪ੍ਰਾਈਵੇਟ ਸਕੱਤ੍ਰ ਭਾਈ ਲਛਮਣ ਸਿੰਘ ਜੀ ਬਾਈਸਿਕਲ ਤੇ ਆਕੇ ਹੋਰ ਤਾਗੀਦ ਕਰ ਗਏ। ਸਭ ਸਿੰਘਾਂ ਤਿਆਰੀ ਆਰੰਭ ਦਿਤੀ।

ਆਪ ਦਾ ਜਨਮ ਮਹੀਨਾ ਸਾਵਣ ਸੰ: ੧੯੫੩ ਬਿ: ਨੂੰ ਮਾਤਾ ਮਾਨਕੌਰ ਦੀ ਕੁਖੋਂ ਭਾਈ ਪਾਲਾ ਸਿੰਘ ਦੇ ਘਰ ਪਿਛਲੇ ਬੰਡਾਲੇ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਦੇ ਨਾਨਕੇ ਛਜਲਵਡੀ ਜ਼ਿਲਾ ਅੰਮ੍ਰਿਤਸਰ ਵਿਚ ਹਨ।

ਜਦ ਆਪ ਦੇ ਮਾਪੇ ਬਾਰ ਵਿਚ ਜ਼ਮੀਨ ਦੀ ਆਬਾਦੀ ਲਈ ਆ ਗਏ ਤਾਂ ਆਪ ਵੀ ਉਨ੍ਹਾਂ ਦੇ ਨਾਲ ਹੀ ਇਥੇ ਆ ਗਏ। ਪਿੰਡ ਦੇ ਗੁਰਦੁਆਰੇ ਵਿਚੋਂ ਪੰਜਾਬੀ ਪੜ੍ਹ ਕੇ ਮਹਾਰਾਜ ਦੇ ਚੰਗੇ ਪਾਠੀ ਹੋ ਗਏ। ਹੋਸ਼ ਸੰਭਾਲਨ ਤੇ ਪਿੰਡੋਂ

ਹੀ ਅੰਮ੍ਰਿਤ ਛਕ ਲਿਆ ।

ਆਪ ਦਾ ਕੱਦ ਲੰਮਾ, ਸਰੀਰ ਭਾਰਾ, ਅੱਖਾਂ ਬਿੱਲੀਆਂ, ਕੇਸ ਸੁਨਹਿਰੀ ਅਤੇ ਗੋਰਾ ਨਛੋਹ ਰੰਗ ਸੀ। ਸੋਹਣੇ ਕਦਾਵਰ ਭਰਵੇਂ ਤਾਕਤਵਰ ਜਵਾਨ ਸਨ। ਸਾਰੀ ਉਮਰ ਕੁਆਰੇ ਹੀ ਰਹੇ, ਮਾਪਿਆਂ ਦੇ ਯਤਨ ਕਰਨ ਤੇ ਭੀ ਆਪ ਨੇ ਵਿਆਹ ਨ ਕਰਾਇਆ।

ਆਪ ਅੱਠ ਭੈਣ ਭਰਾ ਸਨ :-(੧) ਭਾ: ਪ੍ਰੀਤਮ ਸਿੰਘ, (੨) ਭਾ: ਮਿਤ ਸਿੰਘ,(੩) ਭਾਈ ਤੇਜਾ ਸਿੰਘ,(੪) ਭਾਈ ਕਰਮ ਸਿੰਘ, (੫) ਭਾਈ ਸੱਮਾਂ ਸਿੰਘ, (੬) ਭਾਈ ਪ੍ਰੇਮ ਸਿੰਘ, (੭) ਭਾਈ ਬਾਰਾ ਸਿੰਘ, (੮) ਬੀਬੀ ਇੰਦਰ ਕੌਰ।

ਆਪ ਦਾ ਸੁਭੱਾ ਬੜਾ ਹੀ ਮਸਤ ਜਿਹਾ ਸੀ। ਬਿਨਾਂ ਮਤਲਬ ਦੇ ਕੋਈ ਗਲ ਨਾ ਕਰਨੀ। ਜਰਮਨ ਦੀ ਲੜਾਈ ਸਮੇਂ ਪਲਟਨ ਨੰਬਰ ੯੨ ਵਿਚ ਭਰਤੀ ਹੋ ਗਏ । ਚਾਰ ਕੁ ਸਾਲ ਨੌਕਰੀ ਕਰਕੇ ਨਾਮ ਕਟਾ ਲਿਆ। ਆਪ ਨੇ ਤੇ ਭਾ: ਪ੍ਰੀਤਮ ਸਿੰਘ ਦੋਹਾਂ ਨੇ ਸ਼ਹੀਦੀ ਲਈ ਨਾਮ ਲਿਖਾਏ ਹੋਏ ਸਨ। ਪਰ ੯ ਫੱਗਣ ਵਾਲੇ ਦਿਨ ਜਦ ਸੱਦਾ ਪੁਜਾ ਤਾਂ ਭਾਈ ਪ੍ਰੀਤਮ ਸਿੰਘ ਜੀ ਵਾਂਢੇ ਗਏ ਹੋਏ ਸਨ ਅਤੇ ਉਨ੍ਹਾਂ ਦੀ ਥਾਂ ਭਾਈ ਬਾਰਾ ਸਿੰਘ ਤਿਆਰ ਹੋ ਕੇ ਚਲੇ ਗਏ। ਆਪ ਨੇ ਇਸ ਨਗਰ ਦੇ ਬਾਕੀ ਤਿੰਨਾਂ ਸਿੰਘਾਂ ਦੇ ਨਾਲ ਹੀ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਸ਼ਹੀਦੀ ਪ੍ਰਾਪਤ ਕੀਤੀ* ।

ਭਾਈ ਬਾਰਾ ਸਿੰਘ ਜੀ

ਆਪ ਭਾਈ ਸੱਮਾਂ ਸਿੰਘ ਹੁਰਾਂ ਦੇ ਸਕੇ ਛੋਟੇ ਭਰਾ ਸਨ। ਆਪ ਦਾ ਜਨਮ ੮ ਕਤਕ ਸੰ: ੧੯੬੦ ਬਿ: ਨੂੰ ਪਿਛਲੇ ਬੰਡਾਲੇ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਤੇਰਾਂ ਕੁ ਸਾਲ ਦੀ ਉਮਰ ਵਿਚ ਆਪ ਨੂੰ ਖ਼ਾਲਸਾ ਪ੍ਰਚਾਰਕ ਵਿਦਿ-ਆਲਾ ਸ੍ਰੀ ਤਰਨ ਤਾਰਨ ਵਿਚ ਧਾਰਮਕ ਪੜ੍ਹਾਈ ਲਈ ਦਾਖ਼ਲ ਕਰਵਾ ਦਿਤਾ ਗਿਆ। ਇਥੇ ਆਸ਼ਰਮ ਵਿਚ ਹੀ ਆਪ ਨੇ ਅੰਮ੍ਰਿਤ ਛਕਿਆ। ਬੜੀ

*ਕਮੇਟੀ ਨੇ ਦੋਹਾਂ ਭਰਾਵਾਂ ਦਾ ੬੭) ਕਰਜ਼ਾ ਉਤਾਰਿਆ ਅਤੇ ਮਾਤਾ ਮਾਨ ਕੌਰ ਦੇ ਨਾਮ ਪਿੰਨ-ਸ਼ਨ ਲਾ ਦਿੱਤੀ। ਜਿਸਦਾ ੧੭-੫-੨੧ ਤੋਂ ੭-੭-੩੧ ਤਕ ੧੦੫੭) ਰੁਪਏ ਜੋੜ ਹੈ। ਇਸੇ ਤਾਰੀਖ਼ ਮਾਤਾ ਜੀ ਦਾ ਅਕਾਲ ਚਲਾਣਾ ਹੋ ਜਾਣ ਤੇ ਪਿੰਨਸ਼ਨ ਬਦ ਹੋ ਗਈ।

ਲਗਨ ਤੇ ਮੇਹਨਤ ਨਾਲ ਵਾਜਾ ਜੋੜੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਕਰਨਾ ਸਿਖ ਲਿਆ। ਆਪ ਭੀ ਸਾਰੀ ਉਮਰ ਕੁਆਰੇ ਹੀ ਰਹੇ।

ਬਾਬੇ ਦੀ ਅੱਲ ਪੈਣੀ

ਆਪ ਜਦ ਇਥੇ ਪੜ੍ਹਦੇ ਸਨ ਤਾਂ ਅਨਦਾੜ੍ਹੀਏ ਹੀ ਸਨ, ਪ੍ਰੰਤੂ ਉੱਚ ਆਚਰਨ, ਭਜਨੀਕ ਬਿਰਤੀ ਅਤੇ ਗੁਰਮੁਖ ਸੁਭਾ ਹੋਣ ਦੇ ਕਾਰਨ ਇਨ੍ਹਾਂ ਨੂੰ ਸਾਰੇ ਵਿਦਿਆਰਥੀ ਅਤੇ ਸਟਾਫ਼ ਦੇ ਮੈਂਬਰ ਬਾਬਾ ਬਾਰਾ ਸਿੰਘ ਜੀ ਕਰਕੇ ਸਦਦੇ ਸਨ। ਆਪ ਨੇ ਇਥੇ ਤਿੰਨ ਕੁ ਸਾਲ ਵਿਦਿਆ ਪ੍ਰਾਪਤ ਕੀਤੀ, ਬਹੁਤੀ ਰੁਚੀ ਨਾਮ ਅਭਿਆਸ ਵਲ ਹੋਣ ਕਰਕੇ ਪੜ੍ਹਾਈ ਵਿਚ ਹਮੇਸ਼ਾਂ ਵਿਚਲਾ ਮੇਲ ਹੀ ਰਹਿੰਦੇ ਸਨ।

ਆਸ਼ਰਮ ਵਿਚ ਪ੍ਰਬੰਧਕ ਸਭ ਤੋਂ ਇਤਬਾਰੀ ਲੜਕੇ ਨੂੰ ਛੋਟੇ ਲੜਕਿਆਂ ਦੀ ਬੈਰਕ ਦਾ ਜਥੇਦਾਰ ਬਣਾਉਂਦੇ ਸਨ। ਆਪ ਛੋਟੇ ਲੜਕਿਆਂ ਦੀ ਬੈਰਕ ਦੇ ਜਥੇਦਾਰ ਹੁੰਦੇ ਸਨ।

ਸੁਭਾ ਗੰਭੀਰ ਤੇ ਚੁਪ ਚਾਪ ਰਹਿਣ ਵਾਲਾ ਸੀ। ਅਜਿਹਾ ਰਸੀਲਾ ਦਿਲ ਖਿੱਚੂ ਕੀਰਤਨ ਕਰਨਾ ਕਿ ਠੱਠ ਬੰਨ੍ਹ ਦਿਆ ਕਰਨਾ। ਗੁਰਬਾਣੀ ਦੇ ਨਿਤਨੇਮੀ, ਰਹਿਤ ਮਰਯਾਦਾ ਵਿਚ ਪੱਕੇ। ਆਮ ਵਿਦਿਆਰਥੀਆਂ ਵਿਚ ਹਰ ਗਲੇ ਬੜੇ ਸਚਿਆਰ ਮਿਥੇ ਜਾਂਦੇ ਸਨ। ਕਦ ਦਰਮਿਆਨਾ, ਸ੍ਰੀਰ ਗੁੰਦਿਆ ਹੋਇਆ। ਰੰਗ ਕਣਕ ਭਿੰਨਾਂ, ਅੱਖਾਂ ਹਰਨ ਵਾਂਗ ਚਮਕੀਲੀਆਂ। ਉਂਞ ਚੇਹਰਾ ਮੋਹਰਾ ਵਾਹਵਾ ਸੁਣੱਖਾ ਹੁੰਦਾ ਸੀ।

ਸ਼ਹੀਦੀ ਰੰਗਣ

ਆਪ ਅਜੇ ਪੜ੍ਹਦੇ ਹੀ ਸਨ ਕਿ ਅਖ਼ਬਾਰਾਂ ਵਿਚ ਛਪਿਆ ਕਿ ਕਿਸੇ ਦੁਸ਼ਟ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤ੍ਰ ਬੀੜ ਅਗ ਲਾ ਕੇ ਸਾੜ ਦਿਤੀ ਹੈ। ਆਪ ਅੰਦਰ ਧਰਮ ਨੇ ਜੋਸ਼ ਮਾਰਿਆ ਅਤੇ ਉਸ ਨੀਚ ਦੀ ਸੁਧਾਈ ਕਰਨ ਲਈ ਤਰਨਤਾਰਨ ਤੋਂ ਹੀ ਸ਼ਹੀਦੀ ਦੇਣ ਲਈ ਤਿਆਰੇ ਕਰ ਲਏ। ਪਰ ਇਥੋਂ ਦੇ ਪ੍ਰਬੰਧਕਾਂ ਨੇ ਰੋਕ ਲਿਆ। ਜਦ ਸ੍ਰੀ ਤਰਨਤਾਰਨ ਦਾ ਸ਼ਹੀਦੀ ਸਾਕਾ ਹੋਣ

ਲਗਾ ਤਾਂ ਆਪ ਨੇ ਸ਼ਹੀਦੀ ਲਈ ਬੜੀ ਕੋਸ਼ਸ਼ ਕੀਤੀ ਪਰ ਆਸ਼ਰਮ ਦੇ ਪ੍ਰਬੰਧਕਾਂ ਨੇ ਜਾਣੋਂ ਰੋਕ ਲਿਆ ਅਤੇ ਇਕ ਕੋਠੜੀ ਵਿਚ ਬੰਦ ਕਰਕੇ ਬਾਹਰੋਂ ਜੰਦਰਾ ਠੋਕ ਛਡਿਆ। ਆਪ ਨੇ ਜਦੋਂ ਭੀ ਵਿਦਿਆਰਥੀਆਂ ਨਾਲ ਇਕੱਠੇ ਹੋਣਾ ਤਾਂ ਇਹ ਗਲ ਅਨੇਕਾਂ ਵਾਰ ਸਭ ਨੂੰ ਆਖਣੀ ਕਿ ਕੋਈ ਗਲ ਨਹੀਂ ਜੇ ਇਥੇ ਸੀਸ ਗੁਰੂ ਲੇਖੇ ਨਹੀਂ ਲਗਾ, ਪਰ ਮੈਂ ਸ੍ਰੀ ਨਨਕਾਣੇ ਸਾਹਿਬ ਜਾ ਕੇ ਜ਼ਰੂਰ ਸ਼ਹੀਦ ਹੋ ਜਾਣਾ ਹੈ। ਸੋ ਅਕਾਲਪੁਰਖ ਦੇ ਹੁਕਮ ਅੰਦਰ ਏਸੇ ਤਰ੍ਹਾਂ ਹੀ ਹੋਇਆ ਅਤੇ ਇਸ ਜੋਸ਼ੀਲੇ ਨੌਜਵਾਨ ਸਿਦਕੀ ਸਿਖ ਦੇ ਭਵਿਖਤ ਵਾਕ ਪੂਰੇ ਹੋ ਕੇ ਹੀ ਰਹੇ।

ਆਪ ਨੂੰ ਜੰਦਰਾ ਖੋਲ੍ਹ ਕੇ ਜਦ ਕੋਠੜੀ ਵਿਚੋਂ ਬਾਹਰ ਕਢਿਆ ਤਾਂ ਆਪ ਨੇ ਆਪਣੇ ਵੱਡੇ ਭਰਾ ਭਾਈ ਪ੍ਰੀਤਮ ਸਿੰਘ ਨੂੰ ਪਿੰਡ ਚਿੱਠੀ ਲਿਖੀ ਕਿ ਗੁਰੂ ਕ੍ਰਿਪਾ ਨਾਲ ਦੋ ਵੇਰ ਸ਼ਹੀਦੀ ਦਾ ਸਮਾ ਬਣਿਆ ਸੀ, ਪਰ ਇਥੋਂ ਦੇ ਪ੍ਰਬੰਧਕਾਂ ਨੇ ਮੇਰੇ ਹਥੋਂ ਇਹ ਦੋਵੇਂ ਸੁਨਹਿਰੀ ਮੌਕੇ ਗੁਆ ਦਿਤੇ ਹਨ। ਆਪ ਆਗਿਆ ਦੇਓ ਤਾਂ ਘਰ ਨੂੰ ਆ ਜਾਵਾਂ। ਜਿਸ ਧਾਰਮਕ ਆਸ਼ਰਮ ਦੇ ਪ੍ਰਬੰਧਕ ਸ਼ਹੀਦੀ ਵਰਗੀ ਪਵਿਤ੍ਰ ਦਾਤ ਤੋਂ ਰੋਕਦੇ ਹਨ, ਮੈਂ ਉਥੋਂ ਹੋਰ ਕੀ ਸਿਖਿਆ ਲੈਣੀ ਹੈ। ਮੇਰਾ ਚਿਤ ਇਥੋਂ ਦੀ ਪੜ੍ਹਾਈ ਤੋਂ ਬਿਲਕੁਲ ਉਪ੍ਰਾਮ ਹੋ ਗਿਆ ਹੈ।

ਆਪ ਦੇ ਭਰਾਤਾ ਜੀ ਨੇ ਮੋੜਵੀਂ ਡਾਕੇ ਚਿੱਠੀ ਦਾ ਉਤ੍ਰ ਦਿਤਾ ਕਿ ਜੇ ਪੜ੍ਹਾਈ ਨੂੰ ਚਿਤ ਨਹੀਂ ਕਰਦਾ ਤਾਂ ਘਰ ਨੂੰ ਆ ਜਾਓ। ਆਪ ਚਿੱਠੀ ਪੁਜਦੇ ਸਾਰ ਹੀ ਸਾਕੇ ਤੋਂ ਚਾਰ ਕੁ ਦਿਨ ਪਹਿਲਾਂ ਪਿੰਡ ਪੁਜ ਗਏ। ਘਰ ਵਿਚ ਬਹਿ ਕੇ ਆਪ ਦੇ ਭਰਾ ਭਾਈ ਪ੍ਰੀਤਮ ਸਿੰਘ ਨੇ ਸਮਝਾਇਆ ਕਿ ਬਾਰਾ ਸਿੰਘਾ ਸ਼ਹੀਦੀ ਵਿਚੋਂ ਕੀ ਲੈਣਾ ਹੈ? ਜੇ ਪੁਜ ਆਉਂਦੀ ਹੈ ਤਾਂ ਰਬ ਦੀ ਬੰਦਗੀ ਕਰ। ਆਖਣ ਲਗੇ ਭਰਾ ਜੀ ਤੁਹਾਨੂੰ ਪਤਾ ਨਹੀਂ ਬੰਦਗੀ ਵਡੀ ਮੁਸ਼ਕਲ ਕਾਰ ਹੈ। ਸਾਰੀ ਉਮਰ ਘਾਲਣਾ ਘਾਲ ਕੇ ਤਪਸਿਆ ਕਰਨੀ ਪੈਂਦੀ ਹੈ। ਫੇਰ ਜੇ ਕਿਧਰੇ ਜ਼ਰਾ ਕੁ ਹੰਕਾਰ ਨੇ ਪਲਸੇਟਾ ਮਾਰਿਆ ਤਾਂ ਸਾਰੀ ਕੀਤੀ ਕਤਰੀ ਹੀ ਅਵਿਰਥਾ ਚਲੀ ਜਾਂਦੀ ਹੈ। ਸ਼ਹੀਦੀ ਦੀਆਂ ਬਾਜ਼ੀਆਂ ਤਾਂ ਸਿਰ ਤਕ ਹੀ ਹੁੰਦੀਆਂ ਹਨ। ਦੋ ਮਿੰਟੀ ਕਾਰ ਹੈ, ਕੇਵਲ ਸਿਦਕ ਤੇ ਭਰੋਸੇ ਦੀ ਲੋੜ ਹੈ। ਗੁਰੂ ਆਸਰੇ ਉਹ ਭੀ ਕਾਇਮ ਰਹੇਗਾ।

ਚਾਰੇ ਪੰਜੇ ਦਿਨ ਨੇਮ ਨਾਲ ਗੁਰਦੁਆਰੇ ਮਨਮੋਹਣਾ ਕੀਰਤਨ ਕਰਦੇ ਰਹੇ। ਭਰਾਵਾਂ ਨੂੰ ਬੜੇ ਰਸੀਲੇ ਲਫ਼ਜ਼ਾਂ ਵਿਚ ਪ੍ਰੇਰਨਾ ਕੀਤੀ, ਕਿ ਗੁਰਦੁਆਰਾ ਆਬਾਦ ਕਰਕੇ ਚੰਗਾ ਗ੍ਰੰਥੀ ਰਖੋ ਤਾਂ ਜੋ ਧਰਮ ਦਾ ਪ੍ਰਚਾਰ ਹੋਵੇ ਤੇ ਸਾਡਾ ਗੁਰੂ ਘਰ ਨਾਲ ਪਿਆਰ ਵਧੇ ।

ਜਦ ਭਾਈ ਈਸ਼ਰ ਸਿੰਘ ਜੀ ਧਾਰੋਵਾਲੀ ਨੇ ਸੁਨੇਹਾ ਦਿਤਾ ਤਾਂ ਭਜਕੇ ਆਪਣੀ ਮਾਤਾ ਪਾਸ ਚਲੇ ਗਏ। ਹੱਥ ਜੋੜਕੇ ਬੇਨਤੀ ਕੀਤੀ ਕਿ ਮਾਂ ਜੀ ਆਗਿਆ ਦਿਓ ਤਾਂ ਭਰਾ ਪ੍ਰੀਤਮ ਸਿੰਘ ਦੀ ਥਾਂ ਮੈਂ ਸ਼ਹੀਦੀ ਦੀ ਪਵਿਤ੍ਰ ਦਾਤ ਪ੍ਰਾਪਤ ਕਰ ਲਵਾਂ। ਮਾਂ ਨੇ ਹੱਸਕੇ ਆਖਿਆ ਕਿ ਬੱਚਾ ਜੇ ਤੇਰੀ ਖ਼ੁਸ਼ੀ ਸ਼ਹੀਦੀ ਦੀ ਹੈ, ਤਾਂ ਜਮ ਜਮ ਚਲਾ ਜਾਹ, ਤੇ ਜੇ ਤੇਰਾ ਅੰਦਰੋਂ ਅਜੇ ਦਿਲ ਨਹੀਂ ਕਰਦਾ ਤਾਂ ਫੇਰ ਮੈਂ ਜ਼ੋਰੋ ਜ਼ਬਰੀ ਨਹੀਂ ਤੋਰਦੀ,ਮੇਰੇ ਵਲੋਂ ਤੈਨੂੰ ਖੁੱਲ੍ਹੀ ਛੁੱਟੀ ਹੈ, ਜਿਵੇਂ ਮਨ ਆਵੇ ਕਰ।

ਜ਼ਾਤ ਮਲੂਕ ਕਿ ਰਹਿਤ

ਮੁਢੋਂ ਹੀ ਕਰੜੀ ਜਟਕੀ ਕਾਰ ਵਿਚ ਨ ਪੈਣ ਦੇ ਕਾਰਨ ਆਪ ਦਾ ਸਰੀਰ ਬੜਾ ਸੁਖ-ਰਹਿਣਾ ਅਤੇ ਮਲੂਕੜਾ ਜਿਹਾ ਹੋ ਗਿਆ ਸੀ। ਜਿਸ ਦਿਨ ਆਪ ਤਰਨਤਾਰਨੋਂ ਘਰ ਨੂੰ ਵਾਪਸ ਆਉਂਦੇ ਹਨ ਤਾਂ ਸਲਾਰ ਵਾਲੇ ਸਟੇਸ਼ਨੋਂ ਉਤਰ ਕੇ ਸ਼ਾਮ ਤਕ ਮਸਾਂ ੧੨ ਘੰਟਿਆਂ ਵਿਚ ਅਠ ਕੋਹ ਪੈਂਡਾ ਮੁਕਾਉਂਦੇ ਹਨ। ਪੈਰਾਂ ਨੂੰ ਛਾਲੇ ਪੈ ਗਏ, ਉਪਰੋਂ ਪਬਾਂ ਦੀ ਛਤ ਸੁਜ ਗਈ। ਪਰ ਜਿਸ ਦਿਨ ਆਪ ਇੱਥੋਂ ਸ਼ਹੀਦੀ ਲਈ ਤੁਰਦੇ ਹਨ, ਤਾਂ ਉਹੋ ਸੋਹਲ ਗਭਰੂ ਗੁਰੂ ਆਸਰੇ ਦਸਾਂ ਘੰਟਿਆਂ ਵਿਚ ਵੀਹ ਕੋਹ ਪੈਂਡਾ ਕਰਕੇ ਸ਼ਹੀਦੀ ਸਮੇਂ ਸੂਰਜ ਦੀ ਟਿਕੀ ਨਾਲ ਨਨਕਾਣੇ ਸਾਹਿਬ ਪੁਜ ਜਾਂਦਾ ਹੈ। ਇਹ ਸਭ ਬਰਕਤਾਂ ਸਤਿਗੁਰ ਸਚੇ ਪਾਤਸ਼ਾਹ ਦੀਆਂ ਆਪਣੀਆਂ ਹਨ ।

ਜਿਸ ਵੇਲੇ ਵਡ ਭਾਗਣ ਮਾਂ ਨੂੰ ਦੋਹਾਂ ਪੁੱਤ੍ਰਾਂ ਦੀ ਸ਼ਹੀਦੀ ਦੀ ਪਿੰਡ ਖ਼ਬਰ ਪੁਜਦੀ ਹੈ, ਤਾਂ ਸਿਦਕਵਾਨ ਮਾਤਾ ਨੇ ਇਕ ਹੰਝੂ ਭੀ ਨਹੀਂ ਕੇਰਿਆ। ਬੜੀ ਦ੍ਰਿੜ੍ਹਤਾ ਤੇ ਭਰੋਸੇ ਨਾਲ ਗੁਰਦੁਆਰੇ ਜਾਕੇ ਕੜਾਹ ਪ੍ਰਸ਼ਾਦ ਕਰਾਇਆ ਅਤੇ ਗ੍ਰੰਥੀ ਸਿੰਘ ਪਾਸੋਂ ਅਰਦਾਸ ਕਰਾਈ, ਕਿ ਹੇ ਸਤਿਗੁਰੂ ਸਚੇ ਪਾਤਸ਼ਾਹ, ਤੇਰੀ ਕ੍ਰਿਪਾ ਨਾਲ ਅਜ ਮੈਥੋਂ ਤੇਰੀ ਅਮਾਨਤ ਅਦਾ ਹੋਈ ਹੈ ਤੇ ਇਨ੍ਹਾਂ ਬੱਚਿਆਂ ਨੇ ਮੇਰੀ ਕੁਖ

ਸਫਲੀ ਕੀਤੀ ਹੈ, ਆਪ ਕ੍ਰਿਪਾਲਤਾ ਕਰੋ ਤੇ ਇਨ੍ਹਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੋ।

ਭਾਈ ਇੱਛਰ ਸਿੰਘ ਜੀ

ਆਪ ਸੰਮਤ ੧੯੩੪ ਬਿ: ਵਿਚ ਮਾਤਾ ਹੁਕਮੀ ਦੀ ਕੁਖੋਂ ਭਾਈ ਸੰਤ ਸਿੰਘ ਦੇ ਘਰ ਪਿਛਲੇ ਬੰਡਾਲੇ ਜ਼ਿਲਾ ਅੰਮ੍ਰਿਤਸਰ ਵਿਚ ਪੈਦਾ ਹੋਏ। ਆਪਣੇ ਪਿੰਡੋਂ ਹੀ ਪੰਜ ਜਮਾਤਾਂ ਉਰਦੂ ਦੀਆਂ ਪੜ੍ਹ ਲਈਆਂ, ਆਪ ਚਾਰ ਭਰਾ ਸਨ। ੧. ਭਾਈ ਉਤਮ ਸਿੰਘ, ੨. ਭਾਈ ਇਛਰ ਸਿੰਘ, ੩. ਭਾਈ ਆਲਾ ਸਿੰਘ, ੪. ਭਾਈ ਧਰਮ ਸਿੰਘ।

੧੨ ਕੁ ਸਾਲ ਦੀ ਉਮਰ ਵਿਚ ਇਥੇ ਮੁਰੱਬਿਆਂ ਵਿਚ ਆ ਗਏ, ਆਪ ਦੀ ਪਹਿਲੀ ਸ਼ਾਦੀ ਪਿੰਡ ਅਮੀਂ ਸ਼ਾਹ ਖਾਲੜੇ, ਜ਼ਿਲਾ ਲਾਹੌਰ ਵਿਚ ਹੋਈ, ਪਰ ਸਿੰਘਣੀ ਮਕਲਾਵਾ ਲਿਆਉਣ ਤੋਂ ਪਹਿਲਾਂ ਹੀ ਪੂਰੀ ਹੋ ਗਈ। ਝਬਦੇ ਹੀ ਦੂਜੀ ਸ਼ਾਦੀ ਭਾਈ ਮਾਨ ਸਿੰਘ ਦੀ ਸਪੁਤ੍ਰੀ ਬੀਬੀ ਮੰਗਲੀ ਨਾਲ ਚਕ ਨੰਬਰ ੪੩ ਗਾਜ਼ੀ-ਘਕੇ ਹੋ ਗਈ, ਜਿਸਦੀ ਕੁਖੋਂ ਚਾਰ ਬੱਚੇ ਪਦਾ ਹੋਏ—੧. ਭਾਈ ਸੁਜਾਨ ਸਿੰਘ, ੨. ਭਾਈ ਭਾਗ ਸਿੰਘ, ੩. ਗੁਰਮੇਜ ਕੌਰ, ੪. ਭਾਈ ਜੋਗਿੰਦਰ ਸਿੰਘ।

ਆਪ ਗੁਰੂ ਘਰ ਦੇ ਬੜੇ ਹੀ ਪ੍ਰੇਮੀ ਸਨ। ਕੋਈ ਅਟੇ ਘਟੇ ਬਤੀ ਕੁ ਸਾਲ ਦੀ ਉਮਰ ਵਿਚ ਗੁਰਮੁਖੀ ਪੜ੍ਹਣ ਲਗ ਪਏ। ਥੋਹੜੇ ਚਿਰ ਵਿਚ ਹੀ ਸੋਹਣੀ ਗੁਰ-ਮੁਖੀ ਸਿਖ ਲਈ। ਚਾਰ ਬਾਣੀਆਂ ਕੰਠ ਕੀਤੀਆਂ ਪਰ ਗੁਟਕੇ ਤੋਂ ਹਰ ਰੋਜ਼ ਨੇਮ ਨਾਲ ਸੱਤਾਂ ਬਾਣੀਆਂ ਦਾ ਪਾਠ ਕਰਨਾ। ਬੜੇ ਪ੍ਰੇਮ ਨਾਲ ਝੂੰਮ ਝੂੰਮ ਕੇ ਆਸਾ ਦੀ ਵਾਰ ਪੜ੍ਹਣੀ। ਆਪ ਨੇ ਵਡੇਰੀ ਉਮਰੇ ਹੀ ਭਾਈ ਲਛਮਣ ਸਿੰਘ ਹੁਰਾਂ ਦੇ ਜਥੇ ਪਾਸੋਂ ਅੰਮ੍ਰਿਤ ਛੱਕਿਆ ਸੀ। ਆਪ ਦਾ ਕੱਦ ਮਧਰਾ, ਰੰਗ ਪੱਕਾ ਸੌਲਾ ਅਤੇ ਸਰੀਰ ਦਰਮਿਆਨਾ ਤਾਕਤਵਰ ਸੀ।

ਸ਼ਹੀਦੀ ਲਈ ਤਿਆਰੇ

ਆਪ ਦੇ ਭਤੀਜੇ ਦਾ ਵਿਆਹ ਸੀ। ਖ਼ਰਾਸ ਤੇ ਆਟਾ ਪੀਂਹਦੇ ਸਨ।

ਸ਼ਹੀਦੀਆਂ ਲਈ ਮੇਵੜੇ ਨੇ ਆ ਚਿੱਠੀ ਦਿਤੀ। ਆਪ ਨੂੰ ਪਹਿਲਾਂ ਹੀ ਸ਼ਹੀ-ਦੀਆਂ ਦੇ ਚੱਾ ਚੜ੍ਹੇ ਹੋਏ ਸਨ। ਚਵ੍ਹਾਂ ਜਣਿਆਂ ਨੇ ਸ਼ਾਹ ਕੋਟੋਂ ਕਾਲੇ ਦਸਤਾਰੇ ਰੰਗਾ ਕੇ ਰਖੇ ਹੋਏ ਸਨ। ਪਤਨੀ ਨੂੰ ਆਵਾਜ਼ ਮਾਰ ਕੇ ਆਖਦੇ ਹਨ ਕਿ ਦਹੀਂ ਦਿਓ, ਕੇਸੀ ਅਸ਼ਨਾਨ ਕਰਨਾ ਹੈ। ਪਤਨੀ ਨੇ ਆਖਿਆ ਕਿ ਪਹਿਲਾਂ ਆਟਾ ਤੇ ਘਰ ਮੰਗਾ ਲਓ। ਆਖਦੇ ਨੇ ਕਿ ਆਟਾ ਆਪੇ ਚੌਂਕੀਦਾਰ ਲੈ ਆਉਣਗੇ, ਅਸੀਂ ਜਿਸ ਧਰਮ ਦੇ ਕੰਮ ਲਈ ਜਾਣਾ ਹੈ ਉਸ ਲਈ ਰੋਕਾਂ ਨਾ ਪਾਓ। ਦਹੀਂ ਦਾ ਛੰਨਾ ਭਰ ਕੇ ਝਟ ਪਟ ਕੇਸੀ ਅਸ਼ਨਾਨ ਕਰਕੇ ਆ ਗਏ। ਵੇਹੜੇ ਵਿਚ ਟਹਿਲਦੇ ਟਹਿਲਦੇ ਕੇਸ ਹਰੇ ਕਰ ਰਹੇ ਹਨ। ਮਹਿਰੀ ਪਾਣੀ ਦਾ ਘੜਾ ਦੇਣ ਆਈ, ਉਸ ਨੂੰ ਪੱਕੀ ਕਰਕੇ ਅੰਦਰੋਂ ਛੋਲੇ ਕੱਢ ਕੇ ਦਿਤੇ ਕਿ ਛੇਤੀ ਅੱਖ ਦੇ ਫੋਰੇ ਵਿਚ ਭੁੰਨ ਦੇਹ ਦੇਰ ਨਹੀਂ ਲਾਉਣੀ। ਉਸੇ ਮਹਿਰੀ ਦੇ ਮੁੰਡੇ ਨੂੰ ਸੁਨੇਹਾ ਦਿਤਾ ਕਿ ਬਾਹਰੋਂ ਝਟ ਪਟ ਭਾ:ਧਰਮ ਸਿੰਘ ਨੂੰ ਘਰ ਵਲੇ ਘਲਾ ਦੇਣਾ। ਸੁਨੇਹਾ ਪੁਜਣ ਦੀ ਦੇਰ ਸੀ, ਉਹ ਉਸੇ ਵੇਲੇ ਘਰ ਨੂੰ ਆ ਗਿਆ। ਉਸ ਨੂੰ ਆਖਿਆ ਕਿ ਅੱਧਾ ਦਹੀਂ ਮੱਘੇ ਵਿਚ ਬਚਿਆ ਪਿਆ ਹੈ ਤੇ ਕੁਝ ਚਾਟੀ ਵਿਚੋਂ ਲੱਸੀ ਪਾ ਲੈ ਤੇ ਕੇਸੀ ਅਸ਼ਨਾਨ ਕਰ ਲੈ, ਸ਼ਹੀਦੀਆਂ ਲਈ ਜਾਣਾ ਹੈ। ਜ਼ਰਾ ਸਰੀਰ ਨਸੂਗੇ ਹੋ ਜਾਣ ਤਾਂ ਚੰਗਾ ਹੈ। ਉਸ ਨੇ ਭੀ ਕੇਸੀ ਅਸ਼ਨਾਨ ਕਰ ਲਿਆ। ਦੋਹਾਂ ਅੰਮਾਂ ਜਾਏ ਵੀਰਾਂ ਨੇ ਨਵੇਂ ਖਦਰ ਦੇ ਕਪੜੇ ਪਹਿਨ ਲਏ। ਖ਼ੁਸ਼ੀ ਵਿਚ ਪੈਰ ਭੋਂ ਤੇ ਨਹੀਂ ਪੈਂਦਾ ਸੀ। ਦੋਵੇਂ ਭਰਾ ਭਾਈ ਸੱਮਾਂ ਸਿੰਘ ਨੂੰ ਸੱਦਣ ਚਲੇ ਗਏ। ਉਸ ਨੇ ਆਖਿਆ ਕਿ ਤੁਸੀਂ ਚਲ ਕੇ ਅੰਨ ਪਾਣੀ ਦਾ ਆਹਰ ਕਰਾਓ, ਮੈਂ ਭੀ ਤੁਹਾਡੇ ਮਗਰੇ ਮਗਰ ਆਉਂਦਾ ਹਾਂ। ਘਰ ਆਉਂਦਿਆਂ ਹੀ ਕਾੜ੍ਹਣੀ ਵਿਚੋਂ ਦੁੱਧ ਕੱਢ ਕੇ ਠੰਢਾ ਪਾ ਦਿਤਾ। ਇਹ ਅਜੇ ਦੁੱਧ ਥਾਲੀ ਵਿਚ ਪਾਣੀ ਪਾ ਕੇ ਠੰਢਾ ਹੀ ਕਰਦੇ ਹਨ, ਜੋ ਭਾਈ ਸੱਮਾਂ ਸਿੰਘ ਭੀ ਬੁੱਲ੍ਹੀਆਂ ਵਿਚ ਮੁਸਕਰਾਉਂਦਾ ਆ ਗਿਆ। ਹੱਛਾ! ਦੁੱਧ ਛੱਕਣ ਲਗੇ ਜੇ? ਹਾਹੋ ਆਜਾ ਤੂੰ ਭੀ ਘੁਟ ਛਕ ਲੈ। ਨਹੀਂ ਭਈ ਤੁਸੀਂ ਪੀਓ ਮੈਂ ਭੀ ਕੇਸੀ ਅਸ਼ਨਾਨ ਕਰ ਲਵਾਂ, ਕਿਤੇ ਠੰਢਾ ਤਤਾ ਹੋ ਕੇ ਅਜੀਰਿਆ ਹੀ ਨ ਜਾਵਾਂ। ਚੰਗਾ ਤੇਰੀ ਮਰਜ਼ੀ, ਏਨੀ ਗਲ ਆਖ ਕੇ ਇਨ੍ਹਾਂ ਦੋਹਾਂ ਭਰਾਵਾਂ ਨੇ ਛੰਨਾਂ ਛੱਨਾ ਦੁੱਧ ਦਾ ਪੀ ਲਿਆ। ਉਚਰਾਂ ਨੂੰ ਉਹ ਭੀ ਕੇਸੀ ਅਸ਼ਨਾਨ ਕਰਕੇ ਖੰਘੂਰੇ ਮਾਰਦਾ ਆ ਗਿਆ।

ਭੂਆ ਦਾ ਰੋਕਣਾ

ਵਿਆਹ ਤੋਂ ਕੁਝ ਅਗੇਤਰਾ ਹੀ ਮੇਲ ਆਇਆ ਹੋਇਆ ਸੀ। ਉਸ ਵਿਚ ਆਪ ਦੇ ਭੂਆ ਜੀ ਭੀ ਆਏ ਹੋਏ ਸਨ। ਉਨ੍ਹਾਂ ਨੇ ਆਖਿਆ ਕਿ ਅਸੀਂ ਤੁਹਾਡੇ ਪਾਸ ਵਿਆਹ ਤੇ ਆਏ ਹਾਂ ਤੇ ਤੁਸੀਂ ਨਨਕਾਣੇ ਸਾਹਿਬ ਨੂੰ ਤੁਰ ਪੈਣ ਲਗੇ ਜੇ। ਇਹ ਵਾਹਵਾ ਸੋਹਣੀ ਗਲ ਹੈ! ਤੁਹਾਡੇ ਘਰ ਵਿਆਹ ਹੈ ਤੁਹਾਨੂੰ ਇਸ ਵੇਲੇ ਏਦਾਂ ਕਰਨਾ ਠੀਕ ਨਹੀਂ ਹੈ। ਹੋਰ ਭੀ ਕਈ ਗਲਾਂ ਕਰਕੇ ਰੋਕਣ ਦੀ ਕੋਸ਼ਸ਼ ਕੀਤੀ, ਪਰ ਇਨ੍ਹਾਂ ਸਾਫ਼ ਉੱਤਰ ਦਿਤਾ ਕਿ ਭੂਆ ਜੀ ਹੋਰ ਤੁਹਾਡੀਆਂ ਸੌ ਗੱਲਾਂ ਮੰਨਾਂਗੇ, ਪਰ ਨਨਕਾਣੇ ਸਾਹਿਬ ਦੀਆਂ ਸ਼ਹੀਦੀਆਂ ਤੋਂ ਨਹੀਂ ਰੁਕਣਾ। ਜੇ ਅੱਜ ਅਸੀਂ ਪਰੇ ਵਿਚ ਨਾਮ ਲਿਖਾ ਕੇ ਨ ਗਏ, ਤਾਂ ਸਾਡੇ ਪਿੰਡ ਦੀਆਂ ਚੂਹੜੀਆਂ ਭੀ ਪਥਕਣਾਂ ਤੇ ਗਲੀਆਂ ਵਿਚ ਆਖਿਆ ਕਰਨਗੀਆਂ ਕਿ ਇਹ ਨਨਕਾਣੇ ਸਾਹਿਬ ਦੇ ਸ਼ਹੀਦ ਤੁਰੇ ਫਿਰਦੇ ਹਨ। ਹੋਰ ਭਾਈਚਾਰੇ ਦੇ ਲੋਕ ਭੀ ਆਖਣਗੇ ਕਿ ਦਿਹ ਬੜੇ ਨਗੱਲੇ ਹਨ। ਜਿਦਾਂ ਤੁਸੀ ਆਖਦੇ ਜੇ ਏਦਾਂ ਮਰਦਾਂ ਦੀ ਰਹਿ ਨਹੀਂ ਆਉਂਦੀ ਹੈ।

ਜੇ ਗੁਰੂ ਨੇ ਸਾਡੀ ਫ਼ਤਹ ਕੀਤੀ ਤਾਂ ਜੰਞ ਚੜ੍ਹਨ ਦੇ ਵੇਲੇ ਤਕ ਭੀ ਜਥੇਦਾਰ ਪਾਸੋਂ ਛੁੱਟੀ ਲੈਕੇ ਆ ਜਾਵਾਂਗੇ, ਤੁਸੀਂ ਮੇਰੀ ਘੋੜੀ ਲਈ ਕਾਠੀ ਮੰਗ ਛੱਡਣੀ। ਪਰ ਭਾਈ ਧਰਮ ਸਿੰਘ ਨੇ ਪਾਸ ਖੜੋਤਿਆਂ ਆਖਿਆ, ਕਿ ਭੂਆ ਜੀ ਸਾਡਾ ਆਉਣਾ ਝੂਠ ਮੂਠ ਜੇ, ਇਹ ਐਵੇਂ ਆਲੇ ਟੋਲੇ ਕਰਦੇ ਨੇ। ਅਸੀਂ ਤਾਂ ਹੁਣ ਸਿੱਧੇ ਗੁਰੂ ਨੂੰ ਸੀਸ ਹਾਜ਼ਰ ਕਰਨ ਚਲੇ ਹਾਂ। ਲਾਗੇ ਬੈਠੇ ਦੂਜੇ ਸਿੰਘ ਨੇ ਆਖਿਆ, ਤੁਸੀਂ ਤੇ ਭਲਾ ਸੀਸ ਗੁਰੂ ਨੂੰ ਹਾਜ਼ਰ ਕਰ ਹੀ ਦਿਓਗੇ, ਪਿੱਛੋਂ ਤੁਹਾਡੇ ਬਾਲ ਬੱਚੇ ਦਾ ਕੀ ਹਾਲ ਹੋਵੇਗਾ। ਤਾਂ ਦੋਵਾਂ ਨੇ ਇਕ ਜ਼ਬਾਨ ਹੋਕੇ ਆਖਿਆ "ਉਨ੍ਹਾਂ ਦਾ ਆਪ ਗੁਰੂ ਰਾਖਾ ਹੈ। ਜਾਂ ਫੇਰ ਗੁਰੂ ਤੋਂ ਪਿੱਛੋਂ ਤੁਹਾਡੇ ਭਰਾਵਾਂ ਦਾ ਉਨ੍ਹਾਂ ਦੇ ਸਿਰ ਤੇ ਹੱਥ ਹੈ"।

ਚੌਂਕੇ ਚੋਂ ਉੱਠਕੇ ਸਿੰਘਣੀ ਨੇ ਆਖਿਆ ਕਿ ਬੱਚਿਆਂ ਦਾ ਤਾਂ ਭਲਾ ਕੋਈ ਨਹੀਂ, ਪਰ ਜਦ ਜੰਞ ਢੁਕੇਗੀ ਤਾਂ ਉਥੇ ਕੁੜਮ ਨਾਲ ਸੁਖੀ ਸਾਂਦੀ ਮਿਲਨੀ ਕੌਣ ਕਰੇਗਾ। ਤਾਂ ਉਤਰ ਦਿੱਤਾ ਕਿ ਅਸੀਂ ਸਤਿਗੁਰਾਂ ਦਾ ਫ਼ਰਜ਼ ਪੂਰਾ ਕਰਨ ਜਾ ਰਹੇ ਹਾਂ, ਆਪੇ ਫੇਰ ਮਿਲਨੀਆਂ ਵੇਖੀਆਂ ਜਾਣਗੀਆਂ। ਫੇਰ ਪਤਨੀ ਨੇ ਮੋੜਵਾਂ

ਉੱਤਰ ਦਿਤਾ ਕਿ ਇਸ ਗਲ ਦਾ ਕੋਈ ਜ਼ਾਮਨ ਦੇ ਜਾਓ, ਤਾਂ ਉੱਤਰ ਦਿਤਾ ਕਿ ਸਾਡਾ ਜ਼ਾਮਨ ਆਪ ਰੱਬ ਹੈ।

ਇਹ ਗਲਾਂ ਵਿਚੇ ਛੱਡਕੇ ਚਾਰੇ ਜਣੇ ਗੁਰਦੁਆਰੇ ਨੂੰ ਤੁਰ ਪਏ ਤਾਂ ਇਨ੍ਹਾਂ ਦੇ ਕਾਕੇ ਭਾਈ ਆਤਮਾ ਸਿੰਘ, ਭਾਈ ਅਮਰ ਸਿੰਘ ਅਤੇ ਵਿਵਾਹ ਵਾਲਾ ਕਾਕਾ ਹਰਨਾਮ ਸਿੰਘ ਭੀ ਮਗਰੇ ਮਗਰ ਚਲੇ ਗਏ । ਉਥੇ ਮਥਾ ਟੇਕਕੇ ਅਰਦਾਸਾ ਸੋਧਿਆ ਅਤੇ ਰਵਾਂ ਰਵੀਂ ਸੱਤੇ ਜਣੇ ਪਿੰਡੋਂ ਬਾਹਰ ਨਿਕਲ ਪਏ। ਅਗੋ ਰਾਹ ਵਿਚ ਤੁਰਿਆਂ ਜਾਂਦਿਆਂ ਨੂੰ ਪਿੰਡ ਦਾ ਮਹਿਰਾ ਮਿਲਿਆ। ਉਸ ਨੇ ਘਰ ਆ ਕੇ ਦੱਸਿਆ ਕਿ ਵਿਵਆਹ ਵਾਲਾ ਮੁੰਡਾ ਭੀ ਨਾਲ ਹੀ ਭਜਾ ਜਾਂਦਾ ਹੈ। ਪਰਸੋਂ ਜੰਵ ਚੜ੍ਹਨੀ ਹੈ,ਇਹ ਕੀ ਕੰਮ ਬਨਣ ਲਗਾ ਹੈ ? ਸਾਰਾ ਟੱਬਰ ਦਾ ਟੱਬਰ ਹੀ ਵਗਿਆ ਜਾਂਦਾ ਹੈ, ਪਿਛੋਂ ਕੰਮ ਕੌਣ ਕਰੂ ?

ਇਹ ਗਲ ਸੁਣਦਿਆਂ ਸਾਰ ਇਨ੍ਹਾਂ ਦੀ ਸਿੰਘਣੀ ਨੇ ਘਰੋਂ ਨਿਕਲਕੇ ਆਪਣੇ ਪਤਿਔਰੇ ਪਾਸ ਹਾਲ ਬਹੁੜੀ ਕੀਤੀ ਕਿ ਚਲੋ ਚਲਕੇ ਸਿੰਘ ਜੀ ਉਨ੍ਹਾਂ ਨੂੰ ਮੋੜੀਏ,ਸਾਡੇ ਘਰ ਦੀਆਂ ਇਹ ਕੀ ਵਾਗਾਂ ਤੁਰਨ ਲੱਗੀਆਂ ਨੇ ? ਇਹ ਹਛਾ ਜਥਾ ਤੁਰਨ ਲਗਾਏ । ਸਾਰੇ ਦਾ ਸਾਰਾ ਟੱਬਰ ਹੀ ਉੱਠ ਨਸਾ ਏ। ਉਸ ਨੇ ਹੋਰ ਪੰਜ ਛੇ ਬੰਦੇ ਨਾਲ ਲਏ, ਭਜ ਕੇ ਸਭ ਨੂੰ ਪੁਲੀ ਤੇ ਜਾ ਡਕਿਆ। ਮਿੰਨਤਾਂ ਤਰਲੇ ਕਰਕੇ ਇਹ ਮੋੜਨ, ਉਹ ਮੁੜਨ ਨਾ, ਬੜਾ ਚਿਰ ਹੜਬਾਂ ਦਾ ਭੇੜ ਹੁੰਦਾ ਰਿਹਾ, ਅੰਤ ਦੀ ਬਾਕੀ ਉਨ੍ਹਾਂ ਆਪਣੀ ਸਿੰਘਣੀ ਨੂੰ ਆਖਿਆ ਕਿ "ਜਾਹ ਆਪਣੇ ਪੁਤਾਂ ਨੂੰ ਮੋੜਕੇ ਲੈ ਜਾਹ ਤੇ ਸਾਡੇ ਗਲੋਂ ਲੌਹ"। ਕਿਸੇ ਗਲੇ ਸਾਡਾ ਖੈਹੜਾ ਛੱਡ ਅਸੀਂ ਇਨ੍ਹਾਂ ਨੂੰ ਨਾਲ ਨਹੀਂ ਖੜਦੇ ਹਾਂ। ਬਾਕੀ ਤੇਰਾ ਸਾਡੇ ਨਾਲ ਹੋਰ ਕੋਈ ਲਾਕਾ ਦੇਕਾ ਨਹੀਂ। ਇਨ੍ਹਾਂ ਨੇ ਜਫੇ ਭਰਕੇ ਭਾਈ ਹਰਨਾਮ ਸਿੰਘ, ਭਾਈ ਅਮਰ ਸਿੰਘ ਅਤੇ ਭਾਈ ਆਤਮਾ ਸਿੰਘ ਨੂੰ ਮੋੜ ਲਿਆ।

ਚਵ੍ਹਾਂ ਨੇ ਹੱਥ ਜੋੜ ਕੇ ਫ਼ਤਹ ਬੁਲਾਈ ਤੇ ਆਖਿਆ ਕਿ "ਇਹ ਸਾਡੀ ਅਖ਼ੀਰ ਦੀ ਫਤਹ ਤੇ ਅਖ਼ੀਰੀ ਦਰਸ਼ਨ ਮੇਲਾ ਹੈ। ਸਾਨੂੰ ਬੋਲਿਆ ਚਲਿਆ ਮਾਫ਼ ਕਰਨਾ ਤੇ ਹੁਣ ਭੀ ਜੇਹੜਾ ਅਜੇ ਸਾਡੇ ਵਿਚੋਂ ਕਿਸੇ ਨੂੰ ਰੋਕਣ ਦੀ ਝਾਕ ਰਖਦਾ ਹੈ, ਉਹ ਸਾਡਾ ਸਜਣ ਨਹੀਂ ਗੁਰੂ ਦਾ ਦੇਣਦਾਰ ਹੈ।" ਏਨੀ ਗਲ ਆਖ ਕੇ ਇਨ੍ਹਾਂ ਨਨਕਾਣੇ ਸਾਹਿਬ ਨੂੰ ਚਾਲੇ ਪਾ ਦਿਤੇ ਤੇ ਦਜੇ ਸਿੰਘ ਉੱਨਾ ਚਿਰ

ਖੜੋਤੇ ਰਹੇ ਜਿੰਨਾ ਚਿਰ ਇਨ੍ਹਾਂ ਦੀਆਂ ਪਿਠਾਂ ਦਿਸਦੀਆਂ ਰਹੀਆਂ। ਫੇਰ ਉਹ ਭੀ ਮੁੜ ਕੇ ਪਿੰਡ ਨੂੰ ਚਲੇ ਗਏ। ਆਪ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਅਸਹਿ ਕਸ਼ਟ ਸਹਾਰਦੇ ਹੋਏ ਸ਼ਹੀਦ ਹੋ ਗਏ।*

ਭਾਈ ਧਰਮ ਸਿੰਘ ਜੀ

ਆਪ ਭਾਈ ਇਛਰ ਸਿੰਘ ਦੇ ਛੋਟੇ ਭਰਾ ਸਨ। ਚਾਰ ਕੁ ਸਾਲ ਦੀ ਉਮਰ ਵਿਚ ਬਾਰ ਵਿਚ ਆ ਗਏ। ਮਾਮੂਲੀ ਗੁਰਮੁਖੀ ਪੜ੍ਹੇ ਹੋਏ ਸਨ। ਦਸ ਸਾਲ ਦੀ ਉਮਰ ਵਿਚ ਚੂਹੜਕਾਣੇ ਭਾਈ ਸੁੰਦਰ ਸਿੰਘ ਦੀ ਸਪੁਤ੍ਰੀ ਬੀਬੀ ਲਾਭ ਕੌਰ ਨਾਲ ੧੭ ਅਸੂ ਨੂੰ ਅਨੰਦ ਕਾਰਜ ਹੋ ਗਿਆ। ਆਪ ਦੇ ਨਾਨਕੇ ਰਣਸੀਂਹ ਦੀ ਪੰਡੋਰੀ ਜ਼ਿਲਾ ਅੰਮ੍ਰਿਤਸਰ ਵਿਚ ਹਨ ਅਤੇ ਨਾਨੇ ਦਾ ਨਾਮ ਭਾਈ ਚੰਦਾ ਸਿੰਘ ਹੈ।

ਚੰਗੇ ਜ਼ੋਰਾਵਰ ਸਨ, ਸ਼ੁਰੂ ਸ਼ੁਰੂ ਵਿਚ ਘੁਲਣ ਦਾ ਬੜਾ ਸ਼ੌਂਕ ਰਿਹਾ ਤੇ ਵਾਹਵਾ ਸ੍ਰੀਰ ਕਮਾ ਲਿਆ। ਸਿਖੀ ਅਸੂਲਾਂ ਦੇ ਏਡੇ ਪੱਕੇ ਸਨ ਕਿ ਘੁਲਣ ਸਮੇਂ ਭੀ ਕਦੇ ਕੇਸਾਂ ਦੀ ਬੇਅਦਬੀ ਨਹੀਂ ਕਰਾਈ ਸੀ। ਮਤ੍ਰਾਂ ਦੇ ਸਖੀ ਅਤੇ ਗੁਰਦੁਆਰੇ ਦੇ ਪ੍ਰੇਮੀ ਸਨ। ਬੜੇ ਉਤਸ਼ਾਹ ਨਾਲ ਸ਼ਬਦ ਪੜ੍ਹਨੇ ਤੇ ਸਾਰੀ ਸੰਗਤ ਦਾ ਧਿਆਨ ਆਪਣੇ ਵਲ ਖਿੱਚ ਲੈਣਾ। ਬਚਿਆਂ ਨਾਲ ਬੜਾ ਪਿਆਰ ਕਰਨਾ। ਸਵੇਰੇ ਹਲ ਜਾਣ ਲਗਣਾ ਤਾਂ ਛੋਟੇ ਬੱਚੇ ਨੇ ਜਾਗ ਕੇ ਜੇ ਰਿਹਾੜੇ ਪੈ ਜਾਣਾ ਤਾਂ ਮੋਢਿਆਂ ਤੇ ਚੁੱਕ ਕੇ ਨਾਲ ਹੀ ਹਲੇ ਲੈ ਜਾਣਾ ਅਗੋਂ ਪਿਛੋਂ ਭੀ ਮਾਵਾਂ ਨਾਲੋਂ ਵਧ ਗਲ ਨਾਲ ਲਾਈ ਫਿਰਨਾ। ਸਾਕੇ ਤੋਂ ਕੁਝ ਦਿਨ ਪਹਿਲਾਂ ਅਜਿਹਾ ਮੋਹ ਤੋੜਿਆ ਕਿ ਚਾਹੇ ਉਹ ਬੱਚਾ ਕਿੰਨਾ ਭੀ ਕਿਉਂ ਨ ਰੋਕੇ ਜੱਜਿ-ਹਾਲ ਪਿਆ ਹੋਵੇ ਉਧਰ ਉੱਕਾ ਹੀ ਧਿਆਨ ਨ ਕਰਨਾ। ਆਪ ਦੇ ਚਾਰ ਬੱਚੇ ਸਨ:—੧. ਬੀਬੀ ਤੇਜ ਕੌਰ, ੨. ਭਾਈ ਪ੍ਰਤਾਪ ਸਿੰਘ, ੩. ਭਾਈ ਅਮਰ ਸਿੰਘ, ੪. ਬੀਬੀ ਦੀਪ ਕੌਰ। ਆਪ ਬੜੇ ਹਠੀਲੇ

* ਕਮੇਟੀ ਨੇ ੫੫੦) ਰੁਪਏ ਕਰਜ਼ਾ ਉਤਾਰਿਆ ਅਤੇ ਸੁਪਤਨੀ ਬੀਬੀ ਮੰਗਲੀ ਦੇ ਨਾਮ ਪਿਨਸ਼ਨ ਲਾ ਦਿਤੀ। ਜਿਸ ਦਾ ਜੋੜ ੧੭-੫-੨੧ ਤੋਂ ੨੮—੨—੩੮ ਤਕ ੧੭੬੩) ਰੁਪਏ ਬਣਦਾ ਹੈ।

ਜਵਾਨ ਸਨ। ਇਕ ਵੇਰ ਅਚਾਨਕ ਸਜੀ ਅਖ ਵਿਚ ਲਕੜ ਦਾ ਸੱਕ ਖੁਭ ਗਿਆ। ਆਪ ਨੇ ਬਿਨਾਂ ਸ਼ੀਸ਼ੀ ਸੁੰਘਣ ਦੇ ਅਖ ਦਾ ਡੇਲਾ ਡਾਕਟਰ ਪਾਸੋਂ ਬਾਹਰ ਕਢਵਾ ਲਿਆ ਪਰ ਸੀ ਤਕ ਨ ਕੀਤੀ, ਵੇਖਣ ਵਾਲੇ ਦੰਗ ਰਹਿ ਗਏ।

ਸ਼ਹੀਦੀ ਤੋਂ ਚਾਰ ਕੁ ਦਿਨ ਪਹਿਲਾਂ ਚਾਦਰ ਦੀ ਗਿਲਤੀ ਜਿਹੀ ਬੰਨ੍ਹੀ ਫਿਰਨੀ ਅਤੇ ਹਲੇ ਫਾਲੇ ਜਦੋਂ ਭੀ ਬਾਹਰ ਜਾਣਾ ਤੇ ਇਹ ਸ਼ਬਦ ਬੜੀ ਉੱਚੀ ਆਵਾਜ਼ ਵਿਚ ਪੜ੍ਹਦੇ ਰਿਹਾ ਕਰਨਾ :—

ਸਲੋਕ ਕਬੀਰ

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥ ੧ ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ ੨ ॥ ੨ ॥

ਸਿੰਘਣੀ ਨੇ ਆਖਿਆ ਕਿ ਪੁਰਜਾ ਪੁਰਜਾ ਹੋਣਾ ਤੇ ਕਿਧਰੇ ਰਿਹਾ ਉਂਞ ਮਰਨਾ ਭੀ ਬੜਾ ਔਖਾ ਹੈ। ਗਲਾਂ ਬਾਤਾਂ ਨਾਲ ਮਰਿਆ ਨਹੀਂ ਜਾਂਦਾ। ਤਾਂ ਆਖਦੇ ਨੇ ਕਿ "ਇਹ ਤੈਨੂੰ ਭਰਮ ਹੈ। ਧਰਮ ਖ਼ਾਤਰ ਮਰਾਂਗੇ ਛਾਲਾਂ ਮਾਰ ਮਾਰ ਕੇ ਇਹ ਤੂੰ ਥੋੜਿਆਂ ਦਿਨਾਂ ਨੂੰ ਆਪਣੀ ਅਖੀਂ ਵੇਖ ਲਵੀਂ।"

ਇਹ ਗਲਾਂ ਕਰ ਹੀ ਰਹੇ ਹਨ, ਜੁ ਭਰਾ ਨੇ ਆ ਕੇ ਆਖਿਆ ਕਿ ਇਹ ਗਲਾਂ ਛਡੋ ਆਪਣੇ ਹਲਾਂ ਥਲੇ ਭੋਂ ਥੋੜੀ ਹੈ, ਕੁਝ ਹੋਰ ਪੈਲੀਆਂ ਲੈ ਲਈਏ ਤੇ ਅਜ ਪਟੇ ਸਾਂਝੇ ਹੀ ਕਰਵਾ ਲਈਏ ਤਾਂ ਚੰਗਾ ਹੈ। ਅਗੋਂ ਉਤ੍ਰ ਦਿਤਾ ਕਿ ਸਾਡਾ ਦੋਵਾਂ ਦਾ ਤੇ ਕੋਈ ਪਤਾ ਨਹੀਂ। ਨਨਕਾਣੇ ਸਾਹਿਬ ਦੇ ਕਬਜ਼ੇ ਲਈ ਜਾਣਾ ਹੈ ਜੇ ਉਥੋਂ ਬਚ ਕੇ ਆ ਗਏ ਤਾਂ ਲੈ ਲਵਾਂਗੇ ਨਹੀਂ ਤਾਂ ਸਾਡੇ ਹਲ ਤਾਂ ਵਗਦੇ ਹੀ ਪਏ ਨੇ। ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਮਹੰਤ ਨੇ ਕੁਮਤਾਂ ਮੂੰਹੀ ਹਥਿਆਰ ਪਤਾ ਤੇ ਦਾਰੂ ਸਿਕਾ ਜਮਾਂ ਕੀਤਾ ਹੋਇਆ ਹੈ। ਉਥੋਂ ਗਿਆਂ ਕਿਨ ਮੁੜਨਾ ਹੈ।

ਜਿਸ ਦਿਨ ਆਪ ਨੇ ਸ਼ਹੀਦੀ ਜਥੇ ਵਿਚ ਨਾਮ ਲਿਖਾਇਆ ਸੀ, ਉਸੇ ਦਿਨ ਤੋਂ ਲੈਕੇ ਲਗਾਤਾਰ ਇਕ ਗੌਣ ਜਿਹਾ ਬਣਾ ਕੇ ਪੜ੍ਹਦੇ ਫਿਰਦੇ ਸਨ, ਜਿਸ ਦੀਆਂ ਦੋ ਕੁ ਸਤਰਾਂ ਦਾ ਪਤਾ ਲਗਾ ਹੈ। ਇਸ ਵਿਚ ਆਪਣੇ ਦਿਲ ਦੇ ਜਜ਼ਬੇ ਸੋਹਣੇ ਢੰਗ ਨਾਲ ਪ੍ਰਗਟ ਕੀਤਾ ਕਰਦੇ ਸਨ।

"ਚਰਖੜੀਏ ਅਸਲ ਪਰਖੜੀਏ ਨੀ,
ਤੂੰ ਸਾਵੇਂ ਤੋਲ ਤੁਲਾਨੀ ਏਂ।
ਕੱਚੇ ਪਿਲੇ ਬਾਹਰ ਸੁਟੇਂਦੀ ਏਂ,
ਪੱਕਿਆਂ ਨੂੰ ਅਮਰ ਬਨਾਨੀ ਏਂ।

ਤੁਰਨ ਸਮੇਂ ਕਾਲੀ ਦਸਤਾਰ ਸਜਾ ਰਹੇ ਹਨ ਤਾਂ ਸਿੰਘਣੀ ਨੇ ਆਖਿਆ ਤੁਸੀਂ ਮੇਰੇ ਨਾਲ ਇਕਰਾਰ ਕਰਕੇ ਅਪਣੀ ਪਗ ਨਾਲ ਸ਼ਾਹ ਕੋਟੋਂ ਕਾਲਾ ਦੁਪਟਾ ਨਹੀਂ ਰੰਗਾ ਕੇ ਲਿਆਏ। ਹੁਣ ਜਦ ਤੁਸੀਂ ਪਗ ਲਾਹੀ ਤਾਂ ਮੈਂ ਅਧੀ ਪਾੜ ਕੇ ਦੁਪਟਾ ਬਣਾ ਲੈਣਾ ਹੈ। ਪੇਚ ਮਾਰਦਿਆਂ ਮਾਰਦਿਆਂ ਹੱਸ ਕੇ ਉਤ੍ਰ ਦਿਤਾ ਕਿ "ਪਗ ਆਵੇਗੀ ਤਾਂ ਪਾੜੇਂਗੀ ਨਾਂ।" ਆਪ ਦੀਆਂ ਤੇ ਦੂਜੇ ਹੋਰ ਸਾਰੇ ਸ਼ਹੀਦੀ ਜਥੇ ਲਈ ਤੁਰਨ ਵਾਲੇ ਸਿੰਘਾਂ ਦੀਆਂ ਗਲਾਂ ਬਾਤਾਂ ਨੂੰ ਚੰਗੇ ਗੌਹ ਨਾਲ ਵਾਚੀਏ ਤਾਂ ਮਲੂਮ ਹੁੰਦਾ ਹੈ ਕਿ ਇਹ ਸਭ ਸਜਣ ਦ੍ਰਿੜ ਇਰਾਦਾ ਕਰਕੇ ਹੀ ਸ਼ਹੀਦੀਆਂ ਲਈ ਗਏ ਸਨ। ਆਪ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਅੰਦਰ ਅਸਹਿ ਕਸ਼ਟ ਸਹਾਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। *

—————

*ਕਮੇਟੀ ਨੇ ਆਪਦਾ ੪੨੯੯)ਰੁਪਏ ਕਰਜ਼ਾ ਉਤਾਰਿਆ ਅਤੇ ਸੁਪਤਨੀ ਬੀ: ਲਾਭ ਕੌਰ ਦੇ ਨਾਮ ਪਿਨਸ਼ਨ ਲਾ ਦਿਤੀ। ਜਿਸ ਦਾ ਜੋੜ ੧੭-੫-੨੧ ਤੋਂ ੨੮-੨-੩੮ ਤਕ ੧੭੩੧) ਰੁਪਏ ਬਣਦਾ ਹੈ।


ਨਜ਼ਾਮਪੁਰ ਦੇਵਾ ਸਿੰਘ ਵਾਲੇ

ਦੇ ਸ਼ਹੀਦ

ਦਲੇਰ ਮਰਦ

ਭਾਈ ਟਹਿਲ ਸਿੰਘ ਜੀ ਸ਼ਹੀਦ

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ।
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ।



ਚਾਹਤ ਨਿਤ ਦਿਨ ਲੈਨ ਸ਼ਹੀਦੀ ।
ਟਰਤ ਨ ਰਣ ਤੈਂ ਹਵੈ ਕਰ ਗੀਦੀ ।

ਨਜ਼ਾਮਪੁਰਾ ਦੇਵਾ ਸਿੰਘ ਵਾਲਾ

ਜ਼ਿਲਾ ਸ਼ੇਖ਼ੂਪੁਰਾ ਦੇ ਸ਼ਹੀਦ

ਭਾਈ ਟਹਿਲ ਸਿੰਘ ਜੀ

ਖ਼ਾਨਦਾਨ

ਆਪ ਦਾ ਜਨਮ ਕੰਬੋ* ਘਰਾਣੇ ਵਿਚ ਦੀਵਾਲੀ ਵਾਲੀ ਰਾਤ ਸੰ: ੧੯੩੨ ਬਿ: ਵਿਚ, ਸਵੇਰੇ ਪੰਜ ਵਜੇ, ਭਾਈ ਚੰਦਾ ਸਿੰਘ ਦੇ ਘਰ ਮਾਤਾ ਰੁਕੋ ਦੀ ਕੁਖੋਂ, ਨਜ਼ਾਮਪੁਰ, ਜ਼ਿਲਾ ਅੰਮ੍ਰਿਤਸਰ ਵਿਚ ਹੋਇਆ । ਆਪ ਪੰਜ ਭੈਣ ਭਰਾ ਸਨ:— (੧) ਭਾਈ ਟਹਿਲ ਸਿੰਘ, (੨) ਭਾ: ਜੀਵਨ ਸਿੰਘ, (੩) ਭਾਈ ਬਾਜ਼ ਸਿੰਘ, (੪) ਭਾ: ਪ੍ਰਤਾਪ ਸਿੰਘ, (੫) ਬੀਬੀ ਈਸ਼ਰ ਕੌਰ । ਆਮ ਕਰਕੇ ਕੰਬੋਜ† ਸ਼ਬਦ ਬਾਬਤ ਬਹੁਤ ਸਾਰੀਆਂ ਗ਼ਲਤ-ਫ਼ਹਿਮੀਆਂ ਫੈਲੀਆਂ ਹੋਈਆਂ ਹਨ । ਭਾਈ ਟਹਿਲ ਸਿੰਘ ਦੇ ਜੀਵਨ ਦਾ ਹਾਲ ਦੇਣ ਤੋਂ ਪਹਿਲਾਂ ਜ਼ਰੂਰੀ ਮਾਲੂਮ ਹੁੰਦਾ ਹੈ ਕਿ ਇਸ ਸੰਬੰਧੀ ਇਕ ਸੰਛੇਪ ਜਿਹਾ ਹਾਲ ਇਤਿਹਾਸਕ ਵਾਕਫ਼ੀ ਲਈ ਦਿਤਾ ਜਾਵੇ । ਅਜ ਤੋਂ ‡ਪੰਜ ਹਜ਼ਾਰ ਸਾਲ ਪਹਿਲਾਂ ਜੋ ਆਰੀਆਂ ਦੀਆਂ ਮੰਡ-ਲੀਆਂ ਮੱਧ ਏਸ਼ੀਆ ਯਾ ਉੱਤਰ-ਪੱਛਮੀ ਏਸ਼ੀਆ ਤੋਂ ਅੱਗੜ-ਪਿਛੜ ਹਿੰਦ ਵਿਚ ਉੱਤਰ-ਪੱਛਮੀ ਰਸਤਿਆਂ ਥਾਣੀ ਦਾਖ਼ਲ ਹੋਈਆਂ, ਉਨ੍ਹਾਂ ਵਿਚੋਂ ਅਖ਼ੀਰ

---

*ਵਾਹੀ ਜੋਤੀ ਕਰਨ ਵਾਲੀ ਇਕ ਜ਼ਾਤ "ਕਮੋ" । ਇਨ੍ਹਾਂ ਦਾ ਨਿਕਾਸ ਪਹਿਲਾਂ ਗੁਜਰਾਤ ਦੇਸ ਦੀ ਕਾਂਖੋ ਨਗਰੀ ਤੋਂ ਹੋਇਆ ਹੈ, ਜਿਸ ਕਰਕੇ ਕੰਬੋ ਸਦੀਂਦੇ ਹਨ । ਕਈ ਵਿਦਵਾਨ ਲਿਖਦੇ ਹਨ ਕਿ ਕੰਬੋਜ ਦੇਸ ਨਾਲ ਇਸ ਜ਼ਾਤ ਦਾ ਸੰਬੰਧ ਹੈ।

†ਅਫ਼ਗਾਨਿਸਤਾਨ ਵਿਚ ਹਿੰਦੂ ਕੁਸ਼ ਪਹਾੜ ਦੀ ਧਾਰਾ ਦੇ ਆਸ ਪਾਸ ਦਾ ਦੇਸ਼, ਜਿਸ ਦੇ ਘੋੜੇ ਬਹੁਤ ਉੱਤਮ ਲਿਖੇ ਹਨ। (ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਕਰਤਾ ਭਾਈ ਕਾਹਨ ਸਿੰਘ ਨਾਭਾ ਸਫ਼ਾ ੧੦੬੬)।

‡ਮਨੂੰ ਸਿਮਰਤੀ ਅਧਿਆਇ ੧੦ ਸਲੋਕ ੪੩, ੪੪ ।

ਤੇ ਆਉਣ ਵਾਲੀਆਂ ਕੌਮਾਂ ਵਿਚ ਬੀ ਕੰਬੋਆਂ ਦੀ ਗਿਣਤੀ ਹੈ। ਸ਼ਹਿਨਸ਼ਾਹ ਕੰਬੋਜੀਆ ਨੇ ਮਿਸਰ ਉਤੇ ਧਾਵਾ ਕਰਕੇ ਅਫ਼ਰੀਕ ਫਰਾਊਨ ਨੂੰ ਹਾਰ ਦਿਤੀ ਤੇ ਵਾਪਸ ਜਾਂਦਾ ਰਸਤੇ ਵਿਚ ਇਹ ਸ਼ਹਿਨਸ਼ਾਹ ਮਰ ਗਿਆ[1]। ਇਸ ਦੀ ਔਲਾਦ ਅਫ਼ਗਾਨਿਸਤਾਨ ਵਿਚ ਜਾ ਵਸੀ[2]। ਇਥੇ ਇਸਨੇ ਬੜੀ ਜ਼ਬਰਦਸਤ ਸਲਤਨਤ ਕਾਇਮ ਕਰ ਲਈ[3]। ਇਸ ਕੰਬੋਜੀ ਰਾਜ ਸੰਬੰਧੀ ਪੁਰਾਤਨ ਹਿੰਦੂ ਗ੍ਰੰਥਾਂ ਵਿਚੋਂ ਬਹੁਤ ਹਾਲ ਮਿਲਦੇ ਹਨ[4]। ਕੰਬੋਆਂ ਨੇ ਵਿਸਵਾ ਮਿੱਤ੍ਰ ਅਤੇ ਵਸ਼ਿਸ਼ਟ ਦੇ ਵਿਚਕਾਰ ਹੋਣ ਵਾਲੀ ਜੰਗ ਵਿਚ ਹਿਸਾ ਲਿਆ[5]। ਮਹਾਂ ਭਾਰਤ ਦੀ ਲੜਾਈ ਵਿਚ ਕੈਰਵਾਂ ਦੀ ਸਹਾਇਤਾ ਲਈ ਮਹਾਰਾਜਾ ਸੁਦਕਸ਼ਨ ਆਪਣੇ ਛੇ ਅਧੀਨ ਰਜਿਆਂ ਨੂੰ ਨਾਲ ਲੈ ਕੇ ਸ਼ਾਮਲ ਹੋਇਆ[6]। ਤੀਜੇ ਅਤੇ ਨਾਵੇਂ ਦਿਨ ਭੀਸ਼ਮ ਪਤਾਮੇ ਦੀ ਕਮਾਨ ਥਲੇ ਜੋ ਲੜਾਈ ਹੋਈ, ਉਸ ਵਿਚ ਭੀ ਇਹ ਮੋਹਰਲੀ ਕਤਾਰ ਵਿਚ ਸੀ[7]। ਫੇਰ ਅਫ਼ਗਾਨਿਸਤਾਨ ਵਿਚੋਂ ਉਠ ਕੇ ਹਿੰਦੁਸਤਾਨ ਤੇ ਹਮਲਾ ਕੀਤਾ। ਮਿਸਟਰ ਰਾਮੇਸ਼ਵਰ ਚੰਦਰ ਦਤ ਆਈ. ਸੀ. ਐਸ. ਇਸ ਘਟਨਾ ਦਾ ਸਮਾਂ ਸੰ: ੩੦੦ ਈ: ਖ਼ਿਆਲ ਕਰਦੇ ਹਨ[8]। ਪਰ ਚੌਧਰੀ ਵਹਾਬੁਦੀਨ ਤਾਰੀਖ਼ ਕੰਬੋਆਂ ਵਿਚ ਇਸ ਘਟਨਾ ਨੂੰ ਮਸੀਹ ਤੋਂ ਭੀ ਡੇਢ ਹਜ਼ਾਰ ਸਾਲ ਪਹਿਲਾਂ ਤੋਂ ਲਿਖਦੇ ਹਨ। ਕੰਬੋਆਂ ਨੇ ਤਕਰੀਬਨ ਸਾਰੇ ਉਤ੍ਰੀ ਹਿੰਦ ਤੇ ਕਬਜ਼ਾ ਕਰ ਲਿਆ ਪਰ ਕੰਬੋਜ ਕੌਮ ਦੇ ਪਿਛੋਂ "ਹੁਨ" ਕੌਮ ਨੇ ਹਲਾ ਕਰਕੇ ਪੱਛਮੀ ਹਿੰਦੁਸਤਾਨ ਵਿਚ ਖ਼ੂਨ ਦਾ ਹੜ੍ਹ ਵਗਾ ਕੇ ਅੱਤਾਂ ਦੇ ਭਾਂਬੜ ਮਚਾ ਦਿਤੇ। ਇਸ ਜ਼ਬਰਦਸਤ ਟੱਕਰ

---

੧ ਤਾਰੀਖ਼ ਈਰਾਨ ਸਬਕ ਤੀਜਾ ਤੂਹਰਾਨ ਦੀ ਛਪੀ ਹੋਈ ਸੰਨ ੧੩੦੯ ਮਾਲੀ।

੨ ਤਾਰੀਖ਼ ਕੰਬੋਆਂ, ਕਰਤਾ ਚੌਧਰੀ ਵਹਾਬੁਦੀਨ ਕਾਂਡ ਤੀਜਾ।

੩ (ੳ) ਰਾਜ ਤਰੰਗਨੀ (ਤਾਰੀਖ਼ ਕਸ਼ਮੀਰ), ਕਰਤਾ ਕੁਲਹਨ ਪੰਡਤ ਅਨੁਵਾਦਕ ਠਾਕਰ ਛਿਛਰ ਚੰਦ ਸ਼ਾਹਪੁਰੀਆ, ਤਰੰਗ ਚੌਥਾ ਸਫ਼ਾ ੩੧੮ ਹਾਸ਼ੀਆ ਨੋਟ ਸਫ਼ਾ ੩੪੪
(ਅ) ਆਈਨਾ ਤਾਰੀਖ਼ ਨੁਮਾ ਸਫ਼ਾ ੧੮, ੧੯ ਜਿਲਦ ਤੀਜੀ ਕਰਤਾ ਰਾਜਾ ਸ਼ਿਵ ਪ੍ਰਸ਼ਾਦਿ ਸੀ. ਆਈ. ਈ.।

੪ ਮਨੂੰ ਸਿਮਰਤੀ ਅਧਯਾਇ ਦਸਵਾਂ ਸਲੋਕ ੪੩, ਰਮਾਇਣ ਬਾਲ ਕਾਂਡ ਸਵਰਗ ੫੪ ਆਦਿ।

੫ (ੳ) ਰਮਾਇਣ ਬਾਲ ਕਾਂਡ (ਅ) ਰਾਜਿਸਤਾਨ ਜਿਲਦ ਪਹਿਲੀ ਪੰਨਾ ੧੩੪।

੬ ਮਹਾਂ ਭਾਰਤ ਟਕ ਕਾਰ ਅਧਯੋਗ ਪਰਬ ਪੰਨਾ ੧੯ ਉਲਥਾ ਫ਼ਾਰਸੀ ਬੋਲੀ ਵਿਚ ਛੇਚੀ।

੭ ਮਹਾਂ ਭਾਰਤ ਭੀਸ਼ਮ ਪਰਬ ਪੰਨਾ ੧੬ ਅਤੇ ੨੩।

੮ ਸਿਵਲੀਜ਼ੇਸ਼ਨ ਔਫ਼ ਏਨਸ਼ੇਂਟ ਇੰਡੀਆ, ਉਲਥਾ ਵਲੈਤ ਅਲੀ ਪੰਨਾ ੪੧।
(Civilization of ancient India, Page 41).

ਨੇ ਯੂਰਪ ਨੂੰ ਭੀ ਜਰਮਨੀ ਅਤੇ ਫ਼ਰਾਂਸ ਤਕ ਹਿਲਾ ਦਿਤਾ। ਇਸ ਸਮੇਂ ਕੰਬੋਆਂ ਦੀ ਹਿੰਦੁਸਤਾਨੀ ਸਲਤਨਤ ਬਰਬਾਦ ਹੋ ਗਈ*। ਇਸੇ ਹੀ ਸਮੇਂ ਕੁਝ ਕੰਬੋਜ ਬਰ੍ਹਮਾ ਅਤੇ ਜਜ਼ੀਰਾ ਨੁਮਾ ਹਿੰਦ ਚੀਨੀ (ndo china) ਵਿਚ ਰਾਜ ਕਾਇਮ ਕਰ ਚੁਕੇ ਸਨ, ਜੋ ਇਤਿਹਾਸ ਵਿਚ ਕੰਬੋਜ ਰਾਜ ਦੇ ਨਾਮ ਨਾਲ ਪ੍ਰਸਿੱਧ ਹੈ। (Combodian Emperor) ਕਰਨਲ ਗਰੇਨੀ (Colonel Gereny) ਕਰਤਾ ਤਾਰੀਖ ਸਿਆਮ ਕੰਬੋਜਾਂ, ਇਸ ਦਾ ਸਮਾਂ ਪੰਜ ਸੌ ਸਾਲ ਮਸੀਹ ਤੋਂ ਪਹਿਲਾਂ ਦਾ ਲਿਖਦੇ ਹਨ[੧]। ਸੰ: ੬੦੦ ਈ: ਤੋਂ ਸੰ: ੧੧੮੭ ਈ: ਤਕ ਇਸ ਸਲਤਨਤ ਦੀ ਚੰਗੀ ਤਾਕਤ ਕਾਇਮ ਰਹੀ, ਪਰ ਸੰ: ੧੨੬੬ ਈ: ਵਿਚ ਇਸ ਸਲਤਨਤ ਦੀ ਪੋਲੀਟੀਕਲ ਤਾਕਤ ਕਮਜ਼ੋਰ ਹੋ ਗਈ। ਨੌਂਵੀਂ ਸਦੀ ਦੇ ਆਰੰਭ ਵਿਚ ਵਰਨ ਤੀਜੇ ਦੇ ਖ਼ਾਨਦਾਨ ਦਾ ਰਾਜ ਸ਼ੁਰੂ ਹੋਇਆ। ਇਸ ਦੇ ਸਮੇਂ ਵਿਚ ਬਹੁਤ ਸੁੰਦਰ ਇਮਾਰਤਾਂ ਤਿਆਰ ਹੋਈਆਂ। ਇਸ ਸਮੇਂ ਦੀ ਸਭ ਤੋਂ ਸੁੰਦਰ ਇਮਾਰਤ ਵਧੀਆ ਕਾਰੀਗਰੀ ਦਾ ਨਮੂਨਾ ਅੰਗਤ ਵਰਟ ਦਾ ਮੰਦਰ ਹੈ[੨]। ਸੰ: ੧੦੯੨ ਈ: ਵਿਚ ਸ਼ਹਾਬੁਦੀਨ ਗ਼ੌਰੀ ਨੇ ਹਮਲਾ ਕਰਕੇ ਥਾਨੇਸਰ ਦੇ ਮੈਦਾਨ ਵਿਚ ਪ੍ਰਿਥਵੀ ਰਾਜ ਨੂੰ ਹਾਰ ਦਿਤੀ, ਤਾਂ ਇਸ ਲੜਾਈ ਵਿਚ ਭੀ ਰਾਜਾ ਕਮੇਦਰ ਦੀ ਕਮਾਨ ਥਲੇ ਕੰਬੋਜ ਸ਼ਾਮਲ ਸਨ[੩]। ਇਸ ਲੜਾਈ ਵਿਚ ਕਮੇਦਰ ਮਾਰਿਆ ਗਿਆ। ਇਸ ਦੇ ਸਾਥੀ ਕ੍ਰਿਪਾ ਰਾਮ, ਸੂਰਜ ਮਲ ਅਤੇ ਬਖ਼ਤ ਰਾਇ ਆਦਿ ਰਣ ਛੇਤਰ ਵਿਚ ਮੁਕਾਬਲਾ ਕਰਦੇ ਗ੍ਰਿਫ਼ਤਾਰ ਹੋ ਗਏ[੪]। ਮਖ਼ਦੂਮ ਸ਼ੈਖ਼ ਸਮਾਹ-ਉਲ-ਦੀਨ ਮੁਲਤਾਨੀ ਕੰਬੋਜ ਕੌਮ ਵਿਚੋਂ ਚੰਗੇ ਪਵਿੱਤਰ ਜੀਵਨ ਵਾਲੇ ਸਤਪੁਰਸ਼ ਹੋਏ ਹਨ। ਸਕੰਦਰ ਲੋਧੀ ਇਨ੍ਹਾਂ ਦਾ ਮੁਰੀਦ ਸੀ। ਇਨ੍ਹਾਂ ਦੇ ਬੇਟੇ ਸ਼ੈਖ਼ ਅਬਦੁਲ ਸਤਾਨੀ ਆਦਿ ਭੀ ਦਿੱਲੀ ਦੇ ਬਾਦਸ਼ਾਹਾਂ ਦੇ ਪੀਰ ਹੋਏ ਹਨ[੫]। ਲਾਹੌਰੀ ਕੰਬੋਜਾਂ ਵਿਚ ਸ਼ੈਖ਼ ਸ਼ਮਸ਼-ਉਲ-ਦੀਨ ਚੋਟੀ ਦੇ ਵਿਦਵਾਨ ਹੋਏ ਹਨ। ਕਰਤਾ ਦਬਿਸ-

---

* ਸਫ਼ੀਨਾ-ਇ-ਅਬਦੁਲਾ ਮਾਲੇਰੀ ਕਰਤਾ ਮੁਨਸ਼ੀ ਅਬਦੁਲਾ ਮਾਲੇਰ ਕੋਟਲੀ ਪੰਨਾ ੧੨।

੧ ਪੁਸ਼ਪ ਸਿਆਮ, (ਡਿਕਸ਼ਨਰੀ ਸਿਆਮ) ਪੰਨਾ ੧੬।

੨ ਇਸਲਾਫ਼ ਹਿੰਦ ਕੇ ਤਮੱਦਨੀ ਕਾਰਨਾਮੇ, ਰਚਿਤ ਮਿਸਟਰ ਜੇ. ਆਰ. ਰਾਇ ਪੰਨਾ ੩੪।

੩ ਤਾਰੀਖ਼ ਸ਼ਿਬ ਜਾਨਕੀ, ਪੰਨਾ ੪੮।

੪ ਆਈਨਾ ਹਕੀਕਤ ਨਮਾ, ਸਫ਼ਾ ੨੫੫ ਕਰਤਾ ਮੌਲਾਨਾ ਅਕਬਰ ਸ਼ਾਹ ਖਾਂ, ਨਜੀਬਾਬਾਦੀ।

੫ ਅਲਮੁਸ਼ਾਹੀਰ, ਪੰਨਾ ੨੯ ਤੋਂ ੩੪ ਤਕ।

ਤਾਨ ਅਕਬਰੀ ਨੇ ਉਲਮਾਵਾਂ ਦੀ ਫ਼ਹਿਰਿਸਤ ਵਿਚ ਆਪ ਦਾ ਨਾਮ ਭੀ ਦਰਜ ਕੀਤਾ ਹੈ* । ਜਨਰਲ ਸ਼ਾਹਬਾਜ਼ ਖਾਂ ਕੰਬੋ ਨੇ ਜੌਨਪੁਰ, ਬੰਗਾਲ, ਬਿਹਾਰ, ਅਜਮੇਰ, ਉਧੇਪੁਰ, ਕੋਮਲਮੀਰ, ਗੋਲਕੰਡਾ, ਸਵਾਤ, ਨੇਪੀਅਰ ਆਦਿਕ ਥਾਵਾਂ ਜਿੱਤ ਕੇ ਮੁਗ਼ਲਾਂ ਦੀ ਬਾਦਸ਼ਾਹੀ ਵਿਚ ਸ਼ਾਮਲ ਕੀਤੀਆਂ† ।

ਪਿਛਲੀ ਆਦਮ ਗਿਣਤੀ ਅਨੁਸਾਰ ਕੰਬੋਜ ਪੰਜਾਬ ਵਿਚ ਦੋ ਲੱਖ ਚਾਲੀ ਹਜ਼ਾਰ ਸਨ, ਜਿਨ੍ਹਾਂ ਵਿਚੋਂ ੪੩ ਫ਼ੀ ਸਦੀ ਸਿਖ, ੧੫ ਫ਼ੀ ਸਦੀ ਹਿੰਦੂ ਅਤੇ ੪੨ ਫ਼ੀ ਸਦੀ ਮੁਸਲਮਾਨ ਸਨ ।

ਸਤਾਰ੍ਹਵੀਂ ਸਦੀ ਈਸਵੀ ਦੇ ਅੱਧ ਵਿਚ ਸਿਖ ਮਜ਼ਹਬ ਵਧਣਾ ਫੁਲਣਾ ਸ਼ੁਰੂ ਹੋਇਆ । ਇਸ ਵੇਲੇ ਸਮੇਂ ਦੀ ਹਕੂਮਤ ਖੁਲਮ-ਖੁਲ੍ਹਾ ਸਿਖਾਂ ਨੂੰ ਰਾਜ-ਦ੍ਰੋਹੀ ਸਮਝਣ ਲਗ ਪਈ । ਮਘਰ ਸੁਦੀ ੫ ਸੰ: ੧੭੩੨ ਬਿ: ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦ ਹੋਣ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗੁਰ-ਗੱਦੀ ਤੇ ਬੈਠੇ ਅਤੇ ਮੁਗ਼ਲੀਆ ਹਕੂਮਤ ਨਾਲ ਲੜਾਈਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ । ਇਸ ਵਕਤ ਕੰਬੋਜਾਂ ਨੇ ਸਿੰਘ ਸਜ ਕੇ ਇਨ੍ਹਾਂ ਲੜਾਈਆਂ ਵਿਚ ਵਧ ਚੜ੍ਹ ਕੇ ਹਿਸਾ ਲਿਆ ।

ਇਕ ਲੜਾਈ ਵਿਚ–ਜੋ ਗੁਰੂ ਜੀ ਤੇ ਮਦਨ ਖ਼ਾਂ ਪਠਾਨ ਗਵਾਲੀਅਰ ਵਿਚਕਾਰ ਹੋਈ, ਭਾਈ ਮਾਹੀ ਸਿੰਘ ਕੰਬੋਜ ਸਨਾਮੀ (ਪਟਿਆਲਾ) ਨੇ ਮਦਨ ਖ਼ਾਂ ਦਾ ਮੁਕਾਬਲਾ ਕਰਕੇ ਉਸ ਨੂੰ ਪਾਰ ਕੀਤਾ ।‡ ਆਪ ਦੀ ਇਸ ਬਹਾਦਰੀ ਤੋਂ ਬਾਜ਼ਾਂ ਵਾਲੇ ਪਾਤਸ਼ਾਹ ਬੜੇ ਖ਼ੁਸ਼ ਹੋਏ ਅਤੇ ਦਮਦਮੇ ਸਾਹਿਬ ਪੁਜ ਕੇ ਜਦ ਕਮਰ ਕੱਸਾ ਖੋਲ੍ਹਿਆ ਤਾਂ ਇਕ ਚਿੱਠੀ ਲਿਖ ਕੇ ਭਾਈ ਮਾਹੀ ਸਿੰਘ ਜੀ ਨੂੰ ਦਮਦਮੇ ਸਾਹਿਬ ਸਦ ਘਲਿਆ ।

ਜਦ ਭਾਈ ਮਾਹੀ ਸਿੰਘ ਜੀ ਨੇ ਦਮਦਮੇ ਸਾਹਿਬ ਪੁਜ ਕੇ, ਦੀਨ ਦੁਨੀ ਦੇ ਵਾਲੀ ਦੀ ਸੇਵਾ ਵਿਚ ਨਮਸਕਾਰ ਕੀਤੀ ਤਦ ਸਚੇ ਪਾਤਸ਼ਾਹ ਨੇ ਆਪ ਦੀ

---

* ਆਈਨ ਅਕਬਰੀ, ਪੰਨਾ ੧੨੪ ਤੋਂ ੧੨੭ ਤਕ ।

† ਅਕਬਰ ਨਾਮਾ ਸਫ਼ਾ ੧੭੨ ਕਰਤਾ ਅਬੁਲ ਫ਼ਜ਼ਲ ਵਜ਼ੀਰ ਅਕਬਰ ਬਾਦਸ਼ਾਹ (ਬਗ਼ਾਵਤ ਅਮੀਰ-ਉਲ-ਉਮਰਾ, ਅਲੀ ਕੁਲੀ ਖਾਂ ਸ਼ਹਬਾਨੀ ।)

‡ ਤਾਰੀਖ਼ ਸ਼ਿਬ ਜਾਨਕੀ ਪੰਨਾ ੭੩, ੭੪ ਕਰਤਾ ਲਾਲਾ ਸ਼ਿਬ ਚੰਦ ਸੁਨਾਮੀ ਰਚਨਾ ਸੰਮਤ ੧੯੬੮ ਬਿ: ।

ਬੀਰਤਾ ਅਤੇ ਸੇਵਾ ਤੋਂ ਖ਼ੁਸ਼ ਹੋ ਕੇ ਸਾਵਣ ਵਦੀ ੧੫ ਸੰ: ੧੭੬੩ ਬਿ: ਨੂੰ ਇਹ ਹੁਕਮ-ਨਾਮਾ ਬਖਸ਼ਿਆ। ਉਪਰ ਛੇ ਸਤਰਾਂ ਤੇ ਦਸਮੇਸ਼ ਜੀ ਦੇ ਦਸਖ਼ਤ ਗੁਰਮੁਖੀ *ਸ਼ਿਕਸਤੇ ਵਿਚ ਹਨ ਤੇ ਦਸਿਆ ਜਾਂਦਾ ਹੈ ਕਿ ਹੇਠਲੀ ਗੁਰਮੁਖੀ ਇਬਾਰਤ ਭਾਈ ਮਨੀ ਸਿੰਘ ਜੀ ਪਾਸੋਂ ਲਿਖਾਈ ਗਈ ਸੀ। ਹੁਕਮ-ਨਾਮੇ ਦੀ ਇਬਾਰਤ ਚੰਗੀ ਤਰਾਂ ਪੜ੍ਹਣ ਤੇ ਸਮਝਣ ਵਾਸਤੇ ਪਾਠਕਾਂ ਦੀ ਸਹਾ-ਇਤਾ ਲਈ ਉਸ ਦੀ ਤਸਵੀਰ ਨਾਲ ਨਕਲ ਛਾਪ ਰਹੇ ਹਾਂ। ਇਸ ਦੇ ਸ਼ਬਦ ਜੋੜ ਉਸੇ ਹੀ ਲਿਖਤ ਮੁਤਾਬਕ ਰਖੇ ਹਨ। ਨਿਰਣੈ ਕਰਨ ਲਈ ਕੁਝ ਲਫ਼ਜ਼ ਆਪਣੇ ਵਲੋਂ ਬ੍ਰੈਕਟਾਂ ਵਿਚ ਦੇ ਦਿਤੇ ਹਨ। ਇਹ ਹੁਕਮ-ਨਾਮਾ ਬਹੁਤ ਪੁਰਾਣਾ ਹੋ ਜਾਣ ਕਰਕੇ ਕਈਆਂ ਥਾਵਾਂ ਤੋਂ ਕੀੜਿਆਂ ਨੇ ਖਾ ਲਿਆ ਹੈ। ਪਰ ਤਦ ਭੀ ਬਹੁਤ ਯਤਨ ਕਰਨ ਨਾਲ ਇਸ ਵੇਲੇ ਸਪਸ਼ਟ ਪੜ੍ਹਿਆ ਜਾ ਸਕਿਆ ਹੈ। ਅਸਲ ਹੁਕਮ-ਨਾਮਾ ਇਸ ਵੇਲੇ ਭਾਈ ਮਾਹੀ ਸਿੰਘ ਦੇ ਖ਼ਾਨਦਾਨ ਵਿਚ ਭਾਈ ਈਸ਼ਰ ਸਿੰਘ ਜੀ ਸਨਾਮ (ਪਟਿਆਲਾ) ਪਾਸ ਮੌਜੂਦ ਹੈ। ਉਪਰਲੀਆਂ ਗੁਰਮੁਖੀ ਸ਼ਿਕਸਤੇ ਦੀਆਂ ਛੇ ਸਤ੍ਰਾਂ ਬੜੀ ਮੁਸ਼ਕਲ ਨਾਲ ਆਤਸ਼ੀ ਸ਼ੀਸ਼ੇ ਦੀ ਸਹਾਇਤਾ ਨਾਲ ਇਸ ਤਰਾਂ ਪੜ੍ਹੀਆਂ ਜਾਂਦੀਆਂ ਹਨ :—

੧. ਭਾਈ ਮਾਹੀ ਸਿੰਘ

੨. ਸ੍ਰੀ ਵਾਹਿਗੁਰੂ ਗੁਰੁ ਸਤਿਗੁਰੂ ਗੁਰੂ ਗੋਬਿੰਦ ਸਿੰਘ ਗੁਰੂ ਜੀ ਕਾ ਕਹਿਨਾ ਹੈ ਕਿ

੩. ਜੇਹੜਾ ਕੋਈ ਗੁਰੂ ਜੀ ਕਾ ਪਿਆਰਾ ਹੈ ਗੁਰਾਹੀ ਮਾਹੀ ਸਿੰਘ ਕੋ ਦੇਣੀ ਹੈ ਸੋ ਜੋ ਤੰਨੂੰ

੪. ਦੇਵੇਗਾ ਸੋ ਭਾਈ ਗੁਰੂ ਤੇਰਾ ਖਾਲਸਾ ਭਲਾ ਚਾਹੇਗਾ ਜੋ ਚੜ੍ਹਤ ਦੇਵੇਗਾ

੫. ਤੁਸਾਂ ਨੇ ਦੇਣੀ ਹੈ ਅਨੰਦਪੁਰਵੀ (ਅਨੰਦਪੁਰ ਵਾਸੀ) ਖਾਲਸਾ ਜੀ ਤੇ ਬੈਰਾੜ ਵਾਸੀ ਸੰਗਤ ਤਾਈ ਭੀ ਗੁਰੂ ਸਾਹਿਬ

੬. ਮੁਖੋ ਕਹਿਆ ਜੋ ਤੇਰੇ ਤਾਈ ਦੇਵੇਗਾ ਸੋ ਸਤਿਗੁਰੂ ਨੂੰ ਦੇਵੇਗਾ ਗੁਰੂ ਬੋਲੇ ਜੀ ਭਾਈ ਮਾਹੀ ਸਿੰਘ ਜੀ

---

*ਇਹ ਸ਼ਿਕਸਤਾ ਗੁਰਮੁਖੀ ਦਸਮੇਸ਼ ਜੀ ਦੀ ਕਾਢ ਹੈ। ਕਲਗ਼ੀਧਰ ਜੀ ਅਤੇ ਉਨ੍ਹਾਂ ਦੇ ਲਿਖਾਰੀ ਸੈਨਾਪਤਿ ਜੀ ਇਸ ਲਿਖਤ ਵਿਚ ਬਹੁਤ ਕਾਵਜ ਲਿਖਦੇ ਸਨ। ਇਸੇ ਲਿਖਤ ਵਿਚ ਭਾਈ ਮਨੀ ਸਿੰਘ ਜੀ ਦੀ ਇਕਤ੍ਰ ਕੀਤੀ ਦਸਮ ਗ੍ਰੰਥ ਦੀ ਇਕ ਜਿਲਦ ਇਸ ਵੇਲੇ ਹਜ਼ੂਰ ਸਾਹਿਬ ਮਿਲਦੀ ਹੈ। ਇਸ ਤੋਂ ਬਿਨਾਂ ਇਸੇ ਹੀ ਲਿਖਤ ਵਿਚ ਇਕ ਪੁਸਤਕ ਨਾਭੇ ਦੇ ਰਾਜ ਮਹਿਲ ਵਿਚ ਅਤੇ ਇਕ ਪਤ੍ਰਾ ਰਿਆਸਤ ਫ਼ਰੀਦ ਕੋਟ ਦੇ ਤੋਸ਼ੇ ਖ਼ਾਨੇ ਵਿਚ ਮੌਜੂਦ ਹੈ। ਸ੍ਰੀ ਕਲਗ਼ੀਧਰ ਜੀ ਦੇ ਹੁਕਮ ਨਾਮਿਆਂ ਤੇ ਦਸਖ਼ਤ ਇਨ੍ਹਾਂ ਹੀ ਅਖਰਾਂ ਵਿਚ ਹੋਇਆ ਕਰਦੇ ਸਨ। ਦੇਖੋ ਸਫ਼ਾ ੪੧੯ ਦੇ ਹੁਕਮ ਨਾਮੇ ਤੇ ਦਸਖ਼ਤ। ਇਨ੍ਹਾਂ ਹਰਫ਼ਾਂ ਨੂੰ ਅਨਜਾਣ ਲੋਕ ਤੀਰ ਦੀ ਮੁਖੀ ਦੇ ਲਿਖੇ ਅਖਰ ਆਖਦੇ ਹਨ।

ਹੁਕਮ ਨਾਮੇ ਦੀ ਨਕਲ

ਸ੍ਰੀ ਗੁਰੂ ਜੀ ਕੀ ਆਗਿਆ ਹੈ ਸਰਬਤ ਪੰਥ ਖਾਲਸਾ ਜੀ ਅਨੰਦ ਪੁਰ (ਪੁਰ) ਜੀ ਕਾ ਔਰ ਬੈਰਾੜਾ ਕੇ ਸੂਬੇ ਕੀ ਗਿਰਦ ਨਵਾਈ ਕੀ ਗੁਰੂ ਜੀ ਰਖੇਗਾ ਜੋ ਕੌਡੀ ਦੰਮੜੀ ਕੜਾਹੀ ਦਸਮਾ ਦਸੋਧ (ਦਸਵੰਦ) ਗੁਰੂ ਜੀ ਕੇ ਨਮਿਤ ਕਾ ਹੋਇ ਸੋ ਭਾਈ ਮਹੀ ਸਿੰਘ (ਮਾਹੀ ਸਿੰਘ) ਨੂ ਦੇਣਾ ਇਸੀ ਵਾਸਤੇ ਹੁਕਮ ਜੀ ਲਿਖਿਆ ਹੈਗਾ ਜੁਧ ਕੇ ਸਮੇ ਅਨੰਦਪੁਰ ਜੀ ਗੁਰੂ ਜੀ ਬੈਠੇ ਥੇ ਮਦਨ ਖਾਂ ਪਠਾਣ ਆਇਆ ਜੁਧ ਨੂ ਗੁਰੂ ਜੀ ਕੇ ਸਨਮੁਖ (ਸਨਮੁਖ) ਦੁਮਾਨ (ਦੀਵਾਨ) ਲਗੇ ਗੁਰੂ ਜੀ ਨੇ ਹੁਕਮ ਦੈਆ (ਹੁਕਮ ਦਿਤਾ) ਖਾਲਸਾ ਜੀ ਕੋਈ ਸਿਖ ਗੁਰੂ ਕਾ ਪਿਆਰਾ ਮਦਨ ਖਾਇ ਪਠਾਣ ਕਾ ਸਾਮਣਾ ਕਰੇਗਾ ਭਾਈ ਮਾਹੀ ਸਿੰਘ ਸੰਨਾਮੀ ਸਿੰਘ ਕਥੇ ਸਿਖ ਹਥ ਜੋੜ ਕੇ ਸੰਨਮੁਖ ਗੁਰੂ ਜੀ ਕੇ ਸਾਮਣੇ ਖੜਾ ਹੋਇਕੇ ਹੁਕਮ ਕਰੋ ਗੁਰੂ ਜੀ ਗੁਰੂ ਜੀ ਬੋਲੇ ਚੜੋ ਭਾਈ ਸਿੰਘ ਜੀ ਪਠਾਣ ਗੁਵਾਲਈਆਰ ਕਾ ਜਾਇ ਹੈ ਜੁਧ ਨੂ ਭਾਈ ਮਾਹੀ ਸਿੰਘ ਪੰਜੇ ਕਪੜੇ ਪੰਜੁ ਹਥਿਆਰ ਲਾ ਕ ਘੋੜੇ ਕਾ ਹੋਇ ਅਸਵਾਰ ਮਦੰਨ ਖਾ ਕੇ ਸਨਮੁਖ ਹੋਇਆ ਅਰ ਲਲਕਾਰੀ ਦੇਈ ਪਠਾਣ ਨੂ ਮਦਨ ਖਾ ਨੂ ਤੇਗ਼ ਪਕੜ ਕੇ ਸੰਨਮੁਖ ਗੈਆ ਭਾਈ ਮਹੀ ਸਿੰਘ ਕੇਹਾ ਮਦਨ ਖਾ ਨੂ ਕਰੋ ਹਥਆਰ ਮਦਨ ਖਾ ਨੇ ਤੇਗ਼ ਪਕੜ ਕੇ ਸੰਨਮੁਖ ਗੈਆ ਵਾਰ ਕਰੇ ਤੇਗ ਕੇ ਭਾਈ ਨੇ ਢਾਲ ਤੇਗ਼ ਲਈ ਵਾਰ ਬਚਾਇਆ ਅਰ ਮਦਨ ਖਾਂ ਨੂ ਬੋਲੇ ਭਾਈ ਸੰਭਲ ਤੇਗ ਦੁਧਾਰਾ ਖੰਡਾ ਪਠਾਣ ਕੇ ਸਿਰ ਮਾਰੀਆ ਸਿਰ ਤੇ ਧੜ ਦੋ ਹੋਏ ਜ਼ਮੀਨ ਪ੍ਰ ਗਿਰੇ ਪੰਜ ਸੋ ਅਸਵਾਰ ਅਪਨੇ ਅਪਨੇ ਗੈਏ ਸਿਰਦਾਰ ਮਾਰ ਖੇਲ ਬਿਝੜ ਗੈਆ ਫਤੇ ਗੁਰ ਕੀ ਹੋਈ ਬੋਲੇ ਵਾਹਗੁਰੂ ਜੀ ਭਾਈ ਮਾਹੀ ਸਿੰਘ ਗੈਆ ਅਛੇ ਦਲਾ ਤੇ ਫੇਰ ਕੇਈ ਦਿਨ ਬਦੀਤ ਹੋਇ ਭਾਈ ਮਾਹੀ ਸਿੰਘ ਗੁਰਾ ਕੇ ਪਾਸ ਦੰਮਦੰਮੇ ਸਾਹਬ ਸ੍ਰੀ ਗੁਰੂ ਜੀ ਕੇ ਹਜੂਰ ਹਥ ਬੰਨ ਕੇ ਮਥਾ ਟੇਕਯਾ ਫਤੇ ਬਲਾਈ ਗੁਰ ਕੀ ਗੁਰੂ ਜੀ ਨੇ ਥਾਪਿ ਦੇਈ ਭਾਈ ਨੂ ਬਡ ਸਿੰਘ ਹੀਤਕਾਰੀ (ਹਿਤਕਾਰੀ) ਹੈ ਗੁਰੂ ਜੀਕਾ ਗੁਰੂ ਜੀ ਬੋਲੇ ਬਚਣ ਖਾਲਸੇ ਜੀ ਨੂ ਹਾਲ ਕੇ ਅਰ ਅਗੇ ਕੋ ਜੋ ਹੋਏਗਾ ਖਾਲਸਾ ਸਿੰਘ ਜੀ ਹੁਕਮ ਜੀ ਲਿਖ ਕੇ ਦੇਂਦੇਂ ਹੈਨੁ ਭਾਈ ਮਾਹੀ ਸਿੰਘ ਨੂ ਹਾਲ ਅਰ ਉਲਾਦ ਨੂ ਜੇ ਕੋਈ ਗੁਰੂ ਜੀ ਕਾ ਸਿਖ ਹੋਇਗਾ ਬਰਕਤ ਵਾਲਾ ਜੈਸਾ ਜੈਸਾ ਲਾਇਕ ਹੋਗਾ ਤੈਸਾ ਤੈਸਾ ਦੇਣਾ ਰਪਇਯੇ ਕੀ ਲਾਇਕ ਹੋ ਸੋ ਰਪਿਯ ਦੇ ਮੋਹਰ ਕੀ ਲਾਇਕ ਲੋਕ ਹੋਇ ਸੋ ਮੋਹਰ ਦੇ ਘੋੜੇ ਕੀ ਲਾਇਕ ਹੋ ਸੋ ਘੋੜਾ ਦੇ ਪਿਤ ਦੇਹ ਹਜ਼ਾਰ ਕੀ ਲਾਇਕ ਗੁਰੂ ਜੀ ਕਰੇਗਾ ਸੋ ਹਜਾਰ ਦੇਗਾ ਲਖ ਕੀ ਲਾਇਕ ਗੁਰੂ ਜੀ ਕਰੇ ਸੋ ਲਖ ਦੇਵੇਗਾ ਜੈਸਾ ਜੈਸਾ ਗੁਰੂ ਜੀ ਅਗੇ ਨੂੰ ਲਾਇਕ ਕਰੇਗਾ ਤੈਸਾ ਤੈਸਾ ਦੇਣਾ ਜੋ ਦੇਵੇਗਾ ਸੋ ਨਿਹਾਲ ਹੋਇਗਾ ਸਤਿ ਮੰਨਣਾ ਮੰਨੇਗਾ ਸੋ ਹਜੂਰ ਜੀ ਪਹੁੰਚੇਗਾ ਸਤਿ ਮੰਨਣਾ ਹੁਕਮ (ਹੁਕਮ) ਜੀ ਲਿਖਿਆ ਦੰਮਦੰਮੇ ਜੀ ਕਮਰ ਕਸਾ ਖੋਲ ਕੇ ਹਜ਼ੂਰ ਅਪਨੇ ਖੁਸ਼ੀ ਹੋਈ ਭਾਈ ਮਾਹੀ ਸਿੰਘ ਜੀ ਪਰ ਗੁਰੂ ਜੀ ਕੀ ਹੁਕਮ ਸਪੁਰ ਹੋਇ ਹੁਕਮ ਲਿਖਿਆ ਸੰਮਤ ਸਤਾਰਾ ਸੌ ਤ੍ਰੇਠ ੧੭੬੩ ਬਿਕ੍ਰਮੀ...... ....

ਬਚਪਨ ਤੇ ਸ਼ਾਦੀ

ਭਾਈ ਟਹਿਲ ਸਿੰਘ ਦਾ ਰੰਗ ਗੋਰਾ, ਸਰੀਰ ਲੰਮਾ ਤੇ ਹੋਰ ਨਕਸ਼ ਭੀ ਵਾਹਵਾ ਸੋਹਣੇ ਬਣਦੇ ਫਬਦੇ ਸਨ। ਸੁਭਾ ਨਿਕੇ ਹੁੰਦਿਆਂ ਤੋਂ ਹੀ ਬੜਾ ਕੌੜਾ ਤੇ ਜੋਸ਼ੀਲਾ ਹੋਇਆ ਕਰਦਾ ਸੀ। ਨਿਕੇ ਹੁੰਦੇ ਮਾਲ ਡੰਗਰ ਚਾਰਦੇ ਰਹੇ। ਸਰੀਰ ਚੰਗਾ ਕੁੱਵਤ ਵਾਲਾ ਹੋਣ ਕਰਕੇ ਆਪਣੇ ਹਾਣੀਆਂ ਪਾਣੀਆ ਨੂੰ ਅੱਗੇ ਲਾਈ ਫਿਰਦੇ ਸਨ। ਜਵਾਨ ਹੋਏ ਤਾਂ ਆਪਣੇ ਪਿਤਾ ਨਾਲ ਜਟਕੀ ਕਾਰ ਵਾਹੀ ਵਿਚ ਘਸੱਤੇ ਗਏ। ਸੰ: ੧੯੪੯ ਬਿ: ਨੂੰ ਜਦ ਇਨ੍ਹਾਂ ਦੇ ਪਿਤਾ ਜੀ ਬਾਰ ਵਿਚ ਜ਼ਮੀਨ ਮਿਲਣ ਤੇ ਨਜ਼ਾਮਪੁਰ ਦੇਵਾ ਸਿੰਘ ਵਾਲੇ ਜ਼ਿਲਾ ਸ਼ੇਖ਼ੂਪੁਰਾ ਵਿਚ ਆ ਗਏ, ਤਾਂ ਆਪ ਭੀ ਉਨ੍ਹਾਂ ਦੇ ਨਾਲ ਹੀ ਚਲੇ ਆਏ। ਸ਼ਹਿਰ ਅੰਮ੍ਰਿਤਸਰ ਵਿਚ ਆਪ ਦੀ ਸ਼ਾਦੀ ਹੋ ਗਈ।

ਮਾਪਿਆਂ ਨਾਲ ਗੁਸੇ ਰਾਜ਼ੀ ਹੋ ਕੇ ਸੰ:੧੯੫੯ ਬਿ:ਵਿਚ ਚੀਨ ਨੂੰ ਚਲੇ ਗਏ। ਉਥੇ ਜਾ ਕੇ ਕੁਆਲਾ ਲੰਪਰ ਵਿਚ ਬਾਤੂ ਰੋਡ ਤੇ ਵਾਚਮੈਨੀ ਦੀ ਨੌਕਰੀ ਕਰਦੇ ਰਹੇ। ਇਸਦੇ ਪਿੱਛੋਂ ਜਹਾਜ਼ਾਂ ਦੇ ਪਾਸ ਵੇਚਣ ਦਾ ਕੰਮ ਅਰੰਭ ਕਰ ਦਿਤਾ। ਇਥੋਂ ਦੇ ਆਜ਼ਾਦ ਮੁਲਕਾਂ ਦੇ ਪੌਣ ਪਾਣੀ ਨੇ ਆਪ ਦੇ ਸੁਭਾਅ ਵਿਚ ਖ਼ਾਸ ਪਲਟਾ ਲਿਆ ਦਿਤਾ। ਪੂਰੇ ਸੱਤਾਂ ਸਾਲਾਂ ਪਿੱਛੋਂ ਸੰ: ੧੯੬੬ ਬਿ: ਵਿਚ ਪਿੰਡ ਆ ਗਏ।

ਸੰ:੧੯੬੮ ਬਿ: ਵਿਚ ਫੇਰ ਪਹਿਲੀ ਥਾਂ ਤੇ ਹੀ ਪ੍ਰਦੇਸ ਨੂੰ ਚਲੇ ਗਏ। ਚਾਰ ਸਾਲਾਂ ਪਿੱਛੋਂ ਪਿੰਡੋਂ ਪਿਤਾ ਦੇ ਗੁਜ਼ਰ ਜਾਣ ਦੀ ਚਿਠੀ ਚਲੀ ਗਈ ਤਾਂ ਸੰ:੧੯੭੨ ਬਿ: ਵਿਚ ਨਗਰ ਨੂੰ ਆ ਗਏ। ਇਸ ਸਮੇਂ ਜਿੰਨਾ ਚਿਰ ਪਿੰਡ ਰਹੇ, ਸੰਗਤਾਂ ਵਿਚ ਧਰਮ ਪ੍ਰਚਾਰ ਲਈ ਉਤਸ਼ਾਹ ਪੈਦਾ ਕਰਦੇ ਰਹੇ, ਕਿਉਂਕਿ ਆਪ ਨੂੰ ਪ੍ਰਦੇਸ ਵਿਚੋਂ ਆਪਣੇ ਧਰਮ ਪ੍ਰਚਾਰ ਕਰਨ ਦਾ ਬੜਾ ਸ਼ੌਂਕ ਲਗ ਚੁਕਾ ਸੀ। ਇਸੇ ਠਰਕ ਦੇ ਕਾਰਨ ਨੌਕਰੀ ਦੀ ਡਿਉਟੀ ਵਿਚੋਂ ਵੇਹਲ ਕਢ ਕੇ ਭੀ ਆਪ ਨੇ ਗੁਰਮੁਖੀ ਪੜ੍ਹਣ ਵਲ ਵਧੇਰੇ ਧਿਆਨ ਦਿਤਾ। ਗੁਰਬਾਣੀ ਦਾ ਪਾਠ ਕਰਨ ਤੇ ਸ਼ਬਦ ਪੜ੍ਹਣ ਦਾ ਬੜਾ ਸ਼ੌਕ ਪੈਦਾ ਹੋ ਗਿਆ। ਜਦ ਗੁਰਦੁਆਰਾ ਰਕਾਬ ਗੰਜ ਦੀ ਕੰਧ ਦੇ ਬਣਾਉਣ ਲਈ ਭਾਈ ਸਰਦੂਲ ਸਿੰਘ ਜੀ ਕਵੀਸ਼ਰ ਨੇ ਸੌ ਸਿੰਘਾਂ ਦੀ ਸ਼ਹੀਦੀ ਲਈ ਅਕਾਲੀ ਅਖ਼ਬਾਰ ਵਿਚ ਅਪੀਲ ਕੀਤੀ ਤਾਂ ਆਪ ਨੇ ਭੀ ਧਰਮ ਦੇ ਸੁਚੇ ਭਾਵਾਂ ਦੇ ਅਸਰ ਥਲੇ ਆਕੇ ਉਨ੍ਹਾਂ ਸਿੰਘਾਂ ਦੀ ਲਿਸਟ ਵਿਚ ਆਪਣਾ ਨਾਮ ਲਿਖਾ ਦਿਤਾ। ਪਰ ਪਿਛੋਂ ਸਰਕਾਰ ਨੇ ਆਪਣੀ ਗ਼ਲਤੀ ਮੰਨ ਕੇ ਮੁੜ ਉਸੇ ਤਰ੍ਹਾਂ ਆਪਣੇ ਖ਼ਰਚ ਤੇ ਕੰਧ ਤਿਆਰ ਕਰਵਾ ਦਿਤੀ ਅਤੇ ਆਪਨੂੰ ਇਸ ਸਮੇਂ ਸ਼ਹੀਦੀ ਦਾ ਪਵਿੱਤ੍ਰ ਅਵਸਰ ਨਾ ਮਿਲਿਆ।

ਕੁਰਬਾਨੀ ਦੇ ਮੈਦਾਨ ਵਿਚ

ਇਸ ਸਮੇਂ ਗੁਰਦੁਆਰਾ ਸੁਧਾਰ ਲਹਿਰ ਦੀ ਪਿੰਡ ਪਿੰਡ ਚਰਚਾ ਛਿੜੀ ਹੋਈ ਸੀ। ਆਪ ਭੀ ਅਠੇ ਪਹਿਰ ਇਸ ਲਹਿਰ ਨੂੰ ਕਾਮਿਆਬ ਬਣਾਉਣ ਦੀ ਧੁਨ ਵਿਚ ਲਗੇ ਰਹਿੰਦੇ ਸਨ। ਆਪ ਦਾ ਦਿਲ ਨਿਰਭੈ ਅਤੇ ਤਬੀਅਤ ਸਚਾਈ-ਪਸੰਦ ਸੀ। ਹੱਥ ਵਿਚ ਹਮੇਸ਼ਾ ਇਕ ਮੋਟਾ ਠੁਲ੍ਹਾ ਖੂੰਡਾ ਰਖਣਾ। ਸੁਭਾਅ ਦੇ ਕਾਹਲੇ ਅਤੇ ਮਨਚਲੇ ਦਲੇਰ ਸਨ। ਜਦ ਕਿਸੇ ਨੇ ਜ਼ਰਾ ਕੁ ਜਿੰਨੀ ਭੀ ਝੂਠੀ ਗਲ ਕਰਨੀ ਤਾਂ ਝਟ ਧੁਕਾਕੇ ਖੂੰਡਾ ਠੋਕ ਦੇਣਾ। ਆਪਣੇ ਭਰਾਵਾਂ ਨਾਲ ਭੀ ਅਜਿਹੀਆਂ

ਨਿੱਕੀਆਂ ਨਿੱਕੀਆਂ ਗਲਾਂ ਤੋਂ ਖੜਕਾ ਦੜਕਾ ਰਖਣਾ ਅਤੇ ਹਮੇਸ਼ਾਂ ਤਾੜਕੇ ਇਹੋ ਉਪਦੇਸ਼ ਕਰਿਆ ਕਰਨਾ ਕਿ "ਝੂਠ ਮਤ ਬੋਲੋ, ਇਹ ਸਿਖ ਦਾ ਧਰਮ ਨਹੀਂ ਹੈ"। ਆਪ ਦੇ ਭਰਾਵਾਂ ਨੂੰ ਕਦੇ ਮੁਜ਼ਾਹਮ ਹੋਕੇ ਉਚੀ ਉਭਾਸਰਨ ਦਾ ਮੌਕਾ ਨਹੀਂ ਮਿਲਿਆ ਸੀ। ਜਦੋਂ ਇਨ੍ਹਾਂ ਨੇ ਜ਼ਰਾ ਕੁ ਭੀ ਜੋਸ਼ ਵਿਚ ਆਕੇ ਕੜਕਾ ਮਾਰਨਾ ਤਾਂ ਉਨ੍ਹਾਂ ਨੇ ਫੌਰਨ ਡਰਦਿਆਂ ਨੇ ਅਖ ਬਚਾ ਕੇ ਕਿਧਰੇ ਲਾਂਭੇ ਚਾਂਭੇ ਹੋ ਜਾਣਾ।

੧, ੨ ਅਤੇ ੩ ਅਕਤੂਬਰ ਸੰ: ੧੯੨੦ ਈ: ਨੂੰ ਭਾਈ ਲਛਮਣ ਸਿੰਘ ਧਾਰੋਵਾਲੀ ਨੇ ਆਪਣੇ ਨਗਰ ਵਿਚ ਇਕ ਬੜਾ ਭਾਰੀ ਦੀਵਾਨ ਕੀਤਾ। ਬਹੁਤ ਸਾਰੇ ਮਸ਼ਹੂਰ ਕੌਮੀ ਲੀਡਰ ਸਦੇ ਗਏ। ਬਾਰ ਦੇ ਇਲਾਕੇ ਵਿਚ ਇਸ ਤੋਂ ਪਹਿਲਾਂ ਅਗੇ ਏਡਾ ਵਡਾ ਕਾਮਿਆਬ ਦੀਵਾਨ ਨਹੀਂ ਸੀ ਹੋਇਆ। ਗੁਰਦੁਆ-ਰਿਆਂ ਵਿਚੋਂ ਕੁਰੀਤੀਆਂ ਦੂਰ ਕਰਨ ਹਿਤ ਬੜਾ ਉਭਾਰੂ ਪ੍ਰਚਾਰ ਹੋਇਆ ਸੀ। ਇਸ ਸਮੇਂ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦੇ ਮੋਰਚੇ ਲਈ ਅਪੀਲ ਹੋਈ ਅਤੇ ਇਸ ਗੁਰਧਾਮ ਦੇ ਸੂਕਾਰੀ ਸੂਬ੍ਰਾਹ *ਗੰਡਾ ਸਿੰਹੁ ਦੀਆਂ ਆਪ-ਹੁਦਰੀਆਂ ਦੇ ਦਿਲ ਹਿਲਾ ਦੇਣ ਵਾਲੇ ਸਮਾਚਾਰ ਦਸੇ ਗਏ। ਇਨ੍ਹਾਂ ਗਲਾਂ ਨੂੰ ਸੁਣ ਕੇ ਆਪ ਦਾ ਧਰਮੀ ਦਿਲ ਜਰ ਨ ਸਕਿਆ। ਝਟ ਸਟੇਜ ਉਤੇ ਆ ਗਏ ਤੇ ਜੋਸ਼ ਨਾਲ ਚਿਹਰਾ ਲਾਲ ਸੁਰਖ਼ ਹੋ ਗਿਆ ਅਤੇ ਸ੍ਰੀਰ ਵਿਚ ਬੀਰਤਾ ਦਾ ਖ਼ੂੰਨ ਗੇੜੇ ਲਾਉਣ ਲਗਾ। ਸਾਧ ਸੰਗਤ ਅਗੇ ਬੜੇ ਜੋਸ਼ੀਲੇ ਢੰਗ ਨਾਲ ਅਪੀਲ ਕੀਤੀ ਕਿ ਖ਼ਾਲਸਾ ਜੀ ਹਰ ਇਕ ਗੁਰੂ ਕੇ ਸਿਖ ਦਾ ਇਹ ਪਵਿਤ੍ਰ ਫ਼ਰਜ਼ ਹੈ ਕਿ ਆਪਣੀਆਂ ਜ਼ਿੰਦਗੀਆਂ ਦੀ ਕੋਈ ਪ੍ਰਵਾਹ ਨ ਕਰਦੇ ਹੋਏ ਗੁਰੂ ਬਾਬੇ ਦੇ ਦਰਬਾਰ ਵਿਚੋਂ ਕੁਕਰਮੀਆਂ ਨੂੰ ਕਢ ਕੇ ਸੁਕਰਮੀਆਂ ਦੇ ਹਥੀਂ ਪ੍ਰਬੰਧ ਸੌਂਪੀਏ। ਜਿਨ੍ਹਾਂ ਸਜਨਾਂ ਪਾਸ ਇਸ ਵੇਲੇ ਮਾਇਆ ਦੀ ਥੁੜੋਂ ਕਰਕੇ ਰੇਲ ਦੇ ਕਰਾਏ ਦਾ ਕੱਸ ਨ ਪੈਂਦਾ ਹੋਵੇ। ਮੈਂ ਆਪਣੇ ਪਾਸੋਂ ਉਨ੍ਹਾਂ ਚੋਂ ਪੰਜਾਂ ਸਿੰਘਾਂ ਦਾ ਕਿਰਾਇਆ ਭੇਟਾ ਕਰਦਾ ਹਾਂ।

ਆਪ ਸਿੰਘਾਂ ਦੇ ਜਥੇ ਨਾਲ ਸ਼ਾਮਲ ਹੋ ਕੇ ਗੁਰਦੁਆਰਾ ਬਾਬੇ ਦੀ ਬੇਰ ਦੇ ਮੋਰਚੇ ਤੇ ਪੁਜੇ ਤਾਂ ਸਤਿਗੁਰਾਂ ਦੀ ਕ੍ਰਿਪਾ ਨਾਲ ਗੁਰਦੁਆਰਾ ਪੰਥਕ ਪ੍ਰਬੰਧ ਥਲੇ ਆ ਗਿਆ। ਇਸ ਸਮੇਂ ਗੁਰਦੁਆਰੇ ਦੇ ਪ੍ਰਬੰਧ ਲਈ ਇਕ ਪ੍ਰਬੰਧਕ ਕਮੇਟੀ

---

* ੧੩ ਜੂਨ ਸੰ: ੧੯੩੮ ਈ: ਦੀ ਰਾਤ ਨੂੰ ਮਰ ਚੁਕੇ ਹਨ।

ਦੀ ਚੋਣ ਕਰਨੀ ਸੀ, ਤਜਵੀਜ਼ ਇਹ ਹੋਈ ਕਿ ਇਸ ਸਮੇਂ ਜਿੰਨੇ ਸਿੰਘ ਇਥੇ ਹਾਜ਼ਰ ਹਨ ਉਨ੍ਹਾਂ ਵਿਚੋਂ ਵਖ ਵਖ ਇਲਾਕਿਆਂ ਦੇ ਪ੍ਰਸਿੱਧ ਕੌਮੀ ਕੰਮ ਕਰਨ ਵਾਲਿਆਂ ਦੇ ਨਾਮ ਚੁਣੇ ਜਾਣ। ਇਸ ਤਜਵੀਜ਼ ਅਨੁਸਾਰ ਭਾ: ਕਰਤਾਰ ਸਿੰਘ ਜੀ ਝੱਬਰ, ਭਾ: ਤੇਜਾ ਸਿੰਘ ਜੀ ਚੂਹੜਕਾਣਾ, ਭਾ: ਮੂਲ ਸਿੰਘ ਜੀ ਬੋਲਾ, ਡੱਲਾ ਚੰਦਾ ਸਿੰਘ ਵਾਲਾ, ਭਾ: ਕਰਤਾਰ ਸਿੰਘ ਜੀ ਰਾਗੀ ਫੁਲਰਵੰਨ ਦੇ ਨਾਮ ਪੇਸ਼ ਹੋਏ, ਤਦ ਆਪਨੇ ਭਰੇ ਦੀਵਾਨ ਵਿਚ ਲਲਕਾਰਾ ਮਾਰਕੇ ਆਖਿਆ, ਕਿ ਖ਼ਾਲਸਾ ਜੀ, ਇਥੇ ਪ੍ਰਬੰਧਕ ਕਮੇਟੀ ਲਈ ਉਹ ਨਾਮ ਲਿਖਾਉਣ, ਜਿਨ੍ਹਾਂ ਨੇ ਭੀੜਾ ਦਾ ਸਮਾਂ ਆ ਬਣਨ ਤੇ ਸੀਸ ਕੁਰਬਾਨ ਕਰਨੇ ਹੋਣ ਅਤੇ ਉਹ ਗੁਰ ਬਾਬੇ ਦੇ ਪਿਆਰੇ ਹੋਣ ਤੋਂ ਬਿਨਾਂ ਪਕੇ ਰਹਿਤਵਾਨ ਭੀ ਹੋਣ। ਵਾਧੂ ਨਾਵਾਂ ਦੀ ਮਸ਼ਹੂਰੀ ਲਈ ਕਿਸੇ ਦਾ ਨਾਮ ਨਹੀਂ ਚੁਣਨਾ ਚਾਹੀਦਾ ਹੈ। ਜਿਸ ਤੇ ਸੰਗਤ ਵਿਚੋਂ ਆਵਾਜ਼ ਆਈ ਕਿ ਜਿਸ ਦਿਨ ਦੇ ਇਹ ਸਜਨ ਇਥੇ ਆਏ ਹਨ, ਇਨ੍ਹਾਂ ਨੇ ਬੜੀ ਸੇਵਾ ਕੀਤੀ ਹੈ, ਇਨ੍ਹਾਂ ਦਾ ਨਾਮ ਜ਼ਰੂਰ ਲਿਖ ਲਿਆ ਜਾਵੇ। ਆਪ ਬਤੇਰੀ ਨਾਂਹ ਨਿਮ ਕਰਦੇ ਰਹੇ, ਪਰ ਸੰਗਤ ਨੇ ਫ਼ੈਸਲਾ ਕਰਕੇ ਭਾਈ ਕਰਤਾਰ ਸਿੰਘ ਫੁਲਰਵੰਨੀ ਦੀ ਥਾਂ ਆਪ ਦਾ ਨਾਮ ਇਸ ਕਮੇਟੀ ਵਿਚ ਪਾ ਲਿਆ।

ਗੁਰਦੁਆਰੇ ਦੇ ਪ੍ਰਬੰਧ ਲਈ ਤਜਵੀਜ਼ਾਂ ਸੋਚਣ ਲਈ ਜਦ ਇਸ ਚੁਣੀ ਗਈ ਸਬ ਕਮੇਟੀ ਦੀ ਮੀਟਿੰਗ ਹੋਈ, ਤਾਂ ਇਨ੍ਹਾਂ ਵਿਚ ਸ: ਸ਼ਿਵਦੇਵ ਸਿੰਘ* ਜੀ ਉਬੇਰਾਏ ਸਿਆਲਕੋਟੀ ਦਾ ਦਾਹੜਾ ਬਝਾ ਹੋਇਆ ਸੀ। ਭਾਈ ਟਹਿਲ ਸਿੰਘ ਜੀ ਨੇ ਉਥੇ ਜ਼ੋਰਦਾਰ ਆਵਾਜ਼ ਉਠਾਈ ਕਿ ਸਤਿਗੁਰਾਂ ਦਾ ਹੁਕਮ ਦਾਹੜਾ ਬੰਨ੍ਹਣ ਦਾ ਨਹੀਂ ਹੈ। ਅੱਧਾ ਘੰਟਾ ਬਹਿਸ ਹੁੰਦੀ ਰਹੀ ਤੇ ਇਸਦੇ ਪਿੱਛੋਂ ਉਨ੍ਹਾਂ ਨੇ ਦਾਹੜਾ ਖੋਲ੍ਹ ਦਿਤਾ, ਜੋ ਮੁੜ ਸਾਰੀ ਉਮਰ ਖੁਲ੍ਹਾ ਹੀ ਰੱਖਿਆ। ਇਥੋਂ ਸੇਵਾ ਕਰਕੇ ਆਪ ਆਪਣੇ ਨਗਰ ਨੂੰ ਆ ਗਏ।

ਸੀਸ ਦੇਣ ਲਈ ਤਿਆਰ ਹੋਣਾ

੨੮ ਮਾਘ ਸੰ: ੧੯੭੭ ਬਿ: ਨੂੰ ਖਰੇ ਸੌਦੇ ਏਕਮ ਦਾ ਮੇਲਾ ਸੀ। ਭਾਈ ਟਹਿਲ ਸਿੰਘ, ਭਾਈ ਲਛਮਣ ਸਿੰਘ, ਭਾਈ ਦਲੀਪ ਸਿੰਘ ਅਤੇ ਭਾਈ ਮੂਲ

*੨੪ ਦਸੰਬਰ ਸੰ: ੧੯੩੨ ਈ: ਨੂੰ ਪੂਰੇ ਹੋ ਚੁਕੇ ਹਨ।

ਸਿੰਘ "ਬੋਲਾ" ਆਦਿਕ ਇਲਾਕੇ ਦੇ ਮੁਖੀ ਸੌ ਕੁ ਸਿੰਘ ਲੈਕੇ ਗਏ ਹੋਏ ਸਨ। ਏਧਰੋਂ ਭਾਈ ਕਰਤਾਰ ਸਿੰਘ ਜੀ ਝੱਬਰ ਨੇ ਆਪਣੇ ਇਲਾਕੇ ਦੇ ਸਭ ਵਿਰਕੈਤ ਇਕੱਠੇ ਕੀਤੇ ਹੋਏ ਸਨ। ਇਸ ਦੀਵਾਨ ਵਿਚ ਸ਼੍ਰੋ: ਕਮੇਟੀ ਦੇ ੨੨, ੨੩ ਤੇ ੨੪ ਫਗਣ ਨੂੰ ਸ੍ਰੀ ਨਨਕਾਣੇ ਸਾਹਿਬ ਵਿਚ ਰਖੇ ਗਏ ਦੀਵਾਨ ਦੇ ਲੰਗਰ ਵਾਸਤੇ ਪ੍ਰਬੰਧ ਕਰਨਾ ਸੀ। ਝੱਬਰ ਜੀ ਨੇ ਸਟੇਜ ਤੇ ਖੜੇ ਕੇ ਲੰਗਰ ਲਈ ਅਪੀਲ ਕੀਤੀ ਜਿਸ ਤੇ ਇਕ ਸਿੰਘ ਨੇ ੫), ਦੂਜੇ ਨੇ ੧੦) ਅਤੇ ਤੀਜੇ ਨੇ ੧੫) ਅਰਦਾਸ ਕਰਾਏ, ਜਿਸ ਤੇ ਝੱਬਰ ਜੀ ਨੇ ਸੰਗਤ ਵਿਚ ਉਤਸ਼ਾਹ ਵਧੌਣ ਲਈ ਇਨ੍ਹਾਂ ਨੂੰ ਵਡਿਆਇਆ ਕਿ ਪਹਿਲਾ ਨੰਬਰ, ਦੂਜਾ ਨੰਬਰ, ਤੀਜਾ ਨੰਬਰ, ਇਸ ਦੇ ਪਿਛੋਂ ਭਾਈ ਲਾਭ ਸਿੰਘ ਜੀ ਭਿੱਖੀ ਨੇ ਉਠ ਕੇ ਵਿਰਕਾਂ ਨੂੰ ਬੜਾ ਵਡਿਆਇਆ ਅਤੇ ਜੈਕਾਰੇ ਛਡਾਏ। ਜਿਸ ਤੇ ਭਾਈ ਟਹਿਲ ਸਿੰਘ ਜੀ ਜੋਸ਼ ਵਿਚ ਆ ਕੇ ਸਟੇਜ ਤੇ ਆ ਗਏ ਤੇ ਸੰਗਤ ਨੂੰ ਚੁਪ ਕਰਾ ਕੇ ਆਖਣ ਲਗੇ ਕਿ ਲੰਗਰ ਦੀਆਂ ਤਜਵੀਜ਼ਾਂ ਕਰਨ ਵਾਲੇ ਭੀ ਆਪੇ ਤੇ ਤਾਰੀਫ਼ਾਂ ਦੇ ਪੁਲ ਬੰਨ੍ਹਣ ਵਾਲੇ ਭੀ ਆਪੇ। "ਆਪੇ ਮੈਂ ਰਜੀ ਪੁਜੀ ਆਪੇ ਮੇਰੇ ਬੱਚੇ ਜੀਉਣ"। ਇਹ ਗਲ ਆਖਦਿਆਂ ਸਾਰ ੪੦) ਰੁਪਏ ਅਰਦਾਸ ਕਰਾ ਦਿਤੇ ਤੇ ਆਖਿਆ ਕਿ ਲਓ ਹੁਣ ਹੋਰ ਕੋਈ ਵਧ ਕੇ ਦਿਓ; ਜਿਸ ਤੇ ਝੱਬਰ ਜੀ ਨੇ ਕਿਹਾ ਕਿ ਦੂਜਾ ਨੰਬਰ ਹੋਰ ਕੋਈ ਨਿਤਰੇ, ਤਾਂ ਸੰਗਤ ਵਿਚੋਂ ਆਵਾਜ਼ ਆਈ ਕਿ ਨਹੀਂ ਇਨ੍ਹਾਂ ਦਾ ਪਹਿਲਾ ਨੰਬਰ ਕਰੋ।

ਇਸ ਦੇ ਪਿਛੋਂ ਮਹੰਤ ਨਰੈਣ ਦਾਸ ਦੀਆਂ ਧਰਮ ਵਿਰੁਧ ਕਾਰਵਾਈਆਂ ਦੀ ਚਰਚਾ ਛਿੜ ਪਈ ਅਤੇ ਸੰਗਤਾਂ ਨੂੰ ਉਭਾਰਨ ਲਈ ਬੜੀਆਂ ਜੋਸ਼ੀਲੀਆਂ ਤਕਰੀਰਾਂ ਹੋਈਆਂ, ਜਿਸ ਤੇ ਫੇਰ ਭਾਈ ਟਹਿਲ ਸਿੰਘ ਜੀ ਸਟੇਜ ਤੇ ਜਾ ਗਜੇ ਕਿ ਖ਼ਾਲਸਾ ਜੀ ਜੇ ਮਹੰਤ ਦੇ ਅਜਿਹੇ ਉਪੱਦਰ ਅਤੇ ਦਿਲ ਕੰਬਾ ਦੇਣ ਵਾਲੇ ਹਾਲ ਸੁਣ ਕੇ ਭੀ ਸਾਨੂੰ ਰੋਹ ਨਹੀਂ ਚੜ੍ਹਦਾ ਤਦ ਮਾਨੋ ਅਸੀਂ ਮਰ ਚੁਕੇ ਹਾਂ! ਮੈਨੂੰ ਸਾਧ ਸੰਗਤ ਹੁਕਮ ਦੇਵੇ ਤਾਂ ਮੈਂ ਭਾਈ ਮਹਿਤਾਬ ਸਿੰਘ ਜੀ ਦੇ ਮਸੇ ਰੰਘੜ ਦਾ ਸਿਰ ਵਢਣ ਵਾਂਗ ਮਹੰਤ ਦਾ ਸਿਰ ਵਢ ਕੇ ਇਥੇ ਲਿਆ ਹਾਜ਼ਰ ਕਰਦਾ ਹਾਂ। ਆਪ ਦੀਆਂ ਅੱਖਾਂ ਵਿਚ ਜੋਸ਼ ਵਿਚ ਆਕੇ ਖੂੰਨ ਉਤ੍ਰਿਆ ਹੋਇਆ ਸੀ ਅਤੇ ਡੌਲ੍ਹੇ ਫ਼ਰਕ ਰਹੇ ਸਨ। ਤਦ ਸੰਗਤ ਵਿਚੋਂ ਉਸੇ ਵੇਲੇ ਆਵਾਜ਼

ਆਈ ਕਿ ਇਸ ਤਰ੍ਹਾਂ ਅਸੀਂ ਬੇਕਾਬੂ ਹੋ ਕੇ ਆਪਣਾ ਅਸੂਲ ਤਿਆਗ ਕੇ ਕਿਸੇ ਨੂੰ ਨਹੀਂ ਮਾਰਨਾ, ਨਾਲੇ ਇਹ ਸਮਾਂ ਸਿਰ ਲੈਣ ਦਾ ਨਹੀਂ, ਸਿਰ ਦੇਣ ਦਾ ਹੈ, ਕਿਉਂਕਿ ਪੰਥ ਦਾ ਹੁਕਮ ਸ਼ਾਂਤਮਈ ਰਹਿਣ ਦਾ ਹੈ।

ਜਦ ਭਾਈ ਕਰਤਾਰ ਸਿੰਘ ਜੀ ਝੱਬਰ ਸਟੇਜ ਤੇ ਆਏ ਅਤੇ ਆਖਣ ਲਗੇ ਕਿ ਜੋ ਕੁਝ ਸਾਧ ਸੰਗਤ ਆਖਦੀ ਹੈ,ਇਹ ਗਲ ਠੀਕ ਹੈ,ਕਿ ਸਿਰ ਦਿਤਿਆਂ ਬਿਨਾਂ ਗੁਰਦੁਆਰੇ ਕਦੇ ਆਜ਼ਾਦ ਨਹੀਂ ਹੋਣੇ। ਲਓ! ਜਿਨ੍ਹਾਂ ਅੰਦਰ ਕੁਰਬਾਨੀ ਦਾ ਚੱਾ ਹੈ, ਉਹ ਪੰਜ ਸਿੰਘ ਸਿਰ ਦੇਣ ਲਈ ਨਾਮ ਲਿਖਾਉਣ, ਜੋ ਸ਼ਾਂਤਮਈ ਰਹਿ ਕੇ ਸ੍ਰੀ ਨਨਕਾਣੇ ਸਾਹਿਬ ਅੰਦਰ ਆਪਣੇ ਸੀਸ ਕੁਰਬਾਨ ਕਰ ਦੇਣ। ਤਦ ਭਾਈ ਟਹਿਲ ਸਿੰਘ ਜੀ ਨੇ ਕਿਹਾ ਕਿ ਲਓ ਸਭ ਤੋਂ ਪਹਿਲਾਂ ਮੇਰਾ ਨਾਮ ਲਿਖੋ। ਜਦ ਅੰਮ੍ਰਿਤ ਛਕਣ ਸਮੇਂ ਸਿਰ ਗੁਰਾਂ ਨੂੰ ਦੇ ਚੁਕੇ ਹਾਂ, ਤਾਂ ਅਜ ਇਸ ਦੇ ਭੇਟਾ ਕਰਨ ਵਿਚ ਸਾਨੂੰ ਕੀ ਦਰੇਗ਼ ਹੋ ਸਕਦਾ ਹੈ ? ਪਰ ਇਹ ਗਲ ਖਾਸ ਯਾਦ ਰਖੋ ਕਿ ਮੇਰੀ ਜਗ੍ਹਾ ਕਿਸੇ ਹੋਰਸ ਨੂੰ ਨ ਭੇਜ ਦੇਣਾ, ਤਦ ਝੱਬਰ ਜੀ ਨੇ ਕਿਹਾ ਕਿ ਬਹੁਤ ਅੱਛਾ! ਦੀਵਾਨ ਦੀ ਸਮਾਪਤੀ ਤੇ ਸਭ ਸਜਣ ਆਪੋ ਆਪਣੇ ਇਲਾਕਿਆਂ ਦਾ ਜ਼ਿਮਾ ਚੁਕ ਕੇ ਘਰੋ-ਘਰੀ ਚਲੇ ਗਏ।

ਸ੍ਰੀ ਤਰਨ ਤਾਰਨ ਦੇ ਮੋਰਚੇ ਤੇ ਜਾਣਾ

ਇਸ ਦੀਵਾਨ ਤੋਂ ਆਪਣੇ ਨਗਰ ਆ ਕੇ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਆਪ ਜਥੇਬੰਦੀ ਦਾ ਚੰਗਾ ਪ੍ਰਚਾਰ ਕਰਦੇ ਰਹੇ। ਮਰੜ੍ਹੀਂ ਅਤੇ ਆਪ ਦੇ ਨਗਰ ਜੋ ਕਮੇਟੀਆਂ ਹੁੰਦੀਆਂ ਰਹੀਆਂ, ਉਨ੍ਹਾਂ ਵਿਚ ਬੜੇ ਉਤਸ਼ਾਹ ਨਾਲ ਹਿੱਸਾ ਲੈਂਦੇ ਰਹੇ ਤੇ ਆਪਣੇ ਸਜਣਾਂ ਮਿਤ੍ਰਾਂ ਨੂੰ ਭੀ ਬੜਾ ਜ਼ੋਰ ਦਿੰਦੇ ਰਹੇ। ਗੁਰਦੁਆਰਿਆਂ ਨੂੰ ਪੰਥਕ ਪ੍ਰਬੰਧ ਵਿਚ ਲਿਆਉਣ ਲਈ ਆਪ ਦੇ ਦਿਲ ਵਿਚ ਅਮਿਟ ਲਗਨ ਲਗੀ ਰਹਿੰਦੀ ਸੀ। ਜਦੋਂ ਕਿਤੇ ਸ੍ਰੀ ਅੰਮ੍ਰਿਤਸਰ ਸ਼੍ਰੋ: ਕਮੇਟੀ ਦੀ ਮੀਟਿੰਗ ਹੋਣੀ, ਯਾ ਹੋਰਸ ਕਿਸੇ ਦੀਵਾਨ ਦਾ ਇਸ਼ਤਿਹਾਰ ਨਿਕਲਣਾ ਤਾਂ ਸੌ ਕੰਮ ਛਡ ਕੇ ਭੀ ਉਥੇ ਪੁਜਣਾ। ਇਸੇ ਤਰ੍ਹਾਂ ਆਪ ਸ੍ਰੀ ਅੰਮ੍ਰਿਤਸਰ ਜੀ ਗਏ ਹੋਏ ਸਨ ਕਿ ੨੫ ਜਨਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਸੰਤ ਸਿੰਘ ਅਸ਼ਟਾਮ ਫ਼ਰੋਸ਼, ਤਰਨਤਾਰਨੀ ਦੀ ਸਿੰਘਣੀ ਨੇ ਹਾਜ਼ਰ ਹੋਕੇ ਫ਼ਰਿਆਦ ਕੀਤੀ ਕਿ ਤਰਨਤਾਰਨ ਦੇ

ਪੁਜਾਰੀਆਂ ਨੇ ਮੇਰਾ ਲੜਕਾ ਸ੍ਰੋਵਰ ਵਿਚ ਡੋਬ ਕੇ ਮਾਰ ਦਿਤਾ ਹੈ। ਮੇਰੀ ਅਤੇ ਮੇਰੀ ਲੜਕੀ ਦੀ ਮਖੌਲ ਕਰਕੇ ਇੱਜ਼ਤ ਲਾਹੀ ਹੈ। ਗੁਰੂ ਪੰਥ ਬਗਾਨਿਆਂ ਦੀਆਂ ਨੂੰਹਾਂ ਧੀਆਂ ਦੀ ਇਜ਼ਤ ਬਚਾਉਣ ਲਈ ਸਿਰ ਹਥੇਲੀ ਤੇ ਰਖਕੇ ਜਾਇਆ ਕਰਦਾ ਸੀ, ਕੀ ਉਹ ਪੰਥ ਅਜ ਆਪਣੇ ਘਰ ਵਿਚ ਆਪਣਿਆਂ ਦੇ ਹਥੀਂ ਹੋ ਰਹੀ ਬੇਪਤੀ ਨੂੰ ਰੋਕਣ ਦੇ ਸਮਰਥ ਨਹੀਂ ਰਿਹਾ ਹੈ ? ਝਟ ਫ਼ੈਸਲਾ ਹੋ ਗਿਆ ਕਿ ਸਵੇਰੇ ਸ੍ਰੀ ਤਰਨਤਾਰਨ ਸਾਹਿਬ ੮ ਵਜੇ ਸਿੰਘ ਪੁਜ ਜਾਣ ਤੇ ਪੁਜਾਰੀਆਂ ਨੂੰ ਅਜਿਹੇ ਕੁਕਰਮਾਂ ਤੋਂ ਹੋੜਿਆ ਜਾਵੇ। ੪੦ ਸਿੰਘਾਂ ਦਾ ਜਥਾ ੨੬ ਜਨਵਰੀ ਸੰ: ੧੯੨੧ ਈ: ਨੂੰ ੮ ਵਜੇ ਸ੍ਰੀ ਤਰਨਤਾਰਨ ਸਾਹਿਬ ਪੁਜ ਗਿਆ। ਸਾਰਾ ਦਿਨ ਸਮਝੌਤੇ ਦੀਆਂ ਗਲਾਂ ਬਾਤਾਂ ਹੁੰਦੀਆਂ ਰਹੀਆਂ। ਸ਼ਾਮ ਨੂੰ ਪੁਜਾਰੀਆਂ ਨੇ ਵਸਾਹ ਘਾਤ ਕਰਕੇ ਸਿੰਘਾਂ ਤੇ ਕੁਹਾੜੀਆਂ,ਤੇ ਛਵ੍ਹੀਆਂ ਨਾਲ ਵਾਰ ਕਰਨੇ ਸ਼ੁਰੂ ਕਰ ਦਿਤੇ ਅਤੇ ਕੋਠਿਆਂ ਤੋਂ ਇਟਾਂ ਵਟਿਆਂ ਦਾ ਮੀਂਹ ਵਰ੍ਹੌਣਾ ਸ਼ੁਰੂ ਕਰ ਦਿਤਾ। ਇਸ ਸਮੇਂ ਆਪ ਦੇ ਮੱਥੇ ਤੇ ਇਟ ਦੀ ਕਾਰੀ ਸਟ ਲਗੀ,ਪਰ ਆਪ ਨੇ ਇਸ ਨੂੰ ਬੜੀ ਸ਼ਾਂਤੀ ਤੇ ਧੀਰਜ ਨਾਲ ਆਪਣੇ ਕੁਦਰਤੀ ਸੁਭਾਂ ਦੇ ਉਲਟ ਜਰਿਆ ਅਤੇ ਹੁੰਦੇ ਤਾਣ ਨਿਤਾਣੇ ਹੋ ਕੇ ਕਿਸੇ ਵਿਰੋਧੀ ਉਤੇ ਹੱਥ ਨ ਚੁਕਿਆ। ਕਈ ਦਿਨਾਂ ਦੀ ਪੱਟੀ ਪਿੱਛੋਂ ਆਪ ਦਾ ਜ਼ਖ਼ਮ ਰਾਜ਼ੀ ਹੋ ਗਿਆ।

ਸ਼ਹੀਦੀ ਲਈ ਤਿਆਰੇ

੮ ਫੱਗਣ ਵਾਲੇ ਦਿਨ ਆਪ ਨੇ ਭਾਈ ਦਿਆਲ ਸਿੰਘ ਤੇ ਭਾਈ ਗੰਡਾ ਸਿੰਘ ਚੇਲੇ ਵਾਲੇ ਨੂੰ ਨਾਲ ਲਿਆ। ਪਿੰਡ ਦੇਵਾ ਸਿੰਘ ਵਾਲਾ,ਚੇਲੇ ਵਾਲਾ, ਡਲਾ ਚੰਦਾ ਸਿੰਘ ਵਾਲਾ, ਬਹੋੜੂ ਅਤੇ ਥੇਥੀਆਂ ਆਦਿ ਪਿੰਡਾਂ ਵਿਚ ਫਿਰ ਕੇ ਬੜੀ ਹਿੰਮਤ ਅਤੇ ਉਤਸ਼ਾਹ ਨਾਲ ਸਿੰਘਾਂ ਦੇ ਸ਼ਹੀਦੀ ਜਥੇ ਲਈ ਨਾਮ ਲਿਖਣੇ ਸ਼ੁਰੂ ਕਰ ਦਿਤੇ। ਜਦੋਂ ਨਾਮ ਲਿਖਣ ਲਗਣਾ ਤਾਂ ਆਪ ਨੇ ਨਿਸ਼ੰਗ ਹੋ ਕੇ ਨਿਰਣਾ ਕਰਕੇ ਆਖ ਦੇਣਾ ਕਿ ਪਤਾ ਨਹੀਂ ਕਦੋਂ ਪੰਥ ਦਾ ਹੁਕਮ ਆ ਜਾਵੇ, ਜਿਨ੍ਹਾਂ ਨੇ ਗੁਰਦੁਆਰਿਆਂ ਦੇ ਸੁਧਾਰ ਖ਼ਾਤਰ ਸਿਰ ਦੇਣੇ ਹੋਣ, ਉਹ ਨਾਮ ਲਿਖਾਉਣ,ਬਾਕੀ ਵਾਧੂ ਕਿਸੇ ਸਜਣ ਦੀ ਇਸ ਵੇਲੇ ਸਾਨੂੰ ਲੋੜ ਨਹੀਂ ਹੈ।

੯ ਫੱਗਣ ਸ਼ਾਮ ਤਕ ਇਹੋ ਕੰਮ ਕਰਦੇ ਰਹੇ। ਇਸ ਸਮੇਂ ਵਿਚ ਆਪਣੇ

ਸਾਥੀਆਂ ਨਾਲ ਬੜੀ ਲਗਨ ਨਾਲ ਇਹੋ ਗੱਲਾਂ ਕਰਦੇ ਰਹੇ ਕਿ ਭਾਈ ਜੀ ਮੈਂ ਦੇਸੀਂ ਪ੍ਰਦੇਸੀਂ ਫਿਰਿਆ ਹਾਂ, ਉਥੇ ਦੇ ਅਨਮਤੀ ਲੋਕ ਆਪਣੇ ਆਪਣੇ ਮਜ਼ਹਬ ਦਾ ਬੜਾ ਸੋਹਣਾ ਪ੍ਰਚਾਰ ਕਰਦੇ ਹਨ। ਪੜ੍ਹਿਆਂ ਲਿਖਿਆਂ ਵਿਚ ਸੁੰਦਰ ਛਪੀਆਂ ਹੋਈਆਂ ਮਜ਼ਹਬੀ ਪੁਸਤਕਾਂ ਮੁਫ਼ਤ ਵੰਡਦੇ ਹਨ। ਗੁਰੂ ਆਸਰੇ ਜਦ ਸਾਡੇ ਗੁਰਦੁਆਰੇ ਭੀ ਪੰਥਕ ਪ੍ਰਬੰਧ ਥਲੇ ਆ ਜਾਣਗੇ, ਤਾਂ ਉਨ੍ਹਾਂ ਵਾਂਗ ਅਸੀਂ ਭੀ ਗੁਰਬਾਣੀ ਅਤੇ ਸਿਖ ਇਤਿਹਾਸ ਦਾ ਬਦੇਸ਼ੀ ਬੋਲੀਆਂ ਵਿਚ ਪ੍ਰਚਾਰ ਕਰਾਂਗੇ। ਸਿਖ ਇਤਿਹਾਸ ਦੀ ਖੋਜ ਅਤੇ ਧਾਰਮਕ ਵਿਦਿਆ ਦਾ ਪੱਕਾ ਬੰਦੋਬਸਤ ਕਰਾਂਗੇ, ਪਰ ਇਹ ਤਦੇ ਹੀ ਹੋਵੇਗਾ ਜੇਕਰ ਅਸੀਂ ਖਿੜੇ-ਮੱਥੇ ਕੁਰਬਾਨੀਆਂ ਦਿਆਂਗੇ, ਕਿਉਂਕਿ ਗੁਰਧਾਮ ਸਿਰ ਦਿਤਿਆਂ ਬਿਨਾਂ ਪੰਥਕ ਕਬਜ਼ੇ ਵਿਚ ਨਹੀਂ ਆਉਣੇ।

੯ ਫੱਗਣ ਵਾਲੇ ਦਿਨ—ਜਿਸ ਵੇਲੇ ਕਿ ਭਾ: ਲਛਮਣ ਸਿੰਘ ਜੀ ਨੇ ਧਾਰੋਵਾਲੀਓਂ ਜਥਾ ਲੈ ਕੇ ਆਉਣਾ ਸੀ—ਤਾਂ ਆਪ ਦੇ ਦਿਲ ਵਿਚ ਸ਼ਹੀਦੀ ਲਈ ਚਾਂ ਚੜ੍ਹੇ ਹੋਏ ਸਨ। ਅਗਲ-ਵਾਂਡੀ ਹੀ ਪਿੰਡੋਂ ਬਾਹਰ ਜਥੇ ਦੀ ਉਡੀਕ ਵਿਚ ਜਾ ਖੜੋਤੇ। ਆਏ ਭਰਾਵਾਂ ਨੂੰ ਜੀ ਆਇਆਂ ਆਖਿਆ ਅਤੇ ਬੜੇ ਅਦਬ ਅਤੇ ਸਤਿਕਾਰ ਨਾਲ ਜਥੇ ਨੂੰ ਗੁਰਦੁਆਰੇ ਲੈ ਆਂਦਾ। ਅਗੇ ਗੁਰਦੁਆਰੇ ਵਿਚ ਬੜੀ ਰੌਣਕ ਅਤੇ ਗਹਿਮਾ-ਗਹਿਮ ਸੀ। ਗੁਰੂ ਕਾ ਲੰਗਰ ਅਤੁੱਟ ਵਰਤ ਰਿਹਾ ਸੀ। ਇਸ ਨਗਰ ਦੇ ਸਿੰਘ ਖੀਵੇ ਹੋ ਹੋ ਕੇ ਬਾਹਰੋਂ ਆਈਆਂ ਸੰਗਤਾਂ ਦੀ ਬੜੇ ਉਤਸ਼ਾਹ ਨਾਲ ਸੇਵਾ ਕਰਦੇ ਸਨ।

ਆਪ ਦੇ ਪਿੰਡੋਂ ਵੀਹ ਸਿੰਘ ਜਥੇ ਨਾਲ ਤਿਆਰ ਹੋ ਕੇ ਤੁਰ ਪਏ, ਜਿਨ੍ਹਾਂ ਵਿਚੋਂ ਪੰਦਰਾਂ ਸਿੰਘ ਤਾਂ ਗੁਰੂ ਕੀ ਹਜ਼ੂਰੀ ਵਿਚ ਸ਼ਹੀਦੀਆਂ ਪ੍ਰਾਪਤ ਕਰ ਗਏ ਅਤੇ ਭਾਈ ਇਛਰ ਸਿੰਘ, ਭਾਈ ਝੰਡਾ ਸਿੰਘ ਪੁਤਰ ਭਾਈ ਟਾਮ ਸਿੰਘ, ਭਾਈ ਝੰਡਾ ਸਿੰਘ ਪੁਤਰ ਭਾ: ਮਾਹਣਾ ਸਿੰਘ, ਭਾ: ਕੇਸਰ ਸਿੰਘ ਅਤੇ ਭਾਈ ਤੇਜਾ ਸਿੰਘ ਪੰਜੇ ਗੁਰਦੁਆਰੇ ਵਿਚੋਂ ਬਾਹਰ ਰਹਿ ਗਏ। ਜਦ ਜਥੇ ਨੇ ਭੱਜ ਕੇ ਅੰਦਰ ਵੜ ਕੇ ਦਰਸ਼ਨੀ ਡਿਉੜੀ ਦਾ ਵੱਡਾ ਬੂਹਾ ਮਾਰ ਲਿਆ, ਤਦ ਉਸ ਸਮੇਂ ਇਹ ਜ਼ਰਾ ਪਿਛੇ ਆਉਂਦੇ ਸਨ। ਇਨ੍ਹਾਂ ਆਵਾਜ਼ ਦਿਤੀ ਕਿ ਸਾਨੂੰ ਭੀ ਆ ਲੈਣ ਦਿਓ, ਫੇਰ ਬੂਹਾ ਮਾਰਿਆ ਜੇ! ਪਰ ਜਥੇ ਨੇ ਇਨ੍ਹਾਂ ਦੀ ਇਸ ਗਲ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਦਰਵਾਜ਼ਾ ਬੰਦ ਕਰਕੇ ਅੰਦਰੋਂ ਕੁੰਡਾ ਮਾਰ ਲਿਆ।

ਜਿਸ ਵੇਲੇ ਜੱਥਾ ਅੰਦਰ ਜਾ ਵੜਿਆ ਤਾਂ ਉਸ ਸਮੇਂ ਜੋ ਤਾਲ ਕੰਢੇ ਸੁਲਫੇ ਦੇ ਮਾਰੇ ਹੋਏ ਨਾਂਗੇ ਸਾਧ ਬੈਠੇ ਸਨ। ਉਹ ਧੂਣੀਆਂ ਵਿਚੋਂ ਬਲਦੇ ਚਵਾੜ ਲੈ ਕੇ ਇਨ੍ਹਾਂ ਪੰਜਾਂ ਨੂੰ ਮਾਰਨ ਆ ਪਏ। ਇਨ੍ਹਾਂ ਪੰਜਾਂ ਨੇ ਸਰਾਂ ਵਲ ਨੂੰ ਮੁਹਾਰਾਂ ਮੋੜੀਆਂ। ਅਗੋਂ ਸਰਾਂ ਦੀ ਡਿਉੜੀ ਵਿਚੋਂ ਇੱਟਾਂ ਵੱਜੀਆਂ। ਇਥੋਂ ਬਾਹਰ ਨਿਕਲ ਇਹ ਵਾਪਸ ਆਪਣੇ ਪਿੰਡੀਂ ਚਲੇ ਗਏ।

ਜਿਸ ਦਿਨ ਦੇਵਾ ਸਿੰਘ ਵਾਲਿਓਂ ਜਥਾ ਤੁਰਨ ਲਗਦਾ ਹੈ, ਉਸ ਦਿਨ ਰਬ-ਸਬੱਬੀ ਇਸ ਪਿੰਡ ਦੇ ਭਾਈ ਸੁਰੈਣ ਸਿੰਘ ਤੇ ਭਾਈ ਟਹਿਲ ਸਿੰਘ ਹੁਰਾਂ ਦਾ ਭਰਾ ਭਾਈ ਬਾਜ਼ ਸਿੰਘ ਲਾਹੌਰੋਂ ਮਹੰਤ ਨਰੈਣ ਦਾਸ ਨੂੰ ਮਿਲ ਕੇ ਜਾਂਦੇ ਹਨ। ਇਨ੍ਹਾਂ ਦੋਹਾਂ ਨੇ ਪਿੰਡ ਦੇ ਚੌਂਕ ਵਿਚ ਖੜੇ ਕੇ ਦਸਿਆ ਕਿ ਅਸੀਂ ਕਲ ਮਹੰਤ ਨੂੰ ਲਾਹੌਰ ਮਿਲੇ ਸੀ। ਉਸ ਨੇ ਆਖਿਆ ਹੈ ਕਿ ਜੇਹੜੇ ਸਿੰਘ ਭੀ ਸ੍ਰੀ ਨਨਕਾਣੇ ਸਾਹਿਬ ਆਉਣਗੇ, ਮੈਂ ਉਨ੍ਹਾਂ ਵਿਚੋਂ ਇਕ ਭੀ ਜੀਉਂਦਾ ਘਰ ਨਹੀਂ ਜਾਣ ਦਿਆਂਗਾ। ਭਾਈ ਟਹਿਲ ਸਿੰਘ ਹੁਰੀਂ ਆਪਣੇ ਭਰਾ ਨੂੰ ਖੂੰਡਾ ਉਗਰ ਕੇ ਪਏ ਕਿ ਸਿੰਘਾਂ ਦੇ ਸਬੰਧੀਆਂ ਵਿਚ ਏਸ ਤਰ੍ਹਾਂ ਦੀ ਕਮਜ਼ੋਰੀ ਦੇ ਖ਼ਿਆਲਾਂ ਦਾ ਕਿਉਂ ਪ੍ਰਚਾਰ ਕਰਦੇ ਜੇ ? ਖ਼ਬਰਦਾਰ ਜਦ ਤਕ ਜੱਥਾ ਤੁਰ ਨਹੀਂ ਜਾਂਦਾ ਜੇ ਤੂੰ ਘਰੋਂ ਬਾਹਰ ਵੇਖ ਲਿਆ ਤਾਂ ਸਿਰ ਪਾੜ ਦਿਆਂਗਾ ! ਭਾਈ ਬਾਜ਼ ਸਿੰਘ ਆਪਣੇ ਘਰ ਜਾ ਕੇ ਜਿਉਂ ਸੁਤੇ ਅਗਲੇ ਦਿਨ ਸਾਕੇ ਦੀ ਖ਼ਬਰ ਸੁਣ ਕੇ ਹੀ ਘਰੋਂ ਬਾਹਰ ਨਿਕਲੇ।

ਜਿਨ੍ਹਾਂ ਸਿੰਘਾਂ ਨੇ ਸ਼ਹੀਦੀ ਜਥੇ ਲਈ ਨਾਮ ਲਿਖਾਏ ਹੋਏ ਸਨ ਉਨ੍ਹਾਂ ਦੇ ਦਿਲਾਂ ਵਿਚ ਸ਼ਹੀਦੀ ਲਾੜੀ ਨੂੰ ਵਰਨ ਦੇ ਚਾ ਚੜ੍ਹੇ ਹੋਏ ਸਨ। ਸਿੰਘ ਅਜਿਹੇ ਬਚਨ ਸੁਣਦੇ ਸਨ ਤੇ ਮਾਨੋ ਚਿਹਰਿਆਂ ਤੇ ਲਾਲੀਆਂ ਚੜ੍ਹਦੀਆਂ ਜਾਂਦੀਆਂ ਸਨ। ਠੀਕ ਰਾਤ ਦੇ ਦਸ ਵਜੇ ਸ਼ਹੀਦੀ ਜਥੇ ਨੇ ਚਾਲੇ ਪਾਏ। ਭਾਈ ਈਸ਼ਰ ਸਿੰਘ ਬਹੋੜੂ ਵਾਲੇ ਮਹਾਰਾਜ ਦੀ ਤਾਬਿਆ ਬੈਠੇ ਸਨ, ਜਦ ਵਾਕ ਲਿਆ ਤਾਂ ਉਹੋ ਪਵਿਤ੍ਰ ਵਾਕ ਆਇਆ ਜੋ ਭਾਈ ਲਛਮਣ ਸਿੰਘ ਹੁਰਾਂ ਧਾਰੋਵਾਲੀ ਲਿਆ ਸੀ "ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ..............."। ਇਸ ਦੇ ਪਿਛੋਂ ਭਾ: ਲਛਮਣ ਸਿੰਘ ਜੀ ਨੇ ਬੜਾ ਕ਼ਾਵ-ਪੂਰਤ ਅਰਦਾਸਾ ਸੋਧਿਆ ਕਿ "ਹੇ ਸੱਚੇ ਪਾਤਸ਼ਾਹ ! ਮਹੰਤ ਨਰੈਣ ਦਾਸ ਆਪ ਦੇ ਗੁਰਦੁਆਰਾ ਜਨਮ ਅਸਥਾਨ ਅੰਦਰ ਬੜੇ ਪਾਪ ਕਰ ਰਿਹਾ ਹੈ। ਹੇ ਦਾਤਾ ! ਤੁਸੀਂ ਮੇਹਰ ਕਰੋ ਤੇ ਉਨ੍ਹਾਂ ਕੁਕਰਮਾਂ ਦੇ

ਦੂਰ ਕਰਨ ਲਈ ਸਾਡੇ ਅੰਦਰ ਪਵਿਤ੍ਰ ਸ਼ਹੀਦੀ ਦਾ ਬਲ ਬਖ਼ਸ਼ੋ ਕਿ ਸਾਡੇ ਸ੍ਰੀਰਾਂ ਤੇ ਕਿੱਡੀ ਵਡੀ ਤੋਂ ਵਡੀ ਸਖ਼ਤੀ ਹੋਵੇ ਅਸੀਂ ਹਥ ਨ ਚੁਕੀਏ। ਭਾਵੇਂ ਤੇਰੇ ਹੁਕਮ ਅੰਦਰ ਸਾਡੇ ਸਭ ਦੇ ਇਸ ਪ੍ਰਣ ਨੂੰ ਨਿਭਾਉਂਦਿਆਂ ਸੀਸ ਭੀ ਕਿਉਂ ਨ ਲਗ ਜਾਣ। ਖਿੜੇ ਮਥੇ ਤੇਰਾ ਭਾਣਾ ਮਿਠਾ ਕਰਕੇ ਮੰਨੀਏ। ਹੇ ਦੀਨਾ ਬੰਧੂ ਇਨ੍ਹਾਂ ਕਸ਼ਟਾਂ ਨੂੰ ਸਹਾਰਨ ਦੀ ਜਰਨ-ਸ਼ਕਤੀ ਅਤੇ ਸਹਿਨ-ਸੀਲਤਾ ਬਖ਼ਸ਼ਣੀ।" ਇਸ ਦੇ ਪਿਛੋਂ ਦਸ ਵਜੇ ਦੇ ਕਰੀਬ ਜੱਥਾ ਜੈਕਾਰੇ ਗਜਾਕੇ ਤੁਰ ਪਿਆ। ਨਗਰ ਨਿਵਾਸੀ ਸ਼ਬਦ ਪੜ੍ਹਦਿਆਂ ਪਿੰਡ ਦੀ ਜੂਹ ਦੇ ਬਾਹਰ ਤਕ ਜਥੇ ਨੂੰ ਤੋਰਨ ਗਏ।

ਜਦ ਜਥਾ ਰੇਲ ਦੇ ਫਾਟਕ ਪਾਸ ਪੁਜ ਕੇ ਚਾਲੇ ਪਾਣ ਲਗਾ ਤਦ ਸਭ ਨੇ ਸੋਚ ਕੇ ਬੀ: ਇੰਦਰ ਕੌਰ ਜੀ ਸੁਪਤਨੀ ਭਾ: ਲਛਮਣ ਸਿੰਘ ਜੀ ਧਾਰੋਵਾਲੀ, ਅਤੇ ਬੀਬੀ ਰਣਜੀਤ ਕੌਰ ਜੀ ਅਧਿਆਪਕਾ ਕੰਨਿਆ ਪਾਠਸ਼ਾਲਾ ਧਾਰੋਵਾਲੀ ਨੂੰ ਭਾਈ ਹਾਕਮ ਸਿੰਘ ਜੀ ਧਾਰੋਵਾਲੀ ਨਾਲ ਗੁਰਦੁਆਰਾ ਤੰਬੂ ਸਾਹਿਬ ਨੂੰ ਘਲ ਦਿਤਾ ਕਿ ਮਤਾਂ ਉਥੇ ਦੁਸ਼ਟ ਇਨ੍ਹਾਂ ਉਤੇ ਭੀ ਹਥ ਚੁਕਣ। ਜਦ ਬੀਬੀ ਇੰਦਰ ਕੌਰ ਹੁਰੀਂ ਤੰਬੂ ਸਾਹਿਬ ਨੂੰ ਚਲੇ ਤਾਂ ਭਾ: ਟਹਿਲ ਸਿਘ ਜੀ ਨੇ ਆਪਣਾ ਕੰਬਲ ਇਨ੍ਹਾਂ ਦੀ ਘੋੜੀ ਉਤੇ ਸੁਟ ਦਿਤਾ ਅਤੇ ਆਪਣੀ ਜੇਬ ਵਿਚੋਂ ਕਢ ਕੇ ਇਕ ੧੦) ਰੁਪਏ ਦਾ ਨੋਟ ਤੇ ੯) ਰੁਪਏ ਨਕਦ ਦਿਤੇ। ਬੀਬੀ ਜੀ ਨੇ ਆਖਿਆ ਕਿ ਭਰਾ ਜੀ ਆਪਣੇ ਪਾਸ ਹੀ ਰਖੋ। ਤਦ ਇਨ੍ਹਾਂ ਨੇ ਹਸ ਕੇ ਉਤ੍ਰ ਦਿਤਾ—"ਕੋਲ ਕੀ ਰਖਣੇ ਹਨ, ਤੁਹਾਡੇ ਵਰਗੀਆਂ ਭੈਣਾਂ ਸ਼ਹੀਦੀ ਪਿਛੋਂ ਸਾਡਾ ਅਖੰਡ ਪਾਠ ਕਰਾ ਦੇਣਗੀਆਂ।" ਏਨੀਆਂ ਗਲਾਂ ਕਰਕੇ ਜਦ ਜਥੇ ਨੇ ਦੌੜ ਲਾਉਣੀ ਸ਼ੁਰੂ ਕੀਤੀ ਤਾਂ ਆਪ ਭੀ ਜਥੇ ਨਾਲ ਦੌੜ ਪਏ। ਰੇਲਵੇ ਫਾਟਕ ਤੋਂ ਅਗੇ ਆਏ ਤਾਂ ਚੌਧਰੀ ਪਾਲ ਸਿੰਘ ਜੀ ਲਾਇਲਪੁਰੀ ਨੇ ਭਾਈ ਲਛਮਣ ਸਿੰਘ ਜੀ ਦੇ ਲੱਕ ਨੂੰ ਆ ਕੇ ਜੱਫਾ ਪਾ ਲਿਆ ਕਿ ਪੰਥ ਦਾ ਹੁਕਮ ਅਜ ਕਬਜ਼ਾ ਕਰਨ ਦਾ ਨਹੀਂ। ਭਾਈ ਲਛਮਣ ਸਿੰਘ ਜੀ ਉਸ ਨੂੰ ਕਿੰਨੀ ਦੂਰ ਤਕ ਨਾਲ ਧੂਹੀ ਗਏ ਅਤੇ ਜਥੇ ਦੇ ਸਿੰਘ ਕੁਝ ਠੱਟੰਬਰਨ ਹੀ ਲਗੇ ਸਨ ਕਿ ਭਾ: ਟਹਿਲ ਸਿੰਘ ਜੀ ਨੇ ਦਬਕਾ ਮਾਰਿਆ ਕਿ ਇਹ ਸਿੰਘਾਂ ਦਾ ਧਰਮ ਨਹੀਂ ਹੈ, ਅਰਦਾਸਾ ਸੋਧ ਕੇ ਪਰਣ ਕਰਕੇ ਸ਼ਹੀਦੀਆਂ ਦੇਣ ਆਏ ਜੇ ? ਹੁਣ ਚਲੋ ਸਿਧੇ ਹੋ ਕੇ ਸੀਸ ਦਿਓ। ਜਥੇ ਨੇ ਸ਼ੂਟ ਵਟੀ ਤੇ ਜਨਮ ਅਸਥਾਨ ਦੇ ਅੰਦਰ ਜਾ ਦਾਖ਼ਲ ਹੋਇਆ।

ਥੋੜੇ ਸਮੇਂ ਪਿਛੋਂ ਜ਼ਾਲਮ ਮਹੰਤ ਦੇ ਚਾਟੜਿਆਂ ਨੇ ਗੋਲੀਆਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿਤਾ ਕੋਠਿਆਂ ਤੋਂ ਜ਼ਖ਼ਮੀਆਂ ਤੇ ਇੱਟਾਂ ਵਟਿਆਂ ਦੀ ਫੰਡ ਚਾਹੜੀ ਗਈ। ਕੌਮੀ ਸ਼ਹੀਦਾਂ ਨੇ ਮਰਦੇ ਮੈਦਾਨ ਬਾਰਾਂਦਰੀ ਵਿਚੋਂ ਬਾਹਰ ਨਿਕਲ ਕੇ ਛਾਤੀਆਂ ਡਾਹ ਕੇ ਗੋਲੀਆਂ ਖਾਧੀਆਂ ਅਤੇ ਅਪਣੇ ਪਵਿਤ੍ਰ ਸ਼ਹੀਦੀ ਖ਼ੂੰਨ ਨਾਲ ਗੁਰਦੁਆਰੇ ਵਿਚੋਂ ਕੁਰੀਤੀਆਂ ਦੀ ਮਲੀਨਤਾ ਨੂੰ ਧੋ ਦਿਤਾ ਤੇ ਆਪਣੇ ਸਿਖੀ ਅਸੂਲਾਂ ਵਲੋਂ ਮੂੰਹ ਨ ਮੋੜਿਆ। ਛਵ੍ਹੀਆਂ ਨਾਲ ਟੋਟੇ ਟੋਟੇ ਹੁੰਦਿਆਂ ਭੀ ਆਪਣੇ ਪ੍ਰਣ ਨੂੰ ਕੇਸਾਂ ਸਵਾਸਾਂ ਨਾਲ ਨਿਭਾ ਦਿਤਾ। ਇਨ੍ਹਾਂ ਮਹਾਂ ਪੁਰਸ਼ਾਂ ਦੀ ਜਰਨ-ਸ਼ਕਤੀ ਤੇ ਸਹਿਨਸੀਲਤਾ ਕੌਮ ਵਿਚ ਸਦਾ ਦ੍ਰਿੜ੍ਹਤਾ, ਸੂਰਬੀਰਤਾ ਅਤੇ ਸ਼ਹੀਦੀ ਰੂਹ ਨੂੰ ਤਾਜ਼ਾ ਰਖੇਗੀ। ਆਉਣ ਵਾਲੀਆਂ ਨਸਲਾਂ ਵਿਚ ਸਦਾ ਜ਼ਿੰਦਗੀ ਪੈਦਾ ਕਰਦੀ ਰਹੇਗੀ। ਦੁਨੀਆਂ ਉਤੇ ਕੌਮੀ ਬਾਗ਼ ਹਮੇਸ਼ਾਂ ਸ਼ਹੀਦੀ ਖ਼ੂੰਨ ਨਾਲ ਹੀ ਪਲਦੇ ਤੇ ਪ੍ਰਫੁਲਤ ਹੁੰਦੇ ਹਨ। ਜੇ ਇਸ ਪੰਥਕ ਫੁਲਵਾੜੀ ਨੂੰ ਸ਼ਹੀਦਾਂ ਦੇ ਖ਼ੂਨ ਦਾ ਪਾਣੀ ਨ ਮਿਲੇ ਤਾਂ ਕੌਮੀ ਕਿਆਰੀਆਂ ਸੁਕ ਸੜ ਜਾਇਆ ਕਰਦੀਆਂ ਹਨ।

ਆਪ ਇਸ ਸਮੇਂ ਦਖਣੀ ਡਿਉੜ੍ਹੀ ਅੰਦਰ ਸਨ। ਕਾਤਲਾਂ ਨੇ ਬਾਹਰੋਂ ਧਕ ਕੇ ਦਰਵਾਜ਼ੇ ਦੀ ਚੂਥੀ ਪੁਟ ਦਿਤੀ ਅਤੇ ਆਪ ਨੇ ਬੇਧੱੜਾ ਜ਼ੋਰ ਲਾ ਕੇ ਉਸ ਚੂਥੀ ਨੂੰ ਚਾੜ੍ਹ ਦਿਤਾ। ਆਪਨੇ ਜਨਮ ਅਸਥਾਨ ਵਲ ਡਿਉੜ੍ਹੀ ਵਿਚੋਂ ਬਾਹਰ ਮੂੰਹ ਕਢਿਆ ਹੀ ਸੀ ਕਿ ਦਰਸ਼ਨੀ ਡਿਉੜ੍ਹੀ ਦੇ ਝਰੋਖੇ ਤੋਂ ਖਲੋਤੇ ਇਕ ਕਾਤਲ ਨੇ ਮਥੇ ਵਿਚ ਗੋਲੀ ਮਾਰ ਦਿਤੀ, ਆਪ ਉਥੇ ਹੀ "ਅਕਾਲ! ਅਕਾਲ!!" ਕਰਦੇ ਸਚ-ਖੰਡ ਨੂੰ ਪਧਾਰ ਗਏ।

ਭਾਈ ਸੁਰੈਣ ਸਿੰਘ ਜੀ

ਆਪ ਦਾ ਜਨਮ ੨੦ ਚੇਤ ਸੰ: ੧੯੫੫ ਬਿ: ਨੂੰ ਭਾਈ ਮਿਤ ਸਿੰਘ ਦੇ ਘਰ ਮਾਤਾ ਚੰਦ ਕੌਰ ਦੀ ਕੁਖੋਂ ਹੋਇਆ। ਛੇ ਕੁ ਸਾਲ ਦੇ ਸਕੂਲੇ ਪੜ੍ਹਣੇ ਪਾ ਦਿਤੇ, ਪ੍ਰੈਮਰੀ ਪਾਸ ਕਰ ਲਈ। ਇਸ ਦੇ ਪਿਛੋਂ ਗੁਰਦੁਆਰੇ ਵਿਚੋਂ ਹੀ ਗੁਰਮੁਖੀ ਪੜ੍ਹ ਕੇ ਅੰਮ੍ਰਿਤ ਛਕ ਲਿਆ। ਨਿਕੇ ਹੁੰਦਿਆਂ ਹੀ ਆਪ ਦੇ ਖ਼ਿਆਲਾਂ

ਦਾ ਵਧੇਰੇ ਝੁਕਾ ਧਾਰਮਕ ਪਾਸੇ ਵਲ ਸੀ, ਸ਼ਬਦ ਚੌਂਕੀ ਦੇ ਬੜੇ ਪ੍ਰੇਮੀ ਸਨ। ਏਹੋ ਕਾਰਨ ਸੀ ਕਿ ਸ਼ੁਰੂ ਸ਼ੁਰੂ ਵਿਚ ਆਪ ਦੀ ਵਧੇਰੇ ਸੰਗਤ ਨਾਮਧਾਰੀ ਸਿੰਘਾਂ ਨਾਲ ਰਹੀ। ਪਿੰਡ ਦੇ ਵਿਵਾਹ ਗੁਰਮਤ ਅਨੁਸਾਰ ਕਰਾਉਣ ਵਿਚ ਬੜੇ ਉਤਸ਼ਾਹ ਨਾਲ ਪ੍ਰੇਰਨਾ ਕਰਿਆ ਕਰਨੀ। ਲੋਕਾਂ ਨਾਲ ਮਿਲਨਸਾਰੀ ਤੇ ਭਾਈਚਾਰੇ ਨਾਲ ਵਰਤੋਂ ਵਿਹਾਰ ਵਾਹਵਾ ਸੋਹਣਾ ਸੀ। ਜਵਾਨ ਹੋਏ ਤਾਂ ਭਾਈ ਨਿਹਾਲ ਸਿੰਘ ਦੀ ਸਪੁਤ੍ਰੀ ਬੀਬੀ ਗੁੱਤੋ ਨਾਲ ਗੁਰਮਤ ਅਨੁਸਾਰ ਰਸੂਲ ਪੁਰ ਅਨੰਦ ਕਾਰਜ ਹੋ ਗਿਆ। ਸ਼ਹੀਦੀ ਜਥੇ ਨਾਲ ਤੁਰਨ ਸਮੇਂ ਇਕ ਬੀਬੀ ਢਾਈਆਂ ਸਾਲਾਂ ਦੀ ਸੀ।

ਅਕਾਲੀ ਲਹਿਰ ਚਲੀ ਤਾਂ ਅਕਾਲੀ ਬਾਣਾ ਧਾਰਨ ਕਰ ਲਿਆ ਅਤੇ ਤਨੋਂ, ਮਨੋਂ, ਤੇ ਧਨੋਂ ਹੋ ਕੇ ਸੇਵਾ ਵਿਚ ਜੁਟ ਪਏ। ਮਾਰਸ਼ਲਾ-ਲਾ ਦੇ ਜ਼ੁਲਮਾਂ ਨੇ ਆਪ ਦੇ ਦਿਲ ਵਿਚ ਮੁਲਕੀ ਆਜ਼ਾਦੀ ਅਤੇ ਧਾਰਮਕ ਕੰਮਾਂ ਲਈ ਬੜਾ ਜੋਸ਼ ਭਰਿਆ ਹੋਇਆ ਸੀ। ਘਰੋਗੀ ਕੰਮਾਂ ਕਾਜਾਂ ਤੇ ਘਰ ਦੀ ਨੰਬਰਦਾਰੀ ਵਲੋਂ ਭੀ ਤਬੀਅਤ ਉਚਾਟ ਹੀ ਰਿਹਾ ਕਰੇ। ਇਲਾਕੇ ਵਿਚ ਫਿਰ ਤੁਰ ਕੇ ਏਕਤਾ ਅਤੇ ਜਥੇਬੰਦੀ ਦਾ ਪ੍ਰਚਾਰ ਕਰਦੇ ਰਹਿੰਦੇ ਸਨ। ਜਦ ਭਾਈ ਲਛਮਣ ਸਿੰਘ ਹੁਰਾਂ ਧਾਰੋਵਾਲੀ ਪੋਲੀਟੀਕਲ ਦੀਵਾਨ ਕੀਤਾ ਤਾਂ ਉਸ ਲਈ ਨਗਰ ਵਿਚੋਂ ਅੰਨ ਦਾਣਾ ਇਕੱਠਾ ਕਰਕੇ ਲੈ ਗਏ ਅਤੇ ਬਹੁਤ ਸਾਰੇ ਸਜਣਾਂ ਨੂੰ ਉਤਸ਼ਾਹ ਦੇ ਕੇ ਲੰਗਰ ਦੀ ਸੇਵਾ ਲਈ ਜੱਥਾ ਬਣਾ ਕੇ ਭੇਜਿਆ।

ਉਥੋਂ ਦੇ ਗਰਮਾ ਗਰਮ ਵਿਖਿਆਨਾਂ ਨੇ ਆਪ ਦੇ ਦਿਲ ਨੂੰ ਗੁਰਦੁਆਰਾ ਸੁਧਾਰ ਲਹਿਰ ਵਿਚ ਸ਼ਾਮਲ ਹੋਣ ਲਈ ਹੋਰ ਭੀ ਪੱਕਿਆਂ ਕਰ ਦਿਤਾ। ਗੁਰਦੁਆਰਾ ਰਕਾਬ ਗੰਜ ਦਿੱਲੀ ਲਈ ਸੌ ਸਿੰਘਾਂ ਲਈ ਸ਼ਹੀਦੀ ਦੀ ਅਪੀਲ ਸਮੇਂ ਆਪ ਨੇ ਭੀ ਆਪਣਾ ਨਾਮ ਦਿਤਾ ਹੋਇਆ ਸੀ। ਗੁਰਦੁਆਰਾ ਖਰਾ ਸੌਦੇ ਚੂਹੜਕਾਣਾ ਦੇ ਕਬਜ਼ੇ ਸਮੇਂ ਭੀ ਸਿੰਘਾਂ ਨਾਲ ਜਾਕੇ ਗੁਰੂ ਕੇ ਲੰਗਰ ਵਿਚ ਪ੍ਰਸ਼ਾਦੇ ਪਕਾਉਣੇ, ਗੁਰਦੁਆਰੇ ਦੀਆਂ ਗਊਆਂ ਮਝਾਂ ਦਾ ਦੁੱਧ ਚੋ ਕੇ ਰਿੜਕਿਆ ਕਰਨਾ। ਜਦ ਆਪ ਨੂੰ ਸਿੰਘਾਂ ਨੇ ਇਸ ਤਰ੍ਹਾਂ ਡਾਹਢੀ ਲਗਨ ਨਾਲ ਨਿਸ਼ਕਾਮ ਸੇਵਾ ਕਰਦਿਆਂ ਤਕਣਾ, ਤਾਂ ਸੁਤੇ-ਸਿਧ ਹੀ ਉਨ੍ਹਾਂ ਦੇ ਮੂੰਹੋਂ ਨਿਕਲ ਜਾਇਆ ਕਰਨਾ ਕਿ ਧੰਨ ਸਿਖੀ ਅਤੇ ਧੰਨ ਇਸ ਸਿੰਘ ਦਾ ਪ੍ਰੇਮ ਹੈ। ੧੯

ਫ਼ਰਵਰੀ ਵਾਲੇ ਦਿਨ ਜਥਾ ਤਿਆਰ ਹੋਇਆ ਤਾਂ ਆਪ ਭੀ ਇਸ ਵਿਚ ਸ਼ਾਮਲ ਹੋਣ ਲਈ ਤਿਆਰ ਹੋ ਪਏ; ਪਰ ਪ੍ਰਵਾਰ ਸਾਰਾ ਇਸ ਗਲ ਤੋਂ ਮਨ੍ਹਾ ਕਰਦਾ ਸੀ। ਆਪ ਨੇ ਉਨ੍ਹਾਂ ਨੂੰ ਸਾਫ਼ ਉੱਤਰ ਦਿਤਾ ਕਿ ਸੂਰਮੇ ਦਾ ਇਕ ਵੇਰ ਹੀ ਜੰਮਣਾ ਹੁੰਦਾ ਹੈ। ਅਜ ਤਕ ਲੋਕਾਂ ਨੂੰ ਪ੍ਰਚਾਰ ਕਰਦਾ ਰਿਹਾ ਹਾਂ ਕਿ ਸਿਰ ਦਿਤਿਆਂ ਬਿਨਾਂ ਸਾਡੇ ਗੁਰਾਂ ਦੇ ਗੁਰਦੁਆਰੇ ਮਹੰਤਾਂ ਦੇ ਪਾਪਾਂ ਤੋਂ ਪਵਿਤ੍ਰ ਨਹੀਂ ਹੋ ਸਕਦੇ ਅਤੇ ਹੁਣ ਸਮਾਂ ਆਉਣ ਤੇ ਗੁਰਾਂ ਤੋਂ ਬੇਮੁਖ ਹੋ ਜਾਵਾਂ ? ਮਰਦ ਨੂੰ ਇਹ ਗਲ ਸੋਭਦੀ ਨਹੀਂ ਹੈ ਅਤੇ ਇਹ ਸਿਖ ਦਾ ਧਰਮ ਨਹੀਂ ਹੈ ਕਿ ਜ਼ਬਾਨ ਕਰਕੇ ਪਿਛੇ ਹਟੇ। ਇਹ ਗਲਾਂ ਕਰਦੇ ਸਤਿ ਸ੍ਰੀ ਅਕਾਲ ਬੁਲਾਕੇ ਜਥੇ ਨਾਲ ਤੁਰ ਪਏ।

ਜਦ ਸ਼ਹੀਦੀ ਜੱਥਾ ਨਹਿਰ ਦੇ ਮੋਲਨ ਵਾਲੇ ਪੁਲ ਤੇ ਪੁੱਜਾ, ਤਾਂ ਉਥੇ ਕੁਝ ਚਿਰ ਭਾਈ ਕਰਤਾਰ ਸਿੰਘ ਜੀ ਝੱਬਰ ਦੇ ਜਥੇ ਦੀ ਉਡੀਕ ਕਰਨ ਲਗੇ ਤਾਂ ਆਪ ਨੇ ਅਤੇ ਭਾਈ ਕੇਸਰ ਸਿੰਘ ਜੀ ਨੇ ਵੰਗਾਰਕੇ ਤਾਹਨਾ ਮਾਰਿਆ ਕਿ ਅਸੀਂ ਝੱਬਰ ਦੇ ਜੱਥੇ ਆਸਰੇ ਸ਼ਹੀਦ ਹੋਣ ਨਹੀਂ ਆਏ ਹਾਂ। ਆਪ ਨੇ ਬੜੀ ਦਲੇਰੀ ਅਤੇ ਸੂਰਮਗਤੀ ਨਾਲ ਵ੍ਰਦੀਆਂ ਗੋਲੀਆਂ ਤੇ ਵਜਦੀਆਂ ਛਵ੍ਹੀਆਂ ਵਿਚ ਆਪਣੀ ਜਾਨ ਕੁਰਬਾਨ ਕਰਕੇ ਸਚੀ ਸ਼ਹੀਦੀ ਦੀ ਦਾਤ ਪ੍ਰਾਪਤ ਕਰਕੇ ਆਪਣਾ ਅਤੇ ਆਪਣੇ ਨਗਰ ਦਾ ਨਾਮ ਉਜਲਾ ਕੀਤਾ*।

ਭਾਈ ਬੱਗਾ ਸਿੰਘ ਜੀ

ਆਪ ਦਾ ਜਨਮ ਅੱਸੂ ਦੇ ਮਹੀਨੇ ਸੰ: ੧੯੫੦ ਬਿਕ੍ਰਮੀ ਵਿਚ ਭਾਈ ਰੰਗਾ ਸਿੰਘ ਦੇ ਘਰ ਮਾਤਾ ਮਾਲਾਂ ਦੀ ਕੁਖੋਂ ਪਿੰਡ ਦੇਵਾ ਸਿੰਘ ਵਾਲਾ, ਚਕ ਨੰ: ੩੮ ਜ਼ਿਲਾ ਸ਼ੇਖ਼ੂਪੁਰਾ ਵਿਚ ਹੋਇਆ। ਆਪ ਪੰਜ ਭੈਣ ਭਰਾ ਸਨ। ੧. ਬੀਬੀ ਨਰੈਣੀ,੨. ਭਾ: ਭਗਤ ਸਿੰਘ, ੩. ਭਾ: ਬੱਗਾ ਸਿੰਘ, ੪. ਗੁਜਰ ਸਿੰਘ, ੫. ਭਾ: ਨਰਾਇਣ ਸਿੰਘ। ਆਪਦਾ ਰੰਗ ਗੋਰਾ, ਕਦਲੰਮਾ,ਸਰੀਰ ਨਰੋਆ ਤਾਕਤਵਰ ਸੀ।

* ਕਮੇਟੀ ਨੇ ਆਪ ਦਾ ੪੧੦) ਕਰਜ਼ਾ ਉਤਾਰਿਆ ਅਤੇ ਮਾਤਾ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸ ਦਾ ਜੋੜ ੧੯-੫-੨੧ ਤੋਂ ੨੯-੨-੨੪ ਤਕ ੩੯੫) ਰੁਪਏ ਬਣਦਾ ਹੈ। ਇਸੇ ਤਾਰੀਖ਼ ਨੂੰ ਮਾਤਾ ਜੀ ਦੇ ਪੂਰੇ ਹੋ ਜਾਣ ਤੇ ਪਿੰਨਸ਼ਨ ਬੰਦ ਹੋ ਗਈ।

ਦੋ ਮਣ ਦੇ ਬੁਗਦਰ ਦਾ ਬਾਲਾ ਕਢ ਦਿਆ ਕਰਦੇ ਸਨ। ਆਪਦੇ ਕੇਸ ਖਾਸ ਕਰਕੇ ਬਹੁਤ ਭਾਰੇ ਸਨ। ਵੇਖਣ ਵਾਲੇ ਅਸਚਰਜ ਰਹਿ ਜਾਇਆ ਕਰਦੇ ਸਨ। ਪਿੰਡੋਂ ਗੁਰਦੁਆਰੇ ਦੇ ਗ੍ਰੰਥੀ ਭਾ: ਨਰਾਇਣ ਸਿੰਘ ਜੀ ਪਾਸੋਂ ਗੁਰਮੁਖੀ ਪੜ੍ਹ ਗਏ ਅਤੇ ਵਾਜਾ ਜੋੜੀ ਵਜਾਉਣਾ ਭੀ ਸਿਖ ਲਿਆ। ਪਿੰਡੋਂ ਹੀ ੧੮ ਸਾਲ ਦੀ ਉਮਰ ਵਿਚ ਅੰਮ੍ਰਿਤ ਛਕ ਲਿਆ। ਆਪ ਦੇ ਨਗਰ ਵਿਚ ਆਪ ਦੀ ਜਥੇਦਾਰੀ ਥਲੇ ਇਕ ਸ਼ਬਦੀ ਜਥਾ ਬਣਿਆ ਹੋਇਆ ਸੀ। ਗੁਰਦੁਆਰੇ ਦੀਵਾਨ ਲਾ ਕੇ ਮਿੱਠਾ ਕੀਰਤਨ ਕਰਕੇ ਭਾਵ-ਪੂਰਤ ਗੁਰੂ ਘਰ ਤੇ ਗੁਰਬਾਣੀ ਦੀ ਵਿਆਖਿਆ ਕਰਿਆ ਕਰਦੇ ਸਨ। ਜਿਸ ਦਿਨ ਦੇ ਸ਼ਹੀਦ ਹੋ ਗਏ ਹਨ, ਮੁੜ ਕਦੇ ਗੁਰਦੁਆਰੇ ਵਿਚ ਉਹੋ ਜਿਹਾ ਸ਼ਾਨਦਾਰ ਦੀਵਾਨ ਨਹੀਂ ਲਗਾ ਹੈ। ਮਾਨੋਂ ਉਹ ਰੌਣਕਾਂ ਆਪ ਦੇ ਨਾਲ ਹੀ ਚਲੀਆਂ ਗਈਆਂ ਹਨ।

ਆਪਣੇ ਸ਼ਬਦੀ ਜਥੇ ਦੇ ਮੈਂਬਰ ਭਾਈ ਕੇਸਰ ਸਿੰਘ ਲੁਹਾਰ ਨਾਲ ਆਪ ਦੀ ਬੜੀ ਪ੍ਰੀਤੀ ਸੀ। ਜਦ ਭਾਈ ਹੁਰਾਂ ਸ਼ਹੀਦੀ ਦੀ ਖ਼ਬਰ ਸੁਣੀ ਤਾਂ ਵਿਛੋੜੇ ਦੇ ਵੈਰਾਗ ਵਿਚ ਬੌਰਾਨੇ ਹੋਏ ਫਿਰਦੇ ਰਹੇ ਅਤੇ ਅੱਠ ਦਿਨ ਪ੍ਰਸ਼ਾਦ ਨ ਛਕਿਆ।

ਆਪ ਦਾ ਵੱਡਾ ਭਰਾ ਭਾਈ ਭਗਤ ਸਿੰਘ ਚੂਹੇ ਝਾੜ, ਭਾਈ ਅਤਰ ਸਿੰਘ ਦੀ ਸਪੁਤ੍ਰੀ ਬੀਬੀ ਰਾਜ ਕੌਰ ਨਾਲ ਵਿਆਹਿਆ ਹੋਇਆ ਸੀ। ਰੱਬ ਦੀ ਰਜ਼ਾ ਅੰਦਰ ਆਪ ਦਾ ਭਰਾਤਾ ਚੜ੍ਹਾਈ ਕਰ ਗਿਆ ਅਤੇ ਇਸ ਬੀਬੀ ਤੇ ਚਾਦਰ ਪਾਕੇ ਆਪ ਦੇ ਘਰ ਬਿਠਾ ਦਿਤਾ ਗਿਆ। ਉਸਦੀ ਕੁਖੋਂ ਪੰਜ ਬਚੇ ਪੈਦਾ ਹੋਏ:—੧. ਭਾਈ ਹਜ਼ਾਰਾ ਸਿੰਘ, ੨. ਬੀਬੀ ਨਿਹਾਲ ਕੌਰ, ੩. ਬੀਬੀ ਪਾਰ ਕੌਰ, ੪. ਭਾਈ ਲਖਾ ਸਿੰਘ ਅਤੇ ਸ਼ਹੀਦੀ ਦੇ ਚਾਰ ਮਹੀਨੇ ਪਿਛੋਂ ਬੀ: ਗੁਰੋ ਦਾ ਜਨਮ ਹੋਇਆ।

ਆਪ ਦਾ ਸੁਭੱਾ ਖ਼ੁਸ਼-ਰਹਿਣਾ ਸੀ ਤੇ ਹਰ ਇਕ ਦੇ ਮਿਲਤ਼ੀ ਬਣ ਕੇ ਪ੍ਰਸੰਨ ਹੋਣਾ। ਘਰ ਆਏ ਪਰਾਹੁਣਿਆਂ ਨੂੰ ਵੇਖ ਕੇ ਖ਼ੁਸ਼ ਹੋਣਾ ਅਤੇ ਬੜੀ ਚਾਹ ਤੇ ਪਿਆਰ ਨਾਲ ਮਿਲਣਾ। ਆਪਣੇ ਵਾਹੀ ਦੇ ਕੰਮ ਨੂੰ ਬੜੀ ਮੇਹਨਤ ਨਾਲ ਕਰਨਾ ਤੇ ਉਸ ਕ੍ਰਿਤ ਵਿਚੋਂ ਧਰਮ ਲੇਖੇ ਪਾ ਮਣੀ ਕੱਢ ਕੇ ਗੁਰੂ ਕੇ ਲੰਗਰ ਵਿਚ ਆਟਾ ਪੀਹ ਕੇ ਪਾ ਦੇਣਾ, ਗੁਰਬਾਣੀ ਪੜ੍ਹਣ ਦਾ ਬੜਾ ਪ੍ਰੇਮ ਸੀ। ਪਰਉਪਕਾਰ ਤੇ ਧਾਰਮਕ ਕੰਮਾਂ ਵਿਚ ਪੁਜ ਕੇ ਹਿਸਾ ਲੈਣਾ ਆਪ ਦੀ ਆਦਤ ਬਣ ਚੁਕੀ ਸੀ। ਧਾਰੋਵਾਲੀ ਦੀਵਾਨ ਤੇ ਜੁਸ਼ੀਲੇ ਲੈਕਚਰ ਸੁਣ ਕੇ ਦਿਲ ਵਿਚ ਜੋਸ਼ ਭਰਿਆ

ਗਿਆ ਤੇ ਆਪ ਅਕਾਲੀ ਵਿਚ ਭਰਤੀ ਹੋ ਗਏ। ਅੱਠੇ ਪਹਿਰ ਆਪਣੇ ਜਥੇ ਰਾਹੀਂ ਇਹੋ ਪ੍ਰਚਾਰ ਕਰਦੇ ਰਹਿਣਾ ਕਿ ਅਸੀਂ ਜਦ ਤਕ ਗੁਰਦੁਆਰੇ ਤੇ ਮੁਲਕ ਆਜ਼ਾਦ ਨਾ ਕਰਵਾ ਲਈਏ, ਸਾਨੂੰ ਖਾਣਾ, ਪੀਣਾ ਅਤੇ ਸੌਣਾ ਹਰਾਮ ਸਮਝਣਾ ਚਾਹੀਦਾ ਹੈ।

ਸ਼ਹੀਦੀ ਲਈ ਤਿਆਰੀ

ਜਦ ਭਾਈ ਲਛਮਣ ਸਿੰਘ ਹੁਰਾਂ ਅਕਾਲੀ ਦਲ ਦੀ ਭਰਤੀ ਸ਼ੁਰੂ ਕੀਤੀ ਤਾਂ ਆਪ ਨੇ ਵਧ ਚੜ੍ਹਕੇ ਉਨ੍ਹਾਂ ਦੀ ਇਸ ਨੇਕ ਕੰਮ ਵਿਚ ਸਹਾਇਤਾ ਕੀਤੀ। ੯ ਫੱਗਣ ਵਾਲੇ ਦਿਨ ਜਥੇ ਨਾਲ ਤਿਆਰ ਹੋ ਪਏ, ਤਾਂ ਪਿਤਾ ਨੇ ਰੋਕਿਆ ਕਿ ਤੇਰੇ ਛੋਟੇ ਭਰਾ ਦਾ ਵਿਆਹ ਹੈ, ਇਹ ਕੰਮ ਪਹਿਲਾਂ ਸਾਰ ਲਓ ਤੇ ਫੇਰ ਵੇਹਲੇ ਹੋ ਕੇ ਸ਼ਹੀਦੀ ਜਥਿਆਂ ਦਾ ਕੰਮ ਕਰਦੇ ਫਿਰਨਾ। ਆਪ ਨੇ ਉੱਤਰ ਦਿਤਾ ਕਿ "ਐਸਾ ਸਮਾਂ ਮੁੜ ਫੇਰ ਨਾ ਮਿਲੇਗਾ। ਬਾਪੂ ਜੀ ! ਮੈਂ ਤਾਂ ਇਕੱਲਾ ਸ਼ਹੀਦੀ ਲਈ ਚਲਿਆਂ ਹਾਂ, ਤੁਸੀਂ ਐਨੇ ਜੀਅ ਘਰ ਦੇ ਜੇ, ਤੁਹਾਥੋਂ ਵਿਆਹ ਹੋਣੋਂ ਅੜ ਰਹੇਗਾ ?" ਇਨ੍ਹਾਂ ਦੇ ਪਿਛੋਂ ਨਿਕੇ ਭਰਾ ਨੇ ਆਪਣੇ ਮੋਹ ਪਿਆਰ ਨਾਲ ਰੋਕਣ ਦੀ ਕੋਸ਼ਸ਼ ਕੀਤੀ ਤਾਂ ਉਸ ਨੂੰ ਬੜੇ ਪਿਆਰ ਨਾਲ ਸਮਝਾਉਣ ਲਗੇ ਕਿ ਵੀਰ ਜੀ, ਅਸੀਂ ਉਸ ਕਲਗੀਆਂ ਵਾਲੇ ਗੁਰੂ ਦੇ ਸਿਖ ਹਾਂ, ਜਿਨ੍ਹਾਂ ਨੇ ਧਾਡੀ ਖ਼ਾਤਰ ਆਪਣੇ ਚਾਰ ਪੁੱਤਰ ਕੁਰਬਾਨ ਕਰ ਦਿਤੇ ਹਨ। ਉਸ ਪਰਉਪਕਾਰੀ ਗੁਰੂ ਦੇ ਗੁਰਦੁਆਰਿਆਂ ਵਿਚ ਕੁਰੀਤੀਆਂ ਹੁੰਦੀਆਂ ਹੋਣ ਤੇ ਅਸੀਂ ਘੁਰਾੜੇ ਮਾਰ ਕੇ ਆਰਾਮ ਨਾਲ ਆਪਣੇ ਘਰਾਂ ਵਿਚ ਸੁਤੇ ਰਹੀਏ, ਇਹ ਕਿਧਰ ਦਾ ਧਰਮ ਹੋਇਆ ? ਇਸ ਤਰ੍ਹਾਂ ਸੁਸਤੀ ਕਰ ਕੇ ਅਸੀਂ ਕਿੱਦਾਂ ਗੁਰੂ ਦੇ ਸਿਖ ਅਖਵਾ ਸਕਦੇ ਹਾਂ ? ਇਹ ਗੱਲਾਂ ਹੋ ਹੀ ਰਹੀਆਂ ਸਨ, ਜੋ ਆਪ ਦੀ ਧਰਮ-ਪਤਨੀ ਆ ਗਈ ਤੇ ਆਖਣ ਲਗੀ, ਹੋਰ ਤਾਂ ਹੋਰ ਸਹੀ ਅਜ ਭਲਕ ਗਊ ਸੂਣ ਵਾਲੀ ਹੈ ਉਹ ਆਪ ਦੇ ਹੱਥ ਤੇ ਪਈ ਹੋਈ ਹੈ, ਆਪ ਤੋਂ ਬਿਨਾਂ ਉਸ ਨੇ ਵੱਛੀ ਵਛੇ ਨੂੰ ਨੇੜੇ ਨਹੀਂ ਆਉਣ ਦੇਣਾ, ਉਸ ਦਾ ਧੱਸਾ ਤੇ ਸਰਾਫ਼ ਕੌਣ ਝਲੇਗਾ ? ਤਾਂ ਆਪ ਨੇ ਉੱਤਰ ਦਿਤਾ ਕਿ ਮੈਂ ਐਸੇ ਕੰਮ ਜਾ ਰਿਹਾ ਹਾਂ, ਜੋ ਹਜ਼ਾਰਾਂ ਗਊਆਂ ਤੇ ਅਸਮੇਧ ਯੱਗਾਂ ਨਾਲੋਂ ਕਿਤੇ ਵਧੇਰੇ ਪਵਿੱਤ੍ਰ ਹੈ। ਤੁਸੀਂ ਕਿਸੇ ਗਲ ਦਾ ਫ਼ਿਕਰ ਨਾ ਕਰੋ, ਜਿਹੜਾ

ਅਕਾਲ ਪੁਰਖ ਤੁਹਾਡੇ ਸਾਰੇ ਪ੍ਰਵਾਰ ਦੀ ਰਖਿਆ ਕਰੇਗਾ, ਉਹ ਗਊ ਦੀ ਨਹੀਂ ਕਰੇਗਾ ? ਮੈਨੂੰ ਇਨ੍ਹਾਂ ਭਰਮਾਂ ਤੇ ਲਾਰਿਆਂ ਲਪਿਆਂ ਵਿਚ ਨਾ ਲਾਓ, ਹੁਣ ਸਤਿਗੁਰਾਂ ਦੇ ਹੁਕਮ ਅੰਦਰ ਸ਼ਹੀਦੀ ਦਲ ਤਿਆਰ ਹੋਇਆ ਹੈ, ਜਨਮ ਸਫ਼ਲਾ ਕਰਨ ਦਿਓ, ਬਿਨਾਂ ਭਾਗਾਂ ਇਹ ਸਮੇਂ ਕਦੇ ਹਥ ਨਹੀਂ ਆਇਆ ਕਰਦੇ ਹਨ। ਗੁਰਦੁਆਰੇ ਆ ਕੇ ਚਿੱਟੀ ਪੱਗ ਲਾਹ ਦਿਤੀ ਤੇ ਹੱਟੀਓਂ ਨਵੀਂ ਕਾਲੀ ਪੱਗ ਖ਼੍ਰੀਦ ਕੇ ਬੰਨ੍ਹ ਲਈ। ਸੁਤਿਆਂ ਪਿਆਂ ਬੱਚਿਆਂ ਨੂੰ ਉਠਾਲ ਕੇ ਪਿਆਰ ਦਿਤਾ ਤੇ ਮੂੰਹ ਸਿਰ ਚੁੰਮ ਕੇ ਆਖਣ ਲਗੇ ਕਿ ਲਓ ਬਚਿਓ ! ਹੁਣ ਕਲਗੀਆਂ ਵਾਲਾ ਪਿਤਾ ਤੁਹਾਡਾ ਆਪ ਰਾਖਾ ਹੈ ਤੇ ਅਸੀਂ ਉਸੇ ਦੀ ਰਜ਼ਾ ਅੰਦਰ ਗੁਰਚਰਨਾਂ ਵਿਚ ਸ਼ਹੀ-ਦੀਆਂ ਦੀ ਭੇਟਾ ਦੇਣ ਲਈ ਜਾ ਰਹੇ ਹਾਂ। ਸਤਿਗੁਰ ਮੇਹਰ ਕਰਨ ਤੇ ਇਹ ਘਾਲ ਥਾਂਏਂ ਪਵੇ। ਸਭ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਜਥੇ ਨਾਲ ਆ ਰਲੇ ਅਤੇ ਸ੍ਰੀ ਨਨਕਾਣੇ ਸਾਹਿਬ ਪੁਜ ਕੇ ਸ਼ਹੀਦੀ ਦੇਵੀ ਦੀ ਭੇਟਾ ਹੋ ਗਏ*।

ਭਾਈ ਹਰਨਾਮ ਸਿੰਘ ਜੀ

ਆਪ ਦਾ ਜਨਮ ੭ ਮਘਰ ਸੰ: ੧੯੫੮ ਬਿ: ਨੂੰ, ਭਾਈ ਈਸ਼ਰ ਸਿੰਘ ਦੇ ਘਰ, ਮਾਤਾ ਭਾਗੋ ਦੀ ਕੁਖੋਂ, ਸ਼ਾਹ ਵੇਲੇ, ਪਿੰਡ ਦੇਵਾ ਸਿੰਘ ਵਾਲੇ, ਜ਼ਿਲਾ ਸ਼ੇਖ਼ੂਪੁਰਾ ਵਿਚ ਹੋਇਆ। ਆਪ ਤਿੰਨ ਭਰਾ ਸਨ:-(੧) ਭਾਈ ਸੰਤਾ ਸਿੰਘ (੨) ਭਾਈ ਸ਼ੇਰ ਸਿੰਘ, (੩) ਭਾਈ ਹਰਨਾਮ ਸਿੰਘ ਜੀ।

ਕੱਦ ਸਮੱਧਰ, ਰੰਗ ਪੱਕਾ, ਤੇ ਸਰੀਰ ਚੰਗਾ ਤਾਕਤਵਰ ਸੀ। ਨਿਕੇ ਹੁੰਦੇ ਮਾਲ ਢਾਂਡਾ ਚਾਰਦੇ ਰਹੇ। ਵਡੇ ਹੋ ਕੇ ਚੰਗੀ ਘੂਕਰੀਂ ਵਾਹੀ ਕੀਤੀ। ਇਕੱਲਿਆਂ ਹੀ ਥੱਬਾ ਭਰ ਕੇ ਭਰੀ ਚੁਕ ਲੈਣੀ। ਢਾਈ ਮਣ ਪਕੇ ਦੇ ਬੁਗਦਰ ਦਾ ਬਾਲਾ ਕੱਢ ਦੇਣਾ, ਘੁਲਣ ਦਾ ਕੁਝ ਚਿਰ ਸ਼ੌਕ ਰਿਹਾ, ਪਰ ਗੁਰਦੁਆਰੇ ਵਿਚੋਂ ਅੰਮ੍ਰਿਤ ਛੱਕ ਲੈਣ ਪਿਛੋਂ ਕੇਸਾਂ ਦੀ ਕਦੀ ਬੇ-ਅਦਬੀ ਨਹੀਂ ਕਰਾਈ ਸੀ।

ਆਪ ਦਾ ਸੁਭੌਂ ਬੜਾ ਖੁਲਾਸਾ ਸੀ, ਆਪਣੇ ਹਾਣੀਆਂ ਨਾਲ ਬੜਾ ਪ੍ਰੇਮ

*ਕਮੇਟੀ ਨੇ ਆਪ ਦੀ ਸੁਪਤਨੀ ਬੀਬੀ ਰਾਜ ਕੌਰ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸਦਾ ਜੋੜ ੧੯-੫-੨੧ ਤੋਂ ੧੨-੧੧-੩੬ ਤਕ ੨੨੧੮) ਰੁਪਏ ਬਣਦਾ ਹੈ।

ਪਿਆਰ ਰਖਣਾ। ਸਜਣਾਂ ਮਿੱਤ੍ਰਾਂ ਨੂੰ ਖਿਲਾਉਣ ਪਿਲਾਉਣ ਦੇ ਹਰ ਵੇਲੇ ਬੜੇ ਚਾਹਵਾਨ ਰਹਿੰਦੇ ਸਨ। ਧਾਰੋਵਾਲੀ ਦੀਵਾਨ ਤੇ ਗਏ ਤੇ ਉਥੋਂ ਹੀ ਮਨ ਪਲਟਾ ਖਾ ਗਿਆ। ਗੁਰਦੁਆਰਾ ਖਰੇ ਸੌਦੇ ਦੇ ਕਬਜ਼ੇ ਸਮੇਂ ਉਥੇ ਗਏ,ਤੇ ਅਠ ਦਿਨ ਬੜੇ ਪ੍ਰੇਮ ਨਾਲ ਲੰਗਰ ਦੀ ਸੇਵਾ ਕਰਦੇ ਰਹੇ। ਆਪ ਨੂੰ ਅਜੇ ਨਿੱਕੀ ਨਿੱਕੀ ਦਾਹੜੀ ਉਤਰ ਹੀ ਰਹੀ ਸੀ ਕਿ ਨਵਾਂ ਪਿੰਡ ਜ਼ਿਲਾ ਅੰਮ੍ਰਿਤਸਰ ਵਿਚ, ੨੦ ਫੱਗਣ ਨੂੰ ਬੀਬੀ ਖੇਮੀ, ਸਪੁਤ੍ਰੀ ਭਾਈ ਵਸਾਖਾ ਸਿੰਘ ਨਾਲ ਸ਼ਾਦੀ ਹੋ ਗਈ।

ਜਥੇ ਨਾਲ ਤੁਰਨ ਤੋਂ ਪਹਿਲਾਂ ਦੋ ਦਿਨ ਮੁਕਲਾਵਾ ਆਂਦੇ ਨੂੰ ਹੋਏ ਸਨ। ਪਿੰਡ ਦੇ ਮੁੰਡੇ ਖੁੰਡੇ ਮਖੌਲ ਕਰਦੇ ਰਹੇ ਪਰ, ਆਪ ਕਹਿਣ ਲਗੇ ਕਿ ਇਸ ਸ਼ਹੀਦੀ ਪੁਰਬ ਤੋਂ ਖੁੰਝਣਾ ਗੀਦੀਆਂ ਦਾ ਕੰਮ ਹੈ। ਮਾਤਾ ਨੂੰ ਆਖਣ ਲਗੇ ਕਿ ੨) ਰੁਪਏ ਖ਼ਰਚ ਲਈ ਦਿਓ। ਉਸ ਨੇ ਬੜਾ ਜ਼ੋਰ ਲਾਇਆ ਕਿ ਕਿਵੇਂ ਨਾ ਕਿਵੇਂ ਇਹ ਰੁਕ ਜਾਵੇ। ਆਖਣ ਲਗੀ ਕਿ ਬੱਚਾ ਸੁਖ ਨਾਲ ਅਗੇ ਤੂੰ ਵੀਹ ਦਿਨ ਸੌਹਰਿਆਂ ਦੇ ਲਾ ਆਇਆ ਏਂ, ਪਿਛੋਂ ਵਾਹੀ ਜੋਤੀ ਦਾ ਕੰਮ ਕੌਣ ਕਰੇਗਾ ? ਵੇਲੇ ਸਿਰ ਜੇ ਕਣਕ ਪਣਿਆਈ ਨਾ ਗਈ ਤਾਂ ਉਸ ਵਿਚੋਂ ਕੀ ਨਿਕਲੇਗਾ ? ਇਨ੍ਹਾਂ ਲੋਕਾਂ ਮਗਰ ਲਗ ਕੇ ਅਸੀਂ ਝੁਗਾ ਚੌੜ ਕਰ ਲੈਣਾ ਹੈ; ਤਾਂ ਉਤਰ ਦਿਤਾ ਕਿ ਮਾਂ ਜੀ ਪਿਛੇ ਮੇਰੇ ਦੂਜੇ ਭਰਾ ਜੋ ਹਨ, ਤਿੰਨਾਂ ਵਿਚੋਂ ਇਕ ਨੇ ਭੀ ਭਲਾ ਸ਼ਹੀਦੀ ਲਈ ਨਾ ਜਾਣਾ ਹੋਇਆ ? ਜਥੇ ਵਿਚ ਕਈ ਦੋ ਦੋ ਸਕੇ ਭਰਾ ਗਏ ਹਨ। ਤੁਸੀਂ ਐਂਵੇਂ ਵਾਧੂ ਦਾ ਰੌਲਾ ਪਾਉਂਦੇ ਜੇ, ਧਰਮ ਦੀ ਕਾਰ ਔਖਿਆਂ ਹੋ ਕੇ ਹੀ ਹੁੰਦੀ ਹੈ। ਏਨੀਆਂ ਗਲਾਂ ਕਰਦੇ ਕਰਾਉਂਦੇ ਆਪ ਘਰੋਂ ਬਾਹਰ ਨਿਕਲ ਆਏ ਅਤੇ ਹੱਟੀਓਂ ਕਾਲੀ ਮਲਮਲ ਦੀ ਪੱਗ ਲੈ ਕੇ ਬੰਨ੍ਹ ਲਈ ਅਤੇ ਠੁਮਕ ਠੁਮਕ ਕਰਦੇ ਬੜੇ ਉਤਸ਼ਾਹ ਨਾਲ ਜਥੇ ਨਾਲ ਆ ਸ਼ਾਮਲ ਹੋਏ। ਅੰਤ ਦੀ ਬਾਕੀ ੨੦ ਫ਼ਰਵਰੀ ਸੰ: ੧੯੨੧ ਈ: ਨੂੰ ਗੁ: ਸ੍ਰੀ ਜਨਮ ਅਸਥਾਨ ਦੇ ਅੰਦਰ ਸੂਰਮਿਆਂ ਵਾਂਗ ਜਾਨ ਦੇ ਕੇ ਸ਼ਹੀਦੀ ਦੀ ਦਾਤ ਪ੍ਰਾਪਤ ਕਰਕੇ ਆਪਣਾ ਅਤੇ ਅਪਣੇ ਖ਼ਾਨ-ਦਾਨ ਦਾ ਨਾਮ ਇਤਿਹਾਸ ਵਿਚ ਚਮਕਾ ਗਏ।

ਭਾਈ ਦਲ ਸਿੰਘ ਜੀ

ਆਪ ਦਾ ਜਨਮ ੮ ਅਸੂ ਸੰ: ੧੯੪੨ ਬਿ: ਨੂੰ ਮਾਤਾ ਗੁਲਾਬੀ ਦੀ ਕੁਖੋਂ ਭਾਈ ਮੁਸੱਦਾ ਸਿੰਘ ਦੇ ਘਰ ਕੰਬੋਜ ਘਰਾਣੇ ਵਿਚ ਹੋਇਆ। ਆਪ ਅਠ ਭੈਣ ਭਰਾ ਸਨ:—੧. ਭਾਈ ਜਵਾਲਾ ਸਿੰਘ, ੨. ਬੀਬੀ ਜਵਾਲੀ, ੩. ਭਾਈ ਖ਼ੁਸ਼ਹਾਲ ਸਿੰਘ, ੪. ਭਾਈ ਪਾਲ ਸਿੰਘ, ੫. ਭਾਈ ਬੂੜ ਸਿੰਘ, ੬. ਭਾਈ ਲਾਲ ਸਿੰਘ, ੭. ਭਾਈ ਦਲ ਸਿੰਘ, ੮. ਭਾਈ ਮਲ ਸਿੰਘ।

ਆਪ ਦਾ ਰੰਗਗੋਰਾ, ਨਕਸ਼ ਤਿੱਖੇ, ਤੇ ਕੱਦ ਲੰਮਾ ਸੀ। ਚੰਗੇ ਕਪੜੇ ਪਹਿਨਣ ਦੇ ਬੜੇ ਸ਼ੌਕੀਨ ਸਨ। ਵਾਹੀ ਜੋਤੀ ਕਰਦਿਆਂ ਭੀ ਕੋਟ ਪਾਈ ਫਿਰਿਆ ਕਰਨਾ ਤੇ ਲੋਕਾਂ ਨੇ ਮਖੌਲ ਕਰਿਆ ਕਰਨਾ।

ਪਿੰਡੋਂ ਹੀ ਗੁਰਦੁਆਰੇ ਵਿਚੋਂ ਅੰਮ੍ਰਿਤ ਛੱਕ ਲਿਆ। ਆਪ ਅਨਪੜ੍ਹ ਸਨ, ਪਰ ਚੇਤਾ-ਸ਼ਕਤੀ ਬਹੁਤ ਵਧ ਕੇ ਸੀ। ਸ਼ਹੀਦੀ ਸਾਕੇ ਸੁਣਦਿਆਂ ਸੁਣਦਿਆਂ ਬਹੁਤ ਸਾਰਾ ਹਿੱਸਾ ਜ਼ਬਾਨੀ ਯਾਦ ਕਰ ਲੈਣਾ। ਸੰਗਤ ਵਿਚ ਬੈਠ ਕੇ ਮੂੰਹ-ਜ਼ਬਾਨੀ ਹੇਕ ਲਾ ਕੇ ਪੜ੍ਹੀ ਜਾਣਾ ਅਤੇ ਉਂਗਲ ਨਾਲ ਕਿਤਾਬ ਦੇ ਵਰਕੇ ਪਲਟੀ ਜਾਣੇ। ਓਪਰੇ ਸੁਣਨ ਵਾਲੇ ਬੰਦੇ ਨੂੰ ਇਹ ਵੇਖ ਕੇ ਕਦੇ ਸੁਪਨੇ ਵਿਚ ਭੀ ਗੁਮਾਨ ਨਹੀਂ ਹੋਇਆ ਕਰਦਾ ਸੀ ਕਿ ਇਹ ਅਨਪੜ੍ਹ ਹਨ। ਬਹੁਤਿਆਂ ਨੂੰ ਆਪ ਦੇ ਪੜ੍ਹੇ ਹੋਏ ਹੋਣ ਦਾ ਟਪਲਾ ਲਗ ਜਾਇਆ ਕਰਦਾ ਸੀ।

੧੧ ਸਾਵਣ ਸੰ: ੧੯੬੫ ਬਿ: ਨੂੰ ਬੀਬੀ ਭਗਵਾਨ ਕੌਰ ਸਪੁਤ੍ਰੀ ਭਾਈ ਦੇਵਾ ਸਿੰਘ ਨਾਲ ਪਿੰਡ ਘੁਦਾ ਸਿੰਘ ਵਾਲੇ ਚਕ ਨੰ: ੭੮ ਜ਼ਿਲਾ ਸ਼ੇਖ਼ੂਪੁਰਾ ਵਿਚ ਅਨੰਦ ਕਾਰਜ ਹੋ ਗਿਆ। ਤਿੰਨ ਬੱਚੇ ਪੈਦਾ ਹੋਏ:— ੧. ਬੀਬੀ ਗੁਰ ਕੌਰ, ੨. ਭਾਈ ਸੋਹਣ ਸਿੰਘ, ੩. ਬੀਬੀ ਕਰਤਾਰ ਕੌਰ।

ਆਪ ਦਾ ਸੁਭੌ ਮਿੱਠਾ ਤੇ ਧੀਰਜ ਵਾਲਾ ਸੀ। ਲੋਕਾਂ ਨਾਲ ਵਰਤੋਂ ਵਿਹਾਰ ਬੜਾ ਖਰਾ ਤੇ ਸਾਫ਼ ਸੀ। ਆਪ ਸਾਢੇ ਪੰਜ ਫ਼ੁਟ ਉੱਚੇ ਦਰਸ਼ਨੀ ਤਾਕਤਵਰ ਜਵਾਨ ਸਨ। ਨੌਂ ਨੌਂ ਮਣ ਕਚੇ ਦਾਣਿਆਂ ਦੀ ਪੰਡ ਤੋਲ ਕੇ ਖੂਹ ਤੋਂ ਜਿਦ ਕੇ ਚੁਕਣੀ ਅਤੇ ਇਕੋ ਸਾਹੇ ਪਿੰਡ ਲਿਆ ਸੁਟਣੀ। ਵਾਹੀ ਦਾ ਬੜਾ ਲਾਣਾ ਬਾਣਾ ਬਣਾਇਆ ਹੋਇਆ ਸੀ। ਉੱਨੀ ਉੱਨੀ ਰਾਤਾਂ ਇਕ-ਟੱਕ

ਵੇਲਣਾ ਵਗਦਾ ਰਹਿਣਾ ਅਤੇ ਜਿਨ੍ਹਾਂ ਲੋਕਾਂ ਨੇ ਇਹ ਸੁਨਣਾ ਦੂਰ ਦੂਰ ਤੋਂ ਵੇਖਣ ਆਇਆ ਕਰਨਾ ਕਿ ਉਹ ਕੇਹੜਾ ਟੱਬਰ ਹੈ, ਜਿਸ ਦਾ ਇਡਾ ਇਕ-ਵਾਕ ਤੇ ਇਤ-ਫ਼ਾਕ ਹੈ ਤੇ ਜੋ ਇਕ ਟਕ ਹਰ ਇਕ ਵਾਹੀ ਦੇ ਕੰਮ ਨੂੰ ਲਗਕੇ ਨਾਗ਼ਾ ਨਹੀਂ ਪੈਣ ਦਿੰਦੇ ਹਨ। ਇਸੇ ਤਰ੍ਹਾਂ ਭਾ: ਵੀਰ ਸਿੰਘ ਜੀ ਥੋਥੀਆਂ ਦੇ ਦੂਜੇ ਕਈਆਂ ਸਜਣਾਂ ਦੇ ਨਾਲ ਮਿਲ ਕੇ ਇਨ੍ਹਾਂ ਦਾ ਵੇਲਣਾ ਵਗਦਾ ਵੇਖਣ ਆਏ, ਤਾਂ ਆਪ ਦੇ ਪ੍ਰਵਾਰ ਦੀ ਜਥੇਬੰਦੀ, ਪਿਆਰ ਤੇ ਮਿਲਣਸਾਰੀ ਨੂੰ ਵੇਖ ਕੇ ਦੰਗ ਰਹਿ ਗਏ ਅਤੇ ਖ਼ੁਸ਼ ਹੋ ਕੇ ਸ਼ਹੀਦ ਸਿੰਘ ਦੇ ਭਤੀਜੇ ਨੂੰ ਆਪਣੀ ਪੋਤ੍ਰੀ ਦਾ ਸਾਕ ਕਰ ਗਏ ਤੇ ਪਰ੍ਹੇ ਵਿਚ ਬਹਿ ਕੇ ਆਖਣ ਲਗੇ ਕਿ ਮੈਂ ਏਦਾਂ ਦਾ ਸੁਅਤਣ, ਸਾਊਪੁਣਾ ਤੇ ਏਕਤਾ ਅਜ ਤਕ ਸਾਰੀ ਉਮਰ ਕਿਸੇ ਘਰ ਵਿਚ ਭੀ ਨਹੀਂ ਵੇਖੀ ਹੈ।

ਆਪ ਦੇ ਪਿੰਡ ਅਕਾਲੀ ਅਖ਼ਬਾਰ ਆਇਆ ਕਰਦਾ ਸੀ। ਭਾਵੇਂ ਆਪ ਅਨਪੜ੍ਹ ਸਨ, ਪਰ ਅਖ਼ਬਾਰ ਸੁਣਨ ਦਾ ਏਡਾ ਸ਼ੌਕ ਲਗ ਚੁਕਾ ਸੀ ਕਿ ਸੌ ਕੰਮ ਛੱਡ ਕੇ ਭੀ ਨੇਮ ਨਾਲ ਗੁਰਦੁਆਰੇ ਦੇ ਗ੍ਰੰਥੀ ਸਿੰਘ ਜੀ ਪਾਸੋਂ ਅਖ਼ਬਾਰ ਸੁਣ ਕੇ ਬਾਹਰ ਲੋਕਾਂ ਨੂੰ ਪੰਥਕ ਖ਼ਬਰਾਂ ਦਸਿਆ ਕਰਨੀਆਂ। ਜੇ ਕਦੇ ਕਿਸੇ ਵਡੇ ਭਰਾ ਨੇ ਘੂਰਨਾ ਭੀ ਕਿ ਤੁਸੀਂ ਸਾਰਾ ਦਿਨ ਅਖ਼ਬਾਰਾਂ ਦੀਆਂ ਹੀ ਗਲਾਂ ਕਰਦੇ ਰਹਿੰਦੇ ਹੋ, ਸਾਨੂੰ ਏਨ੍ਹਾਂ ਗਲਾਂ ਨਾਲ ਕੀ ਲਗੇ ? ਤਾਂ ਧੌਣ ਨੀਵੀਂ ਪਾ ਕੇ ਮੁਸਕਰਾ ਛਡਿਆ ਕਰਨਾ, ਪਰ ਕਿਸੇ ਗਲ ਦਾ ਅਗੋਂ ਮੋੜਕੇ ਉੱਤਰ ਨਾ ਦਿਆ ਕਰਨਾ।

ਆਪ ਨੇ ਜਥੇ ਵਿਚ ਪਹਿਲਾਂ ਨਾਮ ਨਹੀਂ ਲਿਖਾਇਆ ਹੋਇਆ ਸੀ। ਜਦੋਂ ਜੱਥਾ ਤੁਰਨ ਲਗਾ, ਤਾਂ ਉਸਦਾ ਉਤਸ਼ਾਹ ਤੇ ਉਮਾਹ ਵੇਖਕੇ ਆਪ ਆਪਣੇ ਆਪ ਉਤੇ ਕਾਬੂ ਨ ਰਖ ਸਕੇ ਤੇ ਜੱਥੇ ਦੇ ਤੁਰ ਜਾਣ ਪਿੱਛੋਂ ਹਟੀਓਂ ਕਾਲੀ ਪਗ ਲੈਕੇ ਹਥ ਵਿਚ ਕੁਹਾੜੀ ਫੜਕੇ ਸਿਰ ਤੋੜ ਦੌੜ ਲਾਕੇ ਜਥੇ ਨੂੰ ਜਾ ਮਿਲੇ। ਘਰ ਦੇ ਸਾਰੇ ਰੋਕ ਰਹੇ, ਪਰ ਆਪ ਨੇ ਕਿਸੇ ਦੀ ਕੋਈ ਗਲ ਨ ਮੰਨੀ ਤੇ ਆਖਿਆ ਕਿ ਇਹ ਰੱਬ-ਸਬੱਬੀ ਸਮਾਗਮ ਬਣ ਗਿਆ ਹੈ, ਸਾਰੇ ਨਗਰੋਂ ਸਿੰਘ ਗਏ ਹਨ, ਅਸੀਂ ਐਨੇ ਪ੍ਰਵਾਰ ਵਾਲੇ ਹਾਂ, ਸਾਡਾ ਭੀ ਹੱਕ ਹੈ ਕਿ ਇਸ ਸ਼ਹੀਦੀ ਜਥੇ ਵਿਚ ਸਰਦਾ ਬਣਦਾ ਹਿੱਸਾ ਪਾਈਏ।

ਸ਼ਹੀਦੀ ਦੀ ਖ਼ਬਰ ਜਦ ਇਨ੍ਹਾਂ ਦੇ ਪਿੰਡ ਪੁਜੀ ਤਾਂ ਆਪ ਦੀ ਮਾਤਾ ਪਿਆਰੇ

ਨਿੱਡਰ ਜੋਧਾ

ਭਾਈ ਕੇਸਰ ਸਿੰਘ ਜੀ ਸ਼ਹੀਦ



ਭਵਜਲ ਅੰਦਰ ਰਹੇ ਨਿਰੋਲਾ।
ਜੀਵਨ ਮੁਕਤ ਸਚਾਵਾ ਚੋਲਾ।

ਪੁਤ੍ਰ ਦੀ ਅੰਤਮ ਦੇਹ ਦੇ ਦਰਸ਼ਨਾਂ ਲਈ ਮੋਹ ਪਿਆਰ ਦੀ ਖਿੱਚੀ ਨਨਕਾਣੇ ਸਾਹਿਬ ਚਲੀ ਗਈ। ਇਥੇ ਆਕੇ ਉਹ ਵੈਰਾਗ ਦੇ ਹੰਝੂ ਕੇਰ ਰਹੀ ਸੀ, ਜੋ ਸੰਗਤਾਂ ਧੀਰਜ ਦੇਣ ਲਗੀਆਂ, ਤਾਂ ਆਖਣ ਲੱਗੀ ਕਿ ਮੈਂ ਪੁਤ੍ਰ ਦੇ ਵਿਛੋੜੇ ਯਾ ਵਿਯੋਗ ਵਿਚ ਅਥਰੂ ਨਹੀਂ ਵਹਾਉਂਦੀ ਹਾਂ, ਮੈਨੂੰ ਤਾਂ ਇਸ ਗਲ ਦਾ ਪਛੋਤਾਵਾ ਹੈ ਕਿ ਮੇਰੇ ਬਾਕੀ ਦੇ ਛੇ ਪੁਤ੍ਰ ਭੀ ਅਜ ਇਥੇ ਕੁਰਬਾਨੀ ਦੇਕੇ ਜਨਮ ਸਫ਼ਲਾ ਕਿਉਂ ਨ ਕਰ ਗਏ। ਇਹ ਮਾਈ ਧੰਨ ਹੈ ਅਤੇ ਧੰਨ ਹੈ ਉਸਦਾ ਸਿੱਖੀ ਪਿਆਰ *।

ਭਾਈ ਕੇਸਰ ਸਿੰਘ ਜੀ

ਆਪ ਦਾ ਜਨਮ ੩ ਭਾਦੋਂ ਸੰ: ੧੯੫੦ ਬਿ: ਵਿਚ ਮਾਤਾ ਲਛੀ ਦੀ ਕੁਖੋਂ ਭਾਈ ਪਾਲ ਸਿੰਘ ਦੇ ਘਰ ਕੰਬੋਜ ਖ਼ਾਨਦਾਨ ਵਿਚ ਹੋਇਆ।

ਨਿਕੇ ਹੁੰਦੇ ਢਾਂਡੇ ਚਾਰਦੇ ਰਹੇ ਤੇ ਵਡੇ ਹੋਕੇ ਵਾਹੀ ਦੇ ਕੰਮ ਵਿਚ ਘਰ ਦਿਆਂ ਨਾਲ ਹੱਥ ਪੜੱਥੀ ਪਵਾਉਂਦੇ ਰਹੇ। ਪਰ ਵਧੇਰੇ ਗੁਰਦੁਆਰੇ ਜਾ ਕੇ ਗੁਰਮੁਖੀ ਪੜ੍ਹਨ ਵਿਚ ਹੀ ਰੁਝੇ ਰਹਿਣਾ। ਅਭਿਆਸ ਨਾਲ ਜ਼ਿਮੀਂਦਾਰਾ ਕਾਰ ਵਿਹਾਰ ਕਰਦਿਆਂ ਕਰਾਉਂਦਿਆਂ ਹੀ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਾਠੀ ਹੋ ਗਏ, ਸੰਗਤ ਨੂੰ ਰਾਜ ਖ਼ਾਲਸਾ, ਤੇਗ਼ ਖ਼ਾਲਸਾ ਅਤੇ ਬੰਦਾ ਬਹਾਦਰ ਬੜੇ ਹਰਾ ਨਾਲ ਸੁਨਾਉਣੇ, ਰਗ ਸਵਾਦ ਚੰਗਾ ਸੀ। ਜਿਥੇ ਬਹਿਕੇ ਸੁਨਾਉਣ ਲਗ ਜਾਣਾ, ਇਕ ਵੇਰ ਠੱਠ ਬੰਨ੍ਹ ਛੱਡਣਾ।

ਜਦੋਂ ਗਰਮੀਆਂ ਨੂੰ ਦਾਣਾ ਫੱਕਾ ਆ ਜਾਣਾ ਤਾਂ ਪਿੰਡ ਦੇ ਸਜਣਾਂ ਨੇ ਵੇਹਲੇ ਹੋਕੇ ਬੋਹੜਾਂ ਥਲੇ ਆ ਬਹਿਣਾ ਤੇ ਆਪ ਨੂੰ ਬੁਲਾ ਕੇ ਸ਼ਹੀਦੀਆਂ ਸੁਣਾਉਣ ਤੇ ਲਾ ਲਿਆ ਕਰਨਾ, ਸ਼ਾਮਾਂ ਤਕ ਬੜਾ ਰੰਗ ਬਝਾ ਰਹਿਣਾ। ਆਵਾਜ਼ ਅਜਿਹੀ ਮਨਮੋਹਨੀ ਸੁਰੀਲੀ ਸੀ ਕਿ ਇਕ ਵੇਰ ਰਾਹ ਜਾਂਦਿਆਂ ਨੂੰ ਭੀ ਧੂਹ ਪਾ ਕੇ ਬਿਠਾ ਲਿਆ ਕਰਦੀ ਸੀ। ਜਿਸ ਕਿਸੇ ਰਾਹੀ ਪਾਤੀ ਨੇ ਭੀ ਤੁਰੇ ਜਾਂਦਿਆਂ ਸੁਨਣਾ, ਉਸੇ ਨੇ ਹੀ ਵਾਹ ਵਾਹ ਕਰਦਿਆਂ ਜਾਣਾ ਤੇ ਸੁਤੇ-ਸਿੱਧ ਆਖ ਦੇਣ ਕਿ ਧੰਨ ਹੈ ਜਵਾਨਾਂ ਤੂੰ, ਤੇ ਧੰਨ ਹੈ ਤੇਰੀ ਜੰਮਣ ਵਾਲੀ ਮਾਈ!

---

*ਕੇਵਲ ਇਕ ਵੇਰ ੧੯-੫-੨੧ ਨੂੰ ੨੫) ਰੁਪਏ ਕਮੇਟੀ ਪਾਸੋਂ ਸਹਾਇਤਾ ਲਈ।

ਆਪ ਦਾ ਰੰਗ ਪੱਕਾ ਸੌਲਾ, ਕਦ ਲੰਮਾਂ, ਸਰੀਰ ਭਾਰਾ, ਪਿੰਡਾ ਦੋਹਰਾ। ਦੋ ਢਾਈ ਮਣ ਪੱਕੇ ਦੀ ਪੰਡ ਇਕੱਲਿਆਂ ਬਾਹੀਂ ਕੱਢਕੇ ਤਕੜੇ ਨਰੋਏ ਬੰਦਿਆਂ ਦੇ ਭੀ ਗਲ ਪਾ ਛੱਡਿਆ ਕਰਨੀ।

ਅਨੰਦ ਕਾਰਜ

ਵੀਹਾਂ ਕੁ ਸਾਲਾਂ ਦੀ ਉਮਰ ਵਿਚ ਮਾਘ ਸੰ: ੧੯੬੧ਬਿ: ਵਿਚ ਭਾਈ ਮੀਹਾਂ ਸਿੰਘ ਦੀ ਸਪੁਤ੍ਰੀ ਬੀਬੀ ਸੰਤੀ ਨਾਲ ਜਹਾਂਗੀਰ ਜ਼ਿਲਾ ਲਾਇਲਪੁਰ ਵਿਚ ਅਨੰਦ ਕਾਰਜ ਹੋ ਗਿਆ। ਪਿੰਡ ਵਿਚ ਇਹ ਪਹਿਲਾ ਗੁਰਮਤ ਅਨੁਸਾਰ ਅਨੰਦ ਕਾਰਜ ਹੋਇਆ ਸੀ, ਜਿਸ ਤੇ ਵਾਜਾ, ਆਤਸ਼ ਬਾਜ਼ੀ, ਅਤੇ ਗਹਿਣਾ ਗੱਟਾ ਬੰਦ ਕੀਤਾ ਗਿਆ ਸੀ। ਬੜੀ ਸਾਦਗੀ ਨਾਲ ਸਾਰੇ ਕਾਰ ਵਿਹਾਰ ਹੋਏ। ਜੰਞ ਦਿਨ ਦੇ ਦਸ ਵਜੇ ਹੀ ਸ਼ਬਦ ਪੜ੍ਹਦੀ ਚਲੀ ਗਈ ਅਤੇ ਅਗਲੇ ਘਰ ਵਾਲੇ ਭੀ ਅਗੋਂ ਸ਼ਬਦ ਪੜ੍ਹਦੇ ਸੁਆਗਤ ਲਈ ਆ ਗਏ ਅਤੇ ਦੋਵਾਂ ਗੁਰਮੁਖ ਘਰਾਣਿਆਂ ਦੇ ਆਮੋ-ਸਾਹਮਣੇ ਜੋੜ ਮੇਲੇ ਹੋ ਗਏ। ਆਪ ਦੇ ਘਰ ਕੋਈ ਸੰਤਾਨ ਨ ਹੋਈ।

ਆਪ ਚੰਗੇ ਪੇਂਡੂ ਸ਼ਾਇਰ ਸਨ। ਰਾਜੇ ਨਿਰਮੋਹ ਦੀ ਕਵਿਤਾ ਵਿਚ ਆਪਣੀ ਬਣਾਈ ਹੋਈ ਸਾਖੀ ਸੁਣਾਇਆ ਕਰਦੇ ਸਨ, ਜੋ ਪਿੰਡ ਵਿਚ ਬੜੀ ਸਲਾਹੀ ਜਾਇਆ ਕਰਦੀ ਸੀ ਤੇ ਜਿਸ ਅਦਾਇਗੀ ਨਾਲ ਆਪ ਕੋਇਲ ਵਰਗੀ ਸੁਰੀਲੀ ਆਵਾਜ਼ ਨਾਲ ਸੁਣਾਇਆ ਕਰਦੇ ਸਨ, ਉਹ ਅਜੇ ਤਕ ਭੀ ਕਈਆਂ ਪਿੰਡ ਦੇ ਬਜ਼ੁਰਗਾਂ ਦੇ ਕੰਨਾਂ ਵਿਚ ਗੂੰਜ ਰਹੀ ਹੋਵੇਗੀ। ਤੁਰਨ ਸਮੇਂ ਆਪਣੀ ਇਹ ਸਾਰੀ ਕਵਿਤਾ ਵਾਲੀ ਕਾਪੀ ਵੀ ਨਾਲ ਹੀ ਲੈ ਗਏ ਕਿ ਉਥੇ ਸੰਗਤਾਂ ਨੂੰ ਸੁਣਾਵਾਂਗੇ, ਪਰ ਅਫ਼ਸੋਸ ਕਿ ਉਹ ਭੀ ਆਪ ਦੇ ਸਰੀਰ ਦੇ ਨਾਲ ਹੀ ਸ਼ਹੀਦੀ ਸਮੇਂ ਅਗਨ ਭੇਟ ਹੋ ਗਈ, ਨਹੀਂ ਤਾਂ ਉਸ ਵਿਚੋਂ ਕੁਝ ਨਮੂਨੇ ਦੇ ਕੇ ਪਾਠਕਾਂ ਨੂੰ ਆਪ ਦੀ ਸ਼ਾਇਰੀ ਦਾ ਸਵਾਦ ਚਖਾਇਆ ਜਾਂਦਾ।

ਹੋਰ ਹਾਲ

ਆਪ ਪਿੰਡ ਵਿਚ ਤੇ ਦੀਵਾਨਾਂ ਤੇ ਜਾਕੇ ਗੁਰਮਤ ਦਾ ਪ੍ਰਚਾਰ ਕਰਿਆ ਕਰਦੇ ਸਨ। ਇਨ੍ਹਾਂ ਦੀਵਾਨਾਂ ਉਤੇ ਜਾਣ ਦੇ ਕਾਰਨ ਹੀ ਆਪ ਦੇ ਦਿਲ ਵਿਚ

ਕੁਰਬਾਨੀ ਦੀ ਚਿਣਗ-ਚਵਾਤੀ ਲਗ ਚੁਕੀ ਸੀ, ਜਿਸ ਨੇ ਆਪ ਨੂੰ ਆਪਣੇ ਘਰ ਵਿਚ ਆਰਾਮ ਨ ਲੈਣ ਦਿਤਾ। ਆਪ ਦੀ ਜ਼ਬਾਨ ਮਿੱਠੀ ਤੇ ਸੁਭਾ ਬਹੁਤ ਲਿਹਾਜ਼ ਖੋਰਾ ਮਿਲਾਪੜਾ ਜਿਹਾ ਸੀ। ਲਗਦੀ ਵਾਹੇ ਕਦੇ ਭਾਈਚਾਰੇ ਵਿਚ ਕਿਸੇ ਗੱਲੇ ਕਿਸੇ ਦੇ ਸਿਰੇ ਨ ਆਉਣਾ।

ਆਪ ਨੇ ਪਿੰਡ ਵਿਚ ਰਾਤ ਦਿਨੇ ਏਹੋ ਪ੍ਰਚਾਰ ਕਰਦੇ ਰਿਹਾ ਕਰਨਾ ਕਿ ਜਦ ਤਕ ਸਾਨੂੰ ਸਵਰਾਜ ਨਹੀਂ ਮਿਲ ਜਾਂਦਾ ਅਤੇ ਗੁਰਦੁਆਰੇ ਆਜ਼ਾਦ ਨਹੀਂ ਹੋ ਜਾਂਦੇ, ਇਹ ਆਜ਼ਾਦੀ ਦੇਵੀ ਦੀ ਸ਼ਮਾਂ ਦੇ ਪ੍ਰਵਾਨੇ ਉਸ ਉਤੋਂ ਆਪਣਾ ਆਪ ਕੁਰਬਾਨ ਕਰਦੇ ਰਹਿਣਗੇ। ਸਾਡੇ ਦਿਲ ਵਿਚ ਕੁਰਬਾਨੀ ਦੀਆਂ ਚਿਣਗ-ਚਵਾਤੀਆਂ ਲਗ ਚੁਕੀਆਂ ਹਨ ਤੇ ਉਧਰ ਮੁਕਾਬਲੇ ਵਿਚ ਭੀ ਜ਼ੁਲਮ ਦੀਆਂ ਭਠੀਆਂ ਦੇ ਲੰਬੂ ਨਿਕਲ ਰਹੇ ਹਨ, ਜੋ ਸਾਡੇ ਸ਼ਹੀਦੀ ਖੂੰਨ ਨਾਲ ਹੀ ਬੁਝ ਕੇ ਠੰਡੇ ਹੋਣਗੇ ਤੇ ਸ਼ਾਂਤੀ ਵਰਤੇਗੀ।

੯ ਫਗਣ ਵਾਲੇ ਦਿਨ ਜਦ ਤੁਰਦੇ ਹਨ ਤਾਂ ਉਸ ਦਿਨ ਆਪ ਦੀ ਮੰਗਣੀ ਲਈ ਲਾਗੀ ਘਰ ਆਇਆ ਹੋਇਆ ਸੀ। ਸਾਰੇ ਪ੍ਰਵਾਰ ਤੇ ਨਗਰ ਦੇ ਕੁਝ ਬੰਦਿਆਂ ਨੇ ਜ਼ੋਰ ਦਿਤਾ ਕਿ ਜਥੇ ਨਾਲ ਨ ਜਾਓ, ਘਰ ਦੇ ਤੁਹਾਡਾ ਕੋਈ ਬਾਨ੍ਹਣੂੰ ਬੰਨ੍ਹਣ ਦਾ ਪ੍ਰਬੰਧ ਕਰ ਰਹੇ ਹਨ। ਆਪ ਨੇ ਸਾਫ਼ ਆਖ ਦਿਤਾ ਕਿ ਮੈਨੂੰ ਵਿਆਹ ਛੁਹਾਰੇ ਦੀ ਕੋਈ ਲੋੜ ਨਹੀਂ ਹੈ। ਹੁਣ ਤਾਂ ਸੱਚਾ ਵਿਆਹ ਸ਼ਹੀਦੀ ਲਾੜੀ ਨਾਲ ਹੀ ਹੋਵੇਗਾ। ਆਪ ਬੜੇ ਹੌਂਸਲੇ ਤੇ ਖ਼ੁਸ਼ੀ ਨਾਲ ਜਥੇ ਵਿਚ ਸ਼ਾਮਲ ਹੋਕੇ ਆਪਣੇ ਕਥਨ ਅਨੁਸਾਰ ਸਚ ਮੁਚ ਜ਼ੁਲਮ ਦੀ ਲਟ ਲਟ ਬਲਦੀਆਂ ਭਠੀਆਂ ਵਿਚ ਆਪਣਾ ਪਵਿੱਤ੍ਰ ਸ਼ਹੀਦੀ ਖੂੰਨ ਡੋਹਲਕੇ ਉਨ੍ਹਾਂ ਨੂੰ ਸਦਾ ਲਈ ਠੰਡਿਆਂ ਕਰ ਗਏ।

ਭਾਈ ਭਗਵਾਨ ਸਿੰਘ ਜੀ

ਆਪ ਦਾ ਜਨਮ ੧ ਫਗਣ ਸੰ: ੧੯੩੮ ਬਿ: ਵਿਚ ਪਿੰਡ ਨਜ਼ਾਮਪੁਰ ਜ਼ਿਲਾ ਅੰਮ੍ਰਿਤਸਰ ਵਿਚ ਭਾਈ ਲਹਿਣਾ ਸਿੰਘ ਦੇ ਘਰ ਮਾਤਾ ਤਾਬੋ ਦੀ ਕੁਖੋਂ ਹੋਇਆ। ਆਪ ਦਾ ਪਿਤਾ ਬਾਰ ਦੇ ਖੁਲ੍ਹਣ ਸਮੇਂ ਪਿੰਡ ਦੇ ਸਿੰਘਾਂ ਦੇ ਨਾਲ ਹੀ ਇਥੇ ਆ ਗਿਆ ਤਾਂ ਆਪ ਭੀ ਉਨ੍ਹਾਂ ਦੇ ਨਾਲ ਇਥੇ ਚਲੇ ਆਏ। ਆਪ ਦੀ

ਉਮਰ ਅਜੇ ਤਿੰਨਾਂ ਕੁ ਸਾਲਾਂ ਦੀ ਸੀ ਕਿ ਬੁਖ਼ਾਰ ਨਾਲ ਮਾਤਾ ਚੜ੍ਹਾਈ ਕਰ ਗਈ ਅਤੇ ਪਿਤਾ ਨੇ ਬੜੇ ਵਖਤਾਂ-ਵਹਿਦਿਆਂ ਨਾਲ ਪਾਲਿਆ। ਪਹਿਲਾਂ ਤਾਂ ਆਪਣੇ ਪਿਤਾ ਦੇ ਨਾਲ ਹੀ ਪਾਣੀ ਭਰਨ ਤੇ ਬੁੱਤੀ-ਨੱਤੀ ਦੀ ਕਾਰ ਕਰਦੇ ਰਹੇ। ਫੇਰ ਜਦੋਂ ਗਭਰੂ ਹੋਏ ਤਾਂ ਤਿੰਨ ਕੁ ਸਾਲ ਚੀਨ ਵਿਚ ਜਾ ਕੇ ਨੌਕਰੀ ਕਰ ਲਈ। ਉਥੋਂ ਵਾਪਸ ਆ ਕੇ ਵਾਹੀ ਦੀ ਕਾਰ ਸ਼ੁਰੂ ਕਰ ਦਿਤੀ। ਆਪ ਦੀ ਉਮਰ ਜਦ ੧੮ ਸਾਲ ਦੀ ਹੋਈ ਤਾਂ ਭਾਈ ਸੁਰੈਣ ਸਿੰਘ ਦੀ ਸਪੁਤ੍ਰੀ ਬੀਬੀ ਆਤੋ ਨਾਲ ਪਾਖਰਪੁਰੇ ਤਲਵੰਡੀ ਜ਼ਿਲਾ ਅੰਮ੍ਰਿਤਸਰ ਵਿਚ ਸ਼ਾਦੀ ਹੋ ਗਈ।

੨੨ ਸਾਲ ਦੀ ਉਮਰ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਆਪ ਅਨਪੜ੍ਹ ਹੀ ਸਨ। ਪੰਜਾਂ ਪੌੜੀਆਂ ਦਾ ਪਾਠ ਕੰਠ ਸੀ ਜੋ ਰੋਜ਼ ਨੇਮ ਨਾਲ ਕਰਿਆ ਕਰਦੇ ਸਨ। ਲੋਕਾਂ ਨਾਲ ਬੜੀ ਸਾਫ਼ ਨੀਯਤ ਨਾਲ ਵਰਤੋਂ ਰਖਣੀ। ਸੁਭਾ ਬੜਾ ਹੀ ਆਲਾ-ਭੋਲਾ ਸੀ।

ਧਾਰਮਕ ਦੀਵਾਨਾਂ ਵਿਚ ਪੁਜ ਕੇ ਲੰਗਰ ਦੀ ਸੇਵਾ ਕਰਨ ਦਾ ਬੜਾ ਸ਼ੌਕ ਸੀ। ਧਾਰੋਵਾਲੀ ਦੀਵਾਨ ਤੇ ਹੀ ਆਪ ਦਾ ਮਨ ਪ੍ਰੇਰਿਆ ਗਿਆ ਤੇ ਆਪ ਨੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਜਥੇ ਵਿਚ ਆਪਣਾ ਨਾਮ ਲਿਖਵਾ ਦਿਤਾ। ੯ ਫਗਣ ਨੂੰ ਭਾਈ ਲਛਮਣ ਸਿੰਘ ਹੁਰਾਂ ਦੇ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਗਏ। ਪਿਤਾ ਨੇ ਰੋਕਿਆ ਕਿ ਤੇਰੀ ਭੈਣ ਦਾ ਵਿਆਹ ਹੈ, ਤਾਂ ਉਤ੍ਰ ਦਿਤਾ ਕਿ ਗੁਰੂ ਕੇ ਲੰਗਰ ਦੀ ਸੇਵਾ ਲਈ ਜ਼ਰੂਰ ਜਾਣਾ ਹੈ, ਤੁਸੀਂ ਆਪੇ ਵਿਵਾਹ ਦਾ ਕੰਮ ਭੁਗਤਾ ਲੈਣਾ। ਆਪ ਸ੍ਰੀ ਜਨਮ ਅਸਥਾਨ ਦੇ ਅੰਦਰ ਗਟ ਗਟ ਸ਼ਹੀਦੀ ਪਿਆਲਾ ਪੀ ਕੇ ਆਪਣਾ ਨਾਮ ਅਟਲ ਕਰ ਗਏ।*

---

* ਕਮੇਟੀ ਨੇ ਆਪ ਦੇ ਪਿਤਾ ਭਾਈ ਲਹਿਣਾ ਸਿੰਘ ਜੀ ਦੇ ਨਾਮ ਪਿਨਸ਼ਨ ਲਾ ਦਿਤੀ। ੧੯-੫--੨੧ ਤੋਂ ੨੯--੨-੩੮ ਤਕ (ਇਸ ਦਾ ਜੋੜ ੧੪੪੦) ਰੁਪਏ ਬਣਦਾ ਹੈ।

ਭਾਈ ਜਵਾਲਾ ਸਿੰਘ ਜੀ

ਆਪ ਦਾ ਜਨਮ ਸਾਵਣ ਸੰ: ੧੯੩੨ ਬਿ: ਵਿਚ ਮਾਤਾ ਨਿਹਾਲ ਕੌਰ ਦੀ ਕੁਖੋਂ ਭਾਈ ਕੇਸਰ ਸਿੰਘ ਦੇ ਘਰ ਨਿਜ਼ਾਮਪੁਰ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਨਿਕੇ ਹੁੰਦੇ ਡੰਗਰ ਵੱਛਾ ਚਾਰਦੇ ਰਹੇ, ਵਡੇ ਹੋ ਕੇ ਵਾਹੀ ਕੀਤੀ। ੧੬ ਸਾਲ ਦੀ ਉਮਰ ਵਿਚ ੨੫ ਸਾਵਣ ਸੰ: ੧੯੪੮ ਬਿ: ਵਿਚ ਬੀਬੀ ਪ੍ਰੇਮ ਕੌਰ ਸਪੁਤ੍ਰੀ ਸ: ਸ਼ਾਮ ਸਿੰਘ ਨਾਲ ਬਹੋੜੂ ਪਿੰਡ ਵਿਚ ਸ਼ਾਦੀ ਹੋ ਗਈ। ਪਿੰਡੋਂ ਹੀ ਗੁਰਦੁਆਰੇ ਵਿਚੋਂ ਅੰਮ੍ਰਿਤ ਛੱਕ ਲਿਆ ਸੀ।

ਆਪ ਦਾ ਰੰਗ ਗੋਰਾ, ਮੂੰਹ ਤੇ ਮਾਤਾ ਦੇ ਦਾਗ਼, ਚਿਹਰਾ ਬਹੁਤ ਪਤਲਾ ਤੇ ਕਦ ਦਰਮਿਆਨਾ ਸੀ। ਆਪ ਦੇ ਘਰ ਛੇ ਬਚੇ ਪੈਦਾ ਹੋਏ: ੧. ਭਾਈ ਕਿਸ਼ਨ ਸਿੰਘ, ੨. ਭਾਈ ਇੰਦਰ ਸਿੰਘ, ੩. ਭਾਈ ਊਧਮ ਸਿੰਘ, ੪. ਭਾਈ ਸਾਧੂ ਸਿੰਘ, ੫. ਬੀਬੀ ਹੁਕਮ ਕੌਰ ਅਤੇ ੬. ਬੀਬੀ ਸੰਤ ਕੌਰ ਜੀ। ਆਪ ਭਾਵੇਂ ਅਨਪੜ੍ਹ ਹੀ ਸਨ, ਪਰ ਚੇਤਾ ਬੜਾ ਚੰਗਾ ਸੀ। ਇਕ ਵੇਰ ਦੀ ਸੁਣੀ ਗਲ ਕਦੇ ਭੁਲਦੇ ਨਹੀਂ ਸਨ। ਸੁਭੱਾ ਸਰਲ ਤੇ ਵਰਤੋਂ ਵਿਹਾਰ ਹਰ ਇਕ ਨਾਲ ਚੰਗੀ ਸੀ। ਵਲ-ਛਲ ਦਾ ਖ਼ਿਆਲ ਕਦੇ ਭੁਲੇਖੇ ਨਾਲ ਭੀ ਦਿਲ ਵਿਚ ਨਹੀਂ ਆਉਂਦਾ ਸੀ।

ਧਾਰਮਕ ਦੀਵਾਨਾਂ ਉਤੇ ਜਾਣ ਦਾ ਦਿਲ ਵਿਚ ਚੱਾ ਰਹਿੰਦਾ ਸੀ। ਇਥੋਂ ਹੀ ਪ੍ਰਚਾਰ ਸੁਣ ਸੁਣ ਕੇ ਦਿਲ ਵਿਚ ਕੁਰਬਾਨੀ ਲਈ ਵਲਵਲਾ ਪੈਦਾ ਹੋ ਗਿਆ। ਸ੍ਰੀ ਨਨਕਾਣੇ ਸਾਹਿਬ ਦੇ ਪ੍ਰਬੰਧ ਨੂੰ ਸੁਧਾਰਨ ਹਿਤ ਅਪੀਲ਼ ਹੋਈ ਤਾਂ ਆਪ ਨੇ ਭੀ ਆਪਣਾ ਨਾਮ ਲਿਖਾ ਦਿਤਾ। ਹੋਰ ਲੋਕਾਂ ਨੂੰ ਭੀ ਪਿੰਡ ਵਿਚ ਇਸ ਕੰਮ ਵਿਚ ਸ਼ਾਮਲ ਹੋਣ ਲਈ ਹਲਾ-ਸ਼ੇਰੀ ਦਿੰਦੇ ਫਿਰੇ ਕਿ ਖ਼ਾਲਸਾ ਜੀ ਤਿਆਰ ਹੋ ਕੇ ਸਭ ਨਨਕਾਣੇ ਸਾਹਿਬ ਚਲੋ, ਹੁਣ ਮਹੰਤ ਦਾ ਅੰਤ ਵੇਲਾ ਆ ਗਿਆ ਹੈ। ਸਾਨੂੰ ਹੁਣ ਕਿਸੇ ਨੂੰ ਭੀ ਪਿਛੇ ਨਹੀਂ ਰਹਿਣਾ ਚਾਹੀਦਾ। ੮ ਫਗਣ ਨੂੰ ਆਪ ਘੁਧਾ ਸਿੰਘ ਵਾਲੇ ਗਏ। ਉਥੋਂ ਇਕ ਰਿਸ਼ਤੇਦਾਰ ਨੇ ੨) ਰੁਪਏ ਤੇਲ ਲਈ ਦਿਤੇ, ਉਹ ਘਰ ਲਿਆ ਕੇ ਦੇ ਦਿਤੇ। ਸੌ ਰੁਪਏ ਦਾ ਹਟੀਓਂ ਨੋਟ ਭੰਨਾਇਆ, ਉਸ ਵਿਚੋਂ ੬੦) ਰੁਪਏ ਇਕ ਸਜਣ ਨੂੰ ਦੇ ਕੇ ੪੦) ਰੁਪਏ ਨਾਲ

ਹੀ ਲੈ ਕੇ ਜਥੇ ਨਾਲ ਤੁਰ ਗਏ। ੯ ਫਗਣ ਵਾਲੇ ਦਿਨ ਤੁਰਨ ਸਮੇਂ ਲੜਕੇ ਤੇ ਸਿੰਘਣੀ ਨੇ ਖਿੱਚ ਨਾਲ ਰੋਕਣਾ ਚਾਹਿਆ ਤੇ ਉਨ੍ਹਾਂ ਨੂੰ ਸਾਫ਼ ਉਤ੍ਰ ਦਿਤਾ ਕਿ ਮੈਨੂੰ ਰੋਕੋ ਬਿਲਕੁਲ ਨਾ। ਮੈਂ ਉਸ ਕੰਮ ਲਈ ਜਾ ਰਿਹਾ ਹਾਂ ਜਿਸ ਲਈ ਸਾਨੂੰ ਦਸਵੇਂ ਗੁਰਾਂ ਨੇ ਬਣਾਇਆ ਹੈ। ਬਰੂਹਾਂ ਵਿਚੋਂ ਇਕ ਪੈਰ ਬਾਹਰ ਸੀ ਤੇ ਇਕ ਅੰਦਰ ਸੀ ਤੇ ਇਹ ਗਲ ਆਖ ਕੇ ਤੁਰ ਪਏ ਕਿ ਜਾਂਦਿਆਂ ਦਾ ਹੀ ਚੜ੍ਹਾਵਾ ਚੜ੍ਹ ਜਾਵੇ ਤਾਂ ਚੰਗਾ ਹੈ। ਸੁ ਆਪ ਆਪਣੇ ਕਥਨ ਅਨੁਸਾਰ ਗੁਰਦੁ-ਆਰਾ ਸ੍ਰੀ ਜਨਮ ਅਸਥਾਨ ਦੀ ਪਵਿਤ੍ਰਤਾ ਲਈ ਸ਼ਹਾਦਤ ਦਾ ਜਾਮ ਪੀ ਕੇ ਅਮਰ ਹੋ ਗਏ।*

ਭਾਈ ਖ਼ੁਸ਼ਹਾਲ ਸਿੰਘ ਜੀ

ਆਪ ਦਾ ਜਨਮ ੫ ਚੇਤ ਸੰ: ੧੯੪੫ ਬਿ: ਨੂੰ ਮਾਤਾ ਜੱਸੀ ਦੀ ਕੁਖੋਂ ਭਾਈ ਬੁਧ ਸਿੰਘ ਦੇ ਘਰ ਹੋਇਆ। ਆਪ ਚਾਰ ਭਰਾ ਸਨ—(੧) ਭਾਈ ਪ੍ਰੇਮ ਸਿੰਘ, (੨) ਭਾਈ ਹਰੀ ਸਿੰਘ, (੩) ਭਾਈ ਜਵਾਲਾ ਸਿੰਘ, (੪) ਭਾਈ ਹੀਰਾ ਸਿੰਘ ਜੀ।

ਨਿੱਕੇ ਹੁੰਦੇ ਮਾਲ ਚਾਰਦੇ ਰਹੇ ਵਡੇ ਹੋ ਕੇ ਵਾਹਵਾ ਸਾਫ਼ ਨੀਯਤ ਨਾਲ ਵਾਹੀ ਕਰਦੇ ਰਹੇ। ਗੁਰਦੁਆਰੇ ਵਿਚੋਂ ਹੀ ਮਾਮੂਲੀ ਗੁਰਮੁਖੀ ਪੜ੍ਹੀ ਤੇ ਅੰਮ੍ਰਿਤ ਛਕ ਲਿਆ। ਗੁਰਬਾਣੀ ਦਾ ਪਾਠ ਚੰਗੀ ਪ੍ਰੀਤੀ ਨਾਲ ਕਰਿਆ ਕਰਦੇ ਸਨ।

ਆਪ ਦਾ ਕੱਦ ਲੰਮਾ, ਰੰਗ ਗੋਰਾ, ਸਰੀਰ ਵਿਚਲਾ ਮੇਲ, ਚਿਹਰਾ ਹਮੇਸ਼ਾਂ ਹਸੂੰ ਹਸੂੰ ਕਰਦਾ ਗੁਲਾਬ ਦੇ ਫੁੱਲ ਵਾਂਗ ਖਿੜਿਆ ਰਹਿੰਦਾ ਸੀ। ਨਕਸ਼ ਤੇ ਨੁਹਾਰ ਬੜੇ ਤਿੱਖੇ ਸਨ।

੧੦ ਮਘਰ ਸੰ: ੧੯੬੫ ਬਿ: ਨੂੰ ਬੀਬੀ ਭਾਨ ਕੌਰ ਜੀ ਸਪੁੱਤਰੀ ਭਾਈ ਕੇਸਰ ਸਿੰਘ ਜੀ ਨਾਲ ਗੁਰਮਤ ਅਨੁਸਾਰ ਤਲਾਵੇਂ ਜ਼ਿਲਾ ਲਾਇਲਪੁਰ ਵਿਚ ਆਨੰਦ ਕਾਰਜ ਹੋ ਗਿਆ। ਸ਼ਹੀਦੀ ਸਮੇਂ ਕਾਕਾ ਸੁੱਚਾ ਸਿੰਘ ਤਿੰਨਾਂ ਸਾਲਾਂ ਦਾ ਤੇ

---

* ਕਮੇਟੀ ਨੇ ੧੦੪੦) ਰੁਪਏ ਕਰਜ਼ਾ ਉਤਾਰਿਆ ਅਤੇ ਆਪਦੀ ਸੁਪਤਨੀ ਬੀਬੀ ਪ੍ਰੇਮੀ ਦੇ ਨਾਮ ਪਿਨਸ਼ਨ ਲਾ ਦਿਤੀ। ੧੮-੫-੨੧ ਤੋਂ ੩੦-੩-੩੮ ਤਕ ਇਸ ਦਾ ਜੋੜ ੨੧੯੯) ਰੁਪਏ ਬਣਦਾ ਹੈ।

ਸ਼ਹੀਦੀ ਦੇ ਤਿੰਨਾਂ ਮਹੀਨਿਆਂ ਪਿਛੋਂ ੧੫ ਵਿਸਾਖ ਨੂੰ ਕਾਕੇ ਕਰਤਾਰ ਸਿੰਘ ਦਾ ਜਨਮ ਹੋਇਆ।

ਆਪ ਨੂੰ ਧਾਰਮਕ ਦੀਵਾਨਾਂ ਉਤੇ ਜਾਣ ਦਾ ਬੜਾ ਉਤਸ਼ਾਹ ਰਹਿੰਦਾ ਸੀ। ਇਥੋਂ ਹੀ ਪ੍ਰਚਾਰ ਸੁਣ ਸੁਣ ਕੇ ਗੁਰੂ ਘਰ ਦੀ ਸੇਵਾ ਦਾ ਚੱਾ ਪੈਦਾ ਹੋ ਗਿਆ। ਆਪ ਲਾਹੌਰ ਸਿਖ ਲੀਗ ਅਤੇ ਧਾਰੋਵਾਲੀ ਦੇ ਦੀਵਾਨ ਤੇ ਗਏ। ਉਥੋਂ ਹੀ ਮਨ ਨੇ ਦ੍ਰਿੜ੍ਹਤਾ ਧਾਰਨ ਕਰ ਲਈ ਕਿ ਗੁਰਦੁਆਰਿਆਂ ਦੇ ਸੁਧਾਰ ਲਈ ਕੁਰਬਾਨੀ ਕਰਨੀ ਹਰ ਇਕ ਗੁਰ-ਸਿਖ ਦਾ ਫ਼ਰਜ਼ ਹੈ। ਆਪ ੯ ਫੱਗਣ ਨੂੰ ਜਥੇ ਨਾਲ ਤਿਆਰ ਹੋ ਕੇ ਤੁਰ ਪਏ। ਘਰ ਦੇ ਰੋਕਦੇ ਰਹੇ, ਪਰ ਆਪ ਨੇ ਕਿਸੇ ਇਕ ਦੀ ਨਾ ਮੰਨੀ ਤੇ ਆਖਿਆ ਕਿ ਮੈਂ ਸਚੇ ਸਤਿਗੁਰਾਂ ਦੇ ਦਰ ਦੀ ਸੇਵਾ ਕਰਨ ਲਈ ਜਾ ਰਿਹਾ ਹਾਂ, ਤੁਸੀਂ ਸਾਰਾ ਟੱਬਰ ਕੋਈ ਚਿੰਤਾ ਨਾ ਕਰੋ। ੨੦ ਫ਼ਰਵਰੀ ਵਾਲੇ ਦਿਨ ਆਪ ਸ਼ਹੀਦੀ ਦੀ ਦਾਤ ਪ੍ਰਾਪਤ ਕਰਕੇ ਆਪਣਾ ਜਨਮ ਸਫਲਾ ਕਰ ਗਏ*।

ਭਾਈ ਜਵੰਦ ਸਿੰਘ ਜੀ

ਆਪ ਦਾ ਜਨਮ ੮ ਅੱਸੂ ਸੰ:੧੯੯੪ ਬਿ: ਨਜ਼ਾਮਪੁਰ ਜ਼ਿ: ਅੰਮ੍ਰਿਤਸਰ ਵਿਚ ਭਾਈ ਆਲਾ ਸਿੰਘ ਦੇ ਘਰ ਮਾਤਾ ਬਿਸੋ ਦੀ ਕੁਖੋਂ ਹੋਇਆ। ਆਪ ਤਿੰਨ ਭਰਾ ਸਨ:—(੧) ਭਾਈ ਗੁਜਰ ਸਿੰਘ, (੨) ਭਾਈ ਜਵੰਦ ਸਿੰਘ, (੩) ਭਾਈ ਚਰਨ ਸਿੰਘ ਜੀ। ਆਪ ਵਿਦਿਆ ਕੋਈ ਨਹੀਂ ਪੜ੍ਹੇ ਹੋਏ ਸਨ, ਪਿੰਡੋਂ ਹੀ ਗੁਰਦੁਆਰੇ ਵਿਚੋਂ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਗਏ ਸਨ। ਆਪ ਦਾ ਰੰਗ ਗੋਰਾ, ਸਰੀਰ ਪਤਲਾ, ਵਾਹਵਾ ਛੀਂਟਕੇ ਜਵਾਨ ਸਨ। ਵਾਢੀ ਕਰਨ ਵਿਚ ਬੜੇ ਛੋਹਲੇ, ਸੁਭੱਾ ਹੱਛਾ, ਹਰ ਇਕ ਨੂੰ ਖ਼ੁਸ਼ੀ ਨਾਲ ਮਿਲਣਾ ਤੇ ਭਾਈਚਾਰੇ ਨਾਲ਼ ਵਰਤੋਂ ਵਿਹਾਰ ਚੰਗੀ ਰਖਣੀ। ਅਸੂ ਸੰ: ੧੯੫੯ ਬਿ: ਵਿਚ ਭਾਈ ਲਹਿਣਾ ਸਿੰਘ ਦੀ ਸਪੁਤਰੀ ਬੀਬੀ ਆਤੋ ਨਾਲ ਨਵਾਂ ਪਿੰਡ ਚੱਕ ਨੰ: ੭੮ ਜ਼ਿਲਾ ਸ਼ੇਖ਼ੂਪੁਰਾ ਵਿਚ ਸ਼ਾਦੀ ਹੋ ਗਈ। ਆਪ ਦੇ ਘਰ ਇਕ ਕਾਕੇ ਅਤੇ ਕਾਕੀ ਦਾ ਜਨਮ ਹੋਇਆ,

* ਕਮੇਟੀ ਨੇ ੧੩੦੦) ਰੁਪਏ ਕਰਜ਼ਾ ਉਤਾਰਿਆ ਅਤੇ ਸੁਪੱਤਨੀ ਬੀਬੀ ਭਾਨ ਕੌਰ ਦੇ ਨਾਮ ਪਿੰਨਸ਼ਨ ਲਾ ਦਿਤੀ, ੧੨-੫-੧੯ ਤੋਂ ੨੮-੨-੩੮ ਤਕ ਜਿਸਦਾ ਜੋੜ ੨੦੧੯) ਰੁਪਏ ਬਣਦਾ ਹੈ।

ਜੋ ਅਠ ਸਾਲ ਤੇ ਛੇ ਸਾਲ ਦੀ ਉਮਰ ਵਿਚ ਗੁਜ਼ਰ ਗਏ। ਇਨ੍ਹਾਂ ਦੇ ਪਿਛੋਂ ਸ਼ਹੀਦੀ ਸਮੇਂ ਬੀਬੀ ਗਿਆਨ ਕੌਰ ਦੋ ਸਾਲ ਦੀ ਸੀ। ਆਪ ਦੇ ਵਡੇ ਭਰਾ ਭਾਈ ਜਵੰਦ ਸਿੰਘ ਨੇ ਸ਼ਹੀਦੀ ਲਈ ਨਾਮ ਲਿਖਾਇਆ ਹੋਇਆ ਸੀ, ਪਰ ਤੁਰਨ ਸਮੇਂ ਆਖਣ ਲਗੇ ਕਿ ਭਰਾ ਤੂੰ ਤਾਂ ਬਥੇਰੇ ਦੀਵਾਨ ਮੇਲੇ ਵੇਖਦਾ ਰਹਿੰਦਾ ਹੈਂ, ਇਸ ਸ਼ਹੀਦੀ ਜਥੇ ਵਿਚ ਮੈਨੂੰ ਜਾਣ ਦੇਹ। ਸਿੰਘਣੀ ਤੇ ਹੋਰ ਟੱਬਰ ਭੀ ਰੋਕ ਰਿਹਾ, ਪਰ ਆਪ ਸਭ ਨਾਲ ਝਗੜ ਕੇ ਤਿਆਰ ਹੋ ਪਏ ਕਿ ਜੇਹੜੀ ਮਰਜ਼ੀ ਹੈ ਕਿਸੇ ਦੀ ਵਾਹ ਲਾ ਲਵੇ, ਮੈਂ ਇਹ ਸ਼ਹੀਦੀ ਮੌਕਾ ਹਥੋਂ ਨਹੀਂ ਜਾਣ ਦੇਣਾ ਹੈ।

ਪਿਤਾ ਪਾਸੋਂ ਤੁਰਨ ਸਮੇਂ ਕੁਝ ਮਾਇਆ ਮੰਗੀ, ਉਨ੍ਹਾਂ ਪੰਜ ਰੁਪਏ ਦਿਤੇ ਜਿਸ ਵਿਚੋਂ ਉਸੇ ਵੇਲੇ ਤਿੰਨ ਰੁਪਏ ਭਾਈ ਟੇਕ ਸਿੰਘ ਲੁਹਾਰ ਨੂੰ ਦੇ ਕੇ ਸਫਾਜੰਗ ਲੈ ਲਿਆ ਅਤੇ ਦੋ ਖੀਸੇ ਵਿਚ ਪਾ ਲਏ। ਨਿੱਕੀ ਕ੍ਰਿਪਾਨ ਗਾਤਰੇ ਤੇ ਸੀਸ ਤੇ ਕਾਲੀ ਦਸਤਾਰ ਸਜਾਈ ਹੋਈ ਸੀ। ਤੁਰਨ ਸਮੇਂ ਫੇਰ ਸਿੰਘਣੀ ਨੇ ਡਕਣ ਲਈ ਜ਼ੋਰ ਦਿਤਾ ਤੇ ਆਖਣ ਲਗੇ-ਕਮਲੀਏ ! ਧਰਮ ਦੇ ਕੰਮ ਵਲੋਂ ਹੁਣ ਕੀ ਮੂੰਹ ਮੋੜਨਾ ਹੈ, ਜਾਣ ਦੇਹ ਰੋਕ ਨਾ ਪਾ, ਰਬ ਭਲੀ ਕਰੇਗਾ। ਏਨੀ ਗਲ ਕਰਕੇ ਜਥੇ ਨਾਲ ਆ ਗਏ ਤੇ ਸੱਚ ਮੁੱਚ ਧਰਮ ਦੇ ਕੰਮ ਵਲੋਂ ਮੂੰਹ ਨਾ ਮੋੜਿਆ ਤੇ ਸ਼ਹੀਦੀ ਪ੍ਰਾਪਤ ਕਰ ਗਏ।

ਭਾਈ ਪੰਜਾਬ ਸਿੰਘ ਜੀ

ਆਪ ਦਾ ਜਨਮ ਮਾਘ ਸੰ: ੧੯੨੭ ਬਿ: ਨੂੰ ਭਾਈ ਪਹੂ ਸਿੰਘ ਦੇ ਘਰ ਮਾਤਾ ਭਾਨ ਕੌਰ ਦੀ ਕੁਖੋਂ ਨਿਜ਼ਾਮਪੁਰ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ।

ਆਪ ਅਨਪੜ੍ਹ ਸਨ। ਸੋਹਣੀ ਨੇਕ ਨੀਤੀ ਨਾਲ ਵਾਹੀ ਦੀ ਕਾਰ ਕਰਦੇ ਸਨ। ਰੰਗ ਗੋਰਾ ਨਸ਼ੋਹ ਸੀ।

ਜੁਵਾਨ ਹੋਏ ਤਾਂ ਭਾਈ ਕੇਸਰ ਸਿੰਘ ਦੀ ਸਪੁਤ੍ਰੀ ਬੀਬੀ ਹੁਕਮੀ ਨਾਲ ਇੱਬਨ ਜ਼ਿਲਾ ਅੰਮ੍ਰਿਤਸਰ ਵਿਚ ਸ਼ਾਦੀ ਹੋ ਗਈ। ਆਪ ਦੇ ਘਰ ਪੰਜ ਬੱਚੇ ਜਨਮੇਂ :-੧. ਬੀਬੀ ਚੰਦੋ, ੨. ਬੀਬੀ ਝੰਡੋ, ੩. ਬੀਬੀ ਗੰਗੋ, ੪. ਭਾਈ ਵਧਾਵਾ ਸਿੰਘ, ੫. ਬੀਬੀ ਨਿਹਾਲੋ। ਪਹਿਲੀ ਸਿੰਘਣੀ ਗੁਜ਼ਰ ਜਾਣ ਪਿਛੋਂ ਦੂਜਾ

ਅਨੰਦ ਕਰਵਾਇਆ ਤੇ ਉਸਦੀ ਕੁਖੋਂ ਇਕ ਕਾਕੇ ਠਾਕਰ ਸਿੰਘ ਦਾ ਜਨਮ ਹੋਇਆ, ਜੋ ਸ਼ਹੀਦੀ ਸਮੇਂ ਤਿੰਨਾਂ ਸਾਲਾਂ ਦਾ ਸੀ। ਦੀਵਾਨਾਂ ਅਤੇ ਜੋੜ ਮੇਲਿਆਂ ਤੇ ਮੋਹਰੀਆਂ ਵਿਚ ਹੋਕੇ ਜਾਇਆ ਕਰਨਾ। ਤੁਰਨ ਸਮੇਂ ਦੋਹਾਂ ਭਰਾਵਾਂ ਨੇ ਤੇੜ ਕਛੈਹਰੇ ਤੇ ਸਿਰ ਤੇ ਕਾਲੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ। ਨਿਕਾ ਭਰਾ ਭਾਈ ਨਰਾਇਣ ਸਿੰਘ ਜਥੇ ਨਾਲ ਤੁਰ ਗਿਆ ਤੇ ਜਦ ਆਪ ਮੁਰੱਬਿਆਂ ਵਿਚੋਂ ਘਰ ਨੂੰ ਆਏ ਤੇ ਖ਼ਬਰ ਲਗੀ ਕਿ ਜਥਾ ਤੁਰ ਗਿਆ ਹੈ, ਤਾਂ ਆਪ ਨੇ ਬੜੀ ਕੋਸ਼ਸ਼ ਕੀਤੀ ਕਿ ਮੈਨੂੰ ਭੀ ਸਫ਼ਾਜੰਗ ਮਿਲ ਜਾਏ, ਪਰ ਜਦੋਂ ਸਫ਼ਾਜੰਗ ਨ ਲਭਾ ਤਾਂ ਆਪ ਵਡਾ ਤ੍ਰਖਾਣਾਂ ਦਾ ਕੁਹਾੜਾ ਹੀ ਮੋਢੇ ਉਤੇ ਰੱਖਕੇ ਜਥੇ ਦੇ ਮਗਰ ਉਠ ਨਸੇ ਕਿ ਚਲੋ ਜੇ ਸਾਡੇ ਭਾਗੀਂ ਹੋਰ ਸੇਵਾ ਨਹੀਂ ਆਵੇਗੀ ਤਾਂ ਲੰਗਰ ਦੀਆਂ ਲਕੜਾਂ ਹੀ ਪਾੜਾਂਗੇ। ਜਥੇ ਨਾਲ ਸ਼ਾਮਲ ਹੋਣ ਸਮੇਂ ਆਪ ਵਡੇਰੀ ਉਮਰ ਦੇ ਹੁੰਦਿਆਂ ਭੀ ਵਾਹਵਾ ਬਾਂਕੇ ਖ਼ੂਬਸੂਰਤ ਦਰਸ਼ਨੀ ਜਵਾਨ ਲਗਦੇ ਸਨ।

ਆਪ ਦੇ ਭਤੀਜੇ ਭਾਈ ਹੁਕਮ ਸਿੰਘ ਨੇ ਭਜਿਆਂ ਜਾਂਦਿਆਂ ਨੂੰ ਪਿੱਛੋਂ ਮਿਲਕੇ ਰੋਕਿਆ ਕਿ ਚਾਚਾ ਅੱਜ ਨ ਜਾ ਭਲਕੇ ਭੀ ਪਿੰਡ ਵਿਚੋਂ ਕੁਝ ਸਿੰਘਾਂ ਨੇ ਜਾਣਾ ਹੈ ਅਸੀਂ ਸਾਰੇ ਮਿਲਕੇ ਇਕੱਠੇ ਚਲਾਂਗੇ, ਅੱਜ ਤੁਸੀਂ ਰਹਿ ਪਓ, ਤਾਂ ਆਖਣ ਲਗੇ ਕਿ ਜੋ ਹੋ ਜਾਣਾ ਹੈ, ਉਹ ਅੱਜ ਰਾਤੇ ਰਾਤ ਹੀ ਹੋ ਜਾਣਾ ਹੈ, ਭਲਕੇ ਤੁਸੀਂ ਕੀ ਲੈਣ ਜਾਣਾ ਹੈ। ਜੇ ਚਲਣਾ ਹੈ ਤਾਂ ਅੱਜ ਵਗ ਆਓ। ਏਨੀ ਗਲ ਆਖਕੇ, ਜਿਉਂ ਸ਼ੂਟ ਵੱਟੀ ਜਥੇ ਨੂੰ ਜਾ ਮਿਲੇ ਅਤੇ ਉਨ੍ਹਾਂ ਦੇ ਨਾਲ ਹੀ ਸ਼ਹੀਦੀਆਂ ਪ੍ਰਾਪਤ ਕਰਕੇ ਆਪਣਾ ਜਨਮ ਸਫ਼ਲਾ ਕਰ ਗਏ*।

ਭਾਈ ਨਰਾਇਣ ਸਿੰਘ ਜੀ

ਆਪ ਦਾ ਜਨਮ ਸੰ: ੧੯੪੮ ਬਿ: ਵਿਚ ਮਾਤਾ ਭਾਨ ਕੌਰ ਦੀ ਕੁਖੋਂ ਭਾਈ ਪਹੂ ਸਿੰਘ ਦੇ ਘਰ ਹੋਇਆ। ਆਪ ਭਾਈ ਪੰਜਾਬ ਸਿੰਘ ਜੀ ਸ਼ਹੀਦ ਦੇ ਨਿਕੇ ਭਰਾ ਸਨ, ਆਪ ਭੀ ਅਨਪੜ੍ਹ ਸਨ। ਵਾਹੀ ਕਰਦੇ ਸਨ, ਟੱਬਰ ਵਿਚ ਬੜਾ ਇਕਵਾਕ ਸੀ। ਆਪ ਦਾ ਰੰਗ ਗੋਰਾ, ਕੱਦ ਲੰਮਾ, ਵਾਹਵਾ ਮੋਟੇ ਠੁਲ੍ਹੇ ਤਾਂਕਤਵਰ ਜਵਾਨ ਸਨ।

*ਆਪ ਦੇ ਪ੍ਰਵਾਰ ਨੇ ਕਮੇਟੀ ਪਾਸੋਂ ਕੇਵਲ ਇਕ ਵੇਰ ੫੦)ਰੁਪਏ ੧੮-੫-੨੧ ਨੂੰ ਸਹਾਇਤਾ ਲਏ।

ਜਵਾਨ ਹੋਏ ਤਾਂ ਭਾਈ ਜੈਮਲ ਸਿੰਘ ਦੀ ਸਪੁਤ੍ਰੀ ਬੀਬੀ ਗੁਤੋ ਨਾਲ ਇੱਬਨ ਜ਼ਿਲਾ ਅੰਮ੍ਰਿਤਸਰ ਵਿਚ ਅਨੰਦ ਕਾਰਜ ਹੋ ਗਿਆ। ਚਾਰ ਬੱਚੇ ਪੈਦਾ ਹੋਏ:-੧. ਭਾਈ ਕਿਸ਼ਨ ਸਿੰਘ, ੨. ਭਾਈ ਹਰਨਾਮ ਸਿੰਘ, ੩. ਬੀਬੀ ਹਰਨਾਮ ਕੌਰ, ੪. ਬੀਬੀ ਰਾਧੀ ਜੀ। ਆਪ ਸੁਭੱਾ ਦੇ ਧੀਰੇ ਅਤੇ ਗਲ ਬਾਤ ਕਰਨ ਵਿਚ ਬੜੇ ਮਿੱਠੇ ਸਨ। ਪਿੰਡੋਂ ਹੀ ਦੋਹਾਂ ਭਰਾਵਾਂ ਨੇ ਇਕੱਠਾ ਅੰਮ੍ਰਿਤ ਛੱਕਿਆ ਸੀ।

੧੯ ਫ਼ਰਵਰੀ ਨੂੰ ਘਰੋਂ ਤੁਰਨ ਸਮੇਂ ਪੰਜ ਰੁਪਏ ਲੈ ਕੇ ਖ਼ੀਸੇ ਵਿਚ ਪਾ ਲਏ, ਦੋ ਪ੍ਰੌਠੇ ਦੁਧ ਨਾਲ ਘੁਟੋ-ਵੱਟੀ ਖਾ ਕੇ ਅਤੇ ਦੋ ਪਰਨੇ ਪਲੇ ਅੰਬ ਦੇ ਅਚਾਰ ਨਾਲ ਬੰਨ੍ਹਕੇ ਸਫ਼ਾਜੰਗ ਨਾਲ ਪਲਮਕਾ ਕੇ ਮੋਢੇ ਤੇ ਰਖ ਲਏ। ਘਰੋਂ ਬੜੀ ਲਟਕ ਨਾਲ ਸ਼ਬਦ ਪੜ੍ਹਦੇ ਨਿਕਲੇ ਅਤੇ ਗੁਰਦੁਆਰੇ ਆ ਕੇ ਜਥੇ ਨਾਲ ਸ਼ਾਮਲ ਹੋ ਗਏ।

ਤੁਰਨ ਸਮੇਂ ਦਿਲ ਵਿਚ ਬੜਾ ਚੱਾ ਸੀ ਅਤੇ ਚਿਹਰੇ ਤੇ ਲਾਲੀਆਂ ਚੜ੍ਹੀਆਂ ਹੋਈਆਂ ਸਨ। ਸਭ ਨੂੰ ਤੁਰਨ ਸਮੇਂ ਹੱਥ ਜੋੜਕੇ ਆਖਿਆ ਕਿ ਭਰਾਵੋ ਮੇਰਾ ਬੋਲਿਆ ਚਾਲਿਆ ਮੈਨੂੰ ਮਾਫ਼ ਕਰ ਛਡਣਾ; ਕਿਉਂਕਿ ਹੁਣ ਅਸੀਂ ਸੱਚੀ ਕਾਰ ਲਈ ਚੜ੍ਹਾਈ ਕਰਨ ਚਲੇ ਹਾਂ। ਜੇ ਰੱਬ ਸਾਡੇ ਵਲ ਹੋਇਆ ਤਾਂ ਕਬਜ਼ਾ ਕਰ ਲਵਾਂਗੇ, ਨਹੀਂ ਤਾਂ ਲੇਖੇ ਲਗ ਜਾਵਾਂਗੇ। ਸਾਡੇ ਲਈ ਇਹ ਅਰਦਾਸ ਕਰੋ ਕਿ ਮੁੜ ਸਾਡੇ ਵਿਚੋਂ ਪਿਛਾਂਹ ਭਜ ਕੇ ਕੋਈ ਘਰ ਨੂੰ ਨ ਆਵੇ। ਵੇਖੋ ਅਗੇ ਕੀ ਕਰਤਾਰ ਦੇ ਰੰਗ ਬਣਦੇ ਹਨ! ਆਪ ੨੦ ਫ਼ਰਵਰੀ ਨੂੰ ਸ਼ਹਾਦਤ ਦੀ ਪਵਿੱਤ੍ਰ ਦਾਤ ਪ੍ਰਾਪਤ ਕਰਕੇ ਆਪਣਾ ਮੁੱਖ਼ ਸਦਾ ਲਈ ਉੱਜਲਾ ਕਰ ਗਏ।

ਭਾਈ ਰਾਮ ਸਿੰਘ ਜੀ

ਆਪ ਦਾ ਜਨਮ ੧੫ ਅੱਸੂ ਸੰ: ੧੯੪੭ ਬਿ: ਨੂੰ ਮਾਤਾ ਜਵਾਲੀ ਦੀ ਕੁਖੋਂ, ਭਾਈ ਝੰਡਾ ਸਿੰਘ ਜੀ ਦੇ ਘਰ,ਕੰਬੋਜ ਖ਼ਾਨਦਾਨ ਵਿਚ ਹੋਇਆ। ਆਪ ਸਤ ਭੈਣ ਭਰਾ ਸਨ: ੧. ਬੀਬੀ ਰਾਮ ਕੌਰ, ੨. ਭਾਈ ਭਗਵਾਨ ਸਿੰਘ, ੩. ਭਾਈ ਰਾਮ ਸਿੰਘ, ੪. ਭਾਈ ਮਖਣ ਸਿੰਘ, ੫. ਭਾਈ ਮਘਰ ਸਿੰਘ, ੬. ਭਾਈ ਭਗਤ ਸਿੰਘ, ੭. ਕਰਮ ਕੌਰ ਜੀ। ਪਿੰਡ ਹੀ ਸਕੂਲੋਂ ਪ੍ਰੈਮਰੀ ਪਾਸ ਕਰਕੇ

ਵਾਹੀ ਜੋਤੀ ਦੇ ਕੰਮ ਵਿਚ ਲਗ ਗਏ ਅਤੇ ਵਿਦਿਆ ਦਾ ਦਿਲੀ-ਸ਼ੌਕ ਹੋਣ ਕਰਕੇ ਗੁਰਦੁਆਰੇ ਵਿਚੋਂ ਗੁਰਮੁਖੀ ਪੜ੍ਹ ਲਈ। ੨੨ ਸਾਲ ਦੀ ਉਮਰ ਵਿਚ ਫਗਣ ਦੇ ਮਹੀਨੇ ਸੰ: ੧੯੬੮ ਬਿ: ਨੂੰ ਭਾਈ ਬੂੜ ਸਿੰਘ ਦੀ ਸਪੁਤ੍ਰੀ ਬੀਬੀ ਸੰਤ ਕੌਰ ਨਾਲ ਗੁਰਮਤ ਅਨੁਸਾਰ ਬਹੋੜ ਪਿੰਡ ਵਿਚ ਅਨੰਦ ਕਾਰਜ ਹੋ ਗਿਆ। ਇਕ ਕਾਕੇ ਕੇਹਰ ਸਿੰਘ ਦਾ ਜਨਮ ਹੋਇਆ, ਜੋ ਸ਼ਹੀਦੀ ਤੋਂ ਇਕ ਸਾਲ ਪਿਛੋਂ ਗੁਜ਼ਰ ਗਿਆ।

ਧਾਰਮਕ ਦੀਵਾਨਾਂ ਤੇ ਜਾਣ ਦੇ ਬੜੇ ਪ੍ਰੇਮੀ ਸਨ। ਗੁਰਬਾਣੀ ਪੜ੍ਹਨੀ ਅਤੇ ਸ਼ਬਦ ਕੀਰਤਨ ਵਿਚ ਹਿੱਸਾ ਲਿਆ ਕਰਨਾ। ਗੁਰਦੁਆਰਾ ਸੁਧਾਰ ਲਹਿਰ ਚਲੀ ਤਾਂ ਉਸ ਵਿਚ ਕੁੱਦ ਪਏ। ਦੀਵਾਨਾਂ ਵਿਚ ਕੜਾਕੇਦਾਰ ਕਵਿਤਾਵਾਂ ਸੁਣ ਕੇ ਆਪ ਦਾ ਮਨ ਹੋਰ ਕੰਮਾਂ ਵਲੋਂ ਹਟ ਕੇ ਇਸ ਬੰਨੇ ਵਲ ਵਧੇਰੇ ਪ੍ਰੇਰਿਆ ਗਿਆ। ਪਿੰਡੋਂ ਹੀ ਗੁਰਦੁਆਰੇ ਵਿਚੋਂ ਅੰਮ੍ਰਿਤ ਛਕ ਲਿਆ। ਆਪ ਦਾ ਕਦ ਉੱਚਾ, ਸ੍ਰੀਰ ਭਰਵਾਂ, ਰੰਗ ਗੋਰਾ ਅਤੇ ਸੁਭਾ ਕਾਹਲਾ ਸੀ। ਆਪਣੇ ਖ਼ਿਆਲਾਂ ਦੇ ਉਲਟ ਜ਼ਰਾ ਭੀ ਜੇ ਕਿਸੇ ਨੂੰ ਗਲ ਕਰਦਿਆਂ ਸੁਣਨਾ ਤਾਂ ਝੱਟ ਲੜ ਬੋਲ ਪੈਣਾ, ਪਰ ਜੀ ਵਿਚ ਕੁਝ ਨਹੀਂ ਹੋਇਆ ਕਰਦਾ ਸੀ, ਪਿਛੋਂ ਅਪਣੇ ਆਪ ਹੀ ਝਟ ਪਟ ਮਨ-ਮਨੌਤੀ ਭੀ ਕਰ ਲਿਆ ਕਰਨੀ।

ਖਰੇ ਸੌਦੇ ਦੀਵਾਨ ਤੇ ਗਏ ਤਾਂ ਉਥੇ ਸ੍ਰੀ ਨਨਕਾਣੇ ਸਾਹਿਬ ਦੇ ਕਬਜ਼ੇ ਲਈ ਪ੍ਰਚਾਰ ਹੋਇਆ ਜਿਸ ਤੋਂ ਇਤਨਾ ਉਤਸ਼ਾਹ ਪੈਦਾ ਹੋਇਆ ਕਿ ਸਚ ਮੁਚ ਆਪ ਨੇ ਰਖ ਵਿਖਾਈ। ਤੁਰਨ ਸਮੇਂ ਕਾਲੀ ਦਸਤਾਰ ਤੇ ਸੂਫ ਦਾ ਚੋਲਾ ਪਹਿਨਿਆ ਹੋਇਆ ਸੀ। ਘਰ ਦੇ ਪ੍ਰਵਾਰ ਨੇ ਡਕਿਆ, ਪਰ ਆਪ ਨੇ ਕਿਸੇ ਦੀ ਪ੍ਰਵਾਹ ਨ ਕੀਤੀ ਤੇ ਸਿੱਧੇ ਸ੍ਰੀ ਨਨਕਾਣੇ ਸਾਹਿਬ ਪੁਜ ਕੇ ਸੀਸ ਦੀ ਭੇਟਾ ਦੇ ਦਿਤੀ।*

---

* ਕਮੇਟੀ ਨੇ ੨੧੦) ਖਰਚਾ ਉਤਾਰਿਆ। ਮਾਤਾ ਜਵਾਲੀ ਅਤੇ ਪੁਤ੍ਰ ਝੰਡਾ ਸਿੰਘ ਦੇ ਨਾਮ ਪਿਨਸ਼ਨ ਲਾ ਦਿਤੀ ਇਸ ਦਾ ੧੮-੫-੨੧ ਤੋਂ ੨੮-੨-੪੮ ਤਕ ਜੋੜ ੧੧੮੧) ਰੁਪਏ ਬਣਦਾ ਹੈ। ਮਾਤਾ ੨੨-੨-੨੬ ਨੂੰ ਗੁਜ਼ਰ ਗਈ ਤੇ ਉਸ ਦੀ ਪਿਨਸ਼ਨ ਬੰਦ ਹੋ ਗਈ।

ਭਾਈ ਸੁੰਦਰ ਸਿੰਘ ਜੀ

ਆਪ ਦਾ ਜਨਮ ਭਾਦਰੋਂ ਸੰ: ੧੯੩੮ ਬਿ: ਨੂੰ ਮਾਤਾ ਹੁਕਮੋ ਦੀ ਕੁਖੋਂ ਸ: ਚੰਦਾ ਸਿੰਘ ਦੇ ਘਰ ਕੰਬੋਜ ਘਰਾਣੇ ਵਿਚ ਨਜ਼ਾਮਪੁਰ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਦੇ ਵਡੇ ਭਰਾ ਦਾ ਨਾਮ ਭਾਈ ਬੁਧ ਸਿੰਘ ਸੀ। ਆਪ ਦਾ ਰੰਗ ਗੋਰਾ, ਕਦ ਲੰਮਾਂ ਸੋਹਣੇ ਮੋਟੇ ਠੁਲ੍ਹੇ ਭਰਵੇਂ ਜਵਾਨ ਸਨ, ਬੜੀ ਮੇਹਨਤ ਨਾਲ ਆਪਣੀ ਵਾਹੀ ਦੀ ਕਾਰ ਕਰਦੇ ਰਹੇ। ਸ਼ਰੀਰ ਇਤਨਾ ਬਲਵਾਨ ਸੀ ਕਿ ਅਠ ਨੌਂ ਮਣ ਕਚੇ ਭਾਰ ਦੀ ਪੰਡ ਚੁਕਾਉਣ ਲਗਿਆਂ ਜ਼ਿਦ-ਬਜ਼ਿਦੀ ਅਗਲੇ ਦੇ ਗਲ ਪਾ ਦਿਆ ਕਰਨੀ।

ਜਵਾਨ ਹੋਏ ਤਾਂ ਭਾਈ ਘਨਈਆ ਸਿੰਘ ਦੀ ਸਪੁਤ੍ਰੀ ਬੀਬੀ ਪ੍ਰੇਮ ਕੌਰ ਨਾਲ ੧੨ ਹਾੜ ਸੰ: ੧੯੫੫ ਬਿ: ਨੂੰ ਤਲਾਵੇਂ ਚੰਦੀਆਂ ਵਾਲ ਜ਼ਿਲਾ ਲਾਇਲਪੁਰ ਵਿਚ ਸ਼ਾਦੀ ਹੋ ਗਈ ਅਤੇ ਸ਼ਾਦੀ ਦੇ ਪਿਛੋਂ ਜਾ ਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਅੰਮ੍ਰਿਤ ਛਕ ਆਏ। ਪਹਿਲਾਂ ਨਾਮ ਸੁਧ ਸਿੰਘ ਸੀ, ਪਰ ਫੇਰ ਬਦਲ ਕੇ ਭਾਈ ਸੁੰਦਰ ਸਿੰਘ ਰਖਿਆ ਗਿਆ। ਸੁਭਾ ਨਿੱਘਾ ਤੇ ਧੀਰਾ ਜਿਹਾ ਸੀ, ਹਰ ਇਕ ਨਾਲ ਚੰਗੀ ਮੇਲ ਮੁਲਾਕਾਤ ਰਖਣੀ। ਕਦੀ ਕਿਸੇ ਦਾ ਪਿੰਡ ਵਿਚੋਂ ਸਾਰੀ ਉਮਰ ਵਿਚ ਨੁਕਸਾਨ ਨਹੀਂ ਕੀਤਾ ਸੀ। ਅਠੇ ਪਹਿਰ ਆਪਣੀ ਕਾਰ ਵਿਚ ਰੁਝਿਆਂ ਰਹਿਣਾ। ਆਪ ਦੇ ਘਰ ਪੰਜ ਬਚੇ ਪੈਦਾ ਹੋਏ:—੧. ਬੀਬੀ ਗੁਰ ਕੌਰ, ੨. ਭਾਈ ਸੋਹਣ ਸਿੰਘ, ੩. ਭਾਈ ਈਸ਼ਰ ਸਿੰਘ, ੪. ਭਾਈ ਹਜ਼ਾਰਾ ਸਿੰਘ, ੫. ਬੀਬੀ ਕਰਤਾਰ ਕੌਰ ਜੀ।

ਖਰੇ ਸੌਦੇ ਦੇ ਸੁਧਾਰ ਸਮੇਂ ਗਏ ਤਾਂ ਅਠ ਦਿਨ ਬੜੀ ਲਗਨ ਨਾਲ ਸੇਵਾ ਕੀਤੀ। ਧਾਰੋਵਾਲੀ ਦੀਵਾਨ ਤੇ ਭੀ ਸੇਵਾ ਕਰਦੇ ਰਹੇ। ਉਥੋਂ ਗੁਰਦੁਆ-ਰਿਆਂ ਦੇ ਸੁਧਾਰ ਸਬੰਧੀ ਪ੍ਰਚਾਰ ਸੁਣਿਆ ਤਾਂ ਮਨ ਪਲਟਾ ਖਾ ਗਿਆ। ਜਦ ਸ੍ਰੀ ਨਨਕਾਣੇ ਸਾਹਿਬ ਦੇ ਕਬਜ਼ੇ ਲਈ ਸਿੰਘਾਂ ਨੇ ਨਾਮ ਲਿਖਾਏ ਤਾਂ ਆਪ ਨੇ ਭੀ ਖ਼ੁਸ਼ੀ ਖ਼ੁਸ਼ੀ ਆਪਣਾ ਨਾਮ ਲਿਖਾ ਦਿਤਾ ਅਤੇ ਸਭੇ ਨਾਲ ਜਾ ਕੇ ੨੦ ਫ਼ਰਵਰੀ ਸੰ: ੧੯੨੧ ਈ: ਨੂੰ ਆਪਣੀ ਜਾਨ ਪੰਥ ਅਤੇ ਧਰਮ ਲਈ ਨਿਛਾਵਰ ਕਰ ਦਿਤੀ ਅਤੇ ਸਚੇ ਸ਼ਹੀਦਾਂ ਵਿਚ ਆਪਣਾ ਪਵਿਤ੍ਰ ਨਾਮ ਰੋਸ਼ਨ ਕਰ ਗਏ।

ਭਾਈ ਭਾਗ ਸਿੰਘ ਜੀ

ਆਪ ਦਾ ਜਨਮ ਸੰ: ੧੯੩੭ ਬਿ: ਵਿਚ ਭਾਈ ਅਮੀਰ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁਖੋਂ ਨਿਜ਼ਾਮਪੁਰ, ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਦੀ ਸ਼ਾਦੀ ਹੋਈ, ਪਰ ਸਿੰਘਣੀ ਗੁਜ਼ਰ ਗਈ। ਨਿੱਕੇ ਹੁੰਦੇ ਡੰਗਰ ਚਾਰਦੇ ਰਹੇ ਅਤੇ ਵਡੇ ਹੋ ਕੇ ਵਾਹੀ ਕੀਤੀ। ੨੬ ਸਾਲ ਦੀ ਉਮਰ ਵਿਚ ਪਲਟਨ ਨੰ: ੧੨੪ ਬਲੋਚੀ ਵਿਚ ਦਸ ਸਾਲ ਨੌਕਰੀ ਕੀਤੀ ਅਤੇ ੨) ਮਹੀਨਾ ਪਿੰਨਸ਼ਨ ਲੈ ਕੇ ਆ ਗਏ। ਇਸ ਦੇ ਪਿਛੋਂ ਜਰਮਨੀ ਦੀ ਲੜਾਈ ਸਮੇਂ ਫੇਰ ਜਾ ਭਰਤੀ ਹੋਏ। ਜ਼ਖਮੀ ਹੋ ਕੇ ਤਿੰਨ ਮਹੀਨੇ ਹਸਪਤਾਲ ਰਹੇ ਅਤੇ ਨਾਮ ਕਟਾ ਕੇ ਘਰ ਆ ਗਏ। ਪਿੰਡ ਜੀ ਨਾ ਲਗੇ ਫੇਰ ਸਿਆਲਕੋਟ ਜਾ ਕੇ ਭਰਤੀ ਹੋ ਗਏ। ਛੇ ਮਹੀਨੇ ਨੌਕਰੀ ਕਰਕੇ ਪਿੰਡ ਆ ਗਏ। ਜਦ ਸ੍ਰੀ ਤਰਨ ਤਾਰਨ ਦਾ ਕਬਜ਼ਾ ਹੋਇਆ ਤਾਂ ਉਥੇ ਸੇਵਾ ਲਈ ਚਲੇ ਗਏ, ਮਨ ਏਧਰ ਪ੍ਰੇਰਿਆ ਗਿਆ। ਖਰੇ ਸੌਦੇ ਦੇ ਕਬਜ਼ੇ ਸਮੇਂ ਉਥੇ ਗਏ, ਤੇ ਸਚ ਮੁਚ ਪੱਕੇ ਅਕਾਲੀ ਬਣ ਗਏ। ਕ੍ਰਿਪਾਨ ਪਾ ਲਈ, ਕਾਲੀ ਦਸਤਾਰ ਸਜਾ ਕੇ ਅਕਾਲੀ ਦਲ ਵਿਚ ਭਰਤੀ ਹੋ ਗਏ। ਪਿੰਡ ਦੇ ਲੋਕੀਂ ਮਖੌਲ ਕਰਨ ਕਿ ਭਾਗ ਸਿੰਘਾ ਭਲਾ ਤੇਰੇ ਪਾਸੋਂ ਇਹ ਗਲ ਕਿਥੇ ਪੁਗ ਆਉਣੀ ਹੈ, ਕਾਹਨੂੰ ਇਹ ਕੰਮ ਕਰਦਾ ਏਂ? ਤਾਂ ਉਤਰ ਦੇਣਾ—ਨਹੀਂ ਭਾਈ! ਹੁਣ ਧਰਮ ਦੇ ਲੇਖੇ ਲਗ ਜਾਣਾ, ਖਾਣ ਪੀਣ ਦੇ ਬਥੇਰੇ ਵਹਿਣ ਵਗਾ ਲਏ ਨੇ, ਹੁਣ ਤਾਂ ਇਹ ਭਾਂਡਾ ਜਦ ਅੰਤ ਨੂੰ ਭਜ ਹੀ ਜਾਣਾ ਹੈ ਤਾਂ ਕਿਉਂ ਨਾ ਜਾਂਦੀ ਵੇਰੀ ਸ਼ਹੀਦੀ ਦੇ ਗਫੇ ਲੈ ਲਈਏ। ਇਸ ਧਰਮ ਦੀ ਕਾਰ ਵਲ ਤਨੋ ਮਨੋ ਹੋ ਕੇ ਦਿਨ ਰਾਤ ਅਜਿਹੇ ਲਗੇ ਰਹਿੰਦੇ ਸਨ ਕਿ ਵੇਖਣ ਵਾਲੇ ਦੰਗ ਰਹਿ ਜਾਇਆ ਕਰਦੇ ਸਨ। ਆਪ ਜਥੇ ਨਾਲ ਸ਼ਾਮਲ ਹੋ ਕੇ ਆਏ ਅਤੇ ਆਪਣੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਕੇ ਧਰਮ ਦੇ ਲੇਖੇ ਲਗ ਗਏ।

ਨਜ਼ਾਮਪੁਰ ਮੂਲਾ ਸਿੰਘ ਵਾਲਾ

ਚੱਕ ਨੰ: ੮੦ ਜ਼ਿਲਾ ਸ਼ੇਖ਼ੂਪੁਰਾ, ਦੇ

ਸ਼ਹੀਦ

ਭਾਈ ਸੇਵਾ ਸਿੰਘ ਜੀ

ਆਪ ਦਾ ਜਨਮ ਕੰਬੋਜ ਘਰਾਣੇ ਵਿਚ ਭਾਈ ਈਸ਼ਰ ਸਿੰਘ ਜੀ ਦੇ ਘਰ ਮਾਤਾ ਆਤੋ ਦੀ ਕੁਖੋਂ ਚਕ ਨੰ: ੮੦ ਨਿਜ਼ਾਮਪੁਰ ਮੂਲਾ ਸਿੰਘ ਵਾਲੇ, ਮਘਰ ਸੰ: ੧੯੫੪ ਬਿ: ਵਿਚ ਹੋਇਆ। ਭਾਈ ਦੇਵਾ ਸਿੰਘ ਅਤੇ ਭਾਈ ਮਖਣ ਸਿੰਘ ਆਪ ਦੇ ਦੋ ਹੋਰ ਭਰਾ ਹਨ।

ਪਹਿਲਾਂ ਆਪ ਇਕ ਦੁਕਾਨਦਾਰ ਪਾਸੋਂ ਲੰਡੇ ਪੜ੍ਹਦੇ ਰਹੇ, ਪਿਛੋਂ ਸਕੂਲੇ ਪੜ੍ਹਣੇ ਪੈ ਗਏ। ਆਪ ਚੰਗੇ ਜ਼ਹੀਨ-ਦਿਮਾਗ਼ ਵਾਲੇ ਸਨ। ਥੋੜੇ ਚਿਰ ਵਿਚ ਪ੍ਰੈਮਰੀ ਪਾਸ ਕਰ ਲਈ ਅਤੇ ਇਸ ਦੇ ਪਿਛੋਂ ਵਾਹੀ ਦੇ ਕੰਮ ਵਿਚ ਲਗ ਗਏ। ਜਦ ਚੰਗੇ ਗਭਰੂ ਹੋ ਗਏ ਤਾਂ ਇਕ ਵੇਰ ਭਾਦੋਂ ਦੀ ਮਸਿਆ ਨਹਾਉਣ ਲਈ ਸ੍ਰੀ ਤਰਨ ਤਾਰਨ ਗਏ, ਉਥੇ ਭਰਤੀ ਵਾਲਾ ਸਾਹਿਬ ਆਇਆ ਹੋਇਆ ਸੀ। ਉਥੇ ਹੀ ਭਾਈ ਅਰਜਨ ਸਿੰਘ ਢੋਟੀਆਂ ਦੀ ਪ੍ਰੇਰਨਾ ਨਾਲ ਰਸਾਲਾ ਨੰਬਰ ੨੩ ਵਿਚ ਭਰਤੀ ਹੋ ਕੇ ਬਰੇਲੀ ਚਲੇ ਗਏ।

ਥੋੜੇ ਚਿਰ ਵਿਚ ਰੰਗਰੂਟੀ ਪਾਸ ਕਰਕੇ ਆਪਣੀ ਯੋਗਤਾ ਨਾਲ ਆਪ ਛੇਤੀ ਹੀ ਦਫ਼ੇਦਾਰ ਹੋ ਗਏ। ਇਸ ਦੇ ਨਾਲ ਹੀ ਫ਼ੌਜੀ ਸਕੂਲ ਵਿਚ ਅੰਗ੍ਰੇਜ਼ੀ ਦੀ ਪੜ੍ਹਾਈ ਸ਼ੁਰੂ ਕਰ ਦਿਤੀ। ਜਰਮਨ ਜੰਗ ਵਿਚ ਜਦ ਆਪ ਦਾ ਰਸਾਲਾ

ਨੌਜਵਾਨ ਸ਼ਹੀਦ

ਭਾਈ ਸੇਵਾ ਸਿੰਘ ਜੀ

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ।



ਚਲਣ ਹੁਕਮ ਰਜਾਇ ਗੁਰਮੁਖ ਜਾਣਿਆ ।
ਗੁਰਮੁਖ ਪੰਥ ਚਲਾਇ ਚਲਣ ਭਾਣਿਆ ।
ਸਿਦਕ ਸਬੂਰੀ ਪਾਇ ਕਰ ਸ਼ਕਰਾਣਿਆ ।

ਗਿਆ ਤਾਂ ਦਫ਼ਤ੍ਰ ਦਾ ਬਾਬੂ ਅਗੇ ਜੰਗੀ ਬੇੜੇ ਨਾਲ ਚਲਾ ਗਿਆ ਅਤੇ ਆਪ ਉਸ ਦੀ ਥਾਂ ਕਲਰਕੀ ਦਾ ਕੰਮ ਕਰਦੇ ਰਹੇ। ਸਹਿਜੇ ਸਹਿਜੇ ਆਪ ਦਫ਼ਤ੍ਰ ਦੇ ਕੰਮ ਦੇ ਚੰਗੇ ਮਾਹਰ ਹੋ ਗਏ। ਦਫ਼ਤ੍ਰ ਦਾ ਵਡਾ ਬਾਬੂ ਹੈਜ਼ੇ ਨਾਲ ਅਕਾਲ ਚਲਾਣਾ ਕਰ ਗਿਆ ਤਾਂ ਆਪ ਉਸ ਦੀ ਥਾਂ ਤੇ ਹੈਡ ਕਲਰਕ ਨੀਯਤ ਕੀਤੇ ਗਏ ।

ਜਰਮਨ ਜੰਗ ਖ਼ਤਮ ਹੋ ਗਿਆ ਤਾਂ ਆਪ ਤਿੰਨ ਮਹੀਨੇ ਦੀ ਰਜਾ ਆਏ। ਇਥੇ ਨਗਰ ਵਿਚ ਜਦ ਆਪ ਨੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਦੇ ਢਾਹੇ ਜਾਣ ਦੀ ਵਿਥਿਆ ਸੁਣੀ ਤਾਂ ਆਪ ਨੇ ਫ਼ੈਸਲਾ ਕਰ ਲਿਆ ਕਿ ਹੁਣ ਸਰਕਾਰੀ ਨੌਕਰੀ ਨਹੀਂ ਕਰਨੀ । ਆਪ ਛੁੱਟੀ ਕਟਕੇ ਵਾਪਸ ਛਾਉਣੀ ਵਿਚ ਚਲੇ ਗਏ, ਉਥੇ ਜਾ ਕੇ ਨਾਮ ਕਟਾਉਣ ਦੀ ਕੋਸ਼ਸ਼ ਕੀਤੀ ਪਰ ਅਫ਼ਸਰਾਂ ਨੇ ਇਹ ਗਲ ਪ੍ਰਵਾਨ ਨ ਕੀਤੀ। ਅਖੀਰ ਆਪ ਨੇ ਤਾਰ ਦੇਕੇ ਆਪਣੇ ਪਿਤਾ ਨੂੰ ਛਾਉਣੀ ਵਿਚ ਸਦਿਆ ਅਤੇ ਫ਼ੌਜੀ ਡਾਕਟਰ ਦੀ ਸਹਾਇਤਾ ਨਾਲ ਆਪਣਾ ਨਾਮ ਕਟਾ ਲਿਆ। ਆਪਣਾ ਸਾਰਾ ਸਾਮਾਨ ਗ੍ਰੀਬ ਗੁਰਬੇ ਨੂੰ ਵੰਡ ਤੰਡ ਕੇ ਪਿੰਡ ਆ ਗਏ। ਆਪ ਦੇ ਦਿਲ ਵਿਚ ਗੁਰਦੁਰਿਆਂ ਦੀ ਇਜ਼ਤ ਕਾਇਮ ਰਖਣ ਦਾ ਇੰਨਾ ਜੋਸ਼ ਸੀ ਕਿ ਸ੍ਰਕਾਰੀ ਨੌਕਰੀ ਨੂੰ ਲੱਤ ਮਾਰ ਕੇ ਆਪ ਸੇਵਾ ਦੇ ਮੈਦਾਨ ਵਿਚ ਆ ਕੁਦੇ।

ਜਿਸ ਵੇਲੇ ਭਾਈ ਲਛਮਣ ਸਿੰਘ ਨੇ ਧਾਰੋਵਾਲੀ ਪੋਲੀਟੀਕਲ ਦੀਵਾਨ ਰਖਿਆ ਤਾਂ ਆਪ ਨੇ ਲੰਗਰ ਲਈ ਰਸਦ ਇਕੱਠੀ ਕਰਕੇ ਖੜੀ ਅਤੇ ਬੜੇ ਉਤ-ਸ਼ਾਹ ਨਾਲ ਦੂਜੇ ਸੇਵਾਦਾਰਾਂ ਨਾਲ ਮਿਲਕੇ ਲੰਗਰ ਦੀ ਸੇਵਾ ਕਰਦੇ ਕਰਾਉਂਦੇ ਰਹੇ।

ਸ਼ਹੀਦੀ ਲਈ ਤਿਆਰੀ

ਇਸ ਜਲਸੇ ਵਿਚ ਜਦ ਲੀਡਰਾਂ ਨੇ ਮੁਲਕੀ ਹਾਲਤ ਨੂੰ ਸੁਧਾਰਨ ਤੇ ਗੁਰਦੁਆਰਾ ਸੁਧਾਰ ਲਹਿਰ ਦੇ ਪ੍ਰੋਗਰਾਮ ਦਸੇ ਤਾਂ ਆਪ ਦੇ ਹਿਰਦੇ ਵਿਚ ਹੋਰ ਭੀ ਉਤਸ਼ਾਹ ਉਤਪੰਨ ਹੋ ਗਿਆ। ਜਦ ਸ੍ਰੀ ਤਰਨ ਤਾਰਨ ਸਾਹਿਬ ਦਾ ਸਾਕਾ ਹੋ ਗੁਜਰਦਾ ਹੈ ਤਾਂ ਆਪ ਮਸਿਆ ਦੇ ਇਸ਼ਨਾਨ ਕਰਨ ਲਈ ਜਾਂਦੇ ਹਨ । ਉਥੇ ਪੁਜਾਰੀਆਂ ਦੀਆਂ ਵਧੀਕੀਆਂ ਅਤੇ ਸਿੰਘਾਂ ਦੀਆਂ ਨਿਸ਼ਕਾਮ ਕੁਰਬਾਨੀਆਂ ਦਾ

ਹਾਲ ਸੁਣਿਆ ਤਾਂ ਮਨ ਨੇ ਹੋਰ ਭੀ ਇਸ ਬੰਨੇ ਵਲ ਵਧੇਰੇ ਪਲਟਾ ਖਾਧਾ, ਤੇ ਆਪ ਪਿੰਡ ਆ ਗਏ। ਇਨ੍ਹਾਂ ਦਿਨਾਂ ਵਿਚ ਅਕਾਲੀ ਦਲ ਲਈ ਥਾਂ ਪਰ ਥਾਂ ਭਰਤੀ ਹੋ ਰਹੀ ਸੀ। ਆਪ ਨੇ ਇਸ ਸ਼ੁਭ ਕੰਮ ਲਈ ਜਿਸ ਜਿਸ ਸਜਣ ਨਾਲ ਆਪ ਦਾ ਸਬੰਧ ਸੀ ਉਸ ਨੂੰ ਭਰਤੀ ਕੀਤਾ। ਸਚੇ ਸੌਦੇ ਦੇ ਕਬਜ਼ੇ ਸਮੇਂ ਭਾਈ ਟਹਿਲ ਸਿੰਘ ਹੁਰਾਂ ਨਾਲ ਪੁਜ ਕੇ ਸੇਵਾ ਕੀਤੀ।

ਇਨ੍ਹਾਂ ਦਿਨਾਂ ਵਿਚ ਹੀ ਆਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕ ਲਿਆ। ਨੌਕਰ ਹੋਣ ਤੋਂ ਪਹਿਲਾਂ ੧੪ ਸਾਲ ਦੀ ਉਮਰ ਵਿਚ ਹੀ ਭਾਈ ਚੰਦਾ ਸਿੰਘ ਦੀ ਸਪੁਤ੍ਰੀ ਬੀਬੀ ਨਿਹਾਲ ਕੌਰ ਨਾਲ ਚੱਕ ਨੰ: ੩੮ ਦੇਵਾ ਸਿੰਘ ਵਾਲੇ ਵਿਚ ਸ਼ਾਦੀ ਹੋ ਚੁਕੀ ਸੀ। ਆਪ ਦੇ ਘਰ ਇਕ ਲੜਕੇ ਦਾ ਜਨਮ ਹੋਇਆ ਜੋ ਸੋਲਾਂ ਦਿਨਾਂ ਦਾ ਹੋ ਕੇ ਗੁਜ਼ਰ ਗਿਆ। ਸਾਕੇ ਤੋਂ ਇਕ ਸਾਲ ਪਹਿਲਾਂ ਬੀਬੀ ਗੁਰ ਕੌਰ ਦਾ ਜਨਮ ਹੋਇਆ ਸੀ।

ਆਪ ਸੁਭੱਾ ਦੇ ਗੁਰਮੁਖ ਅਤੇ ਸ਼ਕਲ ਸੂਰਤ ਦੇ ਸੁੰਦਰ ਜਵਾਨ ਸਨ। ੯ ਫੱਗਣ ਵਾਲੇ ਦਿਨ ਭਾਈ ਦਿਆਲ ਸਿੰਘ ਨੇ ਸੁਨੇਹਾ ਦਿਤਾ ਕਿ ਅਜ ਸ਼ਾਮ ਨੂੰ ਭਾਈ ਲਛਮਣ ਸਿੰਘ ਹੁਰਾਂ ਦਾ ਜਥਾ ਸ੍ਰੀ ਨਨਕਾਣੇ ਸਾਹਿਬ ਕਬਜ਼ੇ ਲਈ ਜਾਣਾ ਹੈ, ਆਪ ਤਿਆਰ ਹੋਣ ਲਗੇ ਤਾਂ ਪਿਤਾ ਨੇ ਇਹ ਗਲ ਆਖੀ ਕਿ ਹੁਣ ਨਾ ਜਾਓ ਜੇਹੜੀ ਤਾਰੀਖ਼ ਦੀਵਾਨ ਲਈ ਸ਼੍ਰੋ: ਗੁ: ਪ੍ਰ: ਕਮੇਟੀ ਨੇ ਮੁਕੱਰਰ ਕੀਤੀ ਹੈ ਉਸ ਤੇ ਜਾਣਾ, ਪਰ ਆਪ ਇਹ ਗਲ ਨਾ ਮੰਨੇ ਅਤੇ ਆਪਣੀ ਸਿੰਘਣੀ ਨੂੰ ਸਨੇਹਾ ਦਿਤਾ ਕਿ ਉਥੇ ਮਹੰਤ ਦਾ ਬੜਾ ਭਾਰਾ ਪ੍ਰਬੰਧ ਹੈ, ਅਸੀਂ ਸ਼ਾਇਦ ਜੀਉਂਦੇ ਨਾ ਆਈਏ, ਤੁਸੀਂ ਕਰਤਾਰ! ਕਰਤਾਰ!! ਜਪਣਾ ਅਤੇ ਹੌਂਸਲਾ ਰਖਣਾ। ਆਪ ਆਪਣੇ ਪਿੰਡ ਦੇ ਭਾਈ ਬੂੜ ਸਿੰਘ ਅਤੇ ਭਾਈ ਸੁਰੈਣ ਸਿੰਘ ਨੂੰ ਨਾਲ ਲੈ ਕੇ ਰਾਤ ਨੂੰ ਭਾਈ ਲਛਮਣ ਸਿੰਘ ਹੁਰਾਂ ਦੇ ਜਥੇ ਨੂੰ ਦੇਵਾ ਸਿੰਘ ਵਾਲੇ ਆ ਮਿਲੇ ਅਤੇ ਇਸੇ ਜਥੇ ਨਾਲ ਸ਼ਾਮਲ ਹੋ ਕੇ ੧੦ ਫਗਣ ਵਾਲੇ ਦਿਨ ਸਖ਼ਤ ਬੇ-ਰਹਿਮੀ ਨਾਲ ਸ੍ਰੀ ਜਨਮ ਅਸਥਾਨ ਅੰਦਰ ਸ਼ਹੀਦ ਕੀਤੇ ਗਏ *।

---

* ਆਪ ਦੇ ਪ੍ਰਵਾਰ ਨੇ ੧੮-੫-੨੧ ਨੂੰ ਕੇਵਲ ਇਕ ਵੇਰ ੨੫) ਰੁਪਏ ਸਹਾਇਤਾ ਲਏ।

ਭਾਈ ਬੂੜ ਸਿੰਘ ਜੀ

ਆਪ ਦਾ ਜਨਮ ਕੰਬੋਜ ਘਰਾਣੇ ਵਿਚ ਭਾਈ ਮਲ ਸਿੰਘ ਦੇ ਘਰ ਮਾਤਾ ਆਸ ਕੌਰ ਦੀ ਕੁਖੋਂ ੧੦ ਫਗਣ ਸੰ: ੧੯੫੨ ਬਿ: ਨੂੰ ਉਸ਼ੇਰਸਾਰ ਤੜਕੇ ਹੀ ਚਕ ਨੰ: ੮੦ ਮੂਲਾ ਸਿੰਘ ਵਾਲੇ ਵਿਚ ਹੋਇਆ। ਆਪ ਦਾ ਪਿਛਲਾ ਪਿੰਡ ਬਹੋੜੂ ਜ਼ਿਲਾ ਅੰਮ੍ਰਿਤਸਰ ਹੈ। ਸੰ: ੧੯੪੯ ਵਿਚ ਆਪ ਦੇ ਮਾਪੇ ਇਥੇ ਜ਼ਮੀਨ ਮਿਲਣ ਤੇ ਆ ਗਏ ਸਨ। ਆਪ ਨੇ ਤਿੰਨ ਜਮਾਤਾਂ ਸਕੂਲੇ ਪੜ੍ਹ ਕੇ ਫੇਰ ਗੁਰਦੁਆਰੇ ਵਿਚੋਂ ਗੁਰਮੁਖੀ ਪੜ੍ਹੀ ਅਤੇ ਬੜੇ ਸ਼ੌਕ ਨਾਲ ਗੁਰਬਾਣੀ ਪੜ੍ਹਣੀ। ਆਪ ਦੇ ਤਿੰਨ ਹੋਰ ਭਰਾ ਹਨ:—ਭਾਈ ਰੂੜ ਸਿੰਘ, ਭਾਈ ਚੰਦਾ ਅਤੇ ਭਾਈ ਗੰਡਾ ਸਿੰਘ। ਆਪ ਦਾ ਰੰਗ ਗੋਰਾ, ਗਲ੍ਹ ਤੇ ਕਾਲਾ ਖ਼ੂਬਸੂਰਤ ਤਿਲ ਅਤੇ ਸਜੇ ਹਥ ਦਾ ਅੰਗੂਠਾ ਛਾਂਙਾ ਸੀ। ਲੋਕਾਂ ਨਾਲ ਵਰਤੋਂ ਵਿਹਾਰ ਵਾਹਵਾ ਸੋਹਣਾ ਅਤੇ ਸੁਭੌ ਬੜਾ ਮਿੱਠਾ ਸੀ। ਜਦ ਜਵਾਨ ਹੋ ਗਏ ਤਾਂ ਭਾਈ ਖ਼ੁਸ਼ਹਾਲ ਸਿੰਘ ਦੀ ਸਪੁਤ੍ਰੀ ਬੀਬੀ ਰਾਜ ਕੌਰ ਨਾਲ ਫੇਰੂਮਾਨ ਜ਼ਿਲਾ ਅੰਮ੍ਰਿਤਸਰ ਵਿਚ ਸ਼ਾਦੀ ਹੋ ਗਈ। ਆਪ ਦੇ ਘਰ ਇਕ ਭੁਝੰਗੀ ਦਾ ਜਨਮ ਹੋਇਆ ਜੋ ਸਾਕੇ ਦੇ ਇਕ ਮਹੀਨਾ ਪਿਛੋਂ ਗੁਜ਼ਰ ਗਿਆ।

ਧਾਰੋਵਾਲੀ ਦੀਵਾਨ ਤੋਂ ਹੀ ਧਾਰਮਕ ਕੰਮਾਂ ਦੀ ਵਧੇਰੇ ਪਾਹ ਚੜ੍ਹ ਗਈ। ਖਰੇ ਸੌਦੇ ਕਬਜ਼ੇ ਸਮੇਂ ਗਏ ਤੇ ਉਥੇ ਹੀ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਕੇ ਸਿੰਘ ਸਜ ਗਏ।

ਭਾਈ ਦਹਿਲ ਸਿੰਘ ਦੀ ਪ੍ਰੇਰਨਾ ਨਾਲ ਆਪ ਭੀ ਸ੍ਰੀ ਨਨਕਾਣੇ ਸਾਹਿਬ ਦੇ ਕਬਜ਼ੇ ਲਈ ਤਿਆਰ ਹੋ ਪਏ ਅਤੇ ਆਪਣੇ ਨਗਰ ਦੇ ਦੂਜੇ ਦੋਹਾਂ ਸਾਥੀਆਂ ਨਾਲ ਜਾ ਕੇ ਆਪਣੇ ਜਨਮ-ਦਿਨ ਵਾਲੇ ਦਿਹਾੜੇ ਹੀ ੧੦ ਫਗਣ ਨੂੰ ਪ੍ਰਭਾਤ ਵੇਲੇ ਸ਼ਹੀਦੀ ਪ੍ਰਾਪਤ ਕੀਤੀ। ਆਪ ਦੇ ਵਾਰਸਾਂ ਨੇ ਕੋਈ ਪਿਨਸ਼ਨ ਯਾ ਕਰਜ਼ਾ ਉਤਾਰਨ ਲਈ ਕਮੇਟੀ ਪਾਸੋਂ ਸਹਾਇਤਾ ਨਹੀਂ ਲਈ ਹੈ।

ਭਾਈ ਸੁਰੈਣ ਸਿੰਘ ਜੀ

ਆਪ ਦਾ ਜਨਮ ਚੇਤ ਸੰ: ੧੯੫੨ ਬਿ: ਨੂੰ ਭਾਈ ਰਾਮ ਸਿੰਘ ਦੇ ਘਰ ਮਾਤਾ ਹੁਕਮ ਕੌਰ ਦੀ ਕੁਖੋਂ ਮੂਲਾ ਸਿੰਘ ਵਾਲੇ ਚਕ ਨੰ: ੮੦ ਜ਼ਿਲਾ ਸ਼ੇਖ਼ੂਪੁਰਾ ਵਿਚ ਹੋਇਆ। ਆਪ ਛੇ ਭੈਣ ਭਰਾ ਸਨ:—੧. ਭਾਈ ਦੇਵਾ ਸਿੰਘ, ੨. ਭਾਈ ਸੁਰੈਣ ਸਿੰਘ, ੩. ਭਾਈ ਨਰਾਇਣ ਸਿੰਘ, ੪. ਭਾਈ ਸੋਹਣ ਸਿੰਘ, ੫. ਭਾਈ ਅਮਰ ਸਿੰਘ, ੬. ਬੀਬੀ ਵੀਰ ਕੌਰ। ਧਰਮ ਸਾਲਾ ਵਿਚੋਂ ਹੀ ਭਾਈ ਸੁੰਦਰ ਸਿੰਘ ਗ੍ਰੰਥੀ ਪਾਸੋਂ ਗੁਰਮੁਖੀ ਪੜ੍ਹ ਲਈ। ਗੁਰਬਾਣੀ ਦੇ ਪਾਠ ਕਰਨ ਦਾ ਬੜਾ ਪ੍ਰੇਮ ਸੀ। ਆਪ ਦਾ ਰੰਗ ਗੋਰਾ, ਕਦ ਦਰਮਿਆਨਾ ਅਤੇ ਸਰੀਰ ਭਾਰਾ ਸੀ। ਦੇਵਾ ਸਿੰਘ ਵਾਲੇ ਅੰਮ੍ਰਿਤ ਪ੍ਰਚਾਰ ਹੋਇਆ ਤਾਂ ਆਪ ਨੇ ਅੰਮ੍ਰਿਤ ਛਕ ਲਿਆ। ਜਵਾਨ ਹੋ ਗਏ ਤਾਂ ਭਾਈ ਝੰਡਾ ਸਿੰਘ ਦੀ ਸਪੁਤ੍ਰੀ ਬੀਬੀ ਭਾਗ ਕੌਰ ਨਾਲ ਅਨੰਦ ਕਾਰਜ ਹੋ ਗਿਆ। ਸ਼ਹੀਦੀ ਹੋਣ ਦੇ ਤਿੰਨ ਮਹੀਨੇ ਬਾਦ ਕਾਕੇ ਦਲੀਪ ਸਿੰਘ ਦਾ ਜਨਮ ਹੋਇਆ।

ਲੋਕਾਂ ਨਾਲ ਵਰਤੋਂ ਵਿਹਾਰ ਤੇ ਮੇਲ ਗੇਲ ਬੜਾ ਪਿਆਰ ਭਰਿਆ ਸੀ। ਸੁਭੱਾ ਦੇ ਸੀਤਲ ਅਤੇ ਹੌਂਸਲੇ ਵਾਲੇ ਸਨ। ਹਲ ਵਾਹਉਂਦਿਆਂ ਭੀ ਨਿਤ ਨੇਮ ਦਾ ਪਾਠ ਬੜੇ ਉਤਸ਼ਾਹ ਨਾਲ ਕਰੀ ਜਾਣਾ। ਵਾਹੀ ਛਡ ਕੇ ਕੁਝ ਚਿਰ ਪਲਟਨ ਦੀ ਨੌਕਰੀ ਜਾ ਕੀਤੀ, ਪਰ ਫੇਰ ਨਾਮ ਕਟਾ ਆਏ ਤੇ ਮੁੜ ਆਪਣਾ ਉਹੋ ਪੁਰਾਣਾ ਕਿੱਤਾ ਹੀ ਸ਼ੁਰੂ ਕਰ ਦਿਤਾ। ੯ ਫਗਣ ਵਾਲੇ ਦਿਨ ਪਿੰਡ ਵਿਚ ਕਿਸੇ ਸਜਨ ਦੇ ਘਰ ਵਿਆਹ ਸੀ, ਆਪ ਉਥੇ ਸ਼ਬਦ ਪੜ੍ਹ ਰਹੇ ਸਨ। ਭਾਈ ਸੇਵਾ ਸਿੰਘ ਸੱਦਣ ਲਈ ਚਲੇ ਗਏ ਕਿ ਆਓ! ਸ੍ਰੀ ਨਨਕਾਣੇ ਸਾਹਿਬ ਦੀ ਸੇਵਾ ਲਈ ਸਦੇ ਆ ਗਏ ਹਨ! ਤਾਂ ਆਖਣ ਲਗੇ ਕਿ ਸ਼ਬਦ ਪੂਰਾ ਕਰ ਕੇ ਆਉਂਦੇ ਹਾਂ। ਸੰਗਤ ਵਿਚੋਂ ਉਠਣ ਲਗੇ ਤਾਂ ਸਿੰਘਾਂ ਨੇ ਆਖਿਆ ਕਿ ਭਾਈ ਜੀ! ਉਥੇ ਮਹੰਤ ਦਾ ਬੜਾ ਪ੍ਰਬੰਧ ਜੇ, ਉਥੇ ਸ਼ਹੀਦ ਹੋ ਜਾਓਗੇ, ਜੇ ਸ਼ਹੀਦ ਹੋਣ ਦੀ ਤਾਕਤ ਹੈ ਜੇ? ਤਾਂ ਘਰੋਂ ਪੈਰ ਬਾਹਰ ਕਢਣਾ ਨਹੀਂ ਤਾਂ ਇਥੇ ਹੀ ਸੁਖ ਲਓ; ਤਾਂ ਆਪ ਨੇ ਹਸ ਕੇ ਉਤਰ ਦਿਤਾ ਕਿ ਖ਼ਾਲਸਾ ਜੀ ਸਾਡੇ ਐਡੇ ਨਸੀਬ ਕਿਥੇ ਹਨ, ਜੋ ਸਤਿਗੁਰਾਂ ਦੇ ਪਵਿੱਤ੍ਰ ਚਰਨਾਂ ਵਿਚ ਸ਼ਹੀਦੀ ਪ੍ਰਾਪਤ ਹੋ ਜਾਵੇ,ਅਸਾਂ ਖਬਰੇ ਕੇਹੜੀ ਮੌਤੇ ਮਰਨਾ ਹੈ।

ਘਰ ਆ ਕੇ ਵੱਡੇ ਭਰਾ ਪਾਸੋਂ ਜਥੇ ਨਾਲ ਜਾਣ ਦੀ ਆਗਿਆ ਮੰਗੀ। ਉਨ੍ਹਾਂ ਨੇ ਆਖਿਆ ਕਿ ਸਾਡੀ ਪਰਸੋਂ ਪਾਣੀ ਦੀ ਵਾਰੀ ਹੈ, ਨ ਜਾਓ; ਤਾਂ ਆਪ ਨੇ ਉਤਰ ਦਿਤਾ ਕਿ ਭਰਾ ਜੀ! ਖ਼ਬਰੇ ਫੇਰ ਇਹ ਦਿਨ ਲਭਣਾ ਹੈ ਕਿ ਨਹੀਂ, ਤੁਸੀਂ ਮੈਨੂੰ ਜ਼ਰੂਰ ਜਾਣ ਦਿਓ। ਏਨੀ ਗਲ ਕਰਕੇ ਘਰੋਂ ਬਾਹਰ ਨਿਕਲ ਆਏ ਅਤੇ ਆਪਣੇ ਦੂਜੇ ਸਾਥੀਆਂ ਨਾਲ ਮਿਲਕੇ ਭਗਤ ਨਾਮ ਦੇਵ ਜੀ ਦਾ ਇਹ ਸ਼ਬਦ ਪੜ੍ਹਨ ਲਗ ਪਏ :—

"ਸੁਲਤਾਨੁ ਪੂਛੈ ਸੁਨ ਬੇ ਨਾਮਾ ॥ ਦੇਖਉ ਰਾਮ ਤੁਮਾਰੇ ਕਾਮਾ" ॥

ਇਥੋਂ ਆਪ ਦੇਵਾ ਸਿੰਘ ਵਾਲੇ ਪੁਜੇ ਤਾਂ ਜੱਥੇ ਦੇ ਸਭ ਸਿੰਘਾਂ ਨੇ ਕਾਲੇ ਦਸਤਾਰੇ ਸਜਾਏ ਹੋਏ ਸਨ। ਉਥੋਂ ਮੁੜ ਘਰ ਵਾਪਸ ਆ ਕੇ ਕਾਲਾ ਦਸਤਾਰਾ ਰੰਗ ਕੇ ਬੰਨ੍ਹ ਲਿਆ ਤੇ ਭਾਈ ਲਛਮਣ ਸਿੰਘ ਹੋਰਾਂ ਦੇ ਜਥੇ ਨੂੰ ਦੇਵਾ ਸਿੰਘ ਵਾਲੇ ਜਾ ਮਿਲੇ।

ਆਪ ਸ੍ਰੀ ਜਨਮ ਅਸਥਾਨ ਦੇ ਅੰਦਰ ਮਹੰਤ ਨਰੈਣ ਦਾਸ ਦੇ ਕਿਰਾਏ ਦੇ ਕਾਤਲਾਂ ਹੱਥੋਂ ਗੋਲੀਆਂ ਦਾ ਨਿਸ਼ਾਨਾ ਬਣਾਕੇ ਸ਼ਹੀਦ ਕੀਤੇ ਗਏ।*

ਨਜ਼ਾਮ ਪੁਰ ਚੇਲੇ ਵਾਲਾ

ਜ਼ਿਲਾ ਸ਼ੇਖ਼ੂਪੁਰਾ ਦੇ ਸ਼ਹੀਦ

੧੯ ਫ਼ਰਵਰੀ ਸੰ: ੧੯੨੧ ਈ: ਨੂੰ ਸ਼ਾਮ ਦੇ ਪੰਜ ਵਜੇ ਭਾਈ ਟਹਿਲ ਸਿੰਘ ਪਿੰਡ ਦੇਵਾ ਸਿੰਘ ਵਾਲੇ ਨੇ ਸੁਨੇਹਾ ਭੇਜਿਆ ਕਿ ਸ੍ਰੀ ਨਨਕਾਣਾ ਸਾਹਿਬ ਦੇ ਕਬਜ਼ੇ ਲਈ ਜਾਣਾ ਹੈ, ਜਿਨ੍ਹਾਂ ਸਿੰਘਾਂ ਨੇ ਨਾਮ ਲਿਖਾਏ ਹੋਏ ਹਨ, ਉਹ ਸ਼ਾਮ ਨੂੰ ਗੁਰਦੁਆਰੇ ਦੇਵਾ ਸਿੰਘ ਵਾਲੇ ਪੁੱਜ ਜਾਓ। ਸੋ ਇਸ ਪਿੰਡੋਂ ਅੱਠ ਬੰਦੇ ਤਿਆਰ ਹੋ ਕੇ ਤੁਰ ਪਏ, ਜਿਨ੍ਹਾਂ ਵਿਚੋਂ ੧. ਬਾਵਾ ਸੁੰਦਰ ਦਾਸ ਰੂੰਬੀ, ੨. ਭਾਈ ਦਿਆਲ ਸਿੰਘ, ੩. ਭਾਈ ਗੰਡਾ ਸਿੰਘ, ਤਿੰਨੇ ਤਾਂ ਬਚ ਰਹੇ ਅਤੇ ਬਾਕੀ ਪੰਜ ਸ਼ਹੀਦ ਹੋ ਗਏ।

---

* ਕਮੇਟੀ ਨੇ ਆਪ ਦੀ ਸੁਪਤਨੀ ਬੀਬੀ ਭਾਗੋ ਦੇ ਨਾਮ ਪਿੰਨਸ਼ਨ ਲਾ ਦਿਤੀ। ਜਿਸਦਾ ਜੋੜ ੨੫-੭-੨੨ ਤੋਂ ੧੭-੩-੨੪ ਤਕ ੫੪੮) ਰੁਪਏ ਬਣਦਾ ਹੈ। ੨੯-੩-੨੪ ਨੂੰ ਪਤੀ ਕਰ ਲੈਣ ਤੇ ਪਿੰਨਸ਼ਨ ਬੰਦ ਹੋ ਗਈ।

ਤੁਰਨ ਸਮੇਂ ਭਾਈ ਗੰਡਾ ਸਿੰਘ ਨੇ ਬੜੀ ਨਿਮਰਤਾ ਨਾਲ ਅਰਦਾਸਾ ਸੋਧਿਆ ਅਤੇ ਇਹ ਅੱਠ ਸਜਣ ਰਾਤ ਦੇ ਅਠ ਵਜੇ ਦੇਵਾ ਸਿੰਘ ਵਾਲੇ ਪੁਜ ਗਏ। ਉਥੇ ਗੁਰਦੁਆਰੇ ਵਿਚ ਲੰਗਰ ਵਰਤ ਰਿਹਾ ਸੀ ਅਤੇ ਲੋਕਾਂ ਦੇ ਆਉਣ ਜਾਣ ਦੀ ਬੜੀ ਗਹਿਮਾ-ਗਹਿਮ ਰੌਣਕ ਲਗੀ ਹੋਈ ਸੀ। ਭਾਈ ਟਹਿਲ ਸਿੰਘ ਜੀ ਭਾਈ ਲਛਮਣ ਸਿੰਘ ਹੋਰਾਂ ਦੀ ਉਡੀਕ ਵਿਚ ਪਿੰਡ ਦੇ ਬਾਹਰ ਖੜੋਤੇ ਸਨ। ਸਾਢੇ ਕੁ ਅੱਠ ਵਜੇ ਨਾਲ ਭਾਈ ਲਛਮਣ ਸਿੰਘ ਜੀ ੨੩ ਦਾ ਜਥਾ ਲੈਕੇ ਪੁਜ ਗਏ।

ਜਦ ਜਥਾ ਮੋਲਨ ਵਾਲੇ ਪੁਲ ਤੇ ਪੁੱਜਾ ਤਾਂ ਭਾਈ ਦਿਆਲ ਸਿੰਘ ਤੇ ਕੁਝ ਹੋਰ ਸਿੰਘ ਭਾਈ ਕਰਤਾਰ ਸਿੰਘ ਝੱਬਰ ਦੇ ਜਥੇ ਦਾ ਪਤਾ ਲੈਣ ਲਈ ਚੰਦਰ ਕੋਟ ਦੀ ਝਾਲ ਤੇ ਘਲੇ ਗਏ। ਇਹ ਸਜਨ ਜਦ ਚੰਦਰ ਕੋਟ ਦੀ ਝਾਲ ਤੇ ਪੁਜੇ, ਉਥੇ ਆਵਾਜ਼ਾਂ ਮਾਰੀਆਂ ਤਾਂ ਅਗੋਂ ਭਾਈ ਗੁਰਦਿਤ ਸਿੰਘ ਝੀਂਡੇ ਅਤੇ ਭਾਈ ਬੰਤਾ ਸਿੰਘ ਸਾਉਣਕਾ ਨੇ ਅਵਾਜ਼ਾਂ ਦਾ ਉਤ੍ਰ ਦਿਤਾ। ਇਹ ਘੋੜੀ ਬੰਨ੍ਹਕੇ ਨੀਵੇਂ ਥਾਂ ਮੁੱਦਿਆਂ ਵਿਚ ਬੈਠੇ ਸਨ। ਇਨ੍ਹਾਂ ਨੇ ਦੱਸਿਆ ਕਿ ਭਾਈ ਕਰਤਾਰ ਸਿੰਘ ਝੱਬਰ ਦਾ ਜਥਾ ਕੋਈ ਨਹੀਂ ਆਇਆ,ਕਿਉਂਕਿ ਸ਼੍ਰੋ: ਗੁ: ਪ੍ਰ: ਕਮੇਟੀ ਦਾ ਜਥੇ ਲੈ ਜਾਣ ਦਾ ਹੁਕਮ ਨਹੀਂ ਹੈ ਤੇ ਇਸ ਕਾਰਨ ਕਰਕੇ ਸਿੰਘਾਂ ਨੂੰ ਜਥੇ ਰੋਕਣ ਦਾ ਹੁਕਮ ਹੋਇਆ ਹੈ। ਉਨ੍ਹਾਂ ਪੁੱਛਿਆ ਕਿ ਤੁਹਾਡਾ ਜਥਾ ਕਿੱਥੇ ਹੈ ? ਇਨ੍ਹਾਂ ਨੇ ਦੱਸਿਆ ਕਿ ਉਹ ਤਾਂ ਸ੍ਰੀ ਨਨਕਾਣੇ ਸਾਹਿਬ ਨੂੰ ਚਲਾ ਗਿਆ ਹੈ; ਅਸੀਂ ਪੈਦਲ ਹਾਂ ਤੇ ਵਿਥ ਕਾਫ਼ੀ ਪੈ ਗਈ ਹੈ। ਪਿਛਲੀ ਰਾਤੇ ਹੁਣ ਚੰਦ ਭੀ ਅਸਤ ਚੁਕਾ ਹੈ ਤੇ ਪੈਦਲ ਜਾ ਕੇ ਆਦਮੀ ਉਨ੍ਹਾਂ ਨੂੰ ਹੁਣ ਰੋਕ ਨਹੀਂ ਸਕਦਾ ਹੈ, ਤੁਸੀਂ ਘੋੜੀ ਤੇ ਜਾਕੇ ਉਨ੍ਹਾਂ ਨੂੰ ਰੋਕੋ। ਇਨ੍ਹਾਂ ਆਖਿਆ ਕਿ ਸਾਡੀ ਇਥੇ ਡਿਉਟੀ ਲਗੀ ਹੋਈ ਹੈ। ਅਸੀਂ ਹੋਰ ਬਾਕੀ ਦੇ ਆਉਣ ਵਾਲਿਆਂ ਜਥਿਆਂ ਨੂੰ ਰੋਕਣਾ ਹੈ। ਤੁਸੀਂ ਇਕ ਜਣਾ ਘੋੜੀ ਤੇ ਜਾਓ ਤੇ ਉਨ੍ਹਾਂ ਨੂੰ ਰੋਕੋ,ਭਾਵੇਂ ਅਗੇ ਸ: ਰਾਮ ਸਿੰਘ ਝੰਡਿਆਂ ਵਾਲੇ, ਸ: ਵਰਿਆਮ ਸਿੰਘ ਗਰਮੂਲਾ ਅਤੇ ਸ: ਦਲੀਪ ਸਿੰਘ ਸਾਹੋਵਾਲ ਤੁਹਾਥੋਂ ਪਹਿਲਾਂ ਜਥੇ ਰੋਕਣ ਲਈ ਗਏ ਹੋਏ ਹਨ, ਪਰ ਸ਼ਾਇਦ ਉਨ੍ਹਾਂ ਪਾਸੋਂ ਜਥਾ ਖੁੰਜ ਜਾਵੇ ਤੇ ਐਵੇਂ ਰਾਹ ਜਾਂਦੀ ਬੰਦਿਆਂ ਦਾ ਵਣਾਂਹ ਹੋਵੇ, ਤੁਸੀਂ ਹੀਲਾ ਕਰੋ ਤੇ ਜਾਓ। ਬਾਕੀ ਸਾਰੇ ਤਾਂ ਦਿਨ ਚੜ੍ਹੇ ਤਕ ਉਥੇ ਹੀ ਬੈਠੇ ਰਹੇ,ਪਰ ਭਾਈ ਊਧਮ ਸਿੰਘ ਘੋੜੀ ਦੌੜਾ ਕੇ ਗਏ। ਰਾਤ ਹਨੇਰੀ ਹੋਣ ਕਰਕੇ ਇਹ ਰਾਹ ਭੁਲ ਗਏ ਤੇ ਖਜਲ ਖਵਾਰ ਹੁੰਦੇ ਰਹੇ।

ਦਿਨ ਦੇ ਚੰਗੇ ਚੜ੍ਹਾ ਨਾਲ ਜਦ ਇਹ ਦਰੀਏ ਦੀ ਟਿਬੀ ਦੇ ਨੇੜੇ ਪੁਜੇ ਤਾਂ ਅਗੋਂ ਗੋਲੀ ਚਲਣ ਦੀ ਅਵਾਜ਼ ਆ ਰਹੀ ਸੀ।

ਭਾਈ ਗੁੱਜਰ ਸਿੰਘ ਜੀ

ਆਪ ਦਾ ਜਨਮ ਭਾਈ ਝੰਡਾ ਸਿੰਘ ਦੇ ਘਰ ਮਾਤਾ ਸੋਭੀ ਦੀ ਕੁਖੋਂ ੧੧ ਭਾਦਰੋਂ ਉਸ਼ੇਰ ਕੁਕੜ ਦੀ ਪਹਿਲੀ ਬਾਂਗ ਨਾਲ ਸੰ: ੧੯੫੦ ਬਿ: ਵਿਚ ਹੋਇਆ। ਆਪ ਤਿੰਨ ਭਰਾ ਸਨ :– ੧. ਭਾਈ ਕਾਲਾ ਸਿੰਘ, ੨. ਭਾਈ ਗੁੱਜਰ ਸਿੰਘ, ੩. ਭਾਈ ਵਰਿਆਮ ਸਿੰਘ ਜੀ।

ਆਪ ਦਾ ਰੰਗ ਪੱਕਾ, ਕਦ ਲੰਮਾ, ਨਕਸ਼ ਸੋਹਣੇ, ਅਖਾਂ ਮੋਟੀਆਂ, ਸੁਭੱਾ ਦੇ ਸੀਤਲ ਤੇ ਹਸਮੁਖ ਸਨ। ਕਦੀ ਭੁਲ ਕੇ ਭੀ ਮਥੇ ਵੱਟ ਨਾ ਪਾਉਣਾ। ਛੇ ਫ਼ੁਟ ਭਰਵੇਂ ਜਵਾਨ ਸਨ। ਬਰਾਦਰੀ ਵਿਚ ਬੜਾ ਚੰਗਾ ਰਸੂਖ਼ ਤੇ ਮਾਣ ਸੀ। ਪਹਿਲਾਂ ਡੰਗਰ ਵਛਾ ਚਾਰਦੇ ਰਹੇ, ਵਡੇ ਹੋ ਕੇ ਵਾਹੀ ਕੀਤੀ।

ਜਵਾਨ ਹੋ ਗਏ ਤਾਂ ਭਾਈ ਖ਼ੁਸ਼ਹਾਲ ਸਿੰਘ ਦੀ ਸਪੁਤ੍ਰੀ ਬੀਬੀ ਸੁਖੀ ਨਾਲ ਵਡੀਆਂ ਥੋਥੀਆਂ ਵਿਚ ਸ਼ਾਦੀ ਹੋ ਗਈ। ਸਾਕੇ ਦੇ ਪਿਛੋਂ ਇਸ ਬੀਬੀ ਨੇ ਅੰਮ੍ਰਿਤ ਛਕ ਕੇ ਨਾਮ ਅਮਰ ਕੌਰ ਰਖਾ ਲਿਆ। ਭਾਈ ਹੁਰਾਂ ਦਾ ਸੁਪਤਨੀ ਨਾਲ ਬੜਾ ਪਿਆਰ ਸੀ। ਘਰ ਬਾਰ ਦੇ ਮੁਖ਼ਤਾਰੀ ਸਨ, ਕਿਉਂਕਿ ਸਾਰੇ ਭਰਾਵਾਂ ਵਿਚੋਂ ਆਪ ਦੀ ਬੁਧੀ ਬਹੁਤ ਚਤ੍ਰ ਸੀ।

ਵਿਆਹ ਤੋਂ ਅਠ ਕੁ ਸਾਲ ਪਿਛੋਂ ਬੀਬੀ ਠਾਕਰ ਕੌਰ, ਰਾਜ ਕੌਰ ਤੇ ਕਾਕੇ ਪ੍ਰੀਤਮ ਸਿੰਘ ਦਾ ਜਨਮ ਹੋਇਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਆਹ ਦੇ ਪਿਛੋਂ ਅੰਮ੍ਰਿਤ ਛਕਿਆ। ਭਗਤ ਕਬੀਰ ਅਤੇ ਫ਼ਰੀਦ ਜੀ ਦੇ ਸ਼ਲੋਕ ਬਹੁਤ ਸਾਰੇ ਜ਼ਬਾਨੀ ਯਾਦ ਸਨ ਗੁਰੂ ਘਰ ਨਾਲ ਬੜਾ ਪਿਆਰ ਸੀ। ਹਮੇਸ਼ਾ ਨਿਕੇ ਹੁੰਦਿਆਂ ਤੋਂ ਹੀ ਕਛਹਿਰਾ ਧਾਰਨ ਕੀਤਾ ਹੋਇਅਸੀ। ਇਲਾਕੇ ਵਿਚ ਜਿਥੇ ਕਿਤੇ ਧਾਰਮਕ ਦੀਵਾਨ ਹੋਣਾ ਬੜੀ ਖ਼ੁਸ਼ੀ ਨਾਲ ਸੌ ਕੰਮ ਛਡ ਕੇ ਭੀ ਉਥੇ ਪੁਜਣਾ। ਕੁਝ ਚਿਰ ਘੋੜਿਆਂ ਦਾ ਵਪਾਰ ਭੀ ਕਰਦੇ ਰਹੇ। ਭਾਈ ਲਛਮਣ ਸਿੰਘ ਧਾਰੋਵਾਲੀ ਨੇ ਜੋ ਜਲਸਾ ਕੀਤਾ ਸੀ, ਆਪ ਭੀ ਉਸ ਵਿਚ ਸ਼ਾਮਲ ਹੋਏ

ਤੇ ਉਥੋਂ ਹੀ ਆਪ ਦੇ ਖ਼ਿਆਲਾਂ ਵਿਚ ਪਲਟਾ ਆਉਣਾ ਸ਼ੁਰੂ ਹੋ ਗਿਆ। ਜਦ ਸ੍ਰੀ ਨਨਕਾਣੇ ਸਾਹਿਬ ਦੇ ਗੁਰਦੁਆਰੇ ਦੇ ਸੁਧਾਰ ਲਈ ਸਿੰਘਾਂ ਦੇ ਨਾਮ ਲਿਖੇ ਜਾਣ ਲਗੇ ਤਾਂ ਆਪ ਨੇ ਤੇ ਆਪ ਦੇ ਪਿਤਾ ਨੇ ਭੀ ਨਾਮ ਲਿਖਵਾ ਦਿਤਾ।

ਜਥੇ ਨਾਲ ਜਾਣ ਦੀ ਤਿਆਰੀ

੯ ਫਗਣ ਵਾਲੇ ਦਿਨ ਰਾਤ ਦੇ ਅਠ ਕੁ ਵਜੇ ਨਾਲ ਇਨ੍ਹਾਂ ਦੇ ਮਾਤਾ ਜੀ ਸੌਣ ਲਗੇ ਸਨ ਤਾਂ ਜਾ ਕੇ ਆਖਦੇ ਹਨ ਕਿ ਮਾਂ ਜੀ! ਮੈਂ ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦੀ ਜਥੇ ਨਾਲ ਚਲਿਆ ਹਾਂ। ਉਸ ਨੇ ਉਤ੍ਰ ਦਿਤਾ ਕਿ ਪੁਤ੍ਰਾ! ਤੇਰੇ ਪਿਉ ਨੇ ਨਾਮ ਲਿਖਾਇਆ ਹੋਇਆ ਹੈ, ਤੂੰ ਨ ਜਾ, ਉਸ ਨੂੰ ਜਾਣ ਦੇਹ, ਤਾਂ ਆਖਣ ਲਗੇ ਕਿ ਨਹੀਂ ਮਾਂ ਜੀ ਬੁਢੇ ਪਿਤਾ ਨੂੰ ਘਲ ਕੇ ਜਵਾਨ ਪੁੱਤ ਘਰ ਬਹਿ ਰਹਿਣ, ਇਹ ਗਲ ਚੰਗੀ ਨਹੀਂ ਲਗਦੀ। ਏਨੀਆਂ ਗਲਾਂ ਕਰਦਿਆਂ ਕਰਾਉਂਦਿਆਂ ਹੀ ਸੰਦੂਕ ਵਿਚੋਂ ਖੱਦਰ ਦਾ ਪਜਾਮਾ ਕਢ ਕੇ ਪਾ ਲਿਆ, ਤੇ ਗਲ ਪਟੀ ਦਾ ਕੋਟ ਪਾ ਲਿਆ। ਸਿੰਘਣੀ ਨੂੰ ਆਖਿਆ ਕਿ ਮੈਨੂੰ ਲਾਠੀ ਲਭ ਦੇਹ। ਉਸ ਨੇ ਆਖਿਆ ਕਿ ਮੈਂ ਏਸ ਵੇਲੇ ਲਾਠੀ ਲਭ ਕੇ ਨਹੀਂ ਦੇਣੀ ਹੈ। ਇਹ ਰਾਤ ਨੂੰ ਜਾਣ ਦਾ ਕੇਹੜਾ ਵੇਲਾ ਹੋਇਆ? ਮਾਂ ਨੇ ਆਖਿਆ ਕਿ ਬਚੀਏ! ਜਿਥੇ ਲਾਠੀ ਲੁਕਾਈ ਏ, ਲਭ ਕੇ ਦੇ ਦੇਹ, ਇਸ ਨੇ ਕੇਹੜਾ ਹੁਣ ਰਹਿ ਪੈਣਾ ਹੈ, ਰਾਹ ਵਿਚ ਇਕ ਵੇਲੇ ਸੌ ਕੁੱਤਾ ਬਿੱਲਾ ਟਕਰ ਪੈਂਦਾ ਹੈ। ਪਰ ਉਸ ਨੇ ਅਗੋਂ ਕੋਈ ਹੁੰਗਾਰਾ ਨਾ ਭਰਿਆ; ਤਾਂ ਇਨ੍ਹਾਂ ਨੇ ਕੋਸ਼ਸ਼ ਕਰਕੇ ਆਪੇ ਹੀ ਲਾਠੀ ਲਭ ਕੇ ਹਥ ਵਿਚ ਫੜ ਲਈ ਤੇ ਖੰਗੂਰਾ ਮਾਰ ਕੇ ਘਰੋਂ ਬਾਹਰ ਨਿਕਲ ਪਏ। ਅਗੋਂ ਬੂਹਿਓਂ ਬਾਹਰ ਨਿਕਲਦਿਆਂ ਨੂੰ ਪਿਤਾ ਜੀ ਮਿਲ ਪੈਂਦੇ ਹਨ। ਉਹ ਆਖਦੇ ਹਨ ਕਿ ਤੂੰ ਨ ਜਾਹ, ਮੈਂ ਜਾਵਾਂਗਾ, ਸਾਰੇ ਟਬਰ ਹੀ ਤੁਰ ਪੈਣਾ ਹੈ; ਤਾਂ ਅਗੋਂ ਉਤ੍ਰ ਦਿਤਾ ਕਿ ਭਾਣਾ ਜੇਹੜਾ ਵਰਤਣਾ ਹੈ ਵਰਤ ਹੀ ਜਾਣਾ ਹੈ, ਮੈਂ ਨਹੀਂ ਰੁਕ ਸਕਦਾ। ਇਹ ਗਲਾਂ ਕਰ ਹੀ ਰਹੇ ਹਨ ਜੋ ਮਾਤਾ ਭੀ ਅੰਦਰੋਂ ਨਿਕਲ ਕੇ ਵੇਹੜੇ ਵਿਚ ਆ ਗਈ ਤੇ ਆਖਦੀ ਹੈ ਕਿ ਪੁਤ੍ਰ! ਨ ਜਾਹ, ਮੈਂ ਬਿਰਧ ਹਾਂ, ਮੇਰੇ ਵਿਚ ਹੁਣ ਰੋਣ ਧੋਣ ਦੀ ਭੀ ਤਾਕਤ ਨਹੀਂ ਰਹੀ; ਤਾਂ ਆਖਣ ਲਗੇ ਕਿ ਮਾਂ! ਰੋਣਾ ਹੀ

ਗੁਰਮੁਖ ਪਿਆਰੇ

ਭਾਈ ਚੰਦਾ ਸਿੰਘ ਜੀ ਸ਼ਹੀਦ

ਸੇਵਕ ਹੋਇ ਸੰਜੀਦ ਨ ਹਸਣ ਰੋਵਣਾ ।
ਚੰਦ ਮੁਮਾਰਖ ਈਦ ਪੁਗ ਖਲਵਣਾ ।



ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰ ਜਾਣੈ ਐਸਾ ਕੋਇ ।
ਜੇਕਰਿ ਸਾਹਿਬ ਮਨਹੁ ਨ ਵੀਸਰੈ ਤਾ ਸਹਲਾ ਮਰਣਾ ਹੋਇ ।

ਕਿਉਂ ਹੋਇਆ। ਅਸੀਂ ਧਰਮ ਵਾਸਤੇ ਚਲੇ ਹਾਂ, ਜੇਕਰ ਮੈਨੂੰ ਏਥੇ ਕੁਝ ਹੋ ਗਿਆ ਤਾਂ ਕੀ ਕਰੇਂਗੀ ? ਮਾਤਾ ਨੇ ਆਪਣੇ ਵਡੇ ਪੁਤ੍ਰ ਕਾਲਾ ਸਿੰਘ ਨੂੰ ਆਖਿਆ ਕਿ ਭਰਾ ਨੂੰ ਰੋਕਦਾ ਕਿਉਂ ਨਹੀਂ। ਉਸ ਨੇ ਉਤ੍ਰ ਦਿਤਾ ਕਿ ਮਾਈ ਜੀ ! ਕੋਈ ਡਰ ਨਹੀਂ, ਸਗੋਂ ਮੈਂ ਭੀ ਜਾਣਾ ਸੀ, ਪਰ ਤੁਸੀਂ ਏਸ ਦੇ ਹੀ ਗਲ ਗਲਾਵਾਂ ਪਾਈ ਬੈਠੇ ਜੇ। ਇਹ ਨਜ਼ਾਰਾ ਵੇਖਣ ਹੀ ਵਾਲਾ ਹੈ, ਜਾਣ ਦਿਓ, ਬਹੁਤੇ ਖਹਿੜੇ ਨ ਪਓ। ਏਨੇ ਚਿਰ ਨੂੰ ਸਿੰਘਣੀ ਭੀ ਆ ਗਈ ਤੇ ਆਖਣ ਲਗੀ ਕਿ ਅੱਛਾ ਭਲਾ ਪ੍ਰਸ਼ਾਦੇ ਤੇ ਲੈ ਜਾਓ ਤਾਂ, ਆਖਣ ਲਗੇ ਕਿ ਹੁਣ ਸਾਨੂੰ ਪ੍ਰਸ਼ਾਦਿਆਂ ਦੀ ਲੋੜ ਨਹੀਂ, ਇਕ ਡੰਗ ਨ ਖਾਧੇ ਤਾਂ ਕੇਹੜੀ ਆਖਰ ਆ ਚਲੀ ਏ, ਕੋਈ ਲੂਣ ਥੋਹੜੇ ਆਂ ਗਲ ਜਾਵਾਂਗੇ। ਨਾਲ ਦੇ ਸਾਥੀ ਦੇਵਾ ਸਿੰਘ ਵਾਲੇ ਪੁਜ ਗਏ ਸਨ ਅਤੇ ਆਪ ਇਹ ਸਾਰੀਆਂ ਗਲਾਂ ਬਾਤਾਂ ਕਰਕੇ ਪਿਛੋਂ ਭਜ ਕੇ ਭੁਖਣ ਭਾਣੇ ਹੀ ਉਨ੍ਹਾਂ ਨੂੰ ਜਾ ਮਿਲੇ ਅਤੇ ੧੦ ਫਗਣ ਵਾਲੇ ਦਿਨ ਭਾਈ ਲਛਮਣ ਸਿੰਘਜੀ ਦੇ ਜਥੇ ਨਾਲ ਸਖ਼ਤ ਬੇਦਰਦੀ ਨਾਲ ਸ਼ਹੀਦ ਕੀਤੇ ਗਏ।*

ਭਾਈ ਚੰਦਾ ਸਿੰਘ ਜੀ

ਆਪ ਦਾ ਜਨਮ ਭਾਈ ਕਾਹਨ ਸਿੰਘ ਦੇ ਪੁਤ੍ਰ ਭਾਈ ਹੁਕਮ ਸਿੰਘ ਦੇ ਘਰ ੯ ਸਾਵਣ ਸੰ: ੧੯੪੨ ਬਿ: ਨੂੰ ਮਾਤਾ ਨੰਦ ਕੌਰ ਦੀ ਕੁਖੋਂ ਬੁਧਵਾਰ ਦੁਪਹਿਰ ਵੇਲੇ ਨਿਜ਼ਾਮਪੁਰ, ਜ਼ਿਲਾ ਅੰਮ੍ਰਿਤਸਰ ਵਿਚ ਹੋਇਆ।

ਆਪ ਤਿੰਨ ਭਰਾ ਸਨ:—੧. ਚੰਦਾ ਸਿੰਘ, ੨, ਭਾਈ ਆਸਾ ਸਿੰਘ, ਅਤੇ ੩. ਭਾਈ ਰੰਗਾ ਸਿੰਘ ਜੀ। ਇਨ੍ਹਾਂ ਵਿਚੋਂ ਭਾਈ ਆਸਾ ਸਿੰਘ ਤਾਂ ਸ਼ਾਦੀ ਕਰਾ ਕੇ ੧੮ ਸਾਲ ਦੀ ਉਮਰ ਵਿਚ ਚਲਾਣਾ ਕਰ ਗਏ ਅਤੇ ਭਾਈ ਰੰਗਾ ਸਿੰਘ ਜੀ ਇਨ੍ਹਾਂ ਦੇ ਨਾਲ ਹੀ ਸ਼ਹੀਦ ਹੋ ਗਏ।

੧੨ ਸਾਲ ਦੀ ਉਮਰ ਵਿਚ ਭਾਈ ਗੁਰਦਿਤ ਸਿੰਘ ਦੀ ਸਪੁਤ੍ਰੀ ਬੀਬੀ ਹੁਕਮ ਕੌਰ ਨਾਲ ਪਿੰਡ ਜਹਾਂਗੀਰ ਜ਼ਿਲਾ ਲਾਇਲਪੁਰ ਵਿਚ ਸ਼ਾਦੀ ਹੋ ਗਈ। ਵਿਵਾਹ ਤੋਂ ਨੌਂ ਸਾਲ ਪਿਛੋਂ ੧. ਭਾਈ ਹਰਨਾਮ ਸਿੰਘ, ੨. ਭਾਈ ਕਰਤਾਰ

---

* ਕਮੇਟੀ ਨੇ ਆਪ ਦੀ ਸੁਪਤਨੀ ਬੀਬੀ ਸੁਖੀ ਅਤੇ ਮਾਤਾ ਸੋਭੀ ਦੇ ਨਾਮ ਪਿਨਸ਼ਨ ਲਾ ਦਿਤੀ। ੨੦-੧੧-੨੧ ਤੋਂ ੩੦-੪-੩੮ ਤਕ ਜੋੜ ੧੯੦੬) ਰੁਪਏ ਬਣਦਾ ਹੈ।

ਸਿੰਘ, ੩. ਭਾਈ ਅਮਰ ਸਿੰਘ ਅਤੇ ੪. ਬੀਬੀ ਹਰਨਾਮ ਕੌਰ ਦਾ ਜਨਮ ਹੋਇਆ ਸ਼ਹੀਦੀ ਸਮੇਂ ਵਡਾ ਕਾਕਾ ੯ ਸਾਲ, ਛੋਟਾ ਸਤ ਸਾਲ ਤੇ ਬੀਬੀ ਪੰਜ ਸਾਲ ਦੀ ਸੀ।

ਆਪ ਚੌਦਾਂ ਸਾਲ ਦੀ ਉਮਰ ਵਿਚ ਕਮਾਦ ਵਢ ਰਹੇ ਸਨ ਅਤੇ ਪੈਰ ਤੇ ਟੋਕਾ ਵਜ ਕੇ ਅਡੀ ਵਢੀ ਗਈ, ਜਿਸ ਦੇ ਕਾਰਨ ਆਪ ਡੰਗਰ ਵਛਾ ਤਾਂ ਛਡ ਨਹੀਂ ਸਕਦੇ ਸਨ ਅਤੇ ਨ ਹੀ ਕੋਈ ਹੋਰ ਕੰਮ ਕਾਜ ਕਰ ਸਕਦੇ ਸਨ। ਘਰ ਦੇ ਬੰਦਿਆਂ ਨੇ ਚੁਕ ਕੇ ਗੁਰਦੁਆਰੇ ਛਡ ਆਇਆ ਕਰਨਾ ਤੇ ਉਥੇ ਬੈਠ ਕੇ ਆਪ ਨੇ ਗ੍ਰੰਥੀ ਸਿੰਘ ਪਾਸੋਂ ਗੁਰਮੁਖੀ ਪੜ੍ਹਦੇ ਰਹਿਣਾ। ਦਿਮਾਗ਼ ਦੇ ਬੜੇ ਜ਼ਹੀਨ ਸਨ। ਅਡੀ ਰਾਜ਼ੀ ਹੋਣ ਤਕ ਆਪ ਨੇ ਪੰਜ ਗ੍ਰੰਥੀ ਦਾ ਚੰਗਾ ਸਰਲ ਪਾਠ ਕਰ ਲਿਆ ਤੇ ਫੇਰ ਪੜ੍ਹਣ ਦੀ ਅਜਿਹੀ ਲਟਕ ਲਗੀ ਜੋ ਪੜ੍ਹਣਾ ਆਪ ਦੀ ਜ਼ਿੰਦਗੀ ਦਾ ਇਕ ਅਮਲ ਹੀ ਬਣਿਆ ਰਿਹਾ। ਸਹਿਜੇ ਸਹਿਜੇ ਆਪ ਮਹਾਰਾਜ ਦੇ ਚੰਗੇ ਸਰਲ ਪਾਠੀ ਹੋ ਗਏ।

ਨਿੱਕੇ ਹੁੰਦੇ ਡੰਗਰ ਵੱਛਾ ਚਾਰਦੇ ਰਹੇ ਅਤੇ ਵਡੇ ਹੋ ਕੇ ਵਾਹੀ ਦੱਥੇ ਦਾ ਕੰਮ ਕਾਜ ਕਰਦੇ ਰਹੇ। ਆਪ ਦਾ ਗੁਰੂ ਘਰ ਨਾਲ ਬੜਾ ਪਿਆਰ ਸੀ। ਜਿਥੇ ਕਿਤੇ ਭੀ ਇਲਾਕੇ ਵਿਚ ਧਾਰਮਕ ਦੀਵਾਨ ਲਗਣਾ, ਆਪ ਬੜੇ ਚਾਂ ਤੇ ਉਤਸ਼ਾਹ ਨਾਲ ਸੁਣਨ ਜਾਇਆ ਕਰਨਾ।

ਆਪ ਸਰੀਰ ਦੇ ਪਤਲੇ ਅਤੇ ਕਦ ਦੇ ਸਾਢੇ ਪੰਜ ਫ਼ੁੱਟ ਉੱਚੇ ਜਵਾਨ ਸਨ। ਰੰਗ ਕਣਕ-ਭਿੰਨਾ ਤੇ ਹਸ-ਮੁਖ ਸਡੌਲ ਚਿਹਰਾ ਮੋਹਰਾ ਸੀ। ਸੁਭਾਂ ਦੇ ਅਜਿਹੇ ਸੀਤਲ ਸਨ ਕਿ ਕਦੇ ਭੁਲਕੇ ਭੀ ਮਥੇ ਤਿਉੜੀ ਨਹੀਂ ਪਾਈ ਸੀ।

ਸ਼ਹੀਦੀ ਲਈ ਤਿਆਰੀ

ਆਪ ਦਾ ਜੀਵਨ ਬੜਾ ਹੀ ਅਸਚਰਜ ਜਿਹਾ ਸੀ। ਬੰਦਾ ਬਹਾਦਰ ਬੜੀ ਰੀਝ ਤੇ ਪ੍ਰੀਤ ਨਾਲ ਪੜ੍ਹਕੇ ਸੁਣਾਇਆ ਕਰਨਾ। ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਲਿਆਕੇ ਦੀਵਾਨ ਸਜਾਉਣੇ ਤੇ ਧਾਰਮਕ ਪ੍ਰਚਾਰ ਦਾ ਪ੍ਰਵਾਹ ਚਲਾ ਦੇਣਾ।

ਇਨ੍ਹਾਂ ਦਿਨਾਂ ਵਿਚ ਮਹੰਤਾਂ ਦੀਆਂ ਗੁਰਦੁਆਰਿਆਂ ਵਿਚ ਕੁਰੀਤੀਆਂ

ਕਰਨ ਦੀਆਂ ਥਾਂ ਥਾਂ ਚਰਚਾਵਾਂ ਚਲ ਰਹੀਆਂ ਸਨ। ਸਿੰਘਾਂ ਵਲੋਂ ਮਹੰਤਾਂ ਦੇ ਬਰਖਿਲਾਫ਼ ਕੀਤੇ ਗਏ ਮੁਕੱਦਮਿਆਂ ਦੇ ਫ਼ੈਸਲੇ ਸਿੰਘਾਂ ਦੇ ਉਲਟ ਹੋ ਰਹੇ ਸਨ। ਜਿਸ ਕਰਕੇ ਇਨ੍ਹਾਂ ਗਲਾਂ ਉਤੇ ਅਕਾਲੀ ਅਖ਼ਬਾਰ ਵਿਚ ਕੌਮ ਨੂੰ ਟੁੰਬਣ ਵਾਲੇ ਜੁਸ਼ੀਲੇ ਲੇਖ ਛਪ ਰਹੇ ਸਨ ਤੇ ਇਸ ਪ੍ਰਬੰਧ ਸੁਧਾਰ ਲਈ 'ਅਕਾਲੀ' ਵਿਚ ਗੁ: ਰਕਾਬ ਗੰਜ ਦਿੱਲੀ ਦੀ ਢਾਹੀ ਗਈ ਕੰਧ ਲਈ ਸੌ ਸਿੰਘਾਂ ਲਈ ਅਪੀਲ ਛਪੀ, ਜਿਸ ਲਈ ਆਪ ਨੇ ਭਾਈ ਟਹਿਲ ਸਿੰਘ ਦੇ ਨਾਲ ਹੀ ਆਪਣਾ ਨਾਮ ਭੀ ਦੇ ਦਿਤਾ। ਉਥੇ ਜਾਣ ਦੇ ਸੱਦੇ ਦੀ ਉਡੀਕ ਹੀ ਕਰ ਰਹੇ ਸਨ ਜੋ ਭਾਈ ਲਛਮਣ ਸਿੰਘ ਨੇ ਧਾਰੋਵਾਲੀ ਰਾਜਸੀ ਦੀਵਾਨ ਰਖ ਦਿਤਾ ਜਿਸ ਨੇ ਸਾਰੇ ਇਲਾਕੇ ਵਿਚ ਰੂਹ ਫੂਕ ਦਿਤੀ। ਆਪ ਭੀ ਇਸ ਦੀਵਾਨ ਤੇ ਸੇਵਾ ਕਰਨ ਗਏ ਹੋਏ ਸਨ, ਉਥੇ ਮੁਲਕੀ ਆਗੂਆਂ ਦੇ ਖਿਆਲ ਸੁਣ ਕੇ ਆਪ ਹੋਰ ਭੀ ਦ੍ਰਿੜ੍ਹ ਹੋ ਗਏ। ਇਸੇ ਦੀਵਾਨ ਤੇ ਸਿਆਲਕੋਟ ਬਾਬੇ ਦੀ ਬੇਰ ਦੇ ਕਬਜ਼ੇ ਲਈ ਅਪੀਲ ਹੋਈ ਤਾਂ ਆਪ ਨੇ ਭਾਈ ਟਹਿਲ ਸਿੰਘ ਹੁਰਾਂ ਨੂੰ ਆਖਿਆ ਕਿ ਆਪ ਇਥੋਂ ਹੋ ਆਓ ਮੈਂ ਤਾਂ ਤੁਹਾਡੇ ਨਾਲ ਦਿੱਲੀ ਗੁਰਦੁਆਰੇ ਦੀ ਸੇਵਾ ਲਈ ਚਲਾਂਗਾ। ਥੋੜੇ ਚਿਰ ਪਿੱਛੋਂ ਸ੍ਰਕਾਰ ਨੇ ਆਪਣੀ ਭੁਲ ਮੰਨਕੇ ਗੁਰਦੁਆਰਾ ਰਕਾਬ ਗੰਜ ਦਿਲੀ ਦੀ ਕੰਧ ਬਣਾਉਣੀ ਮੰਨ ਲਈ ਅਤੇ ਅਕਾਲੀ ਲਹਿਰ ਦਾ ਭਰ ਜੋਬਨ ਤੇ ਪ੍ਰਚਾਰ ਸ਼ੁਰੂ ਹੋ ਗਿਆ ਤਾਂ, ਆਪ ਨੇ ਭੀ ਅਕਾਲੀ ਦਲ ਦੀ ਭਰਤੀ ਵਿਚ ਆਪਣੇ ਪਿੰਡ ਦੇ ਜਥੇ ਵਿਚ ਨਾਮ ਲਿਖਾ ਦਿਤਾ। ੯ ਫਗਣ ਵਾਲੇ ਦਿਨ ਜਦ ਭਾਈ ਲਛਮਣ ਸਿੰਘ ਧਾਰੋਵਾਲੀ ਤੋਂ ਜਥਾ ਲੈ ਕੇ ਨਜ਼ਾਮਪੁਰ ਦੇਵਾ ਸਿੰਘ ਵਾਲੇ ਥਾਣੀ ਲੰਘਣ ਲਗੇ ਤਾਂ ਉਸ ਦਿਨ ਆਪ ਦੋਵੇਂ ਭਰਾ ਪਾਣੀ ਦੀ ਵਾਰੀ ਲਾ ਕੇ ਆਏ ਸਨ। ਘਰੋਂ ਸਿੰਘਣੀ ਨੇ ਰੋਕਿਆ ਕਿ ਤੁਸੀਂ ਨ ਜਾਓ, ਪਾਣੀ ਦੇ ਥਕੇ ਹੋਏ ਆਏ ਹੋ ਤੇ ਇਹ ਪੈਂਡਾ ਕਿਵੇਂ ਕਰੋਗੇ? ਆਪ ਨੇ ਆਖਿਆ ਕਿ ਅਸੀਂ ਨਾਮ ਲਿਖਾ ਚੁਕੇ ਹਾਂ, ਸਿੰਘ ਦਾ ਧਰਮ ਨਹੀਂ ਹੈ ਕਿ ਬਚਨ ਕਰਕੇ ਖਿਸਕ ਜਾਏ।

ਅਸੀਂ ਇਹ ਤਿੰਨ ਕਾਲ ਮੰਨਣ ਲਈ ਤਿਆਰ ਨਹੀਂ ਹਾਂ। ਅੰਮ੍ਰਿਤ ਛਕਣ ਸਮੇਂ ਜਦ ਸੀਸ ਗੁਰੂ ਦੇ ਅਰਪਨ ਕਰ ਚੁਕੇ ਹਾਂ ਤਾਂ ਅਜ ਨਾਂਹ ਨਾਂਹ ਕਰਨ ਦਾ ਕੀ ਮਤਲਬ ਹੈ? ਨਵੇਂ ਕਪੜੇ ਕਢਕੇ ਪਹਿਨ ਲਏ ਤੇ ਖੰਗੂਰਾ ਮਾਰਕੇ ਤਿਆਰ ਹੋ ਪਏ। ਫੇਰ ਪਿਛਾਂਹ ਮੁੜਕੇ ਦੁੱਧ ਦਾ ਛੰਨਾ ਭਰਕੇ ਪੀਣ ਲਗ ਪਏ।

ਏਨੇ ਨੂੰ ਭਾਈ ਸੰਤਾ ਸਿੰਘ ਨੇ ਆਕੇ ਆਵਾਜ਼ ਮਾਰੀ ਤੇ ਇਨ੍ਹਾਂ ਆਖਿਆ ਕਿ ਭਾਈ ਜੀ ਆਓ ਦੁੱਧ ਪੀ ਲਓ, ਤਾਂ ਉਨ੍ਹਾਂ ਨੇ ਅਗੋਂ ਉਤਰ ਦਿਤਾ ਕਿ ਮੈਂ ਦੁੱਧ ਘਰੋਂ ਹੀ ਪੀ ਆਇਆ ਹਾਂ। ਇਨ੍ਹਾਂ ਦੀ ਸਿੰਘਣੀ ਨੇ ਆਖਿਆ ਕਿ ਰਾਜਾ ਜੀ— ਦੁੱਧ ਪੀਕੇ ਰਾਤ ਪੈਂਡੇ ਨਹੀਂ ਪਈਦਾ, ਔਗੁਣ ਹੁੰਦਾ ਹੈ। ਇਨ੍ਹਾਂ ਨੇ ਅਗੋਂ ਉਤਰ ਦਿਤਾ ਕਿ ਬੀਬੀ ਜੀ ਕੋਈ ਗਲ ਨਹੀਂ, ਅਸੀਂ ਸ਼ਹੀਦੀਆਂ ਲਈ ਚਲੇ ਹਾਂ, ਪਿੱਛੋਂ ਸ਼ਹੀਦਾਂ ਦੇ ਅਸਥਾਨ ਤੇ ਹਮੇਸ਼ਾਂ ਰਹਿੰਦੀ ਦੁਨੀਆਂ ਤਕ ਦੁੱਧ ਹੀ ਚੜ੍ਹਦਾ ਰਿਹਾ ਕਰਨਾ ਹੈ।

ਸਿੰਘਣੀ ਨੂੰ ਆਖਿਆ ਕਿ ਲਓ ਅਸੀਂ ਚਲੇ ਹਾਂ, ਵਾਹਿਗੁਰੂ ਅਕਾਲ ਪੁਰਖ ਵਲੇ ਧਿਆਨ ਰਖਣਾ। ਉਸੇ ਦਾ ਸਭ ਨੂੰ ਸਹਾਰਾ ਤੇ ਆਸਰਾ ਪਰਨਾ ਹੈ। ਮੁਰੱਬੇ ਫੇਰਾ ਤੋਰਾ ਮਾਰਨ ਲਈ ਜਾਇਆ ਕਰਨਾ ਤੇ ਬਲਦ ਮਾੜੇ ਨਾ ਹੋ ਜਾਣ। ਇਨ੍ਹਾਂ ਦੀ ਚੰਗੀ ਸੰਭਾਲ ਰਖਿਆ ਜੇ। ਵਡੇ ਲੜਕੇ ਨੂੰ ਪਿਆਰ ਦਿਤਾ ਤੇ ਆਖਿਆ ਕਿ ਮਾਂ ਦੀ ਚੰਗੀ ਤਰ੍ਹਾਂ ਸੇਵਾ ਕਰਿਆ ਕਰਨੀ। ਸਾਨੂੰ ਤੇ ਹੁਣ ਜਾਪਦਾ ਹੈ ਕਿ ਗੁਰੂ ਕੇ ਲੇਖੇ ਹੀ ਲੱਗਾਂਗੇ। ਏਨੀਆਂ ਗੱਲਾਂ ਕਰ ਹੀ ਰਹੇ ਹਨ ਕਿ ਵੇਹੜੇ ਵਿਚੋਂ ਬਾਹਰ ਨਿਕਲ ਦਿਆਂ ਨੂੰ ਦੂਜਾ ਭਰਾ ਭਾਈ ਗੰਗਾ ਸਿੰਘ ਜੀ ਭੀ ਮਿਲ ਪਿਆ ਤੇ ਇਹ ਸੰਤ ਸਪਾਹੀਆਂ ਦੀ ਜੋੜੀ ਦੂਜੇ ਪਿੰਡ ਦੇ ਸਾਥੀਆਂ ਨਾਲ ਰਲ ਕੇ ਦੇਵਾ ਸਿੰਘ ਵਾਲੇ ਪੁਜ ਗਈ। ਉਥੇ ਜਾ ਕੇ ਭਾਈ ਲਛਮਣ ਸਿੰਘ ਦੇ ਜਥੇ ਨਾਲ ਸ਼ਾਮਲ ਹੋ ਕੇ ੨੦ ਫ਼ਰਵਰੀ ਸੰ: ੧੯੨੧ ਈ: ਵਾਲੇ ਦਿਨ ਸ੍ਰੀ ਜਨਮ ਅਸਥਾਨ ਦੇ ਅੰਦਰ ਜ਼ਾਲਮਾਂ ਦੀਆਂ ਗੋਲੀਆਂ ਦੇ ਨਿਸ਼ਾਨਿਆਂ ਨਾਲ ਫ਼ੁੰਡੇ ਗਏ। ਪਾਪੀਆਂ ਨੇ ਕੇਸਾਂ ਤੋਂ ਧੂਹ ਧੂਹ ਕੇ ਇਕ ਥਾਂ ਦੇਹੀਆਂ ਇਕੱਠੀਆਂ ਕਰਕੇ ਮੁਰਦੇ ਖ਼ਰਾਬ ਕਰਕੇ ਸ਼ਹੀਦਾਂ ਦੀ ਸਖ਼ਤ ਨਿਰਾਦਰੀ ਕੀਤੀ ਅਤੇ ਇਸ ਦੇ ਪਿਛੋਂ ਮਿੱਟੀ ਦਾ ਤੇਲ ਪਾ ਕੇ ਸਾੜ ਕੇ ਚਿਹਰੇ ਰੂਪੋਂ ਕਰੂਪ ਕਰਕੇ ਬੇ-ਪਛਾਣੇ ਕਰ ਦਿਤੇ ਗਏ। ਇਸ ਕਿਸਮ ਦਾ ਸਭਜਤਾ ਹੀਨ ਤੇ ਨਿਰਦੈਤਾ ਭਰਿਆ ਸਲੂਕ ਅਜ ਤਕ ਕਿਸੇ ਜ਼ਾਲਮ ਨੇ ਭੀ ਆਪਣੇ ਦੁਸ਼ਮਣਾਂ ਦੀਆਂ ਲਾਸ਼ਾਂ ਨਾਲ ਨਹੀਂ ਕੀਤਾ ਹੈ *।

---

*ਕਮੇਟੀ ਨੇ ੧੪੦੦) ਕਰਜ਼ਾ ਉਤਾਰਿਆ ਅਤੇ ਸੁਪਤਨੀ ਬੀਬੀ ਹੁਕਮ ਕੌਰ ਦੇ ਨਾਮ ਪਿੰਨਸ਼ਨ ਲਾ ਦਿਤੀ। ੧੭-੫-੨੧ ਤੋਂ ੩੦-੪-੩੮ ਤਕ ਜੋੜ ੨੮੪੬) ਰੁਪਏ ਬਣਦਾ ਹੈ।

ਭਾਈ ਰੰਗਾ ਸਿੰਘ ਜੀ

ਆਪ ਭਾਈ ਚੰਦਾ ਸਿੰਘ ਜੀ ਦੇ ਛੋਟੇ ਭਰਾ ਸਨ ਅਤੇ ਆਪ ਦਾ ਜਨਮ ੨੧ ਅਸੂ ਸੰ: ੧੯੪੯ ਬਿ: ਨੂੰ ਨਜ਼ਾਮਪੁਰ, ਜ਼ਿਲਾ ਅੰਮ੍ਰਿਤਸਰ ਵਿਚ ਖਾਂਦੇ ਪੀਂਦੇ ਵੇਲੇ ਭਾਈ ਹੁਕਮ ਸਿੰਘ ਦੇ ਘਰ, ਮਾਤਾ ਨੰਦ ਕੌਰ ਦੀ ਕੁਖੋਂ ਹੋਇਆ। ਇਨ੍ਹਾਂ ਦੇ ਪਿਤਾ ਨੂੰ ਸੰ: ੧੯੪੯ ਬਿ: ਵਿਚ ਇਲਾਕਾ ਬਾਰ ਜ਼ਿਲਾ ਸ਼ੇਖ਼ੂਪੁਰੇ ਵਿਚ ਜ਼ਮੀਨ ਮਿਲੀ ਤਾਂ ਇਹ ਭੀ ਆਪਣੇ ਪਿਤਾ ਦੇ ਨਾਲ ਹੀ ਇਥੇ ਆ ਗਏ। ਆਪਣੇ ਵਡੇ ਭਰਾ ਪਾਸੋਂ ਘਰ ਹੀ ਗੁਰਮੁਖੀ ਪੜ੍ਹ ਲਈ। ਉਨ੍ਹਾਂ ਨੇ ਧੂੰਏਂ ਵਿਚੋਂ ਸਵਾਹ ਦੀ ਮੁਠ ਲੈ ਕੇ ਜ਼ਮੀਨ ਤੇ ਖਲਾਰ ਕੇ ਪੈਂਤੀ ਦੇ ਪੂਰਨੇ ਪਾ ਦੇਣੇ ਤੇ ਇਨ੍ਹਾਂ ਨੇ ਸਾਰਾ ਦਿਨ ਹਰਫ਼ ਪਕਾਉਂਦੇ ਰਹਿਣਾ। ਏਸ ਤਰ੍ਹਾਂ ਸਹਿਜ ਸਹਿਜ ਅਭਿਆਸ ਕਰਦਿਆਂ ਕਰਾਉਂਦਿਆਂ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠੀ ਹੋ ਗਏ।

ਨਿਕਿਆਂ ਹੁੰਦਿਆਂ ਹੀ ਸੰ: ੧੯੫੩ ਬਿ: ਵਿਚ ਆਪ ਦੇ ਪਿਤਾ ਜੀ ਗੁਜ਼ਰ ਗਏ ਤੇ ਸਾਰੇ ਕੰਮ ਕਾਜ ਦਾ ਬੋਝ ਸਿਰ ਉਤੇ ਆ ਪਿਆ, ਜਿਸ ਨੂੰ ਬੜੇ ਹੌਸਲੇ ਨਾਲ ਮਰਦਾਂ ਵਾਂਗ ਸੰਭਾਲਿਆ। ਆਪ ਦਾ ਰੰਗ ਕਣਕ-ਭਿੰਨਾਂ ਤੇ ਸਰੀਰ ਪਤਲਾ ਸੀ। ਸੁਭਾ ਬੜਾ ਹੀ ਗੰਭੀਰ, ਭਾਈਚਾਰੇ ਵਿਚ ਕਦੇ ਕਿਸੇ ਦੇ ਸਿਰੇ ਨ ਆਉਣਾ। ਹਰ ਇਕ ਨਾਲ ਖਿੜੇ ਮਥੇ ਮਿਲਣਾ ਤੇ ਹਰ ਇਕ ਤਰਾਂ ਦੀ ਲੈਣ ਦੇਣ ਦੀ ਵਰਤੋਂ ਵਿਹਾਰ ਖੁਲ੍ਹੇ-ਦਿਲ ਨਾਲ ਰਖਣੀ। ਗੁਰਦੁਆਰੇ ਜਾ ਕੇ ਬੜੇ ਜੋਸ਼ ਵਿਚ ਆ ਕੇ ਸ਼ਬਦ ਪੜ੍ਹਨੇ ਅਤੇ ਹਰ ਰੋਜ਼ ਇਸ਼ਨਾਨ ਕਰਕੇ ਸੁਖਮਨੀ ਸਾਹਿਬ ਦਾ ਪਾਠ ਕਰਿਆ ਕਰਨਾ। ਗੁਰੂ ਘਰ ਨਾਲ ਬੜਾ ਪ੍ਰੇਮ ਤੇ ਪਿਆਰ ਸੀ।

ਵਿਵਾਹ ਤੇ ਹੋਰ ਹਾਲ

ਵਡਿਆਂ ਹੋ ਕੇ ਪਹਿਲਾਂ ਤਾਂ ਦੋਹਾਂ ਭਰਾਵਾਂ ਨੇ ਸ੍ਰੀ ਨਨਕਾਣੇ ਸਾਹਿਬ ਕਤਕ ਪੂਰਨਮਾਸ਼ੀ ਦੇ ਮੇਲੇ ਤੇ ਆ ਕੇ ਅੰਮ੍ਰਿਤ ਛਕਿਆ। ਫੇਰ ਪਿੰਡ ਫ਼ਤਹ-ਆਬਾਦ ਜ਼ਿਲਾ ਅੰਮ੍ਰਿਤਸਰ ਵਿਚ ਭਾਈ ਰਾਮ ਸਿੰਘ ਦੀ ਸਪੁਤ੍ਰੀ ਬੀਬੀ ਨਰੈਣ

ਕੌਰ ਨਾਲ ਸ਼ਾਦੀ ਹੋ ਗਈ। ਆਪ ਦੇ ਘਰ ਚਾਰ ਲੜਕੇ ਪੈਦਾ ਹੋਏ। ਭਾਈ ਸੁੱਚਾ ਸਿੰਘ ਅਤੇ ਗੋਪਾਲ ਸਿੰਘ ਤਾਂ ਅਠ ਅਠ ਸਾਲ ਦੇ ਹੋ ਕੇ ਗੁਜ਼ਰ ਗਏ ਅਤੇ ਤੀਸਰਾ ਸ਼ਹੀਦੀ ਤੋਂ ਪਹਿਲਾਂ ਗੁਜ਼ਰ ਗਿਆ। ਚੌਥਾ ਸ਼ਹੀਦੀ ਦੇ ਪਿਛੋਂ ਪੈਦਾ ਹੋਇਆ ਅਤੇ ਛੇ ਦਿਨ ਦਾ ਹੋ ਕੇ ਚੜ੍ਹਾਈ ਕਰ ਗਿਆ। ਪੁਤਾਂ ਵਲੋਂ ਤਾਂ ਆਪ ਦੀ ਸੰਸਾਰ ਨਾਲ ਗੰਢ ਨਾ ਪਈ, ਪਰ ਸ਼ਹੀਦੀ ਨਾਲ ਆਪ ਦੀ ਗੁਰੂ ਪੰਥ ਨਾਲ ਅਜਿਹੀ ਪੱਕੀ ਤੇ ਪੀਢੀ ਗੰਢ ਪਈ ਹੈ, ਜੋ ਰਹਿੰਦੀ ਦੁਨੀਆਂ ਤਕ ਕਦੇ ਖੁਲ੍ਹਣ ਹੀ ਨਹੀਂ ਲਗੀ ਹੈ।

ਸ਼ਹੀਦੀ ਤੋਂ ਕੁਝ ਸਮਾਂ ਪਹਿਲਾਂ ਆਪ ਨੇ ਵਾਹੀ ਜੋਤੀ ਦੀ ਕਾਰ ਛਡ ਦਿਤੀ ਸੀ ਅਤੇ ਲਕੜੀਆਂ ਦਾ ਵਪਾਰ ਸ਼ੁਰੂ ਕੀਤਾ ਹੋਇਆ ਸੀ। ਇਨ੍ਹਾਂ ਦੇ ਦਿਲ ਪਰ ਧਾਰੋਵਾਲੀ ਰਾਜਸੀ ਦੀਵਾਨ ਉਤੇ ਜਾਣ ਕਰਕੇ ਖ਼ਾਸ ਅਸਰ ਹੋਇਆ, ਜਿਸ ਕਰਕੇ ਆਪ ਦਾ ਮਨ ਗੁਰੂ ਘਰ ਦੀ ਸੇਵਾ ਵਲ ਪ੍ਰੇਰਿਆ ਗਿਆ। ਜਦ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਕਬਜ਼ੇ ਲਈ ਸਿੰਘਾਂ ਨੇ ਨਾਮ ਲਿਖਾਏ ਤਾਂ ਆਪ ਨੇ ਭੀ ਖ਼ੁਸ਼ੀ ਖ਼ੁਸ਼ੀ ਆਪਣਾ ਨਾਮ ਦਰਜ ਕਰਵਾ ਦਿਤਾ।

੯ ਫਗਣ ਸੰਮਤ ੧੯੭੭ ਬਿ: ਵਾਲੇ ਦਿਨ ਜਦ ਭਾਈ ਲਛਮਣ ਸਿੰਘ ਧਾਰੋਵਾਲੀ ਦਾ ਜੱਥਾ ਤਿਆਰ ਹੋ ਕੇ ਦੇਵਾ ਸਿੰਘ ਵਾਲੇ ਆਇਆ ਤਾਂ ਆਪ ਭੀ ਆਪਣੇ ਪਿੰਡ ਦੇ ਸਾਥੀਆਂ ਨਾਲ ਤਿਆਰ ਹੋ ਕੇ ਤੁਰ ਪਏ। ਸਿੰਘਣੀ ਪੇਕੇ ਗਈ ਹੋਈ ਸੀ। ਮਾਤਾ ਨੇ ਜ਼ੋਰ ਦੇ ਕੇ ਰੋਕਿਆ ਕਿ ਤੇਰਾ ਵਡਾ ਭਰਾ ਜੋ ਚਲਿਆ ਹੈ ਤੂੰ ਨ ਜਾ, ਸਾਰੇ ਟੱਬਰ ਹੀ ਸ਼ਹੀਦੀ ਲਈ ਚਲੇ ਜਾਣਾ ਹੈ ? ਪਿਛੇ ਘਰ ਦਾ ਕੇਹੜਾ ਵਾਹਰੂ ਬਣੇਗਾ ? ਇਹ ਕੰਮ ਨ ਕਰੋ ਕੋਈ ਚਜ ਦੀ ਗਲ ਕਰੋ, ਸਾਡੇ ਘਰ ਦੀਆਂ ਵਾਰਾਂ ਤੁਰ ਪੈਣਗੀਆਂ; ਤਾਂ ਅਗੋਂ ਮੁਸਕ੍ਰਾ ਕੇ ਉਤ੍ਰ ਦਿਤਾ ਕਿ ਮਾਂ ਉਥੇ ਜਾ ਕੇ ਜਿਸ ਕੰਮ ਮੈਂ ਆਉਣਾ ਹੈ, ਦੂਜੇ ਭਰਾ ਨਹੀਂ ਆਉਣਾ, ਉਹ ਆਪਣੀ ਥਾਂ ਹੈ ਤੇ ਮੈਂ ਆਪਣੀ ਥਾਂ ਹਾਂ। ਜੇ ਸਾਡੇ ਘਰ ਦੀਆਂ ਸ਼ਹੀਦੀ ਵਾਰਾਂ ਤੁਰ ਪੈਣ ਤਾਂ ਇਸ ਨਾਲ ਦੀ ਤਾਂ ਹੋਰ ਗਲ ਹੀ ਕੋਈ ਨ ਹੋਈ। ਮਾਤਾ ਨੇ ਫੇਰ ਅਟਕਾਉਣ ਲਈ ਆਖਿਆ ਕਿ ਤੇਰੇ ਸਹੁਰਿਆਂ ਦੇ ਘਰ ਵਿਆਹ ਹੈ, ਉਥੇ ਤੇਰਾ ਜ਼ਰੂਰੀ ਜਾਣਾ ਬਣਦਾ ਹੈ;ਸੱਗਾਰਿਤੇ ਕੁੜਮਾਂ ਜਮ੍ਹਾਂ ਨੇ ਸੁਣਿਆ ਤੇ ਕੀ ਆਖਣਗੇ ? ਆਪਣੇ ਸਾਕਾਂ ਅੰਗਾਂ ਨਾਲ ਵਰਤਦਿਆਂ ਹੀ ਚੰਗੇ ਲਗੀਦਾ ਹੈ। ਤਾਂ ਉਤਰ ਦਿਤਾ ਕਿ

ਮਾਂ ਤੂੰ ਤੇ ਭੋਲੀਆਂ ਗੱਲਾਂ ਪਈ ਕਰਦੀ ਏਂ, ਇਹ ਉਸ ਵਿਆਹ ਨਾਲੋਂ ਬਹੁਤਾ ਜ਼ਰੂਰੀ ਵਿਆਹ ਹੈ! ਸ਼ਹੀਦੀਆਂ ਕਿਤੇ ਨਿਤ ਨਿਤ ਧਰੀਆਂ ਪਈਆਂ ਹਨ? ਸ੍ਰੀ ਤਰਨ ਤਾਰਨ ਜੋ ਸਿੰਘ ਸ਼ਹੀਦ ਹੋਏ ਹਨ, ਉਨ੍ਹਾਂ ਦੀਆਂ ਮਾਈਆਂ ਨੇ ਬੜੇ ਹੌਂਸਲੇ ਤੇ ਜਿਗਰੇ ਰਖੇ ਹਨ। ਤੁਸੀਂ ਭੀ ਹੌਂਸਲਾ ਰਖਣਾ ਤੇ ਚਿਤ ਨੂੰ ਨਾ ਡਲੋਣਾ। ਇਹ ਗਲਾਂ ਬਾਤਾਂ ਕਰਦੇ ਪ੍ਰਸ਼ਾਦ ਛਕਕੇ ਘਰੋਂ ਬਾਹਰ ਨਿਕਲ ਆਏ ਅਤੇ ਪਿੰਡ ਦੇ ਦੂਜੇ ਸਾਥੀਆਂ ਨਾਲ ਸ਼ਹੀਦੀ ਜਥੇ ਨੂੰ ਜਾ ਮਿਲੇ। ੨੦ ਫ਼ਰਵਰੀ ਵਾਲੇ ਦਿਨ ਜ਼ਾਲਮਾਂ ਦੇ ਹੱਥੋਂ ਬੇਦਰਦੀ ਨਾਲ ਸ਼ਹੀਦੀਆਂ ਪ੍ਰਾਪਤ ਕਰ ਗਏ। ਜਦ ਪਿੰਡ ਸ਼ਹੀਦੀ ਦੀ ਖ਼ਬਰ ਪੁਜੀ ਤਾਂ ਇਨ੍ਹਾਂ ਦੇ ਮਾਤਾ ਜੀ ਭੀ ਸ੍ਰੀ ਨਨਕਾਣੇ ਸਾਹਿਬ ਵਲ ਦੌੜ ਆਏ। ਸ੍ਰੀ ਜਨਮ ਅਸਥਾਨ ਦੇ ਅੰਦਰ ਅਧ ਸੜੀਆਂ ਲਾਸ਼ਾਂ ਦੇ ਢੇਰਾਂ ਨੂੰ ਫੋਲ ਫੋਲ ਕੇ ਇਕ ਇਕ ਅੰਗ ਵੇਖਿਆ ਮਤਾਂ ਕੋਈ ਅੱਖਾਂ ਦੇ ਚਾਨਣ ਦੀ ਦੇਹੀ ਮਿਲ ਪਏ ਤੇ ਉਸ ਨੂੰ ਘੁੱਟਕੇ ਸੀਨੇ ਨਾਲ ਲਾਕੇ ਦਿਲ ਠੰਡੜਾ ਠਾਰ ਕੀਤਾ ਜਾਵੇ। ਪਰ ਅਫ਼ਸੋਸ ਕਿ ਦੁਸ਼ਟਾਂ ਨੇ ਦੇਹਾਂ ਦੀ ਅਜਿਹੀ ਬੇਅਦਬੀ ਕੀਤੀ ਹੋਈ ਸੀ ਕਿ ਕਈ ਵੇਰ ਢੂੰਡ ਭਾਲ ਕਰਨ ਤੇ ਭੀ ਯਤੀਮ ਬੇਟੇ ਦੀ ਵਿਧਵਾ ਮਾਂ ਉਸਨੂੰ ਨ ਲਭ ਸਕੀ। ਜਿਸ ਪੁਤ੍ਰ ਨੂੰ ਯਤੀਮੀ ਦੀ ਹਾਲਤ ਵਿਚ ਬੜੇ ਛਿੰਦਾਂ ਅਤੇ ਲਾਡਾਂ ਨਾਲ ਮਾਂ ਨੇ ਪਾਲਿਆ ਸੀ, ਅਜ ਉਸ ਦੇ ਵਿਛੋੜੇ ਨੂੰ ਬੜੇ ਹੌਂਸਲੇ ਤੇ ਧੀਰਜ ਨਾਲ ਜਰਿਆ ਤੇ ਆਖਿਆ, ਅੱਛਾ ਪੁੱਤ੍ਰਾ! ਤੂੰ ਘਰ ਦੇ ਕੰਮ ਕਾਜ ਸੰਭਾਲਣ ਦਾ ਸਹਾਰਾ ਹੋਇਆ ਸੈਂ ਤੇ ਅਜ ਮੇਰੀਆਂ ਅੱਖਾਂ ਤੋਂ ਉਹਲੇ ਹੋ ਕੇ ਸਚੇ ਸ਼ਹੀਦਾਂ ਦੀ ਕਾਰ ਵਿਚ ਕੰਮ ਆ ਗਿਓਂ*।

ਭਾਈ ਵਰਿਆਮ ਸਿੰਘ ਜੀ

ਅੰਮ੍ਰਿਤਸਰ ਤੋਂ ਪੰਜ ਮੀਲ ਦੀ ਵਿਥ ਤੇ ਚੜ੍ਹਦੇ ਪਾਸੇ ਪਿੰਡ ਨਜ਼ਾਮਪੁਰਾ ਹੈ। ਉਥੇ ਕੰਬੋਜ ਜ਼ਿਮੀਂਦਾਰਾਂ ਦੇ ਘਰਾਣੇ ਵਿਚ ਭਾਈ ਕਾਹਨ ਸਿੰਘ ਦੇ ਪੁਤ੍ਰ ਭਾਈ ਭਾਗ ਸਿੰਘ ਦੇ ਘਰ, ਮਾਤਾ ਚੰਦ ਕੌਰ ਦੀ ਕੁਖੋਂ ਸੰਮਤ ੧੯੨੭ ਬਿ: ਵਿਚ

---

* ਕਮੇਟੀ ਨੇ ੭੫੦) ਕਰਜ਼ਾ ਉਤਾਰਿਆ ਅਤੇ ਸੁਪਤਨੀ ਬੀਬੀ ਨੰਦੀ ਦੇ ਨਾਮ ਪਿੰਨਸ਼ਨ ਲਾ ਦਿਤੀ। ਜਿਸਦਾ ਜੋੜ ੧੮-੫-੨੧ ਤੋਂ ੨੮-੨-੩੮ ਤਕ ੨੧੯੯) ਰੁਪਏ ਬਣਦਾ ਹੈ।

ਜਨਮ ਹੋਇਆ। ਆਪ ਚਾਰ ਭਰਾ ਸਨ:-੧. ਭਾਈ ਰਾਮ ਸਿੰਘ, ੨. ਭਾਈ ਵਰਿਆਮ ਸਿੰਘ, ੩. ਭਾਈ ਸ਼ਾਮ ਸਿੰਘ, ੪. ਭਾਈ ਮੂਲਾ ਸਿੰਘ। ਇਨ੍ਹਾਂ ਦੇ ਮਾਤਾ ਪਿਤਾ ਨੇ ਛੇ ਕੁ ਸਾਲ ਦੀ ਉਮਰ ਵਿਚ ਪੜ੍ਹਨੇ ਪਾ ਦਿਤਾ। ਆਪ ਨੇ ਬੜੀ ਚੰਗੀ ਤਰ੍ਹਾਂ ਨਾਲ ਗੁਰਮੁਖੀ ਵਿਦਿਆ ਪੜ੍ਹ ਲਈ। ਇਸ ਦੇ ਪਿੱਛੋਂ ਆਪਣੇ ਪਿਤਾ ਨਾਲ ਵਾਹੀ ਦੇ ਕੰਮ ਵਿਚ ਰੁਝ ਗਏ। ਜਦ ਜਵਾਨ ਹੋਏ ਤਾਂ ਬਰਮਾਂ ਦੀ ਇਕ ਪਲਟਨ ਵਿਚ ਨੌਕਰ ਹੋ ਗਏ ਅਤੇ ਪੰਜ ਸਾਲ ਨੌਕਰੀ ਕਰਕੇ ਘਰ ਵਾਪਸ ਆ ਗਏ। ਇਥੇ ਪਿੰਡ ਵਿਚ ਆਕੇ ਫੇਰ ਵਾਹੀ ਦਾ ਕੰਮ ਬੜੀ ਮੇਹਨਤ ਨਾਲ ਕਰਦੇ ਰਹੇ।

ਆਪ ਦਾ ਰੰਗ ਗੋਰਾ, ਕੱਦ ਦਰਮਿਆਨਾ ਤੇ ਚੇਹਰੇ ਤੇ ਸੇ ਵਾਂਗ ਲਾਲੀਆਂ ਭਖਿਆ ਕਰਦੀਆਂ ਸਨ। ਆਪ ਦੀ ਸ਼ਾਦੀ ਉਚੀ ਇਬਨ ਜ਼ਿਲਾ ਅੰਮ੍ਰਿਤਸਰ ਵਿਚ ਭਾਈ ਕੇਸਰ ਸਿੰਘ ਦੀ ਸਪੁਤ੍ਰੀ ਬੀਬੀ ਨਿਹਾਲ ਕੌਰ ਨਾਲ ਹੋ ਗਈ। ਆਪ ਦੇ ਘਰ ਨੌਂ ਬਚੇ ਪੈਦਾ ਹੋਏ:-੧. ਬੀਬੀ ਹਰ ਕੌਰ, ੨. ਭਾਈ ਆਤਮਾ ਸਿੰਘ, ੩. ਬੀਬੀ ਗਨੇਸ਼ੀ, ੪. ਬੀਬੀ ਜਵਾਲੀ, ੫. ਬੀਬੀ ਖੇਮ ਕੌਰ, ੬. ਬੀਬੀ ਭਾਨ ਕੌਰ, ੭. ਭਾਈ ਕਰਤਾਰ ਸਿੰਘ, ੮. ਬੀਬੀ ਰਾਜ ਕੌਰ, ੯. ਭਾਈ ਚਰਨ ਸਿੰਘ।

ਸੁਭੱਾ ਤੇ ਰਹਿਣੀ ਬਹਿਣੀ

ਆਪ ਦਾ ਸੁਭੱਾ ਬੜਾ ਨਰਮ ਤੇ ਸੋਹਲ ਜਿਹਾ ਸੀ। ਤਬੀਅਤ ਬਿਲਕੁਲ ਸੰਤਾਂ ਵਰਗੀ ਨਿਰਵੈਰ ਸੀ। ਹਮੇਸ਼ਾਂ ਸਾਧਾਂ ਸੰਤਾਂ ਦੀ ਖਾਸ ਕਰਕੇ ਅਤੇ ਬਾਕੀ ਪ੍ਰਾਣੀ ਮਾਤ੍ਰ ਦੀ ਆਮ ਕਰਕੇ ਵਿਤ ਅਨੁਸਾਰ ਪੁਜਕੇ ਸੇਵਾ ਕਰਕੇ ਖ਼ੁਸ਼ ਹੋਣਾ, ਇਹ ਆਪ ਦਾ ਇਕ ਨਿਤਾ-ਪ੍ਰਤੀ ਦਾ ਵਿਹਾਰ ਬਣ ਚੁਕਾ ਸੀ।

ਆਪਣੇ ਮੁਰੱਬੇ ਵਿਚ ਇਕ ਬਾਗ਼ ਲਵਾ ਕੇ ਵਿਚ ਨਿੱਕਾ ਜਿਹਾ ਤਾਲ ਲਵਾ ਦਿਤਾ। ਜਿਸ ਉਤੇ ਸਾਲ ਦੇ ਸਾਲ ਜਗ ਕਰਿਆ ਕਰਨਾ ਤੇ ਆਪਣੇ ਵਿਤ ਅਨੁਸਾਰ ਬਿਹੰਗਮਾਂ ਦੀ ਸੇਵਾ ਕਰਿਆ ਕਰਨੀ। ਗੁਰੂ ਘਰ ਨਾਲ ਆਪ ਨੂੰ ਬੜਾ ਪਿਆਰ ਸੀ। ਸੁਵੇਰੇ ਉਠ ਕੇ ਗੁਰਬਾਣੀ ਦਾ ਪਾਠ ਕਰਨਾ ਤੇ ਉਸਦੇ ਪਿਛੋਂ ਘਰ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੀ ਜਨਮ ਸਾਖੀ ਪੜ੍ਹ ਕੇ ਸੁਣਾਇਆ ਕਰਨੀ। ਸ਼ੁਰੂ ਸ਼ੁਰੂ ਵਿਚ ਆਪ ਦੀ ਤਬੀਅਤ ਦਾ ਵਧੇਰੇ ਝੁਕਾ ਗੁਲਾਬ ਦਾਸੀਏ

ਸੰਤ ਸਰੂਪ

ਭਾਈ ਵਰਿਆਮ ਸਿੰਘ ਜੀ ਸ਼ਹੀਦ



ਹਉਂ ਤਿਸ ਵਿਟਹੁ ਵਾਰਿਆ, ਹੋਂਦੇ ਤਾਣ ਜੁ ਹੋਇ ਨਿਤਾਣਾ ।
ਹਉਂ ਤਿਸ ਵਿਟਹੁ ਵਾਰਿਆ, ਹੋਂਦੇ ਮਾਣੁ ਜੁ ਰਹੈ ਨਿਮਾਣਾ ।
ਹਉਂ ਤਿਸ ਵਿਟਹੁ ਵਾਰਿਆ ਛਡ ਸਿਆਣਪ ਹੋਇ ਇਆਣਾ ।
ਹਉਂ ਤਿਸ ਵਿਟਹੁ ਵਾਰਿਆ, ਖਸਮੈਂ ਦਾ ਜਿਸ ਭਾਵੈ ਭਾਣਾ ।

ਸੰਤਾਂ ਵਲ ਸੀ। ਆਪਣੇ ਸਾਥੀਆਂ ਨਾਲ ਮਿਲ ਕੇ ਰਿਆਸਤ ਪਟਿਆਲਾ ਭੁਨਰ ਹੇੜੀ ਦੀ ਕੋਠੀ ਦੇ ਨਾਲ ਦੋ ਮੀਲ ਦੀ ਵਿਥ ਤੇ ਚੜ੍ਹਦੇ ਦੀ ਗੁਠੇ ਪਿੰਡ ਖਾਕਟਾਂ ਮੋਰਾਂ ਨਾਮੇ ਦਾ ਇਕ ਚੱਕ ਖ਼ਰੀਦਿਆ, ਜਿਸ ਵਿਚ ਆਪ ਦੀ ਤੀਜੀ ਪੱਤੀ ਹੈ।

ਇਨ੍ਹਾਂ ਦਾ ਇਕ ਮਿੱਤ੍ਰ ਮੌਲਾ ਬਖ਼ਸ਼ ਹਕੀਮ, ਪਿੰਡ ਦੇਵਾ ਸਿੰਘ ਵਾਲੇ ਦਾ ਹੈ। ਉਸ ਨੂੰ ਆਪਣੇ ਨਾਮ ਤੇ ਅੱਠ ਸੌ ਰੁਪਿਆ ਕਰਜ਼ਾ ਚੁਕ ਕੇ ਪਟਿਆਲੇ ਆਪਣੇ ਚੱਕ ਵਿਚ ਹੀ ਇਕ ਮੁਰੱਬਾ ਜ਼ਮੀਨ ਲੈ ਦਿਤੀ ਤੇ ਉਸ ਨੂੰ ਆਪਣੇ ਪਾਸ ਹੀ ਲੈ ਗਏ। ਚੰਗੇ ਅੰਗਪਾਲ ਮਿੱਤ੍ਰ ਹੋਣ ਦਾ ਸਬੂਤ ਦੇਂਦਿਆਂ ਹੋਇਆਂ ਮੁੜ ਫੇਰ ਕਦੇ ਉਹ ਰੁਪਿਆ ਉਸ ਪਾਸੋਂ ਵਾਪਸ ਨਹੀਂ ਲਿਆ। ਸੋਹਣੇ ਦਿਲੀ-ਸਹਾਇਕ ਦੋਸਤਾਂ ਦਾ ਸਬੂਤ ਦੇ ਕੇ ਆਪਣੀ ਦੋਸਤੀ ਨੂੰ ਹੋਰ ਭੀ ਪਕਿਆਂ ਕਰ ਛਡਿਆ। ਇਸ ਤੋਂ ਬਿਨਾਂ ਆਪ ਦੀ ਆਮ ਰਹਿਣੀ ਬਹਿਣੀ ਤੇ ਵਰਤੋਂ ਵਿਹਾਰ ਵਿਚ ਇਹ ਖ਼ਾਸ ਵਾਧਾ ਸੀ ਕਿ ਗ਼ਰੀਬ ਅਤੇ ਕਮੀਨ ਦੀ ਪੁਜ ਕੇ ਰਛਿਆ ਕਰਨੀ। ਕਿਸੇ ਨੂੰ ਲੋੜ ਹੋਣੀ ਤਾਂ ਆਪਣੇ ਵਿਤ ਅਨੁਸਾਰ ਜਿੱਨੀ ਸਰ ਬਣ ਆਵੇ ਉਸ ਦੀ ਦਿਲੋਂ ਹੋਕੇ ਮਦਦ ਕਰਨੀ। ਜਿਸ ਨੂੰ ਇਕ ਵੇਰ ਉਧਾਰ ਦੇ ਦਿੱਤਾ ਮੁੜ ਉਸ ਪਾਸੋਂ ਆਪਣੀ ਜ਼ਬਾਨ ਨਾਲ ਕਦੇ ਮੰਗਿਆ ਨਹੀਂ ਸੀ। ਸਤਜੁਗੀ ਪੁਰਸ਼ਾਂ ਵਾਂਗ ਵਰਤਾ ਰਖਣਾ। ਜੇ ਕੋਈ ਮੁੜ ਉਸੇ ਤਰ੍ਹਾਂ ਚੁਪ ਚੁਪੀਤੇ ਘਰ ਆਕੇ ਦੇ ਜਾਵੇ ਤਾਂ ਵਾਹ ਵਾਹ, ਨਹੀਂ ਤੇ ਆਖਣਾ ਚਲੋ ਇਹ ਰੱਬ ਲੇਖੇ ਹੀ ਗਿਆ ਹੈ। ਸਾਰੀ ਉਮਰ ਵਿਚ ਕਦੀ ਕਿਸੇ ਪਾਸੋਂ ਇਕ ਪਾਈ ਭੀ ਸੂਦ ਨਹੀਂ ਲਿਆ ਸੀ। ਜਦੋਂ ਕੋਈ ਲੋੜਵੰਦ ਘਰ ਚਲ ਕੇ ਆ ਜਾਂਦਾ ਤਾਂ ਔਖਿਆਂ ਹੋ ਕੇ, ਆਪਣਾ ਵਿਗਾੜਕੇ ਭੀ ਉਸ ਦੀ ਮਦਦ ਕਰਕੇ ਖ਼ੁਸ਼ ਹੋਣਾ। ਏਸੇ ਨਰਮ ਸੁਭੌ ਦੇ ਕਾਰਨ ਹੀ ਸ਼ਹੀਦੀ ਸਮੇਂ ਆਪ ਦਾ ਤਿੰਨ ਹਜ਼ਾਰ ਦੇ ਕਰੀਬ ਰੁਪਿਆ ਚੂਹੜਿਆਂ ਚਪੜਿਆਂ ਵਲ ਦਿਤਾ ਹੋਇਆ ਮਾਰਿਆ ਗਿਆ ਸੀ।

ਸੁਭੌ ਵਿਚ ਤਬਦੀਲੀ

ਜਦ ਮਾਰਸ਼ਲ-ਲਾ ਦੇ ਦਿਨਾਂ ਵਿਚ ਪਟਿਆਲੇ ਦੇ ਅਫ਼ਸਰਾਂ ਵਲੋਂ ਜ਼ੁਲਮ ਹੋਣ ਲਗੇ ਤਾਂ ਆਪ ਦੇ ਮਨ ਉਤੇ ਡਾਢੀ ਸਟ ਵਜੀ ਤੇ ਆਪ ਉਥੋਂ ਚਲ ਕੇ ਮੁੜ ਨਿਜ਼ਾਮਪੁਰ ਚੇਲੇ ਵਾਲੇ ਆ ਗਏ। ਇਥੇ ਹੀ ਆਪ ਨੂੰ ਇਕ

ਪੂਰਨ ਸੰਤਾਂ ਦੀ ਸੰਗਤ ਹੋ ਗਈ, ਜਿਨ੍ਹਾਂ ਨੇ ਪੰਥ ਤੇ ਆਉਣ ਵਾਲੇ ਭਵਿਖਤ ਵਾਕਿਆਤ ਦਾ ਜ਼ਿਕਰ ਕੀਤਾ, ਜਿਸ ਤੋਂ ਆਪ ਦੀ ਜ਼ਿੰਦਗੀ ਵਿਚ ਇਕ ਖ਼ਾਸ ਕਿਸਮ ਦੀ ਤਬਦੀਲੀ ਆ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਗੁਰਬਾਣੀ ਦੀ ਵਿਚਾਰ ਕਰਦੇ ਰਹਿਣਾ ਅਤੇ ਵੇਹਲੇ ਸਮੇਂ ਸਮਾਧੀ ਲਾ ਕੇ ਅੰਤ੍ਰ ਧਿਆਨ ਹੋ ਕੇ ਈਸ਼੍ਵਰ ਦਾ ਭਜਨ ਕਰਨ ਵਿਚ ਮਗਨ ਹੋਏ ਰਹਿਣਾ। ਸਾਧੂ ਸੁਭੱਾ ਤਾਂ ਅੱਗੇ ਹੈ ਹੀ ਸਨ, ਪਰ ਹੁਣ ਤਾਂ ਇਨ੍ਹਾਂ ਦੇ ਸਜਣਾਂ ਮਿਤ੍ਰਾਂ ਅਤੇ ਕਬੀਲੇ ਨੂੰ ਚੰਗੀ ਤਰ੍ਹਾਂ ਤਿਆਗੀ ਮਹਾਤਮਾ ਪ੍ਰਤੀਤ ਹੋਣ ਲਗ ਪਏ। ਸਵਾਲ ਕਰਨ ਤੇ ਜਵਾਬ ਮਿਲਣ ਕਿ "ਸਾਡਾ ਹੁਣ ਪ੍ਰਮਾਤਮਾ ਵਲ ਧਿਆਨ ਹੈ। ਅਸੀਂ ਦਿਲੋਂ ਅਰਦਾਸ ਕਰਦੇ ਹਾਂ ਕਿ ਉਹ ਸਾਨੂੰ ਕੋਈ ਚੰਗੀ ਕਾਰ ਕਰਾਉਂਦਿਆਂ ਆਪਣੇ ਚਰਨਾਂ ਵਿਚ ਨਿਵਾਸ ਦੇਵੇ।" ਜ਼ਾਤ ਪਾਤ ਤੇ ਛੂਤ ਛਾਤ ਦੇ ਉਲਟ ਬੜਾ ਜ਼ੋਰਦਾਰ ਪ੍ਰਚਾਰ ਕਰਨਾ। ਸਭ ਨੂੰ ਸਚਿਆਈ ਭਰਿਆ ਸਤਿਗੁਰਾਂ ਦਾ ਸੱਚਾ ਉਪਦੇਸ਼ ਦੇਣਾ।

ਇਕ ਵੇਰ ਆਪ ਘੋੜੀ ਤੇ ਸਵਾਰ ਹੋ ਕੇ ਸ਼ਾਹ ਕੋਟ ਆਏ ਅਤੇ ਰਬ ਤੇ ਭਰੋਸਾ ਰਖ ਕੇ ਘੋੜੀ ਟਾਹਲੀ ਨਾਲ ਬੰਨ੍ਹ ਕੇ ਬਜ਼ਾਰੋਂ ਸੌਦਾ ਖ਼ਰੀਦਣ ਚਲੇ ਗਏ। ਕੋਈ ਉਚੱਕਾ ਤਾੜਦਾ ਰਿਹਾ ਤੇ ਝੱਟ ਦੱਾ ਬਚਾ ਕੇ ਘੋੜੀ ਲੈ ਕੇ ਭੱਜ ਗਿਆ। ਘਰ ਆ ਕੇ ਘੋੜੀ ਦੇ ਚੋਰੀ ਹੋਣ ਦੀ ਵਾਰਤਾ ਦਸ ਕੇ ਆਖਣ ਲਗੇ ਕਿ ਕੋਈ ਲੋੜਵੰਦ ਲੈ ਗਿਆ ਹੈ। ਘਰ ਦਿਆਂ ਤੇ ਸਜਣਾਂ ਮਿਤ੍ਰਾਂ ਨੇ ਜ਼ੋਰ ਦਿਤਾ ਕਿ ਠਾਣੇ ਰਪੋਟ ਲਿਖਾਈਏ ਤੇ ਯਤਨ ਕਰਕੇ ਘੋੜੀ ਤਲਾਸ਼ ਕੀਤੀ ਜਾਵੇ ਤਾਂ ਉਤਰ ਦਿਤਾ ਕਿ ਭਾਈ ਜੀ। ਜੇ ਸਾਡੀ ਹੁੰਦੀ ਤਾਂ ਸਾਡੇ ਪਾਸ ਨ ਰਹਿੰਦੀ। ਸਾਡੇ ਨਾਲੋਂ ਕਿਸੇ ਹੋਰਸ ਨੂੰ ਵਧੇਰੀ ਲੋੜ ਸੀ ਤਾਂ ਉਸ ਦੀ ਗਰਜ਼ ਪੂਰੀ ਕਰਨ ਲਈ ਚਲੀ ਗਈ ਹੈ। ਹੁਣ ਦੌੜ ਭਜ ਕਰਕੇ ਕਲਪਨਾ ਕਰਨੀ ਠੀਕ ਨਹੀਂ ਹੈ, ਜੇ ਸਾਡੀ ਹੋਵੇਗੀ ਤਾਂ ਆਪੇ ਸਤਿਗੁਰ ਸਚੇ ਪਾਤਸ਼ਾਹ ਭੇਜ ਦੇਣਗੇ।

ਖੈਰ ਜਦ ਉਸ ਚੋਰ ਨੇ ਘੋੜੀ ਆਪਣੇ ਘਰ ਖੜੀ ਤਾਂ ਉਸ ਦੇ ਮਾਪੇ ਗੁਸੇ ਹੋਏ ਕਿ ਭਲਿਆ ਮਾਣਸਾ! ਜਿਥੋਂ ਆਂਦੀ ਹੈ ਉਥੇ ਹੀ ਛਡ ਆ। ਸਾਡਾ ਟਬਰ ਮੁਢੋਂ ਹੀ ਭਲਾ ਮਾਣਸ ਰਿਹਾ ਹੈ, ਹੋਰ ਥਾਣਾ ਧੂਹੀ ਫਿਰੇਗਾ, ਇਹ ਕੇਹੜੀ ਸਿਆਣਪ ਦੀ ਗਲ ਹੈ? ਘਰ ਦਿਆਂ ਦੇ ਜ਼ੋਰ ਦੇਣ ਤੇ ਉਹ ਚੋਰ ਘੋੜੀ

ਲਿਆ ਕੇ ਅਗਲੇ ਦਿਨ ਉਸੇ ਟਾਹਲੀ ਨਾਲ ਬੰਨ੍ਹਣ ਲਗਾ । ਸ਼ਹਿਰ ਦੇ ਲੋਕਾਂ ਵਿਚ ਘੋੜੀ ਦੇ ਚੋਰੀ ਹੋਣ ਦਾ ਰੌਲਾ ਪੈ ਚੁਕਾ ਸੀ, ਉਨ੍ਹਾਂ ਨੇ ਫੜ ਕੇ ਥਾਣੇ ਜਾ ਦਿਤਾ। ਥਾਣੇਦਾਰ ਨੇ ਮੁਕਦਮਾ ਖੜਾ ਕੀਤਾ ਤਾਂ ਆਪ ਨੇ ਪਲਿਓਂ ੩੨) ਰੁਪਏ ਖ਼ਰਚ ਕੇ ਉਸ ਚੋਰ ਨੂੰ ਛੁਡਾ ਕੇ ਆਪਣਾ ਦਿਲ ਸ਼ਾਂਤ ਕੀਤਾ । ਇਸ ਕਿਸਮ ਦਾ ਆਪ ਦਾ ਨਰਮ ਤੇ ਪ੍ਰਉਪਕਾਰੀ ਸੁਭਾ ਸੀ।

ਸ਼ਹੀਦੀ ਲਈ ਤਿਆਰੀ

ਸ: ਲਛਮਣ ਸਿੰਘ ਨੇ ਧਾਰੋਵਾਲੀ ਜਲਸਾ ਕੀਤਾ, ਉਥੇ ਮੁਲਕੀ ਲੀਡਰਾਂ ਦੇ ਬੜੇ ਧੂੰਆਂਧਾਰ ਲੈਕਚਰ ਹੋਏ । ਆਪ ਦੇ ਖ਼ਿਆਲ ਇਕ ਦਮ ਪਲਟਾ ਖਾ ਗਏ। ਆਪ ਉਥੇ ਹੀ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਅਕਾਲੀ ਸਜ ਗਏ। ਜਦ ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦੀ ਜਥੇ ਲਈ ਅਪੀਲ ਹੋਈ ਤਾਂ ਆਪ ਨੇ ਬੜੀ ਖ਼ੁਸ਼ੀ ਨਾਲ ਨਾਮ ਦਰਜ ਕਰਾਇਆ। ੯ ਫਗਣ ਵਾਲੇ ਦਿਨ ਜਥੇ ਲਈ ਤਿਆਰ ਹੋ ਕੇ ਸਿੰਘ ਤੁਰਨ ਲਗੇ, ਪਰ ੧੧ ਫਗਣ ਨੂੰ ਆਪ ਦੀ ਭਤੀਜੀ ਦਾ ਵਿਵਾਹ ਸੀ। ਸਿੰਘਣੀ ਨੇ ਬੜਾ ਜ਼ੋਰ ਦਿਤਾ ਕਿ ਤੁਸੀਂ ਵਿਵਾਹ ਦੇ ਪਿਛੋਂ ਚਲੇ ਜਾਣਾ, ਹੁਣ ਨਾ ਜਾਓ, ਨਾਮ ਲਿਖਾਣ ਦੀ ਕੇਹੜੀ ਗਲ ਹੈ ! ਤਾਂ ਆਖਿਆ ਕਿ ਅਸੀਂ ਹੁਣ ਘਰ ਰਹਿ ਕੇ ਸਤਿਗੁਰਾਂ ਵਲੋਂ ਬੇਮੁਖ ਨਹੀਂ ਹੋ ਸਕਦੇ। ਤੁਸੀਂ ਨਿਉਂਦਾ ਪਾ ਦੇਣਾ ਤੇ ਭਾਜੀ ਜਾਜੀ ਲੈ ਲੈਣੀ। ੧੪ ਸਾਲ ਦੇ ਭੁਝੰਗੀ ਨੇ ਆਖਿਆ ਕਿ ਬਾਪੂ ਜੀ ਤੁਸੀਂ ਨ ਜਾਓ, ਤੁਹਾਡੀ ਪਿਛਲੀ ਉਮਰਾ ਹੈ ! ਮਹੰਤ ਨੇ ਬੜੀਆਂ ਸਖਤ ਤਿਆਰੀਆਂ ਕੀਤੀਆਂ ਹੋਈਆਂ ਹਨ, ਸਾਨੂੰ ਮੁੰਡਿਆਂ ਖੁੰਡਿਆਂ ਨੂੰ ਜਾਣ ਦਿਓ ! ਤੁਸੀਂ ਬਜ਼ੁਰਗ ਜੇ ਘਰ ਰਹਿ ਕੇ ਵਿਵਾਹ ਦਾ ਕੰਮ ਸਾਰ ਲੈਣਾ। ਸਿਆਣਿਆਂ ਦੀ ਤਾਂ ਹਰ ਵੇਲੇ ਏਹੋ ਜਿਹੇ ਸਮਿਆਂ ਵਿਚ ਲੋੜ ਹੋਇਆ ਕਰਦੀ ਹੈ। ਤਾਂ ਆਖਣ ਲਗੇ— ਸੌਹਰਿਆ ! ਤੈਨੂੰ ਕੀ ਪਤਾ ਹੈ ਉਥੇ ਕੀ ਰੰਗ ਬਣਨੇ ਹਨ ? ਤੁਹਾਨੂੰ ਇਨ੍ਹਾਂ ਗਲ੍ਹਾਂ ਨਾਲ ਕੀ ਲਗੇ ਤੁਹਾਡਾ ਅਜੇ ਸਮਾਂ ਨਹੀਂ ਹੈ। ਅਸੀਂ ਨਾਮ ਲਿਖਾ ਚੁਕੇ ਹਾਂ ਇਸ ਲਈ ਅਸੀਂ ਜਾਵਾਂਗੇ, ਹੋਰ ਕਿਸੇ ਦੇ ਜਾਣ ਦੀ ਕੋਈ ਲੋੜ ਨਹੀਂ ਹੈ।

ਆਪਣੇ ਘਰੇ ਵੇਹੜੇ ਵਿਚ ਖੜੇ ਹੋ ਕੇ ਅਰਦਾਸਾ ਸੋਧਿਆ ਕਿ ਹੇ ਸੱਚੇ

ਪਾਤਸ਼ਾਹ ! ਅਸੀਂ ਆਪਣੇ ਮਨੋਰਥ ਵਿਚ ਕਾਮਯਾਬ ਹੋਈਏ, ਨਹੀਂ ਤਾਂ ਉਥੋਂ ਮੁੜ ਕੇ ਜੀਉਂਦੇ ਘਰ ਵਾਪਸ ਨ ਆਈਏ। ਤੇਰੇ ਚਰਨਾਂ ਵਿਚ ਹੀ ਲੇਖੇ ਲਗ ਜਾਈਏ। ਖ਼ਬਰੇ ਸਾਨੂੰ ਕੇਹੜੀ ਥਾਂ ਮਿਲਣੀ ਹੈ, ਭਗਤਾਂ ਦੇ ਨਾਮ ਤੁਰੇ ਹੋਏ ਹਨ। ਸਾਡਾ ਨਾਮ ਕਿਸ ਲੈਣਾ ਹੈ ? ਇਹ ਬੇਨਤੀ ਕਰਦਿਆਂ ਹੀ ਅਖਾਂ ਵਿਚੋਂ ਤ੍ਰਪ ਤ੍ਰਪ ਕਰਦੇ ਵੈਰਾਗ ਤੇ ਪ੍ਰੇਮ ਨਾਲ ਹੰਝੂ ਕਿਰਨ ਲਗ ਪਏ।

ਪੁੱਤ੍ਰ ਨੂੰ ਹੌਂਸਲਾ ਦੇ ਕੇ ਸਮਝਾਇਆ ਕਿ ਬੇਟਾ ! ਮੈਂ ਆਪਣੇ ਪ੍ਰਣ ਨੂੰ ਨਿਭਾਉਣ ਖਾਤ੍ਰ ਜਾ ਰਿਹਾ ਹਾਂ, ਤੁਹਾਡੇ ਲਈ ਅਜੇ ਬੜੇ ਕੁਰਬਾਨੀ ਦੇ ਸਮੇਂ ਆਉਣਗੇ। ਸ਼ਾਮ ਦਾ ਪ੍ਰਸ਼ਾਦ ਛਕਕੇ ਆਪਣੇ ਸਾਥੀਆਂ ਨਾਲ ਰਲ ਕੇ ਦੇਵਾ ਸਿੰਘ ਵਾਲੇ ਭਾ: ਲਛਮਣ ਸਿੰਘ ਜੀ ਦੇ ਸ਼ਹੀਦੀ ਜੱਥੇ ਵਿਚ ਆ ਰਲੇ। ਜਦ ਸਵੇਰੇ ਛੇ ਵਜੇ ਦੇ ਕਰੀਬ ਜਥਾ ਰੇਲ ਦੀ ਲਾਇਨ ਪਾਸ ਪੁੱਜਾ, ਤਾਂ ਉਥੇ ਆਪ ਨੇ ਬੀਬੀ ਇੰਦ੍ਰ ਕੌਰ ਜੀ ਸੁਪਤਨੀ ਸ: ਲਛਮਣ ਸਿੰਘ ਸ਼ਹੀਦ ਨੂੰ ੬) ਰੁਪਏ ਨਕਦ ਤੇ ਇਕ ਸੋਨੇ ਦੀ ਮੁੰਦਰੀ ਲਾਹਕੇ ਦਿਤੀ ਤੇ ਆਖਿਆ ਕਿ ਬੀਬੀ ਜੀ ਇਹ ਚੀਜ਼ਾਂ ਸਾਡੇ ਘਰ ਪਹੁੰਚਾ ਦੇਣੀਆਂ, ਅਸੀਂ ਤਾਂ ਹੁਣ ਗੁਰਾਂ ਦੇ ਲੇਖੇ ਹੀ ਲਗ ਜਾਣਾ ਹੈ। ਇਹ ਚੀਜ਼ਾਂ ਸ਼ਹੀਦੀ ਪਿਛੋਂ ਇਨ੍ਹਾਂ ਦੀ ਧਰਮ ਪਤਨੀ ਨੂੰ ਦੇ ਦਿਤੀਆਂ ਗਈਆਂ। ਜਦ ਜਥੇ ਤੇ ਅੰਦਰ ਜ਼ਾਲਮਾਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕੀਤੀਆਂ ਤਾਂ ਆਪ ਪ੍ਰਕਰਮਾਂ ਕਰ ਰਹੇ ਸਨ ਅਤੇ ਦਖਣ ਦੀ ਬਾਹੀ ਵਲ ਬਾਂਹ ਖੜੀ ਕਰਕੇ ਹਿੱਕ ਨੰਗੀ ਕਰ ਦਿਤੀ ਕਿ ਜ਼ਾਲਮੋ ਲਓ ਆਪਣੀਆਂ ਗੋਲੀਆਂ ਠੰਡੀਆਂ ਕਰ ਲਓ ! ਦੁਸ਼ਟਾਂ ਨੇ ਨਿਸ਼ਾਨਾ ਬੰਨ੍ਹਕੇ ਬੰਦੂਕ ਮਾਰੀ, ਗੋਲੀ ਨੇ ਆਪ ਠੰਡਿਆਂ ਹੋਣ ਦੇ ਨਾਲ ਹੀ ਇਨ੍ਹਾਂ ਦੇ ਸਰੀਰ ਨੂੰ ਭੀ ਠੰਡਿਆਂ ਕਰਕੇ ਰੂਹ ਸਚ ਖੰਡੀ ਦਰਬਾਰ ਵਿਚ ਪਹੁੰਚਾ ਦਿਤੀ*।

---

*ਕਮੇਟੀ ਨੇ ਆਪਦੀ ਸੁਪਤਨੀ ਬੀਬੀ ਨਿਹਾਲ ਕੌਰ ਦੇ ਨਾਮ ਪਿੰਨਸ਼ਨ ਲਾ ਦਿਤੀ। ੧੭-੬-੨੧ ਤੋਂ ੩੦-੪-੩੮ ਤਕ ਜਿਸਦਾ ਜੋੜ ੨੮੪੩) ਰੁਪਏ ਬਣਦਾ ਹੈ।

ਫ਼ਤਹ ਗੜ੍ਹ ਸ਼ੁਕਰ-ਚੱਕੀਆਂ

ਜ਼ਿਲਾ ਅੰਮ੍ਰਿਤਸਰ ਦੇ ਸ਼ਹੀਦ

ਭਾਈ ਸੰਤਾ ਸਿੰਘ ਜੀ

ਪਿੰਡ ਫ਼ਤਹ ਗੜ੍ਹ ਸ਼ੁਕਰ ਚੱਕੀਆਂ, ਅੰਮ੍ਰਿਤਸਰ ਤੋਂ ਚੜ੍ਹਦੇ ਬੰਨੇ ਪੰਜ ਮੀਲ ਦੇ ਫ਼ਾਸਲੇ ਤੇ ਆਬਾਦ ਹੈ। ਇਹ ਨਗਰ ਬਹੁਤ ਪੁਰਾਣਾ ਵਸਿਆ ਹੋਇਆ ਹੈ। ਦੀਵਾਨ ਟੋਡਰ ਮਲ ਨੇ ਆਪਣੇ ਸਮੇਂ ਇਸ ਦੀ ਨੀਂਹ ਰਖੀ ਅਤੇ ਇਸ ਦਾ ਨਾਮ ਉਸ ਵੇਲੇ ਟੋਡਰ ਮਲ ਦਾ ਕੋਟ ਪ੍ਰਸਿੱਧ ਸੀ। ਇਕ ਵੇਰ ਇਕ ਨੰਬਰਦਾਰ ਦੀ ਹਵੇਲੀ ਵਿਚੋਂ ਸੇਂਘੇ ਨੇ ਜ਼ਮੀਨ ਪੁਟਾਈ ਤਾਂ ਬਹੁਤ ਪੁਰਾਣੇ ਖੰਡਰਾਤ ਨਿਕਲੇ ਸਨ, ਜੋ ਮੁੜ ਮਿੱਟੀ ਪਾ ਕੇ ਦੱਬ ਦਿਤੇ ਗਏ ਸਨ, ਜਿਸ ਤੋਂ ਇਸਦੇ ਬਹੁਤ ਪੁਰਾਣੇ ਹੋਣ ਦਾ ਹੋਰ ਭੀ ਸਬੂਤ ਮਿਲਦਾ ਹੈ। 'ਗੁਰਦੁਆਰਾ ਸੰਗ੍ਰਹਿ' ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੁਦਾਲੇ ਨੂੰ ਜਾਂਦੇ ਹੋਏ ਇਥੇ ਆਕੇ ਇਕ ਰਾਤ ਠਹਿਰੇ ਸਨ। ਮਹਾ: ਰਣਜੀਤ ਸਿੰਘ ਦੇ ਮਸੇਂ ਇਥੇ ਚਾਰ ਸ੍ਰਦਾਰ (੧. ਉਪਲ, ਜੋ ਲਾਵ-ਲਦ ਗਏ; ੨. ਲੱਲੀ, ਜ਼ਿਲਾ ਗੁਰਦਾਸਪੁਰ ਗੁਰਾਲੇ ਲਲੀਆਂ ਦਾ; ੩. ਮਨੇਸ, ਜ਼ਿਲਾ ਗੁਰਦਾਸਪੁਰ ਮਨੇਸਾਂ ਦਾ; ਅਤੇ ੪. ਮਾਨ, ਜ਼ਿਲਾ ਗੁਜਰਾਂਵਾਲਾ ਸ਼ੁਕਰ ਚੱਕ ਦਾ ਸੀ) ਆਕੇ ਆਬਾਦ ਹੋਏ ਅਤੇ ਜ਼ਮੀਨਾਂ ਮੱਲ ਕੇ ਭੋਂ ਕਾਠੀ ਵੰਡ ਅਨੁਸਾਰ ਵੰਡ ਲਈ। ਉਸ ਦਿਨ ਤੋਂ ਲੈਕੇ ਅਜ ਤਕ ਇਥੇ ਸਤ ਗੋਤਾਂ (੧. ਮਾਨ, ੨. ਮਨੇਸ, ੩. ਛੀਨੇ, ੪. ਪੁਰੇਵਾਲ ਗਿੱਲ, ੫. ਸਿਧੂ, ੬. ਲੱਲੀ ਯਾ ਲੇਲ੍ਹ, ੭. ਸਰਾ) ਆਬਾਦ ਹੋਈਆਂ ਹਨ।

ਇਸ ਪ੍ਰਸਿੱਧ ਨਗਰ ਵਿਚ ਭਾਈ ਸੰਤਾ ਸਿੰਘ ਦਾ ਜਨਮ ਸੰ: ੧੯੮੬ ਈ: ਵਿਚ ਭਾਈ ਮੋਹਰੇ ਦੇ ਘਰ ਹੋਇਆ। ਆਪ ਅੱਠ ਭੈਣ ਭਰਾ ਸਨ:—੧.

ਬੀਬੀ ਨਰੈਣੀ, ੨. ਭਾ: ਕਾਕਾ, ੩. ਬੀਬੀ ਸੰਤੀ, ੪. ਬੀਬੀ ਦੇਵੀ, ੫. ਭਾ: ਸੁਰਾਇਣ ਸਿੰਘ, ੬. ਭਾ: ਸੰਤਾ ਸਿੰਘ, ੭. ਭਾ: ਬੰਤਾ ਸਿੰਘ ਅਤੇ ੮. ਭਾਈ ਲਾਲ ਸਿੰਘ।

ਆਪ ਦਾ ਪਿਤਾ ਬਹੁਤ ਸ਼ਰੀਫ਼, ਦਿਲ ਦਾ ਗਰੀਬ ਅਤੇ ਬਿਲਕੁਲ ਹਲੀਮੜੀ ਤਬੀਅਤ ਦਾ ਮਾਲਕ ਸੀ । ਜਜਮਾਨਾਂ ਦਾ ਨਹੁੰ-ਕੰਡਾ ਲਾਹੁਣ ਦੀ ਵਿਰਤ ਕਰਕੇ ਡਾਹਢੇ ਸੰਜਮ ਨਾਲ ਆਪ ਨੇ ਕੁਝ ਮਾਇਆ ਇਕੱਠੀ ਕਰਕੇ ਦੁਕਾਨ ਪਾ ਲਈ। ਦੁਕਾਨ ਵਿਚੋਂ ਬਚਤ ਕਰਕੇ ਲੋਕਾਂ ਨੂੰ ਰੁਪਿਆ ਵਿਆਜ ਵਟੇ ਤੇ ਦੇਣਾ ਸ਼ੁਰੂ ਕਰ ਦਿਤਾ। ਭਾਈ ਸੰਤਾ ਸਿੰਘ ਦੇ ਜੀਵਨ ਉਤੇ ਆਪਣੇ ਪਿਤਾ ਦੇ ਚੰਗੇ ਗੁਣਾਂ ਤੇ ਨੇਕ ਸੁਭਾ ਦਾ ਬਹੁਤ ਡੂੰਘਾ ਪ੍ਰਭਾਵ ਸੀ। ਆਪ ਸੱਤ ਸਾਲ ਦੀ ਉਮਰ ਵਿਚ ਹੀ ਭਾਈ ਟੇਕ ਸਿੰਘ ਗ੍ਰੰਥੀ ਪਾਸੋਂ ਗੁਰਮੁਖੀ ਪੜ੍ਹਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੰਗੇ ਸਰਲ ਪਾਠੀ ਹੋ ਗਏ। ਇਸ ਗੁਰਮੁਖ ਗ੍ਰੰਥੀ ਦੀ ਸੰਗਤ ਕਰਕੇ ਹੀ ਆਪ ਗੁਰਬਾਣੀ ਦੇ ਚੰਗੇ ਰਸੀਏ ਅਤੇ ਪ੍ਰੇਮੀ ਬਣ ਗਏ।

ਧਰਮਸਾਲਾ ਵਿਚ ਅੰਮ੍ਰਿਤ ਪ੍ਰਚਾਰ ਹੋਇਆ, ਤਾਂ ੧੭ ਸਾਲ ਦੀ ਉਮਰ ਵਿਚ ਆਪ ਨੇ ਸਭ ਤੋਂ ਮੋਹਰੇ ਹੋਕੇ ਅੰਮ੍ਰਿਤ ਛਕ ਲਿਆ ਤੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਪਹਿਲਾਂ ਤਾਂ ਪਿਤਾ ਵਾਂਗ ਹੀ ਜਜਮਾਨਾਂ ਦੀ ਵਿਰਤ ਕਰਦੇ ਰਹੇ, ਫੇਰ ਦੋ ਸਾਲ ਪਲਟਨ ਦੀ ਨੌਕਰੀ ਕੀਤੀ, ਪ੍ਰੰਤੂ ਆਪ ਦੀ ਆਜ਼ਾਦ ਤਬੀਅਤ ਨੂੰ ਨੌਕਰੀ ਮਾਫਕ ਨਾ ਆਈ ਤੇ ਨਾਮ ਕਟਾ ਕੇ ਪਿੰਡ ਹੀ ਆ ਗਏ।

ਆਪ ਦਾ ਰੰਗ ਕਾਲਾ, ਸਰੀਰ ਭਰਵਾਂ, ਖੁਲ੍ਹਾ ਗੁਰਮੁਖੀ ਦਾਹੜਾ ਹੋਇਆ ਕਰਦਾ ਸੀ। ਨਕਸ਼ ਤਿੱਖੇ ਤੇ ਬਹੁਤ ਸੁਨੱਖੇ ਸਨ, ਜਿਸ ਦੇ ਕਾਰਨ ਪੱਕਾ ਰੰਗ ਹੁੰਦਿਆਂ ਭੀ ਆਪ ਬੜੇ ਖ਼ੂਬਸੂਰਤ ਦਰਸ਼ਨੀ ਜਵਾਨ ਲਗਿਆ ਕਰਦੇ ਸਨ। ਆਪ ਦਾ ਚਾਲ-ਚਲਨ ਬਹੁਤ ਉੱਚਾ ਤੇ ਸੁੱਚਾ ਸੀ। ਸੁਭਾ ਦੇ ਮਨਚਲੇ ਤੇ ਦਿਲ ਦੇ ਬੜੇ ਦਲੇਰ ਸਨ। ਕਿਸੇ ਗਲ ਦਾ ਭੀ ਕਦੀ ਦਿਲ ਵਿਚ ਖੌਫ਼ ਨਹੀਂ ਆਂਦਾ ਸੀ। ਜਦ ਸਰਕਾਰੀ ਚਾਟੜਿਆਂ ਨੇ ਸਿਪਾਹੀਆਂ ਨਾਲ ਕਿਸੇ ਸਮੇਂ ਨਗਰ ਵਿਚ ਆ ਕੇ ਨਾਜਾਇਜ਼ ਕਾਰਵਾਈ ਕਰਨੀ ਤਾਂ ਆਪ ਨੇ ਹਿਕ ਤੇ ਹੱਥ ਮਾਰਕੇ ਮਰਦਾਂ ਵਾਂਗ ਡਟਕੇ ਉਸਦੀ ਮੁਖ਼ਾਲਫਤ ਕਰਨੀ। ਸਰਕਾਰੀ ਕਰਮਚਾਰੀਆਂ ਨੇ ਆਪ ਨਾਲ ਇਨ੍ਹਾਂ ਗਲਾਂ ਤੋਂ ਅਦਾਵਤ ਰਖਣੀ ਸ਼ੁਰੂ ਕਰ ਦਿਤੀ ਤੇ ਆਪ ਦੀ ਇਸ

ਦਲੇਰੀ ਅਤੇ ਅਣਖ ਨੂੰ ਦਬਾਉਣ ਲਈ ਦਸ ਨੰਬਰ ਵਿਚ ਰਖੇ ਜਾਣ ਲਈ ਆਪ ਦੇ ਬਰਖ਼ਿਲਾਫ਼ ਰਪੋਟ ਕਰ ਦਿਤੀ । ਪ੍ਰੰਤੂ ਪਿੰਡ ਦੇ ਸਾਰੇ ਲੋਕੀ ਆਪ ਦੀ ਦਲੇਰੀ, ਨਿਰਭੈਤਾ ਤੇ ਸਚਿਆਈ ਨੂੰ ਵੇਖ ਕੇ ਆਪ ਦੇ ਹਾਮੀ ਸਨ, ਜਿਸ ਦੇ ਕਾਰਨ ਸਰਕਾਰੀ ਅਫ਼ਸਰਾਂ ਦੇ ਸਾਰਾ ਟਿੱਲ ਲਾਉਣ ਤੇ ਭੀ ਆਪ ਦੀ ਜ਼ਮਾਨਤ ਨ ਹੋ ਸਕੀ।

ਜੰਡਿਆਲੇ ਗੁਰੂ ਕੇ ਵਿਵਾਹ ਹੋ ਗਿਆ। ਆਪ ਦੇ ਘਰ ਇਕ ਲੜਕਾ ਹੋ ਕੇ ਗੁਜ਼ਰ ਗਿਆ ਤੇ ਥੋੜੇ ਚਿਰ ਪਿਛੋਂ ਸਿੰਘਣੀ ਭੀ ਪੂਰੀ ਹੋ ਗਈ। ਅਕਾਲੀ ਲਹਿਰ ਚਲੀ ਤਾਂ ਆਪ ਅਕਾਲੀ ਸਜ ਗਏ । ਦੀਵਾਨਾਂ ਵਿਚ ਗੂੰਜਵੀਂ ਆਵਾਜ਼ ਨਾਲ ਸ਼ਬਦ ਪੜ੍ਹਨੇ ਅਤੇ ਬੜੀ ਮਟਕ ਨਾਲ ਢੋਲਕੀ ਵਜਾਉਣੀ, ਤੇ ਵੇਖਣ ਵਾਲਿਆਂ ਨੇ ਦੰਗ ਰਹਿ ਜਾਇਆ ਕਰਨਾ। ਗੁਰਦੁਆਰੇ ਵਿਚ ਗੁਰ-ਬਿਲਾਸ ਛੇਵੀਂ ਪਾਤਸ਼ਾਹੀ ਦੀ ਕਥਾ ਕਰਿਆ ਕਰਦੇ ਸਨ। ਗਰਮੀਆਂ ਨੂੰ ਰੁਖਾਂ ਥੱਲੇ ਜਦ ਪਿੰਡ ਦੇ ਲੋਕਾਂ ਨੇ ਵੇਹਲੇ ਹੋ ਕੇ ਬੈਠਣਾ ਤਾਂ ਹੇਕ ਲਾ ਕੇ ਹਰਾ ਨਾਲ ਬੰਦਾ ਸਿੰਘ ਬਹਾਦਰ ਸੁਣਾਇਆ ਕਰਨਾ।

ਚੇਲੇ ਵਾਲੇ ਜਾਕੇ ਵਸਣਾ

ਇਨ੍ਹਾਂ ਦਿਨਾਂ ਵਿਚ ਹੀ ਆਪ ਦਾ ਭਰਾ ਭਾਈ ਲਾਲ ਸਿੰਘ ਘਰੋਂ ਗੁੱਸੇ ਰਾਜ਼ੀ ਹੋ ਕੇ ਨਜ਼ਾਮਪੁਰ ਚੇਲੇ ਵਾਲੇ, ਜ਼ਿਲਾ ਸ਼ੇਖ਼ੂਪੂਰਾ ਵਿਚ ਚਲਾ ਗਿਆ। ਆਪ ਉਸ ਨੂੰ ਉਥੋਂ ਮੋੜਨ ਲਈ ਆਪਣੇ ਨਗਰੋਂ ਗਏ, ਪ੍ਰੰਤੂ ਅੰਨ-ਜਲ ਦੀ ਖੇਡ ਬਿਅੰਤ ਹੈ ਕਿ ਉਥੇ ਪੁਜਦਿਆਂ ਹੀ ਲੋਕਾਂ ਨੇ ਆਪ ਦੀ ਚੰਗੀ ਰਹਿਣੀ ਬਹਿਣੀ ਵੇਖ ਕੇ ਖਿੱਚ ਕੀਤੀ ਤੇ ਆਪ ਉਨ੍ਹਾਂ ਦੀ ਪ੍ਰੇਰਨਾ ਨਾਲ ਉਥੇ ਹੀ ਭਰਾ ਦੇ ਨਾਲ ਟਿਕ ਗਏ। ਇਥੇ ਆਪ ਦੋ ਸਾਲ ਵਾਹਵਾ ਹਕੀਮੀ ਦਾ ਕੰਮ ਕਰਦੇ ਰਹੇ। ਜੇ ਕਿਸੇ ਨੇ ਕਦੇ ਰਾਤ ਨੂੰ ਭੀ ਆ ਆਵਾਜ਼ ਮਾਰੀ, ਤਾਂ ਝਟ ਬਿਨਾਂ ਕਿਸੇ ਹੀਲ-ਹੁੱਜਤ ਦੇ ਉਸ ਦਾ ਬੀਮਾਰ ਵੇਖਣ ਲਈ ਉਠ ਭਜਦੇ ਸਨ। ਗ਼ਰੀਬਾਂ ਦਾ ਇਲਾਜ ਬੜੀ ਮਿਹਨਤ ਤੇ ਦਿਲਚਸਪੀ ਨਾਲ ਮੁਫ਼ਤ ਕਰਿਆ ਕਰਦੇ ਸਨ। ਇਸੇ ਕਾਰਨ ਕਰਕੇ ਇਸ ਨਗਰ ਵਿਚ ਜਿਥੇ ਆਪ ਦੀ ਮਾਣ ਵਡਿਆਈ ਹੁੰਦੀ ਸੀ, ਉਸ ਦੇ ਨਾਲ ਹੀ ਆਪ ਧਾਰਮਕ ਕੰਮਾਂ ਵਿਚ ਭੀ ਮੋਹਰੀਆਂ ਵਿਚ ਸਦੇ

ਜਾਂਦੇ ਸਨ। ਆਪਣਾ ਨੁਕਸਾਨ ਕਰਕੇ ਭੀ ਦੂਜੇ ਦਾ ਕੰਮ ਸੁਆਰ ਕੇ ਆਪ ਬਹੁਤ ਖ਼ੁਸ਼ ਹੋਇਆ ਕਰਦੇ ਸਨ। ਫੋੜਾ ਚੀਰਨ ਫਾੜਨ ਨੂੰ ਜੱਰਾਹੀ ਦੇ ਕੰਮ ਵਿਚ ਬੜੇ ਲਾਇਕ ਸਨ। ਇਥੇ ਆਕੇ ਆਪ ਦੀ ਵਧੇਰੇ ਰੁਚੀ ਧਾਰਮਕ ਪੁਸਤਕਾਂ ਪੜ੍ਹਨ ਵਲ ਹੋ ਗਈ। ਹਰ ਰੋਜ਼ ਸੰਗਤਾਂ ਨੂੰ ਇਕੱਠਿਆਂ ਕਰਕੇ ਬੰਦਾ ਸਿੰਘ ਬਹਾਦਰ ਤੇ ਹੋਰ ਸ਼ਹੀਦੀਆਂ ਸੁਰੀਲੀ ਹੇਕ ਲਾ ਕੇ ਜੋਸ਼ੀਲੇ ਢੰਗ ਨਾਲ ਸੁਣਾਇਆ ਕਰਨੀਆਂ। ਆਮ ਲੋਕਾਂ ਵਿਚ ਆਪ ਦਾ ਬੜਾ ਇਤਬਾਰ ਸੀ ਅਤੇ ਚੰਗੇ ਸੁਚੱਜੇ ਜੀਵਨ ਦਾ ਹਰ ਇਕ ਉਤੇ ਸੋਹਣਾ ਡੂੰਘਾ ਪ੍ਰਭਾਵ ਸੀ। ਗਲ ਵਿਚ ਮਾਲਾ ਤੇ ਹੱਥ ਵਿਚ ਟਕੂਆ ਰਖਿਆ ਕਰਦੇ ਸਨ। ਮਨ ਦੀ ਨਿਡਰਤਾ ਸਾਰੀ ਉਮਰ ਕਾਇਮ ਰਹੀ, ਪਰ ਅਖੀਰਲੀ ਉਮਰੇ ਤਬੀਅਤ ਵਿਚ ਕੁਝ ਨਰਮੀ ਆ ਗਈ ਸੀ।

ਆਪ ਨੇ ਭੀ ਸ਼ਹੀਦੀ ਜਥੇ ਨਾਲ ਜਾਣ ਲਈ ਆਪਣਾ ਨਾਮ ਲਿਖਾ-ਇਆ ਹੋਇਆ ਸੀ। ਤੁਰਨ ਲਗੇ ਤਾਂ ਆਪਣੇ ਭਰਾ ਨੂੰ ਆਖਣ ਲਗੇ ਕਿ ਦੁਧ ਗਰਮ ਹੋ ਗਿਆ ਹੈ ਤਾਂ ਲਿਆ ਛਕੀਏ। ਉਸ ਨੇ ਅਗੋਂ ਉਤਰ ਦਿਤਾ ਕਿ ਰਾਤੀਂ ਦੁੱਧ ਪੀ ਕੇ ਪੈਂਡੇ ਨਹੀਂ ਪਈਦਾ, ਔਗੁਣ ਹੁੰਦਾ ਹੈ। ਇਨ੍ਹਾਂ ਨੇ ਅਗੋਂ ਉਤਰ ਦਿਤਾ ਕਿ ਭਲਿਆ ਲੋਕਾ! ਕੀ ਪਿਆ ਭੋਲੀਆਂ ਗਲਾਂ ਕਰਨਾ ਏਂ? ਔਗੁਣ ਕਾਹਦਾ ਹੋਣਾ ਹੈ? ਸ਼ਹੀਦੀ ਸਮੇਂ ਤਾਂ ਸਗੋਂ ਜ਼ਰੂਰ ਦੁਧ ਪੀਣਾ ਚਾਹੀਦਾ ਹੈ। ਅਸੀਂ ਕੋਈ ਮਾੜੇ ਕੰਮ ਚਲੇ ਹਾਂ? ਜੇ ਔਗੁਣ ਹੋਵੇਗਾ ਤਾਂ ਕੀ? ਸ਼ਹੀਦਾਂ ਨੂੰ ਤਾਂ ਪਿਛੋਂ ਭੀ ਸਗੋਂ ਦੁਧ ਹੀ ਚੜ੍ਹਦਾ ਹੈ। ਏਨੀ ਗਲ ਆਖ ਕੇ ਦੁਧ ਦਾ ਛੰਨਾ ਭਰ ਕੇ ਸ਼ੱਕਰ ਘੋਰ ਕੇ ਪੀ ਲਿਆ ਅਤੇ ਜਥੇ ਦੇ ਸਿੰਘਾਂ ਨਾਲ ਤਿਆਰ-ਬਰ-ਤਿਆਰ ਹੋ ਕੇ ਚਾਲੇ ਪਾ ਦਿਤੇ। ਆਪ ਸ੍ਰੀ ਜਨਮ ਅਸਥਾਨ ਦੇ ਛਿਆਸੀ ਸੂਰਬੀਰਾਂ ਵਿਚੋਂ ਇਕ ਸਨ, ਜਿਨ੍ਹਾਂ ਨੇ ਪਵਿਤ੍ਰ ਸ੍ਰੀ ਜਨਮ ਅਸਥਾਨ ਦੇ ਅੰਦਰ ਜ਼ਾਲਮਾਂ ਦੀਆਂ ਗੋਲੀਆਂ ਨੂੰ ਆਪਣਿਆਂ, ਸੀਨਿਆਂ ਵਿਚ ਠੰਡਾ ਕੀਤਾ ਅਤੇ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰਕੇ ਗੁਰਦੁਆਰੇ ਨੂੰ ਪਾਪੀਆਂ ਪਾਸੋਂ ਆਜ਼ਾਦ ਕਰਾਇਆ।

ਬਰੋਟੂ ਚੱਕ ਨੰ: ੧੮ ਦੇ ਸ਼ਹੀਦ

ਬਹੋੜੂ ਚੱਕ ਨੰ: ੧੮ ਜ਼ਿਲਾ ਸ਼ੇਖ਼ੂਪੁਰੇ ਦੇ ਸ਼ਹੀਦ

ਭਾਈ ਈਸ਼ਰ ਸਿੰਘ ਜੀ ਗੁੰਬੀ

ਆਪ ਦਾ ਜਨਮ ਸੰ: ੧੯੩੮ ਬਿ: ਵਿਚ ਬਹੋੜੂ ਜ਼ਿਲਾ ਅੰਮ੍ਰਿਤਸਰ ਵਿਖੇ ਮਾਤਾ ਨਿਹਾਲ ਕੌਰ ਦੀ ਕੁਖੋਂ ਭਾਈ ਅਤਰ ਸਿੰਘ ਦੇ ਘਰ ਹੋਇਆ। ਆਪ ਤੋਂ ਛੋਟੀ ਇਕ ਭੈਣ ਸੰਤ ਕੌਰ ਸੀ। ਆਪ ਦੇ ਪਿਤਾ ਨੇ ਛੋਟੀ ਉਮਰੇ ਹੀ ਪੜ੍ਹਣੇ ਪਾ ਦਿਤਾ। ਅਜੇ ਆਪ ਨੇ ਪੜ੍ਹਾਈ ਆਰੰਭ ਹੀ ਕੀਤੀ ਸੀ, ਜੁ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਆਪ ਦੀ ਪਹਿਲੀ ਸ਼ਾਦੀ ਹੋਈ ਤੇ ਸਿੰਘਣੀ ੧੦ ਸਾਲ ਪਿਛੋਂ ਚੜ੍ਹਾਈ ਕਰ ਗਈ। ਫੇਰ ਦੂਜੀ ਸ਼ਾਦੀ ਨਨਹੇੜਾ ਜ਼ਿਲਾ ਅੰਬਾਲਾ ਵਿਚ ਭਾ: ਵਰਿਆਮ ਸਿੰਘ ਦੀ ਸਪੁਤਰੀ ਬੀਬੀ ਨੰਦ ਕੌਰ ਨਾਲ ਹੋ ਗਈ। ਇਸ ਦੀ ਕੁਖੋਂ ਕਾਕੇ ਪਿਆਰਾ ਸਿੰਘ ਦਾ ਜਨਮ ਹੋਇਆ। ਇਨ੍ਹਾਂ ਦੀ ਸ਼ਹੀਦੀ ਸਮੇਂ ਇਹ ਬੱਚਾ ਮਸਾਂ ਸਵਾ ਕੁ ਮਹੀਨੇ ਦਾ ਸੀ।

ਆਪ ਪਹਿਲਾਂ ਵਾਹੀ ਕਰਦੇ ਰਹੇ। ੨੮ ਕੁ ਸਾਲ ਦੀ ਉਮਰ ਵਿਚ ਆਪ ਦਾ ਮੇਲ ਗੇਲ ਭਾਈ ਅਮਰ ਸਿੰਘ ਜੀ ਸੁਪ੍ਰਿੰਟੈਂਡੈਂਟ ਖਾ: ਪ੍ਰ: ਵਿਦਿਆਲਾ ਸ੍ਰੀ ਤਰਨ ਤਾਰਨ ਨਾਲ ਹੋ ਗਿਆ। ਉਨ੍ਹਾਂ ਦੀ ਪ੍ਰੇਰਨਾ ਨਾਲ ਆਪ ਸੰ: ੧੯੦੭ ਈ: ਵਿਚ ਖਾ: ਪ੍ਰ: ਵਿਦਿਆਲਾ ਸ੍ਰੀ ਤਰਨ ਤਾਰਨ ਵਿਚ ਧਾਰਮਕ ਪੜ੍ਹਾਈ ਕਰਨ ਲਈ ਦਾਖ਼ਲ ਹੋ ਗਏ। ਇਥੇ ਅਟੇ ਸਟੇ ਚਾਰ ਕੁ ਸਾਲ ਬੜੀ ਮੇਹਨਤ ਤੇ ਲਗਨ ਨਾਲ ਧਾਰਮਕ ਪੜ੍ਹਾਈ ਕੀਤੀ। ਪੜ੍ਹਾਈ ਨਾਲੋਂ ਇਨ੍ਹਾਂ ਦਾ ਧਿਆਨ ਆਸ਼ਰਮ ਦੀ ਸੇਵਾ ਵਲ ਵਧੇਰੇ ਰਹਿੰਦਾ ਸੀ। ਆਪ ਰਹਿਤ ਬਹਿਤ ਵਿਚ ਚੰਗੇ

ਪਰਪੱਕ ਸਨ। ਗੁਰਬਾਣੀ ਨਾਲ ਭੀ ਬੜਾ ਪਿਆਰ ਹੁੰਦਾ ਸੀ। ਆਪ ਸਚੇ ਅਰਥਾਂ ਵਿਚ ਗੁਰਸਿਖੀ ਦੇ ਆਸ਼ਕ ਸਨ। ਇਸ ਆਸ਼ਰਮ ਵਾਸਤੇ ਬੜੀ ਕੋਸ਼ਸ਼ ਨਾਲ ਉਗਰਾਹੀ ਕਰਦੇ ਰਹੇ। ਆਪ ਜਿਥੇ ਮਿਠੇ ਕੀਰਤਨੀਏ ਸਨ, ਉਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭੀ ਚੰਗੇ ਅਰਥ ਕਰ ਲੈਂਦੇ ਸਨ।

ਆਸ਼ਰਮ ਵਿਚੋਂ ਪੜ੍ਹਾਈ ਖ਼ਤਮ ਕਰਕੇ ਆਪ ਚੱਕ ਨੰ: ੨੧ ਜੜ੍ਹਾਂਵਾਲੇ ਦੇ ਇਲਾਕੇ ਵਿਚ ਲੜਕਿਆਂ ਨੂੰ ਗੁਰਮੁਖੀ ਪੜ੍ਹਾਉਂਦੇ ਰਹੇ। ਇਲਾਕੇ ਵਿਚ ਫਿਰ ਤੁਰ ਕੇ ਧਾਰਮਕ ਪ੍ਰਚਾਰ ਕਰਨਾ। ਚਾਰ ਸਾਲ ਪਿਛੋਂ ਇਥੋਂ ਛੱਡ ਕੇ ਆਪ ਸ਼ਹੀਦਾਂ ਦੀ ਨਗਰੀ ਝੁਬਾਲ ਜ਼ਿਲਾ ਅੰਮ੍ਰਿਤਸਰ ਵਿਚ ਚਲੇ ਗਏ। ਇਥੇ ਭੀ ਆਪ ਇਕ ਸਾਲ ਲੜਕਿਆਂ ਨੂੰ ਗੁਰਮੁਖੀ ਪੜ੍ਹਾਉਂਦੇ ਰਹੇ। ਇਸ ਦੇ ਨਾਲ ਹੀ ਗੁਰਮਤ ਦੇ ਉੱਤਮ ਖਿਆਲਾਂ ਦਾ ਭੀ ਪ੍ਰਚਾਰ ਜਾਰੀ ਰਖਿਆ। ਅਕਾਲ ਪੁਰਖ ਦੇ ਭਾਣੇ ਅੰਦਰ ਆਪ ਦੀ ਅਰਧੰਗੀ ਇਥੇ ਹੀ ਅਕਾਲ ਚਲਾਣਾ ਕਰ ਗਈ। ਆਪ ਦਾ ਮਨ ਉਪ੍ਰਾਮ ਹੋ ਗਿਆ ਤੇ ਆਪ ਟੁਟੀ ਗੰਢੌਂਣ ਤੇ ਭਗੌੜਿਆਂ ਤੋਂ ਮੁਕਤੇ ਬਣਾਉਣ ਵਾਲੀ ਮਾਤਾ ਭਾਗੋ ਦੇ ਨਗਰ ਨੂੰ ਛੱਡ ਕੇ ਚਲੇ ਆਏ।

ਨਿਰੋਲ ਧਰਮ ਪ੍ਰਚਾਰ ਕਰਨਾ

ਇਥੇ ਲੜਕੇ ਪੜ੍ਹਾਉਂਦਿਆਂ ੨ ਆਪ ਦਾ ਵਧੇਰੇ ਝੁਕਾ ਧਾਰਮਕ ਪ੍ਰਚਾਰ ਵਲ ਹੋ ਗਿਆ ਸੀ। ਝੁਬਾਲੋਂ ਸਕੂਲ ਦਾ ਕੰਮ ਛੱਡ ਕੇ ਆਪ ਜ਼ਿਲਾ ਅੰਬਾਲਾ ਵਿਚ ਧਰਮ ਪ੍ਰਚਾਰ ਕਰਦੇ ਰਹੇ, ਆਪ ਸ਼ੁਧੀ ਦੇ ਪੱਕੇ ਹਾਮੀ ਸਨ। ਅਮਲੀ ਤੌਰ ਤੇ ਇਸ ਗਲ ਦਾ ਪ੍ਰਚਾਰ ਕਰਨ ਤੋਂ ਪਹਿਲਾਂ ਆਪ ਨੇ ਜ਼ਾਤ ਪਾਤ ਤੋੜ ਕੇ ਸ਼ਾਦੀ ਕੀਤੀ ਸੀ। ਇਥੋਂ ਛੱਡ ਕੇ ਫੇਰ ਆਪ ਜੜ੍ਹਾਂ ਵਾਲੇ ਦੇ ਇਲਾਕੇ ਵਿਚ ਆ ਗਏ ਅਤੇ ਆਪਣੀ ਧਾਰਮਕ ਸਕੀਮ ਨੂੰ ਬਾਕਾਇਦਾ ਜਾਰੀ ਰੱਖਿਆ। ਸੰਗਤਾਂ ਦੀ ਪ੍ਰੇਰਨਾ ਕਰਕੇ ਆਪ ਨੇ ਗੁਰਮਤ ਪ੍ਰਚਾਰ ਨਾਲ ਧਾਰਮਕ ਵਿਦਿਆ ਦਾ ਪ੍ਰਵਾਹ ਚਲਾਉਣਾ ਸ਼ੁਰੂ ਕਰ ਦਿਤਾ। ਆਪ ਦੇ ਨਗਰ ਨਿਵਾਸੀ ਖਿਚ ਕਰਕੇ ਆਪ ਨੂੰ ਬਹੋੜੂ ਚੱਕ ਨੰਬਰ ੧੮ ਵਿਚ ਹੀ ਲੈ ਗਏ। ਇਥੇ ਆਪ ਨੇ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਤੇ ਕੀਰਤਨ ਕਰਨਾ। ਸਭ ਨਿਕਿਆਂ ਵਡਿਆਂ ਨੂੰ ਗੁਰਮੁਖੀ

ਪੜ੍ਹਾਉਣੀ। ਦਿਨੇ ਛੋਟੇ ਲੜਕਿਆਂ ਨੇ ਪੜ੍ਹਨਾ ਅਤੇ ਰਾਤ ਨੂੰ ਵਡੇਰੀ ਉਮਰ ਦੇ ਸਿੰਘਾਂ ਦੀ ਪੜ੍ਹਾਈ ਸ਼ੁਰੂ ਰਖਣੀ। ਤੀਹ ਪੈਂਤੀ ਬੰਦੇ ਗੁਰਮੁਖੀ ਪੜ੍ਹਦੇ ਸਨ, ਪਰ ਤਨਖਾਹ ਦਾ ਇਕ ਧੇਲਾ ਭੀ ਅੰਗੀਕਾਰ ਨਹੀਂ ਕੀਤਾ ਸੀ। ਰੋਟੀ ਘਰੋਂ ਖਾਣੀ ਅਤੇ ਹੋਰ ਸਕੂਲ ਦੇ ਜ਼ਰੂਰੀ ਖ਼ਰਚ ਪਾਠਾਂ ਦੀ ਆਈ ਮਾਇਆ ਨਾਲ ਤੋਰਨੇ ਅਤੇ ਅਠੇ ਪਹਿਰ ਡੇਰਾ ਗੁਰਦੁਆਰੇ ਵਿਚ ਹੀ ਰਖਣਾ। ਆਪ ਗੁਰਮਤ ਅਸੂਲਾਂ ਵਿਚ ਏਨੇ ਪੱਕੇ ਸਨ ਕਿ ਗੁਰਦੁਆਰੇ ਵਿਚ ਦਾਹੜੀ ਮੁਨੇ, ਚੋਰ, ਨੜੀਮਾਰ ਅਤੇ ਸ਼ਰਾਬੀ ਨੂੰ ਕਦੇ ਵੜਣ ਨਹੀਂ ਦਿਆ ਕਰਦੇ ਸਨ। ਪੁਲਸੀ ਅਫ਼ਸਰਾਂ ਦਾ ਕਦੇ ਗੁਰਦੁਆਰੇ ਵਿਚ ਉਤਾਰਾ ਨ ਹੋਣ ਦੇਣਾ। ਇਕ ਵੇਰ ਜ਼ਿਲੇਦਾਰ ਹੁੱਕਾ ਲੈ ਕੇ ਗੁਰਦੁਆਰੇ ਦੇ ਹਾਤੇ ਵਿਚ ਆ ਵੜਿਆ ਤਾਂ ਇਨ੍ਹਾਂ ਨੇ ਇਸ ਗਲੋਂ ਉਸ ਨੂੰ ਰੋਕਿਆ, ਪਰ ਸਰਕਾਰੀ ਪੁਲਸੀਏ ਉਸ ਦੀ ਹਮੈਤ ਕਰਨ ਲਗ ਪਏ। ਆਪ ਨੇ ਨਿਰਭੈ ਹੋਕੇ ਉਸ ਨੂੰ ਗੁਰਦੁਆਰੇ ਵਿਚੋਂ ਬਾਹਰ ਕਢਕੇ ਹੀ ਦਮ ਲਿਆ।

ਆਪ ਦਾ ਕਦ ਲੰਮਾ, ਸਰੀਰ ਦਰਮਿਆਨਾ, ਰੰਗ ਗੋਰਾ ਸੁਭਾ ਬੜਾ ਗੰਭੀਰ ਸੀ। ਵੇਖਣ ਵਾਲੇ ਨੂੰ ਮਾਨੋਂ ਸੰਤ ਸਰੂਪ ਹੀ ਲਗਿਆ ਕਰਦੇ ਸਨ। ਜਦ ਗੁਰਦੁਆਰਾ ਲਹਿਰ ਚਲੀ ਤਾਂ ਆਪ ਇਸ ਦੇ ਮੋਹਰਲੀਆਂ ਵਿਚ ਪ੍ਰਚਾਰ ਕਰਿਆ ਕਰਦੇ ਸਨ। ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਕੰਧ ਢਠਨ ਅਤੇ ਮਾਰਸ਼ਲ ਦੇ ਜ਼ੁਲਮਾਂ ਦੇ ਕਾਰਨ ਆਪ ਦਾ ਮਨ ਕੌਮੀ ਭਲਾਈ ਵਲ ਬਹੁਤ ਪ੍ਰੇਰਿਆ ਗਿਆ ਸੀ। ਜਦ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਦਾ ਕੰਮ ਸ਼ੁਰੂ ਹੋਇਆ ਤਾਂ ਆਪ ਦੇ ਦਿਲ ਵਿਚ ਬੜਾ ਭਾਰਾ ਜੋਸ਼ ਸੀ। ਨਗਰ ਵਿਚ ਪ੍ਰੇਰਨਾ ਕੀਤੀ ਤਾਂ ਕਈਆਂ ਸਿੰਘਾਂ ਨੇ ਨਾਮ ਲਿਖਾ ਦਿਤੇ, ਪਰ ਜਿਸ ਦਿਨ ਜਥੇ ਨਾਲ ਤੁਰਨ ਦਾ ਸਮਾਂ ਆਇਆ ਅਤੇ ਸਭ ਨੂੰ ਸ਼ਾਂਤ ਮਈ ਰਹਿਣ ਦਾ ਉਪਦੇਸ਼ ਦਿਤਾ ਤਾਂ ਇਸ ਨਗਰ ਦੇ ਬਾਕੀ ਸਜਣ ਇਸ ਅਸੂਲ ਦੇ ਉਲਟ ਸਨ। ਉਹ ਆਖਦੇ ਸਨ ਕਿ ਸ਼ਾਂਤਮਈ ਸੂਕਾਰ ਦੇ ਨਾਲ ਹੈ, ਸਾਧਾਂ ਨਾਲ ਨਹੀਂ। ਸੋ ਉਹ ਪਿੰਡ ਦੇ ਸਜਨ ਇਨ੍ਹਾਂ ਨਾਲ ਨ ਤੁਰੇ। ਆਪ ਭਾਈ ਗੋਪਾਲ ਸਿੰਘ ਅਤੇ ਭਾ: ਮੋਤਾ ਸਿੰਘ ਜੀ ਨੂੰ ਨਾਲ ਲੈਕੇ ਨਿਜ਼ਾਮਪੁਰੇ ਦੇਵਾ ਸਿੰਘ ਵਾਲੇ ਪੁਜ ਗਏ, ਕਿਉਂਕਿ ਇਥੇ ਹੀ ਭਾਈ ਲਛਮਣ ਸਿੰਘ ਧਾਰੋਵਾਲੀ ਨੇ ਸਭ ਸਿੰਘਾਂ ਨੂੰ ਇਕੱਠਿਆਂ ਰਹਿਣ ਦਾ ਹੁਕਮ ਦਿਤਾ ਹੋਇਆ ਸੀ। ੯ ਫਗਣ ਨੂੰ ਦੇਵਾ ਸਿੰਘ ਵਾਲੇ ਤੋਂ ਤੁਰਨ ਸਮੇਂ ਆਪ ਸ੍ਰੀ

ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਜੇ ਹੋਏ ਸਨ। ਆਪ ਨੇ ਹੀ ਵਾਕ ਲਿਆ ਤਾਂ ਉਹੋ ਸ਼ਬਦ ਆਇਆ ਜੋ ਧਾਰੋਵਾਲੀ ਜਥੇ ਦੇ ਤੁਰਨ ਸਮੇਂ ਆਇਆ ਸੀ।

ਭਾਈ ਲਛਮਣ ਸਿੰਘ ਜੀ ਧਾਰੋਵਾਲੀ ਨੇ ਅਰਦਾਸਾ ਸੋਧਿਆ, ਇਸ ਦੇ ਉਪ੍ਰੰਤ ਆਪ ਇਥੋਂ ਜਥੇ ਨਾਲ ਜਾਕੇ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਆਪਾ ਵਾਰ ਕੇ ਸ਼ਹੀਦੀਆਂ ਪ੍ਰਾਪਤ ਕਰ ਗਏ।

ਭਾਈ ਗੋਪਾਲ ਸਿੰਘ ਜੀ

ਆਪ ਦਾ ਜਨਮ ੨੨ ਸਾਵਣ ਸੰ: ੧੯੫੩ ਬਿ: ਨੂੰ ਮਾਤਾ ਆਤੋ ਦੀ ਕੁਖੋਂ ਭਾਈ ਹੁਕਮ ਸਿੰਘ ਦੇ ਘਰ ਪਿੰਡ ਬਹੋੜੂ ਜ਼ਿਲਾ ਸ਼ੇਖ਼ੂਪੁਰਾ ਵਿਚ ਹੋਇਆ। ਆਪ ਛੇ ਭੈਣ ਭਰਾ ਸਨ:- ੧. ਭਾਈ ਹਰੀ ਸਿੰਘ, ੨. ਭਾਈ ਗੋਪਾਲ ਸਿੰਘ, ੩. ਭਾਈ ਦਿਆਲ ਸਿੰਘ, ੪. ਭਾਈ ਨਿਹਾਲ ਸਿੰਘ, ੫. ਬੀਬੀ ਵੀਰੋ, ੬. ਭਾਈ ਸੋਹਣ ਸਿੰਘ। ਆਪ ਨਿੱਕੇ ਹੁੰਦੇ ਵਾਹੀ ਜੋਤੀ ਦਾ ਕਾਰ ਵਿਹਾਰ ਕਰਦਿਆਂ ਕਰਾਉਂਦਿਆਂ ਹੀ ਗੁਰਦੁਆਰੇ ਵਿਚੋਂ ਮਾਮੂਲੀ ਗੁਰਮੁਖੀ ਪੜ੍ਹ ਗਏ। ਆਪ ਨੇ ਬੜੀ ਖਿੱਚ ਤੇ ਚੌਂ ਨਾਲ ਗੁਰਦੁਆਰੇ ਜਾ ਕੇ ਸ਼ਬਦ ਪੜ੍ਹਨੇ ਤੇ ਸੁਣਨੇ। ਪੱਖਾ ਝੱਲਣ ਤੇ ਜੋੜੇ ਝਾੜਨ ਦੀ ਦਿਲੀ ਪ੍ਰੇਮ ਨਾਲ ਸੇਵਾ ਕਰਨੀ।

ਆਪ ਦੇ ਚਿਹਨ ਚੱਕਰ ਤੇ ਸੁਭੌਾ ਬਿਲਕੁਲ ਸਾਂਈਂ ਲੋਕਾਂ ਵਰਗਾ ਬੀਬਾ ਰਾਣਾ ਸੀ। ਵਾਹੀ ਦੇ ਕਾਰ ਵਿਹਾਰ ਵਿਚੋਂ ਲੰਮੀ ਖਟੀ ਹੁੰਦੀ ਨ ਤਕ ਕੇ ਆਪ ਨੇ ਪਲਟਨ ਦੀ ਨੌਕਰੀ ਕਰ ਲਈ। ਇਸ ਸਮੇਂ ਆਪ ਦੀ ਮੰਗਣੀ ਤਲਵੰਡੀ ਵਿਚ ਹੋ ਚੁਕੀ ਸੀ। ਦੋ ਸਾਲ ਪਲਟਨ ਦੀ ਨੌਕਰੀ ਕਰਨ ਪਿਛੋਂ ਆਪ ਜਰਮਨ ਦੀ ੧੯੧੪ ਵਾਲੀ ਲੜਾਈ ਵਿਚ ਸ਼ਾਮਲ ਹੋਣ ਲਈ ਚਲੇ ਗਏ, ਜਿਥੋਂ ਆਪ ਦੇ ਸੱਜੇ ਪੱਟ ਵਿਚ ਗੋਲੀ ਵਜੀ ਅਤੇ ਸੱਜਾ ਅੰਗੂਠਾ ਭੀ ਗੋਲੀ ਨਾਲ ਉਡ ਗਿਆ, ਆਪ ਸੀਖ ਰਜਾ ਆ ਗਏ। ਭਾਈ ਈਸ਼ਰ ਸਿੰਘ ਸ਼ਹੀਦ ਨਾਲ ਦੀਵਾਨਾਂ ਤੇ ਜਾ ਕੇ ਸੰਗਤਾਂ ਦੀ ਬੜੀ ਲਗਨ ਨਾਲ ਸੇਵਾ ਕਰਿਆ ਕਰਦੇ ਸਨ। ਅਜੇ ਆਪ ਨੂੰ ਪਿੰਡ ਆਇਆਂ ਮਸਾਂ ਸੱਤ ਕੁ ਮਹੀਨੇ ਹੀ ਹੋਏ ਸਨ ਜੁ

ਧਰਮ ਦੀ ਸ਼ਮਾਂ ਤੋਂ ਕੁਰਬਾਨ ਹੋਣ ਲਈ ਆਪ ਦੇ ਨਗਰੋਂ ਦੋ ਸੂਰਬੀਰਾਂ ਨੇ ਸ਼ਹੀਦੀ ਲਈ ਤਿਆਰੀਆਂ ਕਰ ਲਈਆਂ। ਉਨ੍ਹਾਂ ਵਿਚੋਂ ਤੀਜੇ ਆਪ ਸ਼ਹੀਦੀ ਗਾਨਾ ਬੰਨ੍ਹ ਕੇ ਸ੍ਰੀ ਜਨਮ ਅਸਥਾਨ ਅੰਦਰ ਅਸਿਹ ਕਸ਼ਟ ਸਹਾਰਦੇ ਹੋਏ ਸੀਸ ਦੀ ਫ਼ੀਸ ਅਦਾ ਕਰਕੇ ਸ਼ਹੀਦੀਆਂ ਦੀ ਪਵਿਤ੍ਰ ਦਾਤ ਪ੍ਰਾਪਤ ਕਰ ਗਏ ਅਤੇ ਗੁਰਦੁਆਰੇ ਵਿਚੋਂ ਅਪੱਦਰਾਂ ਅਤੇ ਪਾਪਾਂ ਦਾ ਨਾਸ ਕਰ ਗਏ।

ਭਾਈ ਮੋਤਾ ਸਿੰਘ ਜੀ

ਆਪ ਦੇ ਖ਼ਾਨਦਾਨ ਵਿਚੋਂ ਬਾਬਾ ਕਿਸ਼ਨ ਸਿੰਘ ਰਾਮਦਾਸੀਆਂ ਦੇ ਖ਼ਾਨਦਾਨ ਵਿਚੋਂ ਸਿੰਘ ਸਜੇ ਸਨ। ਆਪ ਬਸੀ ਜ਼ਿਲਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ ਅਤੇ ਖਦਰ ਦੀਆਂ ਤਾਣੀਆਂ ਉਣਨ ਦਾ ਕੰਮ ਕਰਦੇ ਸਨ। ਆਪ ਦੇ ਘਰ ਭਾਈ ਹਰੀ ਸਿੰਘ ਦਾ ਜਨਮ ਹੋਇਆ। ਇਨ੍ਹਾਂ ਦਾ ਅਨੰਦ ਕਾਰਜ ਬੀਬੀ ਠਾਕਰੀ ਨਾਲ ਪਿੰਡ ਥਾਂਹਦੇਵਾਲ ਵਿਚ ਹੋਇਆ। ਆਪ ਪਹਿਲਾਂ ਤਾਂ ਇਸੇ ਇਲਾਕੇ ਵਿਚ ਹੀ ਤਾਣੀਆਂ ਉਣਨ ਦਾ ਕੰਮ ਕਰਦੇ ਰਹੇ ਪ੍ਰੰਤੂ ਸੰ: ੧੯੫੪ ਬਿ: ਨੂੰ ਆਪ ਬਹੋੜੂ ਚੱਕ ਨੰ:੧੮ ਵਿਚ ਆ ਵਸੇ। ਥਾਂਹਦੇਵਾਲ ਜ਼ਿਲਾ ਫ਼ੀਰੋਜ਼ਪੁਰ ਵਿਚ ਨਾਨਕੇ ਘਰ ਹੀ ੧੫ ਪੋਹ ਸੰ: ੧੯੫੯ ਬਿ: ਨੂੰ ਭਾਈ ਮੋਤਾ ਸਿੰਘ ਦਾ ਜਨਮ ਹੋਇਆ। ਆਪ ਭੀ ਆਪਣੇ ਵਡਿਆਂ ਵਾਲਾ ਖੱਡੀ ਦਾ ਕੰਮ ਹੀ ਕਰਦੇ ਸਨ। ਸਹਿਜੇ ਸਹਿਜੇ ਆਪਦਾ ਪ੍ਰੇਮ ਭਾ: ਈਸ਼ਰ ਸਿੰਘ ਜੀ ਗ੍ਰੰਥੀ ਨਾਲ ਹੋ ਗਿਆ। ਉਨ੍ਹਾਂ ਪਾਸੋਂ ਗੁਰਮੁਖੀ ਪੜ੍ਹਕੇ ਸ੍ਰੀ ਗੁਰੂ ਗ੍ਰੰਥ ਸਾਹਿਬਦੇ ਪਾਠੀ ਹੋ ਗਏ ਤੇ ਅੰਮ੍ਰਿਤ ਛਕ ਲਿਆ। ਬਾਣੀ ਸ੍ਰੀ ਜਪੁਜੀ ਸਾਹਿਬ ਤੇ ਰਹਿਰਾਸ ਸਾਹਿਬ ਕੰਠ ਸਨ। ਜੋ ਬੜੇ ਉਤਸ਼ਾਹ ਨਾਲ ਉਚੀ ਉਚੀ ਬੋਲ ਕੇ ਪੜ੍ਹਿਆ ਕਰਦੇ ਸਨ, ਇਨ੍ਹਾਂ ਦੀ ਪ੍ਰੇਰਨਾ ਨਾਲ ਹੀ ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਪ੍ਰਕਾਸ਼ ਕਰ ਲਿਆ। ਇਥੇ ਹੀ ਖ਼ਾਲਸਾ ਬ੍ਰਾਦਰੀ ਦੇ ਵੀਰ ਦਰਸ਼ਨ ਦਿਆ ਕਰਦੇ ਸਨ। ਤੇਰਾਂ ਕੁ ਸਾਲ ਦੀ ਉਮਰ ਹੋਈ, ਤਾਂ ਭਾਈ ਲਾਭ ਸਿੰਘ ਦੀ ਪੁਤ੍ਰੀ ਬੀਬੀ ਬਸੰਤ ਕੌਰ ਨਾਲ ਪਿੰਡ ਦਾਦੂਵਾਲ ਜ਼ਿਲਾ ਹੁਸ਼ਿਆਰਪੁਰ ਵਿਚ

ਅਨੰਦ ਕਾਰਜ ਹੋ ਗਿਆ।

ਆਪ ਅੱਛੇ ਮਿਠੇ ਸੁਭੱਾ ਵਾਲੇ ਨੌਜਵਾਨ ਸਨ। ਭਾ: ਭਾਗ ਸਿੰਘ, ਭਾ: ਵਧਾਵਾ ਸਿੰਘ ਅਤੇ ਭਾ: ਮੋਹਣ ਸਿੰਘ ਆਪ ਦੇ ਤਿੰਨ ਭਰਾ ਹਨ। ਸਾਕੇ ਤੋਂ ਤਿੰਨ ਕੁ ਦਿਨ ਪਹਿਲਾਂ ਆਪ ਦਾ ਸੌਹਰਾ ਆਇਆ ਹੋਇਆ ਸੀ। ੯ ਫਗਣ ਵਾਲੇ ਦਿਨ ਆਪ ਨੇ ਮੁਕਲਾਵਾ ਲੈਣ ਲਈ ਜਾਣਾ ਸੀ, ਪਰ ਆਪ ਨੂੰ ਜਦ ਪਤਾ ਲਗਾ ਤਾਂ ਆਪ ਉਹੋ ਮੁਕਲਾਵੇ ਵਾਲੇ ਕਪੜੇ ਪਾ ਕੇ ਘਰ ਦਿਆਂ ਤੋਂ ਜ਼ਬਰ-ਦਸਤੀ ਜਥੇ ਨਾਲ ਤਿਆਰ ਹੋ ਪਏ। ਸ੍ਰੀ ਜਨਮ ਅਸਥਾਨ ਦੇ ਅੰਦਰ 'ਹੁੰਦੇ ਤਾਣ ਨਿਤਾਣੇ' ਹੋ ਕੇ ਆਪ ਸ਼ਹੀਦੀ ਪ੍ਰਾਪਤ ਕਰਕੇ ਇਸ ਸੰਸਾਰ ਵਿਚ ਆਪਣੇ ਆਪ ਨੂੰ ਮੋਤੀ ਦੇ ਦਾਣੇ ਵਾਂਗ ਚਮਕਾ ਗਏ।*

———

* ਕਮੇਟੀ ਨੇ ਆਪ ਦੀ ਮਾਤਾ ਹਰਦਈ ਦੇ ਨਾਮ ਪਿੰਨਸ਼ਨ ਲਾ ਦਿਤੀ। ੨੦-੮-੨੧ ਤੋਂ ੨੮-੨-੩੮ ਤਕ ਜਿਸਦਾ ਜੋੜ ੧੯੦੫) ਰੁਪਏ ਬਣਦਾ ਹੈ।

ਬੇਬੀਆਂ ਚੱਕ ਨੰ: ੧੦ ਦੇ ਸ਼ਹੀਦ

ਥੋਥੀਆਂ ਚੱਕ ਨੰ: ੧੦ ਜ਼ਿਲਾ ਸ਼ੇਖੂਪੁਰਾ ਦੇ ਸ਼ਹੀਦ

ਭਾਈ ਨੰਦ ਸਿੰਘ ਜੀ

ਜਦ ੯ ਫੱਗਣ ਨੂੰ ਜਥੇ ਲੈ ਜਾਣ ਦਾ ਫ਼ੈਸਲਾ ਹੋਇਆ, ਤਾਂ ਭਾਈ ਲਛਮਣ ਸਿੰਘ ਧਾਰੋਵਾਲੀ ਨੇ ਭਾਈ ਈਸ਼ਰ ਸਿੰਘ ਜੀ ਧਾਰੋਵਾਲੀ ਦੀ ਸੇਵਾ ਤਾਂ ਸ਼ਾਹ ਕੋਟ, ਬੰਡਾਲੇ,ਲਹੁਕੇ ਅਤੇ ਧੰਨੂ ਆਣੇ ਆਦਿ ਦੇ ਸਿੰਘਾਂ ਨੂੰ ਲੈ ਆਉਣ ਦੀ ਲਾ ਦਿਤੀ। ਇਹ ਬਿਰਧ ਸ਼ੇਰ ਘੋੜੀ ਤੇ ਸਵਾਰ ਹੋ ਕੇ ਇਨ੍ਹਾਂ ਸਭ ਪਿੰਡਾਂ ਵਿਚ ਫਿਰ ਨਿਕਲਿਆ। ਭਾ: ਮੂਲ ਸਿੰਘ ਡੱਲਾ ਦੇ ਜ਼ਿੰਮੇ ਵਨੋਟਿਆਂ ਵਾਲੀ, ਕੋਟਲਾ ਕਾਲਵਾਂ ਅਤੇ ਡੱਲਾ ਚੰਦਾ ਸਿੰਘ ਵਾਲੇ ਦੇ ਸਿੰਘਾਂ ਨੂੰ ਤਿਆਰ ਕਰਨ ਦੀ ਸੇਵਾ ਲਾਈ ਸੀ। ਇਨ੍ਹਾਂ ਨੇ ਘੋੜੀ ਤੇ ਚੜ੍ਹ ਕੇ ਸਭ ਪਿੰਡਾਂ ਵਿਚ ਉੜਦੀ ਦੇ ਦਿਤੀ। ਭਾਈ ਟਹਿਲ ਸਿੰਘ, ਭਾਈ ਗੰਡਾ ਸਿੰਘ ਅਤੇ ਭਾਈ ਦਿਆਲ ਸਿੰਘ ਦੇ ਜ਼ਿੰਮੇ ਥੋਥੀਆਂ,ਬਹੋੜੂ, ਮੂਲਾ ਸਿੰਘ ਵਾਲਾ, ਚੇਲੇ ਵਾਲਾ ਅਤੇ ਦੇਵਾ ਸਿੰਘ ਵਾਲਾ ਆਦਿ ਕੰਬੋਆਂ ਦੇ ਸਾਰੇ ਪਿੰਡਾਂ ਦੀ ਸੌਂਪਨਾ ਸੀ। ਇਨ੍ਹਾਂ ਭੀ ਫਿਰ ਤੁਰ ਕੇ ਆਪਣੀ ਪੂਰੀ ਤਿਆਰੀ ਕੀਤੀ। ਇਸੇ ਪ੍ਰੋਗਰਾਮ ਅਨੁਸਾਰ ਇਹ ਸਿੰਘ ਥੋਥੀਆਂ ਵਿਚ ਢੰਡੋਰਾ ਦੇ ਗਏ ਅਤੇ ਇਥੋਂ ਛੇ ਸਿੰਘ ਤਿਆਰ ਹੋ ਕੇ ਰਾਤ ਨੂੰ ਦੇਵਾ ਸਿੰਘ ਵਾਲੇ ਜਾ ਮਿਲੇ।

ਆਪ ਦਾ ਜਨਮ ਐਤਵਾਰ ੧੫ ਸਾਵਣ ਸ਼ਾਹ ਵੇਲੇ ਸੰ: ੧੯੪੫ ਬਿ: ਨੂੰ ਮਾਤਾ ਨਿਹਾਲ ਕੌਰ ਦੀ ਕੁਖੋਂ ਭਾਈ ਭਗਵਾਨ ਸਿੰਘ ਦੇ ਘਰ, ਥੋਥੀਆਂ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਛੇ ਭੈਣ ਭਰਾ ਸਨ:-(੧) ਬੀਬੀ ਨੰਦ ਕੌਰ, (੨) ਬੀਬੀ ਈਸ਼ਰ ਕੌਰ, (੩) ਭਾਈ ਨੰਦ ਸਿੰਘ, (੪) ਭਾਈ ਹਰੀ ਸਿੰਘ, (੫) ਭਾਈ ਚੰਦਾ ਸਿੰਘ, (੬) ਭਾਈ ਗੁਰਦਿੱਤ ਸਿੰਘ। ਛੋਟੀ ਉਮਰ ਵਿਚ ਹੀ

ਬੜੀ ਖ਼ੁਸ਼ ਤਬੀਅਤ ਦੇ ਮਾਲਕ ਸਨ। ਸੁਰਤ ਸੰਭਾਲਦਿਆਂ ਹੀ ਪਿਤਾ ਨੇ ਸਰਕਾਰੀ ਸਕੂਲੇ ਪੜ੍ਹਣੇ ਪਾ ਦਿਤਾ। ਪ੍ਰਾਇਮਰੀ ਪਾਸ ਕਰ ਲਈ, ਅਗੋਂ ਖ਼ਰਚ ਦੀ ਤੰਗੀ ਕਰਕੇ ਪੜ੍ਹਾਈ ਜਾਰੀ ਨਾ ਰਖ ਸਕੇ। ਆਪ ਨੂੰ ਪੜ੍ਹਾਈ ਦੀ ਬੜੀ ਲਗਨ ਸੀ, ਫਿਰਦੇ ਤੁਰਦੇ ਹੀ ਗੁਰਮੁਖੀ ਪੜ੍ਹ ਗਏ। ਆਪ ਦੇ ਪਿਤਾ ਸੰ: ੧੯੫੨ ਬਿ: ਨੂੰ ਬਾਰ ਵਿਚ ਆ ਗਏ ਤਾਂ ਆਪ ਭੀ ਉਨ੍ਹਾਂ ਦੇ ਨਾਲ ਹੀ ਇਥੇ ਆ ਗਏ। ੧੪ ਸਾਲ ਦੀ ਉਮਰ ਵਿਚ ਪਿਤਾ ਗੁਜ਼ਰ ਗਿਆ ਤਾਂ ਸਾਰੇ ਘਰੋਗੀ ਧੰਦਾਲਾਂ ਦਾ ਬੋਝ ਆਪ ਦੇ ਸਿਰ ਤੇ ਆ ਪਿਆ। ੨੫ ਫਗਣ ਸੰ: ੧੯੫੬ ਬਿ: ਨੂੰ ਆਪ ਦਾ ਆਨੰਦ ਕਾਰਜ ਬੀਬੀ ਵੀਰੋ ਸਪੁਤਰੀ ਭਾਈ ਕਾਲਾ ਸਿੰਘ ਨੰਬਰਦਾਰ ਚੱਕ ਨੰ: ੭੯ ਫਾਹੇ ਵਾਲੀ,ਜ਼ਿਲਾ ਸ਼ੇਖ਼ੂਪੁਰਾ ਵਿਚ ਹੋ ਗਿਆ। ਆਪ ਦੇ ਘਰ ਚਾਰ ਬੱਚੇ ਪੈਦਾ ਹੋਏ :—(੧)ਬੀਬੀ ਈਸ਼ਰ ਕੌਰ, (੨) ਭਾ: ਈਸ਼ਰ ਸਿੰਘ, (੩) ਬੀਬੀ ਸੰਤ ਕੌਰ, (੪) ਭਾਈ ਬਹਾਦਰ ਸਿੰਘ। ਆਪਣੇ ਨਗਰ ਵਿਚ ਹੀ ਭਾਈ ਰਾਮ ਸਿੰਘ ਹੁਰਾਂ ਦੀ ਜਥੇਦਾਰੀ ਥੱਲੇ ਅੰਮ੍ਰਿਤ ਛਕ ਲਿਆ। ਜਦ ਜਵਾਨ ਹੋ ਗਏ ਤਾਂ ਪਲ-ਟਨ ਵਿਚ ਭਰਤੀ ਹੋ ਗਏ। ਉਥੇ ਝੰਡੀ ਸ਼ੀਸ਼ੇ ਦਾ ਪਾਸ ਕੀਤਾ, ਲਾਮ ਵਿਚ ਗਏ ਅਤੇ ਉਥੋਂ ਇਕ ਤਗ਼ਮਾਂ ਬਹਾਦਰੀ ਦਾ ਪ੍ਰਾਪਤ ਕੀਤਾ। ਅੰਤ ਦੀ ਬਾਕੀ ਘਰ ਦਿਆਂ ਦੇ ਜ਼ੋਰ ਦੇਣ ਤੇ ਨਾਵਾਂ ਕਟਾ ਕੇ ਘਰ ਆ ਗਏ।

ਪਿੰਡ ਆ ਕੇ ਭਾਈ ਹਰੀ ਸਿੰਘ ਹੁਰਾਂ ਨੂੰ ਨਾਲ ਮੇਲ ਲੇ ਇਕ ਪ੍ਰਚਾਰਕ ਜਥਾ ਬਣਾ ਲਿਆ। ਜਿਥੇ ਕਿਤੇ ਭੀ ਇਲਾਕੇ ਵਿਚ ਵਿਆਹ ਸ਼ਾਦੀਆਂ ਅਤੇ ਹੋਰ ਜੋੜ ਮੇਲਿਆਂ ਤੇ ਲੋੜ ਪੈਣੀ, ਆਪ ਨੇ ਪੁਜ ਕੇ ਧਰਮ ਪ੍ਰਚਾਰ ਦਾ ਪ੍ਰਵਾਹ ਚਲਾ ਦੇਣਾ। ਆਪਣੇ ਨਗਰ ਵਿਚ ਗੁਰਪੁਰਬ ਮਨਾਉਣ ਦੀ ਪ੍ਰਪਾਟੀ ਪਾਈ। ਆਪ ਪੰਜਾਬੀ ਦੇ ਚੰਗੇ ਸ਼ਾਇਰ ਸਨ। ਸਾਖੀ ਭਗਤ ਕਲਿਆਨ ਦਾਸ ਦੀ ਪੈਂਤੀ ਅੱਖਰੀਂ ਵਿਚ ਤਿਆਰ ਕਰਕੇ ਛਪਵਾਈ, ਜਿਸ ਵਿਚ ਵਾਹਵਾ ਬੋਲੀ ਦੀ ਸਰਲਤਾ ਹੈ,ਤੇ ਆਮ ਸਜਣਾਂ ਦੇ ਸਮਝਣ ਵਾਲੀਆਂ ਬੜੀਆਂ ਸੋਹਣੀਆਂ ਸਿਖਿਆ-ਦਾਇਕ ਗਲਾਂ ਦਰਜ ਹਨ।

ਕੁਰਬਾਨੀ ਦੇ ਮੈਦਾਨ ਵਿਚ

੧, ੨ ਅਤੇ ੩ ਅਕਤੂਬਰ ਸੰ: ੧੯੨੦ ਈ: ਨੂੰ ਭਾਈ ਲਛਮਣ ਸਿੰਘ ਜੀ

ਨੇ ਧਾਰੋਵਾਲੀ ਪੋਲੀਟੀਕਲ ਦੀਵਾਨ ਕੀਤਾ, ਤਾਂ ਆਪ ਆਪਣੇ ਪਿੰਡ ਦੇ ਬਹੁਤ ਸਾਰੇ ਸਜਣਾਂ ਨੂੰ ਪ੍ਰੇਰਕੇ ਉਥੇ ਲੈ ਗਏ। ਬਹੁਤ ਸਾਰੇ ਸਿੰਘ ਤਿਆਰ-ਬਰ-ਤਿਆਰ ਹੋ ਕੇ ਕੁਰਬਾਨੀ ਲਈ ਨਿੱਤ੍ਰ ਪਏ। ਆਪ ਦੇ ਦਿਲ ਵਿਚ ਭੀ ਦੇਸ਼ ਅਤੇ ਕੌਮ ਦਾ ਦਰਦ ਉਠਿਆ, ਤਾਂ ਪਿੰਡ ਪਿੰਡ ਫਿਰ ਕੇ ਪੁਰਾਤਨ ਸਿੰਘਾਂ ਦੀਆਂ ਸ਼ਹੀਦੀਆਂ ਜੋਸ਼ੀਲੀਆਂ ਕਵਿਤਾਵਾਂ ਦੁਆਰਾ ਸੁਣਾਉਣ ਲਗ ਪਏ। ਆਪ ਆਪਣੇ ਨਗਰ ਦੇ ਸ਼ਬਦੀ ਜਥੇ ਦੇ ਜਥੇਦਾਰ ਸਨ। ਰਾਤ ਸਮੇਂ ਕੰਮਾਂ ਕਾਜਾਂ ਤੋਂ ਵੇਹਲੇ ਹੋਕੇ ਪਿੰਡ ਦੇ ਚੌਂਕ ਵਿਚ ਧਾਰਮਕ ਦੀਵਾਨ ਸਜਾ ਦਿਆ ਕਰਨਾ। ਪੁਰਾਤਨ ਸਿੰਘਾਂ ਦੇ ਜੀਵਨ ਅਤੇ ਪੋਲੀਟੀਕਲ ਹਾਲ ਅਖਬਾਰਾਂ ਵਿਚੋਂ ਪੜ੍ਹਕੇ ਸੁਣਾਇਆ ਕਰਨੇ। ਇਸ ਸਮੇਂ ਆਪ ਦੇ ਦਿਲ ਵਿਚ ਦੇਸ਼ ਅਤੇ ਕੌਮ ਦਾ ਬਹੁਤ ਦਰਦ ਉਠ ਰਿਹਾ ਸੀ।

੯ ਫੱਗਣ ਵਾਲੇ ਦਿਨ ਜਦੋਂ ਆਪ ਸ੍ਰੀ ਨਨਕਾਣੇ ਸਾਹਿਬ ਸ਼ਹੀਦੀਆਂ ਲਈ ਤਿਆਰ ਹੋਣ ਲਗੇ ਤਾਂ ਇਸ ਰਾਤ ਨਗਰ ਵਿਚ ਪੁਤਲੀਆਂ ਦਾ ਤਮਾਸ਼ਾ ਹੋ ਰਿਹਾ ਸੀ। ਆਪ ਨੇ ਤੇ ਭਾ: ਹਰੀ ਸਿੰਘ ਨੇ ਵੇਖਣ ਵਾਲਿਆਂ ਨੂੰ ਆਖਿਆ ਕਿ ਖ਼ਾਲਸਾ ਜੀ ਸਾਡਾ ਹੁਣ ਇਹ ਧਰਮ ਨਹੀਂ ਹੈ ਕਿ ਸਾਡੇ ਧਾਰਮਕ ਅਸਥਾਨਾਂ ਵਿਚ ਕੁਕਰਮ ਹੋਣ ਅਤੇ ਅਸੀਂ ਇਸ ਕਿਸਮ ਦੇ ਫ਼ਜ਼ੂਲ ਤਮਾਸ਼ੇ ਵੇਖੀਏ। ਮਹਾਰਾਜ ਦਾ ਹੁਕਮ ਹੈ ਕਿ :—

"ਚੰਚਲ ਚੀਤ ਨ ਜਾਇ ਤਮਾਸ਼ੇ" ॥

ਹੁਣ ਸਾਨੂੰ ਸ੍ਰੀ ਨਨਕਾਣੇ ਸਾਹਿਬ ਚਲ ਕੇ ਸ਼ਹਾਦਤ ਦਾ ਸੱਚਾ ਤਮਾਸ਼ਾ ਵੇਖਣਾ ਚਾਹੀਦਾ ਹੈ ਅਤੇ ਉਥੇ ਸਿਰ ਦੇ ਕੇ ਧਰਮ ਦੀ ਰਖਿਆ ਕਰਨ ਦੀ ਲੋੜ ਹੈ।

ਸਿੰਘਾਂ ਆਖਿਆ ਕਿ ਭਾਈ ਜੀ ! ਅੱਜ ਦੀ ਰਾਤ ਤਮਾਸ਼ਾ ਵੇਖ ਲੈਣ ਦਿਓ, ਹੁਣ ਸਬਬ ਨਾਲ ਰਸਦ ਪਾਣੀ ਦੇ ਕੇ ਅਖਾੜਾ ਲੁਆ ਬੈਠੇ ਹਾਂ, ਸਵੇਰੇ ਸਭ ਤੁਹਾਡੇ ਨਾਲ ਮਿਲਕੇ ਜਾਨਾਂ ਵਾਰਨ ਚਲਾਂਗੇ। ਇਨ੍ਹਾਂ ਆਖਿਆ ਕਿ ਨਹੀਂ ਭਰਾਓ, ਤੁਸੀਂ ਚਾਹੇ ਸਾਡੇ ਨਾਲ ਆਓ ਤੇ ਚਾਹੇ ਨਾ ਆਓ; ਅਸਾਂ ਹੁਣ ਤਿਆਰੇ ਕਰ ਦਿਤੇ ਹਨ। ਰਾਤ ਦੇ ਅੱਠ ਵਜੇ ਗੁਰਦੁਆਰੇ ਅਰਦਾਸਾ ਸੋਧ ਕੇ ਦੇਵਾ ਸਿੰਘ ਵਾਲੇ ਜਾਕੇ ਭਾਈ ਲਛਮਣ ਸਿੰਘ ਹੋਰਾਂ ਦੇ ਜਥੇ ਨੂੰ ਜਾ ਮਿਲੇ ਅਤੇ ਸਵੇਰੇ ੧੦ ਫਗਣ ਵਾਲੇ ਦਿਨ ਜ਼ਾਲਮਾਂ ਦੇ ਨਿਰਦਈ ਹੱਥਾਂ ਨਾਲ ਮਿਟੀ ਦਾ ਤੇਲ ਤੇ ਪਟਰੋਲ ਪਾਕੇ ਫ਼ੂਕੇ ਗਏ, ਅਤੇ ਸਚੇ ਸ਼ਹੀਦਾਂ ਦੀ ਫ਼ਹਿਰਿਸਤ ਵਿਚ ਆਪਣਾ ਨਾਮ ਦਰਜ ਕਰਵਾ ਗਏ।

ਭਾਈ ਹਰੀ ਸਿੰਘ ਜੀ

ਆਪ ਦਾ ਜਨਮ ਅੱਸੂ ਸੰ: ੧੯੫੪ ਬਿ: ਵਿਚ ਮਾਤਾ ਜੀਉਣ ਕੌਰ ਦੀ ਕੁਖੋਂ ਭਾਈ ਕਨ੍ਹਈਆ ਸਿੰਘ ਦੇ ਘਰ ਥੋਥੀਆਂ ਜ਼ਿਲਾ ਸ਼ੇਖ਼ਪੁਰਾ ਵਿਚ ਹੋਇਆ। ਪੰਜਾਂ ਕੁ ਸਾਲਾਂ ਦੀ ਉਮਰ ਵਿਚ ਮਾਪਿਆਂ ਨੇ ਪੜ੍ਹਨੇ ਪਾ ਦਿਤਾ। ਬਾਰਾਂ ਕੁ ਸਾਲ ਦੀ ਉਮਰ ਵਿਚ ਆਪ ਗੁਰਬਾਣੀ ਦੇ ਚੰਗੇ ਅਰਥ ਕਰ ਲਿਆ ਕਰਦੇ ਸਨ। ਦੀਵਾਨਾਂ ਤੇ ਜਾਣ ਦਾ ਬੜਾ ਸ਼ੌਕ ਪੈ ਗਿਆ ਤੇ ਸਹਿਜੇ ਸਹਿਜੇ ਆਪ ਦੀ ਸੰਗਤ ਭਾਈ ਨੰਦ ਸਿੰਘ ਹੁਰਾਂ ਨਾਲ ਹੋ ਗਈ,ਤਾਂ ਆਪ ਨੇ ਗੁਰਮਤ ਪ੍ਰਚਾਰ ਵਿਚ ਨਿੱਤ੍ਰ ਕੇ ਹਿੱਸਾ ਲਿਆ ਕਰਨਾ। ਆਪ ਨੂੰ ਪਵਿਤ੍ਰ ਗੁਰਬਾਣੀ ਦੇ ਸ਼ਬਦ ਅਤੇ ਗੁਰੂ ਸਾਹਿਬਾਂ ਦੀ ਜ਼ਿੰਦਗੀ ਦੇ ਹਿਰਦੇ-ਵੇਧਕ ਸਾਕੇ ਬਹੁਤ ਜ਼ਬਾਨੀ ਯਾਦ ਸਨ। ਰੋਜ਼ ਪਿੰਡ ਦੇ ਦੀਵਾਨ ਵਿਚ ਸੁਰੀਲੀ ਅਵਾਜ਼ ਵਿਚ ਸ਼ਹੀਦੀਆਂ ਸੁਣਾਇਆ ਕਰਨੀਆਂ। ਜ਼ਬਾਨ ਅਜਿਹੀ ਮਿੱਠੀ ਸੀ ਕਿ ਹਰ ਇਕ ਦੇ ਮਨ ਨੂੰ ਮੋਹ ਲੈਂਦੀ ਸੀ।

ਜਵਾਨੀ ਵਿਚ ਘੁਲਣ ਦਾ ਭੀ ਬੜਾ ਸ਼ੌਂਕ ਸੀ। ਤਿੰਨ ਮਣ ਦਾ ਬੁਗਦਰ ਚੁਕਕੇ ਬਾਲਾ ਕਢ ਦਿਆ ਕਰਦੇ ਸਨ। ਦੋ ਤਕੜੇ ਬੰਦਿਆਂ ਨੂੰ ਡਾਂਗ ਦੇ ਸਿਰਿਆਂ ਨਾਲ ਟੰਗ ਕੇ ਵੀਣੀਆਂ ਤੇ ਸਹਿਜ ਸੁਭੱਾ ਚੁਕ ਲਿਆ ਕਰਨਾ। ਢਾਈ ਮਣ ਦੀ ਬੋਰੀ ਇਕੱਲਿਆਂ ਖਿਦੋ ਵਾਂਗ ਬੁੜ੍ਹਘਾਕੇ ਗਡੇ ਤੇ ਵਗਾਹ ਮਾਰਨੀ। ਜੱਫਲ ਕੌਡੀ ਵਿਚ ਆਪਣੇ ਹਾਣੀਆਂ ਪਾਣੀਆਂ ਦੇ ਕਾਬੂ ਨ ਆਉਣਾ ਅਤੇ ਆਪ ਜਿਸ ਨੂੰ ਜੱਫਾ ਪਾਉਣਾ ਬਾਂ ਹੀ ਰਖਣਾ। ਛੇ ਸਾਲ ਕੁਸ਼ਤੀ ਘੁਲਦੇ ਰਹੇ, ਪਰ ਨਾ ਹੀ ਸਿਰ ਤੇ ਟੋਪੀ ਪਾਈ ਅਤੇ ਨ ਹੀ ਕੇਸਾਂ ਦੀ ਬੇ-ਅਦਬੀ ਕਰਾਈ। ਆਪ ਦੀ ਸਾਰੇ ਬਾਹਰੇ ਵਿਚ ਹੀ ਚੰਗੀ ਸੋਭਾ ਹੁੰਦੀ ਸੀ।

ਪਿੰਡ ਦੇ ਗੁਰਦੁਆਰਿਓਂ ਅੰਮ੍ਰਿਤ ਛਕ ਕੇ ਪੰਜਾਂ ਕਕਿਆਂ ਦੀ ਰਹਿਤ ਦੇ ਧਾਰਨੀ ਹੋ ਗਏ। ਇਸ ਸਮੇਂ ਆਪ ਦਾ ਸੁਭੱਾ ਬਹੁਤ ਹੀ ਗੁਰਮੁਖਾਂ ਵਾਂਗ ਸ਼ਾਂਤ ਰਹਿੰਦਾ ਸੀ। ਇਸੇ ਕਾਰਨ ਕਰਕੇ ਆਪ ਹੋਰ ਭੀ ਹਰ-ਮਨ ਪਿਆਰੇ ਹੋ ਗਏ। ਰਾਹੇ ਤੁਰਿਆਂ ਜਾਂਦਿਆਂ ਨੂੰ ਭੀ ਆਪਣਾ ਬਣਾ ਲੈਣਾ। ਐਨੀ ਗੰਭੀਰਤਾ ਰਖਣੀ ਕਿ ਕਦੇ ਮੱਥੇ ਤੇ ਤਿਊੜੀ ਨ ਪਾਉਣੀ।

੧੧ ਫ਼ਗਣ ਸੰ: ੧੯੬੮ ਬਿ: ਨੂੰ ਬੀਬੀ ਈਸ਼ਰ ਕੌਰ ਸਪੁਤ੍ਰੀ ਭਾਈ

ਪਾਲਾ ਸਿੰਘ ਗਟੀ ਤਲਾਵੇਂ ਚਕ ਨੰ: ੨੦੨ ਜ਼ਿਲਾ ਲਾਇਲਪੁਰ ਵਿਚ ਅਨੰਦ ਕਾਰਜ ਹੋ ਗਿਆ। ਇਸ ਨਗਰ ਵਿਚ ਇਹ ਸਭ ਤੋਂ ਪਹਿਲਾ ਵਿਆਹ ਸੀ ਜੋ ਗੁਰ-ਮਰਯਾਦਾ ਅਨੁਸਾਰ ਹੋਇਆ। ਗਲ ਕੀ ਆਪ ਦੇ ਘਰੋਂ ਹੀ ਗੁਰਮਤ ਕਰਨ ਦਾ ਮੁਢ ਬਝਾ ਸੀ। ਆਪ ਦੇ ਘਰ ਤਿੰਨ ਬਚੇ ਪੈਦਾ ਹੋਏ:- ੧. ਭਾਈ ਬਲਵੰਤ ਸਿੰਘ, ੨. ਭਾਈ ਹਰਬੰਸ ਸਿੰਘ, ੩. ਭਾਈ ਹਜ਼ੂਰਾ ਸਿੰਘ।

ਆਪ ਦਾ ਰੰਗ ਕਣਕ-ਭਿੰਨਾ, ਨੱਕ ਤਿੱਖਾ, ਅੱਖਾਂ ਮੋਟੀਆਂ, ਸੋਹਣੇ ਖ਼ੂਬਸੂਰਤ ਲੰਮੇ ਕੱਦ ਦੇ ਦਰਸ਼ਨੀ ਜਵਾਨ ਸਨ। ੨੭ ਨੰਬਰ ਪਲਟਨ ਵਿਚ ਨੌਕਰ ਹੋ ਗਏ। ਗੁਰਦੁਆਰਾ ਰਕਾਬ ਗੰਜ ਵਾਸਤੇ ਸੌ ਸਿੰਘਾਂ ਦੀ ਸ਼ਹੀਦੀ ਲਈ ਅਪੀਲ ਹੋਈ ਤਾਂ ਆਪ ਨੇ ਭੀ ਉਸ ਲਈ ਆਪਣਾ ਨਾਮ ਭੇਜਿਆ।

੯ ਫਗਣ ਵਾਲੇ ਦਿਨ ਘਰੋਂ ਲੱਠੇ ਦਾ ਪਜਾਮਾ, ਕਾਲੀ ਪਗ ਤੇ ਕੋਟ ਵਾਸਕਟ ਸਜਾ ਕੇ ਹੱਥ ਵਿਚ ਸਫ਼ਾਜੰਗ ਲੈ ਕੇ ਤਿਆਰ ਹੋ ਪਏ ਤਾਂ ਪਿਤਾ ਨੇ ਆਖਿਆ ਕਿ ਤੁਸੀਂ ਨ ਜਾਓ, ਮੈਂ ਜਾਂਦਾ ਹਾਂ। ਆਪਨੇ ਉਨ੍ਹਾਂ ਨੂੰ ਬੜੀ ਸ਼ਾਂਤੀ ਨਾਲ ਉਤਰ ਦਿਤਾ ਕਿ ਸਾਨੂੰ ਮਸਾਂ ਸਿਕਾਂ ਸਿਕਦਿਆਂ ਗੁਰੂ ਨੇ ਇਹ ਦਿਹਾੜਾ ਆਂਦਾ ਹੈ, ਮੈਂ ਜ਼ਰੂਰ ਜਾਵਾਂਗਾ, ਆਪ ਬਿਰਧ ਹੋ ਆਰਾਮ ਕਰੋ। ਆਪਣੇ ਸਾਥੀਆਂ ਨਾਲ ਆਪ ਸ੍ਰੀ ਜਨਮ ਅਸਥਾਨ ਦੇ ਅੰਦਰ ਬੜੀ ਬੇਦਰਦੀ ਨਾਲ ਜ਼ਾਲਮਾਂ ਦੇ ਹਥੋਂ ਸ਼ਹੀਦੀਆਂ ਪ੍ਰਾਪਤ ਕਰ ਗਏ।*

ਭਾਈ ਅਰੂੜ ਸਿੰਘ ਜੀ

ਆਪ ਦਾ ਜਨਮ ਕੱਤਕ ਪੂਰਨਮਾਸ਼ੀ ਐਤਵਾਰ ਸੰ: ੧੯੨੯ ਬਿ: ਨੂੰ ਥੋਥੀਆਂ ਜ਼ਿਲਾ ਅੰਮ੍ਰਿਤਸਰ ਵਿਚ ਮਾਤਾ ਜੀਓ ਦੀ ਕੁਖੋਂ ਭਾਈ ਨਿਹਾਲ ਸਿੰਘ ਦੇ ਘਰ ਹੋਇਆ। ਆਪ ਛੇ ਭੈਣ ਭਰਾ ਸਨ:- ੧. ਬੀਬੀ ਭਾਗੋ, ਬੀਬੀ ਤਾਬੋ, ੩. ਭਾਈ ਅਰੂੜ ਸਿੰਘ, ੪. ਭਾਈ ਟਹਿਲ ਸਿੰਘ, ੫. ਭਾਈ ਧੰਨਾ ਸਿੰਘ, ੬. ਬੀਬੀ ਹੁਕਮੀ। ਆਪ ਪਹਿਲਾਂ ਵਾਹੀ ਕਰਦੇ ਰਹੇ। ਭਾਈਚਾਰੇ ਨਾਲ

---

* ਕਮੇਟੀ ਨੇ ਆਪ ਦੀ ਸੁਪਤਨੀ ਬੀਬੀ ਈਸ਼ਰ ਕੌਰ ਦੇ ਨਾਮ ਪਿਨਸ਼ਨ ਲਾ ਦਿਤੀ। ੧੯-੫-੨੧ ਤੋਂ ੩੦-੩-੩੮ ਤਕ ਜਿਸਦਾ ਜੋੜ ੨੯੮੬) ਰੁਪਏ ਬਣਦਾ ਹੈ।

ਮੇਲ ਗੇਲ ਬੜਾ ਪਿਆਰ ਮੁਹੱਬਤ ਵਾਲਾ ਸੀ। ਆਪ ਦਾ ਅਨੰਦ ਕਾਰਜ ੨੪ ਹਾੜ ਸੰ: ੧੯੪੯ ਬਿ: ਨੂੰ ਬੀਬੀ ਰਾਮ ਕੌਰ ਸਪੁਤ੍ਰੀ ਭਾਈ ਗੁਲਾਬ ਸਿੰਘ ਨਵਾਂ ਪਿੰਡ, ਜ਼ਿਲਾ ਅੰਮ੍ਰਿਤਸਰ ਨਾਲ ਹੋ ਗਿਆ। ਆਪ ਦੇ ਘਰ ਤਿੰਨ ਬਚੇ ਜਨਮੇ:— ੧. ਭਾਈ ਕੇਹਰ ਸਿੰਘ, ੨. ਗੁਰ ਕੌਰ, ੩. ਭਾਈ ਮੇਹਰ ਸਿੰਘ। ਗੁਰਦੁਆਰੇ ਵਿਚੋਂ ਹੀ ਅੰਮ੍ਰਿਤ ਛਕਿਆ ਤੇ ਗੁਰਮੁਖੀ ਪੜ੍ਹੀ। ਆਪ ਬੜੇ ਦਲੇਰ ਕੱਦਾਵਰ ਜਵਾਨ ਸਨ। ਜਦੋਂ ਗੱਭਰੂ ਸਨ ਤਾਂ ਵਧੇਰੇ ਸਮਾਂ ਰੱਸਾ ਖਿਚਣ ਅਤੇ ਗਤਕੇ ਖੇਡਣ ਵਿਚ ਗੁਜ਼ਾਰਿਆ ਕਰਦੇ ਸਨ। ਆਪ ਦਾ ਗੁਰੂ ਘਰ ਨਾਲ ਬੜਾ ਡੂੰਘਾ ਪਿਆਰ ਸੀ। ਬਹੁਤ ਸਾਰੀ ਗੁਰਬਾਣੀ ਕੰਠ ਸੀ, ਜੋ ਲੋਕਾਂ ਨੂੰ ਸਭਾ ਵਿਚ ਬਹਿ ਕੇ ਹੇਕ ਲਾ ਕੇ ਹਰਾ ਨਾਲ ਸੁਣਾਇਆ ਕਰਦੇ ਸਨ।

ਆਪ ਵਾਹੀ ਛਡ ਕੇ ਪਲਟਨ ਨੰ: ੧੨੬ ਬਲੋਚ ਵਿਚ ਭਰਤੀ ਹੋ ਗਏ। ਤਿੰਨ ਸਾਲ ਨੌਕਰੀ ਕੀਤੀ ਤੇ ਰੀਜ਼ਰਵਾਂ ਵਿਚ ੩) ਮਹੀਨਾ ਪਿੰਨਸ਼ਨ ਲੈ ਕੇ ਆ ਗਏ। ਜਦ ਸੰ: ੧੯੧੪ ਈ: ਵਿਚ ਮਹਾਂ ਭਿਆਨਕ ਯੂਰਪੀ ਜੰਗ ਛਿੜਿਆ, ਤਾਂ ਆਪ ਨੂੰ ਫੇਰ ਪਲਟਨ ਵਾਲਿਆਂ ਨੌਕਰੀ ਤੇ ਸੱਦ ਲਿਆ। ਆਪ ਲੜਾਈ ਵਿਚ ਗਏ ਅਤੇ ਉਥੋਂ ਬਹਾਦਰੀ ਦਾ ਤਗ਼ਮਾ ਲੈ ਕੇ ਆਏ ਅਤੇ ਪਿੰਨਸ਼ਨ ੭) ਮਹੀਨਾ ਹੋ ਗਈ।

ਪਿੰਡ ਆ ਕੇ ਆਪ ਦਾ ਝੁਕਾ ਕੁਝ ਕੁ ਰਾਧਾ ਸੁਵਾਮੀ ਮਤ ਵਲ ਹੋ ਗਿਆ। ਧਾਰੋਵਾਲੀ ਦੀਵਾਨ ਤੇ ਗਏ ਅਤੇ ਆਪਣਾ ਨਾਮ ਸ੍ਰੀ ਨਨਕਾਣਾ ਸਾਹਿਬ ਦੀ ਸ਼ਹਾਦਤ ਲਈ ਪੇਸ਼ ਕੀਤਾ। ਲੋਕਾਂ ਮਖੌਲ ਨਾਲ ਆਖਿਆ ਕਿ ਭਾਈ ਜੀ ਆਪ ਤੇ ਰਾਧਾ ਸਵਾਮੀਆਂ ਦੇ ਵਹੇ ਚੜ੍ਹੇ ਹੋਏ ਹੋ ? ਤਾਂ ਉਤਰ ਦਿਤਾ ਕਿ ਖ਼ਾਲਸਾ ਜੀ ! ਇਹ ਆਪ ਨੂੰ ਭਰਮ ਹੈ, ਮੈਂ ਦਸਵੇਂ ਪਾਤਸ਼ਾਹ ਦਾ ਸਿਖ ਹਾਂ। ਪਿੰਡ ਆ ਕੇ ਦੁਬਾਰੇ ਭਾ: ਮੂਲ ਸਿੰਘ ਜੀ ਗਰਮੂਲੇ ਦੀ ਜਥੇਦਾਰੀ ਥੱਲੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਕੇ ਸਿਖੀ ਦੇ ਜਹਾਜ਼ੇ ਚੜ੍ਹ ਗਏ।

ਸਾਕੇ ਤੋਂ ਚਾਰ ਕੁ ਦਿਨ ਪਹਿਲਾਂ ਸਿੰਘਣੀ ਨੂੰ ਆਖਿਆ ਕਿ ਮੇਰੀ ਕਾਲੀ ਦਸਤਾਰ ਰੰਗ ਦਿਓ। ਅਗੇ ਤੇ ਮੈਂ ਗਿਆ ਸੀ ਝੂਠੇ ਜੰਗ ਵਿਚ, ਹੁਣ ਚਲਿਆਂ ਹਾਂ ਗੁਰੂ ਦੇ ਸਚੇ ਜੰਗ ਵਿਚ। ਘਾਬਰਨਾ ਨਹੀਂ, ਹੌਂਸਲਾ ਰਖਣਾ, ਮੈਨੂੰ ਹੁਣ ਛੁਟੀ ਦਿਓ। ਸਿੰਘਣੀ ਨੇ ਆਖਿਆ ਕਿ ਰੱਬ ਤੁਹਾਨੂੰ ਸਿੱਧੀ ਪਾਵੇ, ਤਾਂ ਹਸ ਪਏ ਅਤੇ ਆਪਣੀ

ਸਿੰਘਣੀ ਦੀ ਕੰਡ ਤੇ ਥਾਪੀ ਦੇ ਕੇ ਆਖਣ ਲਗੇ ਕਿ ਸ਼ਾਬਾਸ਼ ! ਮਰਦ ਦੀਏ ਬੱਚੀਏ !! ਜਿਦਾਂ ਤੂੰ ਮੈਨੂੰ ਸ਼ਹਾਦਤ ਲਈ ਤੋਰਿਆ ਹੈ, ਏਦਾਂ ਕਿਸੇ ਜ਼ਨਾਨੀ ਨੇ ਕਦੀ ਆਪਣੇ ਮਰਦ ਨੂੰ ਖੁਲ੍ਹੇ ਦਿਲ ਨਾਲ ਸ਼ਹੀਦੀ ਲਈ ਛੁਟੀ ਨਹੀਂ ਦਿਤੀ ਹੈ । ਸ਼ਾਬਾਸ਼ ! ਸਿੰਘਣੀਏ ! ਸਤਿਗੁਰ ਸਚੇ ਪਾਤਸ਼ਾਹ ਤੇਰੀ ਰਖਿਆ ਕਰਨਗੇ । ਇਸ ਤਰ੍ਹਾਂ ਇਹ ਬਚਨ ਤਿੰਨ ਵੇਰ ਆਖੇ, ਤਾਂ ਫਿਰ ਪਤਨੀ ਨੇ ਆਖਿਆ ਕਿ ਮਹਾਰਾਜ ਜੀ ! ਮੈਨੂੰ ਭੀ ਨਾਲ ਹੀ ਗੁਰੂ ਦੇ ਸੱਚੇ ਜੰਗ ਵਿਚ ਲੈ ਚਲੋ, ਮੈਂ ਉਥੇ ਸਾਧ ਸੰਗਤ ਦੇ ਲੰਗਰ ਵਿਚ ਅੰਨ ਪਾਣੀ ਦੀ ਸੇਵਾ ਕਰਾਂਗੀ, ਤਾਂ ਉਤਰ ਦਿਤਾ ਕਿ ਤੇਰਾ ਅਜੇ ਵੇਲਾ ਨਹੀਂ ਹੈ ।

ਇਸ ਦਿਨ ਉਚੇਚਾ ਘਰ ਵਿਚ ਖੀਰ ਅਤੇ ਕੜਾਹ ਪ੍ਰਸ਼ਾਦਿ ਤਿਆਰ ਕਰਾਇਆ । ਆਪ ਛਕਿਆ ਤੇ ਸਾਰੇ ਪ੍ਰਵਾਰ ਨੂੰ ਕੋਲ ਬਹਿਕੇ ਛਕਾਇਆ । ਇਸ ਦਿਨ ਰਬ-ਸਬੱਬੀ ਆਪ ਦੀ ਭੈਣ ਸੌਹਰਿਆਂ ਤੋਂ ਆਈ ਹੋਈ ਸੀ । ਉਸ ਨੇ ਆਖਿਆ ਕਿ ਵੀਰਾ ! ਉਥੇ ਸੁਣਨੇ ਆਂ ਕਿ ਬੜਾ ਬੰਦੋਬਸਤ ਹੈ, ਤੂੰ ਨਾ ਜਾ, ਤੇਰਾ ਅਵਾਣਾਂ ਜੀਆ-ਜੰਤ ਹੈ; ਤਾਂ ਉੱਤਰ ਦਿਤਾ ਕਿ ਆਪੇ ਗੁਰੂ ਪਾਲੇਗਾ । ਮੇਰਾ ਸੀਸ ਗੁਰੂ ਦੇ ਘਰ ਲਗਣਾ ਹੈ, ਮੈਨੂੰ ਰੋਕ ਕੇ ਕੋਈ ਗੁਨਾਹਗਾਰ ਨਾ ਬਣੇ । ਤੁਰਨ ਸਮੇਂ ਸਭ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਹਸੂੰ ਹਸੂੰ ਕਰਦੇ ਘਰਦੀਆਂ ਬਰੂਹਾਂ ਲੰਘ ਆਏ । ੧੦ ਫਗਣ ਨੂੰ ਆਪਣੇ ਸਾਥੀਆਂ ਨਾਲ ਦੁਸ਼ਟਾਂ ਹਥੋਂ ਗੋਲੀਆਂ ਦਾ ਨਿਸ਼ਾਨਾ ਬਣ ਕੇ ਸ਼ਹੀਦੀਆਂ ਪ੍ਰਾਪਤ ਕਰ ਗਏ *।

ਭਾਈ ਤੇਜਾ ਸਿੰਘ ਜੀ

ਆਪ ਦਾ ਜਨਮ ਅੱਸੂ ਸੰ: ੧੯੫੩ ਬਿ: ਨੂੰ ਮਾਤਾ ਪ੍ਰੇਮ ਕੌਰ ਦੀ ਕੁਖੋਂ ਭਾਈ ਮੀਹਾਂ ਸਿੰਘ ਦੇ ਘਰ ਥੋਬੀਆਂ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ । ਆਪ ਪੰਜ ਭੈਣ ਭਰਾ ਸਨ :—(੧) ਭਾਈ ਮਘਰ ਸਿੰਘ, (੨) ਭਾ: ਈਸ਼ਰ ਸਿੰਘ, (੩) ਭਾਈ ਭਾਨ ਸਿੰਘ, (੪) ਭਾਈ ਤੇਜਾ ਸਿੰਘ, (੫) ਭਾਈ ਖ਼ਜ਼ਾਨ ਸਿੰਘ ਜੀ, ਬੀ:

* ਕਮੇਟੀ ਨੇ ੧੬੧੨) ਰੁਪਏ ਕਰਜ਼ਾ ਉਤਾਰਿਆ ਤੇ ਸੁਪਤਨੀ ਬੀਬੀ ਰਾਮ ਕੌਰ ਦੇ ਨਾਮ ਪਿੰਨਸ਼ਨ ਲਾ ਦਿਤੀ । ਜਿਸਦਾ ਜੋੜ ੧੮-੫-੨੧ ਤੋਂ ੨੮-੨-੩੮ ਤਕ ੧੮੨੯) ਰੁਪਏ ਬਣਦਾ ਹੈ ।

ਆਸ ਕੌਰ। ਆਪ ਘਰ ਦਾ ਕੰਮ ਕਾਜ ਕਰਦਿਆਂ ਹੀ ਗੁਰਦੁਆਰੇ ਵਿਚੋਂ ਚੰਗੀ ਸਰਲ ਗੁਰਮੁਖੀ ਪੜ੍ਹ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਾਹਵਾ ਪਾਠੀ ਸਨ। ਪਿੰਡੋਂ ਹੀ ਅੰਮ੍ਰਿਤ ਛਕ ਲਿਆ। ਆਪ ਦਾ ਸੁਭੱਾ ਸਿਧਾ-ਸਾਦਾ ਸੰਤਾਂ ਵਰਗਾ ਸੀ।

੧੪ ਚੇਤਰ ਸੰ: ੧੯੬੬ ਬਿ: ਨੂੰ ਬੀਬੀ ਆਤੋ ਸਪੁਤ੍ਰੀ ਭਾਈ ਸ਼ੇਰ ਸਿੰਘ ਨਾਲ ਤਲਾਵਾਂ ਜ਼ਿਲਾ ਲਾਇਲਪੁਰ ਵਿਚ ਸ਼ਾਦੀ ਹੋ ਗਈ। ਆਪ ਦੇ ਘਰ ਕਾਕੇ ਹਜ਼ਾਰਾ ਸਿੰਘ ਦਾ ਜਨਮ ਹੋਇਆ। ਇਹ ਬੱਚਾ ਅਜੇ ਮਸਾਂ ਇਕ ਸਾਲ ਦਾ ਹੀ ਸੀ ਕਿ ਇਸਦੀ ਮਾਤਾ ਚੜ੍ਹਾਈ ਕਰ ਗਈ। ਆਪ ਨੇ ਕੁਝ ਚਿਰ ਪਲਟਨ ਦੀ ਨੌਕਰੀ ਕੀਤੀ। ਸ਼ਬਦ ਪੜ੍ਹਣ ਦੇ ਬੜੇ ਪ੍ਰੇਮੀ ਨੇਮੀ ਸਨ। ਆਪ ਭੀ ਆਪਣੇ ਨਗਰ ਨਿਵਾਸੀਆਂ ਨਾਲ ਜਨਮ ਅਸਥਾਨ ਦੇ ਅੰਦਰ ਛੱਵੀਆਂ ਅਤੇ ਗੋਲੀਆਂ ਨਾਲ ਸ਼ਹੀਦ ਕਰਕੇ ਮਿੱਟੀ ਦਾ ਤੇਲ ਪਾ ਕੇ ਸਾੜ ਦਿਤੇ ਗਏ। ਇਸਿ ਕੁਰਬਾਨੀ ਦੀ ਬਰਕਤ ਦਾ ਸਦਕਾ ਅਜ ਆਪ ਦਾ ਨਾਮ ਭੀ ਕੌਮੀ ਸ਼ਹੀਦਾਂ ਦੀ ਲੜੀ ਵਿਚ ਚਮਕ ਰਿਹਾ ਹੈ, ਅਤੇ ਰਹਿੰਦੀ ਦੁਨੀਆਂ ਤਕ ਇਹ ਨਾਮ ਇਸੇ ਤਰ੍ਹਾਂ ਇਤਿਹਾਸ ਵਿਚ ਉੱਘਾ ਰਹੇਗਾ।

—o—

ਕਰਤਾਰਪੁਰ ਜ਼ਿਲਾ ਜਾਲੰਧਰ ਦੇ ਸ਼ਹੀਦ

ਭਾਈ ਬੇਲਾ ਸਿੰਘ ਜੀ

ਆਪ ਦਾ ਜਨਮ ਸੰਮਤ ੧੯੨੨ ਬਿ: ਨੂੰ ਸੈਣੀ ਘਰਾਣੇ ਵਿਚ ਬੀਬੀ ਰਾਜੀ ਦੀ ਕੁਖੋਂ ਭਾਈ ਮੱਯੇ ਦੇ ਘਰ ਕਰਤਾਰ ਪੁਰ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਚਾਰ ਭੈਣ ਭਰਾ ਸਨ :—੧. ਭਾਈ ਨਾਨਕ ਸਿੰਘ, ੨. ਬੀਬੀ ਚੰਦੀ, ੩. ਭਾਈ ਬੇਲਾ ਸਿੰਘ, ੪. ਭਾਈ ਸੁੰਦਰ ਸਿੰਘ। ਆਪ ਦਾ ਰੰਗ ਪੱਕਾ, ਕੱਦ ਦਰਮਿਆਨਾ ਅਤੇ ਸਰੀਰ ਵਿਚਲੇ ਮੇਲ ਦਾ ਸੀ।

ਆਪ ਦੇ ਵਡੇ ਪਹਿਲਾਂ ਰਿਆਸਤ ਫ਼ਰੀਦ ਕੋਟ ਦੇ ਰਹਿਣ ਵਾਲੇ ਸਨ। ਆਪ ਦੇ ਦਾਦਾ ਭਾਈ ਸੋਭਾ ਜੀ ਕਰਤਾਰਪੁਰ ਆ ਕੇ ਆਬਾਦ ਹੋ ਗਏ ਅਤੇ ਸੱਤਰ ਸਾਲ ਦੀ ਉਮਰ ਤਕ ਗੁਰੂ ਕੇ ਲੰਗਰ ਦੀ ਸੇਵਾ ਕਰਦੇ ਰਹੇ। ਮਹੰਤਾਂ ਨੇ ਇਨ੍ਹਾਂ ਨੂੰ ਵਾਹੀ ਜੋਤੀ ਕਰਨ ਲਈ ਇਕ ਖੂਹ ਦੀ ਭੋਂ ਦਿਤੀ ਹੋਈ ਸੀ, ਜਿਸ ਵਿਚ ਕਾਰ ਕਰ ਕੇ ਆਪ ਆਪਣਾ ਝਟ ਚੰਗਾ ਤੋਰੀ ਜਾਂਦੇ ਸਨ।

ਭਾਈ ਬੇਲਾ ਸਿੰਘ ਨੇ ਕਰਤਾਰਪੁਰ ਹੀ ਗੁਰਮੁਖੀ ਪੜ੍ਹਕੇ ਬਹੁਤ ਸਾਰੀ ਗੁਰਬਾਣੀ ਕੰਠ ਕਰ ਲਈ ਸੀ। ਆਪਣੇ ਪਿਤਾ ਨਾਲ ਮਿਲਕੇ ਗੁਰੂ ਕੇ ਲੰਗਰ ਦੀ ਲਗਨ ਨਾਲ ਸੇਵਾ ਕਰਨੀ ਆਪ ਦਾ ਸੁਭਾਵਕ ਨੇਮ ਹੋ ਚੁਕਾ ਸੀ।

ਭਾਈ ਸੋਭੇ ਦੇ ਘਰਾਣੇ ਵਿਚੋਂ ਸਭ ਤੋਂ ਪਹਿਲਾਂ ਆਪ ਹੀ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜੇ ਸਨ। ਬਾਕੀ ਸਾਰਾ ਖ਼ਾਨਦਾਨ ਸਹਿਜਧਾਰੀ ਸਿਖ ਸੀ। ਆਪ ਦਾ ਸੁਭੱਾ ਬੜਾ ਮਿਲਾਪੜਾ ਤੇ ਹਸਮੁਖਾ ਸੀ। ਕੁੜੱਤਣ ਯਾ ਤਲਖੀ ਤਾਂ ਕਦੀ ਭੁੱਲਕੇ ਭੀ ਚਿਹਰੇ ਤੇ ਨਹੀਂ ਲਿਆਉਂਦੇ ਸਨ। ਹਰ ਇਕ ਜਾਣਕਾਰ ਤੇ ਅਣਜਾਣ ਨਾਲ ਭੀ ਇਕੋ ਜਿਹਾ ਠੰਡਾ ਤੇ ਮਿੱਠਾ ਵਰਤ ਵਰਤਾ ਕਰਨਾ ਆਪ ਦਾ ਕੁਦਰਤੀ ਸੁਆਤਮ ਬਣ ਚੁੱਕਾ ਸੀ। ਭਾਵੇਂ ਕਿਸੇ ਕੰਮ ਲਈ ਕਿੰਨਾ ਭੀ ਔਖਾ ਕਿਉਂ ਨਾ ਹੋਣਾ ਪਵੇ, ਪਰ ਕਦੀ ਭੁੱਲ ਕੇ ਭੀ ਤਬੀਅਤ ਵਿਚ ਗਰਮੀ ਨਹੀਂ ਲਿਆਉਂਦੇ ਸਨ।

ਕਰਤਾਰਪੁਰੇ ਵਿਚ ਹੀ ਬੀਬੀ ਹੁਕਮ ਕੌਰ ਨੇ ਫ਼ਤਹ ਪੁਰ ਜ਼ਿਲਾ ਹੁਸ਼ਿਆਰਪੁਰ ਤੋਂ ਆਕੇ ਆਪ ਨਾਲ ਚਾਦਰ ਪਾ ਲਈ। ਆਪ ਦੇ ਘਰ ਦੋ ਬੱਚੇ ਭਾਈ ਆਸਾ ਸਿੰਘ ਤੇ ਭਾਈ ਦਲੀਪ ਸਿੰਘ ਪੈਦਾ ਹੋਏ। ਇਸ ਦੇ ਪਿਛੋਂ ਆਪ ਦੇ ਘਰੋਂ ਅਕਾਲ ਚਲਾਣਾ ਕਰ ਗਈ। ਸ਼ਹੀਦੀ ਸਮੇਂ ਇਨ੍ਹਾਂ ਬਚਿਆਂ ਦੀ ਉਮਰ ਨੌਂ ਤੇ ਦਸ ਸਾਲ ਦੀ ਸੀ।

ਕਿਸੇ ਕਾਰਨ ਕਰਕੇ ਕਰਤਾਰਪੁਰ ਦੇ ਮਹੰਤਾਂ ਨੇ ਇਨ੍ਹਾਂ ਪਾਸੋਂ ਜ਼ਮੀਨ ਖੋਹ ਲਈ ਅਤੇ ਆਪ ਉਥੋਂ ਥੋਥੀਆਂ ਚਕ ਨੰ: ੧੦ ਜ਼ਿਲਾ ਸ਼ੇਖ਼ੂਪੁਰਾ ਵਿਚ ਆ ਗਏ। ਇਥੇ ਮੁਰੱਬੇ ਠੇਕੇ ਤੇ ਲੈ ਕੇ ਵਾਹੀ ਕਰਨੀ ਸ਼ੁਰੂ ਕਰ ਦਿਤੀ। ਥੋਥੀਆਂ ਵਿਚ ਆਪ ਦਾ ਵਰਤੋਂ ਵਿਹਾਰ ਬਹੁਤ ਚੰਗਾ ਤੇ ਹਰਮਨ ਪਿਆਰਾ ਸੀ। ਸਾਂਝੇ ਤੇ ਧਾਰਮਕ ਕੰਮਾਂ ਵਿਚ ਅਗੇ ਹੋ ਕੇ ਵਧ ਚੜ੍ਹ ਕੇ ਹਿਸਾ ਲੈਣਾ ਆਪ ਆਪਣਾ ਜ਼ਰੂਰੀ ਫ਼ਰਜ਼ ਸਮਝਿਆ ਕਰਦੇ ਸਨ। ਕਿਸੇ ਭਰਾ ਦੇ ਦੁਖ ਸੁਖ ਸਮੇਂ ਆਪ ਨੇ ਕਦੇ ਪਿਛਾਂਹ ਮੋਢਾ ਨਹੀਂ ਮੋੜਿਆ ਸੀ।

ਜਦ ਥੋਥੀਆਂ ਦੇ ਸਿੰਘਾਂ ਨੇ ਪ੍ਰੇਰਨਾ ਹੋਣ ਤੇ ਸ਼ਹੀਦੀ ਜਥੇ ਲਈ ਨਾਮ ਲਿਖਾਏ ਤਾਂ ਆਪ ਨੇ ਭੀ ਉਨ੍ਹਾਂ ਦੇ ਨਾਲ ਹੀ ਆਪਣਾ ਨਾਮ ਖ਼ੁਸ਼ੀ ਖ਼ੁਸ਼ੀ ਲਿਖਾ ਦਿਤਾ। ੧੦ ਫਗਣ ਵਾਲੇ ਦਿਨ ਆਪਣੇ ਸਾਥੀਆਂ ਨਾਲ ਚਲ ਕੇ ਚਾਈਂ ਚਾਈਂ ਸ੍ਰੀ ਜਨਮ ਅਸਥਾਨ ਅੰਦਰ ਜ਼ਾਲਮਾਂ ਦੇ ਹਥੋਂ ਛਵ੍ਹੀਆਂ ਤੇ ਗੰਡਾਸਿਆਂ ਨਾਲ ਟੋਟੇ ਟੋਟੇ ਕਰ ਕੇ ਸਖ਼ਤ ਬੇ-ਫ਼ਿਕਰੀ ਨਾਲ ਸ਼ਹੀਦ ਕੀਤੇ ਗਏ। ਆਪ ਦੇ ਦਿਲ ਵਿਚ ਜੋ ਕੌਮੀ-ਪਿਆਰ ਲਹਿਰੇ ਮਾਰਦਾ ਸੀ, ਉਸ ਦੇ ਆਸਰੇ, ਆਪ ਆਪਣੀ ਪਿਆਰੀ ਜਿੰਦੜੀ ਨਿਸਾਰ ਕਰ ਗਏ,ਜਿਸ ਦਾ ਅਜ ਇਹ ਪ੍ਰਤੱਖ ਫੱਲ ਨਜ਼ਰ ਆਉਂਦਾ ਹੈ ਕਿ ਗੁਰਦੁਆਰੇ ਬਦ-ਚਲਨ ਮਹੰਤਾਂ ਦੇ ਕਬਜ਼ੇ ਵਿਚੋਂ ਨਿਕਲ ਕੇ ਗੁਰੂ ਪੰਥ ਦੇ ਸੁਚੇ ਪ੍ਰਬੰਧ ਥੱਲੇ ਆ ਗਏ ਹਨ।

ਆਪ ਦਾ ਪ੍ਰਵਾਰ ਸ਼ਹੀਦੀ ਪਿਛੋਂ ਕੁਝ ਚਿਰ ਥੋਥੀਆਂ ਵਿਚ ਰਿਹਾ ਅਤੇ ਫੇਰ ਕਰਤਾਰਪੁਰ ਹੀ ਚਲਾ ਗਿਆ, ਪਰ ਅਜ ਕਲ ਫੇਰ ਆਪ ਦੇ ਪੁਤ੍ਰ ਕਰਤਾਰਪੁਰ ਛਡ ਕੇ ਕਿਸੇ ਹੋਰਸ ਚਕ ਵਿਚ ਆ ਕੇ ਵਾਹੀ ਜੋਤੀ ਕਰਦੇ ਹਨ।*

---

* ਕਮੇਟੀ ਨੇ ਲੜਕੇ ਦਲੀਪ ਸਿੰਘ ਦੇ ਨਾਮ ਪਿੰਨਸ਼ਨ ਲਾ ਦਿਤੀ। ੧੯-੫-੨੧ ਤੋਂ ੩-੩-੩੨ ਤਕ ਇਸਦਾ ਜੋੜ ੧੩੨੯) ਰੁਪਏ ਬਣਦਾ ਹੈ। ਇਸੇ ਤਾਰੀਖ਼ ਤੋਂ ਬਾਲਗ਼ ਹੋਣ ਤੇ ਪਿੰਨਸ਼ਨ ਬੰਦ ਕੀਤੀ ਗਈ।

ਵੱਲਾ ਜ਼ਿ: ਅੰਮ੍ਰਿਤਸਰ ਦੇ ਸ਼ਹੀਦ

— —

ਭਾਈ ਮੂਲਾ ਸਿੰਘ ਜੀ

ਆਪ ਦਾ ਜਨਮ ਸੰ: ੧੯੩੭ ਬਿ: ਵਿਚ ਮਾਤਾ ਗੁਲਾਬ ਕੌਰ ਦੀ ਕੁਖੋਂ ਭਾਈ ਜੀਵਨ ਸਿੰਘ ਦੇ ਘਰ ਵੱਲਾ ਸਾਹਿਬ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਨਿੱਕੇ ਹੁੰਦਿਆਂ ਹੀ ਆਪ ਗੁਰਮੁਖੀ ਪੜ੍ਹ ਗਏ ਅਤੇ ਬੀਬੀ ਪ੍ਰੇਮ ਕੌਰ ਨਾਲ ਸ਼ਾਦੀ ਹੋ ਗਈ, ਪਰ ਕੋਈ ਸੰਤਾਨ ਨਾ ਹੋਈ। ਜਦ ਸਿਆਣੇ ਹੋਏ ਤਾਂ ਪ੍ਰਦੇਸ ਸਿੰਘਾ ਪੁਰ ਵਿਚ ਚਲੇ ਗਏ। ਉਥੇ ਪਲਟਨ ਨੰਬਰ ੬੭ ਵਿਚ ਭਰਤੀ ਹੋ ਕੇ ਸੋਲਾਂ ਸਾਲ ਨੌਕਰੀ ਕੀਤੀ ਅਤੇ ਹੌਲਦਾਰ ਬਣ ਗਏ। ੧੦) ਮਹੀਨਾ ਪਿੰਨਸ਼ਨ ਲੈ ਕੇ ਘਰ ਆ ਗਏ। ਆਪ ਪ੍ਰਦੇਸੀ ਬੋਲੀਆਂ ਬੋਲਣ ਵਿਚ ਬੜੇ ਮਾਹਰ ਸਨ। ਸੁਭੱਾ ਬੜਾ ਨੇਕ ਸੀ। ਹਰ ਇਕ ਦੀ ਦਾਰੀ ਕਰਨੀ। ਪਿੰਡੋਂ ਆ ਕੇ ਥੋਥੀਆਂ ਚੱਕ ਨੰ: ੧੦ ਜ਼ਿਲਾ ਸ਼ੇਖ਼ੂਪੁਰੇ ਵਿਚ ਆਪਣੇ ਭਰਾਵਾਂ ਭਤੀਜਿਆਂ ਨੂੰ ਲਿਆ ਕੇ ਵਾਹੀ ਕਰ ਲਈ। ਇਸ ਸਮੇਂ ਜਰਮਨ ਦੀ ਲੜਾਈ ਲਗੀ ਹੋਈ ਸੀ। ਪਿੰਡ ਪਾਸੋਂ ਸ੍ਰਕਾਰ ਜਬਰਨ ਰੰਗਰੂਟ ਭਰਤੀ ਮੰਗਦੀ ਸੀ। ਆਪ ਨੂੰ ਸਾਰੇ ਨਗਰ ਨਿਵਾਸੀਆਂ ਨੇ ਆਖਿਆ ਕਿ ਭਾਈ ਜੀ! ਤੁਸੀਂ ਬਾਹਰੋਂ ਫਿਰ ਤੁਰ ਕੇ ਸ੍ਰਕਾਰ ਨੂੰ ਰੰਗਰੂਟ ਭਰਤੀ ਕਰਾ ਦਿਓ ਅਤੇ ਉਨ੍ਹਾਂ ਦੀ ਗਿਣਤੀ ਥੋਥੀਆਂ ਪਿੰਡ ਵਿਚ ਦਰਜ ਕਰਾਈ ਜਾਓ; ਜੇਕਰ ਇਸਦੇ ਇਵਜ਼ ਵਿਚ ਆਪਨੂੰ ਕੋਈ ਜ਼ਮੀਨ ਮਿਲੇ ਤਾਂ ਬੇ-ਸ਼ੱਕ ਥੋਥੀਆਂ ਦੇ ਬੰਜਰ ਵਿਚੋਂ ਸ੍ਰਕਾਰ ਆਪ ਨੂੰ ਦੇ ਦੇਵੇ, ਅਸੀਂ ਮੁਖ਼ਾਲਫ਼ਤ ਨਹੀਂ ਕਰਾਂਗੇ। ਇਹ ਲਿਖਤ ਆਪ ਨੇ ਨਗਰ ਦੇ ਮੁਖੀਆਂ ਪਾਸੋਂ ਕਰਵਾ ਲਈ ਅਤੇ ਦੂਰ ਦੁਰੇਡੇ ਚੱਕਰ ਲਾ ਲਾ ਕੇ ਆਪ ਨੇ ਪੰਜੀ ਰੰਗਰੂਟ ਭਰਤੀ ਕਰਾਏ। ਇਸ ਸਮੇਂ ਬੰਦੇ ਬੜੇ ਮੁਸ਼ਕਲ ਮਿਲਦੇ ਸਨ। ਆਪ ਨੇ ਇਸ ਉਦਮ ਕਰਨ ਵਿਚ

ਆਪਣੀ ਪਿਛਲੀ ਪਿੰਡ ਦੀ ਸਾਰੀ ਜ਼ਮੀਨ ਭੀ ਵੇਚ ਛੱਡੀ, ਪਰ ਆਪ ਨੂੰ ਕੇਵਲ ਕੱਚੀ ਕਾਸ਼ਤ ਉਤੇ ਕੁਝ ਭੋਂ ਮਿਲੀ। ਜੰਗ ਖ਼ਤਮ ਹੋ ਗਈ ਤਾਂ ਇਕਰਾਰ ਮਦਾਰ ਕਰਨ ਵਾਲੇ ਅਫ਼ਸਰ ਭੀ ਬਦਲ ਬਦਲਾ ਗਏ। ਆਪ ਨੂੰ ਭੋਂ ਭਾਂਡੇ ਵਲੋਂ ਸੁਕਾ ਜੁਵਾਬ ਮਿਲ ਗਿਆ। ਆਪ ਦਾ ਦਿਲ ਨਿਰਾਸਤਾ ਨਾਲ ਬੜਾ ਦੁਖੀ ਹੋਇਆ।

ਜਦ ਸੰ: ੧੯੧੯ ਈ: ਵਿਚ ਮਾਰਸ਼ਲ-ਲਾ ਦੇ ਜ਼ੁਲਮ ਹੋਣ ਲਗੇ, ਤਾਂ ਆਪ ਦੇ ਦੁਖੀ ਦਿਲ ਵਿਚ ਹੋਰ ਭੀ ਚਸਕਾਂ ਪੈਦਾ ਹੋ ਕੇ ਅੱਖਾਂ ਉਘੜ ਗਈਆਂ। ਆਪ ਆਪਣੀ ਭਰਤੀ ਉਤੇ ਬੜਾ ਪਸਚਾਤਾਪ ਕਰਿਆ ਕਰਨ ਅਤੇ ਆਪ ਦੇ ਖ਼ਿਆਲਾਂ ਵਿਚ ਪੁਲੀਟੀਕਲ ਤਬਦੀਲੀ ਆ ਗਈ। ਇਸ ਦੇ ਨਾਲ ਹੀ ਜਦ ਗੁਰਦੁਆਰਾ ਲਹਿਰ ਚਲੀ, ਤਾਂ ਆਪ ਖ਼ੁਸ਼ੀ ਖ਼ੁਸ਼ੀ ਇਸ ਵਿਚ ਕੁੱਦ ਪਏ ਅਤੇ ਸ੍ਰੀ ਨਨਕਾਣੇ ਸਾਹਿਬ ਦੇ ਪਵਿੱਤ੍ਰ ਸ਼ਹੀਦਾਂ ਦੀ ਫ਼ਹਿਰਿਸਤ ਵਿਚ ਆਪਣਾ ਨਾਮ ਦਰਜ ਕਰਵਾ ਦਿਤਾ।

ਜਦ ਤੁਰਨ ਲਗੇ ਤਾਂ ਇਨ੍ਹਾਂ ਦੇ ਭਰਾ ਭਾਈ ਝੰਡਾ ਸਿੰਘ ਨੇ ਪੁਛਿਆ ਕਿ ਆਪ ਕਿਥੇ ਚਲੇ ਹੋ ? ਤਾਂ ਉਤਰ ਦਿਤਾ ਕਿ ਅਸੀਂ ਸਚੇ ਜੰਗ ਵਿਚ ਸਤਿਗੁਰਾਂ ਦੀ ਹਾਜ਼ਰੀ ਭਰਨ ਚਲੇ ਹਾਂ, ਤੁਸੀਂ ਕੋਈ ਫ਼ਿਕਰ ਨਾ ਕਰਨਾ। ਇੱਨੀ ਗਲ ਆਖਕੇ ਰਵਾਂ-ਰਵੀਂ ਆਪਣੇ ਸਾਥੀਆਂ ਨਾਲ ਆ ਮਿਲੇ ਅਤੇ ੧੦ ਫਗਣ ਵਾਲੇ ਦਿਨ ਜ਼ਾਲਮਾਂ ਹਥੋਂ ਸ਼ਹੀਦੀਆਂ ਦੀ ਪਵਿੱਤ੍ਰ ਦਾਤ ਪ੍ਰਾਪਤ ਕਰਕੇ ਸਚਖੰਡ ਵਿਚ ਜਾ ਵਾਸਾ ਕੀਤਾ। ਇਸ ਦੇ ਪਿਛੋਂ ਆਪ ਦੇ ਨਜ਼ਦੀਕੀ ਫਿਰ ਆਪਣੇ ਪਿਛਲੇ ਪਿੰਡ ਹੀ ਚਲੇ ਗਏ *।

———

* ਕਮੇਟੀ ਨੇ ੩੯੦) ਰੁਪਏ ਕਰਜ਼ਾ ਉਤਾਰਿਆ। ੧੯-੫-੨੧ ਤੋਂ ੭-੨-੨੨ ਤਕ ੭੦) ਰੁਪਏ ਪਿੰਨਸ਼ਨ ਦੇ ਕੇ ਬੰਦ ਕੀਤੀ ਗਈ।

ਡੱਲਾ ਨੰਗਲ ਚੱਕ ਨੰ: ੮੩ ਜ਼ਿ: ਸ਼ੇਖੂਪੁਰਾ

ਦੇ

ਸ਼ਹੀਦ

ਭਾਈ ਲਛਮਣ ਸਿੰਘ ਜੀ ਗ੍ਰੰਥੀ

ਆਪ ਦਾ ਜਨਮ ਸੰ: ੧੯੨੪ ਬਿ: ਨੂੰ ਬੂੜੇ ਡੱਲੇ ਜ਼ਿਲਾ ਗੁਰਦਾਸਪੁਰ ਵਿਚ ਮਾਤਾ ਗੰਗਾ ਦਈ ਦੀ ਕੁਖੋਂ, ਭਾਈ ਨਾਨਕ ਦੇ ਘਰ ਹੋਇਆ। ਆਪ ਪਹਿਲਾਂ ਕੁਝ ਚਿਰ ਤਾਂ ਆਪਣੇ ਪਿਤਾ ਨਾਲ ਪਾਣੀ ਭਰਨ ਦੀ ਕਾਰ ਕਰਦੇ ਰਹੇ, ਫੇਰ ਪਲਟਨ ਨੰਬਰ ੧੯ ਵਿਚ ਲਾਂਗਰੀ ਭਰਤੀ ਹੋ ਕੇ ਚਲੇ ਗਏ। ਫ਼ੌਜ ਵਿਚੋਂ ਹੀ ਅੰਮ੍ਰਿਤ ਛਕਿਆ ਤੇ ਗੁਰਮੁਖੀ ਪੜ੍ਹ ਲਈ। ਛੁਟੀ ਆਏ ਤਾਂ ਸੰ: ੧੯੬੨ ਬਿ: ਨੂੰ ਬੀਬੀ ਹਰਿ ਕੌਰ ਸਪੁਤ੍ਰੀ ਭਾਈ ਬੂੜ ਸਿੰਘ ਜੀ ਨਾਲ ਫਾਹੇ ਵਾਲੀ ਜ਼ਿਲਾ ਸ਼ੇਖ਼ੂਪੁਰਾ ਵਿਚ ਅਨੰਦ ਕਾਰਜ ਹੋ ਗਿਆ। ਆਪ ਦੇ ਘਰ ਕੋਈ ਸੰਨਤਾਨ ਉਤ-ਪੰਨ ਨਾ ਹੋਈ ਤੇ ਸਿੰਘਣੀ ਪ੍ਰਲੋਕ ਗਮਨ ਕਰ ਗਈ। ਆਪਣੀ ਘਰ ਦੀ ਸਾਰੀ ਭਾਜੜ ਆਪਣੇ ਭਰਾ ਕਾਂਸ਼ੀ ਰਾਮ ਨੂੰ ਦੇ ਦਿਤੀ। ਕੇਵਲ ਇਕ ਮੰਜੀ, ਥਾਲੀ, ਗਲਾਸ ਤੇ ਗੜਵੀ ਰਖ ਕੇ ਡਲਾ ਨੰਗਲ ਚੱਕ ਨੰ: ੮੩ ਵਿਚ ਗੁਰਦੁਆਰੇ ਦੇ ਗ੍ਰੰਥੀ ਬਣ ਗਏ। ਆਪ ਦਾ ਕੱਦ ਸਾਢੇ ਪੰਜ ਫ਼ੁਟ, ਦਾੜ੍ਹਾ ਕਰੜ ਬਰੜਾ, ਰੰਗ ਗੋਰਾ, ਮੂੰਹ ਤੇ ਘੁਲੇ ਹੋਏ ਮਾਤਾ ਦੇ ਦਾਗ ਸਨ। ਆਪ ਬੜੇ ਭਰੋਸੇ ਵਾਲੇ ਗੁਰੂ ਕੇ ਲਾਲ ਸਨ। ਦਿਲ ਵਿਚ ਸੇਵਾ ਦਾ ਸ਼ੌਕ ਠਾਠਾਂ ਮਾਰਦਾ ਸੀ। ਬੜੇ ਪ੍ਰੇਮ ਨਾਲ ਪਿੰਡ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਕੇ ਅੱਠ ਨੌਂ ਸਾਲ ਗ੍ਰੰਥੀ ਦੀ ਸੇਵਾ ਚੰਗੀ ਲਗਨ ਨਾਲ ਕਰਦੇ ਰਹੇ। ਦੀਵਾਨਾਂ ਵਿਚ ਜਾਣ ਦਾ ਬੜਾ ਸ਼ੌਕ ਪੈਦਾ ਹੋ ਗਿਆ। ਆਪ ਦਾ ਸੁਭੱਾ ਪੂਰਨ ਸੰਤਾਂ ਵਾਲਾ ਸੀ। ਆਈਆਂ ਸੰਗਤਾਂ ਦੀ ਸੇਵਾ ਕਰਨੀ। ਮਾੜੇ ਭਰਾ ਦੀ ਮਦਦ ਕਰਨ ਲਈ ਰੱਜ ਕੇ ਚੰਗੇ ਦਲੇਰ ਸੂਰਮੇ

ਸਨ। ਆਪ ਨੇ ਇਸ ਨਗਰ ਦੇ ਭਾਈ ਮੂਲਾ ਸਿੰਘ ਜੀ "ਬੋਲਾ", ਭਾਈ ਵਰਿਆਮ ਸਿੰਘ ਅਤੇ ਭਾਈ ਕੇਸਰ ਸਿੰਘ ਹੁਰਾਂ ਨਾਲ ਪਹਿਲਾਂ ਹੀ ਸ਼ਹੀਦੀ ਜਥੇ ਵਿਚ ਨਾਮ ਲਿਖਾਏ ਹੋਏ ਸਨ। ੯ ਫੱਗਣ ਵਾਲੇ ਦਿਨ ਭਾਈ ਲਛਮਣ ਸਿੰਘ ਹੁਰਾਂ ਦੇ ਮੇਵੜੇ ਨੇ ਆ ਸ਼ਹੀਦੀ ਪ੍ਰਵਾਨਾ ਦਿਤਾ, ਤਾਂ ਆਪ ਉਸ ਸਮੇਂ ਹਥ ਵਿਚ ਦਾਤ੍ਰੀ ਫੜ ਕੇ ਗਊ ਲਈ ਪੱਠੇ ਵਢਣ ਜਾ ਰਹੇ ਸਨ। ਚਿੱਠੀ ਪੜ੍ਹੀ ਤਾਂ ਉਸੇ ਵੇਲੇ ਧਰਮ ਦੇ ਜੋਸ਼ ਵਿਚ ਆ ਕੇ ਜੈਕਾਰਾ ਛਡ ਦਿਤਾ ਅਤੇ ਹੱਥ ਵਿਚੋਂ ਦਾਤ੍ਰੀ ਰਖ ਕੇ ਸਰਦਾਈ ਰਗੜਣੀ ਪਾ ਦਿਤੀ ਅਤੇ ਕੋਠੇ ਤੇ ਚੜ੍ਹਕੇ ਉੱਚੀ ਆਵਾਜ਼ ਦਿਤੀ ਕਿ ਸ਼ਹੀਦੀ ਦੇਗ਼ਾਂ ਤਿਆਰ ਹਨ, ਜਿਨ੍ਹਾਂ ਛਕਣੀਆਂ ਹਨ ਮੈਦਾਨ ਵਿਚ ਵਿਚ ਨਿਤ੍ਰ ਆਉਣ। ਸੰਗਤ ਇਕਤ੍ਰ ਹੋ ਗਈ, ਸਭ ਨੂੰ ਸ਼ਰਦਾਈ ਦੇ ਗੱਫੇ ਲੁਆ ਕੇ ਬੇਨਤੀ ਕੀਤੀ ਕਿ ਜਿਨ੍ਹਾਂ ਨੇ ਸ਼ਹੀਦੀਆਂ ਲਈ ਚਲਣਾ ਹੈ ਉਹ ਤਿਆਰ ਹੋ ਪੈਣ। ਆਪ ਦਾ ਉਸ ਵੇਲੇ ਗੌਰੀ ਮਹਾਜਨ ਪਾਸ ਤਿੰਨ ਸੌ ਰੁਪਿਆ ਅਮਾਨਤ ਜਮ੍ਹਾਂ ਸੀ, ਉਸ ਨੂੰ ਸਦ ਕੇ ਸਾਰੀ ਸੰਗਤ ਦੇ ਸਾਮ੍ਹਣੇ ਪਕੀ-ਖਿੱਤੀ ਕਰ ਦਿਤੀ ਕਿਮੇਰੀ ਸ਼ਹੀਦੀ ਪਿਛੋਂ ਇਕ ਸੌ ਰੁਪਿਆ ਮੇਰੇ ਭਤੀਜੇ ਦੀ ਸ਼ਾਦੀ ਲਈ ਭਰਾਤਾ ਕਾਂਸ਼ੀ ਰਾਮ ਨੂੰ ਦੇ ਦੇਣਾ ਤੇ ਬਾਕੀ ਦੋ ਸੌ ਰੁਪਿਆ ਧਰਮ-ਅਰਥ ਗੁਰਦੁਆਰੇ ਤੇ ਲਾ ਦੇਣਾ। ਸ਼ਾਮ ਦੇ ਦੀਵਾਨ ਵਿਚ ਆਖਿਆ ਕਿ ਮੈਂ ਹੁਣ ਸ਼ਹੀਦੀ ਲਈ ਦਲਿਆ ਹਾਂ ਤੇ ਅਰਦਾਸ ਕਰਦਾ ਹਾਂ ਕਿ ਤਨ ਮਨ ਅਰਪਨ ਹੋਵੇ। ਜੇ ਮੋਰਚਾ ਫ਼ਤਹ ਹੋ ਗਿਆ ਤਾਂ ਚੰਗਾ, ਨਹੀਂ ਤਾਂ ਸੰਗਤ ਨੇ ਮੇਰੇ ਨਮਿਤ ਅਖੰਡ ਪਾਠ ਕਰਵਾ ਦੇਣਾ। ਇਨ੍ਹਾਂ ਦੀ ਸ਼ਹੀਦੀ ਪਿੱਛੋਂ ਨਗਰ ਨਿਵਾਸੀਆਂ ਨੇ ਏਦਾਂ ਹੀ ਕੀਤਾ।

ਰਾਤ ਦੇ ਸਾਢੇ ਦਸ ਵਜੇ ਦੇ ਕ਼ਰੀਬ ਭਾਈ ਲਛਮਣ ਸਿੰਘ ਹੁਰਾਂ ਦਾ ਜਥਾ ਆਇਆ। ਚਾਰ ਸਿੰਘ ਤਿਆਰ ਹੋਏ। ਤੁਰਨ ਤੋਂ ਪਹਿਲਾਂ ਭਾਈ ਟਹਿਲ ਸਿੰਘ ਨਜ਼ਾਮਪੁਰੀਏ ਨੇ ਤਖ਼ਤ ਪੋਸ਼ ਤੇ ਖੜੋ ਕੇ ਆਖਿਆ ਕਿ ਜਿਨ੍ਹਾਂ ਸ਼ਹੀਦ ਹੋਣਾ ਹੈ ਆ ਜਾਓ। ਇਸ ਵੇਲੇ ਸ਼ਹੀਦੀ ਪੁਰਬੀ ਲਗੀ ਹੋਈ ਹੈ, ਪਿਛੋਂ ਨ ਪਛਤਾਇਓ ਜੇ! ਜੈਕਾਰਾ ਛੱਡਕੇ ਜਥਾ ਕੋਟਲੇ ਕਾਲਵਾਂ ਨੂੰ ਚਲਾ ਗਿਆ। ਆਪ ਦੇ ਦੂਜੇ ਸਾਥੀ ਤਾਂ ਬਚ ਰਹੇ, ਪਰ ਆਪ ਕੁਰਬਾਨੀ ਦੀ ਲਟ ਲਟ ਬਲਦੀ ਚਿਖਾ ਵਿਚ ਸਾੜਕੇ ਸ਼ਹੀਦ ਕੀਤੇ ਗਏ। ਇਸ ਸੁੱਚੀ ਕੁਰਬਾਨੀ ਨਾਲ ਆਪਣਾ ਤੇ ਆਪਣੇ ਨਗਰ ਦਾ ਨਾਮ ਇਤਹਾਸ ਵਿਚ ਸਦਾ ਲਈ ਅਮਰ ਕਰ ਗਏ।

ਸ਼ਾਹਕੋਟ ਦੇ ਸ਼ਹੀਦ

ਸ਼ਾਹਕੋਟ ਜ਼ਿਲਾ ਸ਼ੇਖੂਪੁਰਾ ਦੇ ਸ਼ਹੀਦ

ਭਾਈ ਸੰਤਾ ਸਿੰਘ ਜੀ ਜਥੇਦਾਰ

ਸ਼ਾਹ ਕੋਟ ਅੱਜ ਕਲ ਜ਼ਿਲਾ ਸ਼ੇਖ਼ੂਪੁਰਾ ਵਿਚ ਇਕ ਉੱਘਾ ਕਸਬਾ ਹੈ,ਪਰ ਨਹਿਰ ਦੀ ਆਬਾਦੀ ਤੋਂ ਪਹਿਲਾਂ ਇਕ ਮਾਮੂਲੀ ਢੋਕ ਜਿਹੀ ਹੁੰਦੀ ਸੀ। ਉਸ ਸਮੇਂ ਇਸਦਾ ਨਾਮ 'ਕੋਟਲੀ ਸ਼ਾਹ ਦੀ' ਕਰਕੇ ਸੱਦਦੇ ਸਨ। ਇਥੇ ਇਕ ਨੌਂ ਲਖ ਹਜ਼ਾਰੀ ਫ਼ਕੀਰ ਦਾ ਰੋਜ਼ਾ ਹੈ। ਉਸ ਦੇ ਨਾਮ ਤੇ ਹੀ 'ਕੋਟਲੀ ਸ਼ਾਹ ਦੀ' ਬਣੀ ਜਾਪਦੀ ਹੈ।

ਸੰ: ੧੮੯੩-੯੪ ਈ: ਵਿਚ ਯੰਗ ਸਾਹਿਬ (Mr. Young) ਨੇ ਏਸ ਕੋਟਲੀ ਦੇ ਲਾਗੇ ਇਕ ਖੁਲ੍ਹਾ ਤੇ ਮੋਕਲਾ ਸ਼ਹਿਰ ਵਸਾਉਣਾ ਚਾਹਿਆ ਅਤੇ ਉਸ ਦਾ ਇਰਾਦਾ ਇਥੇ ਵੱਡੀ ਮੰਡੀ ਯਾ ਜ਼ਿਲਾ ਬਣਾਉਣ ਦਾ ਸੀ। ਭਾਵੇਂ ਇਹ ਢੋਕ ਜ਼ਿਲਾ ਤਾਂ ਨਹੀਂ ਬਣਿਆ, ਪਰ ਇਥੇ ਦੇ ਪੰਜ ਸ਼ਹੀਦਾਂ ਨੇ ਸ਼ਾਹ ਕੋਟ ਦਾ ਨਾਮ ਕਈ ਜ਼ਿਲਿਆਂ ਨਾਲੋਂ ਵਧੀਕ ਪ੍ਰਸਿੱਧ ਅਤੇ ਮਾਣ-ਯੋਗ ਬਣਾ ਦਿਤਾ ਹੈ। ਇਸ ਦੀ ਆਬਾਦੀ ਤਿੰਨ ਚਕਾਂ ਦੇ ਬਰਾਬਰ ਹੈ। ਸਿਆਲਕੋਟੀ ਅਰਾਈਂ ਮੁਸਲਮਾਨਾਂ ਨੂੰ ਇਥੇ ਮੁਰੱਬੇ ਮਿਲੇ ਹੋਏ ਹਨ। ਸੰ: ੧੮੯੭-੯੮ ਈ: ਵਿਚ ਜ਼ਿਲਾ ਜਾਲੰਧਰ ਦੇ ਰਮਦਾਸੀਆਂ ਵਿਚੋਂ ਕੁਝ ਸਜੇ ਸਿੰਘ, ਫੇਰੀ ਲਾ ਕੇ ਇਥੇ ਬਜ਼ਾਜ਼ੀ ਵੇਚਣ ਆਏ। ਸਹਿਜੇ ਸਹਿਜੇ ਇਨ੍ਹਾਂ ਨੇ ਸ਼ਾਹ ਕੋਟ ਵਿਚ ਬਜ਼ਾਜ਼ੀ ਦੀਆਂ ਹਟੀਆਂ ਪਾ ਲਈਆਂ। ਪਹਿਲਾਂ ਪਹਿਲਾਂ ਤਿੰਨ ਸਿੰਘ ਆਏ ਅਤੇ ਫੇਰ ਪਿੱਛੋਂ ਵਧਦਿਆਂ ਵਧਦਿਆਂ ਅੱਠ ਦਸ ਹਟੀਆਂ ਪੈ ਗਈਆਂ। ਹੁਣ ਇਨ੍ਹਾਂ ਪੰਜਾਂ ਸੂਰਬੀਰ ਸ਼ਹੀਦ ਸਿੰਘਾਂ ਦੀ ਯਾਦਗਾਰ ਵਿਚ ਬੜਾ ਖ਼ੂਬਸੂਰਤ ਗੁਰਦੁਆਰਾ ਬਣਾਇਆ ਹੋਇਆ ਹੈ। ਚਾਲੀ ਦੇ ਕ਼ਰੀਬ ਤਿਆਰ-ਬਰ-ਤਿਆਰ ਸਿੰਘ ਹਨ। ਇਨ੍ਹਾਂ ਨੇ ਇਥੇ ਇਕ ਪ੍ਰਚਾਰ ਦਾ ਤਕੜਾ ਅਡਾ ਬਣਾ ਲਿਆ ਹੈ। ਸਾਲ ਦੇ ਸਾਲ ਇਥੇ ਦੀਵਾਨ

ਸਜਾਉਂਦੇ ਤੇ ਪ੍ਰਚਾਰ ਕਰਦੇ ਹਨ। ਜਿਨ੍ਹਾਂ ਦਿਨਾਂ ਵਿਚ ਸ੍ਰੀ ਨਨਕਾਣਾ ਸਾਹਿਬ ਵਾਲੀ ਰੇਲ ਦੀ ਲਾਇਨ ਨਹੀਂ ਬਣੀ ਸੀ, ਸੰਗਤਾਂ ਸਾਂਗਲੇ ਦੇ ਸਟੇਸ਼ਨ ਤੋਂ ਉਤਰਕੇ ਇਥੇ ਆ ਕੇ ਠਹਿਰਦੀਆਂ ਸਨ। ਕੱਤਕ ਪੂਰਨਮਾਸ਼ੀ ਦੇ ਦਿਨਾਂ ਵਿਚ ਸ਼ਾਹ ਕੋਟ ਸੰਗਤਾਂ ਦੀ ਆਮ ਗਹਿਮਾ-ਗਹਿਮ ਰਹਿੰਦੀ ਸੀ। ਭਾਵੇਂ ਇਥੋਂ ਦੇ ਕਈ ਸਿੰਘ ਧਰਮ ਉਤੋਂ ਵਾਰਨੇ ਜਾਣ ਲਈ ਤਿਆਰ-ਬਰ-ਤਿਆਰ ਸਨ, ਪਰ ਉਸ ਸਮੇਂ ਸ਼ਹੀਦੀ ਦਾ ਸੇਹਰਾ ਇਨ੍ਹਾਂ ਪੰਜਾਂ ਗੁਰੂ ਦੇ ਲਾਲਾਂ ਦੇ ਹੀ ਹਿੱਸੇ ਆਇਆ।

੯ ਫਗਣ ਸੰਮਤ ੧੯੭੭ ਬਿ: ਵਾਲੇ ਦਿਨ ਪਹਿਲੇ ਪਹਿਰ ਆ ਕੇ ਭਾਈ ਈਸ਼ਰ ਸਿੰਘ ਧਾਰੋਵਾਲੀ ਨੇ ਚਿੱਠੀ ਦਿਤੀ ਕਿ ਇਥੋਂ ਦੇ ਜਿਨ੍ਹਾਂ ਸਿੰਘਾਂ ਨੇ ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦੀ ਜਥੇ ਵਿਚ ਨਾਮ ਲਿਖਾਏ ਹੋਏ ਹਨ ਉਹ ਅਜ ਸ਼ਾਮ ਨੂੰ ਕੋਟਲੇ ਕਾਲਵਾਂ ਦੇ ਪੁਜ ਜਾਓ ਤੇ ਪਿਛੋਂ ਭਾਈ ਲਛਮਣ ਸਿੰਘ ਦਾ ਸ਼ਹੀਦੀ ਜਥਾ ਆਵੇਗਾ ਉਸ ਵਿਚ ਸ਼ਾਮਲ ਹੋ ਕੇ ਕਬਜ਼ੇ ਲਈ ਚੜ੍ਹਾਈ ਕਰਨੀ ਹੈ। ਉਸ ਸਮੇਂ ਭਾਈ ਸੰਤਾ ਸਿੰਘ ਪ੍ਰਸ਼ਾਦ ਛਕ ਰਹੇ ਸਨ। ਉਥੇ ਹੀ ਰੋਟੀ ਛਡ ਦਿਤੀ ਅਤੇ ਓਸੇ ਵੇਲੇ ਹੀ ਆਪਣੇ ਸਾਥੀਆਂ ਨੂੰ ਸਦਿਆ। ਭਾਈ ਗੁਰਬਖ਼ਸ਼ ਸਿੰਘ ਘਰ ਨਹੀਂ ਸਨ। ਆਪ ਆਪਣੇ ਭਰਾ ਪਾਸ ਵਾਂਢੇ ਗਏ ਹੋਏ ਸਨ ਅਤੇ ਪਿਛੋਂ ਭਜ ਕੇ ਮਿਲੇ ਸਨ। ਭਾਈ ਗੁਰਦਿਤ ਸਿੰਘ, ਭਾਈ ਇੰਦਰ ਸਿੰਘ, ਭਾਈ ਹਰਨਾਮ ਸਿੰਘ ਅਤੇ ਭਾਈ ਗੁਲਾਬ ਸਿੰਘ ਨੂੰ ਨਾਲ ਲੈ ਲਿਆ। ਬੜੇ ਪ੍ਰੇਮ ਨਾਲ ਗੁਰਦੁਆਰੇ ਜਾ ਕੇ ਅਰਦਾਸਾ ਸੋਧਿਆ। ਆਪਣੇ ਮਾਤਾ, ਪਿਤਾ, ਸੁਪਤਨੀ ਅਤੇ ਬਚਿਆਂ ਨੂੰ ਅੰਤ ਦੀ ਫ਼ਤਹ ਗਜਾ ਕੇ, ਜੈਕਾਰਾ ਛਡ ਕੇ ਇਨ੍ਹਾਂ ਸਿੰਘਾਂ ਨੇ ਭਾਈ ਸੰਤਾ ਸਿੰਘ ਜੀ ਦੀ ਜਥੇਦਾਰੀ ਥਲੇ ਚਾਲੇ ਪਾ ਦਿਤੇ। ਰਾਤ ਦੇ ਅੱਠ ਵਜੇ ਕੋਟਲੇ ਕਾਲਵਾਂ ਦੇ ਪੁਜ ਗਏ। ਅਗੇ ਗੁਰਦੁਆਰੇ ਵਿਚ ਅਖੰਡ ਪਾਠ ਹੋ ਰਿਹਾ ਸੀ। ਪਹਿਲਾਂ ਤਾਂ ਕੁਝ ਚਿਰ ਸਾਰੇ ਜਣੇ ਅਖੰਡ ਪਾਠ ਸੁਣਦੇ ਰਹੇ। ਫੇਰ ਇਕ ਜ਼ਿਮੀਂਦਾਰ ਸਿੰਘ ਦੇ ਘਰ ਪ੍ਰਸ਼ਾਦ ਛਕਣ ਲਈ ਚਲੇ ਗਏ। ਉਥੇ ਪ੍ਰਸ਼ਾਦਾ ਛਕਦੇ ਸਾਰ ਹੀ ਜ਼ਰਾ ਕੁ ਲੇਟ ਗਏ ਤਾਂ ਜੋ ਲੱਕ ਸਿਧਾ ਕਰਕੇ ਕੁਝ ਆਰਾਮ ਕਰ ਲਿਆ ਜਾਵੇ, ਕਿਉਂਕਿ ਫੇਰ ਸਾਰੀ ਰਾਤ ਪੈਂਡਾ ਕਰਨਾ ਸੀ।

ਰਾਤ ਦੇ ਦਸ ਵਜੇ ਭਾਈ ਲਛਮਣ ਸਿੰਘ ਹੁਰਾਂ ਦਾ ਜੱਥਾ ਆ ਗਿਆ।

ਇਨ੍ਹਾਂ ਨੂੰ ਖ਼ਬਰ ਪੁਜੀ ਤਾਂ ਇਹ ਭੀ ਜਥੇ ਨਾਲ ਆ ਕੇ ਸ਼ਾਮਲ ਹੋ ਗਏ। ਸੰਤ ਪਾਲ ਸਿੰਘ ਹੁਰਾਂ ਨੂੰ ਅਗਲ-ਵਾਂਢੀ ਪਹਿਲਾਂ ਹੀ ਮਹੰਤ ਦੀਆਂ ਤਿਆਰੀਆਂ ਦਾ ਪਤਾ ਲੈਣ ਲਈ ਨਨਕਾਣੇ ਸਾਹਿਬ ਘਲਿਆ ਹੋਇਆ ਸੀ। ਉਨ੍ਹਾਂ ਨੇ ਇਸ ਸਮੇਂ ਆ ਕੇ ਖ਼ਬਰ ਦਿਤੀ ਕਿ "ਮਹੰਤ ਦੀ ਬੜੀ ਭਾਰੀ ਤਿਆਰੀ ਹੈ, ਤੁਸੀਂ ਨ ਜਾਓ, ਸਭ ਮਾਰੇ ਜਾਓਗੇ।" ਭਾਈ ਲਛਮਣ ਸਿੰਘ ਹੁਰਾਂ ਆਖਿਆ ਕਿ ਸਤਿਗੁਰਾਂ ਦੀ ਹਜ਼ੂਰੀ ਵਿਚ ਅਰਦਾਸਾ ਸੋਧ ਚੁਕੇ ਹਾਂ, ਹੁਣ ਵਾਪਸ ਮੁੜਨਾ ਸਿਖੀ ਧਰਮ ਦੇ ਵਿਰੁਧ ਹੈ, ਜੋ ਹੋਵੇ ਸੋ ਹੋਵੇ।

ਇਨ੍ਹਾਂ ਛੇਆਂ ਵਿਚੋਂ ਪੰਜ ਸਿੰਘ ਤਾਂ ਅੰਦਰ ਸ਼ਹੀਦ ਹੋ ਗਏ, ਪਰ ਕੇਵਲ ਇਕ ਭਾਈ ਗੁਰਦਿਤ ਸਿੰਘ ਪੁਤ੍ਰ ਭਾਈ ਮਈਆ ਸਿੰਘ ਅੰਦਰੋਂ ਜਾਨ ਬਚਾ ਕੇ ਦਰਸ਼ਨੀ ਡਿਉੜੀ ਥਾਣੀਂ (ਕਾਤਲਾਂ ਦੇ ਅੰਦਰ ਦਾਖ਼ਲ ਹੋਣ ਸਮੇਂ) ਨਿਕਲ ਕੇ ਭੱਜ ਆਏ।

ਖ਼ਾਨਦਾਨ ਤੇ ਜਨਮ

ਜ਼ਿਲਾ ਜਾਲੰਧਰ ਵਿਚ ਡਰੋਲੀ ਇਕ ਨਿਕਾ ਜਿਹਾ ਨਗਰ ਹੈ। ਇਥੇ ਬਾਬਾ ਗੁਜਰ ਸਿੰਘ ਵਸਦੇ ਸਨ। ਆਪ ਸਤਿਗੁਰਾਂ ਦੀ ਕ੍ਰਿਪਾ ਨਾਲ ਰਮਦਾਸੀਆ ਸ੍ਰੇਣੀ ਵਿਚੋਂ ਸਿੰਘ ਸਜ ਕੇ ਤਿਆਰ-ਬਰ-ਤਿਆਰ ਹੋ ਗਏ। ਆਪ ਅਟੇ-ਸਟੇ ੯੫ ਸਾਲ ਜੀਉਂਦੇ ਰਹੇ। ਸਾਰੀ ਉਮਰ ਹੀ ਕਪੜੇ ਉਣਨ ਤੇ ਵੇਚਣ ਵਟਣ ਦਾ ਕੰਮ ਕਾਜ ਕਰਦੇ ਰਹੇ। ਆਪ ਦੇ ਗ੍ਰੈਹ ਵਿਖੇ ਭਾਈ ਨੰਦ ਸਿੰਘ ਭੁਝੰਗੀ ਦਾ ਜਨਮ ਹੋਇਆ, ਜਿਨ੍ਹਾਂ ਦਾ ਅਨੰਦ ਕਾਰਜ ਬੀਬੀ ਪ੍ਰੇਮ ਕੌਰ ਨਾਲ ਹੋ ਗਿਆ। ਵਾਹਿਗੁਰੂ ਨੇ ਇਸ ਸੁਭਾਗ ਜੋੜੀ ਨੂੰ ਅਤੇ ਗੁਮਨਾਮ ਡਰੋਲੀ ਨਗਰ ਨੂੰ ਭਾਗ ਲਾਉਣੇ ਸਨ। ਪ੍ਰਮਾਤਮਾਂ ਨੇ ਭਾਈ ਨੰਦ ਸਿੰਘ ਅਤੇ ਬੀਬੀ ਪ੍ਰੇਮ ਕੌਰ ਦੇ ਗ੍ਰੈਹ ਵਿਖੇ ੧੮੯੭ ਈ: ਵਿਚ ਇਕ ਕਾਕੇ ਦੀ ਦਾਤ ਬਖ਼ਸ਼ੀ, ਜਿਸ ਦਾ ਨਾਮ ਸੰਤਾ ਸਿੰਘ ਰਖਿਆ ਗਿਆ। ਇਸ ਬਚੇ ਦੀ ਛੋਟੀ ਉਮਰ ਵਿਚ ਹੀ ਮਾਤਾ ਪਿਤਾ ਨੂੰ ਡਰੋਲੀ ਛਡ ਕੇ ਬਾਰ ਵਿਚ ਆਉਣਾ ਪਿਆ। ਇਥੇ ਆ ਕੇ ਇਨ੍ਹਾਂ ਨੇ ਬਜ਼ਾਜ਼ੀ ਵੇਚਣ ਵਟਣ ਦਾ ਵਪਾਰ ਅਰੰਭ ਕਰ ਦਿਤਾ।

ਭੁਝੰਗੀ ਸੰਤ ਸਿਘ ਨੂੰ ਘਰ ਵਿਚ ਹੀ ਮਾਪਿਆਂ ਨੇ ਗੁਰਮੁਖੀ ਪੜ੍ਹਾ

ਦਿਤੀ। ਘਰੋਂ ਹੀ ਆਪਣੇ ਵਡੇਰਿਆਂ ਦੇ ਗੁਰਮਤ ਵਾਲੇ ਸੰਸਕਾਰਾਂ ਦੇ ਪ੍ਰਭਾਵ ਨਾਲ ਆਪ ਨੂੰ ਗੁਰਮਤ ਦੀ ਰੰਗਣ ਚੜ੍ਹ ਗਈ। ਲਾਗੇ ਚਾਗੇ ਧਾਰਮਕ ਦੀਵਾਨਾਂ ਤੇ ਜਾਣ ਦਾ ਸਦਕਾ ਇਸ ਵਿਚ ਹੋਰ ਭੀ ਵਾਧਾ ਹੁੰਦਾ ਗਿਆ।

ਵਿਵਾਹ ਤੇ ਸੰਤਾਨ

ਕੋਈ ੧੨ ਸਾਲ ਦੀ ਉਮਰ ਵਿਚ ਭਾਈ ਸੰਤਾ ਸਿੰਘ ਦੀ ਸ਼ਾਦੀ ਹੋ ਗਈ, ਪਰ ਮੁਕਲਾਵੇ ਤੋਂ ਪਹਿਲਾਂ ਹੀ ਸਿੰਘਣੀ ਚਲਾਣਾ ਕਰ ਗਈ। ਫੇਰ ਇਕ ਮੰਗਣੀ ਹੋ ਕੇ ਮਰ ਗਈ। ਛੇਕੜਲੀ ਸ਼ਾਦੀ ੧੧ ਹਾੜ ਸੰਮਤ ੧੯੬੮ ਬਿ: ਨੂੰ ਚਕ ਨੰ: ੩੩ ਸ਼ਾਹਪੁਰ ਜ਼ਿਲਾ ਲਾਇਲਪੁਰ ਵਿਚ ਭਾਈ ਜਸਾ ਸਿੰਘ ਦੀ ਸਪੁਤ੍ਰੀ ਬੀਬੀ ਠਾਕਰ ਕੌਰ ਨਾਲ ਹੋਈ। ਇਸ ਦੇ ਪਿਛੋਂ ਭਾਈ ਮਹਿਤਾਬ ਸਿੰਘ "ਬੀਰ" ਦੇ ਜਥੇ ਪਾਸੋਂ ਆਪ ਨੇ ਅੰਮ੍ਰਿਤ ਛਕ ਲਿਆ ਅਤੇ ਇਸ ਦਿਨ ਤੋਂ ਇਨ੍ਹਾਂ ਦੇ ਖ਼ਾਲਸਾ ਬ੍ਰਾਦਰੀ ਦੇ ਜਥੇ ਨਾਲ ਸ਼ਾਮਲ ਹੋ ਕੇ ਕੌਮੀ ਕੰਮਾਂ ਵਿਚ ਚੰਗਾ ਵਧ ਚੜ੍ਹ ਕੇ ਹਿਸਾ ਲੈਂਦੇ ਰਹੇ।

ਸ਼ਹੀਦੀ ਸਮੇਂ ਇਕ ਚਾਰ ਕੁ ਸਾਲ ਦੀ ਬੀਬੀ ਅਤੇ ਇਕ ਡੇਢ ਕੁ ਸਾਲ ਦਾ ਭੁਝੰਗੀ ਮੌਜੂਦ ਸੀ, ਜਿਨ੍ਹਾਂ ਦੇ ਸਿਰ ਉਤੋਂ ਦੁਨਿਆਵੀ ਪਿਤਾ ਦਾ ਸਾਇਆ ਤਾਂ ਉਠ ਗਿਆ, ਪਰ ਹੁਣ ਉਨ੍ਹਾਂ ਦੇ ਸਿਰ ਉਤੇ ਗੁਰੂ ਪੰਥ ਦੀ ਸੰਘਣੀ ਛਾਂ ਹੈ।

ਪੰਥਕ ਜੀਵਨ

ਆਪ ਨੂੰ ਪੰਥਕ ਮਾਮਲਿਆਂ ਨਾਲ ਪਹਿਲਾਂ ਹੀ ਦਿਲਚਸਪੀ ਸੀ। ਦੀਵਾਨਾਂ ਅਤੇ ਕਾਨਫ੍ਰੰਸਾਂ ਉਤੇ ਜਾਣ ਦੇ ਪੁਜ ਕੇ ਸ਼ੌਕੀ ਸਨ, ਪਰ ਜਦ 'ਅਕਾਲੀ' ਅਖਬਾਰ ਆਪ ਦੀ ਨਜ਼ਰੀਂ ਪਿਆ, ਤਾਂ ਆਪ ਨੂੰ ਇਸ ਨਾਲ ਇਤਾ ਪਿਆਰ ਪੈ ਗਿਆ ਕਿ ਜਿਸ ਦਿਨ ਨ ਮਿਲੇ ਆਪ ਨੂੰ ਭੁਖ ਨਹੀਂ ਲਗਦੀ ਸੀ। ਇਸ ਅਖ਼ਬਾਰ ਨੂੰ ਹਟੀ ਹਟੀ ਤੇ ਗਲੀ ਗਲੀ ਡਾਹਡੀ ਲਗਨ ਨਾਲ ਪੜ੍ਹ ਕੇ ਸੁਣਾਉਂਦੇ ਫਿਰਨਾ। ਆਪ ਨੂੰ ਪੰਥਕ ਹਾਲਾਤ ਪੜ੍ਹ ਪੜ੍ਹ ਕੇ ਡਾਹਡੀ ਲਟਕ ਲਗ ਗਈ। ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ ਤਾਂ ਆਪ ਭੀ ਸੇਵਾ ਦੇ ਮੈਦਾਨ ਵਿਚ ਕੁਦ ਪਏ। ਆਪ ਦੇ ਨਾਲ ਸ਼ਾਹਕੋਟ ਦੇ ਹੋਰ ਭੀ ਕਈ ਸਿੰਘ

ਸ਼ਾਮਲ ਹੋਏ, ਪਰ ਆਪ ਆਪਣੇ ਪਿੰਡ ਦੇ ਸਿੰਘਾਂ ਦੇ ਜਥੇਦਾਰ ਚੁਣੇ ਹੋਏ ਸਨ। ਗੁਰਦੁਆਰਾ ਬਾਬੇ ਦੀ ਬੇਰ ਮੋਰਚਾ ਲਗਾ ਤਾਂ ਆਪ ਨੇ ਜਥੇ ਨਾਲ ਜਾ ਕੇ ਇਥੇ ਸੇਵਾ ਕੀਤੀ। ਖਰੇ ਸੌਦੇ ਦਾ ਸੁਧਾਰ ਹੋਇਆ ਤਦ ਭੀ ਆਪ ਉਥੇ ਜਾ ਡਟੇ। ਆਪ ਨੂੰ ਇਥੇ ਲੰਗਰ, ਦੀਵਾਨ ਅਤੇ ਮਹੀਆਂ ਦੀ ਸੰਭਾਲ ਦੀ ਸੇਵਾ ਸੌਂਪੀ ਗਈ ਜੋ ਆਪ ਨੇ ਦਿਨ ਰਾਤ ਜੁਟ ਕੇ ਬੜੇ ਪ੍ਰੇਮ ਤੇ ਦਿਲੀ-ਉਤਸ਼ਾਹ ਨਾਲ ਨਿਭਾਈ।

ਇਕ ਵੇਰ ਦਾ ਜ਼ਿਕਰ ਹੈ ੨੯ ਮਾਘ ਸੰ: ੧੯੭੭ ਬਿ: ਨੂੰ ਭਾਈ ਈਸ਼ਰ ਸਿੰਘ ਦੇ ਬੇਟੇ ਭਾਈ ਆਤਮਾ ਸਿੰਘ ਦਾ ਅਨੰਦ ਕਾਰਜ ਸੀ। ਇਹ ਆਪਦੇ ਨੇੜਿਓਂ ਹੀ ਸਬੰਧੀ ਸਨ। ਚਕ ਨੰ: ੧੪੨ ਬਾਵਿਆਂ ਵਾਲੇ, ਗੋਜਰੇ ਦੇ ਲਾਗੇ ਜੰਞ ਜਾਣੀ ਸੀ। ਆਪ ਭੀ ਜਾਂਞੀਆਂ ਨਾਲ ਸ਼ਾਮਲ ਸਨ। ਰਾਤ ਦੇ ੧੧ ਵਜੇ ਜੰਞ ਗੋਜਰੇ ਸਟੇਸ਼ਨ ਤੋਂ ਉਤਰਕੇ ਗੁਰਦੁਆਰੇ ਬਿਸਰਾਮ ਕਰਨ ਲਈ ਚਲੀ ਗਈ। ਉਥੇ ਗੁਰਦੁਆਰੇ ਦੇ ਪ੍ਰਬੰਧ ਦੀ ਡਾਹਢੀ ਨਾਜ਼ਕ ਹਾਲਤ ਸੀ। ਉਸ ਸਮੇਂ ਗੁਰਦੁਆਰੇ ਦੇ ਪ੍ਰਬੰਧ ਨੂੰ ਠੀਕ ਰਖਣ ਲਈ ਸਿੰਘਾਂ ਦੀ ਗਿਣਤੀ ਸੌ ਕੁ ਸੀ ਅਤੇ ਹਿੰਦੂ ਵਿਰੋਧੀਆਂ ਦੀ ਗਿਣਤੀ ਦੋ ਹਜ਼ਾਰ ਤੋਂ ਉੱਪਰ ਸੀ, ਜੋ ਜ਼ਬਰਦਸਤੀ ਗੁਰਦੁਆਰੇ ਵਿਚ ਸਨਾਤਨ ਰੀਤੀਆਂ ਪੂਰੀਆਂ ਕਰਨੀਆਂ ਚਾਹੁੰਦੇ ਸਨ।

ਜਥੇਦਾਰ ਨੇ ਅਪੀਲ ਕੀਤੀ ਕਿ ਸਿੰਘਾਂ ਦੀ ਇਥੇ ਮਦਦ ਲਈ ਸਖ਼ਤ ਲੋੜ ਹੈ। ਸਾਨੂੰ ਬਾਹਰੋਂ ਅੰਦਰੋਂ ਭਜ ਦੌੜ ਕੇ ਸਿੰਘ ਇਕੱਠੇ ਕਰਨੇ ਚਾਹੀਦੇ ਹਨ। ਤਾਂ ਆਪ ਇਹ ਗਲ ਸੁਣਕੇ ਆਪਣੇ ਚੌਹਾਂ ਸਾਥੀਆਂ ਭਾਈ ਗੁਲਾਬ ਸਿੰਘ, ਭਾਈ ਇੰਦਰ ਸਿੰਘ, ਭਾਈ ਹਰਨਾਮ ਸਿੰਘ ਅਤੇ ਭਾਈ ਗੁਰਬਖ਼ਸ਼ ਸਿੰਘ ਸਮੇਤ ਇਥੇ ਹੀ ਰਹਿ ਪਏ। ਪੁਲਸ ਦੀ ਮਦਦ ਨਾਲ ਸਿੰਘਾਂ ਨੂੰ ਗੁਰਦੁਆਰੇ ਵਿਚੋਂ ਬਾਹਰ ਕਢ ਦੇਣ ਦੀ ਅਫਵਾਹ ਗਰਮਸੀ ਕਿ ਸ੍ਰਕਾਰੀ ਹਾਕਮ ਸਿੰਘਾਂ ਪਾਸੋਂ ਗੁਰਦੁਆਰਾ ਖੋਹਕੇ ਵਿਰੋਧੀਆਂ ਨੂੰ ਦੇ ਦੇਣਗੇ। ਆਪ ਆਪਣੇ ਨਾਲ ਦੇ ਚੌਹਾਂ ਸਾਥੀਆਂ ਨੂੰ ਨਾਲ ਲੈ ਕੇ ਗੁਰਦੁਆਰੇ ਵਿਚ ਮੋਰਚੇ ਤੇ ਡਟ ਗਏ। ਇਹ ਚਾਰੇ ਸਜਣ ਸ੍ਰੀ ਨਨਕਾਣਾ ਸਾਹਿਬ ਦੀ ਪਵਿੱਤ੍ਰ ਸ਼ਹੀਦੀ ਸਮੇਂ ਭੀ ਆਪ ਦੇ ਨਾਲ ਹੀ ਆਪਾ ਵਾਰ ਗਏ।

ਬਰਾਦਰੀ ਨੇ ਬੜਾ ਜ਼ੋਰ ਲਾਇਆ ਕਿ ਜੰਞ ਦੇ ਨਾਲ ਚਲੋ, ਪਰ ਇਨ੍ਹਾਂ

ਚੌਹਾਂ ਨੇ ਸਾਫ਼ ਆਖ ਦਿਤਾ ਕਿ ਸਾਨੂੰ ਹੋਰ ਕਿਸੇ ਗਲ ਦੀ ਪ੍ਰਵਾਹ ਨਹੀਂ ਹੈ। ਅਸੀਂ ਬਿਲਕੁਲ ਆਪਣੇ ਧੜੇ ਧੀਆਂ ਪੁਤਾਂ ਦੀ ਭੀ ਕੋਈ ਲੋੜ ਨਹੀਂ ਸਮਝਦੇ ਹਾਂ। ਸਾਨੂੰ ਇਸ ਵੇਲੇ ਕੇਵਲ ਗੁਰਦੁਆਰਾ ਸੁਧਾਰ ਲਹਿਰ ਦੀ ਲੋੜ ਹੈ। ਜੇ ਸਾਡੇ ਪਿਆਰੇ ਗੁਰਧਾਮ ਸਾਥੋਂ ਖੁਸਦੇ ਹੋਣ ਤੇ ਉਨ੍ਹਾਂ ਬਦਲੇ ਸਾਡੇ ਭਰਾ ਫਸੇ ਹੋਣ ਤਾਂ ਸਾਨੂੰ ਵਿਆਹ ਸ਼ਾਦੀਆਂ ਕਿਸ ਤਰ੍ਹਾਂ ਸੁਝ ਸਕਦੀਆਂ ਹਨ ? ਤੁਸੀਂ ਜਾਓ, ਆਪਣਾ ਸ਼ੁਭ ਕਾਰਜ ਕਰੋ, ਜਿਵੇਂ ਕਿਵੇਂ ਹੁੰਦਾ ਹੈ ਆਪਣਾ ਸਾਰਥ ਸਾਰ ਲਓ ! ਅਸੀਂ ਤਾਂ ਓਦੋਂ ਤਕ ਗੋਜਰੇ ਦੀ ਜੂਹ ਵਿਚੋਂ ਨਹੀਂ ਨਿਕਲਾਂਗੇ ਜਦੋਂ ਤਕ ਕਿ ਇਸ ਗੁਰਦੁਆਰੇ ਦਾ ਖਤਰਾ ਦੂਰ ਨਹੀਂ ਹੋ ਜਾਵੇਗਾ।

ਸਾਰੀ ਜੰਞ ਚਲੀ ਗਈ, ਪਰ ਇਹ ਗੁਰੂ ਕੇ ਲਾਲ ਉਥੇ ਹੀ ਸੇਵਾ ਤੇ ਡਟੇ ਰਹੇ। ਅਗਲੇ ਦਿਨ ਆਕੇ ਡਿਪਟੀ ਕਮਿਸ਼ਨਰ ਨੇ ਕੁਝ ਫ਼ੈਸਲਾ ਕਰਵਾ ਦਿਤਾ ਤੇ ਗੁਰਦੁਆਰੇ ਦਾ ਪ੍ਰਬੰਧ ਤਸੱਲੀ-ਬਖਸ਼ ਹੋ ਗਿਆ ਤਾਂ ਆਪ ਦੂਜੇ ਦਿਨ ਦੁਪਹਿਰਾਂ ਨੂੰ ਫੇਰਿਆਂ ਤੋਂ ਪਿੱਛੋਂ ਜੰਞ ਨੂੰ ਜਾ ਮਿਲੇ।

ਆਪ ਬੜੇ ਹਛੇ ਸੁਭੱਾ ਦੇ ਮਾਲਕ ਸਨ। ਹਰ ਇਕ ਨੂੰ ਜੀ ਜੀ ਕਰਕੇ ਬੁਲਾਉਣਾ ਆਪ ਦੀ ਕੁਦਰਤੀ ਆਦਤ ਬਣ ਗਈ ਸੀ। ਜ਼ਬਾਨ ਵਿਚ ਬੜੀ ਹੀ ਮਿੱਠਤ ਅਤੇ ਹਲੀਮੀ ਸੀ। ਚਿਹਰਾ-ਮੋਹਰਾ ਬੜਾ ਖ਼ੂਬਸੂਰਤ ਅਤੇ ਰੋਹਬ-ਦਾਬ ਵਾਲਾ ਸੀ।

ਫਗਣ ਦੇ ਮਹੀਨੇ ਸਾਰੇ ਇਲਾਕੇ ਦੇ ਪਿੰਡਾਂ ਵਿਚ ਧੁਮਾਂ ਮਚੀਆਂ ਹੋਈਆਂ ਸਨ ਕਿ ਮਹੰਤ ਨਰੈਣ ਦਾਸ ਸ੍ਰੀ ਨਨਕਾਣੇ ਸਾਹਿਬ ਵਿਚ ਕਿਲਾ-ਬੰਦੀ ਕਰ ਰਿਹਾ ਹੈ। ਉਥੇ ਅਕਾਲੀਆਂ ਦੇ ਵੇਲੇ ਕੁਵੇਲੇ ਜਾਣਦਾ ਬੜਾ ਭਾਰਾ ਖਤ੍ਰਾ ਹੈ। ਉਥੇ ਸਚੇ ਸਤਿਗੁਰਾਂ ਦੇ ਸਚ-ਖੰਡੀ ਦਰਬਾਰ ਵਿਚ ਕਈ ਗੁਰੂ ਦੁਲਾਰਿਆਂ ਨੂੰ ਧਕੇ ਤੇ ਛਿਤ੍ਰ ਵਜੇ ਹਨ। ਗੁਰਮੁਖਾਂ ਦੀਆਂ ਦਾਹੜੀਆਂ ਪੁਟੀਆਂ ਗਈਆਂ ਹਨ। ਕਈ ਵੇਰ ਸਤਵੰਤੀਆਂ ਦੀ ਪਤ ਲਾਹੀ ਗਈ ਹੈ। ਜਿਨ੍ਹਾਂ ਪ੍ਰੇਮੀਆਂ ਦੇ ਦਿਲ ਗੁਰਧਾਮਾਂ ਵਿਚ ਪਾਪੀ ਮਹੰਤ ਦੇ ਅਤਿਆਚਾਰਾਂ ਨਾਲ ਫਟੇ ਹੋਏ ਸਨ, ਉਹ ਇਨ੍ਹਾਂ ਡਰਾਵਿਆਂ ਤੋਂ ਨਹੀਂ ਡਰਦੇ ਸਨ। ਉਹ ਦੀਵੇ ਉਤੇ ਪਤੰਗਿਆਂ ਵਾਂਗ ਆਪ ਗੁਰਧਾਮਾਂ ਦੀ ਖਾਤ੍ਰ ਸਦਕੇ ਹੋਣ ਲਈ ਤਿਆਰ ਬੈਠੇ ਸਨ। ਸ਼ਾਹ ਕੋਟ ਵਿਚ ਉਸ ਸਮੇਂ ੪੦ ਦੇ ਕ਼ਰੀਬ ਤਿਆਰ-ਬਰ-ਤਿਆਰ ਸਿੰਘ ਹਰ ਵੇਲੇ ਤਿਆਰ ਰਹਿੰਦੇ

ਸਨ ਕਿ ਕਦ ਪੰਥ ਦਾ ਹੁਕਮ ਆਵੇ ਤੇ ਸੇਵਾ ਕਰਕੇ ਜਨਮ ਸਫ਼ਲਾ ਕੀਤਾ ਜਾਵੇ। ਪਰ ਬਾਕੀ ਦਿਆਂ ਨੇ ੨੦ ਫ਼ਰਵਰੀ ਨੂੰ ਇਥੋਂ ਸਿਧੇ ਤੁਰਨ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਇਨ੍ਹਾਂ ਦੇ ਜਾਣ ਤੋਂ ਪਹਿਲਾਂ ਭਾਣਾ ਵਰਤ ਚੁੱਕਾ ਸੀ।

੨੦ ਫ਼ਰਵਰੀ ੧੯੨੧ ਈ: ਨੂੰ ਪ੍ਰਭਾਤ ਵੇਲੇ ਭਾਈ ਲਛਮਣ ਸਿੰਘ ਦੇ ਜਥੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤ੍ਰ ਜਨਮ ਭੂਮੀ ਦੀ ਖ਼ਾਕ ਪਾਕ ਨੂੰ ਜਾ ਚੁੰਮਿਆ। ਅੰਦਰ ਵੜਦਿਆਂ ਹੀ ਕੁਝ ਚਿਰ ਬਾਅਦ ਉਤੋਂ, ਅਗੋਂ, ਪਿੱਛੋਂ ਗੋਲੀਆਂ ਦੀ ਠਾਹ ਠਾਹ ਅਰੰਭ ਹੋ ਗਈ। ਥੋੜੇ ਸਮੇਂ ਮਗਰੋਂ ਛਵ੍ਹੀਆਂ ਤੇ ਗੰਡਾਸਿਆਂ ਨਾਲ ਕਟਾ-ਵਢ ਮਚ ਗਈ।

ਇਨ੍ਹਾਂ ਗੁਰਚਰਨਾਂ ਦੇ ਭੌਰਿਆਂ ਨੇ ਗਟਾ-ਗਟ ਕਰਕੇ ਸ਼ਹੀਦੀ ਅੰਮ੍ਰਿਤ ਡੀਕਾਂ ਲਾਕੇ ਪੀਤਾ।* ਸਾਰੇ ਸਿੰਘਾਂ ਬਾਬਤ ਵਖਰਾ ਵਖਰਾ ਵੇਰਵੇ ਸਹਿਤ ਪਤਾ ਨਹੀਂ ਲਗ ਸਕਿਆ ਹੈ।

ਭਾਈ ਹਰਨਾਮ ਸਿੰਘ ਜੀ

ਖ਼ਾਨਦਾਨ ਤੇ ਮਾਤਾ ਪਿਤਾ

ਆਪ ਦੇ ਬਾਬਾ ਦਾ ਨਾਮ ਭਾਈ ਬੰਨਾ ਸਿੰਘ ਸੀ। ਆਪ ਪਿੰਡ ਢੇਸੀਆਂ ਕਾਹਨੇ ਦੀਆਂ ਜ਼ਿਲਾ ਜਾਲੰਧਰ ਵਿਚ ਰਹਿੰਦੇ ਸਨ। ਸ਼ਿਕਾਰਪੁਰ ਸਿੰਧ ਤਕ ਆਪ ਦਾ ਵਣਜ ਸੀ। ਬਾਰ ਵਸੀ, ਤਾਂ ਸ਼ਾਟਕੋਟ ਆ ਕੇ ਰਹੇ। ਇਨ੍ਹਾਂ ਦੇ ਗ੍ਰਿਹ ਵਿਖੇ ਭਾਈ ਸੁੰਦਰ ਸਿੰਘ ਨੇ ਜਨਮ ਲਿਆ, ਜਿਸ ਦਾ ਵਿਵਾਹ ਬੀਬੀ ਉਤਮ ਕੌਰ ਨਾਲ ਹੋਇਆ। ਬਾਬਾ ਬੰਨਾ ਸਿੰਘ ੭੦ ਸਾਲ ਦੀ ਉਮਰ ਭੋਗ ਕੇ ਸ਼ਾਹ ਕੋਟ ਵਿਚ ਪੂਰੇ ਹੋ ਗਏ। ਆਪ ਭੀ ਰਾਮਦਾਸੀਆਂ ਦੀ ਜ਼ਾਤੀ ਵਿਚੋਂ ਸਿੰਘ ਸਜੇ ਸਨ।

---

* ਕਮੇਟੀ ਨੇ ੧੦੦੦) ਕਰਜ਼ਾ ਉਤਾਰਿਆ। ਪ੍ਰੇਮ ਕੌਰ ਮਾਤਾ, ਦਿਆਲ ਕੌਰ ਸੁਪਤਨੀ, ਭਾਈ ਨੰਦ ਸਿੰਘ ਪਿਤਾ ਦੇ ਨਾਮ ਪਿੰਨਸ਼ਨ ਲਾਈ ਗਈ, ਜਿਸ ਦਾ ਜੋੜ ੧੯-੫-੨੧ ਤੋਂ ੯-੯-੩੩ ਤਕ ੩੪੪੦) ਰੁਪਏ ਬਣਦਾ ਹੈ। ਮਾਤਾ ੨੫-੨-੨੯ ਨੂੰ ਗੁਜ਼ਰ ਗਈ ਤੇ ਪਿੰਨਸ਼ਨ ਬੰਦ ਹੋ ਗਈ।

ਭਾਈ ਸੁੰਦਰ ਸਿੰਘ ਅਤੇ ਬੀਬੀ ਉਤਮ ਕੌਰ ਦੇ ਘਰ ਸੰ: ੧੮੯੭ ਈ: ਵਿਚ ਕੁਲ ਨੂੰ ਰੋਸ਼ਨ ਕਰਨ ਵਾਲੇ ਭੁਝੰਗੀ ਨੇ ਢੇਸੀਆਂ ਕਾਹਨੇ ਦੀਆਂ ਵਿਚ ਜਨਮ ਲਿਆ। ਇਸ ਦਾ ਨਾਮ ਹਰਨਾਮ ਸਿੰਘ ਰਖਿਆ ਗਿਆ। ਚਾਰ ਪੰਜ ਸਾਲ ਮਗਰੋਂ ਸਾਰੇ ਪ੍ਰਵਾਰ ਨੂੰ ਵਣਜ ਵਪਾਰ ਲਈ ਸ਼ਾਹ ਕੋਟ ਆਉਣਾ ਪਿਆ। ਇਥੇ ਆ ਕੇ ਹੀ ਆਪਣੀ ਬਾਕੀ ਆਯੂ ਗੁਜ਼ਾਰੀ। ਗੁਰਮੁਖੀ ਪੜ੍ਹੀ ਅਤੇ ਰਾਗ ਵਿਦਿਆ ਦੇ ਚੰਗੇ ਜਾਣੂ ਹੋ ਗਏ, ਖ਼ਾਸ ਕਰਕੇ ਜੋੜੀ ਵਜਾਉਣ ਵਿਚ ਵਾਹਵਾ ਉਸਤਾਦ ਸਨ। ਦੁਨਿਆਵੀ ਕਾਰ-ਵਿਹਾਰ ਕਪੜੇ ਸੀਉਣ ਦਾ ਕਰਦੇ ਸਨ। ਸ਼ਾਦੀ ਤੋਂ ਤਿੰਨ ਸਾਲ ਪਹਿਲਾਂ ਆਪ ਨੇ ਭਾਈ ਮਹਿਤਾਬ ਸਿੰਘ "ਬੀਰ" ਦੇ ਜਥੇ ਪਾਸੋਂ ਅੰਮ੍ਰਿਤ ਛਕ ਲਿਆ ਸੀ। ਆਪ ਦੇ ਦੂਜੇ ਦੋ ਭਰਾ ਭਾਈ ਬਚਨ ਸਿੰਘ ਅਤੇ ਭਾਈ ਦਲੀਪ ਸਿੰਘ ਆਪ ਨਾਲ ਮਿਲ ਕੇ ਚੰਗਾ ਰਸੀਲਾ ਕੀਰਤਨ ਕਰਿਆ ਕਰਦੇ ਸਨ। ਸਮੁਚਾ ਜੀਵਨ ਬੜਾ ਸੁਚਾ ਤੇ ਪ੍ਰਹੇਜ਼ਗਾਰ ਵਾਲਾ ਸੀ। ਗੁਰਬਾਣੀ ਦੇ ਪਕੇ ਨੇਮੀ ਸਨ।

ਵਿਵਾਹ, ਸੰਤਾਨ ਤੇ ਹੋਰ ਹਾਲ

ਕੋਈ ਵੀਹ ਸਾਲ ਦੀ ਉਮਰ ਵਿਚ ਪਿੰਡ ਫਰਾਲਾ ਜ਼ਿਲਾ ਲਾਇਲਪੁਰ ਵਿਚ ਭਾਈ ਈਸ਼ਰ ਸਿੰਘ ਦੀ ਪੁਤ੍ਰੀ ਬੀਬੀ ਮੇਲ ਕੌਰ ਨਾਲ ਸ਼ਾਦੀ ਹੋ ਗਈ। ਇਕ ਲੜਕਾ ਜਨਮ ਲੈ ਕੇ ਚਲਾਣਾ ਕਰ ਗਿਆ। ਆਪਣੇ ਜਥੇ ਨਾਲ ਚਲ ਕੇ ਸਦਾ ਗੁਰਮਤ ਦਾ ਪ੍ਰਚਾਰ ਕਰਿਆ ਕਰਦੇ ਸਨ। ਸ਼ੁਧੀ ਕਰਨ, ਅੰਮ੍ਰਿਤ ਛਕਾਣ ਅਤੇ ਗੁਰਮਤ ਦੇ ਵਿਵਾਹ ਕਰਾਣ ਵਿਚ ਖ਼ਾਸ ਉੱਦਮ ਕਰਕੇ ਜਾਇਆ ਕਰਦੇ ਸਨ। ਅਕਾਲੀ ਲਹਿਰ ਚਲੀ ਤਾਂ ਇਸ ਨੇ ਆਪ ਨੂੰ ਸਚਾ ਅਕਾਲੀ ਬਣਾ ਦਿਤਾ। ਹਰ ਵੇਲੇ ਇਸੇ ਉਡੀਕ ਵਿਚ ਰਿਹਾ ਕਰਨ ਕਿ ਕਦ ਪੰਥ ਦਾ ਹੁਕਮ ਆਵੇ ਤੇ ਉਥੇ ਜਾ ਕੇ ਸੇਵਾ ਕਰੀਏ। ਇਸ ਸਮੇਂ ਘਰ ਦੇ ਕੰਮਾਂ ਕਾਜਾਂ ਵਲੋਂ ਆਪ ਦਾ ਦਿਲ ਕੁਝ ਉਚਾਟ ਹੀ ਰਿਹਾ ਕਰਦਾ ਸੀ। ਆਪ ਬਾਬੇ ਦੀ ਬੇਰ, ਗੋਜਰੇ ਅਤੇ ਖਰੇ ਸੌਦੇ ਦੇ ਗੁਰਦੁਆਰਿਆਂ ਦੇ ਕਬਜ਼ਿਆਂ ਸਮੇਂ ਸਿੰਘਾਂ ਨਾਲ ਸ਼ਾਮਲ ਹੁੰਦੇ ਰਹੇ।

ਇਕ ਦਿਨ ਪਿਤਾ ਨੇ ਆਖਿਆ ਕਿ ਬੇਟਾ, ਕੋਈ ਕੰਮ ਕਰਿਆ ਕਰ!

ਪੁਤ੍ਰ ਨੇ ਸਹਿਜ ਸੁਭਾ ਉਤਰ ਦਿਤਾ "ਬਾਪੂ ਜੀ ! ਮੈਂ ਉਹ ਕੰਮ ਕਰਨਾ ਹੈ ਜੋ ਤੁਹਾਡੇ ਬਾਬੇ ਨੇ ਭੀ ਕਦੀ ਨ ਕੀਤਾ ਹੋਵੇ।"

ਆਖ਼ਰੀ ਸੱਦਾ ਤੇ ਸ਼ਹੀਦੀ

ਜਦ ਇਨ੍ਹਾਂ ਦੇ ਜਥੇਦਾਰ ਭਾ: ਸੰਤਾ ਸਿੰਘ ਨੇ ਆ ਕੇ ਦਸਿਆ ਕਿ ਸ਼ਹੀਦੀ ਲਈ ਸੱਦਾ ਆਇਆ ਹੈ ਤਾਂ ਆਪ ਝਟ ਪਟ ਤਿਆਰ ਹੋ ਪਏ। ਬੁਢਾ ਪਿਤਾ ਨਲੀਆਂ ਵਟ ਰਿਹਾ ਸੀ। ਪੁਛਣ ਲਗਾ, ਬੱਚੂ ਕਿਥੇ ਚਲਿਆਂ ਏਂ ? ਆਪ ਦੇ ਮੂੰਹੋਂ ਸਾਫ਼ ਨਿਕਲ ਗਿਆ ਕਿ ਬਾਪੂ ਜੀ "ਸ਼ਹੀਦ ਹੋਣ"। ਹੁਣ ਤੁਹਾਥੋਂ ਇਹ ਨਲੀਆਂ ਵਟਣੀਆਂ ਛੁਟ ਜਾਣਗੀਆਂ। ਆਪ ਦੀ ਸਿੰਘਣੀ ਨੇ ਬੜਾ ਜ਼ੋਰ ਲਾਇਆ ਕਿ ਮੈਂ ਭੀ ਸ਼ਹੀਦੀਆਂ ਲਈ ਨਾਲ ਹੀ ਜਾਣਾ ਹੈ, ਪਰ ਉਸ ਨੂੰ ਜ਼ਬਰਦਸਤੀ ਮੋੜ ਦਿਤਾ ਗਿਆ। ਜਿਨ੍ਹਾਂ ਨੂੰ ਲਗਨ ਲਗ ਚੁਕੀ ਸੀ, ਉਨ੍ਹਾਂ ਦੇ ਰਾਹ ਵਿਚ ਕੋਈ ਰੁਕਾਵਟ ਨਹੀਂ ਆ ਸਕਦੀ ਸੀ। ਆਪ ਭਾਈ ਸੰਤਾ ਸਿੰਘ ਦੇ ਨਾਲ ਉਸੇ ਵੇਲੇ ਤੁਰ ਪਏ। ਜਾਣ ਤੋਂ ਪਹਿਲਾਂ ਚਾਰੇ ਜਣੇ ਇਕੱਠੇ ਹੋਏ। ਪੰਜਵੇਂ ਭਾ: ਗੁਰਬਖ਼ਸ਼ ਸਿੰਘ ਦੀ ਕੁਝ ਚਿਰ ਉਡੀਕ ਕੀਤੀ, ਪਰ ਆਖਰ ਫ਼ੈਸਲਾ ਕੀਤਾ ਕਿ ਸਾਨੂੰ ਹੁਣ ਚਲਣਾ ਚਾਹੀਦਾ ਹੈ, ਮਗਰੋਂ ਜਿਸ ਨੇ ਆਉਣਾ ਹੋਵੇਗਾ, ਆਪੇ ਆ ਜਾਵੇਗਾ। ਇਕ-ਚਿਤ ਹੋ ਕੇ ਸਭ ਨੇ ਅਰਦਾਸਾ ਸੋਧਿਆ ਤੇ ਸ਼ਾਮ ਨੂੰ ਕੋਟਲੇ ਕਾਲਵਾਂ ਦੇ ਪੁਜ ਗਏ। ਉਥੋਂ ਜਦ ਆਪ ਭੀ ਭਾਈ ਲਛਮਣ ਸਿੰਘ ਹੁਰਾਂ ਦੇ ਜਥੇ ਨਾਲ ਸ਼ਾਮਲ ਹੋ ਗਏ ਤਾਂ ਇਹ ਗਲ ਰਾਹ ਵਿਚ ਹੀ ਪਤਾ ਲਗ ਗਈ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਵਿੱਤ੍ਰ ਜਨਮ ਅਸਥਾਨ ਦੇ ਦਰਸ਼ਨ ਹੁਣ ਸੀਸ ਦਿਤੇ ਬਿਨਾਂ ਪ੍ਰਾਪਤ ਨਹੀਂ ਹੋ ਸਕਦੇ ਹਨ, ਪਰ ਇਕ ਗੁਰ-ਸਿਖ ਲਈ ਇਹ ਸੌਦਾ ਬੜਾ ਸਸਤਾ ਹੈ। ਜੇ ਸਿਰ ਦਿਤਿਆਂ ਸਾਂਈਂ ਦੇ ਗੁਰ ਦਰਬਾਰ ਦੇ ਦਰਸ਼ਨ ਪ੍ਰਾਪਤ ਹੋ ਜਾਣ, ਤਾਂ ਸਚੇ ਸਿਖ ਇਸ ਤੋਂ ਪਿਛੇ ਨਹੀਂ ਹਟਦੇ ਹਨ। ਆਪ ਨੇ ਇਸ ਗਲ ਦਾ ਕੋਈ ਖ਼ਿਆਲ ਨਾ ਕੀਤਾ ਕਿ ਬਿਰਧ ਮਾਤਾ ਪਿਤਾ ਦੀ ਕੌਣ ਸਾਰ ਲਵੇਗਾ, ਆਪ ਨੇ "ਸਭਨਾ ਜੀਆ ਕਾ ਇਕੋ ਦਾਤਾ" ਉਤੇ ਭਰੋਸਾ ਰਖਿਆ।

"ਸਿਰ ਜਾਏ ਤਾਂ ਜਾਏ ਪਰ ਮੇਰਾ ਸਿਖੀ ਸਿਦਕ ਨਾ ਜਾਏ" ਪੜ੍ਹਦੇ ਹੋਏ ਜਥੇ ਨਾਲ ਸ੍ਰੀ ਜਨਮ ਅਸਥਾਨ ਦੇ ਅੰਦਰ ਵਾਹੋ-ਦਾਹੀ ਚਲੇ ਗਏ। ਜਨਮ ਅਸਥਾਨ ਦੀ ਚਰਨ ਧੂੜ ਮੱਥੇ ਨੂੰ ਲਾ ਕੇ ਹਿਰਦਾ ਕੰਵਲ ਫੁਲ ਵਾਂਗ ਖਿੜ ਗਿਆ, ਪਰ ਅਜੇ ਇਕ ਘੜੀ ਭੀ ਨਹੀਂ ਬੀਤੀ ਸੀ, ਜੋ ਗੁਰ-ਸਿਖ ਭੌਰਿਆਂ ਦੀਆਂ "ਗੁਰੂ ਚਰਨਾਂ" ਨੂੰ ਘੁਟ ਘੁਟ ਚੁੰਮਣ ਦੀਆਂ ਉਮੰਗਾਂ ਦਿਲ ਹੀ ਵਿਚ ਰਹੀਆਂ। ਪਾਪੀ ਹੈਂਸਆਰਿਆਂ ਨੇ ਗੋਲੀਆਂ ਦਾ ਮੀਂਹ ਵਾਰ੍ਹਉਣਾ ਸ਼ੁਰੂ ਕਰ ਦਿਤਾ। ਪਲੋ-ਪਲੀ ਵਿਚ ਸ੍ਰੀ ਜਨਮ ਅਸਥਾਨ ਦੀ ਪਵਿੱਤਰ ਧਰਤੀ ਲਹੂ-ਲੁਹਾਨ ਹੋ ਗਈ। ਅੰਦਰ ਹੀ ਚਿਖਾ ਰਚੀਆਂ ਗਈਆਂ ਤੇ ਦੁਸ਼ਟਾਂ ਨੇ ਮਿੱਟੀ ਦਾ ਤੇਲ ਪਾ ਕੇ ਲੰਬੂ ਲਾ ਦਿਤੇ। ਸਾਰੀ ਦੁਨੀਆਂ ਤੇ ਠੰਡ ਵਰਤਾਣ ਵਾਲੇ ਸਚੇ ਗੁਰੂ ਦੇ ਜਨਮ ਅਸਥਾਨ ਵਿਚ ਅੱਗ ਦੇ ਲੰਬੂ ਲਾ ਕੇ ਗੁਰਦੁਆਰੇ ਦਾ ਸੁਧਾਰ ਕਰਨ ਆਇਆਂ ਨੂੰ ਜੀਉਂਦੇ ਸਾੜ ਧਰਨਾ ਕੇਵਲ ਰਾਖਸ਼ਾਂ ਤੇ ਮਹਾਂ ਪਾਪੀਆਂ ਦਾ ਕੰਮ ਹੀ ਹੋ ਸਕਦਾ ਹੈ। ਆਪ ਭੀ ਇਸੇ ਹਵਨ ਕੁੰਡ ਵਿਚ ਅਹੂਤੀ ਬਣ ਗਏ। ਸ਼ਹੀਦ ਹੋਣ ਆਏ ਤੇ ਸ਼ਹੀਦ ਹੋ ਗਏ, ਅਤੇ ਆਪਣੇ ਪਵਿੱਤ੍ਰ ਸ਼ਹੀਦੀ ਲਹੂ ਨਾਲ ਜਨਮ ਅਸਥਾਨ ਦੇ ਅੰਦਰੋਂ ਪਾਪਾਂ ਦੀ ਮੈਲ ਧੋ ਗਏ।

ਆਪਣੇ ਇਕਲੌਤੇ ਪੁਤਰ ਦੀ ਸ਼ਹੀਦੀ ਨੂੰ ਆਪ ਦੇ ਮਾਤਾ ਪਿਤਾ ਨੇ ਡਾਹਢੇ ਦਰਦ ਨਾਲ ਸੁਣਿਆ। ਆਪਣੇ ਜਿਗਰ ਦੇ ਟੁਕੜੇ ਨੂੰ ਜਿਥੇ ਧਰਮ ਲਈ ਕੁਰਬਾਨ ਹੋਣ ਉਤੇ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਿਆ, ਉਥੇ ਪਿਆਰੇ ਪੁਤਰ ਦੇ ਵਿਛੋੜੇ ਨੂੰ ਭੀ ਦੁਖ ਨਾਲ ਅਨੁਭਵ ਕੀਤਾ।

ਮਾਤਾ ਪਿਤਾ ਸ਼ਹੀਦੀ ਤੋਂ ਪਿਛੋਂ ਸ੍ਰੀ ਨਨਕਾਣਾ ਸਾਹਿਬ ਪਹੁੰਚੇ ਕਿ ਮਤਾਂ ਕੋਈ ਪਿਆਰੇ ਪੁਤ੍ਰ ਦਾ ਨਿਸ਼ਾਨ ਲਭ ਪਵੇ। ਕਲੇਜੇ ਦੇ ਟੁਕੜੇ ਤੇ ਅੱਖਾਂ ਦੇ ਚਾਨਣ ਦੀ ਕੋਈ ਇਕ ਅਧ ਬੋਟੀ ਹੀ ਲਭ ਪਵੇ, ਤਾਂ ਜੋ ਆਖ਼ਰੀ ਵਿਛੋੜੇ ਦੇ ਚਾਰ ਹੰਝੂ ਉਸ ਉਤੇ ਕੇਰੇ ਜਾਣ। ਜਨਮ ਅਸਥਾਨ ਦੇ ਅੰਦਰ ਜਾ ਕੇ ਹੱਡੀਆਂ ਦੇ ਢੇਰ, ਝੁਲਸੇ ਹੋਏ ਪਿੰਜਰ ਤੇ ਅਧ ਸੜੇ ਸਰੀਰਾਂ ਦੇ ਅੰਗੀਠੇ,ਵੇਖੇ,ਪਰ ਕੋਈ ਅੰਗ ਪਛਾਣਿਆ ਨਾ ਮਿਲਿਆ। ਦਿਲ ਟੁਟਿਆ, ਘੇਰਨੀ ਆਈ, ਵੈਰਾਗ ਦਾ ਗਚ ਸਿਰ ਨੂੰ ਚੜ੍ਹਿਆ ਤੇ ਅੱਖਾਂ ਵਿਚੋਂ ਹੰਝੂਆਂ ਦੀ ਝੜੀ ਲਗ ਪਈ। ਮਾਤਾ ਪਿਤਾ ਨੇ ਢਾਹ ਮਾਰ ਕੇ ਕਿਹਾ ਕਿ "ਪਿਆਰੇ ਪੁਤਰਾ! ਕਿਹਾ ਚੰਗਾ ਹੁੰਦਾ ਕਿ ਸਾਨੂੰ

ਅਲਬੇਲੇ ਸ਼ਹੀਦ

ਭਾਈ ਗੁਰਬਖ਼ਸ਼ ਸਿੰਘ ਜੀ

ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰੁ ਪਾਇ ।



ਹੁਕਮ ਰਜਾਈ ਚਲਣਾ, ਆਪ ਗਵਾਯਾ, ਨ ਆਪ ਜਣਾਯਾ ।
ਗੁਰ ਉਪਦੇਸ਼ ਅਵੇਸ਼ ਕਰ, ਪਰਉਪਕਾਰ, ਅਚਾਰ ਲਭਾਯਾ ।
ਪਿਰਮ ਪਿਆਲਾ ਅਪਿਉ ਪੀ, ਸਹਿਜ ਸਮਾਈ ਅਜਰ ਜਰਾਯਾ।

ਭੀ ਅਪਾਣੇ ਨਾਲ ਹੀ ਲੈ ਜਾਂਦੋਂ ! ਅਸੀਂ ਬੁਢੇ ਵਾਰੇ ਤੇਰੀ ਵੈਰਾਗ ਭਰੀ ਯਾਦ ਵਿਚ ਇਸ ਜੀਵਨ ਨਾਲੋਂ ਇਥੇ ਹੀ ਸ਼ਹੀਦ ਹੋ ਜਾਂਦੇ ਤਾਂ ਸਰੀਰ ਸਫਲ ਹੁੰਦਾ।"*

---o---

ਭਾਈ ਗੁਰਬਖ਼ਸ਼ ਸਿੰਘ ਜੀ

ਆਪ ਭਾਈ ਸੰਤਾ ਸਿੰਘ ਦੇ ਸੱਚੇ ਸਾਥੀ ਸਨ। ਦੀਵਾਨਾਂ ਅਤੇ ਗੁਰਮਤ ਕਾਰਜਾਂ ਉਤੇ ਇਕੱਠੇ ਜਾਇਆ ਕਰਦੇ ਸਨ। ਆਪ ਦੇ ਬਾਬੇ ਭਾਈ ਪ੍ਰਤਾਪ ਸਿੰਘ ਪੁਰਾਤਨ ਸਿੰਘਾਂ ਦਾ ਨਮੂਨਾ ਸਨ। ਤਾਊਸ ਨਾਲ ਪੁਰਾਤਨ ਗੁਰਮੁਖੀ ਮਿੱਠੀਆਂ ਧਾਰਨਾਂ ਅਨੁਸਾਰ ਦਿਲ-ਖਿਚੂ ਕੀਰਤਨ ਕਰਨਾ। ਗੁਰ-ਸਿਖੀ ਦੇ ਉਪਦੇਸ਼ ਤੇ ਪਰਉਪਕਾਰ ਲਈ ਹਰ ਵੇਲੇ ਤਤਪਰ ਰਹਿਣਾ। ਆਪ ਸੈਨਾਬਾਦ ਜ਼ਿਲਾ ਜਾਲੰਧਰ ਦੇ ਰਹਿਣ ਵਾਲੇ ਸਨ। ਖੱਦਰ ਦੇ ਵੇਚਣ ਵਟਣ ਦਾ ਵਣਜ ਵਪਾਰ ਕਰਿਆ ਕਰਦੇ ਸਨ। ੯੦ ਸਾਲ ਦੀ ਉਮਰਾ ਭੋਗ ਕੇ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦੇ ਗ੍ਰੈਹ ਵਿਖੇ ਭਾਈ ਚੰਦਾ ਸਿੰਘ ਦਾ ਜਨਮ ਹੋਇਆ। ਜਦ ਇਹ ਜਵਾਨ ਹੋਏ ਤਾਂ ਇਨ੍ਹਾਂ ਦਾ ਵਿਵਾਹ ਬੀਬੀ ਗੁਲਾਬ ਕੌਰ ਨਾਲ ਹੋ ਗਿਆ। ਇਹ ਭੀ ਆਪਣੇ ਗੁਰਪੁਰਵਾਸੀ ਪਿਤਾ ਵਾਲੀ ਕਿਰਤ ਕਰਦੇ ਰਹੇ। ਆਪ ਇਹ ਵੇਖ ਕੇ ਡਾਹਢੇ ਦੁਖੀ ਹੋਇਆ ਕਰਦੇ ਸਨ ਕਿ ਸ੍ਰੀ ਗੁਰੂ ਕਲਗ਼ੀਆਂ ਵਾਲੇ ਦਾ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਏ ਸਿੰਘਾਂ ਨਾਲ ਭੀ ਨਫ਼ਰਤ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦਾ ਰਮਦਾਸੀਏ, ਮਜ਼੍ਹਬੀ, ਚੌਥੇ ਪੌੜੇ ਆਦਿਕ ਲਫ਼ਜ਼ ਆਖ ਕੇ ਨਿਰਾਦਰ ਕੀਤਾ ਜਾਂਦਾ ਹੈ।

ਜਨਮ ਤੇ ਅਸਥਾਨ

ਸ੍ਰੀ ਅਕਾਲ ਪੁਰਖ ਨੂੰ ਏਹੋ ਮਨਜ਼ੂਰ ਹੋਇਆ ਕਿ ਭਾਈ ਚੰਦਾ ਸਿੰਘ ਅਤੇ ਬੀ: ਗੁਲਾਬ ਕੌਰ ਦੇ ਗ੍ਰਿਹਿ ਵਿਖੇ ਜ਼ਾਤ ਪਾਤ ਦੀ ਨਫ਼ਰਤ ਨੂੰ ਸ਼ਹੀਦੀ ਲਹੂ ਨਾਲ ਧੋਣ ਵਾਲੇ ਭੁਝੰਗੀ ਨੂੰ ਜਨਮ ਦੇਵੇ। ਸੋ ਸੰ: ੧੯੦੨ ਈ: ਵਿਚ ਪਿੰਡ

---

*ਕਮੇਟੀ ਨੇ ਮਾਤਾ ਰਾਜ ਕੌਰ ਤੇ ਪਿਤਾ ਭਾਈ ਸੁੰਦਰ ਸਿੰਘ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸਦਾ ਜੋੜ ੧੯-੧-੨੧ ਤੋਂ ੬-੬-੩੩ ਤਕ ੧੭੯੨) ਰੁਪਏ ਬਣਦਾ ਹੈ।

ਸੈਨਾਬਾਦ ਜ਼ਿਲਾ ਜਾਲੰਧਰ ਵਿਚ ਇਨ੍ਹਾਂ ਦੇ ਘਰ ਇਕ ਭੁਝੰਗੀ ਦਾ ਜਨਮ ਹੋਇਆ, ਜਿਸਦਾ ਨਾਮ ਗੁਰਬਖਸ਼ ਸਿੰਘ ਰਖਿਆ ਗਿਆ। ਆਪ ਦੇ ਚਾਰ ਵਡੇ ਭਰਾ ਭਾਈ ਜਵਾਲਾ ਸਿੰਘ, ਭਾ: ਮੰਗਲ ਸਿੰਘ, ਭਾ: ਭਗਤ ਸਿੰਘ ਅਤੇ ਭਾ: ਸਾਧੂ ਸਿੰਘ ਸਨ।

ਆਪ ਦਾ ਰੰਗ ਗੋਰਾ ਨਸ਼ੋਹ, ਉਂਗਲੀਆਂ ਤੇ ਨੱਕ ਲੰਮਾ, ਸੋਹਣੇ ਅਲਬੇਲੇ ਜਹੇ ਦਰਸ਼ਨੀ ਜਵਾਨ ਸਨ। ਬੜੇ ਸਿਆਣੇ ਤੇ ਗੁਰੂ ਘਰ ਦੇ ਪ੍ਰੇਮੀ ਸਨ। ਮਿੱਠੀ ਜ਼ਬਾਨ ਤੇ ਸੀਤਲ ਸੁਭੌ ਦੇ ਕਾਰਨ ਰਾਹ ਜਾਂਦਿਆਂ ਨੂੰ ਭੀ ਆਪਣਾ ਬਣਾ ਲਿਆ ਕਰਦੇ ਸਨ।

ਵਿਦਿਆ ਪ੍ਰਾਪਤੀ

ਛੋਟੇ ਹੁੰਦਿਆਂ ਪਿਤਾ ਨੇ ਘਰ ਵਿਚ ਹੀ ਗੁਰਮੁਖੀ ਵਿਦਿਆ ਦੇਣੀ ਅਰੰਭ ਕਰ ਦਿਤੀ। ਇਨ੍ਹਾਂ ਦੇ ਵਡੇ ਭਰਾ ਭਾਈ ਜਵਾਲਾ ਸਿੰਘ ਤਕੜੇ ਵਿਦਵਾਨ ਸਨ। ਉਨ੍ਹਾਂ ਨੇ ਆਪ ਨੂੰ ਡਾਹਢੇ ਪ੍ਰੇਮ ਤੇ ਮੇਹਨਤ ਨਾਲ ਪੜ੍ਹਾਇਆ, ਜਿਸਦਾ ਨਤੀਜਾ ਇਹ ਹੋਇਆ ਕਿ ਆਪ ਥੋੜੇ ਚਿਰ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠੀ ਹੋ ਗਏ। ਗੁਰਬਾਣੀ ਦੇ ਨਿਤ-ਨੇਮ ਵਿਚ ਸਦਾ ਦ੍ਰਿੜ੍ਹ ਰਹਿਣਾ। ਇਸ ਦੇ ਨਾਲ ਰਾਗ-ਵਿਦਿਆ ਦੇ ਭੀ ਚੰਗੇ ਮਾਹਰ ਹੋ ਗਏ। ਧਾਰਮਕ ਪੁਸਤਕਾਂ ਤੇ ਅਖਬਾਰਾਂ ਪੜ੍ਹਨ ਦਾ ਏਡਾ ਸ਼ੌਕ ਪੈਦਾ ਹੋ ਗਿਆ ਕਿ ਇਹ ਇਨ੍ਹਾਂ ਦੀ ਜ਼ਿੰਦਗੀ ਦੀ ਇਕ ਕਿਸਮ ਦੀ ਖ਼ੁਰਾਕ ਬਣ ਗਈ ਸੀ। ਆਪ ਨੇ ਸ਼ੁਰੂ ਸ਼ੁਰੂ ਵਿਚ ਪੰਥਕ ਜਥੇਬੰਦੀ ਨੂੰ ਮਜ਼ਬੂਤ ਕਰਨ ਤੇ ਰਹਿਤ ਬਹਿਤ ਦੀ ਪਕਿਆਈ ਦਾ ਬੜਾ ਭਾਰਾ ਪ੍ਰਚਾਰ ਕੀਤਾ। ਇਥੋਂ ਦੇ ਵਸਨੀਕ ਸਿੰਘਾਂ ਨੇ ਇਕ ਪ੍ਰਚਾਰਕ ਜਥਾ ਬਣਾਇਆ ਹੋਇਆ ਸੀ, ਜਿਸਦੇ ਆਪ ਜਥੇਦਾਰ ਸਨ। ਲੋਕਾਂ ਨਾਲ ਵਰਤੋਂ ਵਿਹਾਰ ਵਾਹਵਾ ਚੰਗਾ ਸੀ, ਇਲਾਕੇ ਵਿਚ ਰਸੂਖ਼ ਭੀ ਸੋਹਣਾ ਸੀ।

ਵਿਵਾਹ

ਭੁਝੰਗੀ ਦੇ ਪੈਦਾ ਹੋਣ ਦੇ ਥੋੜੇ ਚਿਰ ਪਿੱਛੋਂ ਭਾਈ ਚੰਦਾ ਸਿੰਘ ਸਣੇ ਪ੍ਰਵਾਰ ਦੇ ਬਾਰ ਵਿਚ ਆ ਰਹੇ ਤੇ ਸ਼ਾਹ ਕੋਟ ਵਿਚ ਡੇਰਾ ਜਮਾ ਲਿਆ। ਖੱਦਰ

ਬਜ਼ਾਜ਼ੀ ਆਦ ਦਾ ਵਪਾਰ ਕਰਕੇ ਨਿਰਬਾਹ ਕਰਨ ਲਗੇ। ਜਦ ਭੁਝੰਗੀ ਗੁਰਬਖਸ਼ ਸਿੰਘ ਤਕੜਾ ਹੋਇਆ ਤਾਂ ਪਿੰਡ ਜੌਹਲ ਜ਼ਿਲਾ ਜਾਲੰਧਰ ਦੇ ਇਕ ਨਾਮੀ ਰਾਗੀ ਭਾਈ ਨੰਦ ਸਿੰਘ ਦੀ ਸਪੁਤ੍ਰੀ ਨਾਲ ਇਨ੍ਹਾਂ ਦਾ ਅਨੰਦ ਵਿਵਾਹ ਕਰ ਦਿਤਾ ਗਿਆ। ਵਾਹਿਗੁਰੂ ਨੂੰ ਏਹੋ ਭਾਉਂਦਾ ਸੀ ਕਿ ਗੁਰਬਖਸ਼ ਸਿੰਘ ਨੂੰ ਸ਼ਹੀਦੀ ਲਾੜੀ ਨੇ ਵਰਨਾ ਹੈ, ਇਸ ਲਈ ਇਨ੍ਹਾਂ ਦੀ ਸਿੰਘਣੀ ਮੁਕਲਾਵਾ ਲਿਆਉਣ ਤੋਂ ਪਹਿਲਾਂ ਹੀ ਆਪਣੇ ਪੇਕੇ-ਘਰ ਗੁਜ਼ਰ ਗਈ। ਭਾਈ ਗੁਰਬਖ਼ਸ਼ ਸਿੰਘ ਦੇ ਦਿਲ ਉਤੇ ਸਿੰਘਣੀ ਦੇ ਚੜ੍ਹਾਈ ਕਰ ਜਾਣ ਦਾ ਇਹ ਅਸਰ ਹੋਇਆ ਕਿ ਉਹ ਦਿਨ ਰਾਤ ਇਕ ਕਰਕੇ ਗੁਰਮਤ ਦੇ ਪ੍ਰਚਾਰ ਵਿਚ ਜੁਟ ਪਏ। ਜਿਥੋਂ ਤਕ ਹੋ ਸਕੇ ਹਰ ਇਕ ਦੀਵਾਨ ਉਤੇ ਪਹੁੰਚਣ ਦਾ ਯਤਨ ਕਰਨਾ। ਹਰ ਥਾਂ ਤੇ ਲੋਕਾਂ ਵਿਚ ਸ਼ੁਧੀ ਦਾ ਜ਼ਬਰਦਸਤ ਪ੍ਰਚਾਰ ਕਰਕੇ ਉਨ੍ਹਾਂ ਨੂੰ ਇਸ ਗਲ ਦੇ ਹਾਮੀ ਬਣਾਉਣਾ। ਆਪ ਨੂੰ ਦਿਨ ਰਾਤ ਏਹੋ ਧੁਨ ਲਗੀ ਰਹਿੰਦੀ ਸੀ ਕਿ ਖ਼ਾਲਸਾ ਪੰਥ ਵਿਚ ਕਿਸੇ ਨ ਕਿਸੇ ਤਰ੍ਹਾਂ ਅਭੇਦਤਾ ਦਾ ਆਮ ਪ੍ਰਚਾਰ ਹੋ ਜਾਵੇ ਅਤੇ ਰਹਿਤੀਆਂ, ਰਮਦਾਸੀਆਂ ਅਤੇ ਮਜ਼੍ਹਬੀਆਂ ਨੂੰ ਘਿਰਣਾ ਤੇ ਨਫ਼ਰਤ ਨਾਲ ਵੇਖਣ ਦਾ ਵਤੀਰਾ ਦੂਰ ਹੋ ਜਾਵੇ। ਆਪ ਆਮ ਤੌਰ ਤੇ ਇਹ ਆਖਿਆ ਕਰਦੇ ਸਨ ਕਿ "ਸ਼ਹੀਦੀਆਂ ਬਗ਼ੈਰ ਸਾਡੀ ਜ਼ਾਤੀ ਨੇ ਉਚਿਆਂ ਨਹੀਂ ਹੋਣਾ। ਜਿਨ੍ਹਾਂ ਪਾਪਾਂ ਕਰਕੇ ਸਾਡੀ ਜ਼ਾਤੀ ਐਡੀ ਗਿਰ ਗਈ ਹੈ, ਇਸ ਨੂੰ ਸ਼ੁਧ ਕਰਨ ਲਈ ਸਾਨੂੰ ਜ਼ਰੂਰ ਸ਼ਹੀਦੀਆਂ ਦੇਣੀਆਂ ਪੈਣਗੀਆਂ। ਫਿਰ ਸਾਡੇ ਨਾਲ ਕੋਈ ਨਫ਼ਰਤ ਨਹੀਂ ਕਰੇਗਾ"।

ਕੌਮੀ ਸੇਵਾ ਦਾ ਹਾਲ

ਆਪ ਆਪਣੇ ਪਿਤਾ ਦੇ ਨਾਲ ਹੀ ਬਜ਼ਾਜ਼ੀ ਦੀ ਦੁਕਾਨ ਦਾ ਕੰਮ ਕਾਰ ਕਰਿਆ ਕਰਦੇ ਸਨ, ਪਰ ਬਹੁਤਾ ਸਮਾਂ ਗੁਰਮਤ ਪ੍ਰਚਾਰ ਵਿਚ ਗੁਜ਼ਰਦਾ ਸੀ। ਹਰ ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਨਨਕਾਣੇ ਸਾਹਿਬ ਆ ਕੇ ਦੀਵਾਨ ਸਜਾਂਦੇ ਸਨ। ਆਪ ਦਾ ਵੱਡਾ ਭਰਾ ਭਾਈ ਮੰਗਲ ਸਿੰਘ ਦੀਵਾਨ ਦਾ ਪ੍ਰਬੰਧਕ ਹੋਇਆ ਕਰਦਾ ਸੀ।

ਆਪ ਨੇ ਹੁਣੇ ਹੁਣੇ ਪੰਥਕ ਜੀਵਨ ਵਿਚ ਪੈਰ ਪਾਇਆ ਸੀ। ਵੀਹ ਸਾਲ ਦੀ ਯੁਬਾ ਅਵਸਥਾ ਸੀ। ਅਜੇ ਭਰ ਜੋਬਨ ਦੀ ਅਵਸਥਾ ਆਉਣੀ ਸੀ ਅਤੇ

ਪ੍ਰਚਾਰ ਦੇ ਮੈਦਾਨ ਵਿਚ ਆਪ ਨੇ ਨਿਤਰਨਾ ਸੀ, ਪਰ ਅਕਾਲ ਪੁਰਖ ਨੇ ਪਹਿਲਾਂ ਹੀ ਆਪ ਨੂੰ ਆਪਣੇ ਚਰਨਾਂ ਵਿਚ ਸੱਦ ਲਿਆ। "ਅਫ਼ਸੋਸ ਹੈ ਕਲੀਆਂ ਉਤੇ ਜੋ ਖਿੜਣ ਬਿਨ ਮੁਰਝਾ ਗਈਆਂ"। ਚੰਗੀ ਚੀਜ਼ ਸਭ ਨੂੰ ਪਿਆਰੀ ਲਗਦੀ ਹੈ। ਬੈਕੁੰਠ-ਵਾਸੀ ਜੀਊੜੇ ਭੀ ਅਜਿਹੀਆਂ ਅਮੋਲਕ ਰੂਹਾਂ ਨੂੰ ਛੇਤੀ ਆਪਣੇ ਪਾਸ ਸਦਣਾ ਚਾਹੁੰਦੇ ਹਨ। ਆਪ ਬਾਬੇ ਦੀ ਬੇਰ, ਗੋਜਰੇ ਅਤੇ ਖਰੇ ਸੌਦੇ ਗੁਰਦੁਆਰਿਆਂ ਦੇ ਸੁਧਾਰ ਲਈ ਭਾਈ ਸੰਤਾ ਸਿੰਘ ਨਾਲ ਜਾਂਦੇ ਰਹੇ ਸਨ। ਉਥੇ ਜੋ ਸੇਵਾ ਆਪ ਨੂੰ ਦਿਤੀ ਜਾਂਦੀ ਰਹੀ ਬੜੇ ਪ੍ਰਸੰਨ-ਚਿਤ ਨਾਲ ਨਿਭਾਉਂਦੇ ਰਹੇ।

ਸ਼ਹੀਦੀ

ਜਦ ਦੂਜੇ ਚਾਰ ਸਿੰਘ ਕੋਟਲੇ ਕਾਲਵਾਂ ਨੂੰ ਚਲੇ ਗਏ ਤਾਂ ਉਸ ਸਮੇਂ ਆਪ ਆਪਣੇ ਵਡੇ ਭਰਾ ਭਾਈ ਮੰਗਲ ਸਿੰਘ ਪਾਸ ਚੱਕ ਨੰ: ੯੩ ਨਕੋਦਰ ਵਿਚ ਗਏ ਹੋਏ ਸਨ। ਆਪ ਇਨ੍ਹਾਂ ਦੇ ਤੁਰ ਜਾਣ ਪਿਛੋਂ ਕੋਈ ਘੰਟੇ ਕੁ ਮਗਰੋਂ ਸ਼ਾਹ ਕੋਟ ਆਏ। ਜਦ ਪਿੰਡ ਆਉਂਦੀਆਂ ਹੀ ਪਤਾ ਲਗਾ ਕਿ ਇਨ੍ਹਾਂ ਦੇ ਪਿਆਰੇ ਸਾਥੀ ਸ਼ਹੀਦੀਆਂ ਲਈ ਚਲੇ ਗਏ ਹਨ, ਤਾਂ ਆਪਣੇ ਆਪ ਨੂੰ ਕਹਿਣ ਲਗੇ ਕਿ "ਮੈਂ ਕਿਹਾ ਅਭਾਗਾ ਹਾਂ ਸ਼ਹੀਦੀ ਦੇ ਮੌਕੇ ਤੋਂ ਖੁੰਜ ਗਿਆ ! ਅੱਛਾ ! ਮੈਂ ਭੀ ਹੁਣ ਘਰ ਨਹੀਂ ਟਿਕ ਸਕਦਾ। ਆਪਣੇ ਵੀਰਾਂ ਨਾਲ ਰਲ ਕੇ ਸ਼ਹੀਦੀ ਦਾ ਪ੍ਰਸ਼ਾਦਿ ਲੈ ਕੇ ਹੀ ਛੱਡਾਂਗਾ"। ਇਹ ਗਲਾਂ ਬਾਹਰ ਪਰ੍ਹੇ ਵਿਚ ਆਖ ਕੇ ਭਾ: ਸੰਤਾ ਸਿੰਘ ਦੇ ਘਰ ਆ ਗਏ। ਪ੍ਰਸ਼ਾਦਾ ਛਕਿਆ ਤੇ ਆਪ ਦੇ ਮੂੰਹੋਂ ਸਹਿਜ ਸੁਭੌਂ ਨਿਕਲ ਗਿਆ:— "ਜੋ ਅਜ ਛਕਾਣਾ ਜੇ ਛਕਾ ਲਓ, ਖ਼ਬਰੇ ਮੁੜ ਅਸੀਂ ਪਿੰਡ ਵਿਚੋਂ ਪ੍ਰਸ਼ਾਦਾ ਭੀ ਛਕਣਾ ਹੈ ਕਿ ਨਹੀਂ।" ਇਹ ਬੁਝਾਰਤ ਕਿਸੇ ਨੇ ਨਾ ਬੁਝੀ। ਇਹ ਉਸ ਸਮੇਂ ਕੌਣ ਜਾਣਦਾ ਸੀ ਕਿ ਇਨ੍ਹਾਂ ਸਚ-ਮੁੱਚ ਜਾ ਕੇ ਸ੍ਰੀ ਨਨਕਾਣੇ ਸਾਹਿਬ ਸ਼ਹੀਦ ਹੀ ਹੋ ਜਾਣਾ ਹੈ। ਪ੍ਰਸ਼ਾਦਾ ਛਕ ਕੇ ਭਾਈ ਸੰਤਾ ਸਿੰਘ ਦੀ ਮਾਤਾ ਨੂੰ ਆਖਿਆ ਕਿ ਸੰਤਾ ਸਿੰਘ ਤਾਂ ਭਾਵੇਂ ਆਪ ਤੋਂ ਲੁਕੋ ਰਖਦਾ ਹੋਵੇ, ਪਰ ਮੈਂ ਤੁਹਾਨੂੰ ਸਾਫ਼ ਦਸ ਦਿੰਦਾ ਹਾਂ ਕਿ ਇਨ੍ਹਾਂ ਦਿਨਾਂ ਵਿਚ ਧਰਮ ਅਤੇ ਪਾਪ ਦਾ ਘੋਲ ਹੋ ਰਿਹਾ ਹੈ। ਇਸ ਸਮੇਂ ਗੁਰ-ਸਿਖਾਂ ਦੀਆਂ ਪਵਿੱਤਰ ਸ਼ਹੀਦੀਆਂ ਨਾਲ ਗੁਰਧਾਮਾਂ ਦੇ ਪਾਪਾਂ ਨੂੰ

ਧੋਣਾ ਪਵੇਗਾ। ਅਸੀਂ ਸ਼ਹੀਦ ਹੋਣ ਲਈ ਹਰ ਵੇਲੇ ਤਿਆਰ ਹਾਂ, ਕਿਉਂਕਿ ਸਾਡੀ ਜ਼ਾਤੀ ਆਪਣੇ ਬਜ਼ੁਰਗਾਂ ਦੀਆਂ ਕੁਰਬਾਨੀਆਂ ਤੋਂ ਇਸ ਸਮੇਂ ਪਿਛੇ ਰਹਿ ਰਹਿ ਕੇ ਹੀ ਅੰਤ ਦੀ ਬਾਕੀ ਪਿਛੇ ਰਹਿ ਗਈ ਹੈ। ਬੜੇ ਹਿਤ ਨਾਲ ਸਭ ਨੂੰ ਫ਼ਤਹ ਬੁਲਾ, ਅਰਦਾਸਾ ਸੋਧ ਅਤੇ ਵੈਰਾਗ-ਮਈ ਦ੍ਰਿਸ਼ ਵਿਖਾ ਕੇ ਤੁਰ ਗਏ ਅਤੇ ਕੋਟਲੇ ਕਾਲਵਾਂ ਦੇ ਜਾ ਕੇ ਆਪਣੇ ਸਾਥੀਆਂ ਨਾਲ ਜਾ ਮਿਲੇ ਅਤੇ ਆਖਣ ਲਗੇ ਕਿ "ਭਰਾਓ ! ਤੁਸੀਂ ਤਾਂ ਮੈਨੂੰ ਵਿਛੋੜ ਆਏ ਸੀ ਅਤੇ ਇਕੱਲਿਆਂ ਹੀ ਸ਼ਹੀਦੀਆਂ ਦੇ ਗਫ਼ੇ ਲੁਟਣ ਲਈ ਆ ਗਏ ਸੀ, ਪਰ ਸਾਡਾ ਭੀ ਆਪ ਅਕਾਲ ਪੁਰਖ ਹੈ, ਜਿਸ ਨੇ ਆਪ ਪਾਸ ਪਹੁੰਚਾ ਹੀ ਦਿਤਾ ਹੈ।" ਆਪ ਭੀ ਭਾਈ ਲਛਮਣ ਸਿੰਘ ਜੀ ਦੇ ਜਥੇ ਨਾਲ ਸ਼ਾਮਲ ਹੋ ਕੇ ਤੁਰ ਪਏ।

ਜਿਉਂ ਜਿਉਂ ਮਹੰਤ ਨਰੈਣ ਦਾਸ ਦੀਆਂ ਪੰਥ-ਘਾਤਕ ਸਾਜ਼ਸ਼ਾਂ ਦੀਆਂ ਖ਼ੂੰਨੀ ਖ਼ਬਰਾਂ ਉਡਦੀਆਂ ਸਨ, ਗੁਰੂ ਕੇ ਸੂਰਬੀਰ ਅਕਾਲੀਆਂ ਨੂੰ ਤਿਉਂ ਤਿਉਂ ਚਾਓ ਚੜ੍ਹਦਾ ਜਾਂਦਾ ਸੀ, ਕਿਉਂਕਿ ਉਹ ਸਮਝਦੇ ਸਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ-ਭੂਮੀ ਵਿਚ ਜੋ ਉਪੱਦ੍ਰ ਤੇ ਮਹਾਂ ਪਾਪ ਹੋਏ ਹਨ, ਉਹ ਸ਼ਹੀਦੀ ਲਹੂ ਵਹਾਏ ਬਗ਼ੈਰ ਧੋਤੇ ਨਹੀਂ ਜਾ ਸਕਦੇ ਹਨ। ਜੇ ਪਾਪੀ ਮਹੰਤ ਦੇ ਹਥੋਂ ਧਰਮੀ ਜੀਉੜੇ ਸ਼ਹੀਦ ਹੋਣਗੇ ਤਦ ਹੀ ਇਹ ਪਿਆਰਾ ਗੁਰਧਾਮ ਪਵਿਤ੍ਰ ਹੋਵੇਗਾ।

ਆਪ ਜਦ ੨੦ ਫ਼ਰਵਰੀ ਵਾਲੇ ਦਿਨ ਜਥੇ ਨਾਲ ਰੇਲ ਦੇ ਫਾਟਕ ਪਾਸ ਪੁਜੇ ਤਾਂ ਆਪ ਨੂੰ ਬਾਵਾ ਸੁੰਦਰ ਦਾਸ ਨਿਜ਼ਾਮਪੁਰ ਅਤੇ ਭਾਈ ਇਛਰ ਸਿੰਘ ਜੀ ਸਮੇਤ ਅਗਲ-ਵਾਂਢੀ ਭੱਜਕੇ ਗੁਰਦੁਆਰੇ ਦੇ ਦਰਵਾਜ਼ੇ ਖੁਲ੍ਹੇ ਹੋਣ ਦਾ ਪਤਾ ਲੈਣ ਲਈ ਘਲਿਆ ਗਿਆ। ਆਪ ਆਮ ਕੰਮ ਕਾਜ ਅਤੇ ਨੱਸਣ ਭਜਣ ਵਿਚ ਬੜੇ ਛੋਹਲੇ ਸਨ। ਆਪ ਨੇ ਝਟ ਪਟ ਹੀ ਭਾਈ ਇਛਰ ਸਿੰਘ ਨਾਲ ਵਾਪਸ ਆ ਕੇ ਜਥੇ ਨੂੰ ਪੱਲੇ ਨਾਲ ਇਸ਼ਾਰਾ ਕੀਤਾ ਕਿ ਗੁਰਦੁਆਰੇ ਦੇ ਬੂਹੇ ਖੁਲ੍ਹੇ ਹਨ, ਝਟ ਪਟ ਆ ਜਾਓ।*

---

* ਉਦਾਸੀ ਸੰਤ ਬਾਵਾ ਸੁੰਦਰ ਦਾਸ ਨਜ਼ਾਮਪੁਰੀ ਮੁੜ ਵਾਪਸ ਜਥੇ ਨੂੰ ਪਤਾ ਦੇਣ ਨਹੀਂ ਆਏ ਸਨ, ਸਗੋਂ ਅੰਦਰ ਹੀ ਸ੍ਰੀ ਜਨਮ ਅਸਥਾਨ ਦੀ ਹਜ਼ੂਰੀ ਵਿਚ ਬੈਠ ਗਏ ਅਤੇ ਗੋਲੀ ਚਲਣ ਸਮੇਂ ਕਾਤਲਾਂ ਹਥੋਂ ਜ਼ਖ਼ਮੀ ਹੋ ਕੇ ਸਿਰ ਤੇ ਜਟਾਵਾਂ ਹੋਣ ਕਰਕੇ ਬਚ ਰਹੇ। ਆਪ ਨੇ ਕਤਲ ਦੇ ਮੁਕਦਮੇ ਵਿਚ ਅਕਾਲੀਆਂ ਦੇ ਹਕ ਵਿਚ ਉਗਾਹੀ ਦਿਤੀ ਸੀ।

ਆਪ ਸ਼ਹੀਦੀ ਜਥੇ ਦੇ ਨਾਲ ਹੀ ਮੌਤ ਨੂੰ ਜੀ ਆਇਆਂ ਆਖਦੇ ਹੋਏ ਸ੍ਰੀ ਜਨਮ ਅਸਥਾਨ ਦੇ ਅੰਦਰ ਦਾਖ਼ਲ ਹੋ ਗਏ। ਅੰਦਰ ਵੜਦਿਆਂ ਹੀ ਕਲੇਜਾ ਠੰਡਾ ਠਾਰ ਹੋ ਗਿਆ। ਐਉਂ ਜਾਪੇ ਕਿ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੋਦ ਵਿਚ ਆ ਬੈਠੇ ਹਾਂ, ਪਰ ਦੁਸ਼ਟ ਮਹੰਤ ਨੇ ਪਹਿਲਾਂ ਹੀ ਕਤਲ-ਆਮ ਦੀ ਪੂਰੀ ਪੂਰੀ ਤਿਆਰੀ ਕੀਤੀ ਹੋਈ ਸੀ। ਪਾਪੀ ਭਾੜੇ ਦੇ ਬਦਮਾਸ਼ਾਂ ਨੇ ਬੰਦੂਕਾਂ ਦੀ ਬਾੜ ਝਾੜਨੀ ਸ਼ੁਰੂ ਕਰ ਦਿਤੀ। ਗੁਰੂ ਕੇ ਅਕਾਲੀਆਂ ਨੇ ਛਾਤੀਆਂ ਖੋਲ੍ਹ ਕੇ ਅਗੇ ਰਖ ਦਿਤੀਆਂ। ਨੌਜਵਾਨ ਭੁਝੰਗੀ ਭਾਈ ਗੁਰਬਖਸ਼ ਸਿੰਘ ਜੀ ਵਿਚੇ ਹੀ ਗੋਲੀਆਂ ਅਤੇ ਛਵ੍ਹੀਆਂ ਨਾਲ ਸ਼ਹੀਦ ਹੋ ਗਏ। ਆਪਣੀ ਜਾਤੀ ਨੂੰ ਉੱਚਿਆਂ ਕਰਨ ਦੇ ਖ਼ਿਆਲਾਂ ਨੂੰ ਅਮਲੀ ਤੌਰ ਤੇ ਪੂਰਾ ਕਰਕੇ ਵਿਖਾ ਗਏ। ਜਦ ਸ਼ਹੀਦੀ ਦੀ ਖ਼ਬਰ ਸ਼ਾਹਕੋਟ ਪੁਜੀ, ਤਾਂ ਭਾ: ਗੁਰਬਖ਼ਸ਼ ਸਿੰਘ ਦੇ ਜਾਂਦੀ ਵਾਰੀ ਦੇ ਕਹੇ ਭਵਿਖਤ ਵਾਕਾਂ ਦੇ ਅਰਥ ਸਮਝ ਵਿਚ ਆਉਣ ਲਗੇ।*

—o—

ਭਾਈ ਇੰਦਰ ਸਿੰਘ ਜੀ

ਆਪ ਦਾ ਜਨਮ ਸੰ: ੧੯੫੧ ਬਿ: ਨੂੰ ਮਾਤਾ ਇਛਰ ਕੌਰ ਦੀ ਕੁਖੋਂ ਭਾਈ ਮਹਿਤਾਬ ਸਿੰਘ ਦੇ ਘਰ ਪਿੰਡ ਡਰੋਲੀ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਗੁਰਮੁਖੀ ਪੜ੍ਹੇ ਹੋਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੰਗੇ ਸਰਲ ਪਾਠੀ ਸਨ। ੧੮ ਮਾਘ ਸੰ: ੧੯੬੨ ਬਿ: ਨੂੰ ਬੀਬੀ ਧਨਵੰਤ ਕੌਰ ਸਪੁਤ੍ਰੀ ਭਾਈ ਸ਼ਾਮ ਸਿੰਘ ਨਾਲ ਜੰਡੂ ਸਿੰਘਾ ਜ਼ਿਲਾ ਜਾਲੰਧਰ ਵਿਚ ਅਨੰਦ ਕਾਰਜ ਹੋ ਗਿਆ। ਚੌਦਾਂ ਸਾਲ ਦੀ ਉਮਰ ਵਿਚ ਸਿੰਘਣੀ ਚੜ੍ਹਾਈ ਕਰ ਗਈ। ਫੇਰ ਦੂਜੀ ਵੇਰ ਭਾਈ ਨੰਦ ਸਿੰਘ ਦੀ ਸਪੁਤ੍ਰੀ ਨਾਲ ੨੫ ਜੇਠ ਸੰਮਤ ੧੯੬੯ ਬਿ: ਨੂੰ ਰੱਤਾ ਚੋਆ ਜ਼ਿਲਾ ਲਾਇਲਪੁਰ ਵਿਚ ਅਨੰਦ ਕਾਰਜ ਹੋ ਗਿਆ। ਆਪ ਨੇ ਭਾਈ ਮਹਿਤਾਬ ਸਿੰਘ "ਬੀਰ" ਦੀ ਜਥੇਦਾਰੀ ਥਲੇ ਜ਼ਰਾ ਵਡੇਰੀ ਉਮਰ ਵਿਚ ਹੀ ਅੰਮ੍ਰਿਤ ਛਕਿਆ ਸੀ।

ਬਾਬੇ ਦੀ ਬੇਰ, ਖਰੇ ਸੌਦੇ, ਗੋਜਰੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ

* ਕਮੇਟੀ ਨੇ ਆਪ ਦੇ ਪਿਤਾ ਭਾਈ ਚੰਦਾ ਸਿੰਘ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸ ਦਾ ੨੧-੭-੨੨ ਤੋਂ ੩੧-੧੧-੩੭ ਤਕ ੧੪੮੯) ਰੁਪਏ ਜੋੜ ਬਣਦਾ ਹੈ।

ਕਬਜ਼ਿਆਂ ਸਮੇਂ ਆਪ ਭਜ ਭਜ ਕੇ ਬੜੇ ਉਤਸ਼ਾਹ ਨਾਲ ਜਥਿਆਂ ਵਿਚ ਸ਼ਾਮਲ ਹੋਕੇ ਸੇਵਾ ਕਰਦੇ ਰਹੇ।

ਆਪ ਨੇ ਬਜ਼ਾਜ਼ੀ ਦੀ ਦੁਕਾਨ ਪਾਈ ਹੋਈ ਸੀ ਤੇ ਉਸ ਦੇ ਨਾਲ ਦਰਜ਼ੀ ਦਾ ਕੰਮ ਭੀ ਕਰਦੇ ਸਨ। ਆਪ ਕੋਈ ਸਤਿਜੁਗੀ ਜੀਵੜੇ ਸਨ। ਛਲ ਕਪਟ ਤੋਂ ਰਹਿਤ, ਨਿਤਨੇਮੀ ਤੇ ਰਹਿਤਵਾਨ ਗੁਰੂ ਦੇ ਭਰੋਸੇ ਵਾਲੇ ਸਿਖ ਸਨ। ੯ ਫਗਣ ਨੂੰ ਤੁਰਨ ਸਮੇਂ ੩।) ਰੁਪਏ ਗੱਲੇ ਵਿਚੋਂ ਲੈ ਕੇ ਜੇਬ ਵਿਚ ਪਾ ਲਏ ਅਤੇ ਕੁੰਜੀਆਂ ਭਤੀਜੇ ਨੂੰ ਸੌਂਪ ਕੇ ਜਥੇ ਨਾਲ ਤੁਰ ਪਏ। ੨੦ ਫ਼ਰਵਰੀ ਵਾਲੇ ਦਿਨ ਸ੍ਰੀ ਨਨਕਾਣੇ ਸਾਹਿਬ ਪੁਜਕੇ ਸ਼ਹਾਦਤ ਦੀ ਦੇਵੀ ਉਤੋਂ ਆਪਣਾ ਆਪ ਕੁਰਬਾਨ ਕਰ ਦਿਤਾ।*

ਭਾਈ ਗੁਲਾਬ ਸਿੰਘ ਜੀ

ਆਪ ਦਾ ਜਨਮ ਮਹੀਨਾ ਹਾੜ ਸੰਮਤ ੧੯੪੦ ਬਿ: ਨੂੰ ਬੀਬੀ ਰਲੀ ਦੀ ਕੁਖੋਂ ਭਾਈ ਹੀਰਾ ਸਿੰਘ ਦੇ ਘਰ ਪਿੰਡ ਸੈਨਾਬਾਦ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਤਿੰਨ ਭਰਾ ਸਨ:—੧. ਭਾਈ ਹਰਨਾਮ ਸਿੰਘ, ੨. ਭਾਈ ਈਸ਼ਰ ਸਿੰਘ, ੩. ਭਾਈ ਗੁਲਾਬ ਸਿੰਘ। ਆਪਣੇ ਤਾਏ ਦੇ ਪੁਤ ਭਰਾ ਭਾਈ ਮੱਈਆ ਸਿੰਘ ਪਾਸੋਂ ਛੋਟਿਆਂ ਹੁੰਦਿਆਂ ਹੀ ਗੁਰਮੁਖੀ ਪੜ੍ਹ ਲਈ। ਪੜ੍ਹਣ ਦਾ ਬੜਾ ਹੀ ਸ਼ੌਕ ਸੀ। ਇਸ ਦੇ ਪਿੱਛੋਂ ਸੰਤਾਂ ਮਹਾਤਮਾਂ ਦਾ ਸੰਗ ਕਰ ਕੇ ਆਪ ਛੇਤੀ ਹੀ ਸੰਸਕ੍ਰਿਤ ਦੇ ਭੀ ਚੰਗੇ ਵਿਦਵਾਨ ਹੋ ਗਏ।

ਅਠਾਰਾਂ ਸਾਲ ਦੀ ਉਮਰ ਵਿਚ ਬੀਬੀ ਆਤਮਾ ਕੌਰ ਸਪੁਤ੍ਰੀ ਭਾਈ ਸੁੰਦਰ ਸਿੰਘ ਨਾਲ ਬੰਡਾਲੇ ਜ਼ਿਲਾ ਜਾਲੰਧਰ ਵਿਚ ਅਨੰਦ ਕਾਰਜ ਹੋ ਗਿਆ। ਸ਼ਹੀਦ ਹੋਣ ਸਮੇਂ ਕੇਵਲ ਇਕ ਕਾਕਾ ਭਾਈ ਕਰਮ ਸਿੰਘ ਕੋਈ ਸਤਾਂ ਕੁ ਸਾਲਾਂ ਦਾ ਸੀ।

ਸਾਕੇ ਤੋਂ ਪੰਜ ਕੁ ਸਾਲ ਪਹਿਲਾਂ ਭਾ: ਮਹਿਤਾਬ ਸਿੰਘ ਜੀ 'ਬੀਰ' ਨਾਲ ਮਿਲਕੇ ਧਰਮ ਪ੍ਰਚਾਰ ਕਰਨ ਦੀ ਬਿਨਾਂ ਤਨਖਾਹ ਦੇ ਪ੍ਰੇਮ ਸਹਿਤ ਸੇਵਾ ਕਰਦੇ ਰਹੇ ਅਤੇ ਉਦਰ-ਪੂਰਨਾ ਲਈ ਤਾਣੀਆਂ ਉਣਨ ਅਤੇ ਦਰਜ਼ੀ ਦਾ ਕੰਮ ਕਰਦੇ

*ਕਮੇਟੀ ਨੇ ੧੦੦੦) ਕਰਜ਼ਾ ਉਤਾਰਿਆ। ਮਾਤਾ ਇਛਰ ਕੌਰ, ਸੁਪਤਨੀ ਬੀਬੀ ਧਨਵੰਤ ਕੌਰ, ਦੁਖਭੰਜਨ ਸਿੰਘ ਤੇ ਅਚਲ ਸਿੰਘ ਲੜਕਿਆਂ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸਦਾ ਜੋੜ ੧੮-੫-੨੧ ਤੋਂ ੩੧-੧੦-੩੭ ਤਕ ੩੭੯੦) ਰੁਪਏ ਬਣਦਾ ਹੈ।

ਸਨ। ਆਪ ਉਸ ਸਮੇਂ ਆਪਣੇ ਇਲਾਕੇ ਵਿਚ ਚੰਗੇ ਧੜਲੇਦਾਰ ਉਪਦੇਸ਼ਕ ਸਨ। ਬਹਿਸ ਮੁਬਾਹਸੇ ਵਿਚ ਬਹੁਤ ਘਟ ਉਪਦੇਸ਼ਕ ਆਪ ਦਾ ਮੁਕਾਬਲਾ ਕਰਿਆ ਕਰਦੇ ਸਨ। ਗੁਰਮਤ ਪ੍ਰਚਾਰ ਤੋਂ ਬਿਨਾਂ ਆਪ ਕੀਰਤਨ ਭੀ ਬੜਾ ਰਸੀਲਾ ਕਰਿਆ ਕਰਦੇ ਸਨ।

ਆਪ ਬੜੇ ਸਿਰੜੀ ਅਤੇ ਹੱਠੀ ਸੁਭੱਾ ਦੇ ਮਾਲਕ ਸਨ। ਸ਼ਾਹ ਕੋਟ ਵਿਚ ਉਸ ਸਮੇਂ ਹਿੰਦੂ ਇਨ੍ਹਾਂ ਨੂੰ ਗੁਰਦੁਆਰੇ ਵਿਚ ਵੜਨ ਨਹੀਂ ਦਿਆ ਕਰਦੇ ਸਨ। ਆਪਨੇ ਆਪਣੇ ਘਰ ਹੀ ਚੁਬਾਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਦੀਵਾਨ ਲਾ ਲਿਆ ਕਰਨਾ ਅਤੇ ਗਜ ਵਜ ਕੇ ਡੰਕੇ ਦੀ ਚੋਟ ਨਾਲ ਗੁਰਸਿਖੀ ਦਾ ਪ੍ਰਚਾਰ ਕਰਿਆ ਕਰਨਾ। ਆਪ ਦੇ ਦਿਲ ਵਿਚ ਕੌਮ ਅਤੇ ਪੰਥ ਦੀ ਭਲਿ-ਆਈ ਲਈ ਬੜੀ ਭਾਰੀ ਤੜਪ ਸੀ।

ਗੁਰਦੁਆਰਾ ਬਾਬੇ ਦੀ ਬੇਰ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਖਰੇ ਸੌਦੇ ਦੇ ਕਬਜ਼ਿਆਂ ਸਮੇਂ ਆਪ ਨੇ ਬੜੀ ਪ੍ਰੇਮ ਨਾਲ ਮੋਹਡਾ ਡਾਹ ਕੇ ਸੇਵਾ ਕੀਤੀ।

ਭਾਈ ਲਛਮਣ ਸਿੰਘ ਜੀ ਜਥੇਦਾਰ ਧਾਰੋਵਾਲੀ ਜਿੱਥੇ ਭੀ ਇਲਾਕੇ ਵਿਚ ਸ਼ੁਧੀ ਦਾ ਪ੍ਰਚਾਰ ਕਰਿਆ ਕਰਦੇ ਸਨ, ਆਪ ਉਥੇ ਹੀ ਮੋਹਰੀਆਂ ਵਿਚ ਹੋ ਕੇ ਅੰਮ੍ਰਿਤ ਛਕਾਉਣ ਵਾਲਿਆਂ ਵਿਚ ਸ਼ਾਮਲ ਹੋਇਆ ਕਰਦੇ ਸਨ।

ਜਥੇ ਨਾਲ ਤੁਰਨ ਸਮੇਂ ਆਪ ਦੀ ਮਾਤਾ ਨੇ ਆਖਿਆ ਕਿ "ਬੱਚਾ ! ਜ਼ਰਾ ਪਾਜਾਮਾਂ ਮੈਲਾ ਹੈ ਧੋ ਲੈਣਾ ਸੀ, ਐਵੇਂ ਬੁਰਾ ਜਿਹਾ ਲਗਦਾ ਹੈ; ਤਾਂ ਆਪ ਨੇ ਹੱਸ ਕੇ ਮਾਤਾ ਨੂੰ ਉੱਤ੍ਰ ਦਿਤਾ ਕਿ "ਮਾਂ ਜੀ ਇਹ ਪਾਜਾਮਾਂ ਹੁਣ ਸ਼ਹੀਦੀ ਖ਼ੂਨ ਨਾਲ ਹੀ ਸ੍ਰੀ ਨਨਕਾਣੇ ਸਾਹਿਬ ਚਲਕੇ ਧੁਪੇਗਾ"। ਉਹ ਇਹ ਬਚਨ ਸੁਣ ਕੇ ਦ੍ਰਵ ਗਏ ਅਤੇ ਵਾਹਿਗੁਰੂ ਵਾਹਿਗੁਰੂ ਆਖਣ ਲਗ ਪਏ।

ਆਪ ਨੇ ੨੦ ਫ਼ਰਵਰੀ ਵਾਲੇ ਦਿਨ ਆਪਣੇ ਸਾਥੀਆਂ ਸਮੇਤ ਗੁਰਦੁ-ਆਰਾ ਸ੍ਰੀ ਜਨਮ ਅਸਥਾਨ ਦੀ ਚਾਰ ਦੀਵਾਰੀ ਅੰਦਰ ਸ਼ਾਂਤ-ਮਈ ਰਹਿਕੇ ਆਪਣੇ ਸੀਨੇ ਵਿਚ ਜ਼ਾਲਮਾਂ ਦੀਆਂ ਗੋਲੀਆਂ ਸਹਾਰੀਆਂ ਅਤੇ ਜਥੇਦਾਰ ਦੇ ਹੁਕਮ ਅਨੁਸਾਰ ਜ਼ਾਲਮ ਅਤੇ ਕਾਤਲ ਉਤੇ ਉਕਾ ਹੀ ਕੋਈ ਵਾਰ ਨ ਕੀਤਾ।*

* ਕਮੇਟੀ ਨੇ ਕਰਜ਼ਾ ਉਤਾਰਨ ਲਈ ੨੧-੧੨-੨੫ ਤੋਂ ੩੧-੧੨-੨੬ ਤਕ ੭੦੦) ਰੁਪਏ ਬੈਂਕ ਵਿਚ ਜਮਾਂ ਕਰਾ ਕੇ ਕਰਜ਼ਾ ਉਤਾਰ ਦਿਤਾ।

ਸ਼ਹੀਦਾਂ ਦੀ ਯਾਦਗਾਰ


ਪਵੈ ਕਬੂਲੁ ਖਸੰਮ ਨਾਲਿ ਜਾ ਘਾਲ ਮਰਦੀ ਘਾਲੀ ।



ਜਰਗ ਦੇ ਸ਼ਹੀਦ

ਬਬਰਸ਼ੇਰ, ਭਾਈ ਕੇਹਰ ਸਿੰਘ ਜੀ ਸ਼ਹੀਦ


ਜ ਸੂਰਾ ਤਿਸ ਹੀ ਹੋਇ ਮਰਣਾ, ਜੋ ਭਾਗੈ ਤਿਸੁ ਜੋਨੀ ਫਿਰਣਾ ।



ਹੈ ਭਵਜਲ ਭੁਰਨਾਲਾ । ਵਾਲਹੁ ਨਿੱਕਾ ਆਖੀਐ ਗੁਰ ਪੰਥ ਨਿਰਾਲਾ

ਸਭ ਤੋਂ ਪਹਿਲਾ ਸ਼ਹੀਦ ਗੰਜ

ਜਿਨ ਹਰਿ ਅਰਥਿ ਸਰੀਰੁ ਲਗਾਇਆ, ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ ।
ਹਲਤਿ ਪਲਤਿ ਹਰਿ ਸੋਭਾ ਪਾਵਹਿ, ਹਰਿ ਰੰਗੁ ਲਗਾ ਮਨਿ ਗੂੜਾ ।



ਇਹ ਸ਼ਹੀਦ ਗੰਜ ਸਭ ਤੋਂ ਪਹਿਲਾਂ ਧਨੁਆਣਾ ਚਕ ਨੰਬਰ ੯੧ ਦੀ ਸੰਗਤ ਨੇ ਸ੍ਰੀ ਨਨਕਾਣੇ ਸਾਹਿਬੋਂ ਸ਼ਹੀਦਾਂ ਦੀਆਂ ਅਸਥੀਆਂ ਤੇ ਰਾਖ ਲੈ ਜਾਕੇ ਆਪਣੇ ਨਗਰ ਵਿਚ ਕਾਇਮ ਕੀਤਾ ।

ਨੋਟ ਸ਼ੇਰ ਸਿੰਘ ਪਾਸੋਂ *ਲਧੂ ਨੇ ਖੋਹ ਲਿਆ ਭਾਈ ਸੁੰਦਰ ਸਿੰਘ ਹੁਰਾਂ ਦੀਆਂ ਮੌਰਾਂ ਵਿਚ ਜੋੜ ਕੇ ਕੁਹਾੜੀ ਮਾਰੀ । ਉਹ ਵਾਹਿਗੁਰੂ ! ਵਾਹਿਗੁਰੂ ਉਚਾਰਦੇ ਜ਼ਮੀਨ ਤੇ ਡਿਗ ਪਏ, ਜਦ ਉਸ ਨੇ ਪੈਰ ਦੇ ਪੱਬ ਦਾ ਉੜੱਤਣਾ ਦੇ ਕੇ ਕੁਹਾੜੀ ਪੁਟੀ ਤਾਂ ਦੋ ਬੰਦਿਆਂ ਜਿੰਨੀ ਉੱਚੀ ਲਹੂ ਦੀ ਧਾਰ ਵਗੀ, ਜੋ ਗੁਰ-ਦੁਆਰਾ ਜਨਮ ਅਸਥਾਨ ਦੇ ਮੰਦਰ ਦੀ ਕਾਨਸ ਨੂੰ ਜਾ ਲਗੀ ਸੀ । ਦੌਲੇ ਨਾਈ ਨੇ ਲੰਗੋਟਾ ਕਸਿਆ ਹੋਇਆ ਸੀ । ਉਸਨੇ ਆਪਨੂੰ ਕੇਸਾਂ ਤੋਂ ਧੂਹ ਕੇ ਅੱਗ ਦੇ ਢੇਰ ਤੇ ਲੈ ਜਾ ਸੁਟਿਆ ਤੇ ਉਥੇ ਦੂਜੇ ਸਾਥੀਆਂ ਦੇ ਨਾਲ ਹੀ ਹੋਲਾਂ ਵਾਂਗ ਭੁੰਨ ਸੁਟਿਆ।†

ਨਗਰ ਨੇ ਸ਼ਹੀਦ ਗੰਜ ਬਨਾਉਣਾ

ਇਸ ਨਗਰ ਦੇ ਦਸਾਂ ਸਿੰਘਾਂ ਦੀਆਂ ਸ਼ਹੀਦੀਆਂ ਪਿਛੋਂ ਕੋਈ ਤਿੰਨੀ ਕੁ ਸਾਲੀਂ ਬਾਦ ਮਾਘੀ ਦਾ ਦੀਵਾਨ ਸਜਿਆ । ਗਿਆਨੀ ਇੰਦਰ ਸਿੰਘਜੀ ਹੈਡ ਗ੍ਰੰਥੀ ਸ੍ਰੀ ਮਾਲ ਜੀ ਸਾਹਿਬ ਇਥੇ ਆਏ ਹੋਏ ਸਨ । ਉਨ੍ਹਾਂ ਨੇ ਸਾਰੇ ਨਗਰ ਨਿਵਾਸੀਆਂ ਨੂੰ ਇਕੱਤ੍ਰ ਕਰਕੇ ਪ੍ਰੇਰਨਾ ਕੀਤੀ ਕਿ ਸਾਰੇ ਪਿੰਡ ਨੂੰ ਮਿਲ ਕੇ ਇਥੇ ਸ਼ਹੀਦਾਂ ਦੀ ਯਾਦਗਾਰ ਵਿਚ ਇਕ ਸ਼ਹੀਦ ਗੰਜ ਬਣਾਉਣਾ ਚਾਹੀਦਾ ਹੈ । ਹਰ ਇਕ ਸ਼ਹੀਦ ਦੇ ਵਾਰਸ ਨੇ ਇਕ ਇਕ ਸੌ ਰੁਪਿਆ ਪਾ ਕੇ ਇਕ ਹਜ਼ਾਰ ਰੁਪਿਆ ਜਮਾਂ ਕਰ ਦਿਤਾ ਅਤੇ ਬਾਕੀ ਨਗਰ ਨੇ ਇਕ ਹਜ਼ਾਰ ਹੋਰ ਉਗਰਾਹੀ ਨਾਲ ਇਕੱਠਾ ਕਰਕੇ ਇਸੇ ਦਿਨ ਪੰਜਾਂ ਪਿਆਰਿਆਂ ਦੇ ਹਥੋਂ ਸ਼ਹੀਦ ਗੰਜ ਦੀ ਨੀਂਹ ਰਖਾ ਦਿਤੀ ਅਤੇ ਸ੍ਰੀ ਨਨਕਾਣਾ ਸਾਹਿਬ ਤੋਂ ਸ਼ਹੀਦਾਂ ਦੀਆਂ ਅਸਤੀਆਂ ਤੇ ਭਭੂਤੀ ਲਿਆ ਕੇ ਅੰਦਰ ਦਬੀ ਗਈ। ਸ਼ਹੀਦਾਂ ਦੀ ਬਰਕਤ ਨਾਲ ਬੜਾ ਸ਼ਾਨਦਾਰ ਸ਼ਹੀਦ ਗੰਜ ਤਿਆਰ ਹੋ ਗਿਆ । ਇਹ ਸਭ ਤੋਂ ਪਹਿਲਾ ਸ਼ਹੀਦ ਗੰਜ ਹੈ, ਜੋ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦਗਾਰ ਵਿਚ ਬਣਿਆ । ਸਾਰੇ ਸ਼ਹੀਦਾਂ ਦੇ ਨਾਮ ਸੰਗ-ਮਰਮਰ ਦੀ ਸਿਲ ਉਤੇ ਉੱਕਰ ਕੇ ਕੰਧ ਵਿਚ ਲਾਏ ਹੋਏ ਹਨ । ਇਸ ਦੇ ਬਣਨ ਦਾ ਲੋਕਾਂ ਵਿਚ ਬੜਾ ਉਤਸ਼ਾਹ ਵਧਿਆ ।

---

*ਮੁਕੱਦਮਾ ਕਤਲ ਵਿਚ ਲੱਧੂ ਵਾਹਦਾ ਮਾਫ਼ ਗਵਾਹ ਬਣਿਆ ਸੀ ।

†ਕਮੇਟੀ ਨੇ ੫੦੨॥) ਰੁਪਏ ਕਰਜ਼ਾ ਉਤਾਰਿਆ । ਬੀਬੀ ਮਾਹੋ ਤੇ ਹਰਨਾਮ ਕੌਰ ਦੋਵਾਂ ਸੁਪਤਨੀਆਂ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸਦਾ ਜੋੜ ੭-੨-੨੨ ਤੋਂ ੨੮-੨-੩੮ ਤਕ ੩੧੭੧) ਰੁਪਏ ਬਣਦਾ ਹੈ ।

ਭਾ: ਹੀਰਾ ਸਿੰਘਜੀ ਨੇ ਇਕ ਸੌ ਰੁਪਏ ਦਾ ਸਰਬ-ਲੋਹ ਦਾ ਬਤਾਲੀ ਹਥ ਲੰਮਾ ਨਿਸ਼ਾਨ ਸਾਹਿਬ ਚੜ੍ਹਾਇਆ। ਜੋ ਤਿੰਨਾਂ ਚਵ੍ਹਾਂ ਮੀਲਾਂ ਤੋਂ ਦੂਰੋਂ ਹੀ ਝੂਲਦਾ ਨਜ਼ਰ ਆਉਂਦਾ ਹੈ।

ਇਥੇ ਹਰ ਸਾਲ ਸ਼ਹੀਦੀ ਜੋੜ ਮੇਲਾ ਲਗਦਾ ਹੈ। ਲਾਗੇ ਬੰਨੇ ਬਾਹਰੇ ਵਿਚ ਸ਼ਹੀਦਾਂ ਦੀ ਬੜੀ ਭਾਰੀ ਮਨੌਤ ਹੈ। ਹਰ ਐਤਵਾਰ ਨੂੰ ਸੁਖਣਾ ਤੇ ਮਨੌਤਾਂ ਵਾਲੇ ਦੁਧ ਚੜ੍ਹਾਉਂਦੇ ਤੇ ਰਾਤ ਨੂੰ ਘਿਉ ਦੇ ਦੀਵੇ ਜਗਾਉਂਦੇ ਹਨ। ਤਿੰਨਾਂ ਤਿੰਨਾਂ ਮੀਲਾਂ ਤੋਂ ਲੋਕੀ ਮਾਨਤਾ ਵਾਲੇ ਆ ਕੇ ਆਪਣੀਆਂ ਮਨੋ-ਕਾਮਨਾਂ ਪੂਰੀਆਂ ਕਰਕੇ ਚੜ੍ਹਾਵੇ ਚੜ੍ਹਾਉਂਦੇ ਹਨ।

——o——

ਭਾਈ ਸੋਹਣ ਸਿੰਘ ਜੀ

ਆਪ ਦਾ ਜਨਮ ਸੰ: ੧੮੯੦ ਈ: ਵਿਚ ਮਾਤਾ ਗਾਬੋ ਦੀ ਕੁਖੋਂ ਭਾਈ ਸ਼ੇਰ ਸਿੰਘ ਦੇ ਘਰ ਡੀਂਗਰੀਆਂ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਛੇ ਭੈਣ ਭਰਾ ਸਨ:—੧. ਭਾਈ ਜਵੰਦ ਸਿੰਘ, ੨. ਬੀਬੀ ਪ੍ਰਤਾਪ ਕੌਰ, ੩. ਭਾਈ ਪ੍ਰਤਾਪ ਸਿੰਘ, ੪. ਭਾਈ ਹਰਨਾਮ ਸਿੰਘ, ੫. ਬੀਬੀ ਹਰਨਾਮ ਕੌਰ, ੬. ਭਾਈ ਸੋਹਣ ਸਿੰਘ।

ਆਪ ਦਾ ਵਿਆਹ ਭਾਈ ਪਾਲ ਸਿੰਘ ਜੀ ਦੀ ਪੁਤ੍ਰੀ ਬੀਬੀ ਰੂੜੀ ਨਾਲ ਖੰਚੀ ਵਾਲੇ ਢਡੇ ਹੋਇਆ। ਸ਼ਹੀਦੀ ਦੇ ਛੇ ਮਹੀਨੇ ਪਿਛੋਂ ਇਕ ਲੜਕੀ ਹੋਈ ਤੇ ਗੁਜ਼ਰ ਗਈ। ਆਪ ਦੇ ਨਾਨਕੇ ਸੂਸਾਂ ਜ਼ਿਲਾ ਹੁਸ਼ਿਆਰਪੁਰ ਵਿਚ ਹਨ।

ਆਪ ਦਾ ਰੰਗ ਕਣਕ-ਭਿੰਨਾ, ਚਿਹਰਾ-ਮੋਹਰਾ ਖ਼ੂਬਸੂਰਤ, ਸੁਭੱਾ ਅਣਖੀ, ਸ੍ਰੀਰ ਚੰਗਾ ਮੋਟਾ ਤਾਜ਼ਾ ਤਾਕਤਵਰ ਸੀ। ਇੱਕੀ ਮਣ ਕੱਚੇ ਦੀ ਮੁੰਗਲੀ ਜ਼ਮੀਨ ਉਤੇ ਅਤੇ ਬਾਰਾਂ ਮਣ ਕਚੇ ਦੀ ਮੁੰਗਲੀ ਪਟੜੀ ਤੇ ਖੜੋ ਕੇ ਚੁਕ ਲਿਆ ਕਰਦੇ ਸਨ, ਇਨ੍ਹਾਂ ਦੇ ਮੁਕਾਬਲੇ ਵਿਚ ਨੇੜੇ ਤੇੜੇ ਇਲਾਕੇ ਵਿਚ ਕੋਈ ਇਹ ਕਰਤਬ ਨਹੀਂ ਕਰ ਸਕਦਾ ਸੀ। ਨਿਕੀਆਂ ਮੁੰਗਲੀਆਂ ਦੇ ਜੋੜੇ ਪਹਿਰ ਪਹਿਰ ਪੱਕਾ ਫੇਰਦਿਆਂ ਰਹਿਣਾ ਤੇ ਕਦੇ ਥੱਕ ਨ ਜਾਣਨਾ। ਭਜਣ ਅਤੇ ਲਾਠੀ ਚਲਾਉਣ ਵਿਚ ਭੀ ਬਹੁਤ ਹੁਸ਼ਿਆਰ ਸਨ।

ਸੋਲਾਂ ਸਾਲ ਦੀ ਉਮਰ ਵਿਚ ਪਲਟਨ ਨੰਬਰ ੭੬ ਵਿਚ ਨੌਕਰ ਹੋਕੇ ਅਟਕ ਚਲੇ ਗਏ। ਉਥੇ ਹੀ ਗੁਰਮੁਖੀ ਪੜ੍ਹੀ ਤੇ ਅੰਮ੍ਰਿਤ ਛਕਿਆ। ਇਸ ਤੋਂ ਪਹਿਲਾਂ ਨਾਮ ਦਾਰਾ ਸਿੰਘ ਹੁੰਦਾ ਸੀ। ਪੰਜ ਸਾਲ ਪਲਟਨ ਦੀ ਨੌਕਰੀ ਕੀਤੀ, ਪਿੱਛੋਂ ਘਰ ਦਾ ਕੰਮ ਨ ਚਲੇ, ਘਰ ਦਿਆਂ ਦੇ ਖਿਚ ਨਾਲ ਲਿਖਨ ਤੇ ਨਾਮ ਕਟਾ ਆਏ। ਦੋ ਸਾਲ ਚੰਗੀ ਘੁੰਕਰੀਂ ਵਾਹੀ ਕੀਤੀ। ਇੰਨੇ ਚਿਰ ਨੂੰ ਜਰਮਨ ਦੀ ਲੜਾਈ ਲਗ ਗਈ, ਤਾਂ ਫੇਰ ਪਲਟਨ ਨੰਬਰ ੨੭ ਵਿਚ ਜਾ ਭਰਤੀ ਹੋਏ। ਫ਼ਰਾਂਸ ਦੇ ਮੋਰਚੇ ਵਿਚ ਗਏ, ਮੈਦਾਨਿ-ਜੰਗ ਵਿਚ ਪਲਟਨ ਨੰਬਰ ੫੮ ਦਾ ਕਮਾਨ ਅਫ਼ਸਰ ਫਟੜ ਹੋ ਕੇ ਡਿਗ ਪਿਆ, ਉਸ ਨੂੰ ਮੋਢਿਆਂ ਤੇ ਚੁਕ ਕੇ ਵਰ੍ਹਦੀਆਂ ਗੋਲੀਆਂ ਵਿਚ ਹਸਪਤਾਲ ਲੈ ਆਏ। ਉਸ ਸਾਹਿਬ ਨੇ ਆਖਿਆ ਕਿ "ਸੋਹਣ ਸਿੰਘ ਹਮ ਰਾਜ਼ੀ ਹੋਨੇ ਪਰ ਤੁਮ ਕੋ ਸ੍ਰਕਾਰ ਕੇ ਘਰ ਸੇ ਬੜਾ ਇਨਾਮ ਦਿਵਾਏਗਾ"; ਪਰ ਉਹ ਸਾਹਬ ਅਗਲੇ ਦਿਨ ਹੀ ਹਸਪਤਾਲ ਵਿਚ ਚੜ੍ਹਾਈ ਕਰ ਗਿਆ। ਇਨ੍ਹਾਂ ਦੀ ਖ਼ਬੀ ਬਾਂਹ ਤੇ ਬੰਬ ਵੱਜਾ ਤੇ ਬਾਂਹ ਆਰੀ ਹੋ ਗਈ। ੮) ਰੁਪਏ ਮਹੀਨਾ ਪਿੰਨਸ਼ਨ ਲੈ ਕੇ ਘਰ ਆ ਗਏ। ਆਪ ੨੫ ਸਾਲ ਦੀ ਉਠਦੀ ਜਵਾਨੀ ਵਿਚ ਹੀ ਸ਼ਹੀਦੀਆਂ ਪ੍ਰਾਪਤ ਕਰ ਗਏ।

ਸਰੀਰ ਵਿਚ ਇਤਨਾ ਬੇ-ਸਤਾ ਪਹਿਲਵਾਨੀ ਬਲ ਤੇ ਤਾਣ ਹੁੰਦਿਆਂ ਹੋਇਆਂ ਭੀ ਕਿਸੇ ਨੂੰ ਜਰਾ ਜਿੰਨੀ ਭੀ ਅਵਾਂ ਨ ਪਹੁੰਚਾਈ। ਪੂਰਨ ਸ਼ਾਂਤ ਮਈ ਦੇ ਪ੍ਰਨ ਨੂੰ ਨਿਭਾਉਂਦਿਆਂ ਹੋਇਆਂ ਆਪਣੇ ਆਪ ਦਾ ਬਲੀ ਦਾਨ ਕਰ ਦਿਤਾ।*

—o—

ਭਾਈ ਹੁਕਮ ਸਿੰਘ ਜੀ

ਆਪ ਦਾ ਜਨਮ ਪਿੰਡ ਹਜ਼ਾਰਾ ਜ਼ਿਲਾ ਜਾਲੰਧਰ ਵਿਚ ਨਾਨਕੇ ਘਰ ਮਾਤਾ ਹਰ ਕੌਰ ਦੀ ਕੁਖੋਂ ਢਿਲੋਂ ਖ਼ਾਨਦਾਨ ਵਿਚ ਹੋਇਆ। ਆਪ ਦੇ ਪਿਤਾ ਦਾ ਨਾਮ ਭਾ: ਘਨ੍ਹਈਆ ਸਿੰਘ ਸੀ। ਆਪ ਪੰਜ ਭਰਾ ਸਨ—੧. ਭਾਈ ਹੁਕਮ ਸਿੰਘ,

* ਕਮੇਟੀ ਨੇ ੬੬੩) ਰੁਪਏ ਕਰਜ਼ਾ ਉਤਾਰਿਆ ਅਤੇ ਪਿਤਾ ਸ਼ੇਰ ਸਿੰਘ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸਦਾ ਜੋੜ ੭-੨-੨੨ ਤੋਂ ੧੧-੧੧-੩੧ ਤਕ ੮੮੫) ਰੁਪਏ ਬਣਦਾ ਹੈ। ਇਸੇ ਤਾਰੀਖ਼ ਨੂੰ ਭੁਗਤਰ ਜਾਣ ਤੇ ਪਿੰਨਸ਼ਨ ਬੰਦ ਹੋ ਗਈ।

੨. ਭਾਈ ਨਗੀਨਾ ਸਿੰਘ, ੩. ਭਾ: ਬਤਨ ਸਿੰਘ, ੪. ਭਾਈ ਜਵਾਲਾ ਸਿੰਘ, ੫. ਭਾਈ ਬਿਸ਼ਨ ਸਿੰਘ।

ਆਪ ਨਿਕੇ ਹੁੰਦੇ ਕੁਝ ਸਮਾਂ ਆਪਣੇ ਨਾਨੇ ਭਾਈ ਸ਼ਾਮ ਸਿੰਘ ਪਾਸ ਰਹੇ। ਆਪ ਦੇ ਨਾਨਾ ਜੀ ਬੜੇ ਗੁਰਮੁਖ ਅਤੇ ਵਿਦਵਾਨ ਸਨ, ਪ੍ਰੰਤੂ ਇਹ ਪ੍ਰਮਾਤਮਾਂ ਦੀ ਅਸਚਰਜ ਖੇਡ ਹੈ ਕਿ ਆਪ ਉਨ੍ਹਾਂ ਦੀ ਸੰਗਤ ਵਿਚ ਰਹਿੰਦੇ ਹੋਏ ਭੀ ਅਨ-ਪੜ੍ਹ ਹੀ ਰਹੇ। ਜ਼ਰਾ ਕੁ ਵਡੇਰੀ ਉਮਰ ਦੇ ਹੋਏ ਤਾਂ ਆਪਣੇ ਪਿੰਡ ਡੀਂਗਰੀਆਂ ਜ਼ਿਲਾ ਜਾਲੰਧਰ ਵਿਚ ਆ ਗਏ। ਪਿੰਡ ਡੀਂਗਰੀਆਂ ਢਿਲੋਂ ਜੱਟ ਸਿਖਾਂ ਦਾ ਨਿਕਾ ਜਿਹਾ ਨਗਰ ਹੈ, ਜੋ ਇਕ ਵਡੇ ਪਿੰਡ ਮਾਣਕੋ ਵਿਚੋਂ ਨਿਕਲ ਕੇ ਆਬਾਦ ਹੋਇਆ ਹੈ। ਇਹ ਸਾਰੇ ਦਾ ਸਾਰਾ ਸਿਖ ਜ਼ਿਮੀਂਦਾਰਾਂ ਦੀ ਮਾਲਕੀ ਹੈ। ਇਸ ਦਾ ਮੁਗ਼ਲ ਬਾਦਸ਼ਾਹੀਆਂ ਤੋਂ ਪਿੱਛੋਂ ਸਿਖ ਰਾਜ ਦੇ ਸਮੇਂ ਦਾ ਇਤਿਹਾਸ ਬਹੁਤ ਅਣੋਖਾ ਹੈ, ਪ੍ਰੰਤੂ ਵਿਸਥਾਰ ਦੇ ਡਰ ਕਰ ਕੇ ਉਹ ਜ਼ਿਕਰ ਇਥੇ ਛੱਡ ਦਿਤਾ ਗਿਆ ਹੈ।

ਆਪ ਦਾ ਰੰਗ ਪੱਕਾ, ਕੱਦ ਪੰਜ ਫ਼ੁਟ ਨੌਂ ਇੰਚ, ਸਰੀਰ ਭਾਰਾ ਤਾਕਤਵਰ ਸੋਹਣਾ ਭਰਵਾਂ ਤੇ ਲੰਮਾ ਸਿੱਧਾ ਗੁਰਮੁਖੀ ਦਾਹੜਾ ਹੁੰਦਾ ਸੀ। ਦਰਸ਼ਨ ਕੀਤਿਆਂ ਭੁਖ ਲਥਦੀ ਸੀ। ਆਪ ਦਾ ਪਹਿਲਾ ਵਿਵਾਹ ਪਿੰਡ ਜੰਡੀ, ਭਾਈ ਗੁਲਾਬ ਸਿੰਘ ਦੀ ਸਪੁਤ੍ਰੀ ਨਾਲ ੧੪ ਸਾਲ ਦੀ ਉਮਰ ਵਿਚ ਹੋਇਆ। ਇਸ ਬੀਬੀ ਦੀ ਕੁਖੋਂ ਇਕ ਕਾਕੀ ਦਾ ਜਨਮ ਹੋਇਆ ਤਾਂ ਦੋਵੇਂ ਮਾਵਾਂ ਧੀਆਂ ਸ਼ੀਘਰ ਹੀ ਤਪਦਿਕ ਦੀ ਨਾ-ਮੁਰਾਦ ਬੀਮਾਰੀ ਨਾਲ ਗੁਜ਼ਰ ਗਈਆਂ।

ਦੂਜਾ ਵਿਵਾਹ ਛੇਤੀ ਹੀ ਬੀਬੀ ਮਾਲਾਂ ਪੁਤ੍ਰੀ ਭਾਈ ਨਿਹਾਲ ਸਿੰਘ ਨਾਲ ਪਿੰਡ ਢਕੀ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਬਹੁਤ ਸਮਾਂ ਪਹਿਲਾਂ ਸਾਰੇ ਭਰਾ ਘਰੋਂ ਇਕੱਠੇ ਹੀ ਸਨ। ਟੱਬਰ ਦਾ ਇਕ ਵਾਕ ਤੇ ਇਤਫ਼ਾਕ ਚੰਗਾ ਸੀ। ਘਰ ਦੀ ਜ਼ਮੀਨ ਪੰਦਰਾਂ ਘੁਮਾਂ ਮਾਲਕੀਸੀ, ਜਿਸ ਨਾਲ ਕਿ ਸਾਦਾ ਜੀਵਨ ਵਿਚ ਮਾੜਾ ਮੋਟਾ ਗੁਜ਼ਾਰਾ ਹੁੰਦਾ ਸੀ। ਆਪ ਜਵਾਨ ਹੋ ਕੇ ਆਪਣੇ ਪਿਤਾ ਲਈ ਵਾਹੀ ਜੋਤੀ ਦੇ ਕੰਮ ਕਾਜ ਵਿਚ ਵਡਾ ਸਹਾਰਾ ਬਣ ਗਏ। ਪਿੰਡ ਦੇ ਲੋਕੀ ਦਸਦੇ ਹਨ ਕਿ ਜਦ ਤੋਂ ਹੁਕਮ ਸਿੰਘ ਨੇ ਹਲ ਦੀ ਜੰਗੀ ਫੜੀ ਸੀ, ਇਸ ਘਰ ਵਿਚ ਰਿਜ਼ਕ ਦੀ ਬੇ-ਪ੍ਰਵਾਹੀ ਹੋ ਗਈ ਸੀ। ਪ੍ਰਮਾਤਮਾਂ ਦੇ ਹੁਕਮ ਅਨੁਸਾਰ ਦੂਜੇ ਭਰਾ ਭੀ ਜੁਆਨ

ਹੋਏ ਤੇ ਪ੍ਰਵਾਰ ਵਧਣਾ ਸ਼ੁਰੂ ਹੋ ਗਿਆ।

ਬਾਰ ਵਿਚ ਆਉਣਾ

ਇਨ੍ਹਾਂ ਦਿਨਾਂ ਵਿਚ ਹੀ ਬਾਰ ਵਿਚ ਜ਼ਮੀਨ ਮਿਲਣੀ ਸ਼ੁਰੂ ਹੋ ਗਈ। ਪਿੰਡ ਡੀਗਰੀਆਂ ਦੇ ਲੋਕ ਕਸਬੇ ਆਦਮ ਪੁਰ ਵਿਚ ਜ਼ਮੀਨ ਲੈਣ ਲਈ ਪੁਜੇ। ਇਨ੍ਹਾਂ ਦੇ ਨਾਲ ਹੀ ਭਾਈ ਹੁਕਮ ਸਿੰਘ ਨੇ ਭੀ ਜ਼ਮੀਨ ਵਾਸਤੇ ਦਰਖ਼੍ਵਾਸਤ ਦੇ ਦਿਤੀ। ਇਸ ਗਲ ਦਾ ਪਤਾ ਲਗਣ ਤੇ ਆਪ ਦੇ ਪਿਤਾ ਜੀ ਬਹੁਤ ਨਰਾਜ਼ ਹੋਏ, ਪਰ ਫੇਰ ਛੇਤੀ ਹੀ ਰਜ਼ਾ-ਮੰਦ ਹੋ ਗਏ; ਕਿਉਂਕਿ ਉਨ੍ਹਾਂ ਨੂੰ ਖ਼ਿਆਲ ਸੀ ਕਿ ਵਧੇਰੇ ਜ਼ੋਰ ਪਾਇਆ ਤਾਂ ਮਤਾਂ ਇਹ ਫ਼ੌਜ ਵਿਚ ਹੀ ਭਰਤੀ ਨ ਹੋ ਜਾਣ। ਪਿੱਛੋਂ ਘਰ ਬਾਰ ਦਾ ਧੰਦਾਲ ਸੰਭਾਲਨਾ ਮੁਸ਼ਕਲ ਹੋਵੇਗਾ। ਉਨ੍ਹਾਂ ਦਿਨਾਂ ਵਿਚ ਸ੍ਰਕਾਰ ਜ਼ਮੀਨ ਆਬਾਦ ਕਰਾਉਣ ਲਈ ਬੜੀ ਉਤਾਵਲੀ ਸੀ। ਮਹੀਨੇ ਮਹੀਨੇ ਪਿਛੋਂ ਤਹਿਸੀਲੋਂ ਸੰਮਨ ਆਉਂਦੇ ਰਹਿੰਦੇ ਸਨ ਕਿ ਬਾਰ ਵਿਚ ਪੁਜ ਕੇ ਜ਼ਮੀਨਾਂ ਦੇ ਕਬਜ਼ੇ ਲਓ। ਲੋਕੀ ਬਾਰ ਵਲ ਮੂੰਹ ਨਹੀਂ ਕਰਦੇ ਸਨ ਤੇ ਦਰਖ਼੍ਵਾਸਤਾਂ ਦਿਤੀਆਂ ਦੇ ਸਮੇਂ ਨੂੰ ਪਛਤਾਉਂਦੇ ਸਨ। ਮਸਾਂ ਮਸਾਂ ਪਿਆਦਿਆਂ ਦੀਆਂ ਮੁੱਠੀਆਂ ਗਰਮ ਕਰ ਕੇ ਉਨ੍ਹਾਂ ਨੂੰ ਮਗਰੋਂ ਲਾਹੁੰਦੇ ਸਨ, ਪਰ ਪਿਛੋਂ ਫੇਰ ਸਖ਼ਤ ਹੁਕਮ ਆਉਣੇ ਸ਼ੁਰੂ ਹੋ ਗਏ ਕਿ ਇਕ ਵੇਰ ਸਭ ਨੂੰ ਸ੍ਰਕਾਰ ਬਾਰ ਵਿਚ ਜ਼ਮੀਨਾਂ ਤੇ ਖੜੇਗੀ, ਭਾਵੇਂ ਵਰੰਟਾਂ ਨਾਲ ਹੀ ਨ ਖੜੇ। ਇਸ ਗਲੋਂ ਲੋਕੀ ਡਰ ਗਏ ਤੇ ਬਾਰ ਵਿਚ ਆਉਣ ਦਾ ਪ੍ਰਬੰਧ ਕਰਨ ਲਗ ਪਏ।

ਇਹ ਹਾਲਤ ਵੇਖ ਕੇ ਇਨ੍ਹਾਂ ਦੇ ਪਿਤਾ ਨੇ ਭਰੇ ਹੋਏ ਦਿਲ ਨਾਲ ਦੂਜੇ ਸਾਥੀਆਂ ਨਾਲ ਇਨ੍ਹਾਂ ਨੂੰ ਭੀ ਤੋਰ ਦਿਤਾ ਅਤੇ ਤੁਰਨ ਸਮੇਂ ਸਖ਼ਤ ਤਾਕੀਦ ਕੀਤੀ ਕਿ ਕਾਕਾ ਜ਼ਮੀਨ ਦਾ ਬਿਲਕੁਲ ਲਾਲਚ ਨਹੀਂ ਕਰਨਾ। ਪਿਛੇ ਦਾ ਖ਼ਿਆਲ ਰਖਣਾ ਅਤੇ ਲਗਦੀ ਵਾਹ ਜਿਥੋਂ ਤਕ ਹੋ ਸਕੇ, ਜ਼ਮੀਨ ਛਡ ਕੇ ਪਿਛੇ ਮੁੜਣ ਦੀ ਕਰਨੀ। ਹੁਣ ਹਾਕਮਾਂ ਦਾ ਹੁਕਮ ਜੁ ਹੋਇਆ ਇਸ ਦਾ ਤੇ ਵਲਾ ਨਹੀਂ ਨ ਹੁੰਦਾ, ਰਿਜਕ ਸਭ ਜੀਆਂ ਦੇ ਨਾਲ ਹੈ:—

ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸਕੀ ਧਰਿਆ ॥
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥ ੨ ॥
ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥ ੩ ॥

ਮਨ ਨੂੰ ਨਾ ਭਟਕਾਉਣਾ, ਪਰ ਕਰਤਾਰ ਦੀਆਂ ਕੁਦਰਤਾਂ ਬਿਅੰਤ ਹਨ। ਨਿਰ-ਲੋਭ ਦਿਲ ਭੀ ਪ੍ਰੇਰੇ ਗਏ। ਜਦ ਲਾਹੌਰ ਤੋਂ ਉਤਰ ਕੇ ਪੈਦਲ, ਭਿਖੀ, ਪਰੋਜ ਅਤੇ ਮਾਨਾਂ ਵਾਲੇ ਦੇ ਵਿਚਦੀ ਹੋ ਕੇ ਸ਼ਾਹ ਕੋਟ ਪੁਜੇ, ਜ਼ਮੀਨ ਵਿਚ ਲੋਹੜੇ ਦੀਆਂ ਫ਼ਸਲਾਂ ਵੇਖੀਆਂ ਤਾਂ ਕੁਦਰਤ ਨੇ ਦਿਲ ਲੋਭ-ਮਾਨ ਕਰ ਦਿਤਾ। ਦੂਜੇ ਸਾਥੀਆਂ ਦੇ ਨਾਲ ਮੌਕੇ ਦੇ ਅਫਸਰਾਂ (Mr. Raja)ਰਾਜਾ ਸਾਹਿਬ ਤੇ(Mr. Young) ਯੰਗ ਸਾਹਿਬ ਨੂੰ ਜ਼ਮੀਨਾਂ ਦੀ ਮਨਜ਼ੂਰੀ ਲਈ ਦਰਖ਼ਾਸਤਾਂ ਦੇ ਦਿਤੀਆਂ। ਪਿੰਡਾਂ ਤੋਂ ਜਾ ਕੇ ਗਡਿਆਂ ਤੇ ਅਸਬਾਬ ਲੈ ਆਂਦਾ ਤੇ ਉਸ ਦਿਨ ਤੋਂ ਇਥੇ ਹੀ ਰਿਹਾਇਸ਼ ਕਰ ਲਈ।

ਸੰ: ੧੯੮੮ ਬਿ: ਦੇ ਲਗ ਪਗ ਆਪ ਨੇ ਸ੍ਰੀ ਅਨੰਦਪੁਰ ਸਾਹਿਬ ਪੁਜ ਕੇ ਹੋਲੇ ਮਹੱਲੇ ਦੇ ਮੌਕੇ ਤੇ ਅੰਮ੍ਰਿਤ ਛਕਿਆ। ਸੁਭਾਉ ਵਿਚ ਗੁਰੂ ਘਰ ਤੇ ਵਿਸ਼ਵਾਸ ਹੋਰ ਭੀ ਦ੍ਰਿੜ ਹੋ ਗਿਆ।

ਸੁਭਾਉ ਦੇ ਬੜੇ ਸ਼ਾਂਤ ਤੇ ਹਸਮੁਖ ਸਨ। ਜੀਵਨ ਸਾਦਾ ਤੇ ਭੋਲਾ ਭਾਲਾ ਜਿਹਾ ਬਹੁਤ ਹੀ ਬੇ-ਪ੍ਰਵਾਹਿਆ ਜਿਹਾ ਸੀ। ਨਗਰ ਦੇ ਲੋਕੀਂ ਹਾਸੇ ਠਠੇ ਵਿਚ "ਫੂਲਾ ਸਿੰਘ" ਕਰਕੇ ਸਦਿਆ ਕਰਦੇ ਸਨ, ਕਿਉਂਕਿ ਆਪ ਬੜੇ ਦ੍ਰਿੜ੍ਹ-ਵਿਸ਼ਵਾਸੀ ਤੇ ਕੰਮ ਕਾਜ ਵਿਚ ਹਠੀਲੇ ਸਨ।

ਦੂਜੀ ਸ਼ਾਦੀ ਹੋਣ ਪਿਛੋਂ ਆਪ ਦੇ ਪਿਤਾ ਜੀ ਚੜ੍ਹਾਈ ਕਰ ਗਏ ਤੇ ਘਰ ਦੀ ਸਾਰੀ ਜ਼ਿਮੇਵਾਰੀ ਦਾ ਭਾਰ ਜੇਠੇ ਪੁਤ੍ਰ ਹੋਣ ਕਰਕੇ ਆਪ ਦੇ ਸਿਰ ਤੇ ਆ ਪਿਆ ਜੋ ਆਪ ਨੇ ਬੜੀ ਚੰਗੀ ਜ਼ਿਮੇਵਾਰੀ ਨਾਲ ਨਿਭਾਇਆ।

ਆਪਦੇ ਨਿਕੇ ਭਰਾ ਨੇ ਆਪਣੀ ਮਾਂ ਨੂੰ ਆਖਿਆ ਕਿ ਅਗੇ ਬਾਪੂ ਜੀ ਹਰ ਰੋਜ਼ ਮੈਨੂੰ ਆਦਮਪੁਰ ਦੇ ਸਕੂਲੋਂ ਛੁਟੀ ਹੋਣ ਸਮੇਂ ਅਗਲਵਾਂਢੀ ਲੈਣ ਜਾਇਆ ਕਰਦੇ ਸਨ,ਹੁਣ ਮੈਨੂੰ ਕੌਣ ਅਗੋਂ ਲੈਣ ਜਾਇਆ ਕਰੇਗਾ ? ਇਹ ਗਲ ਜਦ ਮਾਤਾ ਜੀ ਵਲੋਂ ਭਾਈ ਹੁਕਮ ਸਿੰਘ ਦੇ ਕੰਨੀਂ ਪਈ ਤਾਂ ਉਸ ਦਿਨ ਤੋਂ ਉਸੇ ਹੀ ਤਰ੍ਹਾਂ ਆਪ ਨਿਕੇ ਭਰਾ ਨੂੰ ਸੌ ਕੰਮ ਛਡ ਕੇ ਭੀ ਸਕੂਲੋਂ ਲਿਆਉਣ ਲਈ ਨੇਮ ਨਾਲ ਜਾਂਦੇ ਰਹੇ। ਉਸ ਨਾਲ ਦਿਲੋਂ ਪਿਆਰ ਕਰਨਾ ਆਪ ਦਾ ਕੁਦਰਤੀ ਸੁਭੌ ਬਣ ਗਿਆ ਸੀ।

ਸੰਤਾਨ ਤੇ ਸਾਕਾਂ ਅੰਗਾਂ ਨਾਲ ਵਰਤੋਂ ਵਰਤਾ

ਆਪ ਦੇ ਘਰ ਸਤ ਬਚੇ ਪੈਦਾ ਹੋਏ:-੧. ਬੀਬੀ ਅਮਰ ਕੌਰ, ੨. ਭਾ: ਇੰਦਰ ਸਿੰਘ,੩. ਭਾ: ਅਮਰ ਸਿੰਘ,੪. ਭਾ: ਕਰਤਾਰ ਸਿੰਘ,੫. ਬੀ: ਕਰਤਾਰੋ, ੬. ਭਾ: ਜੋਧ ਸਿੰਘ ਤੇ ੭. ਬੀ: ਨਸੀਬ ਕੌਰ। ਭਾ: ਇੰਦਰ ਸਿੰਘ ਤੇ ਕਰਤਾਰ ਸਿੰਘ ਤਾਂ ਛੋਟੀ ਉਮਰੇ ਹੀ ਗੁਜ਼ਰ ਗਏ ਤੇ ਬੀਬੀ ਕਰਤਾਰੋ ਚੌਦਾਂ ਸਾਲਾਂ ਦੀ ਹੋ ਕੇ ਅਪ੍ਰੈਲ ਸੰ: ੧੯੩੩ ਈ: ਵਿਚ ਚਲਾਣਾ ਕਰ ਗਈ। ਇਸ ਵੇਲੇ ਇਨ੍ਹਾਂ ਦੇ ਵਡੇ ਪੁਤ੍ਰ ਭਾਈ ਅਮਰ ਸਿੰਘ ਦੀ ਉਮਰ ੩੨ ਸਾਲ ਦੀ ਹੈ। ਸਾਰੇ ਬਚਿਆਂ ਦੇ ਅਨੰਦ ਕਾਰਜ ਆਪ ਦੀ ਸ਼ਹੀਦੀ ਦੇ ਪਿਛੋਂ ਹੀ ਹੋਏ ਹਨ।

ਆਪ ਦੇ ਨਰਮ, ਮਿਲਣਸਾਰ, ਹਸਮੁਖ ਤੇ ਨਿਰ-ਲੋਭ ਸੁਭੌ ਦੇ ਗੁਣਾਂ ਨੂੰ ਆਪ ਨਾਲ ਵਰਤੋਂ ਕਰਨ ਵਾਲੇ ਹੀ ਠੀਕ ਸਮਝ ਸਕਦੇ ਹਨ। ਆਪ ਦੀ ਮੇਲ ਮੁਲਾਕਾਤ ਲਈ ਸਬੰਧੀਆਂ ਤੇ ਯਾਰਾਂ ਦੋਸਤਾਂ ਵਿਚ ਇਤਨੀ ਖਿੱਚ ਸੀ ਕਿ ਜਦ ਤੋਂ ਉਨ੍ਹਾਂ ਨੇ ਸੁਰਤ ਸੰਭਾਲੀ ਸੀ, ਹਰ ਦੂਜੇ ਵਰ੍ਹੇ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹਲੇ ਤੇ ਆਪਣੇ ਮਿਤ੍ਰਾਂ ਤੇ ਸਬੰਧੀਆਂ ਨੂੰ ਨਾਲ ਲੈ ਕੇ ਜਾਇਆ ਕਰਦੇ ਸਨ। ਜਦ ਤੋਂ ਬਾਰ ਵਿਚ ਆਏ ਸਨ ਤਾਂ ਲਗਦੀ ਵਾਹੇ ਹਰ ਸਾਲ ਪੂਰਨਮਾਸ਼ੀ ਦੇ ਮੇਲੇ ਉਪਰ ਸ੍ਰੀ ਨਨਕਾਣਾ ਸਾਹਿਬ ਗਡੇ ਉਪਰ ਪ੍ਰਵਾਰ ਨੂੰ ਲੈ ਕੇ ਆਉਣਾ ਤੇ ਪਿੰਡ ਦੇ ਹੋਰ ਸਾਥੀਆਂ ਨਾਲ ਮਿਲ ਕੇ ਗੁਰੂ ਕਾ ਲੰਗਰ ਚਲਾਉਣਾ। ਇਸ ਮੌਕੇ ਤੇ ਦੇਸ ਦੁਆਬੇ ਵਲੋਂ ਆਏ ਸਬੰਧੀਆਂ ਤੇ ਯਾਰਾਂ ਦੋਸਤਾਂ ਨੂੰ ਬੜੀ ਖਿੱਚ ਨਾਲ ਆਪਣੇ ਚਕ ਧਨੂੰਆਣੇ ਲੈ ਜਾਣਾ। ਆਪਣੇ ਘਰ ਰਖ ਕੇ ਕਈ ਕਈ ਦਿਨ ਪੁਜ ਕੇ ਚੰਗੀ ਖ਼ਾਤ੍ਰ-ਤਵਾਜ਼ਾ ਕਰਨੀ ਤੇ ਫੇਰ ਹੋਰਨਾਂ ਪਿੰਡਾਂ ਵਿਚ ਨਾਲ ਜਾ ਕੇ ਉਨ੍ਹਾਂ ਦੇ ਸਜਣਾਂ ਨੂੰ ਮਿਲਾਉਣਾ। ਪੰਜ ਪੰਜ, ਛੇ ਛੇ ਚੰਗੀਆਂ ਘੋੜੀਆਂ ਤੇ ਸਤ ਸਤ ਅਠ ਅਠ ਵਧੀਆ ਮੱਝਾਂ ਆਪਣੇ ਲਈ ਚੁਣ ਕੇ ਰਖਣੀਆਂ। ਕਦੇ ਸਾਰੀ ਉਮਰ ਵਿਚ ਕੋਈ ਪਸ਼ੂ ਵੇਚਿਆ ਨਹੀਂ ਸੀ। ਜੇ ਕਿਸੇ ਮੁਲ ਪੁਛਣਾ ਤਾਂ ਇਕ ਦਾ ਪੰਜ ਸੌ ਰੁਪਏ ਕਰ ਛਡਣਾ। ਲੋਕਾਂ ਹੱਸ ਕੇ ਆਖਣਾ, ਭਾਈ ਹੁਕਮ ਸਿੰਘਾ! ਤੇਰੀ ਵੇਚਣ ਦੀ ਮਰਜ਼ੀ ਨਹੀਂ ਹੈ। ਇਹ ਤਾਂ ਗਡ ਨਾਲ ਕੱਟਾ ਬੰਨ੍ਹਣ ਵਾਲੀ ਗਲ ਹੈ। ਜਦ ਕਿਸੇ ਆਪਣੇ ਸਾਕ ਸਬੰਧੀ ਨੂੰ ਪਸ਼ੂ ਦੀ ਲੋੜ ਪੈਣੀ ਤਦ

ਉਸ ਦੇ ਮੰਗਣ ਤੇ ਆਖਣਾ ਕਿ ਜੇਹੜਾ ਡੰਗਰ ਮਰਜ਼ੀ ਹੈ ਖੁਰਲੀ ਤੋਂ ਖੋਹਲ ਲਵੇ। ਬਿਲਕੁਲ ਸਤਿਜੁਗੀ ਪੁਰਸ਼ਾਂ ਵਾਲਾ ਵਰਤਾ ਸੀ, ਕਦੇ ਕਿਸੇ ਨਾਲ ਵਾਧਾ ਵਟਾ ਕਰਨਾ ਤੇ ਜਾਣਦੇ ਹੀ ਨਹੀਂ ਸਨ।

ਪਹਿਲੇ ਸਾਲਾਂ ਵਿਚ ਇਨ੍ਹਾਂ ਦੇ ਨਿਕੇ ਭਰਾ ਭਾਈ ਜਵਾਲਾ ਸਿੰਘ ਹੁਰਾਂ ਆਖਣਾ ਕਿ ਭਾਈਆ ਜੀ ! ਹੋਰ ਮੁਰੱਬੇ ਲੈ ਲਈਏ, ਤਾਂ ਹਸ ਕੇ ਇਹ ਆਖ ਛਡਣਾ ਕਿ ਇਹੋ ਹੀ ਚੰਗੀ ਤਰ੍ਹਾਂ ਕਮਾਓ, ਇਨ੍ਹਾਂ ਵਿਚ ਹੀ ਬਹੁਤ ਕੁਝ ਹੈ। ਉਨ੍ਹਾਂ ਦਿਨਾਂ ਵਿਚ ਜ਼ਮੀਨ ਨਵੀਂ ਤੇ ਪਾਣੀ ਚੰਗਾ ਲਗਦਾ ਸੀ। ਲੋਕੀ ਭੀ ਮੇਹ-ਨਤ ਚੰਗੀ ਕਰਦੇ ਸਨ। ਜਿਸ ਦੇ ਕਾਰਨ ਬਹੁਤ ਪੈਦਾਵਾਰ ਹੁੰਦੀ ਸੀ । ਰੇਲਵੇ ਸਟੇਸ਼ਨ ਪਹਿਲੇ ਲਾਹੌਰ ਹੀ ਨੇੜੇ ਸੀ। ਕੁਝ ਚਿਰ ਪਿਛੋਂ ਸਾਂਗਲਾ ਲਾਇਲਪੁਰ ਲਾਈਨ ਨਿਕਲੀ, ਤਦ ਪੈਦਾਵਾਰ ਸਾਂਗਲੇ ਮੰਡੀ ਵਿਚ ਜਾਣ ਲਗ ਪਈ। ਉਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਛੇਚ ਮੁਰੱਬੇ ਉਤੇ ਸਾਰੇ ਭਰਾਵਾਂ ਦੇ ਚਾਲੀ ਚਾਲੀ ਡੰਗਰ ਮਹੀਆਂ, ਗਾਈਆਂ ਤੇ ਘੋੜੀਆਂ ਹੁੰਦੇ ਸਨ। ਘੋੜੀਆਂ ਦੀ ਚੰਗੀ ਨਸਲ ਵਧਾ ਲੈਣ ਦੇ ਕਾਰਨ ਇਰਦ ਗਿਰਦ ਬਾਰ ਵਿਚ ਆਪ ਦਾ ਨਾਮ ਬੜਾ ਮਸ਼ਹੂਰ ਸੀ।

ਆਪ ਦੀ ਮਾਤਾ ਦਾ ਇਨ੍ਹਾਂ ਨਾਲ ਬਹੁਤ ਪਿਆਰ ਹੁੰਦਾ ਸੀ। ਚੰਗਾ ਖੁਵਾਉਣ ਪਿਆਉਣ ਲਈ ਉਨ੍ਹਾਂ ਦਾ ਸੁਭਾ ਬਹੁਤ ਖੁਲ੍ਹਾ ਸੀ । ਪੁਰਾਣੇ ਜੱਟ ਸਿਖ ਘਰਾਣਿਆਂ ਵਾਂਗ ਉਹ ਘਿਉ ਵੇਚਣ ਨੂੰ ਬੜੀ ਭਾਰੀ ਹੱਤਕ ਸਮਝਦੇ ਸਨ। ਇਨ੍ਹਾਂ ਦੀ ਮਾਤਾ ਸਰੀਰ ਦੀ ਬੜੀ ਮਜ਼ਬੂਤ, ਹਠੀਲੀ ਤੇ ਅਥੱਕ ਕੰਮ ਕਰਨ ਵਾਲੀ ਸਿਖ ਇਸਤ੍ਰੀ ਸੀ। ਉਹ ਕੰਮ ਦੇ ਦਿਨਾਂ ਵਿਚ ਸਵਾ ਸਵਾ ਮਣ ਕੱਚਾ ਆਟਾ ਚੱਕੀ ਨਾਲ ਪੀਹ ਸਕਦੀ ਸੀ ਤੇ ਇਤਨਾ ਹੀ ਆਪ ਇਕੱਲੀ ਪਕਾ ਕੇ ਮਾਂਗਿਆਂ ਨੂੰ ਖੁਆ ਸਕਦੀ ਸੀ। ਰੋਜ਼ਾਨਾ ਕੰਮ ਸ਼ੁਰੂ ਕਰਨ ਵੇਲੇ ਅਕਾਲ ਪੁਰਖ ਅਗੇ ਪ੍ਰਾਰਥਨਾ ਕਰਦੀ ਹੁੰਦੀ ਸੀ ਕਿ "ਹੇ ਵਾਹਿਗੁਰੂ ! ਟੱਬਰ ਵਿਚ ਸੁਖ ਸੰਤੋਖ ਬਖਸ਼ੀਂ"। ਉਸਦੀ ਇਸ ਅਰਦਾਸ ਦਾ ਅਸਰ ਸਾਰੇ ਪ੍ਰਵਾਰ ਵਿਚ ਬੜਾ ਚੰਗਾ ਪਿਆ ਅਤੇ ਖਾਸ ਕਰ ਕੇ ਭਾਈ ਹੁਕਮ ਸਿੰਘ ਹੋਰਾਂ ਵਿਚ ਜੇੜ੍ਹੀਆਂ ਅਸਚਰਜ ਕਰਨ ਵਾਲੀਆਂ ਖੂਬੀਆਂ ਸਨ, ਉਹ ਸਭ ਇਨ੍ਹਾਂ ਦੀ ਬਰਕਤ ਦਾ ਹੀ ਸਦਕਾ ਸੀ। ਜਦ ਮਾਰਚ ਸੰ: ੧੯੦੭ ਈ: ਵਿਚ ਖਾਲਸਾ ਹਾਈ ਸਕੂਲ ਲਾਇਲਪੁਰ ਖੁਲ੍ਹਿਆ ਤਦ ਇਨ੍ਹਾਂ ਦੇ ਛੋਟੇ ਭਰਾ ਮਾ: ਬਿਸ਼ਨ ਸਿੰਘ ਪੰਥਕ ਸੇਵਾ ਜਾਣ ਕੇ ੧੫)

ਮਾਹਵਾਰ ਉਪਰ ਇਕ ਸਾਲ ਲਈ ਗੁਜ਼ਾਰਾ ਲੈ ਕੇ ਸੇਵਾ ਕਰਨ ਦਾ ਇਕਰਾਰ ਕਰ ਕੇ ਆਪਣੇ ਘਰ ਨੂੰ ਅਸਬਾਬ ਲੈਣ ਲਈ ਗਏ ਤਾਂ ਆਪ ਨੇ ਇਸ ਗਲ ਨੂੰ ਬੜਾ ਚੰਗਾ ਸਮਝਿਆ ਤੇ ਨਿਕੇ ਭਰਾ ਨੂੰ ਬੜਾ ਹੌਂਸਲਾ ਦਿਤਾ। ਜਦ ਤਕ ਇਹ ਲਾਇਲਪੁਰ ਪੜ੍ਹਦੇ ਰਹੇ, ਉਸ ਸਮੇਂ ਤਕ ਘਰੋਂ ਇਨ੍ਹਾਂ ਦੇ ਦੁੱਧ ਪੀਣ ਲਈ ਸੱਜਰ ਸੂਈ ਮਝ ਯਾ ਗਊ ਭੇਜਦੇ ਰਹੇ, ਜਿਸ ਕਰ ਕੇ ਉਨ੍ਹਾਂ ਦੇ ਆਸਰੇ ਨਿੱਕੇ ਭਰਾ ਦਾ ਭੀ ਚੰਗਾ ਗੁਜ਼ਾਰਾ ਹੁੰਦਾ ਰਿਹਾ।

ਤਬੀਅਤ ਦੀ ਬੇ-ਪ੍ਰਵਾਹੀ ਤੇ ਖੁਲ੍ਹ-ਦਿਲੀ

ਸੰ: ੧੯੧੦ ਈ: ਵਿਚ ਮਕਾਨ ਛਤਣ ਲਈ ਆਪ ਨੇ ਗਰਡਰ ਖ੍ਰੀਦੇ, ਜਿਨ੍ਹਾਂ ਵਿਚੋਂ ਤਿੰਨ ਬਚੇ ਪਏ ਰਹੇ। ਜਰਮਨ ਦੀ ਲੜਾਈ ਸਮੇਂ ਸੰ: ੧੯੧੪ ਈ: ਵਿਚ ਗਰਡਰ ਦੀ ਕੀਮਤ ਤਿੰਨ ਸੌ ਰੁਪਏ ਤਕ ਹੋ ਗਈ ਸੀ, ਤਦ ਆਪ ਦੇ ਭਰਾਤਾ ਮਾਸਟਰ ਬਿਸ਼ਨ ਸਿੰਘ ਹੁਰਾਂ ਆਖਿਆ ਕਿ ਡੇਢ ਸੌ ਦੇ ਖ੍ਰੀਦੇ ਗਰਡਰ ਨੌਂ ਸੌ ਨੂੰ ਵਿਕਦੇ ਹਨ, ਸਾਢੇ ਸਤ ਸੌ ਰੁਪਏ ਮੁਨਾਫ਼ਾ ਖਟ ਕੇ ਵੇਚ ਦਈਏ, ਸਾਨੂੰ ਤਾਂ ਹੁਣ ਇਸ ਵੇਲੇ ਇਨ੍ਹਾਂ ਦੀ ਲੋੜ ਭੀ ਨਹੀਂ ਹੈ। ਤਦ ਹਸ ਕੇ ਆਖਣ ਲਗੇ ਕਿ ਬਿਸ਼ਨ ਸਿੰਘਾ, ਹੁਣ ਇਕ ਵੇਰ ਖ੍ਰੀਦ ਚੁਕੇ ਹਾਂ, ਫ਼ੇਰ ਕੌਣ ਮੁੱਲ ਲੈਂਦਾ ਫਿਰੇਗਾ। ਘਰ ਵਿਚ ਕਿਸੇ ਵੇਲੇ ਲੋੜ ਪੈ ਹੀ ਜਾਂਦੀ ਹੈ। ਕਦੇ ਆਪੇ ਵਰਤੋਂ ਵਿਚ ਆ ਜਾਣਗੇ। ਤਬੀਅਤ ਦੀ ਬੇ-ਪ੍ਰਵਾਹੀ ਵਿਚ ਹੀ ਇਸ ਗਲ ਨੂੰ ਆਊਂ-ਗਾਊਂ ਕਰ ਛਡਿਆ ਅਤੇ ਬਹੁਤੇ ਮੁੱਲ ਦਾ ਲਾਲਚ ਉਕਾ ਹੀ ਤਬੀਅਤ ਵਿਚ ਨ ਆਂਦਾ। ਸੱਕੇ ਭਰਾਵਾਂ ਨਾਲ ਬੜਾ ਡੂੰਘਾ ਪਿਆਰ ਕਰਨਾ ਤੇ ਉਨ੍ਹਾਂ ਨਾਲ ਹਰ ਕੰਮ ਵਿਚ ਬੜੀ ਖੁਲ੍ਹ-ਦਿਲੀ ਨਾਲ ਵਰਤੋਂ ਕਰਨੀ। ਨਿਕੇ ਭਰਾ ਨੇ ਜਦ ਕਦੇ ਭੀ ਲੋੜ ਪੈਣ ਤੇ ਜਿੰਨਾ ਰੁਪਿਆ ਮੰਗਿਆ ਤਾਂ ਆਪ ਕਈ ਵੇਰ ਔਖਿਆਂ ਹੋ ਕੇ ਭੀ ਉਸ ਨੂੰ ਉੱਨਾਂ ਹੀ ਰੁਪਿਆ ਇਕੱਠਾ ਕਰ ਕੇ ਦੇ ਛਡਿਆ। ਪਿਤਾ ਦੇ ਗੁਜ਼ਰ ਜਾਣ ਕਰ ਕੇ ਸਾਰਾ ਖ਼ਰਚ ਪਲਿਓਂ ਕਰ ਕੇ ਛੋਟੇ ਭਰਾ ਨੂੰ ਬੜੀ ਰੀਝ ਨਾਲ ਐਫ਼. ਏ. ਤਕ ਪੜ੍ਹਾਇਆ ਤੇ ਕਦੇ ਕਿਸੇ ਗਲੋਂ ਔਖਿਆਂ ਨਹੀਂ ਹੋਣ ਦਿਤਾ ਸੀ। ਰਿਸ਼ਤੇਦਾਰਾਂ ਵਿਚੋਂ ਭੀ ਜੋ ਕਦੀ ਘਰ ਤੁਰ ਕੇ ਆਇਆ ਤੇ ਜੇਹੜੀ ਚੀਜ਼ ਮੰਗੀ, ਉਸ ਨੂੰ ਕਦੇ ਇਨਕਾਰ ਨਹੀਂ ਕੀਤਾ ਸੀ। ਜੇ ਭਲਾ ਕਿਸੇ ਸਬੰਧੀ ਨੇ ਬਿਨਾਂ

ਮੰਗਿਆਂ ਭੀ ਕਿਸੇ ਚੀਜ਼ ਨੂੰ ਹਥ ਪਾ ਲੈਣਾ ਤਦ ਭੀ ਉਸ ਦੀ ਲੋੜ ਪੂਰੀ ਕਰ ਦਿਆ ਕਰਦੇ ਸਨ। ਲਗਦੀ ਵਾਹੇ ਸਵਾਲੀ ਦਾ ਕਦੇ ਸੁਆਲ ਨਹੀਂ ਮੋੜਦੇ ਸਨ ਤੇ ਲੋੜਵੰਦਾਂ ਦੀ ਗ਼ਰਜ਼ ਪੂਰੀ ਕਰ ਕੇ ਖ਼ੁਸ਼ ਹੋਇਆ ਕਰਦੇ ਸਨ। ਇਨ੍ਹਾਂ ਗੱਲਾਂ ਕਰ ਕੇ ਹੀ ਜਿਥੇ ਆਪ ਦੀ ਤਬੀਅਤ ਬੇ-ਪ੍ਰਵਾਹ ਸੀ, ਉਸ ਦੇ ਨਾਲ ਹੀ ਖੁਲ੍ਹ-ਦਿਲੀ ਦੇ ਕਾਰਨ ਭੀ ਲੋਕੀ ਆਪ ਦੀ ਬਹੁਤ ਵਡਿਆਈ ਕਰਿਆ ਕਰਦੇ ਸਨ।

ਸ਼ਹੀਦੀ ਲਈ ਤਿਆਰੀ

ਜਿਸ ਦਿਨ ਜਥੇ ਦੀ ਤਿਆਰੀ ਦਾ ਹੁਕਮ ਆਇਆ,ਤਾਂ ਉਸ ਸਮੇਂ ਆਪ ਆਪਣੇ ਮੁਰੱਬੇ ਵਿਚ ਗੁਲਾਬ ਦੀਆਂ ਕਲਮਾਂ ਲਾ ਰਹੇ ਸਨ। ਸੁਨੇਹਾ ਪੁਜਣ ਤੇ ਉਸੇ ਵੇਲੇ ਹੀ ਆਪਣੇ ਨਿਕੇ ਭਰਾ ਨੂੰ ਤਾਕੀਦ ਕੀਤੀ ਕਿ ਇਨ੍ਹਾਂ ਨੂੰ ਪਾਣੀ ਧਾਣੀ ਦੇਣ ਦਾ ਖ਼ਿਆਲ ਰਖਣਾ। ਅਸੀਂ ਹੁਣ ਜਥੇ ਨਾਲ ਚਲਦੇ ਹਾਂ। ਪਿੰਡ ਪੁਜੇ ਤਾਂ ਕੁਝ ਸੱਜਣ ਵਰਜਣ ਲਗੇ ਕਿ ਨਨਕਾਣੇ ਸਾਹਿਬ ਮਹੰਤ ਵਲੋਂ ਬੜੀਆਂ ਭਾਰੀਆਂ ਤਿਆਰੀਆਂ ਹੋ ਰਹੀਆਂ ਹਨ ਤੇ ਜਿੰਨੇ ਸਿੰਘ ਭੀ ਜਾਣਗੇ ਉਨ੍ਹਾਂ ਨੂੰ ਜਾਨ ਦਾ ਧੋਖਾ ਹੈ। ਆਪ ਦਾ ਜੀਆ ਜੰਤ ਬਹੁਤ ਨਿਕਾ ਨਿਕਾ ਹੈ। ਤਦ ਉਤ੍ਰ ਦਿਤਾ ਕਿ ਕੋਈ ਫ਼ਿਕਰ ਦੀ ਗੱਲ ਨਹੀਂ, ਇਹ ਬੱਚੇ ਆਪੇ ਵੱਡੇ ਹੋ ਜਾਣਗੇ, ਕਿਉਂਕਿ ਇਨ੍ਹਾਂ ਦੇ ਗੁਰੂ ਮਹਾਰਾਜ ਜੀ ਆਪੇ ਹੀ ਸਹਾਈ ਹੋਣਗੇ।

ਇਸ ਸਮੇਂ ਭਾਈ ਬੰਤਾ ਸਿੰਘ ਬਿਆੜੇ ਜੋ ਚੱਕ ਨੰ: ੭੬ ਵਿਚੋਂ ਇਨ੍ਹਾਂ ਪਾਸ ਕਮਾਦ ਪੀੜਾਉਣ ਲਈ ਆਏ ਹੋਏ ਸਨ, ਉਹ ਵੀ ਆਖਣ ਲਗੇ "ਮਾਸੜਾ ਜੀ! ਮੈਂ ਭੀ ਤੁਹਾਡੇ ਨਾਲ ਹੀ ਸ਼ਹੀਦੀ ਜਥੇ ਵਿਚ ਚਲਣਾ ਹੈ। ਮੈਨੂੰ ਭੀ ਨਾਲ ਲੈ ਚਲੋ। ਬੋਲੇ—ਬਹੁਤ ਅਛਾ! ਤਿਆਰ ਹੋ ਜਾਓ।

ਇਸ ਜਥੇ ਵਿਚ ਜਾਣ ਲਈ ਭਾਈ ਸੋਹਣ ਸਿੰਘ ਨੇ ਭੀ ਆਪਣਾ ਨਾਮ ਦਿਤਾ ਹੋਇਆ ਸੀ। ਇਸ ਦਾ ਵਿਆਹ ਹੋਏ ਨੂੰ ਕੋਈ ਦੋ ਤਿੰਨ ਮਹੀਨੇ ਹੀ ਹੋਏ ਸਨ। ਇਸ ਜਥੇ ਦੀ ਤਿਆਰੀ ਸਮੇਂ ਉਸ ਦੀ ਜਵਾਨ ਸਿੰਘਣੀ ਘਰ ਆਈ ਹੋਈ ਸੀ। ਉਸ ਨੂੰ ਜਦ ਆਪਣੇ ਪਤੀ ਦੇ ਜਥੇ ਨਾਲ ਜਾਣ ਦੀ ਖ਼ਬਰ ਮਿਲੀ ਤਾਂ ਉਸ ਨੇ ਸਣੇ ਆਪਣੇ ਪਤੀ ਦੇ ਸੁਫੇ ਦਾ ਅੰਦਰੋਂ ਜੰਦਰਾ ਮਾਰ ਲਿਆ। ਜਦ ਇਸ ਗਲ ਦਾ ਪਤਾ ਭਾਈ ਹੁਕਮ ਸਿੰਘ ਨੂੰ ਲਗਾ ਤਾਂ ਗਵਾਂਢੀ

ਹੋਣ ਕਰਕੇ ਛੇਤੀ ਨਾਲ ਭਜ ਕੇ ਉਸ ਦੇ ਘਰ ਚਲੇ ਗਏ ਤੇ ਕੜਕ ਕੇ ਆਖਣ ਲਗੇ:—"ਭਾਈ! ਸੋਹਣ ਸਿੰਘਾ ! ਹੌਂਸਲਾ ਨਹੀਂ ਹਾਰਨਾ, ਪਰ੍ਹੇ ਵਿਚ ਬਚਨ ਦਿਤਾ ਹੋਇਆ ਹੈ। ਹੁਣ ਸ਼ਹੀਦੀ ਜਥੇ ਵਿਚ ਜ਼ਰੂਰ ਚਲੋ, ਤਦੇ ਹੀ ਸਾਡੀ ਰਹਿ ਆਵੇਗੀ। ਜੋ ਕਰੇ ਕਰਤਾਰ ਸੋ ਹੋਏ।"

ਆਪ ਦੇ ਇਨ੍ਹਾਂ ਬਚਨਾਂ ਦਾ ਭਾ: ਸੋਹਣ ਸਿੰਘ ਦੇ ਬੀਰ ਦਿਲ ਉਤੇ ਬਿਜਲੀ ਵਾਂਗ ਅਸਰ ਹੋਇਆ। ਅੰਦਰੋਂ ਹੀ ਗਜ ਵਜ ਕੇ ਬੋਲੇ ਕਿ ਭਾਈਆ ਜੀ ਮੈਂ ਆਇਆ ਜੇ ! ਤੁਸੀਂ ਕੋਈ ਫ਼ਿਕਰ ਨ ਕਰੋ। ਮੈਂ ਬਿਲਕੁਲ ਤਿਆਰ ਹਾਂ, ਝੱਟ ਚੁਥੀ ਪੁਟ ਕੇ ਜਵਾਨ ਸਿੰਘਣੀ ਨੂੰ ਰਬ ਆਸਰੇ ਛਡ ਕੇ ਬਾਹਰ ਨਿਕਲ ਆਇਆ ਤੇ ਜਥੇ ਨਾਲ ਆ ਸ਼ਾਮਲ ਹੋਇਆ। ਆਪ ਸਭ ਨੇ ਭਾਈ ਲਛਮਣ ਸਿੰਘ ਦੀ ਜਥੇਦਾਰੀ ਥਲੇ ਸ੍ਰੀ ਜਨਮ ਅਸਥਾਨ ਦੇ ਅੰਦਰ ਬੜੇ ਸਿਦਕ ਨਾਲ ਸੀਸ ਭੇਟਾ ਕਰ ਦਿਤੇ ਤੇ ਸਿਖੀ ਸਿਦਕ ਨ ਹਾਰਿਆ।

ਸ਼ਹੀਦੀ ਦੇ ਪਿਛੋਂ

ਸ਼ਹੀਦ ਹੋਣ ਦੇ ਥੋੜੇ ਚਿਰ ਪਿਛੋਂ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਵਲੋਂ ਇਕ ਡੈਪੂਟੇਸ਼ਨ ਸ਼ਹੀਦ ਸਿੰਘਾਂ ਦੇ ਟੱਬਰਾਂ ਤੇ ਬਾਲ ਬੱਚੇ ਦਾ ਹਾਲ ਵੇਖਣ ਚਾਖਣ ਲਈ ਧੰਨੂਆਣੇ ਪੁਜਾ। ਲੋੜਵੰਦ ਪ੍ਰਵਾਰਾਂ ਨੂੰ ਯੋਗ ਸਹਾਇਤਾ ਵਜੋਂ ਪਿੰਨਸ਼ਨਾਂ ਦੇਕੇ ਸਭ ਦੇ ਕਰਜ਼ੇ ਉਤਾਰੇ ਗਏ, ਪਰ ਆਪ ਦੀ ਸੁਪਤਨੀ ਬੀਬੀ ਮਾਲਾਂ ਨੇ ਆਪਣਾ ਝਟ ਚੰਗਾ ਲੰਘਦਾ ਵੇਖ ਕੇ ਕੋਈ ਸਹਾਇਤਾ ਲੈਣੀ ਪ੍ਰਵਾਨ ਨ ਕੀਤੀ ਤੇ ਆਪਣੇ ਚਿਤ ਨੂੰ ਬਿਲਕੁਲ ਹੁਣ ਤਕ ਅਡੋਲ ਰਖਿਆ ਹੈ।

ਸਾਡੇ ਵੀਰ ਇਨ੍ਹਾਂ ਪਵਿੱਤ੍ਰ ਸ਼ਹੀਦਾਂ ਸਿੰਘਾਂ ਦੇ ਜੀਵਨਾਂ ਤੋਂ ਸ਼ੁਭ ਸਿੱਖਿਆ ਲੈ ਕੇ ਆਪਣੇ ਜੀਵਨਾਂ ਨੂੰ ਗੁਰੂ-ਆਸ਼ੇ ਅਨੁਸਾਰ ਢਾਲਣ ਦਾ ਯਤਨ ਅਰੰਭ ਕਰਨਗੇ ਤੇ ਉਸ ਗੁਰੂ ਮਹਾਰਾਜ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨਗੇ, ਜਿਨ੍ਹਾਂ ਦੀ ਉੱਚੀ ਤੇ ਸੁੱਚੀ ਹਸਤੀ ਨੇ ਸੰਸਾਰ ਵਿਚ ਇਕ ਅਨੋਖਾ ਜੁਗ ਪਲਟਾਊ ਕੰਮ ਕਰ ਕੇ ਇਸ ਸੰਸਾਰੀ-ਜੀਵਨ ਨੂੰ ਨਵੇਂ ਸੰਚੇ ਵਿਚ ਢਾਲ ਕੇ ਪ੍ਰਮਾਤਮਾਂ ਦੇ ਮਾਰਗ ਦਾ ਸਿੱਧਾ ਰਸਤਾ ਦਸਿਆ ਹੈ।

— —o— —

ਭਾਈ ਵਰਿਆਮ ਸਿੰਘ ਜੀ

ਆਪ ਦਾ ਜਨਮ ਸੰ: ੧੮੮੩ ਈ: ਵਿਚ ਮਾਤਾ ਮਹਿਤਾਬ ਕੌਰ ਦੀ ਕੁਖੋਂ ਭਾਈ ਬੂਟਾ ਸਿੰਘ ਦੇ ਘਰ ਹਰੀਪੁਰ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਛੇ ਭੈਣ ਭਰਾ ਸਨ.—੧. ਭਾ: ਦਲੀਪ ਸਿੰਘ, ੨. ਬੀਬੀ ਰੁਕਮਨ ਕੌਰ, ੩. ਭਾ: ਹਰਨਾਮ ਸਿੰਘ, ੪. ਭਾ: ਵਰਿਆਮ ਸਿੰਘ, ੫. ਭਾ: ਤਾਰਾ ਸਿੰਘ, ੬. ਭਾ: ਫ਼ੌਜਾ ਸਿੰਘ ।

ਆਪ ਬੜੇ ਖ਼ੂਬਸੂਰਤ ਜਵਾਨ ਸਨ। ਕੱਦ ਪੰਜ ਫ਼ੁਟ ਯਾਰਾਂ ਇੰਚ ਸੀ। ਲੋਕਾਂ ਨਾਲ਼ ਵਰਤੋਂ ਵਿਹਾਰ ਵਿਚ ਕਮਾਲ ਦੀ ਸਫ਼ਾਈ ਰਖਣੀ, ਆਪ ਦਾ ਖ਼ਾਸ ਗੁਣ ਸੀ। ਸ਼ਬਦ ਪੜ੍ਹਨੇ ਅਤੇ ਆਹਲਾ ਦਰਜੇ ਦੀ ਢੋਲਕੀ ਵਜਾਉਣੀ। ਪੰਜ ਜਮਾਤਾਂ ਉਰਦੂ ਤੇ ਗੁਰਮੁਖੀ ਪਿੰਡ ਹੀ ਪੜ੍ਹ ਗਏ। ਜਵਾਨੀ ਵਿਚ ਤੇਰਾਂ ਹੱਥ ਲੰਮੀ ਛਾਲ ਮਾਰਿਆ ਕਰਦੇ ਸਨ। ਆਪ ਦਾ ਅਨੰਦ ਕਾਰਜ ਬੀਬੀ ਬਚਿੰਤ ਕੌਰ ਸਪੁਤ੍ਰੀ ਭਾਈ ਸ਼ੇਰ ਸਿੰਘ ਨਾਲ ਬੜਿੰਗ ਵਿਚ ਹੋਇਆ। ਆਪ ਦੇ ਘਰ ਦੋ ਲੜਕੇ ਪੈਦਾ ਹੋਏ:—੧. ਭਾ: ਹਰੀ ਸਿੰਘ ਤੇ ੨. ਭਾਈ ਜਸਵੰਤ ਸਿੰਘ।

ਸੋਲਾਂ ਸਾਲ ਦੀ ਉਮਰ ਵਿਚ ਪਲਟਨ ਨੰਬਰ ੨੨ ਪੰਜਾਬੀ ਵਿਚ ਭਰਤੀ ਹੋ ਗਏ। ਉਥੇ ਹੀ ਅੰਮ੍ਰਿਤ ਛਕ ਲਿਆ ਤੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਪੰਜ ਸਾਲ ਨੌਕਰੀ ਕੀਤੀ। ਸਿੰਘਣੀ ਦੀ ਬੀਮਾਰੀ ਦੀ ਖ਼ਬਰ ਗਈ, ਛੁਟੀ ਨ ਮਿਲੀ ਤੇ ਨਾਮ ਕਟਾ ਕੇ ਘਰ ਆ ਗਏ। ਇਸ ਦੇ ਪਿਛੋਂ ਸਿੰਘਾਪੁਰ ਮਿਲਟਰੀ ਪੁਲਸ ਵਿਚ ਦਸ ਸਾਲ ਨੌਕਰੀ ਕੀਤੀ ਅਤੇ ਨਾਇਕ ਬਣ ਗਏ। ਉਥੇ ਬੀਮਾਰ ਹੋ ਜਾਣ ਤੇ ਨੌਕਰੀ ਛਡ ਕੇ ਨਗਰ ਨੂੰ ਆ ਗਏ। ਪਿੰਡ ਆ ਕੇ ਪਸਾਰੀ ਦੀ ਹਟੀ ਪਾ ਲਈ ਜੋ ਚੰਗੀ ਚਲਦੀ ਰਹੀ। ਸਹਿਜ ਸਹਿਜ ਕੰਮ ਵਧਦਾ ਗਿਆ ਤੇ ਪਸਾਰੀ ਦੀ ਹਟੀ ਬਜ਼ਾਜ਼ੀ ਦੀ ਚੰਗੀ ਦੁਕਾਨ ਵਿਚ ਬਦਲ ਗਈ। ਦੁਕਾਨ ਦੀ ਕਾਮਯਾਬੀ ਦਾ ਵਡਾ ਗੁਣ ਇਹ ਸੀ ਕਿ ਆਪ ਦਾ ਸੁਭੱਾ ਡਾਢਾ ਮਿਲਣ-ਸਾਰ, ਸਾਊ ਅਤੇ ਹਰ ਇਕ ਤੇ ਭਰੋਸਾ ਰਖਣ ਵਾਲਾ ਸੀ। ਬਜ਼ਾਜ਼ੀ ਦੀ ਦੁਕਾਨ ਖੋਲ੍ਹੀ ਨੂੰ ਅਜੇ ਮਸਾਂ ਸਾਲ ਕੁ ਹੀ ਹੋਇਆ ਸੀ ਜੋ ੩੭ ਸਾਲ ਦੀ ਉਮਰ ਵਿਚ ਸ੍ਰੀ ਜਨਮ ਅਸਥਾਨ ਅੰਦਰ ਦੁਸ਼ਟਾਂ ਹਥੋਂ

ਗੋਲੀਆਂ ਨਾਲ ਸ਼ਹੀਦ ਕੀਤੇ ਗਏ ।*

—o—

ਭਾਈ ਦੀਵਾਨ ਸਿੰਘ ਜੀ

ਆਪ ਦਾ ਜਨਮ ਸੰ: ੧੮੮੮ ਈ: ਵਿਚ ਮਾਤਾ ਪਾਨ ਕੌਰ ਦੀ ਕੁਖੋਂ ਭਾਈ ਹੀਰਾ ਸਿੰਘ ਦੇ ਘਰ ਪੰਡੋਰੀ ਨਿਜਰਾਂ, ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਸਤ ਭੈਣ ਭਰਾ ਸਨ:–੧. ਭਾ: ਮਲਾ ਸਿੰਘ, ੨. ਭਾ: ਲਾਭ ਸਿੰਘ, ੩. ਭਾ: ਮੰਗਲ ਸਿੰਘ, ੪. ਭਾ: ਭਗਵਾਨ ਸਿੰਘ, ੫. ਭਾ: ਦੀਵਾਨ ਸਿੰਘ, ੬. ਭਾ: ਬਾਬੂ ਸਿੰਘ, ੭. ਬੀਬੀ ਸੰਤ ਕੌਰ।

ਆਪ ਕੁਆਰੇ ਤੇ ਅਨਪੜ੍ਹ ਸਨ। ਛੋਟੇ ਹੁੰਦਿਆਂ ਡੰਗਰ ਵਛਾ ਚਾਰਿਆ, ਵਡੇ ਹੋ ਕੇ ਪਹਿਲਵਾਨੀ ਕੀਤੀ। ਲਾਗੇ ਬੰਨੇ ਚੰਗੀ ਮਸ਼ਹੂਰੀ ਸੀ। ਗੁੱਸੇ ਦੀ ਹਾਲਤ ਵਿਚ ਕਦੇ ਕਿਸੇ ਨੂੰ ਅਖ ਥਲੇ ਨ ਲਿਆਉਣਾ ਭਾਵੇਂ ਵੀਹ ਵੀਹ ਆਦਮੀ ਭੀ ਕਿਉਂ ਨ ਮੁਕਾਬਲੇ ਵਿਚ ਆ ਜਾਣ। ਸਭ ਨੂੰ ਲਲਕਾਰ ਕੇ ਵੰਗਾਰ ਕਢਣਾ, ਪਰ ਕਿਸੇ ਦਾ ਅਗੇ ਵਧਕੇ ਆਪਦੇ ਗਲ ਪੈਣ ਦਾ ਹੀਆ ਨਹੀਂ ਪਿਆ ਕਰਦਾ ਸੀ। ਆਪ ਬਾਹਰੇ ਵਿਚ ਨਿਰ-ਭੈ, ਸਿਰਲੱਥ ਤੇ ਦਲੇਰ ਸੂਰਮੇ ਮਿਥੇ ਹੋਏ ਸਨ।

ਆਪ ਨੂੰ ਸ਼ਕਾਰ ਖੇਡਣ ਦਾ ਬੜਾ ਸ਼ੌਕ ਸੀ। ਆਪਦੇ ਜਹਾਜ਼ੀ ਕੁੱਤੇ ਜਾਲੰਧਰ ਅਤੇ ਲਾਇਲਪੁਰ ਦੀਆਂ ਦੌੜਾਂ ਵਿਚ ਬੜੇ ਮਸ਼ਹੂਰ ਰਹਿੰਦੇ ਸਨ। ਆਪ ਦਾ ਦਿਲ ਸਢਾ ਅਤੇ ਤਬੀਅਤ ਤੇਜ਼ ਸੀ। ਪਿੰਡ ਦਾ ਕੋਈ ਭੀ ਸਾਂਝਾ ਕੰਮ ਹੋਣਾ ਤਾਂ ਸਭ ਤੋਂ ਅਗੇ ਵਧ ਕੇ ਹਿਸਾ ਲੈਣਾ। ਪਿੰਡ ਵਿਚ ਅੰਮ੍ਰਿਤ ਪ੍ਰਚਾਰ ਹੋਇਆ ਤਾਂ ਆਪ ਨੇ ਭੀ ਅੰਮ੍ਰਿਤ ਛਕ ਲਿਆ। ਜਥੇ ਨਾਲ ਜਾਣ ਵਾਲੇ ਦਿਨ ਤਕ ਕੁਸ਼ਤੀਆਂ ਘੁਲਦੇ ਸਨ, ਪਰ ਕੇਸਾਂ ਦੀ ਕਦੇ ਬੇਅਦਬੀ ਨਹੀਂ ਕੀਤੀ ਸੀ। ਲਾਗੇ, ਬੰਨੇ ਚੰਨੇ ਬੜਾ ਧਮਾਂ ਤੇ ਜਬ੍ਹਾ ਸੀ। ਆਪ ਪਾਸੋਂ ਰਾਈਆਂ ਦੇ ਤਿੰਨੇ ਪਿੰਡ ਖ਼ੌਫ਼ ਖਾਂਦੇ ਸਨ। ਹਰ ਇਕ ਮੁਕਾਬਲੇ ਦੇ ਕੰਮ ਵਿਚ ਡਟ ਜਾਣਾ। ਇਹ ਆਦਤ

---

* ਕਮੇਟੀ ਨੇ ਦੋਹਾਂ ਕਾਕਿਆਂ ਹਰੀ ਸਿੰਘ ਤੇ ਜਸਵੰਤ ਸਿੰਘ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸ ਦਾ ਜੋੜ ੩੧-੧੨-੨੫ ਤੋਂ ੨੮-੨-੩੮ ਤਕ ੨੨੩੫) ਰੁਪਏ ਬਣਦਾ ਹੈ।

ਆਪ ਨੂੰ ਮੁਢੋਂ ਹੀ ਵਿਰਸੇ ਵਿਚ ਮਿਲੀ ਹੋਈ ਸੀ। ਇਸੇ ਹਠੀਲੇ ਸੁਭਾ ਦੇ ਕਾਰਨ ਹੀ ਨਿਕਿਆਂ ਹੁੰਦਿਆਂ ਹਾਣੀਆਂ ਨੇ ਨਾਮ "ਭੇੜੂ" ਰਖਿਆ ਹੋਇਆ ਸੀ। ਆਪ ਦੀ ਖਲੜੀ ਵਿਚ ਕਿਸੇ ਕਿਸਮ ਦਾ ਡਰ ਯਾ ਖ਼ੌਫ਼ ਉੱਕਾ ਨਹੀਂ ਹੋਇਆ ਕਰਦਾ ਸੀ। ਭਾਵੇਂ ਕਿਤਨਾ ਭੀ ਖ਼ੌਫ਼ਨਾਕ ਕੰਮ ਕਿਉਂ ਨ ਹੋਵੇ ਉਸ ਸਬੰਧੀ ਫੈਸਲਾ ਕਰਕੇ ਮੁੜ ਕਦੇ ਟਲਿਆ ਨਹੀਂ ਕਰਦੇ ਸਨ। ਸਾਕੇ ਤੋਂ ਦਸ ਕੁ ਦਿਨ ਪਹਿਲਾਂ ਜੜ੍ਹਾਂਵਾਲੇ ਕਪਾਹ ਦਾ ਗਡਾ ਵੇਚਣ ਲਈ ਲੈ ਕੇ ਗਏ। ਉਥੇ ਕਿਸੇ ਗਲੋਂ ਲੜਾਈ ਹੋ ਪਈ। ਉਂਨ੍ਹੀ ਬੰਦੇ ਇਕ ਬੰਨੇ ਤੇ ਆਪ ਡਾਂਗ ਫੜ ਕੇ ਇਕੱਲੇ ਇਕ ਬੰਨੇ ਹੋ ਗਏ। ਸਭ ਨੂੰ ਅਗੇ ਲਾ ਕੇ ਧਮੱਕੜੇ ਪਾ ਲਿਆ। ਸ੍ਰੀ ਨਨਕਾਣਾ ਸਾਹਿਬ ਜਾਣ ਵਾਲੇ ਜਥੇ ਵਿਚ ਆਪ ਨੇ ਭੀ ਨਾਮ ਲਿਖਾ ਦਿਤਾ, ਸਾਰੇ ਲੋਕੀਂ ਵਰਜਣ ਕਿ ਤੈਥੋਂ ਭਾਈ ਦੀਵਾਨ ਸਿੰਘਾ ਸ਼ਾਂਤ-ਮਈ ਨਹੀਂ ਰਿਹਾ ਜਾਣਾ। ਤਾਂ ਆਖਣ ਲਗੇ ਕਿ ਭਰਾਓ! ਇਹ ਗਲ ਤੁਸੀਂ ਨ ਆਖੋ। ਮੈਂ ਤੁਹਾਡੇ ਨਾਲੋਂ ਕੇਹੜੀ ਗਲੇ ਰਹਿ ਚੁਕਾ ਹਾਂ। ਭਰਾਵਾਂ ਦੇ ਨਾਲ ਹੀ ਹਾਂ ਜਿਥੇ ਤੁਸੀਂ ਸਿਰ ਦੇ ਦਿਓਗੇ ਉਥੇ ਮੈਂ ਦੇ ਦਿਆਂਗਾ, ਜੇ ਪਿਛੇ ਰਹਾਂਗਾ ਤਾਂ ਇਹ ਗਲ ਜਤੌਣੀ, ਅਗੋਂ ਐਵੇਂ ਹਵਾੜੇ ਉਡਾਉਣ ਦਾ ਕੀ ਫ਼ਾਇਦਾ ਹੈ। ਜੇ ਜੜ੍ਹਾਂਵਾਲੇ ਉਸ ਦਿਨ ਹਟਵਾਣੀਏ ਕੜਾਹੀਆਂ ਵਿਚੋਂ ਤੱਤਾ ਤੇਲ ਪਾ ਕੇ ਮਾਰ ਦਿੰਦੇ ਤਾਂ ਕੇਹੜੇ ਲੇਖੇ ਮਰਨਾ ਸੀ ਹੁਣ ਤਾਂ ਗੁਰੂ ਲੇਖੇ ਲਗਣਾ ਹੈ। ਸ਼ਹਿਰੀਆਂ ਦੇ ਤਤੇ ਤੇਲ ਨਾਲੋਂ ਮਹੰਤ ਦਾ ਤੇਲ ਕੋਈ ਬਹੁਤਾ ਤੱਤਾ ਹੈ। ਸਾਕੇ ਤੋਂ ਪੰਜ ਕੁ ਦਿਨ ਪਹਿਲਾਂ ਭਰਾਵਾਂ ਨੇ ਆਖਿਆ ਚੱਲ ਮਣਛਿੱਟੀਆਂ ਵਢੀਏ ਤਾਂ ਆਖਣ ਲਗੇ ਜਦ ਹੁਣ ਸ਼ਹੀਦੀਆਂ ਲਈ ਹੀ ਨਾਮ ਲਿਖਾ ਦਿਤਾ ਹੈ ਤਾਂ ਫੇਰ ਕੇਹੜੀ ਗਲ ਬਦਲੇ ਮੁਢੀਆਂ ਨਾਲ ਲੱਤਾਂ ਪਾੜੀਏ? ਹੁਣ ਤਾਂ ਚਲ ਕੇ ਗੁਰੂ ਨਾਨਕ ਸਾਹਿਬ ਦੀਆਂ ਮਣਛਿੱਟੀਆਂ ਹੀ ਵਢਾਂਗੇ। ਤੁਸੀਂ ਜਾਓ ਆਪਣਾ ਕੰਮ ਕਰੋ। ਆਪ ੩੨ ਸਾਲ ਦੀ ਉਮਰ ਵਿਚ ਤੇਲ ਪਾ ਕੇ ਸਾੜ ਕੇ ਸ਼ਹੀਦ ਕੀਤੇ ਗਏ।*

———

* ਕਮੇਟੀ ਨੇ ਆਪ ਦੀ ਮਾਤਾ ਭਾਨੋ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸ ਦਾ ਜੋੜ ੪-੬-੨੨ ਤੋਂ ੪-੪-'੩੯ ਤਕ ੧੨੭੯) ਰੁਪਏ ਬਣਦਾ ਹੈ।

ਭਾਈ ਇੰਦਰ ਸਿੰਘ ਜੀ

ਆਪ ਦਾ ਜਨਮ ੧੫ ਮਾਘ ਸੰ: ੧੯੩੭ ਬਿ: ਨੂੰ ਸ਼ਾਮ ਵੇਲੇ ਮਾਤਾ ਸੁਖਦਈ ਦੀ ਕੁਖੋਂ ਭਾਈ ਸਰਮੁਖ ਸਿੰਘ ਦੇ ਘਰ ਪੰਡੋਰੀ ਨਿਜਰਾਂ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਪੰਜ ਭੈਣ ਭਰਾ ਸਨ। ੧. ਭਾਈ ਅਮਰ ਸਿੰਘ, ੨. ਭਾਈ ਜੀਵਨ ਸਿੰਘ, ੩. ਬੀਬੀ ਇੰਦਰ ਕੌਰ, ੪. ਭਾਈ ਇੰਦਰ ਸਿੰਘ, ੫. ਭਾਈ ਸੁੰਦਰ ਸਿੰਘ। ਨਿਕਿਆਂ ਹੁੰਦਿਆਂ ਗੁਰਮੁਖੀ ਪੜ੍ਹ ਗਏ। ਗੁਰਦੁਆਰੇ ਜਾਣ ਦਾ ਬੜਾ ਸ਼ੌਂਕ ਸੀ। ਪਿੰਡੋਂ ਹੀ ਅੰਮ੍ਰਿਤ ਛਕ ਲਿਆ। ਭਾਈ ਵਜ਼ੀਰ ਸਿੰਘ ਦੀ ਪੁਤ੍ਰੀ ਬੀਬੀ ਬਿਅੰਤ ਕੌਰ ਨਾਲ ਖੜੋਦੀ ਜ਼ਿਲਾ ਹੁਸ਼ਿਆਰਪੁਰ ਵਿਚ ਅਨੰਦ ਕਾਰਜ ਹੋ ਗਿਆ। ਆਪ ਦੇ ਦੋ ਬੱਚੇ ਹੋਏ:–੧. ਭਾਈ ਉਜਾਗਰ ਸਿੰਘ, ੨. ਬੀਬੀ ਰਾਏ ਕੌਰ। ਪਹਿਲਾਂ ਵਾਹੀ ਕੀਤੀ, ਫੇਰ ਪਲਟਨ ਨੰ: ੩੬ ਵਿਚ ਦੋ ਸਾਲ ਨੌਕਰੀ ਕੀਤੀ। ਆਪ ਭਲੇ ਮਾਣਸ ਤੇ ਨੇਕ ਪੁਰਸ਼ ਸਨ। ਭਾਈਚਾਰੇ ਨਾਲ ਵਰਤੋਂ ਵਿਹਾਰ ਚੰਗਾ ਰਖਣਾ। ਕਦ ਲੰਮਾ, ਸਰੀਰ ਭਾਰਾ, ਰੰਗ ਕਣਕ ਰੰਗਾ ਅਤੇ ਚੇਹਰਾ ਵਾਹਵਾ ਖ਼ੂਬਸੂਰਤ ਸੀ, ਛੇ ਸਤ ਮਣ ਕਚਾ ਭਾਰ ਸਹਿਜ ਸੁਭੱਾ ਚੁਕ ਲੈਣਾ, ਬੜਾ ਤਾਕਤਵਾਰ ਸਰੀਰ ਸੀ। ਗੁਰਦੁਆਰੇ ਦੀ ਬੜੀ ਸੇਵਾ ਕਰਨੀ। ਜਿਥੇ ਕਿਤੇ ਭੀ ਬਾਹਰ ਅੰਬ ਦਾ ਬੂਟਾ ਉਗਿਆ ਵੇਖਣਾ, ਝਟ ਰੰਬੇ ਨਾਲ ਖੱਗ ਕੇ ਗਾਚੀ ਗੁਰਦੁਆਰੇ ਲਿਆ ਲਾਉਣੀ। ਇਨ੍ਹਾਂ ਦੇ ਹੱਥਾਂ ਦੀ ਲਾਈ ਹੋਈ ਗੁਰਦੁਆਰੇ ਵਿਚ ਅਜੇ ਤਕ ਵਾਹਵਾ ਸੋਹਣੀ ਬਗੀਚੀ ਹੈ। ਉਸ ਦੇ ਅੰਬਾਂ ਦੀ ਪੰਝੀ ਤੀਹ ਰੁਪਏ ਵਟਕ ਹਰ ਸਾਲ ਗੁਰਦੁਆਰੇ ਨੂੰ ਹੋ ਜਾਂਦੀ ਹੈ। ਗਰਮੀਆਂ ਵਿਚ ਇਸ ਬਗੀਚੀ ਦੇ ਬੂਟਿਆਂ ਥਲੇ ਆ ਕੇ ਜਦ ਪਿੰਡ ਦੇ ਲੋਕੀਂ ਬੈਠ ਕੇ ਸੁਖ ਲੈਂਦੇ ਹਨ, ਤਾਂ ਸੁਤੇ ਸਿਧ ਹੀ ਆਪ ਦੀ ਸੋਹਣੀ ਯਾਦ ਅੱਖਾਂ ਸਾਮ੍ਹਣੇ ਫ਼ਿਲਮ ਵਾਂਗ ਫਿਰ ਜਾਂਦੀ ਹੈ। ਆਪ ਚਾਲ੍ਹੀ ਸਾਲ ਦੀ ਉਮਰ ਵਿਚ ਗੋਲੀਆਂ ਨਾਲ ਜਨਮ ਅਸਥਾਨ ਅੰਦਰ ਸ਼ਹੀਦ ਹੋ ਗਏ।*

---

* ਕਮੇਟੀ ਨੇ ਲੜਕੇ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸਦਾ ਜੋੜ ੧੯-੪-੨੨ ਤੋਂ ੧੨-੧੦-੨੬ ਤਕ ੧੧੫੦) ਰੁਪਏ ਬਣਦਾ ਹੈ।

ਭਾਈ ਦਸੌਂਧਾ ਸਿੰਘ ਜੀ

ਆਪ ਨੂੰ ਸ਼ਹੀਦੀ ਦੀ ਪਵਿੱਤ੍ਰ ਦਾਤ ਮੁੱਢੋਂ ਹੀ ਆਪਣੇ ਵਡਿਆਂ ਪਾਸੋਂ ਵਿਰਸੇ ਵਿਚ ਮਿਲੀ ਜਾਪਦੀ ਹੈ। ਆਪ ਦੇ ਦਾਦਾ ਭਾਈ ਦਿਆਲ ਸਿੰਘ ਸ੍ਰੀ ਕਰਤਾਰਪੁਰ, ਭਾਈ ਬਾਘ ਸਿੰਘ ਦੇ ਜਥੇ ਨਾਲ ਜਾਕੇ ਸ਼ਹੀਦ ਹੋਏ ਸਨ। ਜਦੋਂ ਕਿ ਸੋਢੀ ਵਡਭਾਗ ਸਿੰਘ ਜੀ ਨੂੰ ਕੁਤਬ ਦੀਨ ਜਾਲੰਧਰੀਏ ਦੇ ਮੁਸਲਮਾਨੀ ਦਲ ਨੇ ਭਜਾ ਕੇ ਥੰਮ ਸਾਹਿਬ ਨੂੰ ਅੱਗ ਲਾ ਦਿਤੀ ਸੀ।

ਆਪ ਦਾ ਜਨਮ ੧੫ ਭਾਦੋਂ ਸੰ: ੧੮੯੨ ਈ: ਵਿਚ ਮਾਤਾ ਮਾਨ ਕੌਰ ਦੀ ਕੁਖੋਂ ਭਾਈ ਹੀਰਾ ਸਿੰਘ ਦੇ ਘਰ ਹਰੀਪੁਰ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਤਿੰਨ ਭੈਣ ਭਰਾ ਸਨ। ੧. ਬੀਬੀ ਭਾਨ ਕੌਰ, ੨. ਭਾਈ ਭਗਵਾਨ ਸਿੰਘ, ੩. ਭਾ: ਦਸੌਂਧਾ ਸਿੰਘ।

ਆਪ ਨੇ ਪਿੰਡ ਹੀ ਪੰਜ ਜਮਾਤਾਂ ਉਰਦੂ ਦੀਆਂ ਪੜ੍ਹੀਆਂ। ਪੜ੍ਹਾਈ ਵਿਚ ਵਿਚਲਾ ਮੇਲ ਹੁੰਦੇ ਸਨ। ਸਰੀਰ ਲੰਮਾ ਪਤਲਾ, ਨਰੋਆ ਤੇ ਖ਼ੂਬਸੂਰਤ ਸੀ। ਅੱਠ ਅੱਠ, ਨੌਂ ਨੌਂ ਮਣ ਕੱਚਾ ਭਾਰ ਸ਼ਰਤਾਂ ਲਾ ਕੇ ਚੁਕ ਲੈਣਾ ਅਤੇ ਸੇਰ ਸੇਰ ਕਚਾ ਘਿਉ ਸੁਭਾਵਕ ਹੀ ਪੀ ਜਾਣਾ।

ਆਪਣੇ ਪਿੰਡੋਂ ਹੀ ਭਾਈ ਬਦਨ ਸਿੰਘ ਦੀ ਜਥੇਦਾਰੀ ਥਲੇ ਅੰਮ੍ਰਿਤ ਛਕ ਲਿਆ। ਬੜੀ ਲਗਨ ਤੇ ਖਿੱਚ ਨਾਲ ਗੁਰਬਾਣੀ ਦਾ ਪਾਠ ਕਰਨਾ। ਆਪ ਦਾ ਵਿਆਹ ਬੀਬੀ ਬਸੰਤ ਕੌਰ ਸਪੁਤ੍ਰੀ ਭਾਈ ਸੁੰਦਰ ਸਿੰਘ ਨਾਲ, ਕਾਵਾਂ ਵਾਲੀ ਸਿਖਾਂ ਵਿਚ ਹੋਇਆ। ਆਪ ਦੇ ਘਰ ਦੋ ਬੱਚੇ ਪੈਦਾ ਹੋਏ। ੧. ਬੀਬੀ ਚੰਨਣ ਕੌਰ, ਤੇ ੨. ਭਾ: ਜੋਗਿੰਦਰ ਸਿੰਘ। ਆਪ ਸੁਭਾ ਦੇ ਬੜੇ ਹੀ ਗੁਰਮੁਖ ਤੇ ਦੇਵਤਾ ਪੁਰਸ਼ ਸਨ। ਹਰ ਇਕ ਨਾਲ ਚੰਗਾ ਮਿਲਵਰਤਨ ਰਖਣਾ। ਆਪ ੩੦ ਸਾਲ ਦੀ ਉਮਰ ਵਿਚ ਸ੍ਰੀ ਜਨਮ ਅਸਥਾਨ ਅੰਦਰ ਗੋਲੀਆਂ ਨਾਲ ਸ਼ਹੀਦ ਹੋ ਗਏ।*

—o—

* ਕਮੇਟੀ ਨੇ ਆਪ ਦੇ ਪਿਤਾ ਭਾਈ ਹੀਰਾ ਸਿੰਘ ਦੇ ਨਾਮ ਪਿੰਨਸ਼ਨ ਲਾ ਦਿਤੀ। ਜਿਸਦਾ ਜੋੜ ੨੪-੪-੨੨ ਤੋਂ ੧੦-੩-੨੫ ਤਕ ੪੮੫) ਰੁਪਏ ਬਣਦਾ ਹੈ। ਇਸੇ ਤਾਰੀਖ ਨੂੰ ਚਲਾਣਾ ਕਰ ਗਏ ਤੇ ਪਿੰਨਸ਼ਨ ਬੰਦ ਹੋ ਗਈ।

ਭਾਈ ਹਰੀ ਸਿੰਘ ਜੀ

ਆਪ ਦਾ ਜਨਮ ਮਘਰ ਦੇ ਮਹੀਨੇ ਤੜਕੇ ਐਤਵਾਰ ਸੰ: ੧੮੮੯ ਈ: ਵਿਚ ਮਾਤਾ ਅਤਰ ਕੌਰ ਦੀ ਕੁਖੋਂ,ਭਾਈ ਸੇਵਾ ਸਿੰਘ ਦੇ ਘਰ, ਪੰਡੋਰੀ ਨਿੱਜਰਾਂ ਜ਼ਿਲਾ ਜਾਲੰਧਰ ਵਿਚ ਹੋਇਆ।

ਆਪ ਦਾ ਰੰਗ ਕਣਕ-ਭਿੰਨਾ, ਸ੍ਰੀਰ ਲੰਮਾ, ਖ਼ੂਬਸੂਰਤ ਛੀਂਟਕੇ ਜਵਾਨ ਸਨ। ਆਪ ਪੰਜ ਭੈਣ ਭਰਾ ਸਨ—੧. ਭਾ: ਜਵਾਲਾ ਸਿੰਘ, ੨. ਬੀਬੀ ਜਵਾਲਾ ਕੌਰ, ੩. ਭਾ: ਹਰੀ ਸਿੰਘ, ੪. ਭਾ: ਪੰਜਾਬ ਸਿੰਘ, ੫. ਬੀਬੀ ਮਹਾਂ ਕੌਰ।

ਆਪ ਦਾ ਸੁਭੱਾ ਨਿੱਘਾ ਸੀ। ਲੋਕਾਂ ਨਾਲ ਵਾਹਵਾ ਮੇਲ ਮੁਲਾਕਾਤ ਰਖਣੀ। ਆਪ ਨੂੰ ਸ਼ਿਕਾਰ ਖੇਡਣ ਦਾ ਭੀ ਚੰਗਾ ਸ਼ੌਕ ਸੀ। ਆਪ ਕੁਆਰੇ ਹੀ ਸਨ। ਸੋਲ੍ਹਾਂ ਸਾਲ ਦੀ ਉਮਰ ਵਿਚ ਆਪ ਪਲਟਨ ਨੰਬਰ ੩੬ ਵਿਚ ਭਰਤੀ ਹੋ ਗਏ। ਉਥੇ ਹੀ ਅੰਮ੍ਰਿਤ ਪਾਨ ਕੀਤਾ ਅਤੇ ਸਾਧਾਰਨ ਜਹੀ ਗੁਰਮੁਖੀ ਸਿਖ ਲਈ। ਜਰਮਨ ਦੀ ਲੜਾਈ ਵਿਚ ਗਏ, ਪੈਰ ਦੇ ਪਬ ਵਿਚ ਗੋਲੀ ਵਜ ਕੇ ਦੁੱਸਰ ਨਿਕਲ ਗਈ। ਲਤ ਕੁਝ ਕਮਜ਼ੋਰ ਹੋ ਗਈ ਤਾਂ ਪੂਰੇ ਸਤੀਂ ਸਾਲ਼ੀਂ ੬) ਰੁਪਏ ਮਹੀਨਾ ਪਿੰਨਸ਼ਨ ਲੈਕੇ ਘਰ ਆ ਗਏ। ਕੁਝ ਚਿਰ ਪਿਛੋਂ ਪੈਰ ਦੇ ਵਲ ਹੋ ਜਾਣ ਤੇ ਫੇਰ ਵਾਹੀ ਕਰ ਲਈ ਅਤੇ ਚੰਗਾ ਲਾਣਾ ਬਾਣਾ ਬਣਾ ਲਿਆ। ਰਾਤ ਦਿਨੇ ਆਪਣੇ ਜਟਕੇ ਕੰਮ ਵਿਚ ਹੀ ਰੁਝੇ ਰਹਿੰਦੇ ਸਨ। ਆਪ ਪਿੰਡਾਂ ਦੇ ਝਗੜਿਆਂ ਝਾਂਝਿਆਂ ਤੋਂ ਕੋਹਾਂ ਦੂਰ ਭਜਦੇ ਸਨ। ਸ੍ਰੀਕੇ ਨਾਲ ਹਮੇਸ਼ਾਂ ਮਿਲ ਕੇ ਚਲਦੇ ਸਨ। ਆਪ ਇਕਤੀ ਸਾਲ ਦੀ ਨੌਜਵਾਨ ਉਮਰ ਵਿਚ ਜਨਮ ਅਸਥਾਨ ਦੇ ਅੰਦਰ ਗੋਲੀਆਂ ਨਾਲ ਸ਼ਹੀਦੀਆਂ ਪ੍ਰਾਪਤ ਕਰ ਗਏ।

—o—

* ਕਮੇਟੀ ਨੇ ਆਪ ਦੀ ਮਾਤਾ ਅਤਰ ਕੌਰ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸ ਦਾ ਜੋੜ ੨੨-੧੦-੨੧ ਤੋਂ ੨੮-੨-੩੮ ਤਕ ੧੮੮੪) ਰੁਪਏ ਬਣਦਾ ਹੈ।

ਭਾਈ ਢੇਰਾ ਸਿੰਘ ਜੀ

ਆਪ ਦਾ ਜਨਮ ੧੫ ਭਾਦਰੋਂ ਬੁਧਵਾਰ ਵਾਲੇ ਦਿਨ ਸੰ: ੧੯੪੭ ਬਿ: ਨੂੰ ਮਾਤਾ ਜੀਵਨ ਕੌਰ ਦੀ ਕੁਖੋਂ, ਭਾਈ ਜੈਮਲ ਸਿੰਘ ਦੇ ਘਰ ਪੰਡੋਰੀ ਨਿੱਜਰਾਂ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਪੰਜ ਭੈਣ ਭਰਾ ਸਨ—੧. ਬੀਬੀ ਜਵਾਲਾ ਕੌਰ, ੨. ਭਾ: ਭਗਵਾਨ ਸਿੰਘ, ੩. ਭਾ: ਢੇਰਾ ਸਿੰਘ, ੪. ਬੀਬੀ ਭਾਨ ਕੌਰ, ੫. ਬੀਬੀ ਬਿਸ਼ਨ ਕੌਰ।

ਆਪ ਅਨਪੜ੍ਹ ਅਤੇ ਕੁਆਰੇ ਹੀ ਸਨ। ਪਿੰਡੋਂ ਹੀ ਅੰਮ੍ਰਿਤ ਛਕਿਆ। ਆਪ ਦਾ ਰੰਗ ਪੱਕਾ, ਕਦ ਲੰਮਾ, ਸਰੀਰ ਦਰਮਿਆਨਾ। ਸੁਭੱਾ ਅਸੀਲ, ਲੋਕਾਂ ਨਾਲ ਬੜਾ ਭਰੱਪਣ ਰਖਣਾ, ਵਾਹੀ ਜੋਤੀ ਦੀ ਕਾਰ ਚੰਗੀ ਖੜਕਾ ਕੇ ਕਰਨੀ। ਜ਼ਿਮੀਂਦਾਰੇ ਦਾ ਕੰਮ ਕਾਜ ਬੜੀ ਹੁਸ਼ਿਆਰੀ ਅਤੇ ਹਿਮਤ ਨਾਲ ਕਰਨਾ। ਆਲਸ ਤਾਂ ਕਦੇ ਨੇੜੇ ਨਹੀਂ ਸੀ ਢੁਕਿਆ। ਸਾਰੇ ਘਰ ਦੇ ਲਾਣੇ ਬਾਣੇ ਦੇ ਮੋਹਰੀ ਸਨ। ਸਾਕਾਂ ਅੰਗਾਂ ਨਾਲ ਸੋਹਣਾ ਵਰਤੋਂ ਵਿਹਾਰ ਰਖਦੇ ਸਨ। ਆਪਣੇ ਭੈਣ ਭਾਈ ਨੂੰ ਵੇਖ ਕੇ ਬਾਗ਼ ਬਾਗ਼ ਹੋ ਜਾਣਾ। ਆਪਣੀ ਬ੍ਰਾਦਰੀ ਨਾਲ ਚੰਗੀ ਮਿੱਠੀ ਵਰਤੋਂ ਰਖਣੀ। ਦੁਖੀਆਂ ਦਾ ਦਰਦ ਬੜੇ ਉਤਸ਼ਾਹ ਨਾਲ ਵੰਡਾਉਣਾ। ਨਿਰੋਲ ਸੰਤਾਂ ਵਰਗਾ ਨਿਰਛੱਲ ਜਿਹਾ ਸੁਭੱਾ ਸੀ। ਕਦੇ ਭਾਈਚਾਰੇ ਵਿਚ ਬਹਿ ਕੇ ਕਿਸੇ ਦੀ ਵਧ ਕੇ ਗਲ ਕਥ ਨ ਕਰਨੀ। ਇਸ ਸੁਚੇ ਆਚਰਨ, ਸਾਦਗੀ ਤੇ ਦਾਨਾਈ ਚੇ ਕਾਰਨ ਜਿਥੇ ਨਗਰ ਵਿਚ ਆਪ ਦੀ ਬਹੁਤ ਸਾਰੀ ਇਜ਼ਤ ਹੁੰਦੀ ਸੀ ਉਸ ਦੇ ਨਾਲ ਹੀ ਬ੍ਰਾਦਰੀ ਦੇ ਕਈਆਂ ਕੰਮਾਂ ਵਿਚ ਆਪ ਦੀ ਸਲਾਹ ਲਈ ਜਾਂਦੀ ਸੀ। ਰਿਸ਼ਤੇਦਾਰਾਂ ਤੇ ਘਰ ਬਾਰ ਵਿਚ ਸਭ ਆਪ ਦਾ ਹੀ ਤੋਰਾ ਟਿੱਕਾ ਸੀ। ਆਪ ਤੀਹਾਂ ਸਾਲਾਂ ਦੀ ਉਮਰ ਵਿਚ ਗੋਲੀਆਂ ਨਾਲ ਬਾਰਾਂਦਰੀ ਦੇ ਅੰਦਰ ਸ਼ਹੀਦ ਹੋ ਗਏ।*

---

* ਕਮੇਟੀ ਨੇ ੧੩੫) ਰੁਪਏ ਕਰਜ਼ਾ ਉਤਾਰਿਆ ਅਤੇ ਮਾਤਾ ਜੀਵੀ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸ ਦਾ ਜੋੜ ੭-੨-੨੨ ਤੋਂ ੩੦-੧੧-੩੮ ਤਕ ੧੨੯੦) ਰੁਪਏ ਬਣਦਾ ਹੈ।

ਜ਼ਿਲਾ ਜਲੰਧਰ ਦੇ ਸ਼ਹੀਦ

ਭਾਈ ਠਾਕਰ ਸਿੰਘ ਜੀ

ਆਪ ਦਾ ਜਨਮ ਮਾਤਾ ਅਤਰ ਕੌਰ ਦੀ ਕੁਖੋਂ ਭਾਈ ਇੰਦਰ ਸਿੰਘ ਦੇ ਘਰ ਸੰ: ੧੯੪੭ ਬਿ: ਵਿਚ ਮਾਣਕ ਘੁਮਣ ਜ਼ਿਲਾ ਜਾਲੰਧਰ ਵਿਚ ਹੋਇਆ ਆਪ ਦੇ ਨਾਨਕੇ ਚਾਨਥੂ ਜ਼ਿਲਾ ਹੁਸ਼ਿਆਰਪੁਰ ਵਿਚ ਸਨ। ਆਪ ਆਪਣੇ ਮਾਪਿਆਂ ਦੇ ਘਰ ਇਕਲੌਤੇ ਕੁਆਰੇ ਪੁੱਤ੍ਰ ਸਨ। ਆਪ ਦਾ ਰੰਗ ਕਣਕ-ਭਿੰਨਾ, ਕਦ ਸਾਢੇ ਪੰਜ ਫੁੱਟ, ਚੰਗੇ ਤਾਕਤਵਰ ਭਰਵੇਂ ਜਵਾਨ ਸਨ। ਨਿਕੇ ਹੁੰਦਿਆਂ ਡੰਗਰ ਚਾਰਦਿਆਂ ਹੀ ਗੁਰਦੁਆਰੇ ਵਿਚੋਂ ਸਾਧਾਰਨ ਜਹੀ ਗੁਰਮੁਖੀ ਪੜ੍ਹ ਲਈ।

ਵਡਿਆਂ ਹੋ ਕੇ ਚੰਗੀ ਸੋਹਣੀ ਵਾਹੀ ਕੀਤੀ ਅਤੇ ਸਾਕੇ ਤੋਂ ਕੁਝ ਚਿਰ ਪਹਿਲਾਂ ਆਪ ਨੇ ਧੰਨੂ ਆਣੇ ਚਕ ਨੰ: ੯੧ ਵਿਚ ਮੁਰੱਬਾ ਠੇਕੇ ਤੇ ਲੈ ਕੇ ਵਾਹੀ ਸ਼ੁਰੂ ਕੀਤੀ ਹੋਈ ਸੀ। ਇਸ ਨਗਰ ਦੇ ਸਿੰਘਾਂ ਨਾਲ ਆਪ ਨੂੰ ਚੰਗੇ ਪੁਰਸ਼ਾਂ ਦਾ ਸੰਗ ਪ੍ਰਾਪਤ ਹੋ ਗਿਆ। ਜਿਸ ਦੇ ਕਾਰਨ ਆਪ ਦੇ ਸੁਭਾਂ ਵਿਚ ਖ਼ਾਸ ਕਿਸਮ ਦਾ ਪਲਟਾ ਆ ਗਿਆ ਸੀ। ਦੂਜੇ ਪਿੰਡ ਵਿਚ ਆਬਾਦ ਹੋਕੇ ਭੀ ਆਪਣੇ ਸ਼ੁਭ ਗੁਣਾਂ ਦੇ ਕਾਰਨ ਬਿਲਕੁਲ ਓਪਰੇ ਨਹੀਂ ਲਗਦੇ ਸਨ। ਕਦੀ ਕਿਸੇ ਨੂੰ ਆਪਦੇ ਓਪਰੇ ਹੋਣ ਦਾ ਗੁਮਾਨ ਤਕ ਭੀ ਨਹੀਂ ਹੋਇਆ ਕਰਦਾ ਹੈ। ਕਿਉਂਕਿ ਆਪ ਹਰ ਇਕ ਭਰਾ ਦੇ ਦੁਖ ਸਮੇਂ ਮੋਹਰਲੀਆਂ ਵਿਚ ਹੋਕੇ ਨਿਸ਼ਕਾਮ ਸੇਵਾ ਕਰਿਆ ਕਰਦੇ ਸਨ। ਕਤਕ ਪੂਰਨਮਾਸ਼ੀ ਦੇ ਮੇਲੇ ਤੇ ਸ੍ਰੀ ਨਨਕਾਣਾ ਸਾਹਿਬ ਜਾ ਕੇ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਗਏ। ਆਪ ਦਾ ਸੁਭਾਂ ਹਲੀਮੀ ਖੋਰਾ ਬਹੁਤਾ ਲਿਹਾਜ਼ੀ ਤੇ ਮਿੱਠਾ ਜਿਹਾ ਸੀ। ਆਪ ਉਪ੍ਰੋਕਤ ਚੱਕ ਦੇ ਸਿੰਘਾਂ ਦੇ ਜਥੇ ਨਾਲ ਜਾ ਕੇ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਅੰਦਰ ਗੋਲੀਆਂ ਨਾਲ ਸ਼ਹੀਦ ਹੋ ਗਏ ਅਤੇ ਸਦਾ ਲਈ ਆਪਣਾ ਨਾਮ ਕੌਮੀ ਇਤਿਹਾਸ ਵਿਚ ਚਮਕਾ ਗਏ।

ਫਰਾਲਾ ਚੱਕ ਨੰ: ੨੫੮

ਜ਼ਿਲਾ ਲਾਇਲਪੁਰ ਦੇ ਸ਼ਹੀਦ

ਭਾਈ ਬਚਿੰਤ ਸਿੰਘ ਜੀ

ਆਪ ਆਪਣੇ ਚਾਚੇ ਦੇ ਪੁਤ ਭਰਾ ਭਾਈ ਘਨੱਈਆ ਸਿੰਘ ਨਾਲ ਧੰਨੂਆਣੇ ਚੱਕ ਨੰਬਰ ੯੧ ਵਿਚ ਭਾਈ ਬੁਧ ਸਿੰਘ ਦੇ ਘਰ ਮਕਾਣੇ ਗਏ ਹੋਏ ਸਨ। ਉਥੋਂ ਜਥਾ ਤਿਆਰ ਹੋਇਆ ਤਾਂ ਇਹ ਦੋਵੇਂ ਸਜਨ ਭੀ ਉਸ ਵਿਚ ਸ਼ਾਮਲ ਹੋ ਕੇ ਤੁਰ ਪਏ।

ਆਪ ਭਾਈ ਰੂਪਾ ਜੀ ਦੇ ਪੁੱਤ੍ਰ ਭਾਈ ਸੁੰਦਰ ਜੀ ਦੇ ਘਰ ਮਾਤਾ ਸਾਹਿਬ ਕੌਰ ਦੀ ਕੁਖੋਂ ਸੰਮਤ ੧੯੨੯ ਬਿ: ਵਿਚ ਫਰਾਲਾ ਜ਼ਿਲਾ ਜਾਲੰਧਰ ਵਿਚ ਪੈਦਾ ਹੋਏ।

ਨਿਕਿਆਂ ਹੁੰਦਿਆਂ ਕੋਈ ਵਿਦਿਆ ਪ੍ਰਾਪਤ ਨਹੀਂ ਕੀਤੀ, ਜਵਾਨ ਹੋਏ ਤਾਂ ਪਿਤਾ ਨਾਲ ਵਾਹੀ ਦੇ ਕੰਮ ਵਿਚ ਲਗ ਗਏ। ਆਪ ਦਾ ਰੰਗ ਪੱਕਾ, ਸਰੀਰ ਚੁਸਤ, ਕਦ ਪੰਜ ਫ਼ੁਟ ਨੌਂ ਇੰਚ ਸੀ। ਆਪ ਚਾਰ ਭਰਾ ਸਨ :—੧. ਭਾਈ ਵਰਿਆਮ ਸਿੰਘ, ੨. ਭਾਈ ਮਘਰ ਸਿੰਘ, ੩. ਭਾਈ ਬਚਿੰਤ ਸਿੰਘ, ੪. ਭਾਈ ਜੀਊਣ ਸਿੰਘ। ਆਪ ਦੇ ਨਾਨਕੇ ਸ਼੍ਰੀਹ ਜ਼ਿਲਾ ਜਾਲੰਧਰ ਵਿਚ ਹਨ ਅਤੇ ਨਾਨੇ ਦਾ ਨਾਮ ਭਾਈ ਸ਼ੀਂਹਾਂ ਸਿੰਘ ਹੈ।

ਭਰ ਜਵਾਨੀ ਵਿਚ ਸੰ: ੧੯੪੫ ਬਿ: ਵਿਚ ਆਪ ਦੀ ਸ਼ਾਦੀ ਭਾਈ ਗੁਲਾਬ ਦੀ ਪੁਤ੍ਰੀ ਬੀਬੀ ਰਤਨ ਕੌਰ ਨਾਲ ਹੋ ਗਈ। ਇਹ ਬੀਬੀ ਗੁਰੂ ਘਰ ਦੀ ਬੜੀ ਪ੍ਰੇਮਣ ਸੀ। ਇਥੇ ਇਹ ਦਸ ਦੇਣਾ ਭੀ ਜ਼ਰੂਰੀ ਹੈ ਕਿ ਇਸ ਪਿੰਡ ਦੇ ਵਾਸੀ ਸਖੀ ਸਰਵਰ ਦੇ ਉਪਾਸ਼ਕ ਸਨ, ਪਰ ਇਸ ਬੀਬੀ ਦੇ ਘਰ ਆਉਣ ਨਾਲ ਪ੍ਰਵਾਰ ਨੂੰ ਗੁਰੂ ਘਰ ਦੀ ਸੂਝ ਹੋਣ ਲਗ ਪਈ, ਇਸ ਬੀਬੀ ਦੀ ਕੁਖੋਂ ਤਿੰਨ ਬੱਚੇ ਪੈਦਾ

ਹੋਏ ਜੋ ਤਿੰਨੇ ਹੀ ਨਿੱਕੇ ਹੁੰਦੇ ਗੁਜ਼ਰ ਗਏ ।

ਆਪ ਦੇ ਪਿਤਾ ਨੂੰ ਸੰ: ੧੯੪੯ ਬਿ: ਵਿਚ ਫਰਾਲਾ ਚੱਕ ਨੰਬਰ ੨੫੮ ਵਿਚ ਜ਼ਮੀਨ ਮਿਲੀ ਤਾਂ ਆਪ ਭੀ ਉਨ੍ਹਾਂ ਦੇ ਨਾਲ ਹੀ ਇਥੇ ਆ ਗਏ।

ਜੀਵਣ ਵਿਚ ਪਲਟਾ ਆਉਣਾ

ਆਪ ਦੀ ਸਿੰਘਣੀ ਸੰ: ੧੯੬੪ ਬਿ: ਵਿਚ ਸਵਰਗਵਾਸ ਹੋ ਗਈ। ਜਿਸ ਦੇ ਫੁਲ ਲੈ ਕੇ ਆਪ ਹਰਦਵਾਰ ਗਏ। ਉਥੋਂ ਵਾਪਸੀ ਤੇ ਵੈਰਾਗੀ ਹੋਏ ਦੋ ਮਹੀਨੇ ਸ੍ਰੀ ਅੰਮ੍ਰਿਤਸਰ ਜੀ ਰਹਿ ਪਏ। ਸ੍ਰੀ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਸੰਤ ਕ੍ਰਿਪਾਲ ਸਿੰਘ ਜੀ ਕਥਾ ਕਰਿਆ ਕਰਦੇ ਸਨ। ਆਪ ਸੰਸਕ੍ਰਿਤ ਤੇ ਗੁਰਮਤ ਦੇ ਚੰਗੇ ਜਾਣੂ ਸਨ। ਉਨ੍ਹਾਂ ਦੀ ਸੰਗਤ ਕੀਤੀ ਤੇ ਉਨ੍ਹਾਂ ਦੇ ਜਥੇ ਪਾਸੋਂ ਅੰਮ੍ਰਿਤ ਛਕ ਲਿਆ। ਸੰਤਾਂ ਨਾਲ ਅਜਿਹਾ ਪ੍ਰੇਮ ਹੋਇਆ ਕਿ ਉਨ੍ਹਾਂ ਨੂੰ ਨਾਲ ਹੀ ਬਾਰ ਵਿਚ ਲੈ ਆਏ। ਆਪਣੇ ਮੁਰੱਬੇ ਵਿਚ ਇਕ ਸੁੰਦਰ ਗੁਫਾ ਬਣਾ ਕੇ ਸੰਤਾਂ ਦਾ ਡੇਰਾ ਲੁਆ ਕੇ ਮਹਾਰਾਜ ਦਾ ਪਾਠ ਸ਼ੁਰੂ ਕਰ ਦਿਤਾ। ਸੰਤਾਂ ਦੀ ਵਧੇਰੇ ਸੰਗਤ ਨੇ ਆਪ ਦੇ ਜੀਵਨ ਵਿਚ ਅਜਿਹਾ ਪਲਟਾ ਆਂਦਾ ਕਿ ਆਪ ਭੀ ਉਨ੍ਹਾਂ ਦੇ ਸੰਗ ਲਗ ਕੇ ਭਜਨ-ਮੂਰਤੀ ਹੀ ਬਣ ਗਏ। ਆਪ ਦੇ ਉਚ ਆਚਰਨ ਦਾ ਨਗਰ ਨਿਵਾਸੀਆਂ ਤੇ ਅਜਿਹਾ ਪ੍ਰਭਾਵ ਪਿਆ ਕਿ ਸਾਰੇ ਅਨਮਤੀ ਸਖੀ ਸਰਵਰ ਦੇ ਉਪਾਸ਼ਕ, ਗੁਰੂ ਘਰ ਵਲ ਪ੍ਰੇਰਤ ਹੋਣ ਲਗ ਪਏ। ਆਪ ਨੇ ਇਥੇ ਗੁਰਦੁਆਰੇ ਦੀ ਉਸਾਰੀ ਦਾ ਕਾਰਜ ਸ਼ੁਰੂ ਕਰ ਦਿਤਾ। ਹਥੀਂ ਚਕੀ ਪੀਹ ਕੇ ਚੂਨੇ ਦੀਆਂ ਤਗਾਰੀਆਂ ਢੋਣੀਆਂ। ਆਪ ਦੇ ਹਥੀਂ ਸੇਵਾ ਕਰਨ ਦੇ ਪ੍ਰੇਮ ਨੇ ਨਗਰ ਨਿਵਾਸੀਆਂ ਦੇ ਦਿਲਾਂ ਵਿਚ ਇਕ ਖ਼ਾਸ ਕਿਸਮ ਦੀ ਖਿੱਚ ਪੈਦਾ ਕਰ ਦਿਤੀ ਜਿਸ ਦੇ ਕਾਰਨ ਬੜਾ ਆਲੀਸ਼ਾਨ ਗੁਰਦੁਆਰਾ ਤਿਆਰ ਹੋ ਗਿਆ। ਇਥੇ ਹਮੇਸ਼ਾਂ ਗੁਰੂ ਆਸ਼ੇ ਦੇ ਪ੍ਰਚਾਰ ਦੀ ਮਹਿਮਾ ਬਣੀ ਰਿਹਾ ਕਰੇ। ਸਹਿਜੇ ਸਹਿਜੇ ਸਾਰਾ ਨਗਰ ਹੀ ਅੰਮ੍ਰਿਤਧਾਰੀ ਸਿੰਘ ਸਜ ਗਿਆ।

ਹੋਰ ਵਧੇਰੇ ਸੰਤ ਮਤੇ ਵਲ

ਸੰਤ ਕ੍ਰਿਪਾਲ ਸਿੰਘ ਜੀਦੀ ਸੰਗਤ ਕਰਕੇ ਆਪ ਨੂੰ ਸੰਤ ਅਤਰ ਸਿੰਘ ਜੀ

ਮਸਤੂਆਣੇ ਵਾਲਿਆਂ ਦੇ ਸੇਵਕ ਸੰਤ ਕਾਲਾ ਸਿੰਘ ਹੁਰਾਂ ਦੇ ਦਰਸ਼ਨ ਹੋ ਗਏ। ਉਹ ਮਸਤੂਆਣੇ ਹੀ ਰਹਿੰਦੇ ਸਨ, ਉਨ੍ਹਾਂ ਦੀ ਸੰਗਤ ਕਰਕੇ ਜਦੋਂ ਉਥੋਂ ਦਾ ਤਾਲਾਬ ਅਤੇ ਗੁਰਦੁਆਰਾ ਬਣਨਾ ਸ਼ੁਰੂ ਹੋਇਆ ਤਾਂ ਆਪ ਨੇ ਅਪਣੀ ਹਥੀਂ ਬੜੀ ਭਾਰੀ ਸੇਵਾ ਕੀਤੀ। ਇਸ ਸੇਵਾ ਸਮੇਂ ਹੀ ਆਪ ਦਾ ਸੰਤ ਅਤਰ ਸਿੰਘ ਜੀ ਹੁਰਾਂ ਨਾਲ ਭੀ ਚੰਗਾ ਪਿਆਰ ਬਣ ਗਿਆ। ਜਦ ਖ਼ਾਲਸਾ ਕਾਲਜ ਲਾਇਲਪੁਰ ਦਾ ਬੁਨਿਆਦੀ ਪਥਰ ਰਖਣ ਲਈ ਇਥੇ ਸੰਤ ਅਤਰ ਸਿੰਘ ਜੀ ਆਏ ਤਾਂ ਆਪ ਭੀ ਉਥੇ ਪੁਜ ਕੇ ਸੰਤਾਂ ਦੇ ਦਰਸ਼ਨ ਲਈ ਗਏ। ਇਸ ਸਮੇਂ ਦਿਲ ਵਿਚ ਉਮੰਗ ਪੈਦਾ ਹੋਈ ਕਿ ਇਹ ਸਾਡੀ ਮੰਗ ਹੈ ਕਿ ਸੰਤ ਜੀ ਮਹਾਰਾਜ ਬੁਲਾ ਕੇ ਪ੍ਰਸ਼ਾਦ ਦੇਣ। ਇਨ੍ਹਾਂ ਦੇ ਮਨ ਦਾ ਪ੍ਰੇਮ ਦਾ ਅਜਿਹਾ ਅਸਰ ਹੋਇਆ ਕਿ ਸੰਤਾਂ ਨੇ ਹੁਕਮ ਕੀਤਾ ਕਿ ਓਸ ਸਿੰਘ ਨੂੰ ਬੁਲਾ ਕੇ ਪ੍ਰਸ਼ਾਦ ਦਿਓ, ਇਨ੍ਹਾਂ ਦਾ ਚਿਤ ਅਗੇ ਹੀ ਅਡੋਲ ਸੀ। ਫਿਰ ਪੂਰਨ ਸੰਤਾਂ ਦੀ ਸੰਗਤ ਕਰ ਕੇ ਤਾਂ ਪੂਰਨ ਸੰਤ ਰੂਪ ਹੀ ਹੋ ਗਏ। ਇਨ੍ਹਾਂ ਦੇ ਘਰ ਆਪ ਦੀ ਸੰਤ ਅਤਰ ਸਿੰਘ ਜੀ ਅਤੇ ਸੰਤ ਕਾਲਾ ਸਿੰਘ ਜੀ ਹੁਰਾਂ ਦੀ ਇਕੱਠੀ ਤਸਵੀਰ ਹੁੰਦੀ ਸੀ, ਪਰ ਅਫ਼ਸੋਸ ਕਿ ਉਹ ਇਸ ਵੇਲੇ ਨਹੀਂ ਮਿਲ ਸਕੀ।

ਆਪ ਦਾ ਨਿਤ ਕਰਮ

ਆਪ ਗੁਰਬਾਣੀ ਦੇ ਬੜੇ ਪਿਆਰੇ ਸਨ। ਪੰਜਾਂ ਬਾਣੀਆਂ ਦਾ ਨਿਤਨੇਮ ਕਰਨਾ, ਸਵੇਰੇ ਦੋ ਵਜੇ ਤੜਕੇ ਉਠ ਬੈਠਣਾ, ਸੌਚ ਇਸ਼ਨਾਨ ਕਰਕੇ ਸਮਾਧੀ ਲਾ ਕੇ ਭਜਨ ਕਰਨ ਬੈਠ ਜਾਣਾ। ਜਦ ਜਾਨਵਰਾਂ ਨੇ ਚੂੰਕਣਾ ਸ਼ੁਰੂ ਕਰਨਾ ਤਦ ਆਪ ਨੇ ਗੁਰਬਾਣੀ ਦਾ ਪਾਠ ਸ਼ੁਰੂ ਕਰ ਦੇਣਾ। ਇਸ ਦੇ ਪਿੱਛੋਂ ਆਪਣੇ ਕਿਸੇ ਹੋਰਸ ਵਿਹਾਰ ਕਾਰ ਵਿਚ ਲਗਣਾ। ਬਾਰਾਂ ਵਜੇ ਇਕ ਘੰਟਾ ਰੋਜ਼ ਚੌਂਕੜੀ ਮਾਰ ਕੇ ਭਜਨ ਕਰਨਾ, ਉਸ ਦੇ ਪਿੱਛੋਂ ਫੇਰ ਘਰ ਦਾ ਵਿਹਾਰ ਕਰਨਾ। ਰਹਿਰਾਸ ਸਾਹਿਬ ਦੇ ਵੇਲੇ ਢਾਈ ਤਿੰਨ ਸੌ ਕਰਮ ਪਿੰਡੋਂ ਬਾਹਰ ਦੁਰੇਡੇ ਨਿਕਲ ਜਾਣਾ। ਉਥੇ ਬੈਠ ਕੇ ਪਾਠ ਕਰਨਾ ਅਤੇ ਖਾਉ-ਪੀਏ ਘਰ ਵਾਪਸ ਮੁੜ ਕੇ ਪ੍ਰਸ਼ਾਦ ਛਕਣਾ। ਇਤਨੇ ਨੂੰ ਸੰਗਤ ਨੇ ਆ ਦਰਸ਼ਨ ਦੇਣੇ, ਗੁਰ ਇਤਿਹਾਸ, ਸ਼ਬਦਾਂ ਦੇ ਅਰਥਾਂ ਦੀ ਵਿਚਾਰ ਸੁਨਾਉਣੀ ਅਤੇ ਫੇਰ ਨਾਮ ਸਿਮਰਨ ਅਭਿਆਸ ਕਰਨ ਦਾ ਉਪਦੇਸ਼ ਦੇਣਾ। ਆਪ ਨੇ ਇਹ ਨਿਤ ਨਿਯਮ ਸਾਰੀ ਜ਼ਿੰਦਗੀ ਹੀ ਨਿਭਾ ਦਿਤਾ।

ਅਖੰਡ ਪਾਠ ਕਰਾਉਣੇ, ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਅੰਮ੍ਰਿਤ ਪ੍ਰਚਾਰ ਕਰਨਾ। ਆਪਣੀ ਸੁਰਤੀ ਸਦਾ ਨਾਮ ਸਿਮਰਨ ਨਾਲ ਜੋੜੀ ਰਖਣੀ। ਜੇ ਕਿਸੇ ਨੇ ਆ ਕੇ ਦੁਨੀਆਂ ਦਾਰੀ ਦੀਆਂ ਬਹੁਤੀਆਂ ਗਲਾਂ ਕਰਨੀਆਂ ਤਾਂ ਕੋਈ ਹੁੰਗਾਰਾ ਨ ਦੇਣਾ। ਜੇ ਕੋਈ ਗੁਰੂ ਘਰ ਦੀ ਗੱਲ ਹੋਣੀ ਤਾਂ ਬੜੇ ਧਿਆਨ ਨਾਲ ਹੁੰਗਾਰਾ ਭਰਨਾ, ਜਿਸ ਦੇ ਕਾਰਨ ਆਪ ਦੇ ਸਤਸੰਗੀ ਭੀ ਆਪ ਪਾਸ ਐਸੀਆਂ ਵੈਸੀਆਂ ਗੱਲਾਂ ਬਹੁਤ ਘਟ ਵਧ ਕਰਿਆ ਕਰਦੇ ਸਨ। ਆਪ ਦੀ ਤਬੀਅਤ ਇਨਸਾਫ਼-ਪਸੰਦ ਅਤੇ ਫ਼ਕੀਰਾਨਾ ਜਹੀ ਸੀ। ਹਮੇਸ਼ਾਂ ਪਿੰਡ ਵਿਚੋਂ ਫ਼ਸਾਦ ਨੂੰ ਰੋਕਣ ਦੀ ਕੋਸ਼ਸ਼ ਕਰਨੀ। ਲੋਕਾਂ ਨੂੰ ਏਹੋ ਦ੍ਰਿੜ੍ਹ ਕਰਾਉਂਦਿਆਂ ਰਹਿਣਾ ਕਿ ਬਖਾਂਦ ਵਿਚੋਂ ਕੁਝ ਖੱਟੀ ਨਹੀਂ ਹੈ। ਸੁਭਾ ਬੜਾ ਮਿੱਠਾ, ਬਾਹਰੋਂ ਆਏ ਸਾਧਾਂ ਸੰਤਾਂ ਦੀ ਪੁਜ ਕੇ ਸੇਵਾ ਕਰਨੀ। ਆਪ ਦੀ ਕੁਟੀਆ ਵਿਚ ਕੋਈ ਨ ਕੋਈ ਮਹਾਤਮਾ ਪੁਰਸ਼ ਟਿਕਿਆ ਹੀ ਰਹਿੰਦਾ ਸੀ।

ਗੁਰਦੁਆਰਿਆਂ ਦੀ ਸੇਵਾ ਦਾ ਚੌ

ਆਪ ਅੰਦਰ ਗੁਰੂ ਘਰ ਦਾ ਪਿਆਰ ਘਰ ਕਰ ਚੁੱਕਾ ਸੀ। ਗੁਰਦੁਆ-ਰਿਆਂ ਵਿਚ ਕੁਰੀਤੀਆਂ ਵੇਖ ਕੇ ਆਪ ਦਾ ਦਿਲ ਬੜਾ ਦੁੱਖੀ ਹੋਇਆ ਕਰਦਾ ਸੀ। ਜਦ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਕੰਧ ਸ੍ਰਕਾਰ ਵਲੋਂ ਢਾਹੀ ਗਈ, ਤਾਂ ਆਪ ਦੇ ਦਿਲ ਉਤੇ ਬੜਾ ਡੂੰਘਾ ਅਸਰ ਹੋਇਆ। ਅਕਾਲੀ ਅਖ਼ਬਾਰ ਵਿਚ ਸੌ ਸਿੰਘਾਂ ਦੀ ਸ਼ਹੀਦੀ ਲਈ ਮੰਗ ਹੋਈ ਤਾਂ ਆਪ ਨੇ ਭੀ ਉਨ੍ਹਾਂ ਸੌ ਸਿੰਘਾਂ ਵਿਚ ਸ਼ਹੀਦੀਆਂ ਲਈ ਆਪਣਾ ਨਾਮ ਲਿਖਾਇਆ। ਧਾਰੋਵਾਲੀ ਦੀਵਾਨ ਤੇ ਗੁਰਦੁਆਰਾ ਬਾਬੇ ਦੀ ਬੇਰ ਦੇ ਸੁਧਾਰ ਲਈ ਅਪੀਲ ਹੋਈ ਤਾਂ ਉਥੇ ਭੀ ਸਿੰਘਾਂ ਨਾਲ ਤਿਆਰ ਹੋ ਕੇ ਸੇਵਾ ਲਈ ਸਿਆਲਕੋਟ ਗਏ।

ਜਦ ਸ੍ਰੀ ਨਨਕਾਣੇ ਸਾਹਿਬ ਦਾ ਸਾਕਾ ਹੋਇਆ ਤਾਂ ਆਪ ਭੀ ਆਪਣੇ ਪਿਛਲੇ ਪਿੰਡ ਗਏ ਹੋਏ ਸਨ। ਉਥੇ ਸ੍ਰੀ ਤਰਨ ਤਾਰਨ ਸਾਹਿਬ ਪੁੱਜ ਗਏ। ਇਨ੍ਹਾਂ ਦੇ ਸਾਮ੍ਹਣੇ ਭਾਈ ਹਜ਼ਾਰਾ ਸਿੰਘ ਤੇ ਭਾਈ ਹੁਕਮ ਸਿੰਘ ਉਥੇ ਸ਼ਹੀਦ ਹੋਏ ਸਨ। ਜਦ ਉਥੋਂ ਮੁੜ ਕੇ ਘਰ ਆਏ ਤਾਂ ਭਰਾ ਨੇ ਪੁੱਛਿਆ ਤੁਹਾਡਾ ਚੇਹਰਾ ਉਦਾਸ ਜਿਹਾ ਕਿਉਂ ਹੈ? ਤਾਂ ਉੱਤਰ ਦਿਤਾ ਕਿ "ਸ਼ਹਾਦਤ ਦਾ ਨੰਬਰ ਸ੍ਰੀ ਤਰਨ

ਤਾਰਨ ਦੇ ਸਿੰਘ ਲੈ ਗਏ ਹਨ। ਵਾਰੀ ਤਾਂ ਸਾਡੀ ਸੀ" ਪੋਹ ਦੇ ਮਹੀਨੇ ਇਕ ਦਿਨ ਭਰਾ ਨੇ ਪੁਛਿਆ ਕਿ ਅਗੋਂ ਕਮਾਦ ਕਿਸ ਪੈਲੀ ਵਿਚ ਬੀਜਣਾ ਹੈ, ਤਾਂ ਜੋ ਹਲ ਵਾਹੁਣੇ ਸ਼ੁਰੂ ਕਰ ਦਈਏ। ਤਾਂ ਉੱਤਰ ਦਿਤਾ "ਭਾਈ ਐਤਕੀਂ ਅਸੀਂ ਨਹੀਂ ਕਮਾਦ ਬੀਜਣਾ, ਜਿਥੇ ਮਰਜ਼ੀ ਹੈ ਬੀਜੋ ਸਾਡਾ ਸਰੀਰ ਹੁਣ ਗੋਲੀ ਦਾ ਸ਼ਿਕਾਰ ਹੋਊ ਯਾ ਛਵ੍ਹੀ ਵਿਚੋਂ ਦੀ ਨਿਕਲੂ।" ੧੫ ਮਾਘ ਦੀ ਗਲ ਹੈ ਕਿ ਨਿੱਕੇ ਭਰਾ ਭਾਈ ਜੀਉਣ ਸਿੰਘ ਨੂੰ ਪਾਸ ਸਦਿਆ ਤੇ ਆਖਿਆ ਕਿ "ਆਹ ਲੈ ਤਿੰਨ ਸੌ ਰੁਪਿਆ ਪਿੰਡ ਦੀ ਅਮਾਨਤ ਮੇਰੇ ਪਾਸ ਹੈ, ਜਦ ਭਾਈਚਾਰੇ ਦੇ ਸਿੰਘ ਮੰਗਣ, ਦੇ ਦੇਣਾ ਅਤੇ ਪਿੰਡ ਦੇ ਭਾਈ ਬਿਸ਼ਨ ਸਿੰਘ ਤੇ ਬੀਰ ਸਿੰਘ ਪਾਸੋਂ ਇਕ ਇਕ ਸੌ ਰੁਪਿਆ ਲੈਣਾ ਹੈ, ਉਨ੍ਹਾਂ ਪਾਸੋਂ ਉਗ੍ਰਾਹ ਲੈਣਾ। ਹੋਰ ਕਾਰ ਵਿਹਾਰ ਸੰਭਾਲ ਕੇ ਕਰਨਾ, ਕਿਸੇ ਨਾਲ ਵਿਗਾੜਨੀ ਨਹੀਂ, ਮਿੱਠਾ ਬੋਲਣਾ, ਨਿਉਂ ਕੇ ਚਲਣਾ, ਵਾਹਿਗੁਰੂ ਦਾ ਭਜਨ ਕਰਨਾ। ਜਿਥੋਂ ਤਕ ਹੋ ਸਕੇ ਸਾਰੇ ਕੁਟੰਬ ਨੂੰ ਏਸੇ ਪਾਸੇ ਲਾਉਣਾ।"

ਆਪ ਪਹਿਲਾਂ ਹੀ ਸ਼ਹੀਦੀ ਲਈ ਤਿਆਰੀ ਕਰ ਚੁਕੇ ਸਨ। ਧੰਨੂੰਆਣੇ ਚਕ ਨੰਬਰ ੯੧ ਵਿਚ ਜਦ ਇਹ ਮਕਾਣੇ ਗਏ ਹੋਏ ਸਨ ਤਾਂ ਉਥੇ ਜਦ ਸੀਸ ਦੀ ਮੰਗ ਲਈ ਸੱਦਾ ਆਇਆ ਸੁਣਿਆ, ਤਾਂ ਨਾਲ ਦੇ ਸਾਥੀ ਨੂੰ ਪ੍ਰੇਰਨਾ ਕਰਕੇ ਨਾਲ ਹੀ ਲੈ ਗਏ ਅਤੇ ਗੋਲੀਆਂ ਤੇ ਛਵ੍ਹੀਆਂ ਨਾਲ ਗੁਰਦੁਆਰੇ ਦੇ ਅੰਦਰ ਜਾ ਸ਼ਹੀਦੀ ਪ੍ਰਾਪਤ ਕੀਤੀ।*

ਭਾਈ ਕਨ੍ਹੱਈਆ ਸਿੰਘ ਜੀ

ਆਪ ਦਾ ਜਨਮ ਸੰ: ੧੯੮੧ ਈ: ਵਿਚ ਮਾਤਾ ਅਤਰ ਕੌਰ ਦੀ ਕੁਖੋਂ ਭਾਈ ਸੁੰਦਰ ਸਿੰਘ ਦੇ ਘਰ ਛਰਾਲੇ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਦਾ ਰੰਗ ਗੋਰਾ, ਕੱਦ ਮਧਰਾ, ਸਰੀਰ ਪਤਲਾ ਅਤੇ ਸੁਭਾ ਮਿਠਾ ਸੀ। ਆਪ ਤਿੰਨ ਭੈਣ ਭਰਾ ਸਨ—੧. ਬੀਬੀ ਬਸੰਤ ਕੌਰ, ੨. ਭਾਈ ਕਨ੍ਹੱਈਆ ਸਿੰਘ, ੩. ਭਾ: ਚਿੰਤ ਰਾਮ ਜੋ ਉਦਾਸੀ ਸਾਧ ਹੋ ਗਏ। ਆਪ ਅਨਪੜ੍ਹ ਸਨ, ਪਿੰਡ ਹੀ ਗੁਰਦੁਆਰੇ ਵਿਚੋਂ ਅੰਮ੍ਰਿਤ ਛਕ ਲਿਆ।

---

*ਕਮੇਟੀ ਪਾਸੋਂ ਕੇਵਲ ਇਕ ਵੇਰ ੧੦) ਰੁਪਏ ਪ੍ਰਵਾਰ ਨੇ ੧੮-੫-੨੧ ਨੂੰ ਸਹਾਇਤਾ ਲਈ।

ਸੋਲਾਂ ਸਾਲ ਦੀ ਉਮਰ ਵਿਚ ਆਪ ਦਾ ਅਨੰਦ ਕਾਰਜ ਭਾਈ ਹਰਨਾਮ ਸਿੰਘ ਦੀ ਬੀਬੀ ਸੰਤ ਕੌਰ ਨਾਲ ਜਮਸ਼ੇਰ ਪੁਰਾਣੇ ਜ਼ਿਲਾ ਜਾਲੰਧਰ ਵਿਚ ਹੋਇਆ। ਆਪ ਦੇ ਘਰ ਤਿੰਨ ਬੱਚੇ ਪੈਦਾ ਹੋਏ:—੧. ਭਾਈ ਉਜਾਗਰ ਸਿੰਘ ੨. ਬੀਬੀ ਕਰਤਾਰ ਕੌਰ, ੩. ਭਾਈ ਮੋਹਨ ਸਿੰਘ।

ਆਪ ਪੰਚੈਤ ਵਿਚ ਬਹਿਣ ਉਠਣ ਵਾਲੇ ਚੰਗੇ ਨੇਕ ਬੰਦੇ ਸਨ। ਸਾਰੀ ਉਮਰ ਵਿਚ ਕਦੇ ਕਿਸੇ ਦਾ ਗਾਲ੍ਹ-ਉਲਾਂਭਾ ਨਹੀਂ ਲਿਆ ਸੀ। ਬੜੇ ਹੀ ਸਤਸੰਗੀ ਪੁਰਸ਼ ਸਨ, ਗੁਰਬਾਣੀ ਦੇ ਨਿਤਨੇਮੀ ਸਨ। ਆਪ ਚਾਲ੍ਹੀ ਸਾਲ ਦੀ ਉਮਰ ਵਿਚ ਜਨਮ ਅਸਥਾਨ ਦੇ ਅੰਦਰ ਗੋਲੀਆਂ ਨਾਲ ਸ਼ਹੀਦ ਹੋ ਗਏ।*

—-o—

ਬਿਹਾੜੇ ਜ਼ਿਲਾ ਹੁਸ਼ਿਆਰਪੁਰ ਦੇ ਸ਼ਹੀਦ

ਭਾਈ ਬੰਤਾ ਸਿੰਘ ਜੀ

ਆਪ ਦਾ ਜਨਮ ੧੦ ਕਤਕ ਸੰ: ੧੮੯੪ ਈ: ਨੂੰ ਸਵੇਰੇ ਚਾਰ ਵਜੇ ਮਾਤਾ ਭਾਗ ਕੌਰ ਦੀ ਕੁਖੋਂ ਭਾਈ ਭੋਲਾ ਸਿੰਘ ਢਿਲੋਂ ਦੇ ਘਰ ਬਿਹਾੜੇ ਜ਼ਿਲਾ ਹੁਸ਼ਿਆਰ ਪੁਰ ਵਿਚ ਹੋਇਆ। ਆਪ ਪੰਜ ਭੈਣ ਭਰਾ ਸਨ—੧. ਭਾਈ ਧੰਨਾ ਸਿੰਘ, ੨. ਭਾਈ ਵੀਰ ਸਿੰਘ, ੩. ਭਾਈ ਗੁਰਮੁਖ ਸਿੰਘ, ੪. ਭਾਈ ਬੰਤਾ ਸਿੰਘ, ੫. ਬੀਬੀ ਰਤਨ ਕੌਰ। ਨਿਕੇ ਹੁੰਦਿਆਂ ਹੀ ਆਪ ਦਾ ਸੁਭੱਾ ਬੜਾ ਹਸਮੁਖਾ ਸੀ। ਕੁਝ ਕੁਝ ਰੁਚੀ ਸ਼ਿਕਾਰ ਖੇਡਣ ਅਤੇ ਕੁਸ਼ਤੀਆਂ ਘੁਲਣ ਵਲ ਭੀ ਲਗੀ ਰਹਿੰਦੀ ਸੀ। ਸਹਿਜੇ ਸਹਿਜੇ ਆਪ ਗੁਰਮੁਖੀ ਪੜ੍ਹ ਗਏ ਅਤੇ ਆਪ ਦੀ ਬ੍ਰਿਤੀ ਦਾ ਵਧੇਰੇ ਝੁਕਾ ਕੀਰਤਨ ਅਤੇ ਸਿਖੀ ਧਰਮ ਦੇ ਪ੍ਰਚਾਰ ਵਲ ਹੋ ਗਿਆ। ਆਪ ਦਾ ਇਸ ਸਮੇਂ ਆਮ ਸੁਭੱਾ ਬੜਾ ਨਰਮ ਸੀ ਅਤੇ ਹਰ ਇਕ ਨਾਲ ਮਿਲਨ ਸਾਰੀ

*ਕਮੇਟੀ ਨੇ ੧੬੪੫) ਰੁਪਏ ਕਰਜ਼ਾ ਉਤਾਰਿਆ ਅਤੇ ਬੀਬੀ ਤੇਜ ਕੌਰ, ਉਜਾਗਰ ਸਿੰਘ ਤੇ ਊਧਮ ਸਿੰਘ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸਦਾ ਜੋੜ ੧੯-੫-੨੧ ਤੋਂ ੩੧-੧੦-੩੭ ਤਕ ੧੭੯੪) ਰੁਪਏ ਬਣਦਾ ਹੈ।

ਦੀਆਂ ਗਲਾਂ ਬਾਤਾਂ ਕਰਿਆਂ ਕਰਦੇ ਸਨ।

ਆਪ ਪੁਜ ਕੇ ਛੈਲ ਅਤੇ ਚੰਗੇ ਦਰਸ਼ਨੀ ਜਵਾਨ ਸਨ। ਰੰਗ ਗੋਰਾ, ਕਦ ਪੰਜ ਫ਼ੁੱਟ ਸਤ ਇੰਚ ਅਤੇ ਛਾਤੀ ੩੫ ਇੰਚ ਚੌੜੀ ਸੀ।

ਆਪ ਮਈ ਸੰ: ੧੯੧੧ ਈ: ਨੂੰ ੧੫ ਸਾਲ ਦੀ ਉਮਰ ਵਿਚ ਪਲਟਨ ਨੰਬਰ ੨੮ ਪੰਜਾਬੀ ਵਿਚ ਭਰਤੀ ਹੋ ਗਏ। ਇਥੇ ਹੀ ਆਪ ਨੇ ਅੰਮ੍ਰਿਤ ਛਕ ਲਿਆ। ਫ਼ੁੱਟਬਾਲ, ਹਾਕੀ ਅਤੇ ਦੌੜਨ ਵਿਚ ਆਪ ਪਹਿਲੇ ਨੰਬਰ ਦੇ ਜਵਾਨਾਂ ਵਿਚ ਗਿਣੇ ਜਾਇਆ ਕਰਦੇ ਸਨ।

੨੬ ਨਵੰਬਰ ਸੰ: ੧੯੧੩ ਈ: ਵਿਚ ਆਪ ਦੀ ਪਲਟਨ ਬਦਲ ਕੇ ਲੰਕਾ ਚਲੀ ਗਈ। ਉਥੇ ਦੂਜੀਆਂ ਕੌਮਾਂ ਦੇ ਪਲਟਨੀਏ ਜਵਾਨਾਂ ਦੇ ਮੁਕਾਬਲੇ ਵਿਚ ਆਪ ਨੇ ਖੇਡਾਂ ਵਿਚ ਕਈ ਇਨਾਮ ਪ੍ਰਾਪਤ ਕੀਤੇ।

ਸੰ: ੧੯੧੫ ਈ: ਵਿਚ ਆਪ ਬਸਰੇ ਲੜਾਈ ਵਿਚ ਚਲੇ ਗਏ। ਉਥੇ ੧੩ ਜਨਵਰੀ ਸੰ:੧੯੧੬ ਈ: ਨੂੰ ਆਪਦਾ ਸਜਾ ਹਥ ਜ਼ਖ਼ਮੀ ਹੋ ਗਿਆ। ਉਥੋਂ ਆਪ ਨੂੰ ਸੀਖ ਕਰਕੇ ਪਿਛੇ ਛਾਉਣੀ ਜੇਹਲਮ ਵਲ ਘਲ ਦਿਤਾ। ਇਥੋਂ ਡਾਕਟਰੀ ਰਪੋਰਟ ਅਨੁਸਾਰ ਅਗਸਤ ਸੰ: ੧੯੧੬ ਈਸਵੀ ਨੂੰ ੬) ਰੁਪਏ ਮਹੀਨਾ ਪਿੰਨਸ਼ਨ ਲੈ ਕੇ ਘਰ ਆ ਗਏ।

ਪਿੰਡ ਆ ਕੇ ੨੫ ਮਾਘ ਸੰ: ੧੯੭੬ ਬਿ: ਨੂੰ ਬੀਬੀ ਸੁਰਜੀਤ ਕੌਰ ਸਪੁਤ੍ਰੀ ਭਾਈ ਸ਼ਾਮ ਸਿੰਘ ਮਿਰਜ਼ਾਪੁਰ ਨਾਲ ਅਨੰਦ ਕਾਰਜ ਹੋ ਗਿਆ, ਪਰ ਆਪ ਦੇ ਘਰ ਕੋਈ ਸੰਤਾਨ ਪੈਦਾ ਨ ਹੋਈ।

ਆਪ ਮਿੰਟਗੁਮਰੀ ਆਪਣੇ ਚਕ ਨੰ: ੭੬ ਵਿਚ ਵਾਹੀ ਕਰਾਉਣ ਲਈ ਆਏ ਹੋਏ ਸਨ। ਇਥੋਂ ਧੰਨੂ ਆਣੇ ਚਕ ਨੰਬਰ ੯੧ ਵਿਚ ਆਪਣੇ ਰਿਸ਼ਤੇਦਾਰ ਭਾਈ ਹੁਕਮ ਸਿੰਘ ਜੀ ਦੇ ਘਰ ਮਿਲਨ ਗਿਲਨ ਲਈ ਗਏ ਹੋਏ ਸਨ। ਉਥੋਂ ਜਦ ਸ਼ਹੀਦੀ ਜਥਾ ਤਿਆਰ ਹੋਇਆ ਤਾਂ ਆਪ ਦੇ ਦਿਲ ਵਿਚ ਭੀ ਧਰਮ ਦੀ ਕੁਰਬਾਨੀ ਲਈ ਉਬਾਲ ਉਠਿਆ ਤਾਂ ਉਨ੍ਹਾਂ ਸਿੰਘਾਂ ਨਾਲ ਸ਼ਾਮਲ ਹੋ ਕੇ ੨੫ ਸਾਲ ਦੀ ਉਮਰ ਵਿਚ ਜਾਕੇ ਸ੍ਰੀ ਜਨਮ ਅਸਥਾਨ ਅੰਦਰ ਸ਼ਹੀਦ ਹੋ ਗਏ।*

---

*ਕਮੇਟੀ ਨੇ ਆਪਦੇ ਪਿਤਾ ਭਾਈ ਭੋਲਾ ਸਿੰਘ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸ ਦਾ ਜੋੜ ੩੧-੧੨-੨੫ ਤੋਂ ੩੧-੮-੩੭ ਤੱਕ ੧੩੧੮) ਰੁਪਏ ਬਣਦਾ ਹੈ।

ਕਰਤਾਰਪੁਰ ਦੇ ਸ਼ਹੀਦ

ਕਰਤਾਰਪੁਰ ਜ਼ਿਲਾ ਸਿਆਲਕੋਟ ਦੇ ਸ਼ਹੀਦ

ਭਾਈ ਬੁਧ ਸਿੰਘ ਜੀ

ਖ਼ਾਨਦਾਨ ਤੇ ਪੁਰਾਤਨ ਇਤਿਹਾਸ ਪਰ ਇਕ ਨਜ਼ਰ

ਆਪ ਦਾ ਖ਼ਾਨਦਾਨ ਸਿਖ ਇਤਿਹਾਸ ਵਿਚ ਬਹੁਤ ਉਘਾ ਹੈ। ਇਨ੍ਹਾਂ ਦੇ ਵਡੇ ਵਡੇਰਿਆਂ ਨੇ ਧਰਮ, ਕੌਮ ਅਤੇ ਮੁਲਕ ਲਈ ਅਦੁਤੀ ਘਾਲਾਂ ਘਾਲੀਆਂ ਹਨ ਜਿਸ ਦਾ ਪੂਰਾ ਹਾਲ ਸਮਝਣ ਲਈ ਇਸ ਸਮੇਂ ਦੇ ਆਮ ਸਿਖ ਇਤਿਹਾਸ ਦਾ ਸੰਖੇਪ ਜਿਹਾ ਜ਼ਿਕਰ ਕਰਨਾ ਜ਼ਰੂਰੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਤਖ਼ਤ ਬੈਠਣ ਦੇ ਸਮੇਂ ਤਕ, ਸਿਖ ਸੂਰਬੀਰਾਂ ਅਤੇ ਕੌਮੀ ਸ਼ਹੀਦਾਂ ਦਾ ਸਮਾਂ ਦੇਗਾਂ ਵਿਚ ਉਬਲਣ, ਰੰਬੀਆਂ ਨਾਲ ਖੋਪਰੀਆਂ ਲੁਹਾਉਣ, ਬੰਦ ਬੰਦ ਕਟਾਉਣ, ਸੰਨ੍ਹੀਆਂ ਨਾਲ ਸਰੀਰ ਦਾ ਮਾਸ ਤੁੜਾਉਣ, ਸੂਰਬੀਰ ਜਰਨੈਲਾਂ ਦਾ ਆਪਣੇ ਬੱਚੇ ਪੱਟਾਂ ਤੇ ਰਖਾ ਕੇ ਜ਼ਿਬਾਹ ਕਰਾਉਣ, ਕਲੇਜੇ ਮੂੰਹ ਵਿਚ ਦਵਾਉਣ, ਸਿਦਕੀ ਤੇ ਧਰਮੀ ਮਾਤਾਵਾਂ ਦਾ ਆਪਣੇ ਮਾਸੂਮ ਦੁਧ ਚੁੰਘਦੇ ਬੱਚਿਆਂ ਨੂੰ ਨੇਜ਼ਿਆਂ ਤੇ ਟੰਗਾਉਣ, ਬੋਟੀ ਬੋਟੀ ਕਰਵਾ ਕੇ ਗਲਾਂ ਦੇ ਹਾਰ ਬਨਾਉਣ, ਅਠੀਂ ਪਹਿਰੀਂ ਚੱਪਾ ਚੱਪਾ ਤੇ ਖੰਨੀ ਖੰਨੀ ਜਵਾਂ ਦੀ ਸੁੱਕੀ ਰੋਟੀ ਖਾ ਕੇ ਤੇ ਮਿਣਤੀ ਦਾ ਇਕ ਇਕ ਪਿਆਲਾ ਪਾਣੀ ਦਾ ਪੀ ਕੇ, ਸਵਾ ਸਵਾ ਮਣ ਪੀਸਣਾ ਪੀਸਣ, ਧਰਮੀ ਬਹਾਦਰਾਂ ਦਾ ਆਰਿਆਂ ਨਾਲ ਤਨ ਚਿਰਾਉਣ, ਹਾਥੀਆਂ ਦੇ ਪੈਰਾਂ ਨਾਲ ਬਝ ਕੇ ਦੋ ਫਾੜਾਂ ਹੋਣ, ਸ਼ਾਂਤੀ ਪੂਰਬਕ ਦ੍ਰਿੜ੍ਹਤਾ ਅਤੇ

ਧੀਰਜ ਨਾਲ ਧਰਮ ਖ਼ਾਤ੍ਰ ਪੁਠੀਆਂ ਖੱਲਾਂ ਲੁਹਾਉਣ ਦੀਆਂ ਹੁਕਮੀ-ਖੇਡਾਂ ਵਿਚ ਗੁਜ਼ਰ ਗਿਆ ।

ਇਸ ਤੋਂ ਬਿਨਾਂ ਹੋਰ ਕਈ ਮੁਖੀ ਧਰਮੀ ਬੀਰਾਂ ਨੂੰ ਸੂਲੀ ਤੇ ਟੰਗ ਕੇ ਸਾਰੇ ਸਰੀਰ ਵਿਚ ਲੋਹੇ ਦੇ ਕਿਲ ਠੋਕੇ, ਸੰਗੇ ਸਾਰ ਕੀਤਾ, ਚੰਮ ਦੀਆਂ ਵਧਰਾਂ ਬਗਲਾਂ ਹੇਠ ਬੰਨ੍ਹ ਕੇ ਮਧਾਣੀ ਵਾਂਗ ਰਿੜਕ ਰਿੜਕ ਚੂਰ ਕਰਕੇ ਮਾਰਿਆ । ਮੁੰਗਲੀਆਂ ਨਾਲ ਮੁੰਜ ਵਾਂਗ ਸਿਰ ਕੁਟੇ ਗਏ । ਘਸੀਟ ਘਸੀਟ ਪਾਣੀ ਵਿਚ ਗੋਤੇ ਦੇ ਦੇ ਕੇ ਜਾਨਾਂ ਕਢੀਆਂ ਗਈਆਂ । ਧਰਤੀ ਵਿਚ ਲਕ ਤਕ ਗਡ ਕੇ ਥੋਥੇ ਤੀਰਾਂ ਦੇ ਨਸ਼ਾਨੇ ਬਣਾਇਆ ਗਿਆ, ਕੁੱਤਿਆਂ ਤੋਂ ਬੇਰਹਿਮੀ ਨਾਲ ਪੜਵਾਇਆ, ਸੜਦਾ ਬਲਦਾ ਤੱਤਾ ਤੇਲ ਸੰਘ ਵਿਚ ਪਾ ਕੇ ਮਾਰਿਆ, ਫਾਹੇ ਲਾਇਆ, ਛੁਰੀਆਂ ਤੇ ਟੋਕਿਆਂ ਨਾਲ ਕੁਤਰਾ ਕੁਤਰਾ ਕੀਤਾ ਗਿਆ ਜਿਸ ਦਾ ਜ਼ਿਕਰ ਕਈਆਂ ਇਤਿਹਾਸਕ ਪੁਸਤਕਾਂ ਵਿਚ ਆਉਂਦਾ ਹੈ:—

ਕਈ ਚਰਖ, ਕਈ ਫਾਂਸੀ ਮਾਰੇ ।
ਕਈ ਟੋਕਨ ਕਈ ਛੁਰੀ ਕਟਾਰੇ ।
ਕਈ ਅਨਕ ਸਿਰ ਮੁੰਗਲੀ ਕੁੱਟੇ ।
ਕਈ ਡੋਬੇ ਕਈ ਘਸੀਟ ਸੇ ਸੁੱਟੇ ।
ਦਬੇ ਕਟੇ ਬੰਦੂਕਨ ਦਏ ਮਾਰ ।
ਕੌਣ ਗਿਣੇ ਜੋ ਮਾਰੇ ਹਜ਼ਾਰ ।
ਪਾਤ ਪਾਤ ਕਈ ਪਕੜ ਬਹਾਏ ।
ਸਾਥ ਤੇਗਨ ਕੇ ਸੀਸ ਉਡਾਏ ।
ਕਿਸੇ ਹੱਥ ਕਿਸੇ ਟੰਗ ਕਟਵਾਏ ।
ਅਖ ਕੱਢ ਕਿਸੇ ਖੱਲ ਲੁਹਾਏ ।
ਕੇਸਨ ਵਾਲਾ ਜੋ ਨਰ ਹੋਈ ।
ਬਾਲ ਬ੍ਰਿਧ ਸਭ ਛਡਿਓ ਨ ਕੋਈ ।

{ ਪ੍ਰਾਚੀਨ ਪੰਥ ਪ੍ਰਕਾਸ਼ ਸਫ਼ਾ ੨੭੮
ਰਚਿਤ ਗਿ: ਰਤਨ ਸਿੰਘ ਭੰਗੂ

ਇਸ ਤਰ੍ਹਾਂ ਸੌ ਨਹੀਂ, ਹਜ਼ਾਰ ਨਹੀਂ ਪੂਰੇ ਢਾਈ ਲਖ ਸਿੰਘਾਂ ਦਾ ਸੀਸ ਕਟਿਆ ਗਿਆ । (ਸਫ਼ਾ ੨੯੬ ਪੰਥ ਪ੍ਰਕਾਸ਼ ਭੰਗੂ)

ਇਹ ਸਾਰੇ ਜ਼ੁਲਮੀ ਕਾਰੇ (ਚੌਕ ਨਿਖ਼ਾਸ) ਗੁਰਦੁਆਰਾ ਸ਼ਹੀਦ ਗੰਜ ਲਾਹੌਰ ਵਾਲੀ ਥਾਂ ਤੇ ਹੁੰਦੇ ਰਹੇ ਤੇ ਇਸ ਤੋਂ ਬਿਨਾਂ ਮਾਰਚ ਸੰ: ੧੭੧੬ ਈ: ਵਿਚ ਸਤ ਸੌ ਅੱਸੀ ਦੇ ਕ਼ਰੀਬ ਧਰਮੀ ਸਿੰਘ ਦਿੱਲੀ ਅੰਦਰ ਚਾਂਦਨੀ ਚੌਂਕ ਦੇ

ਸਾਹਮਣੇ ਬੋਟੀ ਬੋਟੀ ਤੇ ਟੁਕੜੇ ਟੁਕੜੇ ਕਰਕੇ ਸ਼ਹੀਦ ਕੀਤੇ ਗਏ। ਉਸੇ ਜੂਨ ਦੇ ਮਹੀਨੇ ਵਿਚ ਅਨੇਕਾਂ ਸਿੰਘਾਂ ਨੇ ਕੁਤਬ-ਦੀਨ ਬਖ਼ਤਿਆਰ ਕਾਕੀ ਦੇ ਮਕਬਰੇ ਪਾਸ ਲਾਲ ਭਖਦੀਆਂ ਲੋਹੇ ਦੀਆਂ ਗਰਮ ਸੀਖ਼ਾਂ ਨਾਲ ਸੋਹਲ ਸ੍ਰੀਰ ਭੜਥਾ ਕਰਵਾ ਲਏ। ਚਿਮਟੀਆਂ ਤੇ ਜੰਬੂਰਾਂ ਨਾਲ ਆਪਣੇ ਤਨ ਦੀਆਂ ਬੋਟੀਆਂ ਬੋਟੀਆਂ ਤੜਵਾ ਲਈਆਂ ਅਤੇ ਅਖੀਆਂ ਵਿਚ ਤਿੱਖੇ ਗਰਮ ਸੂਏ ਫਿਰਵਾ ਕੇ ਦ੍ਰਿੜ੍ਹਤਾ ਅਤੇ ਸਹਿਨ-ਸੀਲਤਾ ਦਾ ਪੂਰਨ ਅਮਲੀ ਸਬੂਤ ਦਿਤਾ। ਆਪਣੇ ਮਾਸੂਮ ਤੇ ਨਿਰਛਲ ਬਚਿਆਂ ਨੂੰ ਜ਼ਿਬਾਹ ਹੁੰਦਿਆਂ ਆਪਣੇ ਸੋਹਲ ਨੇਤ੍ਰਾਂ ਦੇ ਸਾਹਮਣੇ ਤਕਿਆ ਅਤੇ ਇਨ੍ਹਾਂ ਅਜਰ ਕਸ਼ਟਾਂ ਨੂੰ ਗੁਰੂ ਤੇ ਭਰੋਸਾ ਰਖ ਕੇ ਖਿੜੇ ਮਥੇ ਸਹਾਰਿਆ। ਪੰਜਾਬ ਵਿਚ ਸਾਲ ਦੋ ਸਾਲ ਨਹੀਂ ਇਕਸਾਰ ਪੂਰੇ ਚਾਲ੍ਹੀ ਵਰ੍ਹੇ ਸਿੰਘਾਂ ਦੀਆਂ ਭਿਆਨਕ ਕਤਲ-ਆਮਾਂ ਹੁੰਦੀਆਂ ਰਹੀਆਂ। ਜਿਨ੍ਹਾਂ ਜੰਗਲਾਂ ਤੇ ਬੇਲਿਆਂ ਵਿਚ ਜਾ ਕੇ ਇਨ੍ਹਾਂ ਧਰਮੀ ਦੂਲਿਆਂ ਨੇ ਜ਼ਰਾ ਕੁ ਸਿਰ ਲੁਕਾਉਣ ਦਾ ਯਤਨ ਕੀਤਾ ਉਨ੍ਹਾਂ ਸਭ ਨੂੰ ਅਗ ਲਾ ਕੇ ਬੇ-ਗਿਣਤ ਗੁਰੂ ਖ਼ਾਲਸੇ ਨੂੰ ਸਾੜ ਕੇ ਭਸਮ ਕੀਤਾ ਗਿਆ। ਇਸ ਤੋਂ ਬਿਨਾਂ ਅਣਗਿਣਤ ਸਿਦਕੀ ਸੂਰਮੇ ਘਲੂ-ਘਾਰਿਆਂ ਦੇ ਰਣ-ਤਤਿਆਂ ਵਿਚ ਮਰਦੇ ਮੈਦਾਨ ਸਨਮੁਖ ਜੂਝ ਕੇ ਸ਼ਹਾਦਤਾਂ ਪਾ ਗਏ। ਇਸ ਸਮੇਂ ਦੀ ਜ਼ਾਲਮ ਅਤੇ ਮੁਤਅੱਸਬ ਹਕੂਮਤ ਨੇ ਪੂਰੇ ਜ਼ੋਰ ਨਾਲ ਸਿਖਾਂ ਦਾ ਖੁਰਾ ਖੋਜ ਮਿਟਾਉਣ ਦਾ ਫ਼ੈਸਲਾ ਕਰ ਦਿਤਾ ਸੀ।

ਇਕ ਇਕ ਸਿਖ ਦੇ ਸਿਰ ਦਾ ਮੁੱਲ ਸ਼ਾਹੀ ਹੁਕਮਾਂ ਅਨੁਸਾਰ ਅੱਸੀ ਅੱਸੀ ਰੁਪਏ ਪੈਂਦਾ ਸੀ।* ਲੱਖਾਂ ਸਿੱਖਾਂ ਦੇ ਸਿਰ ਵਢ ਕੇ ਖੂਹ ਭਰੇ ਗਏ ਅਤੇ ਮੁਨਾਰੇ

---

* ਖਾਨ ਬਹਾਦਰ ਦੇ ਸਮੇਂ ਸਿੰਘਾਂ ਦੀ ਫੜੋ ਫੜੀ ਬਾਬਤ ਜੋ ਹੁਕਮ ਚੌਧਰੀਆਂ ਪਾਸ ਆਉਂਦੇ ਸਨ ਉਨ੍ਹਾਂ ਵਿਚੋਂ ਇਕ ਸ਼ਾਹੀ-ਪ੍ਰਵਾਨਾ ਪਿੰਡ ਨੌਸ਼ਹਿਰਾ ਪੰਨੂਆਂ ਜ਼ਿਲਾ ਅੰਮ੍ਰਿਤਸਰ ਦੇ ਚੌਧਰੀਆਂ ਪਾਸ ਇਸ ਵੇਲੇ ਹੈ।

The Governor Yahiya Khan, now issued a general proclamation for a general massacre of all Sikhs, wherever they could be found, death was to be the punishment of all persons who invoked the name of Guru Govind (Singh) and a reward was offered for the heads of the Sikhs; thousands were put to death daily and their heads brought before the Subedar of Lahore for reward. (History of the Panjab, page 213)

(ਬਾਕੀ ਫੁਟ ਨੋਟ ਦੇਖੋ ਅਗਲੇ ਸਫ਼ੇ ਪਰ)

ਉਸਾਰੇ ਗਏ। ਸਿੰਘਾਂ ਨੂੰ ਮਾਰਨ ਤੇ ਫੜਣ ਲਈ ਗਸ਼ਤੀ ਫ਼ੌਜਾਂ ਪਿੰਡੋ ਪਿੰਡ ਹਰਲ ਹਰਲ ਕਰਦੀਆਂ ਫਿਰਦੀਆਂ ਸਨ। ਅਠਾਰਵੀਂ ਸਦੀ ਦੇ ਇਹ ਖ਼ੂਨੀ ਵਰ੍ਹੇ ਜੰਗਾਂ, ਜੁੱਧਾਂ, ਭਾਜੜਾਂ, ਉਜਾੜਾਂ ਅਤੇ ਜੰਗਲ ਬੀਆਬਾਨਾਂ ਵਿਚ ਸਿੰਘਾਂ ਨੂੰ ਫਲ ਫੁਲ ਖਾਂਦੇ ਗੁਜ਼ਰ ਗਏ। ਖ਼ਾਲਸੇ ਨੇ ਅਸਹਿ ਤੇ ਅਕਹਿ ਕਸ਼ਟਾਂ ਦਾ ਹੱਸੂ ਹੱਸੂ ਕਰਦਿਆਂ ਖਿੜੇ ਮਥੇ ਸ਼ੇਰ ਮਰਦਾਂ ਵਾਂਗ ਮੁਕਾਬਲਾ ਕੀਤਾ ਤੇ ਸਿਖੀ ਸਿਦਕ ਕੇਸਾਂ ਸਵਾਸਾਂ ਸਮੇਤ ਨਿਬਾਹ ਵਿਖਾਇਆ। ਇਸ ਹਫੜਾ ਦਫੜੀ ਦੇ ਕਾਰਨ ਧਰਮੀ ਦੂਲਿਆਂ ਦੇ ਖ਼ੂਨੀ ਇਤਿਹਾਸ ਦੇ ਅਣਗਿਣਤ ਸਾਕੇ ਨਹੀਂ ਲਿਖੇ ਜਾ ਸਕੇ। ਇਹੋ ਕਾਰਨ ਹੈ ਕਿ ਪੰਜਾਂ ਪਿਆਰਿਆਂ ਦੀ ਬੰਸਾਵਲੀ, ਚਾਲੀ ਮੁਕਤਿਆਂ ਦਾ ਪਿੰਡ ਪੀੜ, ਦਸਮੇਸ ਜੀ ਦੇ ਬਵੰਜਾ ਹਜ਼ੂਰੀ ਕਵੀਆਂ ਦਾ (ਤਿੰਨਾਂ ਚਵ੍ਹਾਂ ਨੂੰ ਛਡ ਕੇ) ਖ਼ਾਨਦਾਨ ਤੇ ਹੋਰ ਥਾਂ ਟਿਕਾਣਾ ਦਸਣ ਵਲੋਂ ਇਤਿਹਾਸ ਚੁਪ ਹੈ। ਇਨ੍ਹਾਂ ਖਾਸ ਉਘੀਆਂ ਹਸਤੀਆਂ ਤੋਂ ਬਿਨਾਂ ਹੋਰ ਬਿਅੰਤ ਹਠੀਆਂ, ਜਪੀਆਂ, ਤਪੀਆਂ, ਸ਼ਹੀਦਾਂ ਅਤੇ ਧਰਮ ਮੂਰਤ ਬਹਾਦਰ ਸਿੰਘ ਸਿੰਘਣੀਆਂ ਦੇ ਥਹੁ ਪਤੇ ਤੇ ਹੋਰ ਜ਼ਰੂਰੀ ਸਮਾਂਚਾਰ ਬੇ-ਦਰਦ ਸਮੇਂ ਨੇ ਲੰਮੇ ਨਖੇੜੇ ਦੇ ਹਨੇਰੇ ਵਿਚ ਅਜਿਹੇ ਗੁੰਮ ਸੁੰਮ ਕਰ ਦਿਤੇ ਹਨ ਕਿ ਜਿਨ੍ਹਾਂ ਨੂੰ ਇਸ ਵੇਲੇ ਵਿਦਿਆ ਦੀ ਰੌਸ਼ਨੀ ਤੇ ਸਮਕਾਲੀ ਇਤਿਹਾਸ ਦੀ ਮਦਦ ਨਾਲ ਸੌ ਟਕਰਾਂ ਮਾਰ ਕੇ ਭੀ ਲਭਣਾ ਕਠਨ ਹੋ ਰਿਹਾ ਹੈ। ਇਹ ਬੜੀ ਦੁਖ ਅਤੇ ਅਫ਼ਸੋਸ ਵਾਲੀ ਗਲ ਹੈ ਕਿ ਜਿਸ ਸਿਖ ਇਤਿਹਾਸ ਲਈ ਗੁਰੂ ਕੇ ਸੰਤ ਸਪਾਹੀ ਸ਼ਹੀਦਾਂ ਨੇ ਆਪਣੇ ਸਿਰਾਂ ਤੇ ਧੜਾਂ ਨੂੰ ਵਿਛਾ ਕੇ ਇਸ ਧਰਤੀ ਉਤੇ ਨਵੀਂ ਭੋਂ ਦੀ ਤਹਿ ਬਣਾ ਕੇ ਉਸ ਵਿਚ ਗੁਰ-ਸਿੱਖ ਵਾੜੀ ਨੂੰ ਲਾ ਕੇ ਪ੍ਰਫੁਲਤ ਕੀਤਾ ਹੋਵੇ ਤੇ ਇਸ ਕੌਮੀ ਫੁਲਵਾੜੀ ਵਿਚੋਂ ਸਾਰੇ ਸੰਸਾਰ ਅੰਦਰ

(ਪਿਛਲੇ ਸਫ਼ੇ ਦੇ ਫੁਟ ਨੋਟ ਦੀ ਬਾਕੀ)

ਇਸਦੀ ਪੁਸ਼ਟੀ ਅਲੀਉਦੀਨ ਇਬਰਤ ਨਾਮੇ ਵਿਚ ਇਸ ਤਰਾਂ ਕਰਦਾ ਹੈ :--

A proolamation was at the same time issued threatening to rip open the belly of any one taking the name of Govind.

(Transformation of Sikhism.)

ਥੋਰਨਟਨ ਹਿਸਟਰੀ ਆਫ਼ ਦੀ ਪੰਜਾਬ ਵਿਚ ਲਿਖਦਾ ਹੈ :--

A proclamation was issued in the name of Governor Yahiya Khan denouncing death to all persons who invoked the name of Guru Gobind (Singh) and a reward was offered for the head of his disciples.

ਬੀਰਤਾ ਦੀ ਮਹਿਕ ਖਿਲਾਰਨ ਲਈ ਆਪਣੇ ਪਵਿੱਤ੍ਰ ਖ਼ੂਨ ਦੀਆਂ ਨਹਿਰਾਂ ਨਾਲ ਸਿੰਜਿਆ ਹੋਵੇ, ਅਸੀਂ ਉਨ੍ਹਾਂ ਦੀ ਔਲਾਦ ਨੇ ਇਸ ਵਿਦਿਆ ਅਤੇ ਰੌਸ਼ਨੀ ਦੀ ਵੀਹਵੀਂ ਸਦੀ ਵਿਚ ਭੀ ਅਜੇ ਤਕ ਉਸਦੀ ਸੰਭਾਲ ਤੇ ਰਖਿਆ ਲਈ ਪੂਰੀ ਤਰ੍ਹਾਂ ਸਾਂਝੇ ਬਲ ਤੇ ਉਦਮ ਨਾਲ ਯਤਨ ਨ ਕੀਤਾ ਹੋਵੇ। ਜਿੰਨਾ ਸਿਖ ਗੁਰੂ ਸਾਹਿਬਾਂ ਨੇ ਆਪਣੇ ਇਤਿਹਾਸ ਦੀ ਲੋੜ ਅਤੇ ਵਡਿਆਈ ਨੂੰ ਅਨਭਵ ਕੀਤਾ ਹੈ ਓਨਾ ਬਹੁਤ ਘਟ ਦੁਨੀਆਂ ਵਿਚ ਹੋਰ ਕਿਸੇ ਨੇ ਇਸ ਸਬੰਧੀ ਖਿਆਲ ਕੀਤਾ ਹੈ। ਜਿਸ ਦਾ ਪ੍ਰਤੱਖ ਤੇ ਪ੍ਰਗਟ ਸਬੂਤ ਸਾਡੀ ਹਰ ਵੇਲੇ ਦੀ ਪਵਿਤ੍ਰ ਅਰਦਾਸ ਹੈ। ਸਵੇਰੇ ਤੇ ਸ਼ਾਮ ਨੂੰ, ਪਾਠ ਤੇ ਭਜਨ ਬੰਦਗੀ ਪਿੱਛੋਂ ਅਤੇ ਦਿਨ ਦੇ ਹਰ ਉਸ ਸਮੇਂ ਜਦੋਂ ਕਿ ਗੁਰ-ਸਿਖ ਕਿਸੇ ਜ਼ਰੂਰੀ ਕੰਮ ਨੂੰ ਅਰੰਭ ਕਰਨ ਲਗਦਾ ਹੈ ਤਾਂ ਗੁਰੂ ਪ੍ਰਮੇਸ਼੍ਰ ਦਾ ਧਿਆਨ ਕਰ ਕੇ ਆਪਣੇ ਸਾਰੇ ਸ਼ਾਨਦਾਰ ਕੁਰਬਾਨੀਆਂ ਭਰੇ ਸਿਖੀ ਇਤਿ-ਹਾਸ ਨੂੰ ਆਪਣੀਆਂ ਅੱਖਾਂ ਸਾਮ੍ਹਣੇ ਫ਼ਿਲਮ ਵਾਂਗ ਲਿਆ ਕੇ ਬਲ, ਦ੍ਰਿੜ੍ਹਤਾ ਅਤੇ ਉਤਸ਼ਾਹ ਦਾ ਹੁਲਾਰਾ ਪ੍ਰਾਪਤ ਕਰਦਾ ਹੈ। ਉਹ ਇਸ ਅਵਸਥਾ ਵਿਚ ਆਪਣੇ ਆਪ ਨੂੰ ਪੰਥ ਦਾ ਇਕ ਹਿੱਸਾ ਸਮਝਦਾ ਹੈ। ਪੰਥ ਦੀ ਹਰ ਮੈਦਾਨ ਫ਼ਤਹ ਅਤੇ ਖਾਲਸਾ ਜੀ ਦੇ ਬੋਲ ਬਾਲੇ ਕਾਇਮ ਰਖਣ ਲਈ ਆਪਣੀ ਨਿਤਾਣੀ ਤੇ ਨਿਮਾਣੀ ਜਿੰਦੜੀ ਨੂੰ ਗੁਰੂ ਪੰਥ ਤੋਂ ਘੋਲ ਘੁਮਾਉਣ ਲਈ ਹਰ ਸਮੇਂ ਤਤਪਰ ਹੋ ਕੇ ਤਿਆਰ ਬਰ ਤਿਆਰ ਰਹਿੰਦਾ ਹੈ। ਇਹੋ ਸ਼ੁਭ ਪੂਰਨੇ ਤੇ ਪਵਿਤ੍ਰ ਉਚ ਆਦਰਸ਼ ਹਨ, ਜਿਨ੍ਹਾਂ ਦੇ ਆਸਰੇ ਕਿ ਅਜ ਅਸੀਂ ਦੁਨੀਆਂ ਵਿਚ ਜੀਉਂਦੇ ਨਜ਼ਰ ਆਉਂਦੇ ਹਾਂ। ਸਿਖਾਂ ਦਾ ਇਤਿਹਾਸ ਜਿੰਨਾਂ ਬੇ-ਮਿੱਸਾਲ, ਸ਼ਾਨਦਾਰ ਤੇ ਮੁਰਦਾ ਕੌਮ ਵਿਚ ਨਵੀਂ ਜ਼ਿੰਦਗੀ ਪੈਦਾ ਕਰਨ ਵਾਲਾ ਹੈ ਹੁਣ ਤਕ ਸਿਖ ਓਨੇ ਹੀ ਉਸ ਵਲੋਂ ਬੇ-ਪ੍ਰਵਾਹ ਤੇ ਅਵੇਸਲੇ ਹੋਏ ਰਹੇ ਹਨ। ਇਸ ਕੌਮ ਬਣਾਊ ਨਿਗਰ ਕੰਮ ਲਈ ਪੰਥ ਦਾ ਹੁਣ ਤਕ ਕੋਈ ਪੱਕਾ ਖਿਆਲ ਨ ਬਝਣ ਦੇ ਕਾਰਨ ਪੂਰਨ ਸਫਲਤਾ ਪ੍ਰਾਪਤ ਨਹੀਂ ਹੋਈ ਹੈ। ਹਾਲਾਂ ਕਿ ਕਿਸੇ ਭੀ ਸਿਆਣੇ ਤੇ ਪੰਥ ਦਰਦੀ ਪੁਰਸ਼ ਨੂੰ ਇਸ ਗਲ ਤੋਂ ਬਿਲਕੁਲ ਇਨਕਾਰ ਨਹੀਂ ਹੋ ਸਕਦਾ ਹੈ ਕਿ ਇਤਿਹਾਸ ਹੀ ਕੌਮਾਂ ਦੀ ਜਿੰਦ-ਜਾਨ ਤੇ ਹੋਰ ਸਭ ਕੁਝ ਹੋਇਆ ਕਰਦਾ ਹੈ। ਇਤਿਹਾਸ ਦੀ ਉੱਚੀ ਸ਼ਾਨ ਕਾਇਮ ਰਖਣ ਨਾਲ ਹੀ ਕੌਮਾਂ ਦਾ ਜੀਵਨ ਬਣਦਾ, ਸੰਵਰਦਾ ਤੇ ਉਜਾਗਰ ਹੋਇਆ ਕਰਦਾ ਹੈ। ਇਸ ਤੋਂ ਪ੍ਰਾਪਤ ਹੋ ਰਹੀ ਬੀਰਤਾ, ਧੀਰਤਾ, ਬਲ ਤੇ ਉਤ-

ਸ਼ਾਹ ਨਾਲ ਕੌਮਾਂ ਸੰਸਾਰ ਵਿਚ ਵਧ ਫੁਲ ਕੇ ਆਪਣੀ ਹੋਂਦ ਦਾ ਸਬੂਤ ਦਿਆ ਕਰਦੀਆਂ ਹਨ। ਜਿਨ੍ਹਾਂ ਜਿਨ੍ਹਾਂ ਕੌਮਾਂ ਦਾ ਇਤਿਹਾਸ ਉਨ੍ਹਾਂ ਪਾਸ ਅਸਲੀ ਹਾਲਤ ਵਿਚ ਮੌਜੂਦ ਹੈ, ਉਹ ਕੌਮਾਂ ਦੁਨੀਆਂ ਅੰਦਰ ਸਦਾ ਚੜ੍ਹਦੀਆਂ ਕਲਾ ਵਿਚ ਰਹਿੰਦੀਆਂ ਹਨ। ਉਹ ਉਸਦੀ ਰੌਸ਼ਨੀ ਨਾਲ ਆਪਣੇ ਕੌਮੀ ਸਿਖਆ-ਦਾਇਕ ਗੁਜ਼ਰ ਚੁਕੇ ਜ਼ਮਾਨੇ ਨੂੰ ਵੇਖਦਿਆਂ ਹੋਇਆਂ ਆਪਣੇ ਸਾਹਮਣੇ ਆਉਣ ਵਾਲੀਆਂ ਔਕੜਾਂ ਦਾ ਡਟ ਕੇ ਮੁਕਾਬਲਾ ਕਰਨ ਨੂੰ ਤਿਆਰ ਹੋ ਜਾਂਦੀਆਂ ਹਨ। ਇਸ ਦਾ ਇਹ ਪ੍ਰਤੱਖ ਸਬੂਤ ਹੈ ਕਿ ਮਿਸਲਾਂ ਦੇ ਸਮੇਂ ਸਿਖਾਂ ਨੇ ਮੁਕਾਬਲੇ ਵਿਚ ਬਹੁਤ ਥੋੜੀ ਗਿਣਤੀ ਵਿਚ ਹੁੰਦਿਆਂ ਹੋਇਆਂ ਭੀ ਦੁਰਾਨੀਆਂ ਦੀਆਂ ਟ੍ਰੇਂਡ ਜਥੇਬੰਦ ਫ਼ੌਜਾਂ ਦੇ ਦੰਦ ਖੱਟੇ ਕਰਕੇ ਭਾਜੜਾਂ ਪਾ ਦਿਤੀਆਂ ਸਨ। ਇਸ ਘਟ ਗਿਣਤੀ ਦੀ ਹਾਲਤ ਵਿਚ ਭੀ ਜਦੋਂ ਕਦੇ ਦੀਨਾਂ ਅਤੇ ਦੁਖੀਆਂ ਦੀ ਪੁਕਾਰ-ਬਾਹੁੜੀ ਕਰਨ ਲਈ ਪੰਥ ਖ਼ਾਲਸੇ ਦੇ ਦਰਬਾਰ ਵਿਚ ਪੁਜੀ ਤਾਂ ਖ਼ਾਲਸਾ ਦਲ ਸੂਰਮਿਆਂ ਵਾਂਗ ਲਲਕਾਰ ਕੇ ਸੋਹਦਰੇ, ਕਸੂਰ, ਜਲਾਲਾਬਾਦ, ਲੁਹਾਰੀ ਤੇ ਰੁਹਤਾਸ ਦੀਆਂ ਰਣ-ਭੂਮੀਆਂ ਵਿਚ ਸ਼ੇਰਾਂ ਵਾਂਗ ਜਾ ਗਜਿਆ, ਦੁਖੀਆਂ ਅਤੇ ਮਜ਼ਲੂਮਾਂ ਦੀ ਆਪਣੇ ਆਪ ਨੂੰ ਸਖ਼ਤ ਮੁਸ਼ਕਲਾਂ ਅਤੇ ਖ਼ਤਰਿਆਂ ਵਿਚ ਪਾ ਕੇ ਭੀ ਸਹਾਇਤਾ ਕੀਤੀ। ਸਿਖ ਰਾਜ ਦੀ ਆਪਣੇ ਜ਼ਮਾਨੇ ਦੀ ਮਿਸਾਲ ਭੀ ਅਦੁਤੀ ਆਖੀ ਜਾ ਸਕਦੀ ਹੈ। ਜਿਸਦੀ ਧਾਂਕ ਤੇ ਦਬਦਬੇ ਤੋਂ ਅਫ਼ਗਾਨਿਸਤਾਨ ਤੇ ਈਰਾਨ ਤਕ ਦੇ ਸੂਰਮੇਂ ਖ਼ੌਫ਼ ਖਾਂਦੇ ਸਨ। ਇਸ ਤੋਂ ਬਿਨਾਂ ਖ਼ਾਲਸੇ ਦੀ ਦਾਨਸ਼ਮੰਦੀ ਤੇ ਪੋਲੀਟੀਕਲ ਪੇਚਾਂ ਤੋਂ ਈਸਟ ਇੰਡੀਆ ਕੰਪਨੀ ਦੇ ਪਾਲੀਟੀਸ਼ਨ ਭੀ ਭੈ ਖਾ ਕੇ ਘਬਰਾ ਜਾਂਦੇ ਸਨ। ਕਈਆਂ ਉੱਘੇ ਅੰਗ੍ਰੇਜ਼ ਲਿਖਾਰੀਆਂ ਦੀ ਲਿਖਤ ਅਨੁਸਾਰ ਜੇ ਸਿਖਾਂ ਤੇ ਅੰਗ੍ਰੇਜ਼ਾਂ ਦੀ ਪਹਿਲੀ ਲੜਾਈ ਵਿਚ ਸਿਖ ਫ਼ੌਜਾਂ ਦੇ ਗ਼ੈਰ ਪੰਜਾਬੀ ਜਰਨੈਲਾਂ ਦੀ ਨੀਯਤ ਦਿਆਨਤਦਾਰੀ ਨਾਲ ਪੂਰੀ ਤਰ੍ਹਾਂ ਸਾਫ਼ ਰਹਿੰਦੀ ਤਾਂ ਅਜ ਪੰਜਾਬ ਦਾ ਨਕਸ਼ਾ ਹੀ ਪਲਟਿਆ ਹੁੰਦਾ। ਸਾਡੀਆਂ ਕੁਰਬਾਨੀਆਂ ਅਤੇ ਸ਼ਹਾਦਤਾਂ ਦੀਆਂ ਇਤਿਹਾਸਕ ਕਹਾਣੀਆਂ ਦੁਨੀਆਂ ਭਰ ਦੇ ਵਿਦਵਾਨਾਂ ਸਾਹਮਣੇਂ ਰਖੀਆਂ ਜਾਂਦੀਆਂ। ਖ਼ੈਰ ਹੁਣ ਮੈਂ ਅਸਲ ਮਤਲਬ ਵਲ ਆਉਂਦਾ ਹਾਂ। ਸਤਿਗੁਰ ਸਚੇ ਪਾਤਸ਼ਾਹ ਦੀ ਬਰਕਤ ਦਾ ਸਦਕਾ ਸੰ: ੧੬੪੭ ਬਿ: ਤੋਂ ਲੈ ਕੇ ਅਜ ਤਕ ੩੪੭ ਸਾਲ ਦੇ ਪੁਰਾਣੇ ਹਾਲਾਤ ਦੀ ਪੁਣ ਛਾਣ ਕਰਕੇ ਹੇਠਾਂ ਲਿਖੇ ਮਸਾਲੇ ਦੇ ਅਧਾਰ

ਤੇ ਇਸ ਖ਼ਾਨਦਾਨ ਦੀ ਬੰਸਾਵਲੀ ਤੇ ਹੋਰ ਹਾਲ ਲਭੇ ਹਨ, ਜੋ ਆਪਣੇ ਆਪ ਵਿਚ ਸਭ ਤੋਂ ਪਹਿਲੀ ਤੇ ਨਵੀਂ ਖੋਜ ਹੈ। (ਮਾਈ ਸੋਭਾਂ ਉਮਰ ਸੌ ਸਾਲ, ਭਾਈ ਅਤਰ ਸਿੰਘ ਉਮਰ ਇਕ ਸੌ ਪੰਝੀ ਸਾਲ ਤੇ ਭਾਈ ਦਇਆ ਸਿੰਘ ਉਮਰ ਇਕ ਸੌ ਦਸ ਸਾਲ ਦੇ ਲਿਖਤੀ ਬਿਆਨ। ਸਾਂਸੀ ਅਤੇ ਮਰਾਸੀ ਦੀਆਂ ਕਲਾਣਾਂ। ਇਨ੍ਹਾਂ ਦੇ ਖ਼ਾਨਦਾਨੀ ਬੰਦਿਆਂ ਪਾਸੋਂ ਸੁਣੀਆਂ ਰਵਾਇਤਾਂ। ਸੰ: ੧੮੬੫ ਈ: ਤਕ ਦੇ ਸਰਕਾਰੀ ਬੰਦੋਬਸਤ ਦੇ ਕਾਗ਼ਜ਼ਾਤ। ਭਾਈ ਟਹਿਲ ਸਿੰਘ ਪੁਤਰ ਸੰਤੂ ਸਿੰਘ ਯਾਤਰੀ ਗੱਦੀ ਖਟਵਾਲੀ ਧਰਮਸਾਲਾ ਭਾਈ ਗੁਰਦਾਸ ਸਿੰਘ ਦਾ ਲਿਖਤੀ ਬਿਆਨ। ਪਿੰਡ ਕ੍ਰਿਸਿੰਧੂ, ਰਿਆਸਤ ਜੀਂਦ ਦੇ ਭਾਈ ਮਾਨ ਸਿੰਘ ਤੇ ਸੰਤਾ ਸਿੰਘ *ਭੱਟਾਂ ਦੀਆਂ ਵਹੀਆਂ। ਪੰਡਾ ਚੂਨੀ ਲਾਲ ਹਰਦੁਵਾਰ ਦੀਆਂ ਫੁਲ ਤਾਰਨ ਵਾਲੀਆਂ ਵਹੀਆਂ।)

ਇਸ ਤੋਂ ਪਤਾ ਲਗਦਾ ਹੈ ਕਿ ਭਾਈ ਬੁਧ ਸਿੰਘ ਦੇ ਵਡੇ ਵਡੇਰੇ ਮਾਰਵਾੜ ਦੇ ਰਹਿਣ ਵਾਲੇ ਸਨ। ਇਹ ਪੰਜਾਬ ਵਿਚ ਸਭ ਤੋਂ ਪਹਿਲਾਂ ਪਿੰਡ ਸੋਧਰੇ ਜ਼ਿਲਾ ਗੁਜਰਾਂਵਾਲਾ ਵਿਚ ਆ ਕੇ ਆਬਾਦ ਹੋਏ। ੧੨ ਜੇਠ ਪ੍ਰਵਿਸ਼ਟੇ ਸੰ: ੧੬੪੭ ਬਿ: ਨੂੰ ਭਾਈ ਹਰਦਾਸ ਅਤੇ ਉਦੈ ਕਰਨ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਿਖੀ ਧਾਰਨ ਕੀਤੀ। ਕੜਾਹ ਪ੍ਰਸ਼ਾਦ ਦੀ ਦੇਗ ਸਤਿਗੁਰਾਂ ਦੀ ਭੇਟਾ ਲੈ ਕੇ ਆਏ ਅਤੇ ਸੋਧਰੇ ਤੋਂ ਉਠਕੇ ਪਿੰਡ ਦੁਬੁਰਜੀ ਜ਼ਿਲਾ ਸਿਆਲਕੋਟ ਵਿਚ ਆਬਾਦ ਕੀਤਾ। ਆਪਣੇ ਭੱਟਾਂ ਨੂੰ ਇਕ ਘੋੜਾ ਅਤੇ ਦੁਸ਼ਾਲਾ ਵਧਾਈ ਦਾ ਦਿਤਾ। ਮਾਨ ਸਿੰਘ ਭਟ ਦੀ ਵਹੀ ਦੇ ਪੰਨਾ ੧੫੪ ਤੋਂ ਲੈ ਕੇ ਪੰਨਾ ੧੬੨ ਤਕ। ਸੰਗਤੀਆ, ਹਨਵੰਨਤ, ਨਾਰ ਸਿੰਘ, ਗੁਰਦਾਸ ਸਿੰਘ ਅਤੇ ਆਲਮ ਸਿੰਘ ਦੇ ਸਾਰੇ ਖ਼ਾਨਦਾਨ ਦੀ ਬੰਸਾ-

* ਇਹ ਰਾਜਪੂਤ ਚੁਹਾਣਾਂ ਦੇ ਪੁਰਾਣੇ ਖ਼ਾਨਦਾਨੀ ਭੱਟ ਹਨ। ਜੋ ਅਜੇ ਤਕ ਹਰ ਸਾਲ ਇਸ ਇਲਾਕੇ ਵਿਚ ਆ ਕੇ ਇਨ੍ਹਾਂ ਦੇ ਖ਼ਾਨਦਾਨ ਦੇ ਬੰਦਿਆਂ ਪਾਸੋਂ ਇਕ ਰੁਪਿਆ ਸ਼ਾਦੀ ਅਤੇ ਇਕ ਰੁਪਿਆ ਪੁਤ੍ਰ ਜਨਮੇ ਦੀ ਵਧਾਈ ਦਾ ਲੈ ਜਾਂਦੇ ਹਨ। ਇਹ ਭੱਟ ਉਸ ਸਮੇਂ ਤੋਂ ਲੈ ਕੇ ਅਜ ਤਕ ਵਧਾਈ ਦੇਣ ਵਾਲੇ ਸਜਣ ਦਾ ਨਾਮ ਉਸ ਦੇ ਖ਼ਾਨਦਾਨ ਦੇ ਖਾਤੇ ਵਿਚ ਵਹੀ ਤੇ ਦਰਜ ਕਰਦੇ ਚਲੇ ਆਏ ਹਨ। ਇਹ ਪਹਿਲਾਂ ਮੋਨੇ ਸਨ, ਪ੍ਰੰਤੂ ਜਦੋਂ ਅਕਾਲੀ ਲਹਿਰ ਚਲੀ ਤਾਂ ਇਸ ਇਲਾਕੇ ਦੇ ਸਿੰਘਾਂ ਨੇ ਜ਼ੋਰ ਦੇ ਕੇ ਇਨ੍ਹਾਂ ਨੂੰ ਭੀ ਸਿੰਘ ਸਜਾ ਲਿਆ ਇਨ੍ਹਾਂ ਪਾਸ ਬਹੁਤ ਪੁਰਾਣੀਆਂ ਵਹੀਆਂ ਮਿਲਦੀਆਂ ਹਨ। ਜਿਨ੍ਹਾਂ ਤੋਂ ਕਈਆਂ ਖਾਨਦਾਨਾਂ ਦੇ ਹਾਲਾਤ ਦਾ ਪਤਾ ਸਤਾ ਲਗ ਸਕਦਾ ਹੈ।

ਵਲੀ ਦੁਰਗੂ ਤੋਂ ਲੈ ਕੇ ਭਾਈ ਤੁਧ ਸਿੰਘ ਤਕ ਦਰਜ ਹੈ।*

ਆਪ ਦੇ ਬਜ਼ੁਰਗ ਸਿਖੀ ਮੰਡਲ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਚੁਹਾਣ ਜ਼ਾਤੀ ਦੇ ਰਾਜਪੂਤ ਜ਼ਿਮੀਂਦਾਰ ਸਨ। ਆਪ ਦੀ ਬੰਸਾਵਲੀ ਉਤੇ ਪੜਚੋਲ ਨਾਲ ਡੂੰਘੀ ਨਜ਼ਰ ਮਾਰਨ ਤੋਂ ਪਤਾ ਲਗਦਾ ਹੈ ਕਿ ਇਸ ਸੁਲੱਖਣੀ ਪੀਹੜੀ ਨੇ ਮੁਢ ਤੋਂ ਹੀ ਗੁਰੂ ਮਹਾਰਾਜ ਦੇ ਸਮੇਂ ਬੜੀਆਂ ਭਾਰੀਆਂ ਕੁਰਬਾਨੀਆਂ ਕੀਤੀਆਂ ਹਨ।

ਆਪ ਦਾ ਖ਼ਾਨਦਾਨ ਜਿਤਾ ਤੇਗ਼ ਦਾ ਧਨੀ ਸੀ ਉਸ ਦੇ ਨਾਲ ਹੀ ਉਹ ਕਲਮ ਦਾ ਭੀ ਉੱਡਾ ਹੀ ਧਨੀ ਸੀ, ਕਿਉਂਕਿ ਉਸ ਸਮੇਂ ਭਾਈ ਚੋਪਾ ਸਿੰਘ, ਭਾਈ ਆਲਮ ਸਿੰਘ ਅਤੇ ਭਾਈ †ਗੁਰਦਾਸ ਸਿੰਘ ਜੀ ਵਰਗੇ ਉਚ ਕੋਟੀ ਦੇ ਵਿਦਵਾਨ ਤੇ ਕੋਮਲ ਭਾਵਾਂ ਦੇ ਚਿਤ੍ਰਕਾਰ ਆਪ ਦੀ ਕੁਲ ਦਾ ਚਾਨਣ ਸਨ।

ਭਾਈ ਗੁਰਦਾਸ ਸਿੰਘ ਜੀ ਨੇ ਭਾਈ ਗੁਰਦਾਸ ਦੀਆਂ ਵਾਰਾਂ ਨਾਲ

---

* ਇਸ ਸਾਰੇ ਮਸਾਲੇ ਨੂੰ ਇਨ੍ਹਾਂ ਕਿਤਾਬਾਂ ਨਾਲ ਮੇਲ ਕੇ ਵਾਚਿਆ ਹੈ ਅਤੇ ਫੇਰ ਸਮਕਾਲੀ ਇਤਿਹਾਸ ਦਾ ਸਹਾਰਾ ਲੈ ਕੇ ਸਾਰੇ ਹਾਲ ਲੜੀ ਵਾਰ ਕਰ ਕੇ ਸੰਨ ਅਤੇ ਤਾਰੀਖ਼ਾਂ ਦੀ ਪੜਚੋਲ ਕੀਤੀ ਹੈ।

੧. ਸ੍ਰੀ ਦਸਮ ਗ੍ਰੰਥ, ੨. ਮੈਕਾਲਫ, ੩. ਸ਼ਹੀਦੀ ਹਫ਼ਤਾ, ੪. ਬੰਦਾ ਸਿੰਘ ਬਹਾਦਰ, ਕ੍ਰਿਤ ਪ੍ਰੋ: ਗੰਡਾ ਸਿੰਘ "ਕੇਵਲ" ੫. ਸੂਰਜ ਪ੍ਰਕਾਸ਼, ੬. ਪੰਥ ਪ੍ਰਕਾਸ਼ ਸ: ਰਤਨ ਸਿੰਘ ਭੰਗੂ, ੭. ਤਵਾਰੀਖ਼ ਗੁਰੂ ਖ਼ਾਲਸਾ, ੮. ਪੰਥ ਪ੍ਰਕਾਸ਼ ਗਿ: ਗਿਆਨ ਸਿੰਘ, ੯. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ੧੦. ਬੰਦਾ ਕੌਣ ਥਾ, ੧੧. ਬੰਦਾ ਬਹਾਦਰ ਕ੍ਰਿਤ ਸ: ਕਰਮ ਸਿੰਘ, ਹਿਸਟੋਰੀਅਨ ਝੁਬਾਲੀਆ, ੧੨ ਗੁਰ ਸੋਭਾ, ੧੩. ਲਤੀਫ਼ ਦੀ ਹਿਸਟ੍ਰੀ, ੧੪. ਮਹਿਮਾਂ ਪ੍ਰਕਾਸ਼, ੧੫. ਬਾਵਾ ਸੁਮੇਰ ਸਿੰਘ ਭਲੇ ਦੀਆਂ ਸਾਖੀਆਂ ਅਤੇ ੧੬. ਗੁਰ ਬਿਲਾਸ ਪਾਤਸ਼ਾਹੀ ੧੦ ਭਾਈ ਸੁਖਾ ਸਿੰਘ।

† ਆਪ ਤੋਂ ਬਿਨਾਂ ਇਤਿਹਾਸ ਵਿਚ ਦੋ ਹੋਰ ਪ੍ਰਸਿੱਧ ਗੁਰਦਾਸ ਹੋਏ ਹਨ। ੧. ਬੀਬੀ ਭਾਨੀ ਦੇ ਨੇਝਿਓਂ ਭਰਾ ਸਨ। ਇਨ੍ਹਾਂ ਨੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਸਮੇਂ ਸੰ: ੧੬੩੬ ਬਿ: ਵਿਚ ਸਿਖ ਧਰਮ ਧਾਰਨ ਕੀਤਾ ਅਤੇ ਗੁਰਬਾਣੀ ਦਾ ਸਿਧਾਂਤ ਸ੍ਰੀ ਪੰਚਮ ਪਾਤਸ਼ਾਹ ਜੀ ਪਾਸੋਂ ਸਮਝਿਆ, ਆਪ ਸਿਖ ਧਰਮ ਦੇ ਉਘੇ ਵਿਦਵਾਨ ਪ੍ਰਚਾਰਕ ਸਨ। ਆਪ ਨੇ ਲਾਹੌਰ, ਆਗਰੇ ਅਤੇ ਕਾਂਸ਼ੀ ਵਿਚ ਸਿਖੀ ਦਾ ਬੜਾ ਭਾਰਾ ਪ੍ਰਚਾਰ ਕੀਤਾ ਸੀ। ਆਪ ਦੇ ਪਵਿੱਤ੍ਰ ਹੱਥੀਂ ਪੰਜਵੀਂ ਪਾਤਸ਼ਾਹੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਭ ਤੋਂ ਪਹਿਲੀ ਬੀੜ ਲਿਖਾਈ ਸੀ। ਜੋ ਅੱਜ ਕਲ ਸ੍ਰੀ ਕਰਤਾਰਪੁਰ ਵਿਚ ਵਿਦਮਾਨ ਹੈ। ਆਪ ਦੀਆਂ ਰਚਿਤ ਚਾਲ੍ਹੀ ਵਾਰਾਂ ਅਤੇ ੫੫੬ ਕਬਿਤ ਸਵੈਯੇ ਸਿਖ ਧਰਮ ਦੇ ਨਿਯਮਾਂ ਦਾ ਚੰਗਾ ਭੰਡਾਰ ਹਨ। ਆਪ ਛੇਵੀਂ ਪਾਤਸ਼ਾਹੀ ਦੇ ਸਮੇਂ ਭਾਦੋਂ ਸੁਦੀ ਅਠ ਸੰ:੧੬੯੪ ਬਿ: ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਗੁਰਪੁਰੀ ਨੂੰ ਸਿਧਾਰ ਗਏ ਅਤੇ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਨੇ ਆਪਣੇ ਪਵਿਤ੍ਰ ਹਸਤ-ਕਮਲਾਂ ਨਾਲ ਆਪ ਦਾ ਦਾਹ ਸੰਸਕਾਰ ਕੀਤਾ ਸੀ।

੨. ਭਾਈ ਬਹਿਲੋ ਦੀ ਅੰਸ ਵਿਚੋਂ ਭਾਈ ਗੁਰਦਾਸ ਮਸੰਦ ਹੋਏ ਹਨ। ਆਪ ਬਾਬਾ ਰਾਮ ਰਾਇ ਜੀ ਦੇ ਮੁਸਾਹਿਬ ਸਨ। ਬਾਬਾ ਜੀ ਦੇ ਪਰਲੋਕ ਗਮਨ ਕਰਨ ਪਿਛੋਂ ਆਪ ਸ੍ਰੀ ਦਸਮੇਸ਼ ਜੀ ਦੀ ਸੇਵਾ ਵਿਚ ਰਹੇ।

ਆਪਣੀ ਰਚਨਾਂ ੪੧ ਵਾਰ ਜੋੜੀ ਸੀ। ਜਿਸ ਵਿਚ ਪਾਠ ਆਉਂਦਾ ਹੈ :-

"ਪੀਓ ਪਹੁਲ ਖੰਡ ਧਾਰ ਹੋਇ ਜਨਮ ਸੁਹੇਲਾ ।
ਵਾਹੁ ! ਵਾਹੁ !! ਗੋਬਿੰਦ ਸਿੰਘ ਆਪੇ ਗੁਰ ਚੇਲਾ" ਆਦਿ ।

ਵਿਸਥਾਰ ਦੇ ਡਰ ਤੋਂ ਇਹ ਕੇਵਲ ਇਸ਼ਾਰੇ ਮਾਤ੍ਰ ਕੁਝ ਸਤਰਾਂ ਹੀ ਲਿਖ ਰਿਹਾ ਹਾਂ। ਜੇਕਰ ਵੇਰਵੇ ਨਾਲ ਇਹ ਕੌਮ ਨੂੰ ਉਜਾਗਰ ਕਰਨ ਵਾਲੇ ਸਾਰੇ ਹਾਲ ਲਿਖੇ ਜਾਣ, ਤਦ ਇਹੋ ਸਤਰਾਂ ਵਧ ਕੇ ਇਕ ਵਖਰੀ ਪੁਸਤਕ ਬਣ ਸਕਦੀ ਹੈ।

ਭਾਈ ਹਰਦਾਸ ਅਤੇ ਉਧੈ ਕਰਨ ਦੇ ਪਿਛੋਂ ਭਾਈ ਦੁਰਗੂ, ਭਾਈ ਲਾਲੂ ਅਤੇ ਭਾਈ ਜਗੂ ਦਾ ਪਤਾ ਲਗਦਾ ਹੈ। ਜੋ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਅਨਿਨ ਸਿਖਾਂ ਵਿਚੋਂ ਸਨ। ਭਾਈ ਜਗੂ ਦੇ ਦੋ ਪੁਤਰ ਭਾਈ ਸੰਗਤੀਆ ਸਿੰਘ ਅਤੇ ਭਾ: ਹਨਵੰਤ ਸਿੰਘ ਭੰਗਾਣੀ ਅਤੇ ਨਦੌਣ ਦੇ ਜੰਗ ਪਿਛੋਂ ਸੰ: ੧੭੪੬ ਬਿ: ਦੇ ਏੜ ਗੇੜ ਵਿਚ ਗੁਲੇਰ ਦੇ ਜੰਗ ਵਿਚ ਸ਼ਹੀਦ ਹੋ ਗਏ ਸਨ।

ਸਿੰਘ ਸੰਗਤੀਆ ਤਹਾਂ ਪਠਾਏ। ਗੁਪਾਲੇ ਸੋ ਧਰਮ ਦੇ ਲਿਆਏ।
(ਬਚਿੱਤ੍ਰ ਨਾਟਕ ਅਧਆਇ ੧੧)

ਜੈਸਾ :-ਸ੍ਰੀ ਕਲਗ਼ੀਧਰ ਸੁਨਤ ਬਿਚਾਰਾ ।
ਸੰਗਤੀਆ ਸਿੰਘ ਨਿਕਟ ਹਕਾਰਾ ।
ਸਪਤ ਸਉਰ ਤਾਂਹਿ ਸੰਗ ਦੀਨੇ ।
ਗਮਨਹੁ ਨ੍ਰਿਪ ਗੁਪਾਲ ਢਿਗ ਚੀਨੇ ।
(ਗੁ: ਪ੍ਰ: ਸੂ: ਗ੍ਰੰਥ ਰੁਤ ੨ ਅੰਸੂ ੪੯)

ਭਾਈ ਦੁਰਗੂ ਦੇ ਚਾਰ ਸਪੁਤਰ ਹੋਏ ਹਨ :-ਭਾਈ ਵੀਰ ਸਿੰਘ, ਭਾਈ ਆਲਮ ਸਿੰਘ, ਭਾਈ ਚੌਪਾ ਸਿੰਘ ਅਤੇ ਭਾਈ ਗੁਰਦਾਸ ਸਿੰਘ। ਜਦ ਦਸਮੇਸ਼ ਪਿਤਾ ਜੀ ਪੂਰਬ ਤੋਂ ਵਾਪਸ ਆ ਕੇ ਮੁਨਸ਼ੀ ਪੀਰ ਮੁਹੰਮਦ ਪਾਸ ਪੜ੍ਹਣੇ ਬੈਠੇ ਤਾਂ ਭਾਈ ਆਲਮ ਸਿੰਘ ਅਤੇ ਭਾਈ ਸੰਗਤੀਆ ਸਿੰਘ ਦੋਵੇਂ ਭਰਾ ਮਹਾਰਾਜ ਨਾਲ ਪੜ੍ਹਦੇ ਰਹੇ ਸਨ।

ਜਦ ਭੰਗਾਣੀ ਦਾ ਜੁਧ ਹੋਇਆ, ਤਦ ਭਾਈ ਆਲਮ ਸਿੰਘ ਜਥੇਦਾਰ ਨੀਯਤ ਹੋਏ ਸਨ। ਸਭ ਤੋਂ ਪਹਿਲਾਂ ਜਦ ਤੁਰਕਾਂ ਨੇ ਸ੍ਰੀ ਅਨੰਦ ਪੁਰ ਸਾਹਿਬ ਤੇ ਚੜ੍ਹਾਈ ਕੀਤੀ ਤਾਂ ਆਪ ਨੇ ਦਸਮੇਸ਼ ਪਿਤਾ ਜੀ ਨੂੰ ਰਾਤੀਂ ਸੁਤਿਆਂ ਪਿਆਂ ਨੂੰ ਜਗਾ ਕੇ ਇਸ ਗਲ ਦੀ ਖ਼ਬਰ ਦਿਤੀ ਸੀ।

ਜਬ ਦਲ ਪਾਰ ਨਦੀ ਕੇ ਆਇਓ ॥
ਆਨ ਆਲਮੇ ਹਮੇਂ ਜਗਾਇਓ ॥ (ਬਚਿਤ੍ਰ ਨਾਟਕ)

ਪਹਿਲੀ ਵੈਸਾਖ ਸੰ: ੧੭੫੬ ਬਿ: ਨੂੰ ਜਦ ਸ੍ਰੀ ਕੇਸ ਗੜ੍ਹ ਵਿਚ ਦਸਮੇਸ਼ ਪਿਤਾ ਜੀ ਨੇ ਸੀਸ ਮੰਗ ਕੇ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਤਦ ਉਨ੍ਹਾਂ ਨੂੰ ਪੰਜਾਂ ਪਿਆਰਿਆਂ ਦਾ ਦਰਜਾ ਦਿਤਾ ਗਿਆ। ਇਨ੍ਹਾਂ ਦੇ ਪਿਛੋਂ ਫੇਰ ਹੋਰ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਤਾਂ ਉਨ੍ਹਾਂ ਨੂੰ ਮੁਕਤੇ ਦਾ ਖ਼ਿਤਾਬ ਦਿਤਾ ਗਿਆ। ਇਨ੍ਹਾਂ ਪੰਜਾਂ ਦੇ ਬਾਦ ੧੧ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਤਦ ਉਨ੍ਹਾਂ ਨੂੰ ਦੀਦਾਰੀ ਦਾ ਖ਼ਿਤਾਬ ਦਿਤਾ ਗਿਆ। ਇਨ੍ਹਾਂ ੧੧ ਵਿਚ ਹੀ ਭਾਈ ਆਲਮ ਸਿੰਘ ਨੇ ਸ੍ਰੀ ਦਸਮੇਸ਼ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਸੀ।

ਇਨ੍ਹਾਂ ਦੇ ਮਗਰੋਂ ਵੀਹ ਹਜ਼ਾਰ ਖ਼ਾਲਸੇ ਨੇ ਅੰਮ੍ਰਿਤ ਛਕਿਆ ਜਿਨ੍ਹਾਂ ਵਿਚ ਪੰਜੇ ਭਰਾ ਭਾਈ ਬਚਿਤ੍ਰ ਸਿੰਘ ਹੁਰੀਂ ਤੇ ਤਿੰਨੇ ਭਰਾ ਭਾਈ ਗੁਰਦਾਸ ਸਿੰਘ, ਭਾ: ਵੀਰ ਸਿੰਘ, ਅਤੇ ਭਾਈ ਚੌਪਾ ਸਿੰਘ ਜੀ ਸ਼ਾਮਲ ਸਨ। ਇਨ੍ਹਾਂ ਨੂੰ ਮਹਾਰਾਜ ਨੇ ਅਪਰ ਅਪਾਰੀ ਦਾ ਖ਼ਿਤਾਬ ਬਖ਼ਸ਼ਿਆ।

ਭਾਈ ਗੁਰਦਾਸ ਸਿੰਘ ਦਾ ਪਹਿਲਾ ਨਾਮ ਭਾਈ ਗੁਰਦਾਸ ਹੀ ਪ੍ਰਚਲਤ ਰਿਹਾ। ਜਿਦਾਂ ਕਿ ਬੰਦਾ ਸਿੰਘ ਬਹਾਦਰ ਦਾ "ਬੰਦਾ ਬਹਾਦਰ" ਸਾਹਿਬ ਗੁਰਬਖ਼ਸ਼ ਸਿੰਘ ਦਾ "ਸਾਹਿਬ ਰਾਮ ਕੌਰ" ਅਤੇ ਭਾਈ ਸਾਹਿਬ ਸਿੰਘ ਸਪੁਤ੍ਰ ਭਾਈ ਮਤੀ ਦਾਸ ਦਾ "ਸਾਹਿਬ ਚੰਦ" ਆਦਿਕ ਪ੍ਰਚਲਤ ਸਨ।

ਭਾਈ ਆਲਮ ਸਿੰਘ ਦੀ ਸ਼ਾਦੀ ਭਾਈ ਬਜਰ ਸਿੰਘ ਦੀ ਪੁਤ੍ਰੀ ਬੀਬੀ ਭਿੱਖਾਂ ਨਾਲ ਪਿੰਡ ਸੋਧਰੇ ਜ਼ਿਲਾ ਗੁਜਰਾਂਵਾਲਾ ਵਿਚ ਹੋਈ। ਆਪ ਨੂੰ ਸ੍ਰੀ ਕਲਗੀਧਰ ਮਹਾਰਾਜ "ਨਚੱਣਾ" ਆਲਮ ਸਿੰਘ ਕਰਕੇ ਬੁਲਾਉਂਦੇ ਸਨ। ਕਿਉਂਕਿ ਇਹ ਬਹੁਤ ਚਪਲ ਅਤੇ ਲੜਾਈ ਦੇ ਕਰਤਬਾਂ ਵਿਚ ਨਿਪੁੰਨ ਸਨ।

ਆਲਮ ਸਿੰਘ ਨੱਚਣਾ ਗੁਰ ਕਹੇ।
ਸਿਆਲਕੋਟ ਕੀ ਵਾਸੀ ਅਹੈ।
ਜ਼ਾਤ ਹੁਤੀ ਰਾਜਪੂਤ ਤਿਸੀ ਕੀ।
ਸਿੱਖ ਰਹਿਤ ਲੇ ਪਾਹੁਲ ਨੀਕੀ।

(ਗੁ: ਪ੍ਰ: ਸੂ: ਗ੍ਰੰਥ ਰੁਤ ੩ ਅੰਸੂ ੨੦)

ਇਸ ਦੰਪਤੀ ਨੇ ਗੁਰੂ ਕੇ ਲੰਗਰ ਦੀ ਅਤੁਟ ਨਿਸ਼ਕਾਮ ਸੇਵਾ ਕਰਨੀ। ਇਥੋਂ ਤਕ ਕਿ ਆਪ ਪ੍ਰਸ਼ਾਦ ਭੀ ਗੁਰੂ ਕੇ ਲੰਗਰੋਂ ਨ ਛਕਣਾ ਅਤੇ ਇਸ ਸੇਵਾ ਵਿਚੋਂ ਕੁਝ ਸਮਾਂ ਕੱਢ ਕੇ ਕੇਵਲ ਆਪਣੇ ਪ੍ਰਸ਼ਾਦ ਜੋਗੀ ਮਜ਼ੂਰੀ ਕਰ ਲੈਣੀ।

ਇਸੇ ਨਾਲ ਹੀ ਆਪਣਾ ਸਾਰਾ ਨਿਰਬਾਹ ਕਰਨਾ। ਇਸ ਸੇਵਾ ਦੇ ਸਮੇਂ ਵਿਚ ਹੀ ਰੱਬ ਵਲੋਂ ਬੀਬੀ ਭਿੱਖਾਂ ਦੀਆਂ ਅੱਖਾਂ ਬੰਦ ਹੋ ਗਈਆਂ, ਪਰ ਆਪ ਨੇ ਇਸ ਸੇਵਾ ਵਿਚ ਫਰਕ ਨਹੀਂ ਆਉਣ ਦਿਤਾ ਸੀ। ਪ੍ਰੇਮ ਨਾਲ ਸਾਰਾ ਸਾਰਾ ਦਿਨ ਸੰਗਤਾਂ ਦੇ ਜੂਠੇ ਭਾਂਡੇ ਮਾਂਜਦਿਆਂ ਰਹਿਣਾ ਤੇ ਗੁਰਬਾਣੀ ਦਾ ਪਾਠ ਕਰੀ ਜਾਣਾ। ਸ੍ਰੀ ਕਲਗੀਧਰ ਸਚੇ ਪਾਤਸ਼ਾਹ ਆਪ ਦੀ ਇਸ ਅਦੁਤੀ ਸੇਵਾ ਤੋਂ ਬਹੁਤ ਖੁਸ਼ ਹੋਏ ਅਤੇ ਨਦਰੀ ਨਦਰ ਨਿਹਾਲ ਕਰ ਕੇ ਬਚਨ ਕੀਤਾ ਕਿ ਅੱਜ ਸਤਿਗੁਰ ਤੁਹਾਡੇ ਤੇ ਤੁਠੇ ਹਨ, ਜੋ ਵਰ ਮੰਗਣਾ ਜੇ ਮੰਗ ਲਓ। ਤਾਂ ਆਪ ਨੇ ਸਿਖੀ ਸਿਦਕ ਦਾਨ ਮੰਗਿਆ, ਪਰ ਇਹ ਭੀ ਇਕ ਰਵਾਇਤ ਹੈ ਕਿ ਮਾਈ ਸੁਲੱਖਣੀ ਵਾਂਗ ਬੀਬੀ ਭਿੱਖਾਂ ਨੇ ਇਸ ਮੰਗ ਦੇ ਨਾਲ ਹੀ ਇਹ ਲਾਲਸਾ ਜ਼ਾਹਰ ਕੀਤੀ ਸੀ ਕਿ :—

"ਸੋਨੇ ਦੀ ਮਧਾਣੀ ਹੋਵੇ, ਨੂੰਹ ਰਿੜਕਦੀ ਦਿੱਖਾਂ।
ਜੇ ਸਤਿਗੁਰ ਤੁਠੇ ਮੇਰੇ ਤੇ ਇਹ ਵਰ ਮੰਗੇ ਭਿੱਖਾਂ"।

ਦਸਿਆ ਜਾਂਦਾ ਹੈ ਕਿ ਆਪ ਦੇ ਨੇਤ੍ਰ ਨੌ-ਬਰ-ਨੌ ਹੋ ਗਏ। ਇਸ ਦੇ ਪਿੱਛੋਂ ਬੀਬੀ ਭਿੱਖਾਂ ਸ੍ਰੀ ਦਸਮੇਸ਼ ਪਿਤਾ ਜੀ ਦੇ ਮਹਿਲਾਂ ਦੀ ਸੇਵਾ ਕਰਦੇ ਰਹੇ ਅਤੇ ੨੧ ਦਸੰਬਰ ਸੰ: ੧੭੦੪ ਈ: ਨੂੰ ਸਰਸੇ ਦੇ ਕੰਢੇ ਹੋਏ ਜੰਗ ਵਿਚ ਸ਼ਹੀਦ ਹੋ ਗਏ।

੬ ਪੋਹ ਸੰ: ੧੭੬੧ ਬਿ: ਨੂੰ ਜਦ ਸਿਖ ਬੇਦਾਵਾ ਲਿਖ ਕੇ ਦੇਣ ਲਗੇ ਤਦ ਆਪ ਨੇ ਇਸ ਤੋਂ ਇਨਕਾਰ ਕੀਤਾ।

* ਉਦੇ ਸਿੰਘ ਆਲਮ ਸਿੰਘ ਆਦ।
ਸੁਨ ਪਿਖ ਕੇ ਬਿਸਮੇਂ ਸੰਬਾਦ।
ਕਹਨ ਲਗੇ ਹਮ ਲਿਖੇ ਨ ਕੋਈ।
ਘਾਲੀ ਘਾਲ ਯਾਦ ਹੋਇ ਸੋਈ।

(ਗੁ: ਪ੍ਰ: ਸੂ: ਗ੍ਰੰਥ ਰੁਤ ੬ ਅੰਸੂ ੩੦)

---

*ਅਲੀਪੁਰ ਜ਼ਿਲਾ ਮੁਲਤਾਨ ਦਾ ਇਕ ਮਾਈਦਾਸ ਦਾ ਪੁਤਰ ਮਨੀ ਰਾਮ ਰਾਜਪੂਤ ਹੋਇਆ ਹੈ। ਇਸ ਦੇ ਘਰ ਪੰਜ ਪੁਤਰ ਪੈਦਾ ਹੋਏ :—ਉਦੇ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਅਨਕ ਸਿੰਘ ਅਤੇ ਬਚਿੱਤ੍ਰ ਸਿੰਘ। ਨਿਕੇ ਹੁੰਦਿਆਂ ਨੂੰ ਹੀ ਇਨ੍ਹਾਂ ਦਾ ਪਿਤਾ ਪੰਜਾਂ ਭਰਾਵਾਂ ਨੂੰ ਸ੍ਰੀ ਕਲਗੀਧਰ ਜੀ ਮਹਾਰਾਜ ਦੀ ਸੇਵਾ ਵਿਚ ਅਰਪਨ ਕਰ ਗਿਆ। ਸਤਿਗੁਰਾਂ ਨੇ ੧ ਵੈਸਾਖ ਸੰ: ੧੭੫੬ ਬਿ: ਨੂੰ ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾਇਆ ਤੇ ਸਿੰਘ ਸਜਾ ਕੇ ਸਿਖ ਧਰਮ ਦੀ ਸਿਖਿਆ ਦਿਤੀ।

"ਪੁਰ ਮੁਲਤਾਨ ਅਲੀਪੁਰ ਨੇਰੇ। ਮਾਈਦਾਸ ਰਾਜਪੂਤ ਬਸੇਰੇ।
ਤਿਸ ਕੇ ਮਨੀ ਰਾਮ ਸੁਤ ਹੋਇਓ। ਆਇ ਤਹਾਂ ਗੁਰ ਦ੍ਰਸ਼ਨ ਜੋਇਓ।
ਪੰਜ ਪੁਤਰ ਲੈ ਆਪਣੇ ਸਾਥ। ਸਰਨੀ ਪ੍ਰਯੋ ਰਹਿਓ ਗੁਰਨਾਥ।

(ਬਾਕੀ ਫੁਟ ਨੋਟ ਦੇਖੋ ਸਫ਼ਾ ੪੧੮ ਪਰ)

—ਸ਼ਹੀਦੀ-ਜੀਵਨ—

੭ ਪੋਹ ਸੰ: ੧੭੬੧ ਬਿ: ਨੂੰ ਸਰਸੇ ਦੇ ਕਿਨਾਰੇ ਜੰਗ ਵਿਚ ਕੁਦ ਪਏ। ਅਗਲੇ ਦਿਨ ੮ ਪੋਹ ਨੂੰ ਸ੍ਰੀ ਚਮਕੌਰ ਦੇ ਜੰਗ ਵਿਚ ਭਾਈ ਅਮੋਲਕ ਸਿੰਘ, ਭਾਈ ਮੋਹਰ ਸਿੰਘ ਪੁਤ੍ਰ ਭਾਈ ਆਲਮ ਸਿੰਘ ਅਤੇ ਭਾਈ ਰਾਮ ਸਿੰਘ ਪੁਤ੍ਰ ਭਾਈ ਵੀਰ ਸਿੰਘ ਸ਼ਹੀਦ ਹੋ ਗਏ। ਇਨ੍ਹਾਂ ਦੇ ਪਿਛੋਂ ਭਾਈ ਆਲਮ ਸਿੰਘ ਅਤੇ ਭਾਈ

(ਸਫ਼ਾ ੪੧੭ ਦੇ ਫੁਟ ਨੋਟ ਦੀ ਬਾਕੀ)

ਸੋ ਪੰਚੇ ਭ੍ਰਾਤਾ ਕਰ ਖਰੇ। ਸਿੰਘ ਨਾਮ ਗੁਰ ਤਿਨਕੇ ਧਰ।
ਬਡ਼ੇ ਬਚਿੱਤ੍ਰ ਸਿੰਘ ਭਟ ਭਯੋ। ਉਦੈ ਸਿੰਘ ਦੂਸਰ ਬਿਦ ਤਯੋ।
ਅਨਕ ਸਿੰਘ ਅਰ ਅਜਬ ਸਿੰਘ ਪੁਨ। ਪੰਚਮ ਭਇਓ ਅਜਾਇਬ ਗੁੱਨ।
ਅੰਮ੍ਰਿਤ ਖੰਡੇ ਕੋ ਹੈ ਦੀਨਾ। ਮਾਨੋ ਪੰਚ ਪਾਂਡਵ ਬਲ ਲੀਨਾ।

(ਗੁ: ਪ੍ਰ: ਸੂ: ਗ੍ਰੰਥ ਰੁਤ ੩ ਅੰਸੂ ੨੦)

ਯਥਾ:--"ਭਯੋ ਆਲਮ ਸਿੰਘ ਨਚੱਣਾ, ਸਿਆਲਕੋਟ ਰਜਪੂਤ।
ਫੇਰ ਮਾਈ ਦਾਸ ਸੁਤ ਰਜਪੂਤ ਅਤ ਮਜਬੂਤ।
ਨਿਕਟ ਹੈ ਮੁਲਤਾਨ ਕੇ ਇਕ ਅਲੀ ਗਢ ਅਸਥਾਨ।
ਤਾਂਹਿ ਕੇ ਸੁਤ ਪਾਂਚ, ਪਾਚੋਂ ਭਏ ਸਿੰਘ ਸੁਜਾਨ।
ਉਦੈ ਸਿੰਘ ਬਚਿੱਤ੍ਰ ਸਿੰਘ, ਸੁ ਅਨਕ ਸਿੰਘ ਸੁਬੀਰ।
ਅਜਬ ਸਿੰਘ, ਅਜਾਇਬ ਸਿੰਘ ਯੇਹ ਪਾਂਚ ਹੀ ਮਤਧੀਰ।"

(ਗੁਰ ਪਦ ਪ੍ਰੇਮ ਪ੍ਰਕਾਸ਼ ਰਚਿਤ ਬਾਵਾ ਸੁਮੇਰ ਸਿੰਘ ਭੱਲਾ ਸਾਖੀ ੧੭ ਸਫ਼ਾ ੧੬੨ ਰਚਨਾ ਸੰ: ੧੯੮੨ ਬਿ:)

ਭਾਈ ਉਦੇ ਸਿੰਘ ਨੇ ਇਕ ਵੇਰ ਸ਼ੇਰ ਮਾਰਕੇ ਉਸਦੀ ਖੱਲ ਸ੍ਰੀ ਦਸਮੇਸ ਜੀ ਦੇ ਪੇਸ਼ ਕੀਤੀ। ਚੋਜੀ ਪਿਤਾ ਜੀ ਨੇ ਇਹ ਖੱਲ ਇਕ ਖੋਤੇ ਨੂੰ ਪੁਆਕੇ ਖੇਤੀਆਂ ਵਿਚ ਚਰਨਾ ਛਡ ਦਿਤਾ। ਖੋਤਾ ਬੜੀਆਂ ਲੇੜ੍ਹਾਂ ਪਿਆ ਕਰੇ ਤੇ ਪੈਲੀ ਵਾਲਾ ਕੋਈ ਡਰਦਾ ਨੇੜੇ ਨਾ ਆਵੇ। ਇਕ ਦਿਨ ਉਹ ਖੋਤਾ ਆਪਣੀ ਆਦਤ ਅਨੁਸਾਰ ਹੀਂਗਣ ਲਗ ਪਿਆ। ਤਦ ਘੁਮਿਆਰ ਫੜਕੇ ਘਰ ਨੂੰ ਲੈ ਗਿਆ। ਮੁੜ ਪਹਿਲਾਂ ਵਾਂਗ ਹੀ ਛੱਟਾਂ ਥਲੇ ਧਰ ਦਬੱਲਿਆ। ਮਾਹਰਾਜ ਨੇ ਇਸ ਖੋਤੇ ਦੀ ਮਿਸਾਲ ਦੇ ਕੇ ਸਾਰੀ ਸੰਗਤ ਨੂੰ ਇਹ ਉਪਦੇਸ਼ ਕੀਤਾ ਕਿ ਜੋ ਸਿੰਘ ਸਜਕੇ ਮੁੜ ਆਪਣੀ ਪਹਿਲੀ ਜ਼ਾਤ ਪਾਤ ਵਿਚ ਧਸਣਗੇ ਉਨ੍ਹਾਂ ਦਾ ਮੁੜ ਇਹੋ ਹਾਲ ਹੋਵੇਗਾ।

ਉਦੇ ਸਿੰਘ ਸੰ: ੧੭੫੮ ਬਿ: ਦੇ ਜੰਗ ਵਿਚ ਰਾਜਾ ਕੇਸਰੀ ਚੰਦ ਜੱਸਵਾਲੀਏ ਦਾ ਸਿਰ ਵਢ ਕੇ ਨੇਜ਼ੇ ਵਿਚ ਪ੍ਰੋਕੇ ਦਸਮੇਸ ਜੀ ਦੀ ਹਜ਼ੂਰੀ ਵਿਚ ਲਿਆਇਆ ਸੀ। ਜਦ ਸਤਿਗੁਰਾਂ ਨੇ ਸ੍ਰੀ ਅਨੰਦ ਪੁਰ ਛਡਿਆ, ਤਦ ਇਹ ਕਲਗੀਧਰ ਜੀ ਦੇ ਨਾਲ ਸਨ। ਚਮਕੌਰ ਦੇ ਰਸਤੇ ਵਿਚ ੭ ਪੋਹ ਬੁਧਵਾਰ ਸੰ: ੧੭੬੧ ਬਿ: ਨੂੰ ਬੜੀ ਬਹਾਦਰੀ ਨਾਲ ਦੁਸ਼ਮਨਾਂ ਦਾਂ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ।

"ਪਹਰ ਏਕ ਲੌ ਰਣ ਪਰਯੋ ਮਹਾਂ ਪਰਬਲ ਇਕ ਸਾਰ।
ਉਦੇ ਸਿੰਘ ਜੁਝੇ ਤਬੈ ਸਤਿਗੁਰ ਸਰਨ ਵਿਚਾਰ।" "ਗੁਰ ਸੋਭਾ"

ਇਨ੍ਹਾਂ ਪੰਜਾਂ ਭਰਾਵਾਂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ੨ ਕਤਕ ਸੰ: ੧੭੬੦ ਬਿ: ਨੂੰ ਇਕ ਹੁਕਨਾਮਾਂ ਭੀ ਬਖ਼ਸ਼ਿਆ ਸੀ। ਜਿਸ ਵਿਚ ਕਿ ਆਪ ਦੀ ਸੇਵਾ ਦੀ ਚੰਗੀ ਪ੍ਰਸੰਸਾ ਕੀਤੀ ਹੋਈ ਹੈ। ਇਹ ਹੁਕਮਨਾਮਾਂ ਹੋਰ ਵਾਕਫ਼ੀਅਤ ਲਭਦਿਆਂ ਇਨ੍ਹਾਂ ਦੇ ਖ਼ਾਨਦਾਨ ਦੇ ਬੰਦਿਆਂ

(ਬਾਕੀ ਫੁਟ ਨੋਟ ਦੇਖੋ ਸਫ਼ਾ ੪੧੯ ਪਰ)

ਦਸਮੇਸ਼ ਜੀ ਦਾ ਹੁਕਮਨਾਮਾ


੧ ੴਸਤਿਗੁਰਪ੍ਰਸਾਦਿ॥

ਇਹ ਉਹ ਦੁਰਲਭ ਹੁਕਮਨਾਮਾ ਹੈ ਜੋ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਬਚਿਤ੍ਰ ਸਿੰਘ, ਭਾਈ ਸਿੰਘ, ਭਾਈ ਅਨਿਕ ਸਿੰਘ ਭਾਈ ਅਜਾਇਬ ਸਿੰਘ ਅਤੇ ਭਾਈ ਅਜਬ ਸਿੰਘ ਨੂੰ ਆਪ ਬਖਸ਼ਿਆ ਸੀ। ਉਪਰਲੇ ਹਾ ਗੁਰਮੁਖੀ ਸਿਕਸਤੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਸਖਤ ਹਨ। ਇਸ ਦੀ ਕਾਪੀ ਬੜੇ ਯਤਨਾਂ ਕਰੜੀਆਂ ਘਾਲਣਾ ਨਾਲ ਹਥ ਆਈ ਹੈ, ਜਿਸਨੂੰ ਵੇਖਕੇ ਪੰਥ ਦੇ ਤਮਾਮ ਵਡੇ ਵਡੇ ਇਤਿਹਾਸ ਖੋਜੀਆਂ ਤੇ ਚੋਟ ਦੇ ਵਿਦਵਾਨਾਂ ਨੇ ਬਹੁਤ ਪ੍ਰਸੰਸਾ ਕੀਤੀ ਹੈ।

ਵੀਰ ਸਿੰਘ ਭੀ ਇਸੇ ਜੁਧ ਵਿਚ ਹੀ ਸਾਹਿਬਜ਼ਾਦਾ ਅਜੀਤ ਸਿੰਘ ਨਾਲ ਸ਼ਹੀਦ ਹੋ ਗਏ।

ਭਾਈ ਸੰਤੋਖ ਸਿੰਘ ਨੇ ਆਪ ਦੀ ਸਿਫ਼ਤ ਵਿਚ ਇਕ ਬਹੁਤ ਸੁੰਦਰ ਭਾਵ-ਪੂਰਤ ਸਵੱਯਾ ਲਿਖਿਆ ਹੈ, ਜਿਸ ਵਿਚ ਆਪ ਦੀ ਸਾਰੀ ਰਹਿਣੀ ਬਹਿਣੀ ਦਾ ਜ਼ਿਕਰ ਆਉਂਦਾ ਹੈ:—

"ਆਲਿਮ ਸਿੰਘ ਧਰੇ ਸਭ ਆਯੁਧ ਜਾਤ ਸਿਸੀ ਰਾਜਪੂਤ ਭਲੇਰੀ।
ਖਾਸ ਮੁਸਾਹਿਬ ਦਾਸ ਗੁਰੂ ਕੋ ਪਾਸ ਰਹੇ ਨਿਤ ਸ੍ਰੀ ਮੁਖ ਹੇਰੀ।
ਬੋਲਨ ਕੇਰ ਬਲਾਸ ਕਰੇ ਜਿਹ ਸੰਗ ਸਦਾ ਕਰਨਾ ਬਹੁਤੇਰੀ।
ਆਇਸ ਲੈ ਹਿਤ ਸੰਘਰ ਕੇ ਮਨ ਹੋਇ ਅਨੰਦ ਚਲ੍ਯੋ ਤਿਸ ਬੇਰੀ।

(ਗੁ: ਪ੍ਰ: ਸੂ: ਗ੍ਰੰਥ ਰੁਤ ੬ ਅੰਸੂ ੩੬)

ਭਾਈ ਆਲਮ ਸਿੰਘ ਦੇ ਦੂਜੇ ਪੁਤ੍ਰ ਭਾਈ ਬਾਘੜ ਸਿੰਘ ਅਤੇ ਭਾਈ ਵੀਰ ਸਿੰਘ ਦੇ ਪੁਤ੍ਰ ਭਾਈ ਤੇਗਾ ਸਿੰਘ ਤੇ ਭਾਈ ਮੇਹਰ ਸਿੰਘ, ਬੰਦਾ ਸਿੰਘ ਬਹਾਦਰ ਦੀ ਕਮਾਨ ਥਲੇ ਲੜ ਕੇ ਗੁਰਦਾਸ ਨੰਗਲ ਜ਼ਿਲਾ ਗੁਰਦਾਸ ਪੁਰ ਵਿਚ ਸੰ: ੧੭੧੫ ਈ: ਵਿਚ ਸ਼ਹੀਦ ਹੋ ਗਏ।

ਭਾਈ ਆਲਮ ਸਿੰਘ, ਚੌਪਾ ਸਿੰਘ ਅਤੇ ਗੁਰਦਾਸ ਸਿੰਘ ਚੰਗੇ ਵਿਦਵਾਨ ਅਤੇ ਉੱਚੇ ਪਾਏ ਦੇ ਸ਼ਾਇਰ ਸਨ। ਭਾਈ ਗੁਰਦਾਸ ਸਿੰਘ ਅਤੇ ਭਾਈ ਆਲਮ ਸਿੰਘ ਦਾ ਨਾਮ ਮਹਾਰਾਜ ਦਸਮੇਸ਼ ਪਿਤਾ ਜੀ ਦੇ ਬਵੰਜਾ ਹਜ਼ੂਰੀ ਕਵੀਆਂ ਦੀ

(ਸਫ਼ਾ ੪੧੮ ਦੇ ਫੁਟ ਨੋਟ ਦੀ ਬਾਕੀ)

ਪਾਸੋਂ ਮਿਲ ਗਿਆ, ਜੋ ਸੁਸੀ ਦੀ ਟਾਕੀ ਵਿਚ ਵਲ੍ਹੇਟਿਆ ਇਕ ਦਾਣਿਆਂ ਵਾਲੀ ਕੋਠੀ ਦੀ ਛੱਤ ਵਿਚ ਟੰਗਿਆ ਹੋਇਆ ਸੀ ਤੇ ਕਈ ਥਾਵਾਂ ਤੋਂ ਖਪਰੇ ਨੇ ਭੀ ਖਾਧਾ ਹੋਇਆ ਹੈ। ਉਸਦੀ ਤਸਵੀਰ ਦਿਤੀ ਜਾਂਦੀ ਹੈ ਤੇ ਸੌਖ ਲਈ ਜਿੰਨੀ ਇਬਾਰਤ ਪੜ੍ਹੀ ਜਾ ਸਕੀ ਹੈ ਉਸ ਦੀ ਨਕਲ ਇਉਂ ਹੈ। ਉਪਰਲੇ ਸਿਰੇ ਤੇ ਸਕਸ਼ਤੇ ਵਿਚ ਸ੍ਰੀ ਦਸਮੇਸ਼ ਜੀ ਦੇ ਦਸਖ਼ਤ ਹਨ।

੧ ੴ ਸਤਿਗੁਰ ਪ੍ਰਸਾਦਿ ॥

ਸ੍ਰੀ ਸਤਿਗੁਰੂ ਜੀ ਕੀ ਆਗਿਆ ਹੈ ਭਾਈ ਬਚਿਤ੍ਰ ਸਿੰਘ ਜੀ, ਭਾਈ ਉਦੇ ਸਿੰਘ ਜੀ, ਭਾਈ ਅਨਿਕ ਸਿੰਘ ਜੀ, ਭਾਈ ਅਜਬ ਸਿੰਘ ਜੀ, ਭਾਈ ਅਜਾਇਬ ਸਿੰਘ ਜੀ ਇਹ ਇਕ ਮਾਈ ਦਾਸੁ ਵੇਇ ਮਨੀ ਸਿੰਘ ਵਾਹਿਗੁਰੂ ਸਰਮ ਰਖੇਗਾ। ਤੁਸੀ ਮੇਰੇ ਪੁਤਰ ਫ਼ਰਜ਼ੰਦਹ ਖਾਨੇ ਜ਼ਾਦ ਹੋ ਤੁਸਾਂ ਉਪਰ ਮੇਰੀ ਖ਼ੁਸ਼ੀ ਹੈ। ਸਭ ਵਰਤਾਰੇ ਕੇ ਤੁਸੀਂ ਮਹਿਰਮ ਹੋ। ਹੋਰੁ ਕੌਡੀ ਦਮੜੀ ਪੈਸਾ ਧੇਲਾ ਰੁਪਿਆ ਰਛਿਆ ਦਾ ਜੋ ਅਸਾਂ ਨੂੰ ਦੇਹਿਗਾ, ਇਹ ਮੇਰੇ ਪੁਤਰ ਫ਼ਰਜ਼ੰਦ ਹੈਨਿ ਸਿਖਾਂ ਪੁਤਾ..........ਵਾਦਾ ਵਲਾ ਹੈ। ਜੋ ਲੋਚ ਕੇ ਸੇਵਾ ਕਰੋਗੇ ਤੁਸਾਡੇ ਸੇਵਾ ਦਰਗਾਹਿ ਥਾਇ ਪਵੇਗੀ। ਤੁਸਾਂ ਉਪਰ ਵਾਹਿਗੁਰੂ ਰਛਿਆ ਕਰੇਗਾ। ਸੰ: ੧੭੬੦ ਮਿਤੀ ਕਤਕ ੨ ॥

ਲਿਸਟ ਵਿਚ ਆਉਂਦਾ ਹੈ। ਭਾਈ ਚੌਪਾ ਸਿੰਘ ਹੋਰਾਂ ਨੇ ਇਕ ਰਹਿਤ ਨਾਮਾ ਭੀ ਤਿਆਰ ਕੀਤਾ ਸੀ, ਜੋ ਅੱਜ ਕਲ ਪੰਥ ਵਿਚ ਪ੍ਰਸਿੱਧ ਹੈ। ਆਪ ਪਹਿਲੀ ਉਮਰ ਵਿਚ ਦਸਮੇਸ਼ ਜੀ ਦੇ ਖਿਡਾਵੇ ਸਨ।

ਅਹਿਮਦ ਸ਼ਾਹ ਅਬਦਾਲੀ ਨੇ ਚੌਥੇ ਹਮਲੇ ਨਾਲ ਆਪ ਦਾ ਪਿੰਡ ਦੁਬੁਰਜੀ ਉਜਾੜ ਦਿਤਾ ਸੀ। ਉਸ ਸਮੇਂ ਜੋ ਇਸ ਪਿੰਡ ਦੇ ਵਸਨੀਕ ਜੀਉਂਦੇ ਬਚ ਰਹੇ ਸਨ, ਉਹ ਕਈ ਥਾਵਾਂ ਤੇ ਜਾ ਕੇ ਆਬਾਦ ਹੋ ਗਏ, ਜਿਨ੍ਹਾਂ ਵਿਚੋਂ ਅੱਜ ਕਲ ਜ਼ਿਲਾ ਸਿਆਲਕੋਟ ਵਿਚ ਇਹ ਛੇ ਪਿੰਡ ਆਬਾਦ ਹਨ : ੧. ਕੋਠਾ ਪ੍ਰਧਾਨ ਸਿੰਘ, ੨. ਕਰਤਾਰਪੁਰਾ, ੩. ਕਿਸ਼ਨ ਗੜ੍ਹ, ੪. ਗੁਲਾਬ ਗੜ੍ਹ, ੫. ਦੁਬੁਰਜੀ ਚੰਦਾ ਸਿੰਘ, ੬. ਪੀਰ ਕੋਟ।

ਭਾਈ ਗੁਰਦਾਸ ਸਿੰਘ ਨੇ ਬੜੀ ਵਿਦਵਤਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ ਭੀ ਲਿਖੇ ਸਨ, ਜੋ ਛਪੇ ਨਹੀਂ। ਆਪ ਕਰੀਬਨ ਡੇਢ ਸੌ ਸਾਲ ਦੀ ਉਮਰ ਭੋਗ ਕੇ ਸਿੰਧ ਵਿਚ ਸਿਖੀ ਦਾ ਪ੍ਰਚਾਰ ਕਰਦੇ ਹੋਏ ਸ਼ਿਕਾਰਪੁਰ ਵਿਚ ਪ੍ਰਲੋਕ ਗਮਨ ਕਰ ਗਏ। ਉਥੇ ਅੱਜ ਕੱਲ ਆਪ ਦੀ ਯਾਦਗਾਰ ਵਿਚ ਖੱਟ ਵਾਲੀ ਧਰਮਸਾਲਾ ਨਾਮ ਤੇ ਜਗ੍ਹਾ ਪ੍ਰਸਿੱਧ ਹੈ। ਆਪ ਦੇ ਖ਼ਾਨਦਾਨ ਵਿਚੋਂ ਕਈ ਪ੍ਰਵਾਰ ਮਿਲ ਕੇ ਹਰ ਸਾਲ ਇਥੇ ਦਰਸ਼ਨਾਂ ਲਈ ਜਾਇਆ ਕਰਦੇ ਸਨ ਅਤੇ ਆਪਣੀਆਂ ਸੁਖਣਾਂ ਦੇ ਚੜ੍ਹਾਵੇ ਚੜ੍ਹਾਇਆ ਕਰਦੇ ਸਨ, ਪਰ ਜਦੋਂ ਦੀ ਅਕਾਲੀ ਲਹਿਰ ਚਲੀ ਹੈ,ਇਨ੍ਹਾਂ ਪ੍ਰਵਾਰਾਂ ਨੇ ਉਥੇ ਦੀ ਯਾਤ੍ਰਾ ਕਰਨੀ ਬੰਦ ਕਰ ਦਿਤੀ ਹੈ।

ਆਪ ਦੇ ਜਨਮ ਅਸਥਾਨ ਪਿੰਡ ਦੁਬੁਰਜੀ ਦੇ ਪੁਰਾਣੇ ਥੇਹ ਉਤੇ ਹਰ ਸਾਲ ੨੯ ਜੇਠ ਨੂੰ ਇਨ੍ਹਾਂ ਦੀ ਯਾਦਗਾਰ ਵਿਚ ਬੜਾ ਭਾਰਾ ਮੇਲਾ ਲਗਦਾ ਹੈ। ਆਮ ਲੋਕਾਂ ਦੀ ਜ਼ਬਾਨੀ ਪਤਾ ਲਗਦਾ ਹੈ ਕਿ ਆਪ ਇਕ ਚੰਗੇ ਉੱਚੇ ਜੀਵਨ ਵਾਲੇ ਮਹਾਂ ਪੁਰਖ ਸਨ।

ਆਪ ਦੇ ਘਰ ਕੇਵਲ ਇਕਲੌਤੇ ਪੁਤ੍ਰ ਭਾਈ ਸਰੂਪ ਸਿੰਘ ਦਾ ਹੀ ਜਨਮ ਹੋਇਆ। ਇਨ੍ਹਾਂ ਦੇ ਅਗੇ ਛੇ ਪੁਤ੍ਰ ਹੋਏ। ਭਾਈ ਸਾਹਿਬ ਸਿੰਘ, ਭਾਈ ਗੁਲਾਬ ਸਿੰਘ, ਭਾਈ ਲਾਲ ਸਿੰਘ, ਭਾਈ ਜੀਵਨ ਸਿੰਘ, ਭਾਈ ਜੋਗਾ ਸਿੰਘ, ਅਤੇ ਭਾਈ ਮਾਹਨਾ ਸਿੰਘ। ਇਨ੍ਹਾਂ ਵਿਚੋਂ ਭਾਈ ਸਾਹਿਬ ਸਿੰਘ ਅਤੇ ਭਾਈ ਜੋਗਾ ਸਿੰਘ ੧੮ ਮਾਘ ਸੰ: ੧੮੯੫ ਬਿ: ਨੂੰ ਅਹਿਮਦ ਸ਼ਾਹ ਅਬਦਾਲੀ ਦੇ ਪੋਤ੍ਰੇ

ਅਤੇ ਤੈਮੂਰ ਸ਼ਾਹ ਦੇ ਪੁਤ੍ਰ ਜ਼ਮਾਨ ਸ਼ਾਹ ਪਾਸੋਂ ਹਿੰਦੂ ਲੜਕੀਆਂ ਛੁਡਾਉਂਦੇ ਸ਼ਹੀਦ ਹੋ ਗਏ।

ਇਸ ਮਿਸਲ ਦੇ ਜਥੇਦਾਰ ਭਾਈ ਨੱਥਾ ਤੇ ਭਾਈ ਦਿਆਲ ਸਿੰਘ ਸਪੁਤ੍ਰ ਭਾਈ ਸੇਵਾ ਸਿੰਘ ਜੱਟ ਧਾੜੀਵਾਲ, ਕਾਲੇ ਕੇ ਮਾਹਲ ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਸਨ। ਇਸ ਦੀ ਵਿਥਿਆ ਇਉਂ ਹੈ : ਜ਼ਮਾਨ ਸ਼ਾਹ ਜਦ ਹਿੰਦ ਦੀ ਚੜ੍ਹਾਈ ਤੋਂ ਵਾਪਸ ਆਪਣੇ ਦੇਸ ਨੂੰ ਮੁੜਿਆ ਜਾ ਰਿਹਾ ਸੀ, ਤਾਂ ਬਹੁਤ ਸਾਰੀਆਂ ਹਿੰਦੂ ਲੜਕੀਆਂ ਆਪਣੇ ਨਾਲ ਫੜ ਕੇ ਲਈ ਜਾ ਰਿਹਾ ਸੀ। ਜਦ ਇਹ ੧੬ ਮਾਘ ਸੰ: ੧੮੫੩ ਬਿ: ਨੂੰ ਪਸਰੂਰ ਦੇ ਲਾਗੇ ਟੋਰੀਆਂ ਵਾਲੇ ਪਿੰਡ ਪੁਜਾ ਤਾਂ ਇਥੇ ਦੋ ਸਿੰਘ ਜਾਸੂਸਾਂ ਦੇ ਭੇਸ ਵਿਚ ਮਿਲੇ। ਇਨ੍ਹਾਂ ਨੇ ਬਾਬਾ *ਰਾਮ ਸਿੰਘ ਬੇਦੀ ਨੂੰ ਜਾ ਖ਼ਬਰ ਦਿਤੀ। ਉਹ ੧੭ ਮਾਘ ਚੌਦਸ ਵਾਲੇ ਦਿਨ ਪੰਜ ਸੌ ਦਾ ਸ਼ਹੀਦੀ ਜਥਾ ਲੈ ਕੇ ਮਾਸੂਮ ਅਬਲਾਵਾਂ ਨੂੰ ਛੁਡਾਉਣ ਲਈ ਆ ਗਏ। ਪਿੰਡ ਪੜੋਪੀਆਂ ਨਾਂਗਰਿਆਂ ਦੇ ਪਾਸ ਜੰਡੂ ਗ੍ਰਾਇਆਂ ਦੀ ਜੂਹ ਵਿਚ ਜ਼ਮਾਨ ਸ਼ਾਹ ਅਤੇ ਉਸ ਦੇ ਕਮਾਂਡਰ ਅਹਿਮਦ ਖਾਂ ਸਹੰਚੀ ਨਾਲ ਬੜੀ ਘਮਸਾਨ ਦੀ ਲੜਾਈ ਹੋਈ। ਇਥੇ ਹੀ ਬਾਬਾ ਰਾਮ ਸਿੰਘ ਜੀ ਬੇਦੀ ਆਪਣੇ ਪੰਜ ਸੌ ਸਾਥੀਆਂ ਸਮੇਤ ਲੜ ਕੇ ਸ਼ਹੀਦ ਹੋ ਗਏ। ਤੁਰਕ ਆਪ ਦਾ ਸੀਸ ਕਟ ਕੇ ਲਾਹੌਰ ਲੈ ਗਏ। ਉਥੇ ਇਕ ਪ੍ਰੇਮੀ ਨੇ ਮਸਤੀ ਦਰਵਾਜ਼ੇ ਦੇ ਬਾਹਰ ਸੀਸ ਦਾ ਸਸਕਾਰ ਕਰ ਦਿਤਾ। ਧੜ ਦਾ ਸਸਕਾਰ ਆਪ ਦੇ ਪਿੰਡ ਲੈ ਜਾ ਕੇ ਕੀਤਾ ਗਿਆ। ਇਸ ਥਾਂ ਅੱਜ ਕਲ ਬਾਬਾ ਜੀ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ ਅਤੇ ਹਰ ਸਾਲ ੧੭ ਮਾਘ ਨੂੰ ਇਸ ਜਗ੍ਹਾ ਬੜਾ ਭਾਰਾ ਮੇਲਾ ਲਗਦਾ ਹੈ।

ਦਸਿਆ ਜਾਂਦਾ ਹੈ ਕਿ ਜਦ ਜੰਡੂ ਗ੍ਰਾਇਆ ਦੇ ਪਾਸ ਆਪ ਦਾ ਸੀਸ ਕਟਿਆ ਗਿਆ ਤਾਂ ਆਪ ਬਾਬਾ ਦੀਪ ਸਿੰਘ ਜੀ ਵਾਂਗ ਸੀਸ ਤਲੀ ਤੇ ਰਖਕੇ ਦੋ ਮੀਲ ਪੜੋਪਿਆਂ ਨਾਗਰਿਆਂ ਤਕ ਲੜਦੇ ਗਏ। ਚੇਤ੍ਰ ਦੀ ਮਸਿਆ ਨੂੰ ਹਰ ਸਾਲ ਇਥੇ ਭੀ ਬੜਾ ਭਾਰੀ ਮੇਲਾ ਲਗਦਾ ਹੈ ਤੇ ਇਥੇ ਸਭ ਤੋਂ ਵਡਾ ਸ਼ਹੀਦ ਗੰਜ ਬਣਿਆ ਹੋਇਆ ਹੈ। ਇਹ ਥਾਂ ਸ਼ਹੀਦ ਭਾਈ ਬੁਧ ਸਿੰਘ ਦੇ ਪਿੰਡੋਂ ਬਾਰਾਂ ਕੋਹ ਦੇ ਫ਼ਾਸਲੇ ਤੇ ਹੈ।

* ਆਪ ਬੇਦੀ ਫਕੀਰ ਚੰਦ ਦੇ ਪੁਤ੍ਰ ਸਨ ਅਤੇ ਪਿੰਡ ਕੋਟਲੀ ਜ਼ਿਲਾ ਸਿਆਲਕੋਟ ਦੇ ਵਾਸੀ ਸਨ।


ਅਗਲੇ ਦਿਨ ੧੮ ਮਾਘ ਨੂੰ ਸਿਆਲਕੋਟੋਂ ਚਲ ਕੇ ਅੱਠ ਹਜ਼ਾਰ ਸ਼ਹੀਦਾਂ ਸਿੰਘਾਂ ਦੀ ਮਿਸਲ ਨੇ ਹਬੀਪੁਰ ਦੇ ਪਾਸ ਜਾ ਜੰਗ ਕੀਤਾ ਤਿੰਨ ਹਜ਼ਾਰ ਸਿੰਘ ਸ਼ਹੀਦ ਹੋ ਗਏ। ਇਨ੍ਹਾਂ ਵਿਚੋਂ ਮੁਖੀ ਸਿੰਘਾਂ ਦੀਆਂ ਦੇਹਾਂ ਗਡਿਆਂ ਤੇ ਲੱਦ ਕੇ ਸਿਆਲਕੋਟ ਲੈ ਜਾ ਕੇ ਗੁਰਦੁਆਰਾ ਬਾਬੇ ਦੀ ਬੇਰ ਦੇ ਅਸਥਾਨ ਪਾਸ ਸਸਕਾਰ ਕੀਤਾ ਗਿਆ। ਇਥੇ ਇਨ੍ਹਾਂ ਪਵਿਤ੍ਰ ਸ਼ਹੀਦਾਂ ਦੀ ਯਾਦਗਾਰ ਵਿਚ ਸ਼ਹੀਦ ਗੰਜ ਕਾਇਮ ਹਨ।


ਭਾਈ ਸਾਹਿਬ ਦੇ ਪੁਤ੍ਰ ਭਾਈ ਕਿਸ਼ਨ ਸਿੰਘ ਫੇਰੂ ਸ਼ਹਿਰ ਦਸੰਬਰ-ਜਨਵਰੀ ਸੰ: ੧੮੪੫-੪੬ ਈ: ਨੂੰ ਜੰਗ ਵਿਚ ਸ਼ਹੀਦ ਹੋ ਗਏ। ਇਸ ਦੇ ਪਿਛੋਂ ਤਿੰਨੇ ਭਰਾ ਭਾ: ਗੁਰਮੁਖ ਸਿੰਘ, ਭਾ: ਫ਼ਤਹ ਸਿੰਘ ਅਤੇ ਭਾ: ਧੰਨਾ ਸਿੰਘ ਸੰ: ੧੮੪੯ ਈ: ਵਿਚ ਚੇਲੀਆਂ ਮੌਜੀਆਂ ਦੇ ਜੁਧ ਵਿਚ ਸ਼ਹੀਦੀਆਂ ਪ੍ਰਾਪਤ ਕਰ ਗਏ।

ਭਾਈ ਬੁਧ ਸਿੰਘ, ਭਾਈ ਗੁਰਦਾਸ ਸਿੰਘ ਦੀ ਅੰਸ ਵਿਚੋਂ ਹਨ। ਆਪ ਦਾ ਵੇਰਵੇ ਨਾਲ ਹਾਲ ਲਿਖਣ ਤੋਂ ਪਹਿਲਾਂ ਬੰਸਾਵਲੀ ਦੀ ਨਕਲ ਦੇਣੀ ਜ਼ਰੂਰੀ ਹੈ, ਤਾਂ ਜੋ ਪਾਠਕਾਂ ਨੂੰ ਸਾਰੀ ਗਲ ਦੀ ਚੰਗੀ ਤਰ੍ਹਾਂ ਸਮਝ ਪੈ ਸਕੇ। ਪਦਮ ਰਾਏ ਤੋਂ ਲੈ ਕੇ ਉਪਰਲੀਆਂ ਪੀੜ੍ਹੀਆਂ ਦਾ ਕੇਵਲ ਸੰਗਲੀ ਜੋੜਣ ਲਈ ਇਕੋ ਇਕ ਨਾਮ ਹੀ ਲਿਖਿਆ ਹੈ ਤੇ ਬਾਕੀ ਨਾਮ ਵਧਾ ਦੇ ਡਰ ਤੋਂ ਛਡ ਦਿਤੇ ਗਏ ਹਨ।*

*ਇਸ ਸਾਰੀ ਲਿਖਤ ਦੀ ਪ੍ਰੋ: ਗੰਡਾ ਸਿੰਘ, ਪ੍ਰੋ: ਤੇਜਾ ਸਿੰਘ, ਭਾਈ ਕਾਹਨ ਸਿੰਘ ਨਾਭਾ, ਭਾਈ ਵੀਰ ਸਿੰਘ, ਅਕਾਲੀ ਕੌਰ ਸਿੰਘ ਨਿਹੰਗ, ਬਾਬਾ ਪ੍ਰੇਮ ਸਿੰਘ ਹੋਤੀ ਤੇ ਸ: ਸ਼ੇਰ ਸਿੰਘ ਕਸ਼ਮੀਰ ਨੇ ਦਰੁਸਤ ਹੋਣ ਦੀ ਤਸਦੀਕ ਕੀਤੀ ਹੈ। ਛਪਣ ਤੋਂ ਪਹਿਲਾਂ ਇਸ ਲਿਖਤ ਦੀਆਂ ਕਾਪੀਆਂ ਟਾਈਪ ਕਰਕੇ ਉਨ੍ਹਾਂ ਨੂੰ ਭੇਜੀਆਂ ਗਈਆਂ ਸਨ। ਗੁ: ਸਿੰਘ "ਸ਼ਮਸ਼ੇਰ" ਝੁਬਾਲੀਆ

ਬੰਸਾਵਲੀ


ਰਣਬੀਰ
ਰਾਣ
ਬੀਕਮਰਾਇ
ਪਾਲਬ ਅ
ਲਹੌਡ ਅ
ਸੀਪਟ ਅ
ਮੂਢ ਅ
ਕੋਲ ਅ
ਨਾਨਕ ਅ
ਹਰਦੇਵਲ
ਗੋਡ ਅ
ਨਾਮਸ ਅ
ਤਾਮਲ ਅ
ਗੋਲ
ਦੇਗਣ ਅ
ਕੇਲਣ ਅ
ਬੀਲਾ ਅ
ਆਸਲ ਅ
ਹਾਜਲ
ਹਰਦਾਸ
ਉਦੈ ਕਰਨ
ਨਥਾ ਅ
ਖੇਮਾ ਅ
ਅੰਬੀਆ
ਗੈਹਲਾ ਅ
ਰਾਜਾ ਅ
ਕੋਲਾ
ਕਿਸਨਾ ਅ
ਪਦਮਰਾਏ (ਪਦਮਾਂ)
ਰਾਮਦਾਸ ਅ
ਜਗੂ
ਲਾਲੂ ਲ
ਦੂਰਗੂ
ਹਸਨਾ ਅ
ਸਹਿਜਾ ਅ
ਡੋਗਰ ਅ
ਹਨਵੰਤ ਸਿੰਘ ਅ
ਸੰਗਤੀਆ ਸਿੰਘ ਲ
ਮੂਸੀਆ ਅ
ਹਾਠੂ ਅ
ਹੀਰਾ ਅ
ਦਿਆਲਾ ਅ
(ਬੀਰ ਸਿੰਘ) ਵੀਰ ਸਿੰਘ
ਚੋਪਾ ਸਿੰਘ ਲ
ਆਲਮ ਸਿੰਘ
ਗੁਰਦਾਸ ਸਿੰਘ
ਤੇਗਾ ਸਿੰਘ ਅ
ਮੇਹਰ ਸਿੰਘ ਅ
ਰਾਮ ਸਿੰਘ ਲ
ਮੇਹਰ ਸਿੰਘ ਲ
ਅਮੋਲਕ ਸਿੰਘ ਲ
ਬਾਘੜ ਸਿੰਘ ਨਿਹੰਗ ਲ



ਨੋਟ:—ਜੇ ਸਾਰੀ ਬੰਸਾਵਲੀ ਦੇ ਪੂਰੇ ਨਾਮ ਲਿਖੇ ਜਾਂਣ ਤਾਂ ਕੋਈ ਸਾਢੇ ਕੁ ਚਾਰ ਸੌ ਬੰਦਾ ਬਣਦਾ ਹੈ। ਕੇਵਲ ਮਤਲਬ ਨੂੰ ਸਪਸ਼ਟ ਕਰਨ ਵਾਲੇ ਨਾਮ ਹੀ ਲਿਖੇ ਗਏ ਹਨ। ਜਿਨ੍ਹਾਂ ਨਾਵਾਂ ਥਲੇ "ਅ" ਹੈ ਉਨ੍ਹਾਂ ਦੀ ਔਲਾਦ ਚਲੀ ਹੈ ਅਤੇ ਜਿਨ੍ਹਾਂ ਥਲੇ 'ਲ' ਹੈ ਉਹ ਲਾਵਲਦ ਗਏ ਹਨ।

ਜਨਮ ਤੇ ਮਾਤਾ ਪਿਤਾ

ਆਪ ਦਾ ਜਨਮ ੪ ਜਨਵਰੀ ਸੰ: ੧੯੦੩ ਈ: ਨੂੰ ਮਾਤਾ ਗੀਗਾ ਕੌਰ ਦੀ ਕੁਖੋਂ ਭਾਈ ਸੁਰਜਨ ਸਿੰਘ ਦੇ ਘਰ ਕਰਤਾਰਪੁਰ ਜ਼ਿਲਾ ਸਿਆਲਕੋਟ ਵਿਚ ਹੋਇਆ। ਆਪ ਦੇ ਪਿਤਾ ਨੇ ਦੋ ਸ਼ਾਦੀਆਂ ਕੀਤੀਆਂ ਸਨ। ਆਪ ਮਾਓਂ ਕੇਵਲ ਦੋ ਭਰਾ ਹੀ ਸਕੇ ਸਨ-ਭਾਈ ਬੁਧ ਸਿੰਘ ਤੇ ਭਾਈ ਕਾਕਾ ਸਿੰਘ। ਮਤ੍ਰੇਈ ਮਾਤਾ ਦਯਾ ਕੌਰ ਦੀ ਕੁਖੋਂ ਭਾਈ ਗਰਜਾ ਸਿੰਘ, ਭਾਈ ਸਾਧੂ ਸਿੰਘ, ਭਾਈ ਭਗਵਾਨ ਸਿੰਘ, ਬੀਬੀ ਕਰਤਾਰ ਕੌਰ, ਬੀਬੀ ਸੰਤ ਕੌਰ, ਬੀਬੀ ਰਾਮ ਕੌਰ ਅਤੇ ਬੀਬੀ ਭਗਵਾਨ ਕੌਰ ਦਾ ਜਨਮ ਹੋਇਆ।

ਆਪ ਦਾ ਸਾਰਾ ਪ੍ਰਵਾਰ ਹੀ ਗੁਰੂ ਘਰ ਦਾ ਮੁਢ ਕਦੀਮ ਤੋਂ ਸਚਾ ਪ੍ਰੇਮੀ ਅਤੇ ਰਹਿਤ ਬਹਿਤ ਵਿਚ ਚੰਗਾ ਪ੍ਰਪੱਕ ਸੀ। ਆਪ ਦੇ ਪਿਤਾ ਬਰਮਾਂ ਵਿਚ ਨੌਕਰ ਸਨ। ਨੌਕਰੀ ਤੋਂ ਰੀਟਾਇਰ ਹੁੰਦਿਆਂ ਸਾਰ ਗੁਰਸਿਖੀ ਦੇ ਪ੍ਰਚਾਰ ਵਿਚ ਪੁਜ ਕੇ ਹਿਸਾ ਲੈਂਦੇ ਰਹੇ ਅਤੇ ਇਸ ਗੁਰੂ ਘਰ ਦੀ ਸੇਵਾ ਨੂੰ ਕਰਦੇ ਹੋਏ ਅਪ੍ਰੈਲ ਸੰ: ੧੯੧੯ ਈ: ਵਿਚ ਅਕਾਲ ਚਲਾਣਾ ਕਰ ਗਏ।

ਜਿਥੇ ਆਪ ਦੇ ਪਿਤਾ ਗੁਰਬਾਣੀ ਪੜ੍ਹਣ ਤੇ ਸਿਮਰਨ ਅਭਿਆਸ ਵਿਚ ਆਪਣਾ ਨਮੂਨਾ ਆਪ ਸਨ, ਉਸ ਦੇ ਨਾਲ ਹੀ ਆਪ ਦੀਆਂ ਦੋਵਾਂ ਮਾਤਾਵਾਂ ਦਾ ਭੀ ਇਕ ਅਸਚਰਜ ਜਿਹਾ ਉੱਚਾ ਜੀਵਨ ਸੀ। ਆਪ ਦੀ ਮਾਤਾ ਨੇ ਅੰਮ੍ਰਿਤ ਵੇਲੇ ਉਠਣਾ ਅਤੇ ਇਸ ਦੇ ਨਾਲ ਹੀ ਆਪਣੇ ਦੋਵਾਂ ਬਚਿਆਂ ਨੂੰ ਉਠਾਲ ਕੇ ਗੁਰਬਾਣੀ ਦੇ ਪੜ੍ਹਣ ਸੁਣਨ ਵਿਚ ਸ਼ਾਮਲ ਕਰ ਲੈਣਾ। ਇਸ ਤਰ੍ਹਾਂ ਆਪ ਨੂੰ ਸੱਚੀ ਬਾਣੀ ਦੇ ਪੜ੍ਹਣ ਦਾ ਸ਼ੌਕ ਲਗ ਗਿਆ। ਆਪ ਦੀ ਮਾਤਾ ਧਾਰਮਕ ਰਹਿਤ ਬਹਿਤ ਵਿਚ ਬੜੇ ਤਿਆਰ-ਬਰ-ਤਿਆਰ ਸਨ। ਸੀਸ ਤੇ ਛੋਟੀ ਦਸਤਾਰ ਸਜਾਉਣੀ ਅਤੇ ਨਿਤਨੇਮ ਤੋਂ ਬਿਨਾਂ ਹੋਰ ਭੀ ਬਹੁਤ ਸਾਰੀ ਗੁਰਬਾਣੀ ਦਾ ਅਜਪਾ ਜਾਪ ਕਰਨਾ। ਦੂਜੀ ਮਾਤਾ ਨੂੰ ਭੀ ਚੌਦਾਂ ਬਾਣੀਆਂ ਕੰਠ ਸਨ ਅਤੇ ਆਪ ਭੀ ਸੀਸ ਤੇ ਨਿਕੀ ਦਸਤਾਰ ਸਜਾਉਂਦੇ ਸਨ।

ਵਿਦਿਆ ਤੇ ਪੰਥਕ ਸੇਵਾ

ਅਜਿਹੇ ਉਚੇ ਜੀਵਨ ਵਾਲੇ ਪੂਰਨ ਗੁਰਸਿਖਾਂ ਦੇ ਪ੍ਰਵਾਰ ਵਿਚ ਆਪ ਦੀ ਪਾਲਨਾ ਹੋਈ,ਜਿਸ ਦੇ ਕਾਰਨ ਆਪ ਨੂੰ ਮੁਢੋਂ ਹੀ ਗੁਰਬਾਣੀ ਨਾਲ ਪਿਆਰ ਤੇ ਨਿਸ਼ਕਾਮ ਸੇਵਾ ਦਾ ਚੱਾ ਉਪਜਿਆ ਹੋਇਆ ਸੀ। ਕਈ ਵੇਰ ਮੌਕੇ ਮਿਲਣ ਤੇ ਆਪ ਨੇ ਦਿਲੀ ਲਗਨ ਨਾਲ ਸਾਧ ਸੰਗਤ ਦੀ ਸੇਵਾ ਕਰਕੇ ਆਪਣੇ ਮਨ ਨੂੰ ਖ਼ੁਸ਼ ਕਰਨਾ। ਆਪ ਨੂੰ ਆਪ ਦੇ ਖ਼ਾਨਦਾਨ ਵਿਚੋਂ ਬਹੁਤ ਸਾਰੇ ਸ਼ੁਭ ਗੁਣ ਵਿਰਸੇ ਵਿਚ ਮਿਲ ਚੁਕੇ ਸਨ। ਜ਼ਰਾ ਕੁ ਸੁਰਤ ਸੰਭਾਲੀ ਤਾਂ ਆਪ ਨੂੰ ਸਕੂਲੇ ਦਾਖ਼ਲ ਕਰਵਾ ਦਿਤਾ, ਬੁਧੀ ਬੜੀ ਤੀਖਣ ਤੇ ਦਿਮਾਗ਼ ਖ਼ਾਸ ਕਰਕੇ ਜ਼ਹੀਨ ਸੀ। ਥੋੜੇ ਸਮੇਂ ਵਿਚ ਹੀ ਆਪ ਨੇ ਮਿਡਲ ਪਾਸ ਕਰ ਲਿਆ ਤਾਂ ਆਪ ਦੇ ਮਾਪਿਆਂ ਨੇ ਸਕੂਲੋਂ ਉਠਾ ਲਿਆ। ਅਸਚਰਜ ਬੁਧੀ ਹੋਣ ਕਰਕੇ ਆਪ ਨੇ

ਗੁਰਮੁਖੀ ਅਤੇ ਹਿੰਦੀ ਫਿਰਦਿਆਂ ਤੁਰਦਿਆਂ ਹੀ ਸਾਧਾਂ ਸੰਤਾਂ ਪਾਸੋਂ ਚੰਗੀ ਤਰ੍ਹਾਂ ਪੜ੍ਹ ਲਈ।

ਆਪ ਦਾ ਕਦ ਪੰਜ ਫ਼ੁਟ ਚਾਰ ਇੰਚ, ਰੰਗ ਕਣਕ ਭਿੰਨਾ, ਨੱਕ ਤਿੱਖਾ ਅਤੇ ਸ੍ਰੀਰ ਬਹੁਤ ਫੁਰਤੀਲਾ ਸੀ। ਆਪ ਦੇ ਮਾਪੇ ਜਦ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਗਏ ਤਾਂ ਆਪ ਭੀ ਉਸ ਸਮੇਂ ਇਸ ਯਾਤ੍ਰਾ ਵਿਚ ਉਨ੍ਹਾਂ ਦੇ ਨਾਲ ਹੀ ਸ਼ਾਮਲ ਸਨ। ਸੋ ਉਥੇ ਹੀ ਧਰਮੀ ਮਾਪਿਆਂ ਨੇ ਆਪ ਨੂੰ ੧੫ ਸਾਲ ਦੀ ਉਮਰ ਵਿਚ ਅੰਮ੍ਰਿਤ ਛਕਾ ਦਿਤਾ। ਆਪ ਪਹਿਲਾਂ ਨਾਲੋਂ ਭੀ ਵਧੇਰੇ ਕਰੜਾਈ ਨਾਲ ਬਾਹਰਲੀ ਰਹਿਤ ਬਹਿਤ ਵਿਚ ਪ੍ਰਪਕ ਹੋ ਗਏ। ਸੀਸ ਤੇ ਦੋਹਰੀ ਨੀਲੀ ਤੇ ਪੀਲੀ ਗੁਰਮੁਖੀ ਦਸਤਾਰ ਸਜਾਉਣੀ। ਨਿਕਾ ਜਿਹਾ ਅਕਾਲੀ ਫਰੱਰਾ ਭੀ ਰਖਣਾ। ਇਹ ਆਪ ਨੇ ਸੰ: ੧੯੨੦ ਈ: ਵਿਚ ਭਾਈ ਗੁਰਮੁਖ ਸਿੰਘ ਜੀ ਨਿਹੰਗ ਚੱਬੇ ਵਾਲਿਆਂ ਪਾਸੋਂ ਲਿਆ ਸੀ। ਦਸਤਾਰ ਉਤੇ ਇਕ ਚਕਰ ਦੋ ਨਿੱਕੀਆਂ ਕ੍ਰਿਪਾਨਾਂ ਤੇ ਖੰਡਾ ਸਜਾਇਆ ਕਰਦੇ ਸਨ। ਹਮੇਸ਼ਾਂ ਗਾਤਰੇ ਕ੍ਰਿਪਾਨ ਅਤੇ ਹੱਥ ਵਿਚ ਊਠ ਦੀ ਧੌਣ ਮੂੰਹਾ ਸਫ਼ਾਜੰਗ ਰਖਣਾ। ਸੋਹਣੇ ਖ਼ੂਬਸੂਰਤ ਦਰਸ਼ਨੀ ਜਵਾਨ ਸਨ। ਸੁਭਾ ਬੜਾ ਹੀ ਨਿੱਘਾ, ਗੁਰਸਿਖ ਦੇ ਦਰਸ਼ਨ ਕਰਕੇ ਬਾਗੋ ਬਾਗ ਹੋ ਜਾਣਾ। ਆਪ ਨੇ ਇਕ ਸ਼ਬਦੀ ਜੱਥਾ ਭੀ ਬਣਾਇਆ ਹੋਇਆ ਸੀ ਜੋ ਇਲਾਕੇ ਵਿਚ ਫਿਰ ਕੇ ਗੁਰਮਤ ਪ੍ਰਚਾਰ ਕਰਿਆ ਕਰਦਾ ਸੀ ਪ੍ਰੰਤੂ ਕਦੇ ਕਿਸੇ ਥਾਂ ਤੋਂ ਮਾਇਆ ਨਹੀਂ ਲਈ ਸੀ। ਆਪ ਖੜੇ ਹੋ ਕੇ ਭਾਈ ਸੁਬੇਗ ਸਿੰਘ, ਸਾਹਬਾਜ਼ ਸਿੰਘ ਅਤੇ ਭਾਈ ਬਚਿਤ੍ਰ ਸਿੰਘ ਦੀਆਂ ਸ਼ਹੀਦੀਆਂ ਆਮ ਕਰਕੇ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਖ਼ਾਸ ਕਰਕੇ ਸੁਣਾਇਆ ਕਰਦੇ ਸਨ। ਆਪ ਦਾ ਸਮੁਚਾ ਜੀਵਨ ਇਕ ਉਚੇ ਦਰਜੇ ਦਾ ਆਦਰਸ਼ਕ ਜੀਵਨ ਸੀ। ਨਿਤਨੇਮ ਤੋਂ ਬਿਨਾਂ ਸ੍ਰੀ ਸੁਖਮਨੀ ਸਾਹਿਬ ਤੇ ਅਕਾਲ ਉਸਤਤ ਦਾ ਬੜੀ ਸ਼੍ਰਧਾ ਨਾਲ ਪਾਠ ਕਰਨਾ। ਬੇ-ਅੰਮ੍ਰਿਤੀਏ ਦੇ ਹਥੋਂ ਕਦੀ ਪ੍ਰਸ਼ਾਦ ਪਾਣੀ ਨ ਛਕਣਾ ਇਹ ਆਪ ਵਿਚ ਇਕ ਖ਼ਾਸ ਖ਼ੂਬੀ ਸੀ।

ਜਦ ਗੁਰਦੁਆਰਾ ਸੁਧਾਰ ਲਹਿਰ ਚਲੀ ਤਾਂ ਆਪ ਭੀ ਧਰਮ ਦੇ ਸੁਚੇ ਜੋਸ਼ ਵਿਚ ਤਨੋ ਮਨੋ ਹੋ ਕੇ ਇਸ ਨੇਕ ਕੰਮ ਵਿਚ ਜੁਟ ਪਏ। ਜਿਥੇ ਭੀ ਪੰਥਕ ਮੁਖੀਆਂ ਨੇ ਗੁਰਦੁਆਰੇ ਦੇ ਕਬਜ਼ੇ ਲਈ ਚੜ੍ਹਾਈ ਕਰਨੀ ਤਾਂ ਆਪ ਨੇ ਛਾਲਾਂ

ਮਾਰਦਿਆਂ ਸਿੰਘਾਂ ਨਾਲ ਜਾ ਸ਼ਾਮਲ ਹੋਇਆ ਕਰਨਾ ।। ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਅਤੇ ਸ੍ਰੀ ਤਰਨ ਤਾਰਨ ਸਾਹਿਬ ਦੇ ਕਬਜ਼ਿਆਂ ਸਮੇਂ ਆਪ ਜਥਿਆਂ ਨਾਲ ਸ਼ਾਮਲ ਹੋ ਕੇ ਜਾਂਦੇ ਰਹੇ। ਇਥੋਂ ਹੀ ਗੁਰਦੁਆਰਾ ਸੁਧਾਰ ਲਹਿਰ ਦਾ ਪ੍ਰਚਾਰ ਸੁਣ ਕੇ ਆਪ ਨੂੰ ਕੁਰਬਾਨੀ ਦੀ ਰੰਗਣ ਚੜ੍ਹ ਗਈ।

ਸ਼ਹੀਦੀ ਲਈ ਤਿਆਰੇ

੧੭ ਫ਼ਰਵਰੀ ਸੰ: ੧੯੨੧ ਈ: ਨੂੰ ਆਪ ਸ੍ਰੀ ਤਰਨ ਤਾਰਨ ਸਾਹਿਬ ਦੇ ਕਬਜ਼ੇ ਪਿਛੋਂ ਆਪਣੇ ਪਿੰਡ ਗਏ। ਸਾਰੇ ਨਗਰ ਨਿਵਾਸੀਆਂ ਨੂੰ ਇਕਤ੍ਰ ਕਰਕੇ ਸ੍ਰੀ ਤਰਨ ਤਾਰਨ ਦੇ ਕਬਜ਼ੇ ਦੇ ਹਾਲ ਦਸ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਨਨਕਾਣੇ ਸਾਹਿਬ ਦੇ ਸੁਧਾਰ ਲਈ ਰਖੇ ਗਏ ਦੀਵਾਨ ਦੇ ਇਸ਼ਤਿਹਾਰ ਪੜ੍ਹ ਕੇ ਸੁਣਾਏ । ਸੰਗਤਾਂ ਵਿਚ ਜੋਸ਼ ਅਤੇ ਉਤਸ਼ਾਹ ਭਰਿਆ।

੧੮ ਫ਼ਰਵਰੀ ਨੂੰ ਨਗਰੋਂ ਚਲ ਕੇ ਆਪ ਚਕ ਨੰਬਰ ੧੩ ਨਾਨਕ ਪੁਰਾ ਤਹਿਸੀਲ ਸ਼ਾਹਦਰਾ ਜ਼ਿਲਾ ਸ਼ੇਖ਼ੂਪੁਰਾ ਵਿਚ ਆਪਣੇ ਮਾਸੜ ਭਾਈ ਨਿਧਾਨ ਸਿੰਘ ਪਾਸ ਆ ਰਹੇ, ਇਥੇ ਆਪ ਦੀ ਮਾਸੀ ਆਤਮਾਂ ਕੌਰ ਤੇ ਇਨ੍ਹਾਂ ਦੇ ਪਤੀ *ਭਾਈ ਫ਼ਤਹ ਸਿੰਘ ਨੇ ਇਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਸਲਾਹ ਕੀਤੀ ਹੋਈ ਸੀ ਕਿ ਸਤਿਗੁਰਾਂ ਦੀ ਮੇਹਰ ਨਾਲ ਕਾਕੇ ਹਰੀ ਸਿੰਘ ਦਾ ਜਨਮ ਹੋਇਆ ਹੈ। ਇਸ ਦੀ ਸੁਖਣਾ ਲਾਹੁਣ ਲਈ ਸਵੇਰੇ ਸ੍ਰੀ ਨਨਕਾਣੇ ਸਾਹਿਬ ਜਾਣਾ ਹੈ। ਰਾਤੀਂ ਭਾਈ ਬੁਧ ਸਿੰਘ ਨੇ ਗੁਰਦੁਆਰਿਆਂ ਦੇ ਸੁਧਾਰ ਦੀਆਂ ਬੜੀਆਂ ਉਤਸ਼ਾਹ ਭਰੀਆਂ ਗਲਾਂ ਦਸੀਆਂ ਤੇ ਉਨ੍ਹਾਂ ਦੇ ਵਿਚ ਹੀ ਇਹ ਗਲ ਆਖੀ ਕਿ ਮਾਸੜਾ ਜੀ ਇਸ ਵੇਲੇ ਪਤਾ ਕੋਈ ਨਹੀਂ ਹੈ ਕਿ ਕੀ ਰੰਗ ਬਣ ਜਾਣੇ ਹਨ। ਅੱਜ ਇਥੋਂ ਪ੍ਰਸ਼ਾਦ ਛਕਿਆ ਹੈ। ਮੁੜ ਖਬਰੇ ਇਥੋਂ ਆ ਕੇ ਛਕਣਾ ਪ੍ਰਾਲਬਦ ਵਿਚ ਹੈ ਕਿ ਨਹੀਂ। ਪਤਾ ਨਹੀਂ ਕੇਹੜੇ ਵੇਲੇ ਕਬਜ਼ੇ ਕਰਦਿਆਂ ਹੁਕਮ ਦੀ ਖੇਡ ਵਰਤ ਜਾਣੀ ਹੈ ਅਤੇ ਅਸੀਂ ਸ਼ਹੀਦੀਆਂ ਪਾ ਜਾਣੀਆਂ ਹਨ।

* ਭਾਈ ਫ਼ਤਹ ਸਿੰਘ ਤੇ ਭਾਈ ਨਿਧਾਮ ਸਿੰਘ ਦੋਵੇਂ ਸਕੇ ਸਾਂਢੂ ਸਨ।

ਸਵੇਰੇ ਸਾਰਾ ਪ੍ਰਵਾਰ ਤਿਆਰ ਹੋ ਕੇ ਤੁਰ ਪਿਆ ਅਤੇ ਭਾਈ ਬੁਧ ਸਿੰਘ ਨੂੰ ਭੀ ਨਾਲ ਹੀ ਲੈ ਲਿਆ। ਰਾਤੀ ਇਸੇ ਨਗਰ ਦੇ ਭਾਈ ਭੋਲਾ ਸਿੰਘ ਹੋਰਾਂ ਭੀ ਸਲਾਹ ਕੀਤ਼ੀ ਤੇ ਇਨ੍ਹਾਂ ਦੇ ਨਾਲ ਹੀ ਗੁਰਦੁਆਰੇ ਦੀ ਯਾਤ੍ਰਾ ਲਈ ਤੁਰ ਪਏ। ਬਾਹੂਮਾਨ ਸਟੇਸ਼ਨ ਤੋਂ ਗੱਡੀ ਚੜ੍ਹ ਕੇ ਆਪ ੧੯ ਫ਼ਰਵਰੀ ਨੂੰ ਚਾਰ ਵਜੇ ਸ੍ਰੀ ਨਨਕਾਣੇ ਸਾਹਿਬ ਪੁਜ ਗਏ। ਪਹਿਲਾਂ ਸਭ ਨੇ ਗੁਰਦੁਆਰਾ ਸ੍ਰੀ ਮਾਲ ਜੀ ਸਾਹਿਬ ਦੀ ਯਾਤ੍ਰਾ ਕੀਤੀ ਅਤੇ ਉਥੋਂ ਵਾਪਸੀ ਤੇ ਆਪਣਾ ਸਾਰਾ ਅਸਬਾਬ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਚ ਭਾਈ ਧਰਮ ਸਿੰਘ ਪੁਤ੍ਰ ਭਾਈ ਸੰਗਤ ਸਿੰਘ ਨਿਹੰਗ ਪਾਸ ਰਖ ਦਿਤਾ। ਇਨ੍ਹਾਂ ਦਾ ਭਾ: ਬੁਧ ਸਿੰਘ ਹੋਰਾਂ ਨਾਲ ਬੜਾ ਪਿਆਰ ਸੀ ਕਿਉਂਕਿ ਉਹ ਭੀ ਨਿਹੰਗ ਸਿੰਘਾਂ ਦੇ ਖਿਆਲ ਦੇ ਹਾਮੀ ਸਨ, ਪਰ ਸੁੱਖਾ ਕਦੀ ਨਹੀਂ ਪੀਤਾ ਸੀ। ਇਥੋਂ ਸਾਰਾ ਪ੍ਰਵਾਰ ਗੁਰਦੁਆਰਾ ਸ੍ਰੀ ਜਨਮ ਅਸਥਾਨ ਕਾਕੇ ਹਰੀ ਸਿੰਘ ਨੂੰ ਮਥਾ ਟਕਾਉਣ ਲਈ ਤੁਰ ਪਿਆ। ਸਵਾ ਰੁਪਏ ਦਾ ਕੜ੍ਹਾਹ ਪ੍ਰਸ਼ਾਦ ਕਰਾ ਕੇ ਮਥਾ ਟੇਕਿਆ ਤੇ ਪ੍ਰਕਰਮਾਂ ਕਰਦਿਆਂ ਹੀ ਗਜ ਕੇ ਜੈਕਾਰਿਆ ਛਡ ਦਿਤਾ ਤਾਂ ਚਾਰ ਪੰਜ ਬਦਮਾਸ਼ ਸ਼ਰਾਬ ਵਿਚ ਅੰਨ੍ਹੇ ਹੋਏ ਕੋਠੜੀਆਂ ਵਿਚੋਂ ਬਾਹਰ ਨਿਕਲ ਆਏ। ਇਨ੍ਹਾਂ ਨੂੰ ਸੁਣਾ ਕੇ ਆਖਣ ਲਗੇ ਕਿ "ਬਾਬਾ ਤੂੰ ਸਾਨੂੰ ਤਾਕਤ ਬਖਸ਼ ਜੋ ਤੇਰੇ ਦਰਬਾਰ ਤੇ ਸਿੰਘ ਸਭੀਆਂ ਨੇ ਧਾਵਾ ਕਰਨਾ ਹੈ ਅਸੀਂ ਉਨ੍ਹਾਂ ਵੈਰੀਆਂ ਦਾ ਸੁਧਾਰ ਕਰੀਏ" ਤਾਂ ਭਾਈ ਬੁਧ ਸਿੰਘ ਨੇ ਆਖਿਆ ਕਿ ਮਾਸੜਾ ਜੀ ਇਹ ਵੇਖੋ ਸਿੰਘਾਂ ਦੇ ਖ਼ੂੰਨ ਦੇ ਪਿਆਸੇ ਸ਼ਰਾਬ ਵਿਚ ਗੁਟ ਹੋਏ ਫਿਰ ਰਹੇ ਹਨ। ਭਲਾ ਗੁਰੂ ਘਰ ਵਿਚ ਬਦਮਾਸ਼ ਸ਼ਰਾਬੀਆਂ ਦਾ ਕੀ ਕੰਮ ਹੈ ? ਸਿੰਘਾਂ ਨੇ ਇਨ੍ਹਾਂ ਨੂੰ ਆਪਣੇ ਖ਼ੂੰਨ ਨਾਲ ਸ਼ਾਂਤ ਕਰਨਾ ਹੈ। ਆਪ ਦੀ ਮਾਸੀ ਆਤਮਾਂ ਕੌਰ ਨੇ ਆਖਿਆ ਕਿ ਇਥੋਂ ਛੇਤੀ ਨਾਲ ਚਲੋ, ਐਵੇਂ ਰੌਲਾ ਨ ਪਾਓ, ਮੈਨੂੰ ਤਾਂ ਏਸ ਵਾਧੇ ਦੀ ਬਖਾਂਦ ਵਿਚੋਂ ਡਰ ਲਗਦਾ ਹੈ। ਭਾਈ ਬੁਧ ਸਿੰਘ ਨੇ ਆਖਿਆ ਕਿ ਮਾਸੀ ਜੀ ਮੈਨੂੰ ਤਾਂ ਉਕਾ ਹੀ ਡਰ ਨਹੀਂ ਲਗਦਾ ਹੈ। ਮੈਂ ਤਾਂ ਹਮੇਸ਼ਾਂ ਇਹ ਤੁਕਾਂ ਪੜ੍ਹਦਾ ਰਹਿੰਦਾ ਹਾਂ, ਜੋ ਮੇਰੀ ਮਾਂ ਜੀ ਨੇ ਨਿਕੇ ਹੁੰਦਿਆਂ ਹੀ ਮੈਨੂੰ ਕੰਠ ਕ੍ਰਵਾਈਆਂ ਸਨ :-

"ਹੋਲਾ ਖੇਡਣਗੇ ਖੇਡਣਗੇ ਕੇਸਾ ਧਾਰੀ" ॥

ਇਹ ਖ਼ਾਲਸੇ ਦਾ ਸ਼ਹੀਦੀ ਹੋਲਾ ਹੈ ਜੋ ਖ਼ਾਲਸੇ ਨੇ ਇਕ ਦਿਨ ਜ਼ਰੂਰ ਖੇਡਣਾ ਹੈ। ਸਾਰੇ ਸਜਨ ਮਥਾ ਟੇਕ ਕੇ ਬਾਹਰ ਨਿਕਲੇ ਤਾਂ ਆਮ ਲੋਕੀ ਇਹ

ਗਲਾਂ ਕਰਦੇ ਸਨ ਕਿ ਇਕ ਦਿਨ ਇਥੇ ਬੜਾ ਭਾਰਾ ਫ਼ਸਾਦ ਹੋਵੇਗਾ, ਕਿਉਂਕਿ ਦੋਵਾਂ ਮਹੰਤਾਂ (ਮਹੰਤ ਨਰੈਣ ਦਾਸ ਗੁਰਦੁਆਰਾ ਜਨਮ ਅਸਥਾਨ ਤੇ ਮਹੰਤ *ਕ੍ਰਿਪਾ ਰਾਮ ਗੁਰਦੁਆਰਾ ਮਾਲ ਜੀ ਸਾਹਿਬ) ਨੇ ਆਪਣੀ ਤਿਆਰੀ ਵਲੋਂ ਕੋਈ ਕਸਰ ਬਾਕੀ ਨਹੀਂ ਰਖੀ ਹੈ।

ਗੁਰਦੁਆਰਾ ਛੇਵੀਂ ਪਾਤਸ਼ਾਹੀ ਪੁਜ ਕੇ ਸ੍ਰੀ ਰਹਿਰਾਸ ਸਾਹਿਬ ਦਾ ਪਾਠ ਕਰ ਕੇ ਭਾਈ ਬੁਧ ਸਿੰਘ ਤੇ ਭਾਈ ਧਰਮ ਸਿੰਘ ਭਾਈ ਉਤਮ ਸਿੰਘ ਦੇ ਕਾਰਖ਼ਾਨੇ ਨੂੰ ਚਲੇ ਗਏ ਤਾਂ ਜੋ ਉਨ੍ਹਾਂ ਨੂੰ ਇਨ੍ਹਾਂ ਸ਼ਰਾਬੀ ਬਦਮਾਸ਼ਾਂ ਦੀ ਸਾਰੀ ਗਲ ਬਾਤ ਦਸੀ ਜਾਵੇ। ਅਗੋਂ ਜਾਂਦਿਆਂ ਨੂੰ ਭਾ: †ਵਰਿਆਮ ਸਿੰਘ ਮੁਨਸ਼ੀ ਟੱਕਰ ਪਏ,ਤੇ ਇਨ੍ਹਾਂਨੇ ਉਨ੍ਹਾਂ ਨੂੰ ਸਾਰੀ ਗਲ ਬਾਤ ਬੜੇ ਦਰਦਨਾਕ ਲਹਿਜੇ ਨਾਲ ਦਸਕੇ ਆਖਿਆ ਕਿ ਹੁਣ ਪੰਥ ਨੂੰ ਛੇਤੀ ਹੀ ਇਸ ਗੁਰਦੁਆਰੇ ਦਾ ਸੁਧਾਰ ਕਰਨਾ ਚਾਹੀਦਾ ਹੈ। ਜਦੋਂ ਆਏ ਯਾਤਰੂਆਂ ਨੂੰ ਸ਼ਰਾਬੀ ਉੱਠ ਕੇ ਘੂਰਦੇ ਹਨ ਤਾਂ ਹੋਰ ਫੇਰ ਕੇਹੜੀ ਗਲ ਬਾਕੀ ਰਹਿ ਜਾਂਦੀ ਹੈ। ਉਨ੍ਹਾਂ ਨੇ ਇਨ੍ਹਾਂ ਨੂੰ ਆਪਣੇ ਦਰਦੀ ਸਮਝ ਕੇ ਬੜੇ ਹੌਂਸਲੇ ਤੇ ਧੀਰਜ ਨਾਲ ਉਤ੍ਰ ਦਿਤਾ ਕਿ ਕੋਈ ਫ਼ਿਕਰ ਦੀ ਗਲ ਨਹੀਂ ਹੈ। ਖ਼ਾਲਸਾ ਜੀ ਅੱਜ ਵਹੀਰਾਂ ਘਤ ਕੇ ਆ ਰਿਹਾ ਹੈ ਤੇ ਸਭ ਪਾਂਬਰਾਂ ਨੂੰ ਬੋਦੀਆਂ ਤੋਂ ਫੜ ਕੇ ਗੁਰਦੁਆਰੇ ਵਿਚੋਂ ਬਾਹਰ ਕਢ ਦਿਤਾ ਜਾਵੇਗਾ। ਅੱਜ ਅਕਾਲੀ ਪੰਥ ਨਹਿਰ ਉਤੇ ਚੰਦਰ ਕੋਟ ਦੀ ਝਾਲ ਪਰ ਰਾਤ ਨੂੰ ਇਕੱਠਾ ਹੋਵੇਗਾ ਤੇ ਸਵੇਰੇ ਚਾਰ ਵਜੇ ਹਲਾ ਬੋਲ ਕੇ ਗੁਰਦੁਆਰੇ ਤੇ ਕਬਜ਼ਾ ਕਰ ਲਿਆ ਜਾਵੇਗਾ। ਤੁਸੀਂ ਜਾਓ, ਜਾ ਕੇ ਆਰਾਮ ਕਰੋ! ਕੋਈ ਚਿੰਤਾ ਕਰਨ ਦੀ ਲੋੜ ਨਹੀਂ ਹੈ। ਜ਼ਰਾ ਬੱਚ

---

*੧੯ ਅਗਸਤ ਸੰ: ੧੯੩੩ ਈ: ਨੂੰ ਚਲਾਣਾ ਕਰ ਚੁਕਾ ਹੈ। ਇਹ ਮਹੰਤ ਲੋੜ ਤੋਂ ਵਧੇਰੇ ਹੁਸ਼ਿਆਰ ਸੀ। ਸ਼ਰਾਬਾਂ ਪੀਣ ਤੇ ਵਿਭਚਾਰ ਕਰਨ ਵਿਚ ਮਹੰਤ ਨਰਾਇਣ ਦਾਸ ਨਾਲੋਂ ਬਹੁਤ ਵਧਿਆ ਹੋਇਆ ਸੀ, ਪਰ ਆਪਣੀ ਹੁਸ਼ਿਆਰੀ ਨਾਲ ਲੋਕਾਂ ਦੀ ਅੱਖੀਂ ਘਟਾ ਘਤ ਦਿਆ ਕਰਦਾ ਸੀ। ਸਾਕੇ ਦੀ ਤਿਆਰੀ ਸਮੇਂ ਸਭ ਤੋਂ ਮੋਹਰੇ ਸੀ ਪਰ ਸਾਕੇ ਤੋਂ ਪਿਛੋਂ ਚਾਲਾਕੀ ਨਾਲ ਝਟ ਪੰਥ ਨਾਲ ਸਮਝੌਤਾ ਕਰ ਲਿਆ ਅਤੇ ਆਪਣੀ ਜ਼ਿੰਦਗੀ ਤਕ ਇਕ ਹਜ਼ਾਰ ਰੁਪਿਆ ਮਾਹਵਾਰ ਪਿੰਨਸ਼ਨ ਲੈਂਦਾ ਰਿਹਾ। ਮਕਾਨ, ਹਾਤੇ ਮੁਰੱਬੇ ਤੇ ਆਪਣੇ ਕਰਜ਼ੇ ਕਮੇਟੀ ਪਾਸੋਂ ਲੁਹਾ ਕੇ ਲੱਖਾਂ ਰੁਪਿਆਂ ਦਾ ਫ਼ਾਇਦਾ ਉਠਾ ਗਿਆ। ਅਜ ਕਲ ਇਸ ਦੀ ਸੰਤਾਨ ਕਮੇਟੀ ਪਾਸੋਂ ੫੦੦) ਰੁਪਏ ਮਾਹਵਾਰ ਪਿੰਨਸ਼ਨ ਲੈਂਦੀ ਹੈ।

†ਭਾਈ ਵਰਿਆਮ ਸਿੰਘ ਸੁਹੀਏ ਬਣਕੇ ਭਾਈ ਉਤਮ ਸਿੰਘ ਦੇ ਕਾਰਖ਼ਾਨੇ ਵਿਚ ਫ਼ਰਜ਼ੀ ਮੁਨਸ਼ੀ ਬਣੇ ਹੋਏ ਸਨ। ਹਰ ਰੋਜ਼ ਮਹੰਤਾਂ ਦੀ ਤਿਆਰੀ ਦੀਆਂ ਸਿੰਘਾਂ ਨੂੰ ਗੁਰਦੁਆਰੇ ਸਚੇ ਸੌਦੇ ਖ਼ਬਰਾਂ ਘਲਿਆ ਕਰਦੇ ਸਨ। ਸਾਕੇ ਵਾਲੇ ਦਿਨ ਆਪ ਭਾਈ ਦਲੀਪ ਸਿੰਘ ਜੀ ਨਾਲ ਸ਼ਹੀਦ ਹੋ ਗਏ ਸਨ।

ਕੇ ਜਾਣਾ, ਅੱਜ ਕਲ ਸ਼ਹਿਰ ਵਿਚ ਬੜੇ ਗੁੰਡੇ ਫਿਰ ਰਹੇ ਹਨ। ਮਤਾਂ ਕੋਈ ਐਵੇਂ ਸੱਟ ਫੇਟ ਲਾ ਦੇਵੇ।

ਉਥੋਂ ਆਪ ਦੋਵੇਂ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਚ ਵਾਪਸ ਆ ਗਏ ਅਤੇ ਇਹ ਹੋਈ ਬੀਤੀ ਸਾਰੀ ਗਲ ਬਾਤ ਆਪਣੇ ਮਾਸੜ ਤੇ ਮਾਸੀ ਨੂੰ ਦਸੀ। ਭਾਈ ਬੁਧ ਸਿੰਘ ਅੱਧੀ ਰਾਤੀਂ ਉਠ ਕੇ ਹੀ ਸ਼ਹੀਦੀ ਦੇ ਚਾਅ ਵਿਚ ਵੌੜਾਂ ਲੈਣ ਲਗ ਪਏ ਕਿ ਕਦੋਂ ਜੱਥਾ ਆਵੇ ਤੇ ਮੈਂ ਉਸ ਵਿਚ ਸ਼ਾਮਲ ਹੋਵਾਂ। ਆਪ ਦੇ ਮਾਸੜ ਨੇ ਆਖਿਆ ਕਿ ਕਾਕਾ ਐਵੇਂ ਕਾਹਲ ਨਹੀਂ ਕਰੀਦੀ ਹੁੰਦੀ। ਸੌਂ ਜਾਂ ਆਰਾਮ ਨਾਲ, ਦਿਨ ਚੜ੍ਹੂ ਤੇ ਵੇਖੀ ਡਿਠੀ ਜਾਵੇਗੀ। ਇਸ ਵੇਲੇ ਅੱਧੀ ਰਾਤੀਂ ਬੜਾ ਕੋਈ ਕਬਜ਼ੇ ਕਰਨ ਡਿਆ ਹੋਇਆ ਹੈ।

ਆਪ ਨੇ ਉੱਤਰ ਦਿਤਾ ਕਿ ਮਾਸੜ ਜੀ ਆਪ ਤਾਂ ਤਿਆਰ-ਬਰ-ਤਿਆਰ ਸਿੰਘ ਹੋ, ਪਿੰਡ ਸਭ ਦੇ ਮੋਹਰੇ ਹੋ ਕੇ ਸ਼ਬਦ ਪੜ੍ਹਦੇ ਹੁੰਦੇ ਹੋ ਤੇ ਹੁਣ ਆਖਦੇ ਹੋ ਕਿ "ਕਾਹਲ ਨਹੀਂ ਕਰੀ ਦੀ ਹੁੰਦੀ" ਭਲਾ ਇਹ ਕੀ ਗਲ ਹੋਈ? ਏਦਾਂ ਦੇ ਬਚਨ ਕਰਦੇ ਹੋਏ ਲੰਮੇ ਪੈ ਕੇ ਜ਼ਰਾ ਕੁ ਝੌਂਕਾ ਲੈਣ ਲਗ ਪਏ। ਸਵੇਰੇ ਅਜੇ ਮੂੰਹ ਹਨੇਰਾ ਹੀ ਸੀ ਕੋਈ ਸਾਢੇ ਕੁ ਪੰਜ ਵਜੇ ਦੇ ਕ਼ਰੀਬ ਭਾਈ ਬੁਧ ਸਿੰਘ ਜੀ ਉਠ ਬੈਠੇ ਤੇ ਆਖਣ ਲਗੇ "ਮਾਸੜਾ ਜੀ ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ" ਸਵਾ ਲਖ ਹੀ ਹਥ ਵਿਚ ਸਫ਼ਾ ਜੰਗ ਲੈ ਕੇ ਤੁਰ ਪਏ ਅਤੇ ਭਾਈ ਲਛਮਣ ਸਿੰਘ ਹੁਰਾਂ ਦਾ ਜੋ ਜਥਾ ਕਬਜ਼ਾ ਕਰਨ ਲਈ ਲੈਨ ਵਲੋਂ ਭਜਾ ਆ ਰਿਹਾ ਸੀ। ਉਸ ਵਿਚ ਸ਼ਾਮਲ ਹੋ ਕੇ ਸ੍ਰੀ ਜਨਮ ਅਸਥਾਨ ਦੇ ਅੰਦਰ ਭਜ ਕੇ ਦਾਖ਼ਲ ਹੋ ਗਏ ਅਤੇ ਉਥੇ ਹੀ ਨੂਰੀ ਸ਼ਮਾਂ ਉਤੇ ਪ੍ਰਵਾਨੇ ਵਾਂਗ ਸ਼ਹੀਦ ਹੋ ਗਏ ਤੇ ਮੁੜ ਬਾਹਰ ਵਾਪਸ ਨਾ ਆਏ।

—o—

ਭਾਈ ਦਲੀਪ ਸਿੰਘ ਜੀ

ਵਿਦਿਆਰਥੀ

ਭਾਈ ਦਲੀਪ ਸਿੰਘ ਜੀ ਸ਼ਹੀਦ

ਧਨੁ ਜਨਨੀ ਜਿਨਿ ਜਾਇਆ, ਧੰਨੁ ਪਿਤਾ ਪਰਧਾਨ ।



ਜਨਨੀ ਜਣੈ ਤ ਭਗਤਿ ਜਨਿ, ਕੈ ਦਾਤਾ ਕੈ ਸੂਰ ।
ਨਾਹਿ ਤਾਂ ਜਨਨੀ ਬਾਂਝ ਰਹਿ, ਕਾਹੇ ਗਵਾਵੈ ਨੂਰ ।

ਸਾਹੋਵਾਲ ਚਕ ਨੰ: ੧੩੨ ਆਰ. ਬੀ.

ਜ਼ਿਲਾ ਲਾਇਲਪੁਰ ਦੇ ਸ਼ਹੀਦ

ਭਾਈ ਦਲੀਪ ਸਿੰਘ ਜੀ

ਪਿੰਡ ਪੀੜ੍ਹ ਤੇ ਖ਼ਾਨਦਾਨ

ਜ਼ਿਲਾ ਸਿਆਲਕੋਟ ਤਹਿਸੀਲ ਡਸਕੇ ਵਿਚ ਇਕ ਸਾਹੋਵਾਲ ਨਾਮ ਦਾ ਵੱਡਾ ਭਾਰਾ ਪਿੰਡ ਹੈ। ਆਪ ਦਾ ਖ਼ਾਨਦਾਨ ਇਸੇ ਪਿੰਡ ਦਾ ਹੀ ਵਸਨੀਕ ਸੀ। ਲਗ ਭਗ ੬੭ ਕੁ ਸਾਲ ਹੋਏ ਆਪ ਦੇ ਬਾਬਾ ਭਾਈ ਅਜੀਤ ਸਿੰਘ ਦਾ ਇਸ ਨਗਰ ਵਿਚ ਚੰਗਾ ਤੋਰਾ ਟਿਕਾ ਸੀ। ਆਪ ਦੇ ਜੀਵਨ ਵਿਚ ਮੁਢ ਤੋਂ ਸਿਖੀ ਸਿਦਕ ਕੁਟ ਕੁਟ ਕੇ ਭਰਿਆ ਹੋਇਆ ਸੀ ਅਤੇ ਇਸੇ ਉਤਮ ਜੀਵਨ ਦਾ ਹੀ ਇਹ ਪ੍ਰਭਾਵ ਸੀ ਕਿ ਨਗਰ ਦੇ ਬਹੁਤ ਸਾਰੇ ਬੰਦੇ ਆਪ ਦੀ ਸਲਾਹ ਲੈ ਕੇ ਕਈ ਕੰਮ ਕਰਿਆ ਕਰਦੇ ਸਨ।

ਆਪ ਦੀ ਤਬੀਅਤ ਦਾ ਵਧੇਰੇ ਝੁਕਾ ਸਾਧਾਂ ਸੰਤਾਂ ਦੀ ਸੰਗਤ ਤੇ ਸੇਵਾ ਕਰਨ ਵਲ ਹੀ ਹੁੰਦਾ। ਆਪ ਅਜੇ ਗੱਭਰੂ ਹੀ ਸਨ ਅਤੇ ਆਪਣੇ ਪਿਤਾ ਭਾਈ ਹਕੀਕਤ ਸਿੰਘ ਨੂੰ ਆਖਣ ਲਗੇ ਕਿ ਬਾਪੂ ਜੀ, ਸਰਕਾਰੀ ਗ਼ੁਲਾਮੀ ਨੰਬਰਦਾਰੀ ਦੀ ਛਟ ਨੂੰ ਲਾਹ ਦਿਓ। ਉਹ ਨਾਂ ਮੰਨੇ, ਤਾਂ ਘਰੋਂ ਨਿਕਲ ਕੇ ਸੰਤਾਂ ਨਾਲ ਜਾ ਰਲੇ। ਮਾਪਿਆਂ ਦੇ ਘਰ ਆਪ ਇਕਲੌਤੇ ਹੀ ਪੁਤ੍ਰ ਸਨ। ਪੂਰੇ ਬਾਰਾਂ ਸਾਲਾਂ ਪਿਛੋਂ ਹਰਦੁਵਾਰੋਂ ਜਾ ਕੇ ਲਭੇ, ਪਰ ਘਰ ਤਦ ਵੜੇ ਜਦ ਪਿਤਾ ਪਾਸੋਂ ਨੰਬਰਦਾਰੀ ਦਾ ਅਸਤੀਫ਼ਾ ਦੁਆ ਲਿਆ। ਆਪ ਦੀ ਬ੍ਰਿਤੀ ਵਧੇਰੇ ਸੰਤ-ਮਤੇ ਦੀ ਗਿਆਨ ਚਰਚਾ ਵਿਚ ਹੀ ਰੁਝੀ ਰਹਿਣੀ ਅਤੇ ਘਰੋਗੀ ਕੰਮਾਂ ਵਲ ਬਹੁਤ ਘਟ ਧਿਆਨ

ਦੇਣਾ, ਜਿਸ ਦਾ ਕੁਦਰਤੀ ਤੌਰ ਤੇ ਇਹ ਸਿਟਾ ਨਿਕਲਿਆ ਕਿ ਚੰਗਾ ਪ੍ਰਬੰਧ ਨ ਕਰ ਸਕਣ ਦੇ ਕਾਰਨ, ਜ਼ਮੀਨ ਬਾਗ਼ ਤੇ ਹਵੇਲੀਆਂ ਸ਼ਾਹੂਕਾਰਾਂ ਪਾਸ ਗਹਿਣੇ ਪੈ ਗਈਆਂ। ਪਰ ਆਪ ਫੇਰ ਭੀ ਅਠੇ ਪਹਿਰ ਨਾਮ ਅਭਿਆਸ ਤੇ ਈਸ਼ਵਰ ਦੇ ਭਜਨ ਵਿਚ ਹੀ ਗਲਤਾਨ ਰਹਿੰਦੇ। ਇਨਾਂ ਸੰਨਿਆਸੀਆਂ ਤੇ ਸੰਤਾਂ, ਮਹਾਤਮਾਵਾਂ ਦੀ ਸੰਗਤ ਦਾ ਇਹ ਫਲ ਹੋਇਆ ਜੋ ਬਾਬਾ ਜੀ ਹਿਕਮਤ ਅਤੇ ਜੜੀ ਬੂਟੀ ਦੇ ਚੰਗੇ ਮਾਹਰ ਹੋ ਗਏ। ਆਪ ਨੇ ਗ਼ਰੀਬਾਂ ਅਤੇ ਅਨਾਥਾਂ ਦੀ ਪੁਜ ਕੇ ਮੁਫ਼ਤ ਦਵਾ-ਦਾਰੂ ਕਰਨੀ। ਆਪ ਸੰਨਿਆਸੀ ਮਹਾਤਮਾਵਾਂ ਦੀ ਸੰਗਤ ਕਰਦੇ ਹੋਏ ਭੀ ਸਿਖੀ ਦੀ ਰਹਿਤ ਬਹਿਤ ਵਿਚ ਪੂਰੀ ਤਰ੍ਹਾਂ ਪ੍ਰਪਕ ਸਨ।

ਇਸੇ ਸਮੇਂ ਆਪ ਦੇ ਇਕਲੌਤੇ ਪੁਤ੍ਰ ਭਾਈ ਕਰਮ ਸਿੰਘ ਸਿਆਣੇ ਹੋ ਗਏ। ਇਨ੍ਹਾਂ ਨੇ ਘਰ ਬਾਰ ਦਾ ਸਾਰਾ ਕਾਰ ਵਿਹਾਰ ਸੰਭਾਲ ਲਿਆ। ਆਪ ਸਿਖੀ ਅਸੂਲਾਂ ਤੇ ਰਹਿਤ ਬਹਿਤ ਦੇ ਪਕੇ ਧਾਰਨੀ ਸਨ, ਪਰ ਏਸ ਤਰ੍ਹਾਂ ਵੈਰਾਗ ਧਾਰਨ ਕਰਕੇ ਅਤੀਤ ਰਹਿਣ ਦੇ ਹਾਮੀ ਨਹੀਂ ਸਨ। ਆਪ ਦੇ ਦਿਲ ਵਿਚ ਇਹ ਲਗਨ ਤੇ ਤੜਪ ਸੀ ਕਿ ਕਿਵੇਂ ਨਾ ਕਿਵੇਂ ਸਾਡੀ ਜ਼ਮੀਨ ਪਰਾਏ ਹਥਾਂ ਵਿਚੋਂ ਮੁੜ ਸਾਡੇ ਕਬਜ਼ੇ ਵਿਚ ਆ ਜਾਵੇ। ਆਪ ਨੇ ਬੜੇ ਯਤਨਾਂ ਅਤੇ ਪ੍ਰੇਰਨਾ ਨਾਲ ਆਪਣੇ ਪਿਤਾ ਦੀ ਬ੍ਰਿਤੀ ਨੂੰ ਏਸ ਬੰਨੇ ਵਲ ਮੋੜਿਆ ਕਿ:-

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ ੧ ॥

ਯਥਾ

ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥
ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥

ਆਪਣਾ ਪਿਛਲਾ ਵਾਹੀ ਜੋਤੀ ਦਾ ਕਿਤਾ ਛਡ ਕੇ ਦੋਹਾਂ ਪਿਓ ਪੁਤ੍ਰਾਂ ਨੇ ਸਲਾਹ ਕਰਕੇ ਬਜ਼ਾਜ਼ੀ ਦੀ ਦੁਕਾਨ ਪਾ ਲਈ। ਕੰਮ ਚੰਗਾ ਚਲ ਪਿਆ ਪਰ ਏਸ ਕਪੜੇ ਦੇ ਬਪਾਰ ਨੂੰ ਹੋਰ ਭੀ ਵਧੇਰੇ ਉੱਨਤ ਕਰਨ ਲਈ ਇਨ੍ਹਾਂ ਨੇ ਸਾਰੇ ਹਿੰਦੁਸਤਾਨ ਦਾ ਚੱਕਰ ਲਾ ਕੇ ਆਪਣੇ ਬਪਾਰ ਨੂੰ ਦਿੱਲੀ ਅਤੇ ਕਨੌਜ ਦੇ ਮਸ਼ਹੂਰ ਸ਼ਹਿਰਾਂ ਤਕ ਲੈ ਜਾ ਕੇ ਹੋਰ ਭੀ ਵਧੇਰੇ ਚਮਕਾਇਆ, ਪਰ ਇਸ ਦੇ ਨਾਲ ਹੀ ਸਿਖੀ ਅਸੂਲਾਂ ਨੂੰ ਆਪਣੇ ਮਨ ਦੀ ਤਖ਼ਤੀ ਤੇ ਅਜਿਹਾ ਉਕਰਿਆ

ਹੋਇਆ ਸੀ ਕਿ ਵਡੀ ਤੋਂ ਵਡੀ ਔਕੜ ਆ ਬਣਨ ਤੇ ਸੈ ਦੁਖਾਂ ਵਿਚ ਭੀ ਅਡੋਲ ਤੇ ਚੜ੍ਹਦੀਆਂ ਕਲਾਂ ਵਿਚ ਰਹਿੰਦੇ ਰਹੇ। ਵਪਾਰ ਦਾ ਵਿਹਾਰ ਭੀ ਬਹੁਤ ਸਚਾ ਤੇ ਸੁੱਚਾ ਕੀਤਾ। ਦੁਕਾਨ ਤੇ ਅੰਞਾਣਾ ਜਾਵੇ ਤੇ ਭਾਵੇਂ ਸਿਆਣਾ, ਸਭ ਨਾਲ ਇਕੋ ਮੁਲ ਕਰਨਾ। ਗਲ ਕੀ ਜਿੰਨਾ ਚਿਰ ਦੁਕਾਨ ਕੀਤੀ, ਆਪ ਦੇ ਬੋਲ ਤੇ ਤੋਲ ਵਿਚ ਕਦੇ ਕਿਸੇ ਨੂੰ ਫ਼ਰਕ ਨਹੀਂ ਲਗਾ ਸੀ।

ਸਤਿਗੁਰਾਂ ਨੇ ਮੇਹਰ ਕੀਤੀ ਤੇ ਆਪਣੇ ਸੇਵਕਾਂ ਦੀ ਧਰਮ ਕਿਰਤ ਵਿਚ ਅਜਿਹੀ ਬਰਕਤ ਪਾਈ ਕਿ ਮੁੜ ਉਹੋ ਜ਼ਮੀਨਾਂ ਬਾਗ ਤੇ ਹਵੇਲੀਆਂ ਅਸਲੀ ਮਾਲਕਾਂ ਦੇ ਕਬਜ਼ੇ ਵਿਚ ਆ ਗਈਆਂ। ਮੁੜ ਜ਼ਮੀਨ ਆਪਣੇ ਕਬਜ਼ੇ ਵਿਚ ਆ ਜਾਣ ਦੀ ਖ਼ੁਸ਼ੀ ਵਿਚ ਭਾਈ ਕਰਮ ਸਿੰਘ ਨੇ ਦੁਕਾਨ-ਦਾਰੀ ਛਡ ਕੇ ਵਾਹੀ ਦਾ ਕੰਮ ਅਰੰਭ ਕਰ ਦਿਤਾ। ਇਨ੍ਹਾਂ ਦੇ ਪਿਤਾ ਭਾਈ ਅਜੀਤ ਸਿੰਘ ਮੁੜ ਆਪਣੀ ਪਹਿਲੀ ਲਗਨ ਵਿਚ ਹੀ ਲਗ ਗਏ। ਅਠੇ ਪਹਿਰ ਸ੍ਰੀ ਅਕਾਲ ਪੁਰਖ ਵਾਹਿਗੁਰੂ ਦਾ ਸਿਮਰਨ ਕਰਦਿਆਂ ਰਹਿਣਾ।

ਏਸੇ ਸਮੇਂ ਸੰ: ੧੮੯੦ ਈ: ਵਿਚ ਸਾਂਦਲ ਬਾਰ ਦੀ ਆਬਾਦੀ ਦੇ ਹਵਾੜੇ ਉਡ ਰਹੇ ਸਨ। ਲੋਕਾਂ ਵਿਚ ਜ਼ਮੀਨ ਲੈਣ ਦੀ ਬੜੀ ਖਿੱਚ ਤੇ ਚਾਹ ਸੀ। ਚੰਗੀ ਤਰ੍ਹਾਂ ਥਹੁ ਪਤਾ ਕਰ ਕੇ ਭਾ: ਕਰਮ ਸਿੰਘ ਨੇ ਭੀ ਆਪਣੇ ਪਿੰਡ ਦੇ ਸਜਣਾਂ ਨਾਲ ਮਿਲ ਕੇ ਮੁਰੱਬੇ ਲੈਣ ਲਈ ਸ੍ਰਕਾਰੇ ਦਰਖ੍ਵਾਸਤ ਦੇ ਦਿਤੀ ਜੋ ਮਨਜ਼ੂਰ ਹੋ ਗਈ ਅਤੇ ਆਪ ਨੇ ਸਫ਼ੈਦਪੋਸ਼ੀ ਵਿਚ ਢਾਈ ਮੁਰੱਬੇ ਕੀਮਤਨ ਜ਼ਮੀਨ ਚਕ ਨੰ:੧੩੨ ਰਖ ਬ੍ਰਾਂਚ ਵਿਚ ਲੈ ਲਈ। ਇਸ ਦੇ ਪਿਛੋਂ ਸ਼ਾਹੂਕਾਰੇ ਦਾ ਕੰਮ ਕਰਦੇ ਰਹੇ। ਇਸ ਚਕ ਦਾ ਨਾਮ ਭੀ ਪਿਛਲੇ ਪਿੰਡ ਦੇ ਨਾਮ ਤੇ ਸਾਹੋਵਾਲ ਹੀ ਮਸ਼ਹੂਰ ਹੋ ਗਿਆ। ਇਹ ਚਕ ਸਾਂਗਲੇ ਤੋਂ ਸਤ ਮੀਲ ਪੱਛਮ ਵਲ ਹੈ। ਰੇਲਵੇ ਸਟੇਸ਼ਨ ਸਲਾਰ ਵਾਲਾ ਤੋਂ ਕੋਈ ਇਕ ਮੀਲ ਦਾ ਫ਼ਾਸਲਾ ਹੈ। ਸਾਰੇ ਪਿੰਡ ਦੇ ੬੫ ਮੁਰੱਬੇ ਹਨ। ਦੋ ਪਤੀਆਂ ਜ਼ਿਮੀਂਦਾਰ ਸਿੰਘਾਂ ਅਤੇ ਇਕ ਪਤੀ ਮੁਸਲਮਾਨਾਂ ਦੀ ਹੈ। ਪਿੰਡ ਵਿਚ ਇਕ ਡਾਕਖਾਨਾ, ਪ੍ਰੈਮਰੀ ਸਕੂਲ ਤੇ ਡੰਗਰਾਂ ਦਾ ਹਸਪਤਾਲ ਭੀ ਹੈ।

ਮਾਤਾ ਪਿਤਾ ਤੇ ਜਨਮ

ਆਪ ਦੇ ਪਿਤਾ ਭਾਈ ਕਰਮ ਸਿੰਘ ਦੀ ਪਹਿਲੀ ਸ਼ਾਦੀ ਬੀਬੀ ਰਾਮ ਕੌਰ

ਸਪੁਤ੍ਰੀ ਭਾਈ ਗੰਡਾ ਸਿੰਘ ਨਾਲ ਭਸੀਣ ਜ਼ਿਲਾ ਲਾਹੌਰ ਵਿਚ ਹੋਈ। ਇਸ ਬੀਬੀ ਦੀ ਕੁਖੋਂ ਕਾਕੇ ਇੰਦਰ ਸਿੰਘ ਦਾ ਜਨਮ ਹੋਇਆ, ਜੋ ਛੇ ਸਾਲ ਦਾ ਹੋ ਕੇ ਪੂਰਾ ਹੋ ਗਿਆ। ਫੇਰ ਬੀਬੀ ਇੰਦਰ ਕੌਰ ਦਾ ਜਨਮ ਹੋਇਆ। ਇਹ ਬੀਬੀ ਭੀ ਗੁਜ਼ਰ ਗਈ। ਇਨ੍ਹਾਂ ਦੇ ਪਿਛੋਂ ਬੀਬੀ ਭਗਵਾਨ ਕੌਰ ਪੈਦਾ ਹੋਈ। ਬੜੀ ਭਾਰੀ ਜਾਇਦਾਦ ਸੀ, ਕੋਈ ਵਾਰਸ ਨ ਵੇਖ ਕੇ ਆਪ ਦੇ ਪਿਤਾ ਨੇ ਦੂਜੀ ਸ਼ਾਦੀ ਬੀਬੀ ਹਰ ਕੌਰ ਸਪੁਤ੍ਰੀ ਭਾਈ ਸ਼ੇਰ ਸਿੰਘ ਵਡਾਲਾ ਸੰਧੂਆਂ ਜ਼ਿਲਾ ਗੁਜਰਾਂਵਾਲਾ ਨਾਲ ਕਰ ਲਈ। ਇਸ ਬੀਬੀ ਦੀ ਕੁਖੋਂ ੧੨ ਭਾਦੋਂ ਸੰਮਤ ੧੯੫੧ ਬਿਕ੍ਰਮੀ ਮੁਤਾਬਕ ਜਨਵਰੀ ੧੮੯੨ ਈ: ਨੂੰ ਦਿਨ ਦੇ ਤਿੰਨ ਵਜੇ ਸਾਹੋਵਾਲ, ਜ਼ਿਲਾ ਸਿਆਲਕੋਟ ਵਿਚ ਭਾਈ ਦਲੀਪ ਸਿੰਘ ਦਾ ਜਨਮ ਹੋਇਆ। ਫੇਰ ਭਾਈ ਗੋਪਾਲ ਸਿੰਘ ਤੇ ਭਾਈ ਰਘਬੀਰ ਸਿੰਘ ਦੋ ਭਰਾ ਜਨਮੇ, ਜੋ ਛੋਟੀ ਉਮਰੇ ਹੀ ਗੁਜ਼ਰ ਗਏ। ਇਨ੍ਹਾਂ ਦੇ ਪਿਛੋਂ ਇਕ ਹੋਰ ਲੜਕਾ ਪੈਦਾ ਹੋਇਆ, ਜਿਸਦਾ ਨਾਮ ਭਾਈ ਗੁਰਦਿਆਲ ਸਿੰਘ ਰਖਿਆ ਗਿਆ, ਜੋ ਅਜ ਕਲ ਆਪਣੇ ਪਿੰਡ ਵਾਹੀ ਜੋਤੀ ਦਾ ਕੰਮ ਕਰਾਉਂਦੇ ਹਨ।

ਬਚਪਨ ਦਾ ਹਾਲ

ਆਪ ਨਿਕੇ ਹੁੰਦੇ ਹੀ ਬੜੇ ਚੁਸਤ ਤੇ ਚਲਾਕ ਸਨ। ਰੰਗ ਗੋਰਾ, ਅੱਖਾਂ ਮੋਟੀਆਂ, ਮੱਥਾ ਚੌੜਾ ਖਿੜਿਆ ਹੋਇਆ, ਜੇਹੜਾ ਭੀ ਦਰਸ਼ਨ ਕਰਦਾ, ਉਸ ਨੂੰ ਮਥੇ ਵਿਚ ਕੁਝ ਅਸਚਰਜਤਾ ਜਿਹੀ ਪ੍ਰਤੀਤ ਹੁੰਦੀ ਤੇ ਉਸੇ ਨੇ ਹੀ ਬਾਲਕ ਦੇ ਮਾਤਾ ਪਿਤਾ ਨੂੰ ਆਖਣਾ ਕਿ ਸਤਿਗੁਰਾਂ ਨੇ ਆਪ ਤੇ ਬੜੀ ਮੇਹਰ ਕੀਤੀ ਹੈ। ਜੋ ਅਜਿਹਾ ਖ਼ੂਬਸੂਰਤ ਪੁਤ੍ਰ ਬਖਸ਼ਿਆ ਹੈ। ਆਪ ਬਹੁਤ ਘਟ ਰੋਇਆ ਕਰਦੇ ਸਨ। ਸੁਤਿਆਂ ਪਿਆਂ ਜਦੋਂ ਭੀ ਉਠਣਾ ਤਾਂ ਚਿਹਰਾ ਹਸੂੰ ਹਸੂੰ ਕਰਿਆ ਕਰਦਾ ਸੀ। ਜੇ ਕਿਸੇ ਸਿਆਣੇ ਨੇ ਬਾਹਵਾਂ ਅਗੇ ਕਰ ਕੇ ਕੁਛੜ ਚੁਕਣਾ ਤਾਂ ਖ਼ੁਸ਼ੀ ਖ਼ੁਸ਼ੀ ਹਰ ਇਕ ਪਾਸ ਚਲੇ ਜਾਣਾ। ਆਮ ਬਾਲਕਾਂ ਵਾਂਗ ਰੋ ਕੇ ਮਾਂ ਦੇ ਗਲ ਨੂੰ ਨਹੀਂ ਚੰਬੜਿਆ ਕਰਦੇ ਸਨ। ਆਪ ਦਾ ਸੁਭੌ ਬੜਾ ਰਲ-ਮਿਲਵਾਂ ਸੀ। ਦੋ ਸਾਲ ਦੀ ਉਮਰ ਵਿਚ ਭਾਈ ਕਰਮ ਸਿੰਘ ਬਾਲਕ ਦਲੀਪ ਸਿੰਘ ਤੇ ਉਸਦੀ ਮਾਤਾ ਨੂੰ ਬਾਰ ਵਿਚ ਲੈ ਆਏ। ਇਨ੍ਹਾਂ ਦਾ ਬਹੁਤਾ ਮੋਹ ਪਿਆਰ ਆਪਣੀ ਚਾਚੀ ਨਾਲ

ਸੀ, ਕਿਉਂਕਿ ਉਹ ਇਸ ਨੂੰ ਬਹੁਤ ਸਾਰਾ ਖਿਡਾਉਂਦੇ ਪ੍ਰਚਾਉਂਦੇ ਹੁੰਦੇ ਸਨ ਤੇ ਲਾਡ ਨਾਲ ਆਪਣੇ ਕੰਧਾੜੇ ਚੁਕੀ ਫਿਰਦੇ ਸਨ। ਇਸੇ ਕਾਰਨ ਕਰਕੇ ਬਹੁਤਾ ਸਮਾਂ ਦਾਦੀ ਦੀ ਸੰਗਤ ਵਿਚ ਹੀ ਗੁਜ਼ਰਦਾ ਸੀ। ਘਰ ਦਾ ਖੁਲ੍ਹਾ ਦੁਧ ਦਹੀਂ ਤੇ ਮੱਖਣ ਸੀ। ਮਾਤਾ ਪਿਤਾ ਨੇ ਬੜੀ ਰੀਝ ਨਾਲ ਖ਼ੁਰਾਕ ਖਵਾਉਣੀ ਤੇ ਦਿਲੋਂ ਇਹੋ ਖਿੱਚ ਰਹਿਣੀ ਕਿ ਇਹ ਸੁਖਾਂ-ਲਧਾ ਬੱਚਾ ਕਦੋਂ ਜਵਾਨ ਹੋਵੇ, ਕਿਉਂਕਿ ਇਨ੍ਹਾਂ ਨੂੰ ਔਲਾਦ ਦਾ ਬੜਾ ਤਰਸੇਵਾਂ ਤੇ ਥੁੜ ਸੀ। ਆਪ ਪੰਜਾਂ ਸੱਤਾਂ ਸਾਲਾਂ ਵਿਚ ਸੋਹਣੀ ਲਗਰ ਵਾਂਗ ਫੁਟ ਨਿਕਲੇ।

ਵਿਦਿਆ ਪ੍ਰਾਪਤੀ

ਆਪ ਨੂੰ ਪੰਜਾਂ ਸਾਲਾਂ ਦੀ ਉਮਰੇ ਸੰ: ੧੮੯੭ ਈ: ਵਿਚ ਸਕੂਲੇ ਪੜ੍ਹਣੇ ਪਾ ਦਿਤਾ। ਹਰ ਰੋਜ਼ ਹੀ ਇਨ੍ਹਾਂ ਦੀ ਦਾਦੀ ਸਕੂਲ ਦੇ ਸਮੇਂ ਤੋਂ ਪਹਿਲਾਂ ਸੁਤਿਆਂ ਨੂੰ ਉਠਾਲ ਦਿੰਦੀ ਤੇ ਮੂੰਹ ਹੱਥ ਧੋ ਕੇ ਸਕੂਲੇ ਛਡ ਆਉਂਦੀ। ਥੋੜੇ ਦਿਨਾਂ ਵਿਚ ਹੀ ਇਹ ਬੜੇ ਚੁਸਤ ਤੇ ਪੜ੍ਹਾਈ ਵਿਚ ਸੋਘੇ ਹੋ ਗਏ। ਸਕੂਲ ਜਾਣ ਦਾ ਸੋਹਣਾ ਪਚਕ ਪੈ ਗਿਆ। ਆਪਣੇ ਆਪ ਹੀ ਆਹਰ ਨਾਲ ਸੁਤਿਆਂ ਉਠ ਖਲੋਣਾ ਤੇ ਨੇਮ ਨਾਲ ਪੱਟੀ ਬਸਤਾ ਲੈ ਕੇ ਵੇਲੇ ਸਿਰ ਸਕੂਲੇ ਪੁਜ ਜਾਣਾ। ਇਨ੍ਹਾਂ ਦਾ ਦਿਲ ਪੜ੍ਹਾਈ ਵਿਚ ਚੰਗਾ ਖੁਭ ਗਿਆ। ਹਰ ਰੋਜ਼ ਆਪਣੀ ਸੰਥਾ ਯਾਦ ਕਰਕੇ ਪਿਤਾ ਨੂੰ ਸੁਣਾ ਦੇਣੀ। ਉਨ੍ਹਾਂ ਪਾਸੋਂ ਡਾਹਢਾ ਪਿਆਰ ਤੇ ਖ਼ੁਸ਼ੀਆਂ ਪ੍ਰਾਪਤ ਕਰਨੀਆਂ। ਇਕ ਦਿਨ ਦੀ ਗਲ ਹੈ ਕਿ ਇਕ ਮੁੰਡੇ ਨੇ ਸਕੂਲੇ ਦੂਜੇ ਮੁੰਡੇ ਦੀ ਦਵਾਤ ਰੋੜ੍ਹ ਦਿਤੀ। ਇਸ ਤਰ੍ਹਾਂ ਇਨ੍ਹਾਂ ਦੋਹਾਂ ਜਮਾਤੀਆਂ ਵਿਚ ਲੜਾਈ ਅਤੇ ਅਜੋੜ ਦਾ ਮੁਢ ਬੱਝ ਗਿਆ। ਭਾ:ਦਲੀਪ ਸਿੰਘ ਨੇ ਆਪਣੇ ਸਾਥੀਆਂ ਨੂੰ ਸਮਝਾਇਆ ਕਿ ਤੁਸੀ ਚੰਗੇ ਹੋ,ਜੋ ਜ਼ਰਾ ਕੁ ਜਿੰਨੀ ਸਿਆਹੀ ਬਦਲੇ ਲੜਣ ਭਿੜਣ ਤੇ ਲੱਕ ਬੰਨ੍ਹ ਲਿਆ ਹੈ। ਇਹ ਗਲ ਸਾਊਆਂ ਵਾਲੀ ਨਹੀਂ ਹੈ, ਹੋਇਆ ਕੀ ? ਕੇਹੜੀ ਹਨੇਰ ਦੀ ਗਲ ਹੈ ? ਜੇ ਤੇਰੀ ਦਵਾਤ ਡੁਲ੍ਹ ਗਈ ਹੈ ਤਾਂ ਸਭੋ ਧੇਲੇ ਦੀ ਸਿਆਹੀ ਦੀ ਗਲ ਹੈ ਨਾਂ ? ਤੂੰ ਮੈਥੋਂ ਲੈ ਲੈ ! ਇਹ ਗਲ ਆਖ ਕੇ ਝਟ ਆਂਪਣਾ ਬਸਤਾ ਖੋਲ੍ਹਿਆ ਤੇ ਸਿਆਹੀ ਦੀਆਂ ਦੋ ਚੁਟਕੀਆਂ ਕਢ ਕੇ ਉਸ ਦੀ ਤਲੀ ਤੇ ਰਖ ਦਿਤੀਆਂ ਤੇ ਲੜਾਈ ਦਾ ਵਧਾਨ ਵਧਣੋਂ ਰੋਕ ਦਿਤਾ। ਇਸ ਤਰ੍ਹਾਂ ਦੀਆਂ ਬਾਲਕ ਦਲੀਪ

ਸਿੰਘ ਦੀਆਂ ਕਈ ਸਾਖੀਆਂ ਹਨ, ਪਰ ਵਿਸਥਾਰ ਤੋਂ ਸੰਕੋਚ ਕਰਕੇ ਨਹੀਂ ਦਿਤੀਆਂ ਜਾਂਦੀਆਂ। ਨਮੂਨੇ ਵਜੋਂ ਇਕ ਹੀ ਕਾਫ਼ੀ ਹੈ, ਜਿਸ ਤੋਂ ਉਨ੍ਹਾਂ ਦੇ ਬਚਪਨ ਤੋਂ ਹੀ ਸੋਹਣੇ ਸੁਭੱਾ ਤੇ ਪਿਆਰ ਭਰੇ ਦਿਲ ਦਾ ਸਬੂਤ ਮਿਲਦਾ ਹੈ।

ਪਿੰਡ ਦੇ ਸਕੂਲ ਵਿਚ ਹੀ ਆਪ ਨੇ ਸੰ: ੧੯੦੨ ਈ: ਤਕ ਪ੍ਰਾਇਮਰੀ ਪਾਸ ਕਰ ਲਈ। ਅਗੋਂ ਪੜ੍ਹਾਈ ਲਈ ਕੋਈ ਹੋਰ ਸਕੂਲ ਲਭਣਾ ਪਿਆ। ਕਿਉਂਕਿ ਉਸ ਸਮੇਂ ਸਾਂਗਲੇ ਕੋਈ ਸਕੂਲ ਨਹੀਂ ਸੀ। ਇਕ ਮਿਸ਼ਨ ਸਕੂਲ ਸੀ ਜਿਥੇ ਆਪ ਦੇ ਪਿਤਾ ਨੇ ਇਨ੍ਹਾਂ ਨੂੰ ਦਾਖ਼ਲ ਕਰਾਉਣਾ ਠੀਕ ਨਾ ਸਮਝਿਆ। ਆਪ ਨੇ ਪਿਛੇ ਲੈ ਜਾ ਕੇ ਡਸਕੇ ਅੰਗਰੇਜ਼ੀ ਮਿਡਲ ਸਕੂਲ ਵਿਚ ਦਾਖ਼ਲ ਕਰਾ ਦਿਤਾ ਅਤੇ ਉਥੋਂ ਦੋ ਮੀਲ ਦੀ ਵਿਥ ਤੇ ਆਪਣੇ ਨਾਨਕੇ ਭਰੋਕੀ ਰਿਹਾਇਸ਼ ਦਾ ਪ੍ਰਬੰਧ ਕਰ ਦਿਤਾ। ਇਥੇ ਆਪ ਨੇ ਜੂਨੀਅਰ ਪਾਸ ਕਰਕੇ ਸੰ: ੧੯੦੬ ਈ: ਤਕ ਮਿਡਲ ਪਾਸ ਕਰ ਲਿਆ। ਇਥੋਂ ਆ ਕੇ ਆਪ ਖ਼ਾਲਸਾ ਹਾਈ ਸਕੂਲ ਗੁਜਰਾਂਵਾਲਾ ਵਿਚ ਆ ਦਾਖ਼ਲ ਹੋਏ। ਸ਼ਹਿਰ ਦੇ ਹਾਈ ਸਕੂਲ ਵਿਚ ਹੋਰ ਨਵੀਂ ਹੀ ਦੁਨੀਆਂ ਦਿਸੀ। ਖ਼ਾਲਸਾ ਹਾਈ ਸਕੂਲ ਹੋਣ ਕਰਕੇ ਇਥੇ ਲੜਕੇ ਰਹਿਤ ਬਹਿਤ ਵਿਚ ਪਰਪੱਕ ਸਨ। ਹਰ ਇਕ ਨੂੰ ਸਿਖੀ ਅਸੂਲਾਂ ਦੀ ਲਾਜ਼ਮੀ ਪਾਲਨਾ ਕਰਨੀ ਪੈਂਦੀ ਸੀ। ਆਪ ਬੜੇ ਭੋਲੇ ਸੁਭੱਾ ਦੇ ਮਾਲਕ ਸਨ। ਆਪਣੀ ਪੜ੍ਹਾਈ ਤੋਂ ਬਿਨਾਂ ਹੋਰ ਕਿਸੇ ਗਲ ਵਲ ਬਹੁਤ ਘਟ ਧਿਆਨ ਦਿਆ ਕਰਦੇ ਸਨ। ਸਕੂਲ ਦੇ ਮੁੰਡਿਆਂ ਖੁੰਡਿਆਂ ਇਨ੍ਹਾਂ ਦੇ ਅਨਜਾਣਪੁਣੇ ਤੇ ਭੋਲੇ-ਪਣ ਤੇ ਬੜੇ ਠੱਠੇ ਮਖੌਲ ਕਰਿਆ ਕਰਨੇ।

ਸਾਥੀਆਂ ਦੇ ਮਖੌਲਾਂ ਤੇ ਟਿਚਕਰਾਂ ਨੇ ਇਨ੍ਹਾਂ ਦੀ ਤਬੀਅਤ ਵਿਚ ਅਸ-ਚਰਜ ਪਲਟਾ ਆਂਦਾ। ਜੋ ਇਨ੍ਹਾਂ ਨੂੰ ਭੀ ਆਪਣੇ ਸਾਥੀਆਂ ਦੀ ਰੀਸ ਕਰਨ ਦਾ ਸ਼ੌਕ ਕੁਦ ਪਿਆ। ਇਸੇ ਸ਼ੌਕ ਦੀ ਲਗਨ ਵਿਚ ਹੀ ਆਪ ਨੇ ਗੁਰਮੁਖੀ ਪੜ੍ਹੀ, ਬਾਣੀ ਕੰਠ ਕੀਤੀ, ਕੜਾ ਤੇ ਕਛਹਿਰਾ ਰਖਣ ਦੇ ਅਜਿਹੇ ਆਦੀ ਹੋ ਗਏ ਕਿ ਦੂਜੇ ਮੁੰਡੇ ਇਨ੍ਹਾਂ ਨੂੰ ਇਕ ਨਮੂਨਾ ਦਸਿਆ ਕਰਨ। ਮੁੰਡਿਆਂ ਨੇ ਇਨ੍ਹਾਂ ਦੀ ਚੇੜ "ਨਿਕੰਗ ਸਿੰਘ" ਪਾ ਦਿਤੀ।

ਧਾਰਮਕ ਪੜ੍ਹਾਈ ਵਿਚ ਭਲੇ ਲੜਕਿਆਂ ਦੀ ਸੰਗਤ ਨਾਲ ਆਪ ਨੂੰ ਸਿਖ ਇਤਿਹਾਸ ਪੜ੍ਹਣ ਦੀ ਚੰਗੀ ਲਗਨ ਲਗ ਗਈ। ਇਸੇ ਸਿਖ ਇਤਿਹਾਸ

ਨੂੰ ਵਾਰ ਕੇ ਹੀ ਆਪ ਨੇ ਸਿਖੀ ਨੂੰ ਦ੍ਰਿੜ੍ਹ ਕਰ ਲਿਆ। ਗੁਰ-ਸਿਖੀ ਦੀ ਅਜਿਹੀ ਰੰਗਣ ਚੜ੍ਹੀ ਕਿ ਨਿਤਨੇਮ ਕੀਤੇ ਬਿਨਾਂ ਕਦੇ ਪ੍ਰਸ਼ਾਦਿ ਨਾ ਛਕਣਾ।

ਬੋਰਡਿੰਗ ਹਾਊਸ ਦੀ ਰਹਿਣੀ ਬਹਿਣੀ ਤੇ ਚੋਰ ਫੜਨਾ

ਬੋਰਡਿੰਗ ਹਾਊਸ ਵਿਚ ਆਪ ਹਮੇਸ਼ਾਂ ਹੀ ਭਲਿਆਂ ਮੁੰਡਿਆਂ ਦੀ ਸੰਗਤ ਕਰਿਆ ਕਰਦੇ ਸਨ। ਸਵੇਰੇ ਉਠਣ ਦੀ ਵਾਦੀ ਪਈ ਹੋਈ ਸੀ। ਇਸ ਵੇਲੇ ਇਨ੍ਹਾਂ ਦੀ ਉਮਰ ਕੋਈ ਪੰਦਰਾਂ ਸੋਲਾਂ ਸਾਲਾਂ ਦੀ ਹੋਵੇਗੀ। ਵਧੇਰੇ ਕਰਕੇ ਆਪ ਨੇ ਜੋਗੀਆ ਰੰਗ ਦੀ ਕਾਲੀ ਕੰਨੀ ਵਾਲੀ ਰੇਸ਼ਮੀ ਲੂੰਗੀ ਬੰਨ੍ਹਣੀ। ਚਿਹਰਾ ਗੁਲਾਬ ਦੇ ਫੁੱਲ ਵਾਂਗ ਦਗ ਦਗ ਕਰਿਆ ਕਰਦਾ ਸੀ। ਬੁਲ੍ਹ ਹਮੇਸ਼ਾਂ ਹਸੂੰ ਹਸੂੰ ਕਰਦੇ ਰਹਿੰਦੇ ਸਨ। ਖਿੜਿਆ ਮੱਥਾ ਤਕਣ ਵਾਲੇ ਸਾਥੀਆਂ ਨੂੰ ਠੰਡ ਪਾਉਂਦਾ ਸੀ। ਮੋਟੇ ਰਸੀਲੇ ਨੇਤ੍ਰ ਹਰ ਇਕ ਨੂੰ ਖਿਚ ਪਾਉਂਦੇ ਸਨ। ਹਿਰਦਾ ਸਾਫ਼ ਪਿਆਰਾਂ ਵਾਲਾ, ਹਰ ਇਕ ਨਾਲ ਦਿਲੀ-ਪ੍ਰੇਮ ਨਾਲ ਵਰਤਾ ਕਰਨਾ। ਆਪਣਾ ਬਹੁਤਾ ਸਮਾਂ ਪੜ੍ਹਾਈ ਵਿਚ ਦੇਣਾ, ਜਿਸ ਦੇ ਕਾਰਨ ਇਹ ਗੱਭਰੂ ਆਪਣੇ ਜਮਾਤੀਆਂ ਵਿਚ ਅਵਲ ਰਹਿਣ ਦੇ ਕਾਰਨ ਉਨ੍ਹਾਂ ਦੀਆਂ ਨਜ਼ਰਾਂ ਵਿਚ ਸਤਿਕਾਰ ਨਾਲ ਵੇਖਿਆ ਜਾਂਦਾ ਸੀ।

ਗਰਮੀ ਦੇ ਦਿਨਾਂ ਵਿਚ ਮੁੰਡੇ ਬਾਹਰ ਮੈਦਾਨ ਵਿਚ ਸੌਂਦੇ ਸਨ। ਰਬ-ਸਬੱਬੀ ਬੋਰਡਿੰਗ ਹਾਊਸ ਵਿਚ ਇਕ ਦੋ ਵੇਰਾਂ ਚੋਰੀ ਹੋ ਗਈ। ਚੋਰ ਦਾ ਪਤਾ ਨਾ ਲਗੇ, ਮੁੰਡੇ ਬਤੇਰੀਆਂ ਵਾਹੀਂ ਲਾ ਰਹੇ। ਅਖ਼ੀਰ ਸਭ ਨੂੰ ਸੋਟੇ ਰਖਣ ਦਾ ਹੁਕਮ ਹੋ ਗਿਆ ਕਿ ਰਾਤੀਂ ਵਾਰੋ ਵਾਰੀ ਮੁੰਡਿਆਂ ਦੇ ਪਹਿਰੇ ਲਗ ਗਏ। ਦੋ ਚਾਰ ਰਾਤਾਂ ਕੈੜ ਤੇ ਵੌੜ ਰਖਣ ਨਾਲ ਇਕ ਦਿਨ ਚੋਰ ਆਉਂਦਾ ਦਿਸ ਪਿਆ। ਪਹਿਰੇ ਵਾਲੇ ਨੇ ਇਸ਼ਾਰਾ ਕੀਤਾ। ਬਾਕੀ ਮੁੰਡੇ ਭੀ ਉਤੋਂ ਉਤੋਂ ਸੁਤੇ ਜਾਪਣ, ਪਰ ਵਿਚੋਂ ਜਾਗਦੇ ਸਨ। ਝਟਾ ਪਟ ਸਭ ਚੋਰ ਦੇ ਮਗਰ ਉਠ ਨਸੇ। ਇਸ ਮੁਹਿੰਮ ਦਾ ਲੀਡਰ ਭੀ ਨਿਹੰਗ ਸਿੰਘ ਸੀ। ਚੋਰ ਅਗੇ ਅਗੇ ਤੇ ਸੌ ਤੋਂ ਵਧੀਕ ਮੁੰਡੀਰ ਮਗਰ ਮਗਰ ਰੌਲਾ ਪਾਉਂਦਾ ਇਕੋ ਸਾਹੇ ਦੌੜਿਆ ਜਾਵੇ। "ਨਿਹੰਗ ਸਿੰਘ" (ਦਲੀਪ ਸਿੰਘ) ਸਭ ਤੋਂ ਮੋਹਰਲਿਆਂ ਵਿਚ ਸੀ। ਮੀਲ ਕੁ ਜਾ ਕੇ ਚੋਰ ਨੂੰ ਮੌਰੀਂ ਚੜ੍ਹ ਕੇ ਫੜ ਲਿਆ। ਨਿਹੰਗ ਸਿੰਘ ਨੇ ਉੱਚੀ ਕੂਕ ਕੇ ਆਖਿਆ ਕਿ ਚੋਰ ਨੂੰ

ਕੋਈ ਨਾ ਮਾਰੇ, ਪਰ ਪਲੋ-ਪਲੀ ਵਿਚ ਚੋਰ ਨੂੰ ਮੁੰਡਿਆਂ ਨੇ ਮਾਰ ਮਾਰ ਕੇ ਦੁੰਬਾ ਬਣਾ ਦਿਤਾ। ਏਨੇ ਚਿਰ ਨੂੰ ਪਿਛੋਂ ਭਜ ਕੇ ਸੁਪ੍ਰੰਟੈਂਡੈਂਟ ਸਾਹਿਬ ਭੀ ਪੁਜ ਗਏ। ਜਾ ਕੇ ਵੇਖਿਆ ਤਾਂ ਨਿਹੰਗ ਸਿੰਘ ਚੋਰ ਨੂੰ ਮਾਰ ਤੋਂ ਬਚਾਉਣ ਲਈ ਉਸ ਦੇ ਉਤੇ ਲੰਮਾਂ ਪਿਆ ਆਪਣੇ ਸਾਥੀਆਂ ਦੀ ਮਾਰ ਖਾ ਰਿਹਾ ਹੈ। ਸਭ ਨੇ ਚੋਰ ਨੂੰ ਪੁਲਸ ਦੇ ਹਵਾਲੇ ਕਰਨ ਦੀ ਸਲਾਹ ਦਿਤੀ, ਪਰ ਨਿਹੰਗ ਸਿੰਘ ਬੜੀ ਨਿਮਰਤਾ ਨਾਲ ਹਥ ਜੋੜ ਕੇ ਖਲੋ ਗਿਆ ਕਿ ਇਸ ਨੂੰ ਬਹੁਤ ਮਾਰ ਪੈ ਚੁਕੀ ਹੈ, ਸਾਧ ਸੰਗਤ ਇਸ ਨੂੰ ਮੁਆਫ਼ ਕਰ ਦੇਵੇ। ਵੇਖੋ, ਕਿੱਦਾਂ ਹਦੀਸਾਂ ਪੜ੍ਹਦਾ ਤੇ ਤੋਬਾ ਤੋਬ ਕਰਦਾ ਹੈ! ਸੁਪ੍ਰੰਟੈਂਡੈਂਟ ਸਾਹਿਬ ਨਿਹੰਗ ਸਿੰਘ ਦੀ ਬੜੀ ਕਦਰ ਕਰਦੇ ਸਨ। ਨਾਲੇ ਸਾਹਮਣੇ ਚੋਰ ਦੀ ਥਾਂ ਮਾਰ ਖਾਣ ਕਰਕੇ ਉਹਨਾਂ ਦੀ ਹੋਰ ਭੀ ਇਸ ਨਾਲ ਹਮਦਰਦੀ ਹੋ ਗਈ। ਇਨ੍ਹਾਂ ਦੀ ਸਾਰਿਆਂ ਨੇ ਗਲ ਮੰਨ ਕੇ ਚੋਰ ਨੂੰ ਕੇਵਲ ਨੱਕ ਨਾਲ ਸੌ ਲਕੀਰਾਂ ਕਢਾ ਕੇ ਛਡ ਦਿਤਾ। ਇਸ ਦਇਆ ਤੇ ਰਹਿਮ-ਦਿਲੀ ਦੀ ਕਾਰ ਨੇ ਭਾਈ ਦਲੀਪ ਸਿੰਘ ਨੂੰ ਆਪਣੇ ਸਾਥੀਆਂ ਦੀਆਂ ਨਜ਼ਰਾਂ ਵਿਚ ਹੋਰ ਭੀ ਉਚਿਆਂ ਕਰ ਦਿਤਾ।

ਸ਼ਬਦ ਪੜ੍ਹਨੇ ਤੇ ਹੋਰ ਸੇਵਾ

ਜਦ ਬੋਰਡਿੰਗ ਹਾਊਸ (Boarding House) ਵਿਚ ਮੁੰਡਿਆਂ ਨੇ ਰਲ ਕੇ ਸ਼ਬਦ ਪੜ੍ਹਣੇ ਤਾਂ ਨਿਹੰਗ ਸਿੰਘ ਨੇ ਸਭ ਦੇ ਮੋਹਰਲੀਆਂ ਵਿਚ ਹੋਣਾ। ਅਜਿਹੇ ਪਿਆਰ ਨਾਲ ਜੋਸ਼ ਵਿਚ ਸ਼ਬਦ ਪੜ੍ਹਣੇ ਕਿ ਸਾਰਾ ਸਰੀਰ ਹੀ ਮੁੜ੍ਹਕੋ-ਮੁੜ੍ਹਕੀ ਹੋ ਜਾਣਾ।

ਸਰਦੀਆਂ ਵਿਚ ਐਤਵਾਰ ਨੂੰ ਜੇ ਲੜਕਿਆਂ ਨੇ ਕੇਸੀ ਅਸ਼ਨਾਨ ਕਰਨਾ ਤਾਂ ਇਕ ਦੋ ਹੋਰ ਸਾਥੀਆਂ ਨੂੰ ਨਾਲ ਲੈ ਕੇ ਸਭ ਦੇ ਸਿਰਾਂ ਵਿਚ ਗਰਮ ਪਾਣੀ ਪਾਉਣ ਲਈ ਨਿਹੰਗ ਸਿੰਘ ਨੇ ਮੁਹੈਲੀਆਂ ਵਿਚ ਹੋਣਾ ਅਤੇ ਆਪ ਸਭ ਦੇ ਪਿਛੋਂ ਕੇਸੀ ਅਸ਼ਨਾਨ ਕਰਨਾ।

ਆਪ ਨੇ ਇਥੇ ਹੀ ਸੰ: ੧੯੦੮ ਈ: ਵਿਚ ਦਸਵੀਂ ਜਮਾਤੇ ਚੜ੍ਹ ਕੇ ਅੰਮ੍ਰਿਤ ਛਕਿਆ ਤੇ ਤਿਆਰ-ਬਰ-ਤਿਆਰ ਸਿੰਘ ਸਜ ਗਏ।

ਅਨੰਦ ਕਾਰਜ ਤੇ ਸੰਤਾਨ

ਆਪ ਅਜੇ ਅਠਵੀਂ ਜਮਾਤ ਵਿਚ ਹੀ ਡਸਕੇ ਪੜ੍ਹਦੇ ਸਨ ਜੋ ਆਪਦੀ ਮਾਤਾ ਨੂੰ ਘਰ ਵਿਚ ਨੂੰਹ ਵੇਖਣ ਦੀ ਖਿੱਚ ਪੈਦਾ ਹੋ ਗਈ, ਇਸਦੇ ਕਾਰਨ ਹੀ ਆਪ ਦੇ ਪਿਤਾ ਨੇ ਆਪ ਦੀ ਸ਼ਾਦੀ ਗੁਰ-ਮਰਯਾਦਾ ਅਨੁਸਾਰ ੧੬ ਸਾਲ ਦੀ ਉਮਰ ਵਿਚ, ੧੫ ਮਾਘ ਨੂੰ ਬੀਬੀ ਰਛਪਾਲ ਕੌਰ ਸਪੁਤ੍ਰੀ ਭਾਈ ਗੰਡਾ ਸਿੰਘ ਨਾਲ ਝਿਊਰ ਚਕ ਨੰ: ੧੩੭, ਜ਼ਿਲਾ ਸ਼ੇਖੂਪੁਰਾ ਵਿਚ ਕਰ ਦਿਤੀ।

ਅਨੰਦ ਕਾਰਜ ਤਾਂ ਮਾਤਾ ਦੇ ਜ਼ੋਰ ਦੇਣ ਤੇ ਕਰ ਹੀ ਦਿਤਾ, ਪਰੰਤੂ ਅਗੋਂ ਇਨ੍ਹਾਂ ਦਾ ਖ਼ਿਆਲ ਵਧੇਰੇ ਪੜ੍ਹਾਈ ਵਿਚ ਖ਼ਰਚ ਹੋਣ ਕਰਕੇ ਅਜੇ ਮੁਕਲਾਵਾ ਨ ਆਂਦਾ ਗਿਆ।

ਅਨੰਦ ਕਾਰਜ ਤੋਂ ਥੋੜਾ ਚਿਰ ਪਿਛੋਂ ਇਨ੍ਹਾਂ ਦੀ ਦਾਦੀ ਜੀ ਚੜ੍ਹਾਈ ਕਰ ਗਏ। ਇਨ੍ਹਾਂ ਦੇ ਪਿਛੋਂ ਛੇਤੀ ਹੀ ਮਾਤਾ ਹਰ ਕੌਰ ਭੀ ਗੁਰਪੁਰੀ ਸਿਧਾਰ ਗਏ। ਅਕਾਲ ਪੁਰਖ ਦਾ ਭਾਣਾ ਇਵੇਂ ਹੀ ਵਰਤਣਾ ਸੀ। ਨੂੰਹ ਨੂੰ ਘਰ ਲਿਆਉਣ ਦੀਆਂ ਸਧਰਾਂ ਪੂਰੀਆਂ ਨ ਹੋਈਆਂ। ਦਸਵੀਂ ਪਾਸ ਕਰਕੇ ਅਠਾਰਾਂ ਕੁ ਸਾਲ ਦੀ ਉਮਰ ਵਿਚ ਇਨ੍ਹਾਂ ਦਾ ਮੁਕਲਾਵਾ ਆ ਗਿਆ। ਸੁਪਤਨੀ ਨਾਲ ਬੜਾ ਹੀ ਸੁਚਾ ਪਿਆਰ ਭਰਿਆ ਵਰਤਾ ਰਖਣਾ। ਕਦੀ ਭੁਲ ਭੁਲੇਖੇ ਨਾਲ ਭੀ ਬੋਲਣ ਚਲਣ ਦੀ ਨੌਬਤ ਨਹੀਂ ਪੁਜੀ ਸੀ। ਉਸ ਨੇ ਭੀ ਸੰਤ ਸੁਪਤੀ ਜੀ ਦੀ ਬੜੀ ਸੇਵਾ ਕਰਨੀ ਜੋ ਆਗਿਆ ਹੋਣੀ, ਉਸ ਨੂੰ ਸਿਰ ਮਥੇ ਤੇ ਪ੍ਰਵਾਨ ਕਰਨਾ। ਦਪਤੀ ਦਾ ਜੀਵਨ ਹੀ ਸਾਧੂ ਸੁਭਾ ਸੀ। ਉੱਨੀ ਸਾਲ ਦੀ ਉਮਰ ਵਿਚ ਅਕਾਲ ਪੁਰਖ ਨੇ ਭੁਝੰਗੀ ਹਰਬੰਸ ਸਿੰਘ ਦੀ ਦਾਤ ਬਖ਼ਸ਼ੀ। ਇਹ ਕਾਕਾ ਸਾਲ ਦਾ ਹੋ ਕੇ ਗੁਜ਼ਰ ਗਿਆ, ਫੇਰ ਬੀਬੀ ਹਰਬੰਸ ਕੌਰ ਪੈਦਾ ਹੋਈ। ਇਸ ਤੋਂ ਚਾਰ ਪੰਜ ਸਾਲ ਪਿਛੋਂ ਈਸ਼ਵਰ ਦੀ ਰਜ਼ਾ ਵਿਚ ਜੇਠ ਸੰਮਤ ੧੯੭੫ ਬਿ: ਨੂੰ ਕਾਕੇ ਹਰਚਰਨ ਸਿੰਘ ਦਾ ਜਨਮ ਹੋਇਆ। ਸ਼ਹੀਦੀ ਸਮੇਂ ਇਸ ਭੁਝੰਗੀ ਦੀ ਉਮਰ ਇਕ ਸਾਲ ਨੌਂ ਮਹੀਨੇ ਦੀ ਸੀ। ਬੀਬੀ ਹਰਬੰਸ ਕੌਰ ਨੂੰ ਆਪਣੇ ਪਿੰਡ ਹੀ ਚਾਰ ਜਮਾਤਾਂ ਪੜ੍ਹਾ ਕੇ ੧੬ ਚੇਤ੍ਰ ਸੰ: ੧੯੮੮ ਬਿ: ਨੂੰ ਭਾਈ ਅਜੀਤ ਸਿੰਘ ਪੁਤ੍ਰ ਭਾਈ ਗੋਪਾਲ ਸਿੰਘ ਨਾਲ ਗੁਰਮਤ ਅਨੁਸਾਰ ਪਰਨਾ ਦਿਤਾ।

ਕਾਕਾ ਹਰਚਰਨ ਸਿੰਘ

ਇਕਲੌਤਾ ਬੇਟਾ ਹਰਚਰਨ ਸਿੰਘ ਜਿਸਨੇ ਅਜੇ ਦਸਵੀਂ ਜਮਾਤ ਦਾ ਇਮਤਿਹਾਨ ਦੇਣਾ ਸੀ,ਤਪਦਿਕ ਦੀ ਨਾਮੁਰਾਦ ਬੀਮਾਰੀ ਵਿਚ ਗ੍ਰਸਿਆ ਗਿਆ। ਅੰਗਰੇਜ਼ੀ ਤੇ ਦੇਸੀ ਦਵਾ ਦਾਰੂ ਦੀ ਮਾਤਾ ਨੇ ਹਜ਼ਾਰਾਂ ਰੁਪਏ ਖ਼ਰਚਕੇ ਵਾਹ ਲਾਈ। ਗਰਮੀਆਂ ਵਿਚ ਡਾਕਟਰਾਂ ਦੀ ਹਦਾਇਤ ਅਨੁਸਾਰ ਤਪਦਿਕ ਦੇ ਹਿੰਦੁਸਤਾਨ ਭਰ ਵਿਚੋਂ ਸਭ ਤੋਂ ਵਡੇ ਕਿੰਗ ਐਡਵਰਡ ਸੈਨੇਟੋਰੀਅਮ (King Edward Sanatoriam) ਧਰਮ ਪੁਰ (ਸ਼ਿਮਲਾ ਹਿਲਜ਼) ਤੇ ਲੈ ਜਾਇਆ ਗਿਆ, ਪਰ ਘਟੀ ਦਾ ਕੋਈ ਇਲਾਜ ਨਹੀਂ ਹੈ। ੨੦ ਕੱਤਕ ਸੰ: ੧੯੯੪ ਬਿ: ਮੁਤਾਬਕ ੫ ਨਵੰਬਰ ਸੰ: ੧੯੩੭ ਈ: ਨੂੰ ਇਹ ਲਾਡਲਾ ਬੱਚਾ ਚੜ੍ਹਾਈ ਕਰ ਗਿਆ, ਜੋ ਪਿਤਾ ਦੀ ਸ਼ਹੀਦੀ ਮਗਰੋਂ ਆਪਣੀ ਵਿਧਵਾ ਮਾਂ ਦੀਆਂ ਅੱਖਾਂ ਦਾ ਚਾਨਣ, ਦਿਲ ਦੀ ਧੀਰਾ ਅਤੇ ਜੀਵਨ ਸਹਾਰਾ ਸੀ, ਅਰ ਪਿਆਰੇ ਸ਼ਹੀਦ ਦੀ ਜ਼ਿੰਦਾ ਯਾਦਗਾਰ ਸੀ। ਇਹ ਸੁੰਦਰ ਫੁੱਲ ਪੂਰੀ ਤਰ੍ਹਾਂ ਖਿੜਣ ਤੋਂ ਪਹਿਲਾਂ ਹੀ ਉੱਨੀਵੇਂ ਸਾਲ ਵਿਚ ਡਾਲੋਂ ਟੁਟ ਗਿਆ। ਸਾਡੀ ਸ੍ਰਦਾਰਨੀ ਭੈਣ ਦੇ ਵੇਹੜੇ ਦਾ ਚੰਦ ਤਾਂ ਪਹਿਲਾਂ ਹੀ ਉਸ ਲਈ ਕਾਲੀ ਬੋਲੀ ਰਾਤ ਪਾ ਗਿਆ ਸੀ, ਪਰ ਹੁਣ ਉਸ ਦੀ ਆਸ ਦੀ ਆਖਰੀ ਕ੍ਰਿਨ ਤੇ ਦਵਾਖੇ ਦਾ ਦੀਵਾ ਵੀ ਡਿਗ ਕੇ ਬੁਝ ਗਿਆ। ਪਤੀ ਦੀ ਜੁਦਾਈ ਦੇ ਦਾਗ਼ ਮਗਰੋਂ ਉਸ ਦੀਆਂ ਆਸਾਂ ਤੇ ਉਮੈਦਾਂ ਦਾ ਕੇਂਦਰ, ਇਹ ਇਕਲੌਤਾ ਸੋਹਣਾ ਲਾਲ, ਨਿਸ਼ਾਨ ਸੀ। ਇਹ ਭੀ ਭਰ-ਜਵਾਨੀ ਵਿਚ ਵਿਛੋੜੇ ਦਾ ਅਸਹਿ ਤੀਰ ਮਾਰ ਗਿਆ। ਜੇ ਪਤੀ ਦੀ ਜੁਦਾਈ ਨੇ ਸੀਨਾ ਸਲਿਆ ਸੀ ਤਾਂ ਪੁਤ ਦੇ ਸੱਲ ਨੇ ਵਧੇਰਾ ਨਿਢਾਲ ਕੀਤਾ ਤੇ ਲੱਕ ਤੋੜ ਦਿਤਾ ਹੈ। ਉਸ ਬੱਚੀ ਇਕਲੌਤੇ ਵੀਰ ਦੀ ਇਕਲੌਤੀ ਭੈਣ, ਦੀ ਹਾਲਤ ਦਾ ਅੰਦਾਜ਼ਾ ਲਾਉਣਾ ਭੀ ਡਾਢਾ ਖਰਾ ਔਖਾ ਹੈ, ਜਿਸ ਦੇ ਪਿਤਾ ਦੀ ਪ੍ਰਵਾਰਕ ਯਾਦ ਉਸ ਦਾ ਮਿੱਠਾ ਮਿੱਠਾ ਤੇ ਸੀਤਲ-ਚੰਨ-ਵੀਰ ਸਦਾ ਦੀ ਨੀਂਦੇ ਸੌਂ ਗਿਆ।

ਇਸ ਮਹਿੰਗੇ ਤੇ ਪਿਆਰੇ ਬੱਚੇ ਦੀ ਮੰਗਣੀ ਹੋ ਚੁਕੀ ਸੀ। ਮਾਂ ਤੇ ਭੈਣ ਦੇ ਦਿਲ ਵਿਚ ਆਸਾਂ, ਉਮੰਗਾਂ, ਸਧਰਾਂ ਤੇ ਚੱਾ ਸਨ ਕਿ ਕਦੋਂ ਇਸ ਨੂੰ ਘੋੜੀ ਤੇ ਚਾੜ੍ਹ ਕੇ ਸੇਹਰੇ ਬੰਨ੍ਹ ਲਾੜਾ ਬਣਾਵਾਂਗੇ, ਪਰ ਇਨ੍ਹਾਂ ਚਾਵਾਂ ਤੇ ਮਲਹਾਰਾਂ ਦੇ

ਪੂਰਾ ਹੋਣ ਤੋਂ ਪਹਿਲਾਂ ਹੀ ਮੌਤ ਲਾੜੀ ਵਰ ਕੇ ਲੈ ਗਈ।

ਟਹਿਕ ਕੇ ਖਿੜਨਾ ਨ ਮਿਲਿਆ ਫੁੱਲ ਨੂੰ, ਕੁਮਲਾ ਗਿਆ !
ਵਿਆਹ ਤੋਂ ਪਹਿਲਾਂ ਮੌਤ ਦਾ ਹਾਇ ! ਦਿਹਾੜਾ ਆ ਗਿਆ !

ਪਰ ਕੀਤਾ ਕੀ ਜਾਵੇ ? ਅਖ਼ੀਰ ਸਵਾਇ ਅਕਾਲ ਪੁਰਖ ਦਾ ਭਾਣਾ ਮਿਠਾ ਕਰਕੇ ਮੰਨਣ ਦੇ ਦੁਨੀਆਦਾਰ ਦਾ ਹੋਰ ਕੋਈ ਚਾਰਾ ਨਹੀਂ ਹੈ, ਕਿਉਂਕਿ ਸਤਿਗੁਰਾਂ ਦਾ ਇਹ ਅਟਲ ਬਚਨ ਹੈ:—

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥

ਦੁਨਿਆਵੀ ਕਾਰ ਵਿਹਾਰ

ਜਦ ਦਸਵੀਂ ਦਾ ਨਤੀਜਾ ਨਿਕਲ ਆਇਆ ਤਾਂ ਸ: ਦਲੀਪ ਸਿੰਘ ਨੇ ਆਪਣੇ ਪਿਤਾ ਤੋਂ ਚੋਰੀ ਨਾਇਬ ਤਹਿਸੀਲਦਾਰੀ ਲਈ ਦਰਖ਼੍ਵਾਸਤ ਦੇ ਦਿਤੀ। ਇਨ੍ਹਾਂ ਦੇ ਪਿਤਾ ਨੂੰ ਜਦ ਪਤਾ ਲਗਾ ਤਾਂ ਉਨ੍ਹਾਂ ਨੇ ਪਰਾਈ ਨੌਕਰੀ ਦੇ ਦੁਖ ਦਸ ਕੇ ਇਹ ਗਲ ਦ੍ਰਿੜ੍ਹ ਕਰਾਈ ਕਿ "ਪ੍ਰਅਧੀਨ ਸੁਪਨੇ ਸੁਖ ਨਾਹੀ"। ਸਾਡੇ ਆਪਣੇ ਘਰ ਦੇ ਥੋੜੇ ਕੰਮ ਕਰਨ ਵਾਲੇ ਹਨ, ਪੜ੍ਹਾਈ ਨੌਕਰੀ ਲਈ ਥੋੜੀ ਹੀ ਕਰੀਦੀ ਹੈ :—

ਜਦ ਪਿਤਾ ਨੇ ਸ੍ਰਕਾਰੀ ਨੌਕਰੀ ਵਲੋਂ ਹਟਕ ਦਿਤਾ ਤਾਂ ਆਪਣੇ ਦਿਲ ਨਾਲ ਕੰਮ ਕਾਰ ਦੀਆਂ ਕਈ ਗਿਣਤੀਆਂ ਮਿਣਤੀਆਂ ਕਰਨ ਲਗ ਪਏ। ਕਦੇ ਅਗੇ ਹੋਰ ਪੜ੍ਹਾਈ ਲਈ ਚਿਤ ਧਰਦੇ,ਕਦੇ ਕਿਸੇ ਬਪਾਰ ਵਲ ਧਿਆਨ ਕਰਦੇ। ਇਨ੍ਹਾਂ ਦੇ ਦਿਲ ਵਿਚ ਏਸ ਤਰ੍ਹਾਂ ਦੇ ਕਈ ਭਾਂਤਾਂ ਦੇ ਫੁਰਨੇ ਫੁਰਦੇ ਰਹਿੰਦੇ। ਇਕ ਦਿਨ ਰਬ ਸਬੱਬੀ ਸਫ਼ੈਦ ਪੋਸ਼ ਦੇ ਘਰੋਂ ਜ਼ਰਾਇਤੀ ਕਾਲਜ ਲਾਇਲਪੁਰ ਦਾ ਪ੍ਰਾਸਪੈਕਟਸ ਹਥ ਆ ਗਿਆ। ਉਸਨੂੰ ਵਿਚਾਰ ਕੇ ਤਿੰਨ ਚਾਰ ਸਾਲ ਜ਼ਰਾਇਤੀ ਕਾਲਜ ਦੀ ਪੜ੍ਹਾਈ ਲਈ ਹੀ ਤਿਆਰ ਹੋ ਬੈਠੇ, ਪਰ ਪਿਤਾ ਨੇ ਏਸ ਗਲੋਂ ਭੀ ਰੋਕ ਦਿਤਾ ਤੇ ਆਖਣ ਲਗੇ ਕਿ ਜਿੱਨਾ ਪੜ੍ਹ ਲਿਆ ਏ ਇਹ ਥੋੜ੍ਹਾ ਹੈ ? ਆਪਣਾ ਕਾਰ ਵਿਹਾਰ ਤੋਰਨ ਲਈ ਬੜਾ ਹੈ। ਏਸੇ ਨਾਲ ਸੰਭਾਲ ਕੇ ਵਰਤੋਂ ਕਰੋ ਧੰਨ ਦੌਲਤ ਦੀ ਘਰ ਕੋਈ ਕਮੀ ਨਹੀਂ ਹੈ। ਆਪਣੇ ਕਾਰ ਵਿਹਾਰ ਨੂੰ ਸਮਝ ਕੇ ਉਸੇ ਨੂੰ ਤ੍ਰੱਕੀ ਦੇਣੀ ਚਾਹੀਦੀ ਹੈ। ਪੁਤ੍ਰ ਸਿਆਣਾ ਬਿਆਣਾ ਤੇ ਹੋਣਹਾਰ ਸੀ। ਪਿਤਾ

ਦੇ ਹੋਰ ਵਧੇਰੇ ਸਮਝਾਉਣ ਦੀ ਲੋੜ ਨ ਸਮਝੀ, ਕਿਉਂਕਿ ਪਿਤਾ ਦੀ ਬ੍ਰਿਧ ਅਵਸਥਾ ਦੀ ਗਲ ਇਸ ਦੇ ਦਿਲ ਲਗ ਗਈ।

ਆਪ ਘਰ ਦੇ ਸਾਰੇ ਕਾਰ ਵਿਹਾਰ ਨੂੰ ਸੰਭਾਲਣ ਲਈ ਜੁਟ ਪਏ ਅਤੇ ਪਿਤਾ ਨੂੰ ਅਟੰਕ ਹੋ ਕੇ ਚਾਰ ਦਿਹਾੜੇ ਸੁਖ ਦੇ ਬਤੀਤ ਕਰਨ ਲਈ ਛੁੱਟੀ ਦੇ ਦਿਤੀ ਅਤੇ ਆਪ ਇਸ ਦਿਨ ਤੋਂ ਹਡ ਭੰਨਣੀ ਜਟਕੀ ਕਾਰ ਵਿਚ ਰੁਝ ਗਏ। ਨਿਕੇ ਨਿਕੇ ਕੰਮ ਆਪਣੀ ਹਥੀਂ ਕਰਨੇ, ਦੂਜੇ ਸਖਤ ਕੰਮ ਕਾਮਿਆਂ ਪਾਸੋਂ ਕਰਾਉਣੇ। ਸਹਿਜ ਸਹਿਜ ਆਪ ਦੀ ਵਾਹੀ ਨਾਲ ਡਾਹਡੀ ਪ੍ਰੀਤੀ ਪੈ ਗਈ ਅਤੇ ਉਹ ਸਮਾਂ ਆ ਪੁਜਾ ਜਦੋਂ ਸਾਰਾ ਵਾਹੀ ਜੋਤੀ ਦਾ ਕੰਮ ਆਪਣੇ ਹਥ ਵਿਚ ਲੈ ਲਿਆ। ਉਹ ਘੂਕਰੀਂ ਵਾਹੀ ਕਰ ਕੇ ਦਸੀ ਕਿ ਸਾਰੇ ਪਿੰਡ ਵਿਚ ਇਸ ਪੜ੍ਹਾਕੂ ਮੁੰਡੇ ਦੀ ਵਾਹੀ ਦੀਆਂ ਧੁਮਾਂ ਪੈ ਗਈਆਂ।

ਦਿਲ ਦੇ ਸਖ਼ੀ ਤੇ ਸੁਭੌਂ ਦੇ ਪਿਆਰ ਵਾਲੇ ਸਨ। ਵੇਲੇ ਕੁ-ਵੇਲੇ ਕੰਮੀਆਂ ਕਾਂਦੂਆਂ ਨੂੰ ਦਾਣਾ ਫਕਾ ਤੇ ਪਠਾ ਦੱਥਾ ਦੇ ਕੇ ਬੜਾ ਖ਼ੁਸ਼ ਰਖਣਾ, ਜਿਸ ਦਾ ਨਤੀਜਾ ਇਹ ਹੋਇਆ ਕਿ ਸਭ ਕੰਮੀ ਆਪ ਦੀ ਮੁਠ ਵਿਚ ਰਹਿੰਦੇ ਸਨ। ਜਦੋਂ ਕਦੀ ਕਿਸੇ ਵੇਲੇ ਕੁ-ਵੇਲੇ ਕੰਮ ਦੀ ਲੋੜ ਪੈਣੀ ਤਾਂ ਇਕ ਦੀ ਥਾਂ ਪੰਜਾਂ ਨੇ ਨਸਿਆਂ ਆਉਣਾ, ਇਹੋ ਜ਼ਿਮੀਂਦਾਰੇ ਕੰਮ ਦਾ ਭੇਦ ਹੁੰਦਾ ਹੈ ਕਿ ਜਦੋਂ ਕਿਤੇ ਸਮੇਂ ਕੁ-ਸਮੇਂ ਬੰਦਿਆਂ ਦੀ ਲੋੜ ਪਵੇ ਤਾਂ ਥੁੜੋਂ ਨ ਆਵੇ ਤੇ ਕੰਮ ਵੇਲੇ ਸਿਰ ਸਿਰੇ ਚੜ੍ਹ ਜਾਵੇ।

ਆਪ ਭੀ ਚੰਗੀ ਹੱਡ ਭੰਨ ਕੇ ਕਾਰ ਕਰਦੇ ਸਨ। ਪਹਿਰ ਰਾਤ ਰਹਿੰਦੀ ਨਾਲ ਉਠ ਕੇ ਹਲ ਜੋ ਲੈਣੇ ਤੇ ਦੁਪਹਿਰੇ ਬਾਰਾਂ ਵਜੇ ਤਕ ਚੰਗਾ ਖੜਕਵਾਂ ਨਿਸ਼ਾ ਦਾ ਜੋੜ੍ਹਾ ਲਾਉਣਾ। ਪਿਛੋਂ ਹਲ ਛਡਕੇ ਦੋ ਤਿੰਨ ਭਰੀਆਂ ਪਠਿਆਂ ਦੀਆਂ ਆਪਣੀ ਹਥੀਂ ਕੁਤ੍ਰਕੇ ਫੇਰ ਦਮ ਲੈਣਾ। ਅਜਿਹੀ ਕੁਰਖਤ ਕਾਰ ਤਾਂ ਵਡੇ ਵਡੇ ਕ੍ਰਿਸਾਨਾਂ ਦੇ ਭੀ ਮੂੰਹ ਭਵਾ ਦਿੰਦੀ ਹੈ, ਪਰ ਇਹ ਸਭ ਕੁਝ ਆਪਣੇ ਇਰਾਦੇ ਦੀ ਦ੍ਰਿੜ੍ਹਤਾ ਅਤੇ ਸਿਰੜੀ ਸੁਭੌਂ ਦੇ ਆਸਰੇ ਹੀ ਕਰੀ ਕਰਾਈ ਜਾਂਦੇ ਸਨ। ਵੇਖਣ ਵਾਲੇ ਹੈਰਾਨੀ ਨਾਲ ਮੂੰਹ ਵਿਚ ਉਂਗਲਾਂ ਪਾ ਲਿਆ ਕਰਦੇ ਸਨ।

ਚਾਗੜਹਥਿਆਂ ਨੇ ਆਪ ਨੂੰ ਬੜੇ ਮਖੌਲ ਤੇ ਟਿਚਕਰਾਂ ਕਰਨੀਆਂ। ਵੇਖੋ ਨਾ ਦਲੀਪ ਸਿੰਘ ਜੱਟਾਂ ਦੇ ਹੱਥ ਕਿਹਾ ਕੁ ਕਾਬੂ ਆਇਆ ਜੇ? ਹੁਣ ਤਾਂ ਸਾਰੀ

ਅੜੀ ਅੰਗ੍ਰੇਜ਼ੀ ਨਿਕਲ ਜਾਊ। ਏਹੋ ਜਹੀ ਹੁੰਦੀ ਏ ਜਟਕੀ ਕਾਰ। ਕਈ ਆਖਦੇ ਕ੍ਰਿਸਾਣਾਂ ਤੇ ਚੰਗਾ ਚੁਕਿਆ ਏ। ਭਈ ਵਾਹੀ ਵਿਚ ਤੇ ਕੋਈ ਸ਼ਕ ਨਹੀਂ, ਜੇ ਏਦਾਂ ਰੇੜ੍ਹੀ ਗਿਆ ਤੇ ਅਧਵਾਟੇ ਦਮ ਨ ਤੋੜ ਬੈਠਾ! ਕਿਸੇ ਆ ਕੰਨ ਵਿਚ ਆਖਣਾ "ਪੜ੍ਹੇ ਫ਼ਾਰਸੀ ਵੇਚੇ ਤੇਲ, ਇਹ ਵੇਖੋ ਭਈ ਕਰਮਾਂ ਦੇ ਖੇਲ"। ਦਸ ਬਾਰਾਂ ਵਰ੍ਹੇ ਕਈ ਥਾਈਂ ਪੜਥਾਈਂ ਪੜ੍ਹਾਈ ਨਾਲ ਮਥਾ ਮਾਰਕੇ, ਸਾਰਾ ਘਰ ਕੁੱਲਾ ਉਜਾੜਕੇ ਅੰਗ੍ਰੇਜ਼ੀਆਂ ਪੜ੍ਹਕੇ ਭੀ ਵਾਹੀ ਹੀ ਕਰਨੀ ਸੀ, ਤਾਂ ਮੁਢੋਂ ਪਹਿਲੇ ਦਿਨੋਂ ਹੀ ਨਹੀਂ ਕਰੀਦੀ ਸੀ? ਮਦਰਸੇ ਵਲ ਮੂੰਹ ਹੀ ਕਾਹਦੇ ਲਈ ਕਰਨਾ ਸੀ?

ਆਪ ਨੇ ਬੜਾ ਸਮਝਾਉਣਾ, ਵਿਦਿਆ ਦੇ ਗੁਣ ਦਸਣੇ, ਪਰ ਜਟਕੇ ਗਿਆਨ ਅਗੇ ਇਨ੍ਹਾਂ ਦੀ ਕੋਈ ਪੇਸ਼ ਨ ਜਾਣੀ। ਨਾਲੇ ਇਨ੍ਹਾਂ ਇਕਲਿਆਂ ਨੇ ਹੋਣਾ ਤੇ ਦੂਜੇ ਬੰਨੇ ਬਹੁਤਿਆਂ ਨੇ ਫੇਰ ਇਸ ਅਨਪੜ੍ਹ ਸ਼੍ਰੇਣੀ ਨੇ ਆਪਣੀ ਆਦਤ ਅਨੁਸਾਰ ਦੂਜੇ ਦੀ ਸੁਣਨੀ ਤੇ ਹੈ ਕੋਈ ਨਾ, ਆਪਣੀ ਹੀ ਮਾਰੀ ਜਾਣੀ।

ਲੌਢੇ ਵੇਲੇ ਕੰਮ ਕਾਰ ਤੋਂ ਵੇਹਲੇ ਹੋ ਕੇ ਆਪ ਨੇ ਅਖਾੜਾ ਵਿਛ ਲੈਣਾ। ਖ਼ੂਬ ਜਟਕੀਆਂ ਕਸਰਤਾਂ ਸ਼ੁਰੂ ਹੋ ਜਾਣੀਆਂ। ਸੁਹਾਗਾ ਚੁਕਣਾ, ਬੁਗਦਰ ਦੇ ਬਾਲੇ ਜਿਦੋ ਜਿਦੀ ਕਢਣੇ, ਪੱਥਰ ਸੁਟਣਾ; ਇਸੇ ਕੰਮ ਲਈ ਉਚੇਚਾ ਮੁੰਗਲੀਆਂ ਦਾ ਇਕ ਜੋੜਾ ਬਣਵਾਇਆ ਹੋਇਆ ਸੀ, ਜੋ ਨੇਮ ਨਾਲ ਰੋਜ਼ ਫੇਰਿਆ ਕਰਦੇ ਸਨ। ਹਾਣੀਆਂ ਨੂੰ ਵੰਗਾਰ ਕੇ ਵੀਣੀ ਫੜਣੀ, ਜੋ ਬਹੁਟ ਘਟ ਬੰਦਿਆਂ ਪਾਸੋਂ ਛੁੜਾਈ ਜਾਇਆ ਕਰਨੀ। ਕੌਡੀ ਖੇਡਣੀ ਤੇ ਛਾਲਾਂ ਮਾਰਨੀਆਂ ਇਹ ਇਕ ਆਮ ਸ਼ੁਗਲ ਹੋਇਆ ਕਰਦਾ ਸੀ, ਏਸ ਤਰ੍ਹਾਂ ਦੀ ਦਿਲ ਲਾ ਕੇ ਕਸਰਤ ਕਰਨ ਦਾ ਇਹ ਸਿਟਾ ਹੋਇਆ ਕਿ ਇਨ੍ਹਾਂ ਦਾ ਸ੍ਰੀਰ ਚੰਗਾ ਕਮਾਇਆ ਗਿਆ। ਵਿਸਾਖ ਦੀਆਂ ਕੜਕਦੀਆਂ ਧੁਪਾਂ ਵਿਚ ਆਪਣੇ ਸਾਥੀਆਂ ਨਾਲ ਵਾਢੀ ਕਰਨੀ ਤੇ ਸਾਵੇਂ ਕਿਆਰੇ ਲਾਹੁਣੇ। ਗਹਾਈਆਂ, ਉਡਾਈਆਂ ਦਾ ਕੰਮ ਆਪ ਵਿਚ ਹੋ ਕੇ ਕਰਾਉਣਾ। ਆਪ ਨੂੰ ਏਸ ਤਰ੍ਹਾਂ ਜ਼ਿਮੀਂਦਾਰੇ ਕੰਮ ਵਿਚ ਰੁਸੱਤਿਆ ਹੋਇਆ ਵੇਖ ਕੇ ਓਪਰੇ ਵੇਖਣ ਵਾਲੇ ਨੂੰ ਇਹ ਉੱਕਾ ਹੀ ਖ਼ਿਆਲ ਨਹੀਂ ਆਉਂਦਾ ਸੀ ਕਿ ਇਹ ਜੋ ਹਾਲੋਂ-ਬਿਹਾਲ ਹੋ ਕੇ ਕਰੜੀ ਜਟਕੀ ਕਾਰ ਕਰ ਰਿਹਾ ਹੈ, ਇਹ ਅੰਗਰੇਜ਼ੀ ਦੀਆਂ ਦਸ ਜਮਾਤਾਂ ਭੀ ਪੜ੍ਹਿਆ ਹੋਵੇਗਾ।

ਸੁਭਾਂ ਦਾ ਭੋਲਾ-ਪਨ

ਇਕ ਦਿਨ ਆਪ ਘਰੋਂ ਮੱਝੀਆਂ ਛੇੜ ਕੇ ਮੁਰੱਬੇ ਨੂੰ ਲੈ ਜਾ ਰਹੇ ਸਨ। ਰਾਤ ਦੀਆਂ ਬੱਝੀਆਂ ਹੋਈਆਂ ਮਝੀਆਂ ਜਦ ਦਿਨੇ ਖੁਲ੍ਹੀਆਂ, ਤਾਂ ਖੁਲ੍ਹਾਂ ਮਿਲਣ ਕਰਕੇ ਭੂਤ੍ਰ ਪਈਆਂ, ਕਦੀ ਦੁੜੰਗੇ ਮਾਰਦੀਆਂ ਇਸ ਪਾਸੇ ਨਸ ਜਾਣ,ਕਦੀ ਦੂਜੇ ਪਾਸੇ। ਆਪ ਮੋੜੇ ਲਾਉਂਦੇ ਮਗਰ ਦੌੜੇ ਫਿਰਨ, ਪਰ ਜਦ ਉਹ ਮਹਿਰੂ ਡੰਗਰ ਦੇ ਸੁਭਾਂ ਅਨੁਸਾਰ ਕਿਸੇ ਕੁਲ ਤੇ ਨ ਆਈਆਂ ਤੇ ਇਕੋ ਸਾਹੇ ਭਜੀਆਂ ਹੀ ਫਿਰਨ ਤਾਂ ਹਫ ਕੇ ਪਿਛਾ ਛਡ ਦਿਤਾ। ਇਹ ਪੂਛਾਂ ਚੁਕ ਇਕ ਜਟ ਦੀ ਪੈਲੀ ਵਿਚ ਜਾ ਵੜੀਆਂ ਤਾਂ ਖੜੋ ਕੇ ਸਹਿਜ ਸੁਭਾਂ ਆਖਣ ਲਗੇ-"ਮੈਨੂੰ ਕੀ ਕੋਈ ਤੁਹਾਨੂੰ ਹੀ ਆਪੇ ਟੰਬਾ ਫੇਰੇਗਾ ਨਾਂ"। ਫੇਰ ਦਿਲ ਵਿਚ ਦਯਾ ਦਾ ਖਿਆਲ ਆਇਆ ਕਿ ਮਤਾਂ ਪੈਲੀ ਵਾਲਾ ਆ ਕੇ ਇਨ੍ਹਾਂ ਦੇ ਗਿਟੇ ਝਾੜੇ, ਭਾਈਵਾਲ ਨੂੰ ਆਵਾਜ਼ਾਂ ਮਾਰਨ ਲਗ ਪਏ ਕਿ ਭਰਾ ਇਹ ਵਾਹਰੀਆਂ ਹੋਈਆਂ ਦੋਵੇਂ ਝੋਟੀਆਂ ਮੇਰੇ ਤੇ ਕਾਬੂ ਨਹੀਂ ਆਉਂਦੀਆਂ ਹਨ। ਤੂੰ ਹਿੰਮਤ ਕਰਕੇ ਆ ਤੇ ਏਸ ਮੰਗੂ ਨੂੰ ਭਰਾਵਾਂ ਦੇ ਉਜਾੜੇ ਤੋਂ ਰੋਕੀਏ। ਉਹ ਭਜ ਕੇ ਆਇਆ ਤੇ ਹੁਸਾ ਕੇ ਝੋਟੀਆਂ ਨੂੰ ਫੜ ਕੇ ਜਾ ਖੁਰਲੀ ਤੇ ਬੰਨ੍ਹਿਆ। ਏਸ ਗਲ ਤੋਂ ਪਤਾ ਲਗਦਾ ਹੈ ਕਿ ਆਪ ਕਿਸੇ ਕਿਸੇ ਵੇਲੇ ਕੇਡੇ ਭੋਲੇ ਸੁਭਾਂ ਦੀਆਂ ਗਲਾਂ ਭੀ ਕਰਿਆ ਕਰਦੇ ਸਨ।

ਲਗ ਪਗ ਦੋ ਸਾਲ ਆਪ ਨੇ ਚੰਗੀ ਘੂਕਰੀਂ ਵਾਹੀ ਕੀਤੀ। ਹਰ ਕੰਮ ਨੂੰ ਆਪਣੀ ਹੱਥੀਂ ਕੀਤਾ। ਹਰ ਪ੍ਰਕਾਰ ਦੀਆਂ ਵਾਹੀ ਜੋਤੀ ਦੀਆਂ ਚੀਜ਼ਾਂ ਨਾਲ ਆਪ ਦਾ ਬੜਾ ਪਿਆਰ ਸੀ। ਡੰਗਰ ਵਛੇ ਦੀ ਬੜੀ ਸੰਭਾਲ ਰਖਣੀ। ਖਾਸ ਕਰਕੇ ਬਲਦਾਂ, ਘੋੜੀ ਤੇ ਲਵੇਰੀਆਂ ਨਾਲ ਆਪ ਦਾ ਬਹੁਤ ਪ੍ਰੇਮ ਸੀ। ਆਪ ਨੂੰ ਦੋ ਸਾਲਾਂ ਵਿਚ ਵਾਹੀ ਜੋਤੀ ਦਾ ਬਹੁਤ ਤਜਰਬਾ ਹੋ ਗਿਆ ਸੀ। ਇਕ ਕਾਪੀ ਉਤੇ ਉਨ੍ਹਾਂ ਦੇ ਹੱਥਾਂ ਦੇ ਨੋਟ ਲਿਖੇ ਹੋਏ ਮਿਲੇ ਹਨ। ਫਲਾਣੇ ਬਲਦ ਨੂੰ ਏਨਾ ਦਾਣਾ ਰੋਜ਼ ਤੇ ਫਲਾਣੇ ਨੂੰ ਏਨਾ, ਘੋੜੀ ਨੂੰ ਨਿਹਾਰੀ ਤੇ ਵਿਛੇਰੀ ਨੂੰ ਦਾਣਾ। ਫਲਾਣੇ ਦਿਨ ਘੋੜੀ ਨੂੰ ਮਸਾਲਾ ਤੇ ਖਲਦਾਂ ਨੂੰ ਲੂਣ ਦੇਣਾ ਜ਼ਰੂਰੀ ਹੈ। ਇਹ ਨੋਟ ਸਾਫ਼ ਦਸਦੇ ਹਨ ਕਿ ਆਪ ਅੰਦਰ ਵਾਹੀ ਦਾ ਕਿੰਨਾ ਸ਼ੌਕ ਸੀ। ਆਪ ਏਸ

ਕੰਮ ਨੂੰ ਡੂੰਘੀ ਲਗਨ ਤੇ ਆਪ-ਮੁਹਾਰੇ ਅੰਦਰ ਦੇ ਜੋਸ਼ ਨਾਲ ਸਿਰੇ ਚਾੜ੍ਹ ਰਹੇ ਸਨ। ਕੋਈ ਵਗਾਰ ਨਹੀਂ ਕਟਦੇ ਸਨ।

ਪਿਤਾ ਦਾ ਅਕਾਲ ਚਲਾਣਾ

ਆਪ ਦੇ ਪਿਤਾ ਦੀ ਅਵਸਥਾ ਏਸ ਵੇਲੇ ਬ੍ਰਿਧ ਹੋ ਚੁਕੀ ਸੀ। ਅੱਖਾਂ ਦੀ ਜੋਤਨਾ ਬਹੁਤ ਘਟ ਗਈ ਸੀ। ਮਾਮੂਲੀ ਲਿਖਤ ਪੜ੍ਹਤ ਦਾ ਕੰਮ ਭੀ ਸੁਰਮਾ ਪਾ ਕੇ ਤੇ ਐਨਕ ਲਾ ਕੇ ਕਰਦੇ ਸਨ। ਇਕ ਦਿਨ ਆਪਣੇ ਸਪੁਤ੍ਰ ਭਾਈ ਦਲੀਪ ਸਿੰਘ ਨੂੰ ਸੱਦ ਕੇ ਆਖਿਆ ਕਿ ਬੱਚਾ ਕਾਗਜ਼ ਤੇ ਕਲਮ ਦਵਾਤ ਲਿਆ ਤੇ ਜੋ ਮੈਂ ਲਿਖਾਉਂਦਾ ਹਾਂ ਲਿਖੀ ਚਲ। ਆਪ ਨੇ ਸੁਰਤੀ ਨੂੰ ਤਾਜ਼ਾ ਕਰਕੇ ਸੋਚ ਸੋਚ ਕੇ ਨਕਦੀ, ਟੂੰਬ ਟਲਾ, ਅਸਾਮੀਆਂ ਦਾ ਲਹਿਣਾ ਅਤੇ ਹੋਰ ਸਾਰਾ ਭੋਂ ਭਾਂਡਾ ਲਿਖਾ ਦਿਤਾ, ਜਿਸ ਦਾ ਜੋੜ ੧੫ ਹਜ਼ਾਰ ਹੋਇਆ। ਆਪ ਨੇ ਇਹ ਕਾਗਜ਼ ਪੜ੍ਹ ਕੇ ਸੋਧਿਆ ਅਤੇ ਉਸ ਉਤੇ ਆਪਣੇ ਦਸਖ਼ਤ ਕਰ ਦਿਤੇ ਤੇ ਪੁਤ ਨੂੰ ਆਖ ਕੇ ਉਸ ਦੀ ਇਕ ਹੋਰ ਨਕਲ ਕਰਵਾ ਲਈ। ਇਸ ਉਤੇ ਦਸਖ਼ਤ ਕਰਕੇ ਇਹ ਇਨ੍ਹਾਂ ਨੂੰ ਦੇ ਦਿਤਾ ਤੇ ਦੂਜਾ ਕਾਗਜ਼ ਆਪਣੇ ਛੋਟੇ ਪੁਤ੍ਰ ਭਾਈ ਗੁਰਦਿਆਲ ਸਿੰਘ ਦੀ ਵਹੁਟੀ ਨੂੰ ਸਦ ਕੇ ਦੇ ਦਿਤਾ। ਇਹ ਬੀਬੀ ਭਾਈ ਗੁਰਦਿਆਲ ਸਿੰਘ ਨਾਲੋਂ ਉਮਰ ਵਿਚ ਕੁਝ ਵਡੇਰੀ ਅਤੇ ਅਕਲ ਵਿਚ ਭੀ ਚਾਤ੍ਰ ਸੀ। ਇਸ ਕਾਗਜ਼ ਦੀ ਸੌਂਪਣਾ ਕਰਕੇ ਪਕੀ ਕੀਤੀ ਕਿ ਬੱਚੀ ਇਸ ਨੂੰ ਸੰਭਾਲ ਕੇ ਰਖਣਾ। ਇਸ ਕਾਗਜ਼ ਵਾਲੀ ਜਾਇਦਾਦ ਤੇ ਮੁਰੱਬਿਆਂ ਦੇ ਤੁਸੀਂ ਅਧੀ ਹੋ। ਜਦ ਗੁਰਦਿਆਲ ਸਿੰਘ ਸਿਆਣਾ ਬਿਆਣਾ ਹੋ ਕੇ ਆਪਣਾ ਆਪ ਸੰਭਾਲ ਲਏ ਤਾਂ ਤੁਸੀਂ ਆਪਣਾ ਅਧ ਦਾ ਹੱਕ ਵੰਡਾ ਲੈਣਾ। ਮਤਾਂ ਮੇਰੇ ਅੱਖਾਂ ਮੀਟਨ ਪਿਛੋਂ ਦਲੀਪ ਸਿੰਘ ਸਾਰੀ ਜਾਇਦਾਦ ਐਸ਼ਾਂ ਤੇ ਫ਼ੈਲ-ਸੂਫੀਆਂ ਵਿਚ ਹੀ ਉਡਾ ਦੇਵੇ ਤੇ ਤੁਸੀਂ ਸੁਕੇ ਦੇ ਸੁਕੇ ਹੀ ਫਾੜੀ ਰਹਿ ਜਾਵੋ!

ਇਹ ਘਰ ਦਾ ਹਿਸਾਬ ਕਿਤਾਬ ਸਾਫ਼ ਕਰਨਾ ਕੀ ਸੀ, ਮਾਨੋਂ ਆਪ ਨੇ ਆਪਣਾ ਸਾਰਾ ਦੁਨੀਆਂ ਤੋਂ ਹੀ ਲੇਖਾ ਪੱਤਾ ਸਾਫ਼ ਕਰ ਲਿਆ ਸੀ। ਅਗਲੇ ਦਿਨ ਹੀ ਆਪ ਦਾ ਸਰੀਰ ਬਹੁਤ ਮਾਂਦਾ ਹੋ ਗਿਆ। ਅੰਤ ਸਮੇਂ ਆਪਣੇ ਬੇਟੇ ਦਲੀਪ ਸਿੰਘ ਨੂੰ ਕੋਲ ਸਦ ਕੇ ਪਹਿਲਾਂ ਅਸੀਸ ਦਿਤੀ ਕਿ "ਵਾਹਿਗੁਰੂ ਤੇਰੀ ਲੰਮੀ ਆਰਬਲਾ ਕਰੇ ਤੇ ਤੂੰ ਸਦਾ ਹੀ ਸਾਰੀ ਉਮਰ ਸੁਖੀ ਵਸੇਂ" ਤੇ ਫੇਰ ਆਖਣ

ਲਗੇ ਕਿ ਬੱਚਾ ਜੇ ਤੂੰ ਮੇਰੀ ਇਸ ਸਿਖਿਆ ਤੇ ਅਮਲ ਕਰੇਗਾ ਤਾਂ ਸੁਖ ਪਾਵੇਂਗਾ। "ਪੁਤ੍ਰਾ! ਤੂੰ ਵੇਖਦਾ ਹੈਂ ਕਿ ਘਰ ਵਿਚ ਏਸ ਵੇਲੇ ਤੇਰੇ ਤੋਂ ਬਿਨਾਂ ਕੋਈ ਹੋਰ ਵਡੇਰੀ ਉਮਰ ਦਾ ਸਿਆਣਾ ਬੰਦਾ ਨਹੀਂ ਹੈ। ਘਰ ਦੀ ਵਾਗ ਡੋਰ ਤੇਰੇ ਹੱਥ ਵਿਚ ਹੈ। ਵਾਹਿਗੁਰੂ ਨੇ ਤੈਨੂੰ ਸੁਮੱਤ ਬਖਸ਼ੀ ਹੈ। ਸੁਖ ਨਾਲ ਪੜ੍ਹਿਆ ਲਿਖਿਆ ਭੀ ਹੈਂ। ਈਮਾਨਦਾਰੀ ਤੇ ਇਨਸਾਫ਼ ਨਾਲ ਸਾਰਾ ਕੰਮ ਕਾਜ ਵਿਚ ਹੋ ਕੇ ਸੰਭਾਲੀਂ। ਨਿਕੇ ਜੀਅ ਜੰਤ ਦੀ ਅਕਾਲ ਪੁਰਖ ਤੋਂ ਉਰੇ ਤੈਨੂੰ ਹੀ ਸੌਂਪਣਾ ਹੈ। ਇਹ ਗੱਲਾਂ ਕਰ ਕੇ ਬਾਬਾ ਜੀ ਨੇ ਅੱਖਾਂ ਮੀਟ ਲਈਆਂ ਤੇ ਗੁਰ ਪੁਰੀ ਨੂੰ ਜਾ ਸਿਧਾਰੇ।

ਪਿਤਾ ਦੇ ਗੁਜ਼ਰ ਜਾਣ ਪਿਛੋਂ ਆਪ ਨੇ ਹੱਥੀਂ ਵਾਹੀ ਜੋਤੀ ਦਾ ਕੰਮ ਕਰਨਾ ਤਾਂ ਛਡ ਦਿਤਾ, ਪਰ ਘਰ ਦਾ ਉਤਲਾ ਪੁਤਲਾ ਕੰਮ ਸਭ ਸੰਭਾਲ ਲਿਆ। ਕਾਮੇ ਦੱਥੇ ਰਖ ਕੇ ਵਾਹੀ ਕਰਾਉਣ ਲਗ ਪਏ। ਆਪ ਜਿਉਂ ਜਿਉਂ ਪਿੰਡ ਦੇ ਸਿਆਣੇ ਬੰਦਿਆਂ ਨਾਲ ਬਹਿਣ ਖਲੋਣ ਲਗੇ, ਤਾਂ ਪਰ੍ਹੇ ਵਿਚ ਆਪ ਦੀ ਸਿਆਣਪ ਤੇ ਚਤ੍ਰਤਾ ਦੀ ਬਹੁਤ ਮਸ਼ਹੂਰੀ ਹੋਣ ਲਗ ਪਈ। ਇਸ ਸਦ ਪੁੱਛ ਦੇ ਨਾਲ ਹੀ ਮਾਨ ਅਤੇ ਵਡਿਆਈ ਭੀ ਬਹੁਤ ਵਧ ਗਈ। ਸਿਆਣਪ ਅਤੇ ਨੇਕ ਕੰਮਾਂ ਦੇ ਕਾਰਨ ਆਪ ਦਾ ਨਾਮ ਇਲਾਕੇ ਵਿਚ ਬਹੁਤ ਉੱਘਾ ਹੋ ਗਿਆ। ਜਿਸ ਪੁਰਸ਼ ਨਾਲ ਭੀ ਕਦੀ ਇਕ ਵੇਰ ਮੇਲ ਹੋ ਗਿਆ ਉਹ ਮੁੜ ਹਮੇਸ਼ਾਂ ਲਈ ਹੀ ਆਪ ਦਾ ਮਿੱਤ੍ਰ ਬਣ ਗਿਆ। ਆਪਣੇ ਇਲਾਕੇ ਤੋਂ ਬਿਨਾਂ ਹੋਰ ਭੀ ਕਿਧਰੇ ਜਿਥੇ ਦੂਰ ਦੂਰ ਆਪ ਦਾ ਜਾਣ ਆਉਣ ਸੀ, ਵਡੇ ਵਡੇ ਪਤਵੰਤੇ ਸ੍ਰਦਾਰਾਂ ਨਾਲ ਆਪ ਦੇ ਭਾਈਚਾਰੇ ਬਣ ਗਏ। ਪਿੰਡ ਵਿਚ ਆਪ ਦਾ ਏਡਾ ਵੱਡਾ ਆਦਰ ਮਾਣ ਹੋਣ ਲਗ ਪਿਆ ਕਿ ਕੀ ਅਮੀਰ ਤੇ ਕੀ ਗ਼ਰੀਬ ਸਭ ਆਪ ਦੀ ਸੋਭਾ ਕਰਦੇ ਨ ਰਜਦੇ। ਜੇ ਕਦੀ ਕੋਈ ਝਗੜੇ ਰਗੜੇ ਦਾ ਸਮਾਂ ਆ ਜਾਂਦਾ ਤਾਂ ਹਮੇਸ਼ਾ ਹੀ ਉਹ ਆਪ ਦੇ ਫ਼ੈਸਲੇ ਤੇ ਫੁਲ ਚਾੜ੍ਹਦੇ ਸਨ। ਆਪ ਦਾ ਦਰਦੀ ਦਿਲ ਗ੍ਰੀਬਾਂ ਅਤੇ ਅਨਾਥਾਂ ਦੀ ਸਹਾਇਤਾ ਲਈ ਹਰ ਸਮੇਂ ਤਤਪਰ ਰਿਹਾ ਕਰਦਾ ਸੀ।

ਇਲਾਕੇ ਦੇ ਅਫ਼ਸਰਾਂ ਨਾਲ ਭੀ ਆਪ ਦੀ ਚੰਗੀ ਘੂੰ ਘਾਂ ਤੇ ਮਿਲਵਰਤਨ ਸੀ। ਉਹ ਭੀ ਇਨ੍ਹਾਂ ਦੇ ਕੰਮ ਨੂੰ ਹਮੇਸ਼ਾਂ ਆਪਣਾ ਸਮਝ ਕੇ ਕਰਿਆ ਕਰਦੇ ਤੇ ਖਾਸ ਇਜ਼ਤ ਦੀ ਨਿਗਾਹ ਨਾਲ ਵੇਖਿਆ ਕਰਦੇ ਸਨ। ਆਪ ਨੇ ਇਸ ਸਮੇਂ

ਦੋ ਮੁਰੱਬੇ ਜ਼ਮੀਨ ਖਰੀਦੀ ਅਤੇ ਬਾਗ ਲਾਇਆ।

ਉਦਾਸੀ ਸਾਧ ਦਾ ਮੇਲ

ਵਾਹੀ ਛਡ ਦੇਣ ਦੇ ਕਾਰਨ ਆਪ ਨੂੰ ਕੰਮ ਕਾਜ ਵਿਚੋਂ ਚੰਗੀ ਵੇਹਲ ਮਿਲ ਜਾਇਆ ਕਰਦੀ ਸੀ। ਆਪ ਨੇ ਸਿਖੀ ਲਗਨ ਦੇ ਸ਼ੌਂਕ ਵਿਚ ਗੁਰਮਤ ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦੇ ਟ੍ਰੈਕਟ ਅਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਰਚਿਤ ਪੁਸਤਕਾਂ ਮੰਗਾ ਕੇ ਪੜ੍ਹਨੀਆਂ ਸ਼ੁਰੂ ਕਰ ਦਿਤੀਆਂ। ਇਸ ਤੋਂ ਬਿਨਾਂ ਹੋਰ ਭੀ ਕਈ ਸਿਖੀ ਨਾਲ ਸਬੰਧ ਰਖਣ ਵਾਲੀਆਂ ਕਿਤਾਬਾਂ ਵਾਚਣੀਆਂ ਅਰੰਭ ਦਿਤੀਆਂ।

ਇਨ੍ਹਾਂ ਪੁਸਤਕਾਂ ਦੀ ਪੜ੍ਹਾਈ ਕਰਨ ਨਾਲ ਮਨ ਦੇ ਕਪਾਟ ਖੁਲ੍ਹ ਗਏ। ਜੀਵਨ ਦਾ ਆਦਰਸ਼ ਹੀ ਬਦਲ ਗਿਆ। ਮਨ ਨੇ ਰੱਬ ਨੂੰ ਮਿਲਣ ਦਾ ਵੈਰਾਗ ਧਾਰਨ ਕਰ ਲਿਆ। ਸਾਧਾਂ, ਸੰਤਾਂ ਤੇ ਹੋਰ ਮਹਾਤਮਾਂ ਦੀ ਸੰਗਤ ਦਾ ਬੜਾ ਚਾ ਉਤਪੰਨ ਹੋ ਗਿਆ। ਪਿੰਡ ਤੋਂ ਬਾਹਰ ਆਪਣੇ ਬਾਗ ਵਿਚ ਇਕ ਕੁਟੀਆ ਪਾ ਲਈ। ਉਥੇ ਸਿਮਰਨ ਅਭਿਆਸ ਵਿਚ ਹੀ ਲਗੇ ਰਹਿਣਾ, ਕਈ ਬੰਦਿਆਂ ਨੇ ਆਪ ਨੂੰ ਸਵੇਰੇ ਪਹਿਰ ਰਾਤ ਰਹਿੰਦੀ ਨਾਲ ਇਕਾਂਤ ਵਿਚ ਸਮਾਧੀ ਲਾਇਆਂ ਵੇਖਿਆ। ਜਦ ਆਪ ਇਸ ਤਰ੍ਹਾਂ ਨਾਮ ਦੇ ਰੰਗ ਵਿਚ ਰੰਗੇ ਅਟੰਕ ਬੈਠੇ ਰਿਹਾ ਕਰਨ, ਤਾਂ ਲੋਕਾਂ ਵਿਚ ਏਸ ਗਲ ਦੀ ਬੜੀ ਚਰਚਾ ਹੋਣ ਲਗ ਪਈ। ਜਿਸ ਕਿਸੇ ਭੀ ਸਾਧ ਫ਼ਕੀਰ ਨੇ ਆਉਣਾ ਇਨ੍ਹਾਂ ਦੀ ਕੁਟੀਆ ਵਿਚ ਹੀ ਜਾ ਡੇਰਾ ਲਾਉਣਾ। ਇਨ੍ਹਾਂ ਦੀ ਰੁਚੀ ਭੀ ਗਿਆਨ-ਗੋਸ਼ਟ ਵਲ ਦਿਨੋ ਦਿਨ ਵਧ ਰਹੀ ਸੀ। ਜੇ ਕਿਤੇ ਦੂਜੇ ਪਿੰਡ ਭੀ ਕਿਸੇ ਸੰਤ ਜਾਂ ਮਹਾਤਮਾਂ ਪੁਰਸ਼ ਦੀ ਦੱਸ ਪੈ ਜਾਵੇ ਤਾਂ ਪੁਜਕੇ ਜਾ ਦਰਸ਼ਨ ਮੇਲਾ ਕਰਨਾ ਅਤੇ ਜੋ ਸੇਵਾ ਸਰ ਬਣ ਆਉਣੀ, ਉਸ ਨੂੰ ਸਿਰੇ ਚਾੜ੍ਹਣੋਂ ਸੰਕੋਚ ਨ ਕਰਨਾ। ਇਸ ਤਰ੍ਹਾਂ ਇਨ੍ਹਾਂ ਦੇ ਕਈ ਸੰਸੇ ਤੇ ਭਰਮ ਦੂਰ ਹੋ ਗਏ। ਇਕ ਵਾਰੀ ਦੀ ਗਲ ਹੈ ਕਿ ਇਕ ਰੋੜੇ ਭੋੜੇ ਉਦਾਸੀ ਮਹਾਤਮਾ ਦੇਵਾ ਦਾਸ, ਗਲ ਵਿਚ ਚੋਲਾ ਤੇ ਤੇੜ ਖਿਸਕੂ ਬੰਨ੍ਹੀ ਪਿੰਡ ਵਿਚ ਆ ਵੜੇ ਇਨ੍ਹਾਂ ਮਹਾਤਮਾਂ ਦਾ ਇਹ ਕੰਮ ਸੀ ਕਿ ਪਿੰਡ ਪਿੰਡ ਫਿਰ ਕੇ ਲੋਕਾਂ ਨੂੰ ਰਬ ਵਿਖਾਉਣ ਦੇ ਝਾਂਸੇ ਦੇ ਕੇ ਗੁਰੂ ਡਮ ਦਾ ਪ੍ਰਚਾਰ ਕਰਨਾ। ਭਾਈ

ਦਲੀਪ ਸਿੰਘ ਹੁਰਾਂ ਦੇ ਨਿਰਛਲ ਦਿਲ ਵਿਚ ਸੇਵਾ ਭਾਵ ਦੇ ਉਤਸ਼ਾਹ ਦੀ ਪ੍ਰੀਤ ਰੀਤ ਪੈ ਚੁਕੀ ਸੀ। ਆਪ ਬਿਨਾਂ ਕਿਸੇ ਲੰਮੀ ਸੋਚ ਵਿਚਾਰ ਦੇ ਇਨ੍ਹਾਂ ਦੀ ਸੇਵਾ ਵਿਚ ਜੁਟ ਪਏ। ਸੰਤਾਂ ਪਾਸੋਂ ਗੁਰਬਾਣੀ ਦੀ ਗਿਆਨ ਚਰਚਾ ਤੇ ਵਿਦਾਂਤ ਦੀਆਂ ਦਲੀਲਾਂ ਜਦ ਸੁਣੀਆਂ, ਤਾਂ ਮਨ ਹੋਰ ਭੀ ਵਧੇਰੇ ਇਨ੍ਹਾਂ ਵਲ ਪ੍ਰੇਰਤ ਹੋ ਗਿਆ।

ਇਨ੍ਹਾਂ ਨੂੰ ਏਸ ਤਰ੍ਹਾਂ ਤਨੋਂ ਮਨੋਂ ਤੇ ਧਨੋਂ ਸੇਵਾ ਵਿਚ ਲਗਿਆਂ ਵੇਖ ਕੇ ਪਿੰਡ ਦੇ ਹੋਰ ਦੂਜੇ ਸਜਨਾਂ ਦੀ ਬ੍ਰਿਤੀ ਦਾ ਭੀ ਸੰਤਾਂ ਵਲ ਕੁਝ ਝੁਕਾ ਹੋ ਗਿਆ। ਸਹਿਜੇ ਸਹਿਜੇ ਕਰਦਿਆਂ ਕਰਾਉਂਦਿਆਂ ਸੰਤਾਂ ਦਾ ਪਿੰਡ ਵਿਚ ਪਕਾ ਡੇਰਾ ਲਗ ਗਿਆ। ਸੰਤਾਂ ਦੇ ਹਰ ਇਕ ਉਪਦੇਸ਼ ਦਾ ਤਤ ਦੇਹ ਧਾਰੀ ਗੁਰੂ ਧਾਰਨ ਉਤੇ ਹੀ ਨਿਕਲਦਾ ਸੀ। ਰਾਜੇ ਜਨਕ ਦਾ ਅਸ਼ਟਾ ਬਕਰ ਗੁਰੂ ਧਾਰਨ ਕਰਨ ਆਦਿ ਦੀਆਂ ਕਈ ਲਲ੍ਹੋ-ਪਪੀਆਂ ਲਾ ਕੇ ਸਾਖੀਆਂ ਸੁਣਾ ਕੇ ਸੰਤਾਂ ਨੇ ਆਪ ਨੂੰ ਆਪਣੇ ਜਾਲ ਵਿਚ ਫਸਾ ਲਿਆ।

ਰਬ ਵੇਖਣ ਦੀ ਪ੍ਰਬਲ ਇਛਿਆ ਅਨੁਸਾਰ ਆਪ ਅੱਠੇ ਪਹਿਰ ਸੰਤਾਂ ਦੀ ਹਜ਼ੂਰੀ ਵਿਚ ਰਹਿਣ ਲਗ ਪਏ। ਕਦੇ ਕਦਾਈਂ ਪੰਜੀਂ ਸਤੀਂ ਦਿਨੀਂ ਜੇ ਚਿਤ ਕਰਨਾ ਤੇ ਘਰ ਨੂੰ ਜਾਣਾ ਨਹੀਂ ਤਾਂ ਉਥੇ ਰਬ ਮਿਲਣ ਦੀ ਜਪਨੀ ਜਪਦਿਆਂ ਰਿਹਾ ਕਰਨਾ। ਆਪਣੇ ਖ਼ਰਚ ਨਾਲ ਬਾਗ਼ ਵਿਚ ਸੰਤਾਂ ਲਈ ਪੱਕੀ ਕੁਟੀਆ ਤਿਆਰ ਕਰਵਾ ਦਿਤੀ ਗਈ। ਕੁਟੀਆ ਵਿਚ ਦੁਧ, ਦਹੀਂ, ਖੰਡ ਆਦਿਕ ਦੀ ਜਿਥੇ ਕਦੀ ਕਮੀ ਨਹੀਂ ਵਾਪਰਨ ਦਿੰਦੇ ਸਨ, ਉਸ ਦੇ ਨਾਲ ਹੀ ਇਕ ਬੋਰੀ ਬਦਾਮਾਂ ਦੀ ਸਰਦਾਈ ਲਈ ਰਖਾ ਦਿਤੀ। ਪਾਖੰਡੀ ਸਾਧ ਲੰਡੇ ਗਿਦੜ ਵਾਂਗ ਲਗਾ ਲੇੜ੍ਹਣ ਤੇ ਕੱਛਾਂ ਮਾਰਨ ਕਿ ਜੇ ਅਜਿਹਾ ਸਰਦਾ ਪੁਜਦਾ ਸਿੰਘ ਮੈਨੂੰ ਗੁਰੂ ਧਾਰ ਲਵੇ ਤਾਂ ਵਾਹ ਵਾਹ, ਇਹ ਖਾਣ ਪੀਣ ਦਾ ਮੌਜੂ ਬਣਿਆ ਰਹੇਗਾ। ਅਖੀਰ ਸੰਤ ਪ੍ਰੇਰਨਾ ਕਰਕੇ ਆਪ ਜੈਸੇ ਸਾਧੂ ਸੁਭੌ ਨੂੰ ਆਪਣਾ ਚੇਲਾ ਬਣਾ ਕੇ ਗੁਰੂ ਬਣ ਹੀ ਬੈਠੇ। ਆਖਣ ਲਗੇ ਕਿ ਅਸੀਂ ਇਕ ਛਿਲਾ ਕਟਣਾ ਹੈ, ਇਥੇ ਹੀ ਕਟ ਲੈਂਦੇ ਹਾਂ। ਭਗਤਾ! ਤੈਨੂੰ ਭੀ ਲਾਭ ਹੋਵੇਗਾ। ਇਹ ਗਲਾਂ ਬਾਤਾਂ ਹੋ ਹੀ ਰਹੀਆਂ ਸਨ ਜੋ ਆਪ ਦਾ ਸੌਹਰਾ ਤੇ ਇਕ ਹੋਰ ਲਾਗ ਦੇ ਪਿੰਡ ਦਾ ਸਿੰਘ ਨ ਆ ਗਏ। ਇਹ ਦੋਵੇਂ ਸਜਣ ਇਸ

ਸਾਧ ਦੀਆਂ ਠਗੀਆਂ ਠੋਰੀਆਂ ਤੋਂ ਚੰਗੀ ਤਰ੍ਹਾਂ ਜਾਣੂੰ ਸਨ। ਉਨ੍ਹਾਂ ਨੇ ਜਦ ਇਨ੍ਹਾਂ ਨੂੰ ਏਸ ਧੋਖੇ ਦੇ ਜਾਲ ਵਿਚ ਫਸਿਆ ਹੋਇਆ ਵੇਖਿਆ ਤਾਂ ਪਹਿਲਾਂ ਤਾਂ ਇਨ੍ਹਾਂ ਦੇ ਭੋਲੇ-ਪਨ ਤੇ ਬੜੇ ਹੀ ਹਸੇ, ਪਿਛੋਂ ਉਸ ਦੁਸ਼ਟ ਸਾਧ ਦੀਆਂ ਕਾਲੀਆਂ ਕਰਤੂਤਾਂ ਖੋਲ੍ਹ ਕੇ ਦਸੀਆਂ। ਪਾਖੰਡੀ ਸਾਧ ਨੂੰ ਦਾਬਾ ਮਾਰ ਕੇ ਇਨ੍ਹਾਂ ਜਦ ਲਾਲ ਅਖਾਂ ਵਿਖਾਈਆਂ ਤਾਂ ਉਹ ਤੇ ਖਿਸਕੂ ਮੰਤ੍ਰ ਪੜ੍ਹ ਗਿਆ, ਪਰ ਭਾਈ ਦਲੀਪ ਸਿੰਘ ਆਪਣੇ ਕੀਤੇ ਤੇ ਬੜੇ ਹੀ ਪਸ਼ੇਮਾਨ ਹੋਏ। ਮਨ ਵਿਚ ਈਸ਼ਵਰ ਪ੍ਰਾਪਤੀ ਦੀ ਲਗਨ ਲਗ ਚੁਕੀ ਸੀ। ਭਾਵੇਂ ਬ੍ਰਾਹਮਣ ਦੇ ਧੰਨੇ ਭਗਤ ਨਾਲ ਠੱਗੀ ਕਰਨ ਵਾਂਗ ਉਸ ਸਾਧ ਨੇ ਭੀ ਚਾਲਾਕੀ ਹੀ ਕੀਤੀ ਸੀ,ਪਰ ਆਪਦੇ ਕੋਮਲ ਹਿਰਦੇ ਤੇ ਵੈਰਾਗ ਦੀ ਚੋਟ ਲਗ ਚੁਕੀ ਸੀ। ਆਪ ਬੜੇ ਹੀ ਪਸ਼ਚਾਤਾਪ ਕਰਿਆ ਕਰਨ ਇਕ ਕਿ ਹੀ ਭਲਾ ਸਮਾਂ ਮਿਲਿਆ ਸੀ, ਜੋ ਰਬੀ ਮਿਲਾਪ ਵਲ ਮਨ ਨੇ ਪਲਟਾ ਖਾਧਾ ਸੀ, ਪਰ ਇਹ ਮਾਇਆ ਦਾ ਛਲ ਹੋ ਗਿਆ। ਅੱਛਾ ! ਇਸ ਵੇਲੇ ਤਕ ਤੇ ਜੋ ਕੁਛ ਹੋਇਆ ਸੋ ਹੋਇਆ, ਹੁਣ ਈਸ਼ਵਰ ਦੀ ਪ੍ਰਾਪਤੀ ਬਿਨਾਂ ਕਦੇ ਇਕ ਪਲ ਭੀ ਚੈਨ ਨਹੀਂ ਲੈਣਾ ਹੈ। ਅੱਠੇ ਪਹਿਰ ਪਵਿੱਤ੍ਰ ਗੁਰਬਾਣੀ ਦਾ ਜਾਪ ਤੇ ਵਿਚਾਰ ਸ਼ੁਰੂ ਰਖਣੀ। ਸਵੇਰੇ ਉਠ ਕੇ ਮਾਲਾ ਫੜ ਕੇ ਈਸ਼ਵਰੀ ਜਾਪ ਕਰਨਾ। ਏਸ ਤਰ੍ਹਾਂ ਸਚੇ ਪ੍ਰੀਪੂਰਨ ਪ੍ਰਮਾਤਮਾਂ ਦੀ ਭਗਤੀ ਤੇ ਖੋਜ ਦਾ ਪ੍ਰੇਮ ਇਨ੍ਹਾਂ ਦੇ ਲੂੰ ਲੂੰ ਵਿਚ ਧਸ ਗਿਆ, ਜਿਸ ਦਾ ਸਿਟਾ ਇਹ ਹੋਇਆ ਕਿ ਇਨ੍ਹਾਂ ਦੇ ਮਨ ਵਿਚ ਨਿਮਰਤਾ, ਦਯਾ ਅਤੇ ਸਚਿਆਈ ਦਾ ਬਹੁਤ ਜ਼ੋਰ ਹੋ ਗਿਆ। ਇਸ ਦੇ ਨਾਲ ਹੀ ਸੁਭੱਾ ਵਿਚ ਭੀ ਮਿਠਾਸ ਅਤੇ ਸੀਤਲਤਾ ਦਾ ਵਾਧਾ ਹੋ ਗਿਆ। ਬੜੀ ਸਹਿਜੇ ਨਿਮਰਤਾ ਨਾਲ ਗਲ ਕਰਨੀ, ਜੁ ਅਗਲੇ ਨੂੰ ਆਪਣੇ ਉਤੇ ਮੋਹਤ ਕਰ ਲੈਣਾ। ਇਨ੍ਹਾਂ ਦਾ ਦਰਦੀ ਦਿਲ ਦੁਖੀਆਂ ਦਾ ਦੁਖ ਵੇਖ ਕੇ ਜਰ ਨ ਸਕਿਆ ਕਰੇ।

ਚੂਹੜੇ ਦੀ ਮਾਰ ਤੇ ਪਸਚਾਤਾਪ !

ਸੰ: ੧੯੭੫ ਬਿ: ਮਾਘ ਦੇ ਮਹੀਨੇ ਇਕ ਨਾਨਕ ਨਾਮੇ ਚੂਹੜਾ ਮੁੰਡਾ ਇਨ੍ਹਾਂ ਦੀ ਪੈਲੀ ਵਿਚੋਂ ਚੋਰੀ ਮਣਛਿੱਟੀਆਂ ਵੱਢਣ ਜਾ ਲੱਗਾ। ਹਵੇਲੀ ਵਿਚੋਂ ਇਨ੍ਹਾਂ ਦੇ ਛੋਟੇ ਭਰਾ ਨੇ ਬੜੀਆਂ ਅਵਾਜ਼ਾਂ ਮਾਰੀਆਂ, ਪਰ ਉਹ ਇਸ ਗਲੋਂ ਨ ਟਲਿਆ। ਅਖੀਰ ਨੂੰ ਇਨ੍ਹਾਂ ਦੇ ਛੋਟੇ ਭਰਾ ਨੇ ਜਾ ਕੇ ਚੂਹੜੇ ਮੁੰਡੇ ਨੂੰ ਦਾਬਾ

ਧਾਸਾ ਦੇ ਕੇ ਝਾੜ-ਝੰਬ ਕਰਨੀ ਚਾਹੀ। ਅਗੋਂ ਉਹ ਚੂਹੜਾ ਮੁੰਡਾ ਭੀ ਬੜਾ ਅੜਬੈਗ ਸੀ। ਉਸ ਨੇ ਸਾਹਵੀਂ ਚੁਕ ਗਾਹਲ ਕਢੀ। ਏਸ ਤਰ੍ਹਾਂ ਗਲ ਦਾ ਗਲੈਣ ਬਣ ਕੇ ਵਧਾਣ ਵਧ ਗਿਆ। ਚੂਹੜਾ ਮੁੰਡਾ ਐਵੇਂ ਝੂਠ ਮੂਠ ਹੀ ਆਖੀ ਜਾਵੇ ਕਿ ਮੈਂ ਪਿੰਡੋਂ ਸ: ਦਲੀਪ ਸਿੰਘ ਹੋਰਾਂ ਨੂੰ ਪੁਛ ਕੇ ਆਇਆ ਹਾਂ। ਏਸ ਤਨਾਜ਼ੇ ਸਮੇਂ ਆਪ ਭੀ ਪਿੰਡੋਂ ਉਥੇ ਪੁਜ ਗਏ। ਜਦ ਉਨ੍ਹਾਂ ਨੂੰ ਪਤਾ ਲਗਾ ਕਿ "ਨਾਲੇ ਚੋਰ ਤੇ ਨਾਲੇ ਚਤ੍ਰ" ਅਨੁਸਾਰ ਇਹ ਝੂਠ ਮਾਰਦਾ ਹੈ, ਤਾਂ ਇਨ੍ਹਾਂ ਨੂੰ ਝੂਠ ਸੁਣ ਕੇ ਬੜਾ ਗੁੱਸਾ ਆ ਗਿਆ ਤੇ ਤਾਮਸੀ ਵਸ ਹੋ ਕੇ ਉਸ ਚੂਹੜੇ ਮੁੰਡੇ ਨੂੰ ਮਾਰਨ ਲਗ ਪਏ। ਪਿਛੋਂ ਮੁਸ਼ਕਾਂ ਬੰਨ੍ਹ ਕੇ ਰੁੱਖ ਨਾਲ ਲਟਕਾ ਦਿਤਾ। ਅਖੀਰ ਸ਼ਾਮਾਂ ਨੂੰ ਨਕ ਨਾਲ ਲੀਕਾਂ ਕਢਾ, ਕੰਨਾਂ ਨੂੰ ਹੱਥ ਲੁਆ ਕੇ ਉਸ ਨੂੰ ਛਡ ਦਿਤਾ।

ਰਾਤ ਆ ਕੇ ਘਰ ਸੁਤੇ ਤਾਂ ਇਸ ਕਾਰਵਾਈ ਨੂੰ ਚੇਤੇ ਕਰ ਕੇ ਬੜਾ ਹੀ ਪਸ਼ਚਾਤਾਪ ਕੀਤਾ। ਆਪ ਦੇ ਕੋਮਲ ਮਨ ਤੇ ਅਜਿਹੀ ਚੋਟ ਲੱਗੀ ਜੋ ਦਿਨ ਚੜ੍ਹਦੇ ਨੂੰ ਉਸ ਚੂਹੜੇ ਮੁੰਡੇ ਦੇ ਪਿਉ ਨੂੰ ਸਦ ਕੇ ਆਖਿਆ ਕਿ ਮੈਂ ਗੁਸੇ ਵਿਚ ਆ ਕੇ ਬੜੀ ਭੁਲ ਕੀਤੀ ਹੈ, ਮੈਨੂੰ ਮਾਫ਼ੀ ਦਿਓ। ਅਧ ਮਣ ਕਣਕ, ਕੁਝ ਆਟਾ, ਤੇ ਸੇਰ ਕੁ ਘਿਓ ਦਿਤਾ ਕਿ ਮੁੰਡੇ ਨੂੰ ਖੁਲਾਓ ਪਿਲਾਓ ਤਾਂ ਜੋ ਇਹ ਤਕੜਾ ਹੋ ਜਾਵੇ। ਹਾੜੀ ਨੂੰ ਵਾਢੀਆਂ ਵਿਚ ਇਕ ਭਰੀ ਕਣਕ ਦੀ ਦਿਤੀ। ਬੋਹਲ ਬੰਨ੍ਹਣ ਸਮੇਂ ਇਕ ਮਣ ਕਣਕ ਦਿਤੀ। ਇਸ ਦੇ ਪਿਛੋਂ ਸ਼ਹੀਦ ਹੋਣ ਤਕ ਆਪ ਹਰ ਸਾਲ ਹਾੜੀ ਦੀ ਹਾੜੀ ਉਸ ਨੂੰ ਨੇਮ ਨਾਲ ਇਕ ਮਣ ਕਣਕ ਦਿਆ ਕਰਦੇ ਸਨ। ਇਸ ਤੋਂ ਪਤਾ ਲਗਦਾ ਹੈ ਕਿ ਆਪ ਦਾ ਦਿਲ ਕਿੰਨਾ ਦਿਆਲੂ ਸੀ ਤੇ ਗ਼ਲਤੀ ਕਰ ਕੇ ਭੀ ਮੁੜ ਉਹਦਾ ਪਸਚਾਤਾਪ ਕਰ ਕੇ ਕਿਵੇਂ ਦਰਵ ਜਾਇਆ ਕਰਦਾ ਸੀ।

ਬੱਚਿਆਂ ਨਾਲ ਪਿਆਰ ਕਰਨਾ

ਆਪਦੇ ਅਨੇਕਾਂ ਉਤਮ ਗੁਣਾਂ ਵਿਚੋਂ ਇਹ ਭੀ ਇਕ ਸ਼ੁਭ ਗੁਣ ਸੀ ਕਿ ਆਪ ਹਮੇਸ਼ਾ ਦਿਲੋਂ ਕੋਸ਼ਿਸ਼ ਕਰਿਆ ਕਰਦੇ ਸਨ, ਜੁ ਆਪ ਪਾਸੋਂ ਕਿਸੇ ਦਾ ਦਿਲ ਨਾ ਦੁਖੇ। ਖਾਸ ਕਰ ਕੇ ਉਨ੍ਹਾਂ ਦੀ ਸਭ ਤੋਂ ਵਡੀ ਖਾਹਸ਼ ਇਹ ਹੋਇਆ ਕਰਦੀ ਸੀ ਕਿ ਉਨ੍ਹਾਂ ਦੀ ਬ੍ਰਾਦਰੀ ਅਤੇ ਸਾਕ ਅੰਗ ਉਨ੍ਹਾਂ ਤੇ ਖੁਸ਼ ਰਿਹਾ ਕਰਨ। ਏ

ਨਿਰਭੈ ਦੂਲਾ

ਭਾਈ ਦਲੀਪ ਸਿੰਘ ਜੀ ਸ਼ਹੀਦ

ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਾਂਹਿ ਸੰਤ ਬਸਾਰੇ ।



ਇਹ ਤਨੁ ਤੁਮਰਾ ਸਭੁ ਗ੍ਰਿਹੁ ਧਨੁ ਤੁਮਰਾ ਹਂਉ ਕੀਉ ਕੁਰਬਾਨਾ ।

ਧਨੁ ਨਹੀ ਬਾਛਹਿ ਸੁਰਗ ਨਹੀ ਆਛਹਿ ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ।

ਖਿਆਲ ਨਾਲ ਉਹ ਸਭ ਨੂੰ ਸਚੇ ਗੁਰ-ਸਿਖਾਂ ਵਾਂਗ ਇਕ ਅੰਗ ਸਮਝਿਆ ਕਰਦੇ ਸਨ। ਇਸ ਉਚੇ ਆਦਰਸ਼ ਨੂੰ ਸਾਮ੍ਹਣੇ ਰਖਦਿਆਂ ਹੋਇਆਂ ਉਨ੍ਹਾਂ ਜਦੋਂ ਕਦੇ ਭੀ ਵਾਂਢਿਓਂ ਤਾਂਢਿਓ ਹੋ ਕੇ ਪਿੰਡ ਨੂੰ ਜਾਣਾ ਤਾਂ ਮਠਿਆਈ ਅਤੇ ਫਲ ਆਦਕ ਲਈ ਜਾਣੇ। ਆਪਣੇ ਘਰ ਵੜਣ ਤੋਂ ਪਹਿਲਾਂ ਹੀ ਸਭ ਬ੍ਰਾਦਰੀ ਦੇ ਬੱਚਿਆਂ ਨੂੰ ਢੂੰਡ ਕੇ ਬੜੇ ਪ੍ਰੇਮ ਨਾਲ ਖਿੜੇ ਮੱਥੇ ਇਹ ਚੀਜ਼ਾਂ ਦੇਣੀਆਂ। ਸਿਰਾਂ ਤੇ ਪਿਆਰ ਦੇਣੇ ਤੇ ਹਸ ਹਸ ਕੇ ਬੜੇ ਤੇਹ ਮੋਹ ਨਾਲ ਚੋਹਲ ਮੋਹਲ ਕਰਨੇ। ਇਸ ਤਰ੍ਹਾਂ ਸ਼ਰੀਕੇ ਦੇ ਬਚੇ ਆਪ ਨਾਲ ਬੜੀ ਮੁਹੱਬਤ ਕਰਿਆ ਕਰਦੇ ਸਨ।

ਪਹਾੜ ਤੇ ਸਿਖੀ ਪ੍ਰਚਾਰ ਦਾ ਖਿਆਲ ਤੇ ਫ਼ੋਟੋ ਲੁਹਾਉਣੀ

ਇਕ ਸਾਲ ਗਰਮੀਆਂ ਦੀ ਰੁਤੇ ਆਪ ਕਸ਼ਮੀਰ ਪਰਬਤਾਂ ਤੇ ਸੈਰ ਕਰਨ ਲਈ ਗਏ। ਸ: ਕਰਤਾਰ ਸਿੰਘ ਸਰਕਲ ਰਜਿਸਟ੍ਰਾਰ ਤੇ ਸ: ਮਹਿੰਦਰ ਸਿੰਘ ਜੀ ਬੈਰਿਸਟਰ ਲਾਇਲਪੁਰ ਭੀ ਨਾਲ ਸਨ। ਉਥੇ ਗਰਮੀਆਂ ਬਤੀਤ ਕੀਤੀਆਂ। ਪਹਾੜੀ ਵਸਨੀਕਾਂ ਦੀ ਅਤਿ ਗ਼ਰੀਬੀ ਅਤੇ ਅਵਿਦਿਆ ਨੂੰ ਤਕ ਕੇ ਆਪ ਦਾ ਦਰਦੀ ਦਿਲ ਭਰ ਆਇਆ। ਉਸੇ ਵੇਲੇ ਆਪ ਦੇ ਦਿਲ ਵਿਚ ਖਿਆਲ ਆਇਆ ਕਿ ਇਥੇ ਇਕ ਕੋਠੀ ਖ਼੍ਰੀਦ ਲਈ ਜਾਵੇ, ਜਿਥੇ ਧਰਮ ਪ੍ਰਚਾਰ ਕਰਨ ਵਾਲੇ ਜਥਿਆਂ ਦਾ ਹੈਡ ਕੁਆਟਰ (Head Quarter) ਬਣਾ ਦਿਤਾ ਜਾਵੇ। ਇਕ ਹਿਸੇ ਵਿਚ ਇਨ੍ਹਾਂ ਅਨਾਥਾਂ ਅਤੇ ਲੋੜਵੰਦਾਂ ਦੀ ਵਿਦਿਆ ਦਾ ਪ੍ਰਬੰਧ ਕਰ ਦਿਤਾ ਜਾਵੇ ਅਤੇ ਦੂਜੇ ਹਿਸੇ ਵਿਚ ਹਰ ਸਾਲ ਗਰਮੀ ਦੀ ਬਹਾਰੇ ਖ਼ੁਦ ਰਹਿ ਕੇ ਇਸ ਨੇਕ ਕੰਮ ਵਿਚ ਸਹਾਇਤਾ ਕੀਤੀ ਜਾਇਆ ਕਰੇ। ਇਕ ਕੋਠੀ ਦੇ ਮਾਲਕ ਨਾਲ ਪੁਛ ਗਿਛ ਹੋਈ ਤੇ ਉਹ ਵੇਚਣ ਨੂੰ ਭੀ ਤਿਆਰ ਹੋਇਆ। ਪਰ ਕਈਆਂ ਖਾਸ ਕਾਰਨਾਂ ਕਰ ਕੇ ਉਸ ਸਮੇਂ ਆਪ ਇਸ ਨੇਕ ਕੰਮ ਨੂੰ ਸਿਰੇ ਨ ਚਾੜ੍ਹ ਸਕੇ ਤੇ ਇਸ ਲੋੜੀਂਦੇ ਕੰਮ ਨੂੰ ਕਿਸੇ ਹੋਰ ਚੰਗੇ ਸਮੇਂ ਤੇ ਮੁਲਤਵੀ ਕਰ ਦਿਤਾ ਗਿਆ।

ਇਕ ਸਮੇਂ ਜਦੋਂ ਕਿ ਆਪ ਮਰੀ ਪਹਾੜ ਤੇ ਹੀ ਸਨ ਤਾਂ ਇਨ੍ਹਾਂ ਦੇ ਗੂੜ੍ਹੇ ਮਿੱਤਰ ਭਾਈ ਮਹਿੰਦਰ ਸਿੰਘ ਬੈਰਿਸਟਰ ਨੇ ਫੋਟੋ ਲੁਹਾਉਣ ਲਈ ਬੜਾ ਜ਼ੋਰ ਦਿਤਾ। ਆਪ ਪਤਾ ਨਹੀਂ ਕਿਉਂ ਤਸਵੀਰ ਲੁਹਾਉਣ ਦੇ ਬਰਖ਼ਿਲਾਫ਼ ਸਨ। ਉਸ ਸਜਣ ਨੇ ਕਈ ਵੇਰ ਯਤਨ ਕੀਤੇ, ਪਰ ਇਨ੍ਹਾਂ ਨੇ ਹਰ ਵੇਰ ਹੀ

ਇਨਕਾਰ ਕਰ ਦਿਤਾ। ਅਖ਼ੀਰ ਉਸ ਸਜਣ ਨੇ ਇਕ ਸਮੇਂ ਜਦੋਂ ਕਿ ਇਹ ਇਕ ਪਹਾੜੀ ਤੇ ਚੜ੍ਹ ਰਹੇ ਸਨ ਪਿਛਲੇ ਪਾਸਿਓਂ ਹੋ ਕੇ ਇਨ੍ਹਾਂ ਦੀ ਮਰਜ਼ੀ ਦੇ ਉਲਟ ਹੈਂਡ ਕੈਮਰੇ ਨਾਲ ਮਾੜੀ ਮੋਟੀ ਤਸਵੀਰ ਖਿਚ ਲਈ।। ਇਹ ਉਹੋ ਫ਼ੋਟੋ ਹੈ, ਜੋ ਠੀਕ ਕਰਾ ਕੇ ਪਾਠਕਾਂ ਦੀ ਦਿਲਚਸਪੀ ਲਈ ਦਿਤੀ ਜਾ ਰਹੀ ਹੈ।

ਆਪਣੇ ਨਗਰ ਦੇ ਸੁਧਾਰ ਲਈ ਯਤਨ ਕਰਨਾ

ਇਲਾਕੇ ਵਿਚ ਬਾਬਾ ਮੂਲ ਸਿੰਘ ਜੀ ਗਰਮੂਲਾ ਵਲੋਂ ਗੁਰ-ਸਿਖੀ ਦਾ ਚੰਗਾ ਪ੍ਰਚਾਰ ਹੋ ਰਿਹਾ ਸੀ। ਪਿੰਡੋ ਪਿੰਡੀ ਗੁਰਮਤ ਦੇ ਦੀਵਾਨ ਲਗਿਆ ਕਰਦੇ ਸਨ। ਗੁਰਦੁਆਰਾ ਸੁਧਾਰ ਲਹਿਰ ਦਾ ਅਜੇ ਆਰੰਭ ਹੀ ਹੋਇਆ ਸੀ। ਆਪ ਫਿਰਨ ਤੁਰਨ ਵਾਲੇ ਬੰਦੇ ਸਨ। ਇਨ੍ਹਾਂ ਦੀਵਾਨਾਂ ਉਤੇ ਆਉਣ ਜਾਣ ਦੇ ਕਾਰਨ ਆਪ ਦੇ ਦਿਲ ਨੂੰ ਭਰਾਵਾਂ ਦੇ ਸੁਧਾਰ ਦੀ ਚੋਟ ਲਗ ਚੁਕੀ ਸੀ। ਰਾਤ ਦਿਨੇ ਆਪ ਨੂੰ ਚਤੇ ਪਹਿਰ ਇਹੋ ਹੀ ਖ਼ਿਆਲ ਰਹਿੰਦਾ ਸੀ ਕਿ ਕਿਵੇਂ ਨਾ ਕਿਵੇਂ ਸਾਡੇ ਨਗਰ ਦੇ ਸਿੰਘ ਭੀ ਕੁਰੀਤੀਆਂ ਦੂਰ ਕਰਕੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਜਾਣ। ਉਸ ਸਮੇਂ ਮੰਦੇ ਭਾਗਾਂ ਨੂੰ ਆਪ ਦੇ ਨਗਰ ਵਿਚ ਸ਼ਰਾਬ ਖ਼ਾਨਾ ਖ਼ਰਾਬ ਦਾ ਠੇਕਾ ਖੁਲ੍ਹਿਆ ਹੋਇਆ ਸੀ, ਜਿਸ ਦੇ ਕਾਰਨ ਲੋਕਾਂ ਵਿਚ ਮੁਕੱਦਮੇ ਬਾਜ਼ੀ ਤੇ ਲੜਾਈਆਂ ਝਗੜਿਆਂ ਦੇ ਮੁਢ ਬਝੇ ਰਹਿੰਦੇ ਸਨ। ਇਨ੍ਹਾਂ ਕੁਕਰਮਾਂ ਤੇ ਵਹਿਬਤਾਂ ਦੇ ਕਾਰਨ ਇਹ ਪਿੰਡ ਸਾਰੇ ਇਲਾਕੇ ਵਿਚ ਬਹੁਤ ਬਦਨਾਮ ਹੋ ਚੁਕਾ ਸੀ। ਆਪ ਨੇ ਆਪਣੇ ਇਨ੍ਹਾਂ ਭੁੱਲੜ ਭਰਾਵਾਂ ਨੂੰ ਇਸ ਬੇ-ਸਮਝੀ ਦੀ ਨੀਂਦੋਂ ਟੁੰਬ ਟੁੰਬ ਕੇ ਜਗਾਉਣਾ ਆਪਣਾ ਜ਼ਰੂਰੀ ਫ਼ਰਜ਼ ਬਣਾ ਲਿਆ ਸੀ। ਇਸ ਨੂੰ ਸਿਰੇ ਚਾੜ੍ਹਣ ਲਈ ਹਰ ਤਰ੍ਹਾਂ ਹਦੋਂ ਪਰੇ ਹੋ ਕੇ ਕੋਸ਼ਸ਼ ਕੀਤੀ। ਸ਼ਰਾਬ ਦੇ ਠੇਕੇ ਦੀ ਲਾਹਣਤ ਨੂੰ ਪਿੰਡੋਂ ਦੂਰ ਕਰਨ ਲਈ ਅਫ਼ਸਰਾਂ ਨੂੰ ਮਿਲੇ ਗਿਲੇ। ਭਰਾਵਾਂ ਦੀ ਤਰਸ-ਯੋਗ ਹਾਲਤ ਨੂੰ ਵੇਖ ਕੇ ਜਰ ਨਾ ਸਕਣਾ। ਤਾਂ ਸਤਿਗੁਰੂ ਦੀ ਹਜ਼ੂਰੀ ਵਿਚ ਖੜੇ ਹੋ ਕੇ ਨਿਮਰਤਾ ਭਾਵ ਨਾਲ ਅਰਜੋਈਆਂ ਤੇ ਅਰਦਾਸਾਂ ਕਰਨੀਆਂ। ਇਸ ਸਮੇਂ ਇਨ੍ਹਾਂ ਦੇ ਜੋਦੜੀਆਂ ਕਰਦਿਆਂ ਹੋਇਆਂ ਨੇਤ੍ਰਾਂ ਵਿਚੋਂ ਤਰੱਪ ਤਰੱਪ ਹੰਝੂ ਵਗਣ ਲਗ ਜਾਣੇ। ਆਪ ਦੇ ਸੱਚੇ ਹਿਰਦੇ ਵਿਚੋਂ ਇਹ ਅਰਦਾਸ ਨਿਕਲਿਆ ਕਰਨੀ "ਸਤਿਗੁਰ ਸਚੇ ਪਾਤਸ਼ਾਹ! ਤੇਰਿਆਂ ਇਨ੍ਹਾਂ

ਸੁੱਤਿਆਂ ਸ਼ੇਰਾਂਨੂੰ ਕਦੋਂ ਜਾਗ ਆਵੇਗੀ ਤੇ ਇਹ ਆਪਣੇ ਫ਼ਰਜ਼ ਨੂੰ ਪਛਾਨਣਗੇ ?" ਪਿੰਡ ਵਿਚ ਜਿਥੇ ਕਿਤੇ ਭੀ ਚਾਰ ਬੰਦੇ ਪਰ੍ਹੇ ਵਿਚ ਇਕੱਠੇ ਹੋਏ ਵੇਖਣੇ ਉਥੇ ਪੁਜ ਕੇ ਗਲ ਵਿਚ ਪੱਲੇ ਪਾ ਪਾ ਕੇ ਉਨ੍ਹਾਂ ਨੂੰ ਸਮਝਾਉਣੀਆਂ ਦੇਣੀਆਂ। ਦੂਜੇ ਇਲਾਕੇ ਦੇ ਪਿੰਡਾਂ ਦੇ ਸ਼ਰਾਬ ਛੱਡਣ ਤੇ ਅੰਮ੍ਰਿਤ ਛਕਣ ਦੀਆਂ ਗਲਾਂ ਡਾਹਢੇ ਦਰਦ ਭਰੇ ਦਿਲ ਨਾਲ ਦਸਣੀਆਂ। ਆਪ ਦੀ ਜ਼ਬਾਨ ਉਤੇ ਇਹ ਤੁਕਾਂ ਬਹੁਤ ਚੜ੍ਹੀਆਂ ਹੋਈਆਂ ਸਨ "ਅਜਹੂ ਕ੍ਰਛ ਬਿਗਰਿਓ ਨਹੀਂ ਜੋ ਪ੍ਰਭ ਗੁਣ ਗਾਵੈ।" ਆਪ ਦੀਆਂ ਇਨ੍ਹਾਂ ਮੇਹਨਤਾਂ ਨੂੰ ਆਣ ਫਲ ਲਗੇ, ਜੋ ਕੁਝ ਸਿੰਘ ਸ਼ਰਾਬ ਦਾ ਤਿਆਗ ਕਰਕੇ ਆਪ ਦੇ ਖ਼ਿਆਲਾਂ ਦੇ ਹਾਮੀ ਬਣ ਗਏ। ਜਿਸਦਾ ਨਤੀਜਾ ਇਹ ਹੋਇਆ ਕਿ ਜਦੋਂ ਕਦੇ ਭੀ ਕੋਈ ਪਿੰਡ ਵਿਚ ਲੜਾਈ ਝਗੜੇ ਦੀ ਗਲ ਹੋ ਪੈਣੀ ਤਾਂ ਫ਼ੈਸਲਾ ਕਰਾਉਣ ਲਈ ਸਾਰੇ ਭਰਾਵਾਂ ਨੇ ਆਪ ਦੇ ਪਾਸ ਹੀ ਆਉਣਾ। ਉਸ ਸਮੇਂ ਜਿਥੇ ਆਪ ਨੇ ਪੂਰਾ ਪੂਰਾ ਇਨਸਾਫ਼ ਕਰਨਾ, ਉਸ ਦੇ ਨਾਲ ਹੀ ਬੜੇ ਮਿਠੇ ਲਫ਼ਜ਼ਾਂ ਵਿਚ ਸਿਖਿਆ ਦੇਣੀ ਕਿ ਭਰਾ ਜੀ! ਇਹ ਕੰਮ ਸਾਊਆਂ ਤੇ ਬੀਬੇ ਰਾਣਿਆਂ ਦੇ ਨਹੀਂ ਹਨ ਜੋ ਭਰਾ ਨਾਲ ਭਰਾ ਲੜੇ! ਇਨ੍ਹਾਂ ਬਖਾਦਾਂ ਤੇ 'ਝਗੜਿਆਂ ਦਾ ਕੀ ਲਾਭ ਹੈ? ਅਜਿਹੇ ਮੰਦੇ ਕੰਮਾਂ ਅਤੇ ਸ਼ੈਤਾਨੀ ਵੈਹਬਤਾਂ ਦਾ ਫਲ ਭੁਗਤਣ ਲਈ ਕਚਹਿਰੀਆਂ ਵਿਚ ਜਾਣਾ ਪੈਂਦਾ ਹੈ, ਜਿਥੇ ਧਨ ਅਤੇ ਵਕਤ ਦੋਹਾਂ ਦਾ ਨਾਸ ਹੁੰਦਾ ਹੈ। ਅਰਦਲੀਆਂ ਦੇ ਧਕੇ ਅਤੇ ਮੁਨਸ਼ੀਆਂ ਦੀਆਂ ਘੁਰਕੀਆਂ ਨਾਲ ਪਾਣੀਓਂ ਪਤਲਿਆਂ ਹੋ ਕੇ ਆਈਦਾ ਹੈ। ਫੇਰ ਸਾਡੇ ਕਈਆਂ ਭੁਲੜ ਵੀਰਾਂ ਨੂੰ ਜੇਹਲ ਭੁਗਤਣੀ ਪੈਂਦੀ ਹੈ। ਇਹ ਭਰਾ-ਮਾਰੂ ਵਤੀਰਾ ਕਦੀ ਭੀ ਸੁਖਦਾਈ ਨਹੀਂ ਹੋ ਸਕਦਾ। ਖ਼ੂੰਨ ਨਾਲ ਖ਼ੂੰਨ ਕਦੀ ਧੋਤਾ ਨਹੀਂ ਜਾਂਦਾ। ਤੇਲ ਨਾਲ ਅਜ ਤਕ ਕਦੀ ਅਗ ਨਹੀਂ ਬੁਝੀ। ਏਸ ਤਰ੍ਹਾਂ ਇਕ ਦੂਜੇ ਨਾਲ ਅਦਲੇ ਬਦਲੇ ਦੀਆਂ ਭਾਜੀਆਂ ਚਾੜ੍ਹ ਕੇ ਹੋਰ ਭੀ ਕਲ੍ਹਾ ਅਤੇ ਬਖਾਦਾਂ ਉਠ ਖੜੀਆਂ ਹੁੰਦੀਆਂ ਹਨ। ਪਤਾ ਨਹੀਂ ਇਨ੍ਹਾਂ ਭੈੜੇ ਕੰਮਾਂ ਵਿਚੋਂ ਆਪ ਨੂੰ ਕੀ ਸੁਆਦ ਆਉਂਦਾ ਹੈ। ਮਿਟੀ ਨਾਲ ਮਿਟੀ ਹੋ ਕੇ ਰੋਟੀ ਕਮਾਉਂਦੇ ਹੋ ਤੇ ਜੇ ਭਲਾ ਰੱਬ-ਸਬਬੀ ਚਾਰ ਪੈਸੇ ਘਰ ਆ ਭੀ ਜਾਣ, ਤਾਂ ਕਿਉਂ ਖੁਤ-ਕਤੀ ਲਗ ਜਾਵੇ। ਇਹ ਅਚਵੀ ਉੱਨਾ ਚਿਰ ਨਹੀਂ ਲਥਦੀ, ਜਿੰਨਾ ਚਿਰ ਕਿ ਤੁਸੀਂ ਇਨ੍ਹਾਂ ਨੂੰ ਘਰੋਂ ਬਾਹਰ ਕੱਢ ਕੇ ਵਕੀਲਾਂ ਦੇ ਘਰੀਂ ਨਹੀਂ ਸੁਟ ਆਉਂਦੇ ਹੋ।

ਆਪਣੇ ਸੋਹਣੇ ਅੰਮਾਂ ਜਾਏ ਵੀਰਾਂ ਦਾ ਸਿਰ ਚਿਥ ਕੇ ਆਪ ਮਰਦੇ ਹੋ, ਥਾਣੇਦਾਰਾਂ, ਡਾਕਟਰਾਂ ਅਤੇ ਵਕੀਲਾਂ ਦੇ ਘਰੀਂ ਮੌਜਾਂ ਬਣਾ ਦਿੰਦੇ ਹੋ। ਆਪ ਫੇਰ ਉਸੇ ਸੁਕੇ ਟੁਕੜੇ ਲਈ ਤਰਸਦੇ ਰਹਿੰਦੇ ਹੋ। ਇਨ੍ਹਾਂ ਭਰਾ-ਮਾਰੂ ਕੰਮਾਂ ਵਿਚੋਂ ਤੁਹਾਨੂੰ ਕੀ ਲਭਦਾ ਹੈ ? ਸਤਿਗੁਰ ਤਾਂ ਹੁਕਮ ਕਰਦੇ ਹਨ ਕਿ:-

"ਏਕ ਪਿਤਾ ਏਕਸ ਕੇ ਹਮ ਬਾਰਕ ਤੂੰ ਮੇਰਾ ਗੁਰ ਹਾਈ।"
ਯਥਾ:—"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥"

ਜੇ ਤੁਹਾਡੀ ਦੌਲਤ ਘਰ ਵਿਚ ਨਹੀਂ ਮਿਉਂਦੀ ਤਾਂ ਇਸ ਧਨ ਨੂੰ ਸਫਲਾ ਕਰਨ ਲਈ ਧਾਰਮਕ ਆਸ਼ਰਮਾਂ ਲਈ ਦਾਨ ਕਟੋ, ਤਾਂ ਜੋ ਉਸ ਨਾਲ ਕੌਮ ਦੀ ਭਲਿਆਈ ਹੋਵੇ।

ਇਕ ਦਿਨ ਆਪ ਗੁਰਦੁਆਰੇ ਵਿਚ ਖੜੋ ਕੇ ਏਸੇ ਤਰ੍ਹਾਂ ਦੇ ਹੀ ਸ਼ੁਭ ਉਪਦੇਸ਼ ਕਰ ਰਹੇ ਸਨ। ਬੜੇ ਪੁਰ-ਅਸਰ ਤ੍ਰੀਕੇ ਨਾਲ ਸ਼ਰਾਬ ਦੇ ਔਗੁਣ ਦਸੇ। ਆਪ ਦੀ ਕਥਨੀ ਵਿਚ ਬੜਾ ਅਸਰ ਸੀ। ਜਿਸ ਸਮੇਂ ਭੀ ਆਪ ਪ੍ਰਚਾਰ ਕਰਿਆ ਕਰਦੇ ਸਨ ਤਾਂ ਬੜੇ ਹੀ ਰਸੀਲੇ ਅਤੇ ਦਿਲ-ਖਿਚੂ ਢੰਗ ਨਾਲ ਅਗਲੇ ਦਾ ਮਨ ਮੋਹ ਲਿਆ ਕਰਦੇ ਸਨ। ਇਸੇ ਅਸਰ ਤੇ ਖ਼ੂਬੀ ਦੇ ਕਾਰਨ ਇਸ ਦਿਨ ਕਈਆਂ ਸਜਨਾਂ ਨੇ ਸ਼ਰਾਬ ਛਡਣ ਦੇ ਇਕਰਾਰ ਕੀਤੇ। ਚੋਰੀ ਅਤੇ ਮੁਕਦਮੇ-ਬਾਜ਼ੀ ਦੂਰ ਕਰਨ ਲਈ ਲੋਕਾਂ ਪਾਸੋਂ ਪ੍ਰਣ ਕਰਾਏ। ਇਸ ਦਿਨ ਤੋਂ ਆਪ ਦਾ ਜਸ ਪਿੰਡ ਵਿਚ ਹੋਰ ਭੀ ਵਧੇਰੇ ਹੋਣ ਲਗ ਪਿਆ।

ਆਪਣੇ ਪਿੰਡ ਵਿਚ ਗੁਰਦੁਆਰਾ ਬਣਾਉਣਾ

ਆਪ ਦੇ ਦਿਲ ਵਿਚ ਇਹ ਖ਼ਿਆਲ ਆਇਆ ਕਿ ਪਿੰਡ ਵਿਚ ਸਭ ਦੇ ਆਪਣੇ ਮਕਾਨ ਪੱਕੇ ਹਨ। ਜਿਥੇ ਮਹਾਰਾਜ ਦਾ ਪ੍ਰਕਾਸ਼ ਹੁੰਦਾ, ਉਹ ਥਾਂ ਇਕ ਬਿਲਕੁਲ ਕਚੀ ਕੁੜ ਜਿਹੀ ਹੈ। ਆਪ ਨੇ ਮੋਹਰੀ ਹੋ ਕੇ ਪਿੰਡ ਦੇ ਭਰਾਵਾਂ ਨੂੰ ਇਕੱਠਿਆਂ ਕਰਕੇ ਫੈਸਲਾ ਕੀਤਾ ਕਿ ਸਾਨੂੰ ਸਾਂਝੇ ਬਲ ਨਾਲ ਆਪਣੇ ਨਗਰ ਵਿਚ ਇਕ ਗੁਰਦੁਆਰਾ ਬਣਾਉਣਾ ਚਾਹੀਦਾ ਹੈ, ਇਸ ਸ਼ੁਭ ਕੰਮ ਲਈ ਸਭ ਤੋਂ ਪਹਿਲਾਂ ਪੰਜ ਸੌ ਨਕਦ ਅਰਦਾਸ ਕਰਾਇਆ, ਤਾਂ ਰੀਸ-ਬਰੀਸੀ ਸਭ ਨੇ ਸਰਬ ਸੰਮਤੀ ਨਾਲ ਫ਼ੈਸਲਾ ਕਰਕੇ ੧੦੦) ਇਕ ਸੌ ਰੁਪਿਆ ਫ਼ੀ ਮੁਰੱਬੇ ਪਿਛੇ

ਉਗਰਾਹੀ ਲਾ ਦਿਤੀ। ਕਾਫ਼ੀ ਮਾਇਆ ਜਮਾਂ ਹੋ ਗਈ, ਤਾਂ ਚੰਗੇ ਸਿਆਣੇ ਰਾਜ਼ਾਂ ਤ੍ਰਖਾਣਾਂ ਨੂੰ ਲਾ ਕੇ ਗੁਰਦੁਆਰੇ ਦੀ ਉਸਾਰੀ ਅਰੰਭ ਕਰ ਦਿਤੀ। ਸਤਿਗੁਰਾਂ ਦੀ ਕ੍ਰਿਪਾ ਨਾਲ ਥੋੜੇ ਸਮੇਂ ਵਿਚ ਉਸ ਕਚੀ ਗੜਿਆਲ ਦੇ ਥਾਂ ਇਕ ਆਲੀਸ਼ਾਨ ਗੁਰਦੁਆਰਾ ਤਿਆਰ ਹੋ ਗਿਆ, ਜੋ ਅਜ ਕਲ ਸਲਾਰ ਵਾਲੇ ਸਟੇਸ਼ਨ ਤੋਂ ਗਡੀ ਦੇ ਵਿਚੋਂ ਸਚੇ ਸ਼ਹੀਦ ਦੀ ਨਿਸ਼ਾਨੀ ਨਜ਼ਰ ਆਉਂਦੀ ਹੈ।

ਪੱਕਾ ਗੁਰਦੁਆਰਾ ਬਣ ਗਿਆ ਤਾਂ ਕੋਈ ਲਾਇਕ ਗ੍ਰੰਥੀ ਇਥੇ ਟਿਕਿਆ ਨ ਕਰੇ ਤਾਂ, ਆਪ ਨੇ ਇਹ ਸੇਵਾ ਆਪਣੇ ਜ਼ਿਮੇ ਲੈ ਕੇ ਇਕ ਚੰਗੇ ਸਾਊ ਗ੍ਰੰਥੀ ਦੀ ਭਾਲ ਕਰਕੇ ਗੁਰਦੁਆਰੇ ਦੀ ਰੌਣਕ ਵਧਾਈ। ਹਰ ਰੋਜ਼ ਕਥਾ ਹੋਇਆ ਕਰੇ, ਪਰ ਇਨ੍ਹਾਂ ਦੀ ਸ਼ਹੀਦੀ ਮਗਰੋਂ ਇਥੇ ਸਤਸੰਗ ਦੇ ਪ੍ਰਵਾਹ ਦੀ ਉਹ ਮੌਜ ਨਹੀਂ ਰਹੀ ਹੈ।

ਕੰਨਿਆਂ ਪਾਠਸ਼ਾਲਾ ਜਾਰੀ ਕਰਨੀ

ਆਪ ਦਾ ਦਿਲ ਪੰਥਕ ਸੇਵਾ ਦੇ ਚਾ ਨਾਲ ਨਕੋ-ਨਕ ਭਰ ਚੁੱਕਾ ਸੀ। ਆਪਣੇ ਭਰਾਵਾਂ ਦੀ ਅਵਿਦਕ ਹਾਲਤ ਨੂੰ ਵੇਖ ਕੇ ਆਪ ਦਾ ਦਿਲ ਬਹੁਤ ਦੁਖੀ ਹੋਇਆ ਕਰਦਾ ਸੀ। ਅਵਿਦਿਆ ਦੇ ਹਨੇਰੇ ਨੂੰ ਦੂਰ ਕਰਨ ਲਈ ਆਪ ਨੇ ਆਪਣੇ ਨਗਰ ਵਿਚ ਕੰਨਿਆ ਪਾਠਸ਼ਾਲਾ ਖੋਲ੍ਹਣ ਦਾ ਫ਼ੈਸਲਾ ਕਰ ਲਿਆ। ਨਗਰ ਨਿਵਾਸੀਆਂ ਨੂੰ ਸੱਦ ਕੇ ਉਨ੍ਹਾਂ ਨਾਲ ਸਲਾਹ ਮਸ਼ਵਰਾ ਕੀਤਾ, ਉਨ੍ਹਾਂ ਸਵਾਏ ਜ਼ਬਾਨੀ ਹਾਂ ਨਾਲ ਹਾਂ ਮਿਲਾਉਣ ਦੇ ਹੋਰ ਕੋਈ ਨਿਗਰ ਸਹਾਇਤਾ ਨ ਕੀਤੀ। ਆਪ ਆਪਣੇ ਇਰਾਦੇ ਅਤੇ ਧੁਨ ਦੇ ਬੜੇ ਪਕੇ ਹੋਇਆ ਕਰਦੇ ਸਨ, ਸੋ ਆਪਣੇ ਘਰ ਦੇ ਮਕਾਨ ਦੀ ਇਕ ਬੈਠਕ ਵਖਰੀ ਕਰਕੇ ਉਸ ਵਿਚ ਆਪਣੇ ਗੁਰਪੁਰਵਾਸੀ ਪਿਤਾ ਭਾਈ ਕਰਮ ਸਿੰਘ ਦੇ ਨਾਮ ਪਰ 'ਕਰਮ ਸਿੰਘ ਗੁਰਮੁਖੀ ਪਰਾਇਮਰੀ ਕੰਨਿਆ ਪਾਠਸ਼ਾਲਾ' ਖੋਲ੍ਹ ਦਿਤੀ। ਸਕੂਲ ਦਾ ਸਾਰਾ ਖ਼ਰਚ ਆਪਣੇ ਪੱਲਿਓਂ ਹੀ ਕੀਤਾ। ਨਗਰ ਵਿਚ ਪ੍ਰੇਰਨਾ ਕੀਤੀ, ਇਕ ਸੌ ਦੇ ਲਾਗੇ ਚਾਗੇ ਬੀਬੀਆਂ ਪੜ੍ਹਣ ਲਈ ਆ ਦਾਖ਼ਲ ਹੋਈਆਂ। ਕੰਨਿਆਂ ਪਾਠਸ਼ਾਲਾ ਸੰ: ੧੯੧੭–੧੮ ਈ: ਵਿਚ ਪੂਰੀ ਸ਼ਾਨ ਨਾਲ ਚਲ ਰਹੀ ਸੀ। ਇਨ੍ਹਾਂ ਦਿਨਾਂ ਵਿਚ ਭਾਈ ਅਰਜਨ ਸਿੰਘ ਜੀ ਉਪਦੇਸ਼ਕ ਤੇ

ਇਨ੍ਹਾਂ ਦੇ ਘਰੋਂ ੬੫)ਰੁਪਏ ਮਹੀਨੇ ਤੇ ਪੜ੍ਹਾਉਂਦੇ ਸਨ। ਦੰਪਤੀ ਦਿਨੇ ਬੀਬੀਆਂ ਨੂੰ ਪੜ੍ਹਾਉਂਦੇ ਸਨ ਅਤੇ ਰਾਤ ਨੂੰ ਰਾਤ੍ਰੀ ਸਕੂਲ ਵਿਚ ਵਡੇਰੀ ਉਮਰ ਦੇ ਬੰਦਿਆਂ ਨੂੰ ਭਾਈ ਅਰਜਨ ਸਿੰਘ ਜੀ ਪੜ੍ਹਾਇਆ ਕਰਦੇ ਸਨ। ਆਪ ਨੇ ਹਰ ਰੋਜ਼ ਉਪ੍ਰੋਕਤ ਭਾ: ਸਾਹਿਬ ਪਾਸੋਂ ਹਰੀ ਕੀਰਤਨ ਸੁਣਿਆ ਕਰਨਾ। ਹੱਥ ਵਿਚ ਉੱਨ ਦੀ ਮਾਲੀ ਰਖਣੀ, ਜਦੋਂ ਕਦੇ ਭੀ ਇਸ ਸਮੇਂ ਆਪ ਨੂੰ ਕਿਸੇ ਸਜਣ ਨੇ ਵੇਖਣਾ ਤਾਂ ਆਪ ਈਸ਼ਵਰ ਦੀ ਭਜਨ ਬੰਦਗੀ ਵਿਚ ਹਮੇਸ਼ਾਂ ਲਿਵ ਲਾਈ ਨਜ਼ਰ ਆਉਂਦੇ ਸਨ। ਪਿੰਡ ਦੇ ਲੋਕੀਂ ਇਸ ਗਲ ਦੀ ਸ਼ਾਹਦੀ ਭਰਦੇ ਹਨ ਕਿ ਆਪ ਬੜੇ ਹੀ ਨਿਤਨੇਮੀ ਅਤੇ ਪ੍ਰੇਮੀ ਸਨ। ਇਹ ਗਲ ਬੜੇ ਦੁਖ ਨਾਲ ਲਿਖਣੀ ਪੈਂਦੀ ਹੈ ਕਿ ਸ਼ਹੀਦੀ ਮਗਰੋਂ ਇਹ ਵਿਦਿਅਕ ਆਸ਼ਰਮ ਭੀ ਸਦਾ ਲਈ ਬੰਦ ਹੋ ਗਿਆ।

ਹਸਪਤਾਲ ਖੋਲ੍ਹਣਾ

ਕੁਦਰਤ ਨਾਲ ਇਕ ਦਿਨ ਇਕ ਰਮਤੇ ਸਾਧੂ ਸੁਆਮੀ ਰੰਗਾ ਗਿਰ ਜੀ ਗੁਰਦੁਆਰੇ ਆ ਗਏ। ਸੁਭਾਵਕ ਗਲਾਂ ਬਾਤਾਂ ਕਰਨ ਤੋਂ ਪਤਾ ਲਗਾ ਕਿ ਸੰਤ ਜੀ ਇਸ ਤੋਂ ਪਹਿਲਾਂ ਜਾਲੰਧਰ ਦੇ ਅੰਗ੍ਰੇਜ਼ੀ ਹਸਪਤਾਲ ਵਿਚ ਕੰਪੌਂਡਰ ਰਹਿ ਚੁਕੇ ਹਨ ਅਤੇ ਫੇਰ ਮੋਗੇ ਡਾ: ਮਥਰਾ ਦਾਸ ਪਾਸ ਭੀ ਕੁਝ ਸਮਾਂ ਰਹੇ ਹਨ। ਕਰਨੀ ਰੱਬ ਦੀ ਇਹ ਹੋਈ ਕਿ ਬੀਮਾਰੀ ਨਾਲ ਇਨ੍ਹਾਂ ਦੇ ਮਾਤਾ, ਪਿਤਾ ਤੇ ਹੋਰ ਭੈਣ ਭਰਾ ਸਭ ਪੂਰੇ ਹੋ ਗਏ। ਇਨ੍ਹਾਂ ਨੇ ਦੁਨੀਆਂ ਤੋਂ ਉਪ੍ਰਾਮ ਹੋ ਕੇ ਸੰਨਿਆਸ ਧਾਰਨ ਕਰ ਲਿਆ। ਅੰਗ੍ਰੇਜ਼ੀ ਦਵਾਈਆਂ ਦਾ ਤਾਂ ਪਹਿਲਾਂ ਹੀ ਚੰਗਾ ਤਜਰਬਾ ਹੋ ਚੁਕਾ ਸੀ। ਪਿਛੋਂ ਸੰਨਿਆਸੀਆਂ ਦੀ ਸੰਗਤ ਨਾਲ ਜੜੀ ਬੂਟੀ ਦੀ ਭੀ ਚੰਗੀ ਪਛਾਣ ਹੋ ਗਈ।

ਸੰਤਾਂ ਨੇ ਨਗਰ ਦੇ ਦੋ ਚਾਰ ਬੀਮਾਰਾਂ ਦਾ ਦਵਾ ਦਾਰੂ ਕੀਤਾ ਅਤੇ ਉਹ ਸਤਿਗੁਰਾਂ ਦੀ ਕ੍ਰਿਪਾ ਨਾਲ ਨੌ-ਬਰ-ਨੌ ਹੋ ਗਏ, ਤਾਂ ਇਸ ਦੇ ਕਾਰਨ ਘਰ ਘਰ ਵਿਚ ਸੰਤਾਂ ਦੀ ਉਪਮਾ ਹੋਣ ਲਗ ਪਈ। ਭਾਈ ਦਲੀਪ ਸਿੰਘ ਹੁਰੀ ਭੀ ਆਪ ਦੀ ਸੰਗਤ ਵਿਚ ਹਾਜ਼ਰ ਹੋਏ। ਗਿਆਨ ਚਰਚਾ ਸ਼ੁਰੂ ਹੋ ਪਈ, ਦੋਵੇਂ ਲਗਨ ਤੇ ਪ੍ਰੇਮ ਵਾਲੇ ਜੀਊੜੇ ਜਦ ਸਤਸੰਗ ਕਰਨ ਲਗ ਪਏ ਤਾਂ ਆਪੋ ਵਿਚ ਬੜਾ ਪਿਆਰ ਵਧ ਗਿਆ। ਇਕ ਦੂਜੇ ਦੀ ਖਿੱਚ ਤੇ ਚਾਹ ਬਣੀ ਰਿਹਾ ਕਰੇ। ਇਕ ਦਿਨ ਆਪ ਨੇ ਸੰਤਾਂ ਨਾਲ ਸਲਾਹ ਬਣਾ ਲਈ ਕਿ ਆਪ ਇਥੇ ਕੁਝ ਚਿਰ ਪੱਕਾ

ਡੇਰਾ ਲਾ ਲਓ। ਇਕ ਤਾਂ ਆਪ ਪਾਸੋਂ ਆਤਮਕ ਲਾਭ ਹੋਇਆ ਕਰੇਗਾ, ਦੂਜੇ ਕੁਝ ਰੋਗੀ ਪਰਾਣੀਆਂ ਦਾ ਇਲਾਜ ਭੀ ਹੁੰਦਾ ਰਿਹਾ ਕਰੇਗਾ। ਦਵਾਈਆਂ ਜੇਹੜੀਆਂ ਤੁਸੀਂ ਹੁਕਮ ਕਰਦੇ ਹੋ, ਮੰਗਵਾ ਦਿੰਦੇ ਹਾਂ। ਗ੍ਰੀਬਾਂ ਦੀ ਸੇਵਾ ਕਰਨੀ ਭੀ ਇਕ ਬੜੇ ਪ੍ਰਸੁਆਰਥ ਦਾ ਕੰਮ ਹੈ। ਸੰਤ ਜੀ ਭੀ ਚੰਗੇ ਧ੍ਰਮਾਤਮਾਂ ਜਾਪਦੇ ਸਨ। ਉਨ੍ਹਾਂ ਨੇ ਇਨ੍ਹਾਂ ਦੀ ਪ੍ਰੇਮ-ਮਈ ਬੇਨਤੀ ਮੰਨ ਕੇ ਇਹ ਗਲ ਪ੍ਰਵਾਨ ਕਰ ਲਈ।

ਸਾਰੇ ਪਿੰਡ ਦੇ ਤੁਰਨੇ ਸੇਤੀ ਬੰਦਿਆਂ ਨਾਲ ਭੀ ਜਦ ਸਲਾਹ ਮਸ਼ਵਰਾ ਕੀਤਾ, ਤਾਂ ਉਹ ਭੀ ਬੜੇ ਖੁਸ਼ ਹੋਏ। ਪਿੰਡ ਵਿਚੋਂ ਮਾਇਆ ਦੀ ਉਗ੍ਰਾਹੀ ਕਰ ਕੇ ਪੁਰਾਣੇ ਪਟਵਾਰਖਾਨੇ ਵਿਚ ਦਵਾਈ ਖਾਨਾ ਬਣਾ ਦਿਤਾ ਗਿਆ। ਸੁਆਮੀ ਜੀ ਨੇ ਉਸੇ ਦਿਲੀ ਦਰਦ ਅਤੇ ਲਗਨ ਨਾਲ ਇਲਾਜ ਕਰਨਾ ਸ਼ੁਰੂ ਕਰ ਦਿਤਾ, ਜਿਸ ਨੇ ਕਿ ਇਕ ਨੇਕ ਹਿਰਦੇ ਵਿਚੋਂ ਪ੍ਰਗਾਸ ਪਾ ਕੇ ਇਸ ਨੂੰ ਵਜੂਦ ਦਿਤਾ ਸੀ। ਕਿੰਨੀ ਭੀੜ ਹੋਵੇ ਤੇ ਕਿੰਨਾ ਲੋਕ ਤੰਗ ਕਰਨ, ਸੁਆਮੀ ਜੀ ਛਿਥੇ ਨਹੀਂ ਪੈਂਦੇ ਸਨ। ਇਸ ਤਰ੍ਹਾਂ ਚੰਗੀ ਸਿਆਣਪ ਤੇ ਦਿਲੀ-ਦਰਦ ਨਾਲ ਦਵਾ ਦਾਰੂ ਹੁੰਦਾ ਵੇਖ ਕੇ ਆਸ ਪਾਸ ਦੇ ਪਿੰਡਾਂ ਵਿਚ ਸੰਤਾਂ ਦੀ ਬੜੀ ਮਸ਼ਹੂਰੀ ਹੋ ਗਈ। ਕਈਆਂ ਕਈਆਂ ਸਾਲਾਂ ਦੇ ਰੋਗੀ–ਜੋ ਕਈ ਥਾਈਂ ਭੌਂ ਭੌਂ ਕੇ ਟਕਰਾਂ ਮਾਰ ਕੇ ਸ੍ਰਕਾਰੀ ਹਸਪਤਾਲਾਂ ਤੇ ਡਾਕਟਰਾਂ ਦੇ ਇਲਾਜ ਤੋਂ ਨਿਰਾਸ ਹੋ ਚੁਕੇ ਸਨ, ਇਨ੍ਹਾਂ ਪਾਸ ਇਲਾਜ ਲਈ ਆਏ, ਤਾਂ ਰੱਬ ਦੀ ਹਿਕਮਤ ਨਾਲ ਉਹ ਰਾਜ਼ੀ ਬਾਜ਼ੀ ਹੋ ਗਏ। ਉਹੋ ਅੰਗ੍ਰੇਜ਼ੀ ਦਵਾਈਆਂ ਜਿਨ੍ਹਾਂ ਨੇ ਕਿ ਸਿਵਲ ਹਸਪਤਾਲਾਂ ਵਿਚ ਕੁਝ ਕਾਟ ਨ ਕੀਤੀ, ਇਸ ਹਸਪਤਾਲ ਵਿਚ ਕਈਆਂ ਲਈ ਅੰਮ੍ਰਿਤ ਸਾਬਤ ਹੋਈਆਂ। ਦਵਾਈ ਬੜੀ ਚੀਜ਼ ਹੈ, ਪਰ ਕਿਸੇ ਪਵਿਤ੍ਰ ਹਿਰਦੇ ਵਿਚ ਈਸ਼ਵਰ ਦੀ ਸੁਤੇ-ਸਿਧ ਵਸੀ ਮੇਹਰ ਉਸ ਨਾਲ ਮਿਲ ਕੇ ਉਸ ਦੇ ਅਸਰ ਨੂੰ ਹੋਰ ਭੀ ਚੰਗਾ ਕਰ ਦਿੰਦੀ ਹੈ। ਏਸ ਤਰ੍ਹਾਂ ਜਦ ਦਵਾਈ ਖਾਨੇ ਦਾ ਕੰਮ ਬਹੁਤ ਵਧ ਗਿਆ, ਤਾਂ ਗਵਾਂਢੀ ਪਿੰਡਾਂ ਵਿਚੋਂ ਭੀ ਉਗ੍ਰਾਹੀ ਹੋ ਕੇ ਆਉਣ ਲਗ ਪਈ। ਸਤਿਗੁਰਾਂ ਦੀ ਕ੍ਰਿਪਾ ਨਾਲ ਹਸਪਤਾਲ ਦਾ ਕੰਮ ਚੰਗਾ ਘੂਕਰੀਂ ਚਲ ਪਿਆ। ਇਲਾਜ ਬਿਲਕੁਲ ਮੁਫ਼ਤ ਹੁੰਦਾ ਸੀ। ਕਿਸੇ ਕਿਸਮ ਦਾ ਤਮ੍ਹਾਂ ਨ ਹੋਣ ਕਰ ਕੇ ਸੰਤ ਗੰਗਾ ਗਿਰ ਜੀ ਭੀ ਬੜੇ ਪ੍ਰੇਮ ਤੇ ਪਿਆਰ ਨਾਲ ਬੀਮਾਰਾਂ ਦੀ ਸੇਵਾ

ਕਰਦੇ ਸਨ। ਇਹ ਭੀ ਇਕ ਮਸ਼ਹੂਰੀ ਦਾ ਸਭ ਤੋਂ ਵੱਡਾ ਕਾਰਨ ਸੀ। ਕਈਆਂ ਕਈਆਂ ਕੋਹਾਂ ਤੋਂ ਚਲ ਕੇ ਲੋਕੀ ਦਵਾਈਆਂ ਲੈਣ ਜਾਇਆ ਕਰਦੇ ਸਨ। ਚਾਰ ਪੰਜ ਸਾਲ ਸੰਤਾਂ ਨੇ ਏਸ ਸੇਵਾ ਨੂੰ ਚੰਗਾ ਨਿਭਾਇਆ, ਫ਼ਕੀਰ ਦੇ ਮਨ ਦੀ ਮੌਜ ਹੁੰਦੀ ਹੈ। ਇਕ ਦਿਨ ਆਪ ਅਛੋਪਲੇ ਹੀ ਇਥੋਂ ਕਿਧਰੇ ਚਲੇ ਗਏ। ਇਨ੍ਹਾਂ ਦੇ ਪਿਛੋਂ ਇਕ ਤਨਖ਼ਾਹਦਾਰ ਡਾਕਟਰ ਰਖ ਕੇ ਇਸ ਕੰਮ ਨੂੰ ਜਾਰੀ ਰਖਿਆ। ਲੋਕਾਂ ਵਿਚ ਆਮ ਪ੍ਰਚਾਰ ਕਰਕੇ ਭਾਈ ਦਲੀਪ ਸਿੰਘ ਹੋਰਾਂ ਪਿੰਡ ਦਾ ਧੜਤ ਬੰਨ੍ਹਿਆ, ਰੂੜੀਆਂ ਦੀ ਨੀਲਾਮੀ ਦਾ ਰਵਾਜ ਪਾ ਦਿਤਾ। ਇਸ ਦੀ ਆਮਦਨ ਦੋ ਹਜ਼ਾਰ ਸਾਲਾਨਾ ਦਵਾਈਖਾਨੇ ਲਈ ਰਾਖਵੀਂ ਕਰਵਾ ਦਿਤੀ ਗਈ। ਇਸ ਤਰਾਂ ਸਿਆਣਪ ਨਾਲ ਇਹ ਪ੍ਰਉਪਕਾਰ ਦਾ ਕੰਮ ਸੁਤੇ-ਸਿਧ ਹੀ ਸਿਰੇ ਚੜ੍ਹਦਾ ਰਿਹਾ।

ਇਸ ਸਮੇਂ ਇਨਫਲੂਐਨਜ਼ੇ ਦਾ ਬੜਾ ਜ਼ੋਰ ਸੀ। ਘਰ ਘਰ ਬੀਮਾਰਾਂ ਦੀਆਂ ਹੂੰਗਰਾਂ ਵਜਦੀਆਂ ਸਨ। ਆਪ ਨੇ ੨੬੦) ਰੁਪਏ ਨੂੰ ਇਕ ਲਵੇਰੀ ਮਝ ਲਈ। ਦੁਧ ਚੁਆ ਕੇ ਬਾਲਟੀ ਭਰ ਲੈਣੀ, ਹਰ ਇਕ ਗ਼ਰੀਬ ਦੇ ਘਰ ਜਾ ਕੇ ਬਿਨਾਂ ਕਿਸੇ ਵਿਤਕਰੇ ਦੇ ਦੁਧ ਦਈ ਜਾਣਾ। ਇਲਾਜ ਲਈ ਡਾਕਟਰ ਨੂੰ ਘਰੋ ਘਰੀ ਨਾਲ ਲਈ ਫਿਰਨਾ। ਜੇ ਕਿਸੇ ਬੀਮਾਰ ਨੂੰ ਦਵਾਈ ਨਾਲ ਬਰਾਂਡੀ ਦੀ ਲੋੜ ਹੋਣੀ, ਤਾਂ ਉਹ ਆਪਣੇ ਪਲਿਓਂ ਖ਼੍ਰੀਦ ਕੇ ਦਈ ਜਾਣੀ। ਉਂਵ ਆਪ ਨੇ ਸਾਰੀ ਉਮਰ ਵਿਚ ਕਦੇ ਇਕ ਵੇਰ ਭੀ ਮਾਸ ਅਤੇ ਸ਼ਰਾਬ ਦੀ ਵਰਤੋਂ ਨਹੀਂ ਕੀਤੀ ਸੀ।

ਪਰਉਪਕਾਰਬਦਲੇ ਵਰਤ ਰਖਣਾ

ਆਪ ਇਰਾਦੇ ਦੇ ਬੜੇ ਮਜ਼ਬੂਤ ਸਨ। ਜੋ ਚੰਗੀ ਗਲ ਕਦੇ ਦਿਲ ਵਿਚ ਧਾਰਨ ਕਰ ਲੈਣੀ ਉਸ ਨੂੰ ਸਿਰੇ ਚਾੜ੍ਹੇ ਬਿਨਾਂ ਦਮ ਨਹੀਂ ਲਿਆ ਕਰਦੇ ਸਨ। ਬ੍ਰਾਦਰੀ ਨਾਲ ਵਰਤੋਂ ਵਿਹਾਰ ਬੜਾ ਹੀ ਪਿਆਰ ਭਰਿਆ ਰਖਦੇ ਸਨ। ਵਿਹਾਰ ਸੁਧਾਰ ਦੇ ਕੰਮਾਂ ਵਿਚ ਬੜੀ ਸਰਗਰਮੀ ਨਾਲ ਹਿਸਾ ਲੈਣਾ। ਧਮਾਣ, ਕਠ ਅਤੇ ਮਰਨੇ ਪ੍ਰਨੇ ਦੀਆਂ ਭੈੜੀਆਂ ਰਸਮਾਂ ਨੂੰ ਦੂਰ ਕਰਨ ਵਿਚ ਅਠੇ ਪਹਿਰ ਰੁਝੇ ਰਹਿੰਦੇ ਸਨ। ਛੁਹਾਰੇ ਅਤੇ ਵਿਵਾਹ ਦੀਆਂ ਫ਼ਜ਼ੂਲ-ਖ਼ਰਚੀਆਂ ਤੇ

ਕੁਰੀਤੀਆਂ ਦੇ ਸੁਧਾਰ ਦੇ ਬਾਨ੍ਹਣੂ ਬੰਨ੍ਹਣ ਵਿਚ ਭੀ ਕਦੇ ਘਟ ਨ ਕਰਨੀ। ਇਨ੍ਹਾਂ ਸ਼ੁਭ ਗੁਣਾਂ ਨੂੰ ਵੇਖ ਕੇ ਨਗਰ ਵਿਚ ਆਪ ਦੀ ਬਹੁਤ ਮਾਨ ਵਡਿਆਈ ਹੁੰਦੀ ਸੀ। ਪਿੰਡ ਵਿਚ ਸੂਏ ਦਾ ਪਾਣੀ ਲਾਉਣ ਦੇ ਨਿਕੇ ਨਿਕੇ ਰੇੜਕੇ ਆਪ ਦੀ ਸਿਆਣਪ ਨਾਲ ਸਹਿਜੇ ਹੀ ਨਿਬੜ ਤਿਬੜ ਜਾਇਆ ਕਰਦੇ ਸਨ। ਸ਼ਹੀਦੀ ਤੋਂ ਕੁਝ ਮਹੀਨੇ ਪਹਿਲਾਂ ਦੀ ਗਲ ਹੈ ਕਿ ਆਪ ਸਾਂਗਲੇ ਤੋਂ ਸਾਹੋਵਾਲ ਗਏ ਤਾਂ ਅਗੇ ਪਰ੍ਹੇ ਵਿਚ ਬੜੀ ਕੰਗ ਪੈਣ ਡਹੀ ਹੋਈ ਸੀ। ਇਨ੍ਹਾਂ ਨੇ ਸਹਿਜ ਭਾ ਨਾਲ ਜਦ ਪਤਾ ਕੀਤਾ ਤਾਂ ਇਹ ਗਲ ਨਿਕਲੀ ਕਿ ਇਸ ਪਿੰਡ ਵਿਚ ਇਕ ਹਸੂ ਨਾਮ ਦਾ ਦਰਜ਼ੀ ਰਹਿੰਦਾ ਸੀ।ਬੰਦਾ ਚੰਗੇ ਸੁਭੱਾ ਵਾਲਾ ਸੀ ਇਸੇ ਕਰਕੇ ਉਸ ਦੀ ਅਲ ਲੋਕਾਂ ਨੇ ਸਾਈਂ ਪਕਾਈ ਹੋਈ ਸੀ। ਥੋੜੇ ਦਿਨ ਹੀ ਹੋਏ ਸਨ ਜੋ ਸਾਈਂ ਦੇ ਮੁੰਡੇ ਨੇ ਮੁਕਲਾਵਾ ਆਂਦਾ ਤੇ ਦੋ ਮੁਸ਼ਟੰਡਿਆਂ ਨੇ ਹੂੜ ਮਤ ਕਰਕੇ ਉਸ ਦੀ ਨੂੰਹ ਹੁਧਾਲ ਖੜੀ। ਇਸ ਗ਼ਰੀਬ ਨੇ ਬਥੇਰੇ ਮਿੰਨਤਾਂ ਤਰਲੇ ਕੀਤੇ, ਪੈਰੀਂ ਪਗ ਲਾਹ ਕੇ ਧਰੀ, ਜੀ ਜੀ ਪਾਸ ਜਾ ਕੇ ਹਾੜੇ ਕਢੇ, ਪਰ ਗ਼ਰੀਬ ਦੀ ਕੌਣ ਸੁਣਦਾ ਸੀ, ਸਗੋਂ ਅਗੋਂ ਪਈਆਂ ਟਿਚਕਰਾਂ ਹੁੰਦੀਆਂ ਸਨ। ਸਾਈਂ ਨੇ ਤੰਗ ਪੈ ਕੇ ਸ਼ਰਮ ਦੇ ਮਾਰੇ "ਕਹਿਰੇ ਦਰਵੇਸ਼ ਬਰ ਜਾਨੇ ਦਰਵੇਸ਼" ਅਨੁਸਾਰ ਨਗਰ ਦੇ ਸਿਰ ਚੜ੍ਹ ਕੇ ਖੂਹ ਵਿਚ ਛਾਲ ਕਢ ਮਾਰੀ। ਪਰ ਕੁਝ ਦਰਦੀ ਤੇ ਸਿਆਣੇ ਬੰਦਿਆਂ ਨੇ ਝਟ ਪਟ ਯਤਨ ਕਰਕੇ ਇਸ ਨੂੰ ਆਤਮਘਾਤ ਕਰਨ ਤੋਂ ਬਚਾਇਆ ਤੇ ਹੌਸਲਾ ਦੇ ਕੇ ਦਲਾਸੇ ਨਾਲ ਦਿਲਬਰੀਆਂ ਦਿਤੀਆਂ ਸਨ, ਪਰ ਅਸਲ ਗਲ ਉਸੇ ਤਰ੍ਹਾਂ ਘੱਟੇ ਕੌਡੀਂ ਰਲਾ ਦਿਤੀ। ਜਦ ਭਾਈ ਦਲੀਪ ਸਿੰਘ ਨੇ ਇਹ ਸਾਰੀ ਗਲ ਸੁਣੀ ਤਾਂ ਦਰਦ ਨਾਲ ਆਪ ਦਾ ਦਿਲ ਤੜਫ਼ ਉਠਿਆ। ਉਸੇ ਵੇਲੇ ਪੰਚਾਇਤ ਇਕਠੀ ਕਰਕੇ ਉਨ੍ਹਾਂ ਭੁਲੜ ਭਰਾਵਾਂ ਉਤੇ ਭਾਈਚਾਰੇ ਦਾ ਜ਼ੋਰ ਪਾਇਆ। ਉਨ੍ਹਾਂ ਨੇ ਜ਼ਨਾਨੀ ਵਾਪਸ ਕਰਨ ਦਾ ਇਕਰਾਰ ਕਰ ਦਿਤਾ, ਪਰ ਕੁਝ ਚਿਰ ਐਵੇਂ ਲਲੋ ਪਪੋ ਕਰਕੇ ਉਨ੍ਹਾਂ ਕੁਕਰਮੀਆਂ ਨੇ ਗਲ ਆਈ ਗਈ ਕਰਨੀ ਚਾਹੀ। ਹਰ ਘੜੀ ਝੂਠੇ ਇਕਰਾਰ ਤੇ ਟਾਲਮ-ਟੋਲੇ ਕਰ ਛਡਣੇ। ਅੰਤ ਦੀ ਬਾਕੀ ਆਪਣੇ ਕੀਤੇ ਵਾਹਦੇ ਨੂੰ ਪੂਰਿਆਂ ਕਰਨ ਤੋਂ ਉੱਕਾ ਹੀ ਇਨਕਾਰ ਕਰ ਦਿਤਾ। ਭਾ: ਦਲੀਪ ਸਿੰਘ ਹੁਰੀਂ ਇਨ੍ਹਾਂ ਦੀਆਂ ਚਲਾਕੀਆਂ ਅਤੇ ਹਥ-ਫੇਰੀਆਂ ਨੂੰ ਤਾੜ ਗਏ। ਦੂਜੇ ਬੰਨੇ ਸਾਈਂ ਦੇ ਘਰ ਦੀ ਹਾਲਤ

ਵੇਖੀ ਨ ਜਾਵੇ। ਉਹ ਸਾਰਾ ਟੱਬਰ ਇਨ੍ਹਾਂ ਦੇ ਸਾਹਮਣੇ ਆ ਕੇ ਰੋ ਰੋ ਕੇ ਘਾਇਲ ਹੋਵੇ ਤੇ ਢਾਹੀਂ ਮਾਰੇ। ਆਪ ਨੇ ਸਾਈਂ ਨੂੰ ਬਚਨ ਦਿਤਾ ਕਿ ਤੂੰ ਤਸੱਲੀ ਰਖ, ਮੈਂ ਰੋਟੀ ਤਦੋਂ ਖਾਵਾਂਗਾ ਜਦੋਂ ਤੁਹਾਡੀ ਨੂੰਹ ਤੁਹਾਡੇ ਘਰ ਲਿਆ ਕੇ ਵਾੜਾਂਗਾ। ਆਪ ਨੇ ਪੰਜ ਦਿਨ ਵਰਤ ਰਖ ਕੇ ਭੁਖਣ ਭਾਣਿਆਂ ਗੁਜ਼ਾਰ ਦਿਤੇ ਆਪ ਦਾ ਸਰੀਰ ਬੜਾ ਕਮਜ਼ੋਰ ਹੋ ਗਿਆ। ਆਪਣੇ ਘਰੋਂ ਸੁਭਾਵਕ ਹੀ ਉਠ ਕੇ ਕਿਸੇ ਕੰਮ ਲਈ ਗਵਾਂਢੀ ਦੇ ਘਰ ਗਏ। ਉਥੇ ਨਿਰਬਲਤਾ ਨਾਲ ਭਵਾਟਣੀ ਖਾ ਕੇ ਹਰਨਾਲੀ ਆ ਕੇ ਡਿਗ ਪਏ। ਆਪ ਦੀ ਭਰਜਾਈ ਬੀਬੀ ਲਛਮਣ ਕੌਰ ਨੇ ਭਜ ਕੇ ਬੇਹੋਸ਼ ਹੋਇਆਂ ਨੂੰ ਸੰਭਾਲਿਆ। ਏਨੇ ਚਿਰ ਨੂੰ ਇਨ੍ਹਾਂ ਦੇ ਧਰਮੀ ਪਤਨੀ ਜੀ ਭੀ ਉਥੇ ਆ ਕੇ ਇਨ੍ਹਾਂ ਦੀਆਂ ਤਲੀਆਂ ਝਸਣ ਲਗ ਪਏ। ਬੀਬੀ ਲਛਮਣ ਕੌਰ ਨੇ ਭਜਕੇ ਬਾਬਾ ਰੂੜ ਸਿੰਘ ਜੀ ਨੂੰ ਸਾਰੀ ਗਲ ਦਸੀ, ਉਹ ਦੌੜ ਕੇ ਸੰਤ ਗੰਗਾ ਗਿਰ ਜੀ ਨੂੰ ਬੁਲਾ ਲਿਆਏ। ਸੰਤਾਂ ਨੇ ਦਵਾ-ਦਾਰੂ ਕਰਕੇ ਹੋਸ਼ ਵਿਚ ਆਂਦਾ। ਬ੍ਰਾਦਰੀ ਨੇ ਸੰਤਾਂ ਨਾਲ ਮਿਲ ਕੇ ਪ੍ਰਸ਼ਾਦ ਛਕ ਲੈਣ ਲਈ ਬੜਾ ਜ਼ੋਰ ਦਿਤਾ, ਪਰ ਆਪ ਆਪਣੇ ਦ੍ਰਿੜ੍ਹ ਇਰਾਦੇ ਤੇ ਬਿਲ-ਕੁਲ ਅਡੋਲ ਹੋ ਕੇ ਡਟੇ ਰਹੇ। ਆਪ ਦੀ ਇਸ ਨੇਕ ਕੰਮ ਲਈ ਪ੍ਰਤੱਗਿਆ ਵੇਖ ਕੇ ਭਾਈਚਾਰੇ ਦੇ ਸਜਣਾਂ ਤੇ ਬੜਾ ਡੂੰਘਾ ਅਸਰ ਹੋਇਆ। ਪੰਚਾਇਤ ਨੇ ਉਸ ਵੇਲੇ ਕੁਝ ਤੁਰਨੇ ਸੇਤੀ ਚੋਣਵੇਂ ਬੰਦੇ ਇਕੱਠੇ ਕਰਕੇ ਸਾਰੀਂ ਬੰਨੀਂ ਖ਼ਿਆਲ ਦੁੜ੍ਹਾ ਕੇ ਭਜਾ ਦਿਤੇ। ਉਨ੍ਹਾਂ ਗੁੰਡਿਆਂ ਤੇ ਜ਼ੋਰ ਪਾਇਆ, ਪਰ ਉਨ੍ਹਾਂ ਨੇ ਕਿਸੇ ਬੜੀ ਬਰਾਦਰੀ ਦੀ ਕੋਈ ਪ੍ਰਵਾਹ ਨਾ ਕੀਤੀ ਅਤੇ ਏਧਰ ਇਹ ਹਠ ਨਾ ਛਡਣ। ਲੋਕ ਬੜੇ ਹੀ ਔਖੇ ਤੇ ਜਿਚ ਹੋਏ ਇਹ ਸੋਚਣ ਕਿ ਆਖ਼ਰ ਹੁਣ ਕੀ ਬਣੇਗਾ?

ਚੋਰਾਂ ਨੂੰ ਮੋਰ ਤੇ ਮੋਰਾਂ ਨੂੰ ਕਜਾਈਂ

ਜਦ ਭਾਈਚਾਰੇ ਨੇ ਆਪਣੀ ਸਾਰੀ ਵਾਹ ਲਾ ਵੇਖੀ ਤੇ ਅਕ ਕੇ ਫ਼ੈਸਲਾ ਕੀਤਾ ਕਿ ਦੋ ਬੰਦੇ ਸਾਰੇ ਪਿੰਡ ਤੋਂ ਬਵਾਹਰੇ ਹੋ ਕੇ ਕਿਵੇਂ ਇਥੇ ਵਸੇਬਾ ਕਰ ਲੈਣਗੇ। ਇਸ ਵੇਲੇ ਇਨ੍ਹਾਂ ਦੀ ਪੁਰਾਣੀ ਖੌਹਰ ਵਾਲਾ ਇਕ ਨੰਬਰਦਾਰ ਆਪਣਾ ਪੁਰਾਣਾ ਵੈਰ ਕਢਣ ਤੇ ਬਰਾਦਰੀ ਦੀ ਹਮਦਰਦੀ ਲਈ ਸੁਨਹਿਰੀ ਮੌਕਾ ਵੇਖ ਕੇ ਇਨ੍ਹਾਂ ਨਾਲ ਆ ਰਲਿਆ। ਰਾਤੋਂ ਉਰੇ ਹੀ ਉਨ੍ਹਾਂ ਦੀ ਘੋੜੀ ਬਾਹਰੋਂ ਫੜ ਕੇ

ਕਿਤੇ ਦੂਰ ਦੁਰਾਡੇ ਘਲ ਦਿਤੀ। ਇਨ੍ਹਾਂ ਮੁਸ਼ਟੰਡਿਆਂ ਨੇ ਖੋਜੀ ਲਿਆ ਕੇ ਖੋਜ ਕਢ ਕੇ ਉਨ੍ਹਾਂ ਧਾੜਵੀਆਂ ਦੇ ਘਰ ਪੁਚਾ ਦਿਤਾ, ਤਾਂ ਉਨ੍ਹਾਂ ਦੀਆਂ ਸੱਤੇ ਸੁਧਾਂ ਭੁਲ ਗਈਆਂ ਤੇ ਘੋੜੀ ਦੇਣੀ ਮੰਨ ਗਏ। ਸੋ ਉਨ੍ਹਾਂ ਉਥੋਂ ਘੋੜੀ ਲਿਆਕੇ ਪਿੰਡ ਵਿਚ ਲਿਆ ਛਡੀ ਕਿ ਆਪੇ ਇਨ੍ਹਾਂ ਦੇ ਘਰ ਚਲੀ ਜਾਵੇਗੀ। ਅਗੋਂ ਉਨ੍ਹਾਂ ਨੇ ਹੋਰ ਦਾ ਖੇਡਿਆ। "ਚੋਰਾਂ ਨੂੰ ਮੋਰ ਤੇ ਮੋਰਾਂ ਨੂੰ ਕਜਾਈ" ਦੇ ਅਖਾਣ ਅਨੁਸਾਰ ਘੋੜੀ ਫੜ ਕੇ ਕਿਤੇ ਅਗੇ ਪਿਛੇ ਕਰ ਦਿਤੀ ਤੇ ਇਨਕਾਰ ਕਰ ਦਿਤਾ ਕਿ ਘੋੜੀ ਸਾਡੇ ਘਰ ਅਪੜੀ ਹੀ ਨਹੀਂ ਹੈ। ਇਨ੍ਹਾਂ ਦੇ ਪੈਰਾਂ ਥਲਿਓਂ ਮਿੱਟੀ ਨਿਕਲ ਗਈ ਕਿ ਹੈਂ ? ਇਹ ਚਲਾਕੀ ਹੋਣ ਲਗੀ ਹੈ ! ਝਟ ਉਸੇ ਖੋਜੀ ਨੂੰ ਜਾ ਕੇ ਲੈ ਆਏ। ਉਸ ਨੇ ਗਬੇੜ ਨਪ ਕੇ ਖੁਰਾ ਉਨ੍ਹਾਂ ਦੀ ਹਵੇਲੀ ਨੂੰ ਸਿਧਾ ਜਾ ਕੀਤਾ, ਤਾਂ ਮੁਸ਼ਟੰਡਿਆਂ ਨੂੰ ਲਗੇ ਪਿਸੂ ਪੈਣ। ਖੋਜੀ ਨੂੰ ਦੋ ਸੌ ਦੇ ਕੇ ਖੁਰਾ ਆਊਂ ਗਾਊਂ ਕਰਵਾ ਦਿਤਾ ਅਤੇ ਅੱਖ ਬਚਾ ਕੇ ਘੋੜੀ ਕਾਂਜੀ ਹੌਜ਼ ਜਾ ਦਿਤੀ ਜਿਥੋਂ ਦੂਜੀ ਧਿਰ ਨੇ ਇਨ੍ਹਾਂ ਦੇ ਹਥ ਲਿਆ ਫੜਾਈ।

ਏਦਾਂ ਗਲ ਵਧਦੀ ਵਧਦੀ ਵਧ ਗਈ। ਰਾਤ ਦਿਨੇ ਪੰਚੈਤ ਵਿਚ ਜੱਲੀ ਪੈਣੀ ਤੇ ਗਲੀਆਂ ਵਿਚ ਬੋ ਬੋ ਕਰਕੇ ਬਕਰੇ ਬੋਲਣੇ ਸ਼ੁਰੂ ਹੋ ਗਏ। ਦੁਵੱਲੀਂ ਡਾਂਗ ਖੜਕਣ ਵਾਲੀ ਸੀ। ਦੂਜੇ ਬੰਨੇ ਸ: ਦਲੀਪ ਸਿੰਘ ਜੀ ਦੀ ਭੁਖ ਹੜਤਾਲ ਕਰ ਕੇ ਹਾਲਤ ਖ਼ਰਾਬ ਹੋ ਰਹੀ ਸੀ। ਪਿੰਡ ਦੀ ਇਸ ਨਿੱਘਰੀ ਹੋਈ ਹਾਲਤ ਨੂੰ ਵੇਖ ਕੇ ਬਾਹਰ ਦੇ ਕੁਝ ਚੰਗੇ ਤੋਰੇ ਟਿਕੇ ਵਾਲੇ ਬੰਦੇ ਇਕੱਠੇ ਹੋਏ। ਇਨ੍ਹਾਂ ਨੇ ਦੋਹਾਂ ਧਿਰਾਂ ਨੂੰ ਇਕ ਥਾਂ ਇਕੱਠਿਆਂ ਕੀਤਾ। ਜਦ ਇਨ੍ਹਾਂ ਨੇ ਸ: ਦਲੀਪ ਸਿੰਘ ਹੁਰਾਂ ਦੀ ਅਜਿਹੀ ਨਾਜ਼ਕ ਹਾਲਤ ਵੇਖੀ ਤਾਂ ਇਨ੍ਹਾਂ ਦੇ ਮਨ ਦ੍ਰਵ ਗਏ। ਸ: ਦਲੀਪ ਸਿੰਘ ਨੇ ਦੋਹਾਂ ਧੜਿਆਂ ਨੂੰ ਬੜੇ ਵੈਰਾਗ ਵਿਚ ਆ ਕੇ ਪ੍ਰੇਮ ਨਾਲ ਵੀਰ ਜੀ ! ਵੀਰ ਜੀ !! ਕਰਕੇ ਸਮਝਾਇਆ ਕਿ ਕੰਮੀ ਜਿਹੜੇ ਸਾਡੇ ਆਸਰੇ ਹੀ ਨਗਰ ਵਿਚ ਬੈਠੇ ਹਨ, ਉਨ੍ਹਾਂ ਦੀਆਂ ਨੂੰਹਾਂ ਧੀਆਂ ਵਲ ਮੈਲੀ ਅੱਖ ਕਰਕੇ ਵੇਖਣਾ ਸਾਊਆਂ ਦੇ ਪੁੱਤਾਂ ਦਾ ਕੰਮ ਨਹੀਂ ਹੈ। ਪਰਾਈ ਇਸਤ੍ਰੀ ਨੂੰ ਭੈੜੀ ਵਾਸ਼ਨਾ ਨਾਲ ਵੇਖਣ ਵਾਲੇ ਕਦੇ ਪ੍ਰਮੇਸ਼ਰ ਦੇ ਦਰਬਾਰ ਵਿਚ ਬਖਸ਼ੇ ਨਹੀਂ ਜਾਣਗੇ। ਇਹ ਭੈੜੇ ਕੰਮ ਤੁਹਾਡੇ ਵਰਗੇ ਉਚੇ ਘਰਾਣਿਆਂ ਦੇ ਸਰਦਾਰਾਂ ਦੀ ਸ਼ਾਨ ਤੋਂ ਬਹੁਤ ਪਰੇ-ਪਰੇਡੇ ਦੇ ਹਨ। ਦਾਸ ਹਥ ਜੋੜ ਕੇ ਬੇਨਤੀ ਕਰਦਾ ਹੈ ਕਿ ਉਹ ਭੁਲਾ ਨਾ ਜਾਣੇ ਜੋ ਮੁੜ

ਸ਼ਾਮ ਨੂੰ ਘਰ ਆ ਜਾਵੇ। ਸੋ ਤੁਸੀਂ ਉਸ ਗ਼ਰੀਬ ਦੀ ਨੂੰਹ ਉਸ ਦੇ ਘਰ ਲਿਆ ਕੇ ਵਾੜੋ ਅਤੇ ਇਸ ਕੁਕਰਮ ਦੀ ਸਾਈਂ ਪਾਸੋਂ ਪੈਰੀਂ ਪੈ ਕੇ ਮਾਫ਼ੀ ਮੰਗੋ, ਜਿਸ ਨਾਲ ਤੁਹਾਡਾ ਇਹ ਪਾਪ ਦੂਰ ਹੋ ਕੇ ਆਤਮਾ ਹੌਲੀ ਫੁਲ ਹੋਵੇ ਅਤੇ ਉਸ ਦੇ ਹਿਰਦੇ ਨੂੰ ਭੀ ਠੰਡ ਪਵੇ। ਖੈਰ ਇਨ੍ਹਾਂ ਮੁਸ਼ਟੰਡਿਆਂ ਨੇ ਸਾਈਂ ਦੀ ਨੂੰਹ ਮੋੜ ਕੇ ਉਸ ਦੇ ਘਰ ਲਿਆ ਵਾੜੀ ਅਤੇ ਇਨ੍ਹਾਂ ਨੂੰ ਫੇਰ ਬੇਨਤੀ ਕੀਤੀ ਗਈ ਕਿ ਹੁਣ ਤੁਹਾਡਾ ਪ੍ਰਣ ਪੂਰਾ ਹੋ ਗਿਆ ਹੈ, ਪ੍ਰਸ਼ਾਦ ਛਕੋ; ਪਰ ਇਹ ਆਖਣ-ਨਹੀਂ ਜਦ ਤਕ ਇਹ ਦੋਵੇਂ ਬੰਦੇ ਸਾਈਂ ਪਾਸੋਂ ਪੈਰੀਂ ਪੈ ਕੇ ਮਾਫ਼ੀ ਨਾ ਮੰਗਣ, ਮੈਂ ਇਸ ਬੇ-ਇਨਸਾਫ਼ੀ ਨੂੰ ਦੂਰ ਕਰਨ ਖ਼ਾਤਰ ਆਪਣਾ ਸੀਸ ਤਕ ਵਾਰ ਦੇਣਾ ਹੈ। ਉਧਰ ਉਹ ਮੂਰਖ ਇਨ੍ਹਾਂ ਧਰਮ ਤੇ ਨੇਕੀ ਦੀਆਂ ਗਲਾਂ ਨੂੰ ਕੀ ਜਾਣਨ ?

ਸਰਦਾਰ ਜੀ ਦਾ ਟੱਬਰ ਟੀਰ ਤਾਂ ਬੜਾ ਹੀ ਵਿਆਕੁਲ ਹੋਇਆ ਫਿਰੇ। ਲਓ ਜੀ ! ਘੋੜੀ ਕੋਈ ਕਢੇ, ਰੰਨਾਂ ਦੇ ਹੁਧਾਲੇ ਕੋਈ ਕਰੇ ਤੇ ਭੁਖ ਦੇ ਕਸ਼ਟ ਕੋਈ ਝਲੇ। ਹੈਂ ! ਐਹੋ ਜਿਹੀ ਨਹੀਂ ਸਾ ਜੇ ਕਦੀ ਹੋਈ ? ਹੋਰ ਭੀ ਕਈਆਂ ਸਜਣਾਂ ਮਿੱਤ੍ਰਾਂ ਨੇ ਆ ਕੇ ਆਖਿਆ ਕਿ ਤੁਸੀਂ ਸਰਦਾਰ ਜੀ ! ਇਨ੍ਹਾਂ ਮੂਰਖਾਂ ਨਾਲ ਮੱਥਾ ਲਾ ਕੇ ਅੱਞਾਣੇ ਹੋ ਗਏ ਹੋ, ਉਹ ਐਡੇ ਸੂਝ ਬੂਝ ਵਾਲੇ ਹੁੰਦੇ, ਤਾਂ ਇਹ ਕੁਕਰਮ ਹੀ ਕਿਉਂ ਕਰਦੇ ? ਅਜਿਹੀਆਂ ਕਰਤੂਤਾਂ ਕੋਈ ਭਲੇ ਮਾਣਸ ਥੋੜੇ ਹੀ ਕਰਿਆ ਕਰਦੇ ਹਨ। ਸਰਦਾਰ ਜੀ ਨੇ ਆਖਿਆ ਕਿ ਮੈਂ ਗਿਆਨ ਬੜਾ ਪੜ੍ਹਿਆ ਹੋਇਆ ਹਾਂ। ਸਭ ਗਲ ਬਾਤ ਸੋਚ ਵਿਚਾਰ ਕੇ ਹੀ ਇਹ ਫ਼ੈਸਲਾ ਕੀਤਾ ਹੈ। ਜੇ ਮੇਰੇ ਵਰਤ ਦਾ ਅਸਰ ਨਹੀਂ ਹੋਇਆ ਤਾਂ ਇਸ ਦਾ ਕਾਰਨ ਇਹ ਹੈ ਕਿ ਅਜੇ ਮੇਰੇ ਆਪਣੇ ਵਿਚ ਕੋਈ ਊਣਤਾਈ ਯਾ ਕਸਰ ਹੈ, ਜੇ ਮੇਰਾ ਆਤਮਾ ਸ਼ੁਧ ਹੁੰਦਾ ਤਾਂ ਉਹ ਕਿਉਂ ਮੇਰੀ ਆਖੀ ਮੋੜਦੇ। ਸਾਕਾਂ ਅੰਗਾਂ ਨੇ ਭੀ ਬਤੇਰਾ ਟਿਲ ਲਾਇਆ ਪਰ ਇਨ੍ਹਾਂ ਕਿਸੇ ਇਕ ਦੀ ਨ ਸੁਣੀ ਅਤੇ ਆਪਣੀ ਜਾਨ ਉਤੇ ਖੇਡ ਜਾਣ ਵਾਲੇ ਫ਼ੈਸਲੇ ਉਤੇ ਹੀ ਦ੍ਰਿੜ੍ਹਤਾ ਨਾਲ ਡਟੇ ਰਹੇ।

ਆਪ ਦੀ ਘੋਰ ਤਪਸਿਆ ਤੇ ਮੌਤ ਪ੍ਰਤਗਿਆ ਨੇ ਦਿਨ ਚੜ੍ਹਦੇ ਨੂੰ ਹੀ ਉਨ੍ਹਾਂ ਅਵੈੜਾਂ ਤੇ ਅਸਰ ਕੀਤਾ। ਘਰ ਆ ਕੇ ਦਲੀਪ ਸਿੰਘ ਦੇ ਪੈਰੀਂ ਪੈ ਗਏ। ਇਨ੍ਹਾਂ ਉਤ੍ਰ ਦਿਤਾ ਕਿ ਭਾਈ ਮੇਰੇ ਪੈਰੀਂ ਪੈਣ ਦੀ ਕੋਈ ਲੋੜ ਨਹੀਂ, ਮੇਰਾ ਤੁਸਾਂ ਕੀ ਵਿਗਾੜਿਆ ਹੈ.? ਤੁਸੀਂ ਸਾਈਂ ਦੇ ਪੈਰੀਂ ਪਵੋ ਤਾਂ ਜੋ ਤੁਹਾਡੇ ਹਿਰਦੇ ਦੀ ਮੈਲ

ਦੂਰ ਹੋਵੇ। ਉਨ੍ਹਾਂ ਦੇ ਦਿਲ ਦੱਵ ਚੁਕੇ ਸਨ, ਜਿਸ ਦੇ ਕਾਰਨ ਨਿਮਰਤਾ ਨਾਲ ਬੇਨਤੀ ਕੀਤੀ ਕਿ ਅਸੀ ਸਾਂਈਂ ਪਾਸੋਂ ਭੀ ਗ਼ਲਤੀ ਦੀ ਮਾਫ਼ੀ ਮੰਗਦੇ ਹਾਂ, ਪਰ ਤੁਸਾਂ ਸਾਡੇ ਲਈ ਜੋ ਦੁਖ ਝੱਲੇ ਹਨ, ਉਸ ਦੀ ਖਿਮਾਂ ਬਖ਼ਸ਼ੋ। ਇਨ੍ਹਾਂ ਨੇ ਉਤ੍ਰ ਦਿਤਾ ਕਿ ਮੇਰਾ ਦੁਖ ਝਲਣਾ ਤਦ ਹੀ ਸਫਲ ਹੋ ਸਕਦਾ ਹੈ, ਜੇ ਤੁਸੀਂ ਸਾਈਂ ਦੇ ਦਿਲ ਦੀ ਤਸੱਲੀ ਲਵੋ। ਸੁ ਉਨ੍ਹਾਂ ਨੇ ਏਦਾਂ ਹੀ ਆਪ ਦੇ ਹੁਕਮ ਅਨੁਸਾਰ ਸਾਈਂ ਦੇ ਪੈਰੀਂ ਪੈ ਕੇ ਉਸ ਪਾਸੋਂ ਮੁਆਫ਼ੀ ਮੰਗੀ। ਸਾਰੇ ਇਲਾਕੇ ਵਿਚ ਵਾਹ ਵਾ ਹੋਣ ਲਗ ਪਈ। ਜਦ ਏਡੇ ਆਕੜ-ਖ਼ੋਰਾਂ ਨੇ ਮਾਫ਼ੀ ਮੰਗ ਲਈ ਤਾਂ ਦੂਜੀਆਂ ਧਿਰਾਂ ਨੇ ਭੀ ਸੁਲਹ-ਸਫ਼ਾਈ ਕਰ ਲਈ। ਇਸ ਦੇ ਪਿਛੋਂ ਆਪ ਨੇ ਆਪਣਾ ਵਰਤ ਖੋਲ੍ਹਿਆ। ਇਸ ਦਿਨ ਆਪ ਦੀ ਇਸ ਨੇਕੀ ਅਤੇ ਸਚਿਆਈ ਦੇ ਕਾਰਨ ਇਲਾਕੇ ਵਿਚ ਬੜੀ ਪ੍ਰਸਿਧੀ ਹੋ ਗਈ। ਇਸ ਦਿਨ ਦੇ ਪਿਛੋਂ ਇਨ੍ਹਾਂ ਨੇ ਜੋ ਗਲ ਬਾਤ ਭੀ ਬ੍ਰਾਦਰੀ ਨੂੰ ਆਖੀ ਕਦੇ ਕਿਸੇ ਨੇ ਇਨਕਾਰ ਨਹੀਂ ਕੀਤਾ ਸੀ।

ਭਾਈ ਮੂਲ ਸਿੰਘ ਜੀ ਗਰਮੂਲੇ ਨੂੰ ਰਿਹਾ ਕਰਾਉਣਾ

ਇਨ੍ਹਾਂ ਦਿਨਾਂ ਵਿਚ ਭਾਈ ਮੂਲ ਸਿੰਘ ਜੀ ਗਰਮੂਲੇ ਹੁਰਾਂ ਦੇ ਧਾਰਮਕ ਪ੍ਰਚਾਰ ਦੀ ਬੜੀ ਪ੍ਰਸਿੱਧੀ ਸੀ। ਉਹ ਜਦ ਭੀ ਕਦੇ ਇਸ ਇਲਾਕੇ ਵਲ ਪ੍ਰਚਾਰ ਕਰਦੇ ਕਰਦੇ ਆਉਂਦੇ ਸਨ, ਤਦ ਪੰਜ ਪੰਜ, ਛੇ ਛੇ ਦਿਨ ਭਾਈ ਦਲੀਪ ਸਿੰਘ ਹੁਰਾਂ ਦੇ ਪਾਸ ਟਿਕ ਜਾਇਆ ਕਰਦੇ ਸਨ ਕਿਉਂਕਿ ਭਾ: ਦਲੀਪ ਸਿੰਘ ਜੀ ਸਤਸੰਗ ਦੇ ਬੜੇ ਪ੍ਰੇਮੀ ਸਨ।

ਭਾਈ ਦਲੀਪ ਸਿੰਘ ਜੀ ਨੂੰ ਧਾਰਮਕ ਵਿਦਿਆ ਪੜ੍ਹਣ ਤੇ ਗੁਰਮਤਿ ਦੀਆਂ ਕਈ ਗੂੜ੍ਹ ਘੁੰਡੀਆਂ ਖੋਲ੍ਹਣ ਦਾ ਬੜਾ ਸ਼ੌਕ ਹੋਇਆ ਕਰਦਾ ਸੀ। ਇਸੇ ਕਾਰਨ ਕਰਕੇ ਆਪ ਭਾਈ ਮੂਲ ਸਿੰਘ ਹੁਰਾਂ ਪਾਸੋਂ ਵਿਦਾਂਤ ਦੀਆਂ ਕਈ ਗੁੰਝਲਾਂ ਤੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਅਰਥ ਸਮਝਿਆ ਕਰਦੇ ਸਨ। ਖ਼ਾਸ ਕਰਕੇ ਸਿਖੀ ਫ਼ਲਸਫ਼ੇ ਨੂੰ ਸਮਝਣ ਵਲ ਆਪ ਦੀ ਬਹੁਤ ਰੁਚੀ ਸੀ। ਭਾਈ ਮੂਲ ਸਿੰਘ ਜੀ ਦਸਦੇ ਹਨ ਕਿ ਮੈਂ ਆਪਣੀ ੯੬ ਸਾਲ ਦੀ ਉਮਰ ਵਿਚ ਕੇਵਲ ਇਹੋ ਇਕ ਬੰਦਾ ਵੇਖਿਆ ਹੈ ਜੋ ਆਪਣੀ ਧੁਨ ਦਾ ਪੱਕਾ, ਸਿਖੀ ਦਾ ਸੱਚਾ ਆਸ਼ਕ, ਸਾਦਾ ਤਬੀਅਤ, ਕਮਾਲ ਮਿਲਣਸਾਰ ਤੇ ਚੰਗਾ ਮਹਿਮਾਨ-

ਨਿਵਾਜ਼ ਸੀ। ਆਪ ਦਾ ਸੁਭੌ ਬਹੁਤ ਹੀ ਮਿੱਠਾ ਅਰ ਪਿਆਰ ਵਾਲਾ ਸੀ। ਹਿਰਦੇ ਵਿਚ ਹਮਦਰਦੀ ਅਰ ਦਇਆ ਸੀ। ਕਿਸੇ ਦੇ ਕਸ਼ਟ ਨੂੰ ਤਕ ਕੇ ਝਟ ਮਨ ਪਸੀਜ ਪੈਂਦਾ ਸੀ। ਗੁਰ-ਸਿਖ ਦੀ ਸੇਵਾ ਕਰਕੇ ਗਦ ਗਦ ਹੋ ਜਾਇਆ ਕਰਨਾ ਇਨ੍ਹਾਂ ਦੇ ਜੀਵਨ ਵਿਚ ਇਕ ਸਾਧਾਰਨ ਜਹੀ ਗਲ ਸੀ। ਕੀਰਤਨ ਸੁਣਦਿਆਂ ਸੁਣਦਿਆਂ ਮਸਤ ਹੋ ਕੇ ਵਜਦ ਵਿਚ ਆ ਜਾਇਆ ਕਰਦੇ ਸਨ।

ਭਾਈ ਮੂਲ ਸਿੰਘ ਜੀ ਆਪਣੀ ਨਿਜ ਦੀ ਵਰਤੋਂ ਦੇ ਅਧਾਰ ਤੇ ਇਸ ਨੂੰ ਹੋਰ ਭੀ ਸਪਸ਼ਟ ਕਰਦੇ ਹਨ:—ਆਪ ਦਾ ਜੀਵਨ ਪੂਰਨ ਗੁਰਮੁਖਾਂ ਵਾਲਾ ਸੀ। ਸਾਰੀਆਂ ਅਵਸਥਾਵਾਂ (ਕੌਮੀ ਪਿਆਰ, ਸੇਵਾ, ਭਜਨ ਬੰਦਗੀ ਆਦਿ) ਵਿਚੋਂ ਛੋਟੀ ਉਮਰੇ ਹੀ ਲੰਘ ਚੁਕੇ ਸਨ। ਜਦ ਮਾਰਸ਼ਲ-ਲਾ ਦੇ ਦਿਨਾਂ ਵਿਚ ਮੇਰੇ ਤੇ ਮੁਕੱਦਮਾ ਬਣਿਆ ਤਾਂ ਆਪ ਨੇ ਆਪਣੇ ਪਲਿਓਂ ਤਿੰਨ ਚਾਰ ਸੌ ਰੁਪਿਆ ਖ਼ਰਚ ਕਰਕੇ ਮੇਰਾ ਮੁਕੱਦਮਾ ਕੀਤਾ। ਆਪਣੇ ਮਿਤ੍ਰ ਪਾਦਰੀਆਂ ਨੂੰ ਨਾਲ ਲੈ ਜਾਕੇ ਹਾਕਮਾਂ ਪਾਸ ਸਫ਼ਾਰਸ਼ਾਂ ਪੁਆਈਆਂ। ਜਿਥੋਂ ਤਕ ਭੀ ਵਾਹ ਲਗੀ ਕਿਸੇ ਗਲੋਂ ਸੰਕੋਚ ਨ ਕੀਤਾ ਤੇ ਤਦੋਂ ਦਮ ਲਿਆ ਜਦੋਂ ਮੈਨੂੰ ਜੇਹਲੋਂ ਰਿਹਾ ਕਰਵਾ ਲਿਆ। ਉਨ੍ਹਾਂ ਦਾ ਇਹ ਸਾਰਾ ਨਿਸ਼ਕਾਮ ਯਤਨ ਇਕ ਪ੍ਰਚਾਰਕ ਦੀ ਮਦਦ ਨੂੰ ਸਾਹਮਣੇ ਰਖ ਕੇ ਹੀ ਸੀ।

ਸਾਂਗਲੇ ਵਿਚ ਖ਼ਾਲਸਾ ਸਕੂਲ ਬਣਾਉਣਾ

ਆਪ ਦੇ ਪਿੰਡ ਤੋਂ ਪੂਰਬ ਵਲ ਸਤ ਕੁ ਮੀਲ ਦੇ ਫ਼ਾਸਲੇ ਤੇ ਸਾਂਗਲੇ ਨਾਮ ਦਾ ਕਸਬਾ ਆਬਾਦ ਹੈ। ਆਪ ਕਈ ਵਾਰ ਘਰੋਗੀ ਕੰਮਾਂ ਦੇ ਸਬੰਧ ਵਿਚ ਸਾਂਗਲੇ ਆਉਂਦੇ ਜਾਂਦੇ ਰਹਿੰਦੇ ਹਨ। ਇਥੇ ਸਿਖਾਂ ਦੀ ਵਾਹਵਾ ਸੋਹਣੀ ਆਬਾਦੀ ਸੀ। ਲਾਗੇ ਬੰਨੇ ਭੀ ਬਹੁਤ ਸਾਰੇ ਸਿਖਾਂ ਦੇ ਚੱਕ ਆਬਾਦ ਸਨ। ਸ਼ਹਿਰ ਦੀ ਮੰਡੀ ਵਿਚ ਆੜ੍ਹਤ ਦੀਆਂ ਵਧੇਰੇ ਵਡੀਆਂ ਦੁਕਾਨਾਂ ਹਿੰਦੂਆਂ ਦੀਆਂ ਸਨ। ਆਪ ਦੇ ਦਿਲ ਵਿਚ ਖਿਆਲ ਆਇਆ ਕਿ ਇਥੇ ਇਕ ਵਡੇ ਪੈਮਾਨੇ ਉਤੇ ਕੰਪਨੀ ਬਣਾ ਕੇ ਸਿਖਾਂ ਦੀ ਆੜ੍ਹਤ ਦੀ ਦੁਕਾਨ ਖੋਲ੍ਹੀ ਜਾਵੇ। ਆਪ ਨੇ ਆਪਣੇ ਗੁਰਪੁਰਵਾਸੀ ਪਿਤਾ ਦੇ ਨਾਮ ਉਤੇ ਸੰ: ੧੯੧੬ ਈ: ਵਿਚ ਇਕ ਲਖ ਦੇ ਸਰਮਾਏ ਨਾਲ "ਕਰਮ ਸਿੰਘ ਐਂਡ ਕੰਪਨੀ" ਦੇ ਨਾਮ ਦੀ ਫ਼ਰਮ ਖੋਲ੍ਹ ਦਿਤੀ ਅਤੇ ਇਥੋਂ

ਸਿਧਾ ਬੰਬਈ ਅਤੇ ਕਰਾਚੀ ਮਾਲ ਘਲਣ ਤੇ ਮੰਗਾਉਣ ਦੀ ਸਕੀਮ ਬਣਾਈ ਗਈ। ਪ੍ਰਾਸਪੈਕਟਸ ਛਾਪੇ ਗਏ, ਆਪਣੇ ਸਜਣਾਂ ਮਿਤ੍ਰਾਂ ਵਿਚ ਪ੍ਰੇਰਨਾ ਕਰ ਕੇ ਇਸ ਦੇ ਹਿਸੇ ਵੇਚੇ ਗਏ, ਰਾਤ ਦਿਨੇ ਲਗ ਕੇ ਇਸ ਫਰਮ ਦਾ ਪ੍ਰਚਾਰ ਸ਼ੁਰੂ ਕਰ ਦਿਤਾ। ਬਾਹਰ ਇਲਾਕੇ ਦੇ ਮਸ਼ਹੂਰ ਸਜਨਾਂ ਰਾਹੀਂ ਪਿੰਡਾਂ ਵਿਚ ਭੀ ਇਸ ਦਾ ਚੰਗਾ ਪ੍ਰਾਪੇਗੰਡਾ ਕਰਵਾ ਦਿਤਾ। ਕੰਮ ਕਾਜ ਦੇ ਚਲਾਉਣ ਲਈ ਚੰਗੇ ਸਿਆਣੇ ਤਜਰਬਾਕਾਰ ਈਮਾਨਦਾਰ ਬੰਦੇ ਲਭ ਕੇ ਮੁਲਾਜ਼ਮ ਰਖੇ ਗਏ, ਜਿਨ੍ਹਾਂ ਨੇ ਇਸ ਦੁਕਾਨ ਨੂੰ ਆਪਣੀ ਸਮਝ ਕੇ ਚੰਗੀ ਮੇਹਨਤ ਕੀਤੀ ਤੇ ਕੰਮ ਸੋਹਣਾ ਰਿੜ੍ਹ ਪਿਆ।

ਆਪ ਦੀ ਸਕੀਮ ਇਹ ਸੀ ਕਿ ਇਸ ਕੰਪਨੀ ਦਾ ਸਬੰਧ ਦੂਰ-ਦੁਰਾਡੇ ਦੂਜੇ ਦੇਸਾਂ ਦੀਆਂ ਵਪਾਰੀ ਕੰਪਨੀਆਂ ਨਾਲ ਜੋੜਿਆ ਜਾਵੇ ਅਤੇ ਇਸ ਕੰਮ ਨੂੰ ਖੁਲ੍ਹੇ ਪੈਮਾਨੇ ਤੇ ਚਲਾਇਆ ਜਾਵੇ। ਸਾਰੀ ਤਿਆਰੀ ਕਰ ਕੇ ਇਸ ਮਤਲਬ ਲਈ ਮੰਡੀ ਵਿਚ ਇਕ ਦੁਕਾਨ ਖੋਲ੍ਹੀ ਗਈ। ਆਪ ਦੀ ਸ਼ਹੀਦੀ ਤਕ ਤਾਂ ਇਹ ਦੁਕਾਨ ਚੰਗੀ ਘੂਕਰੀਂ ਚਲਦੀ ਰਹੀ, ਪਰ ਪਿਛੋਂ ਆ ਕੇ ਕਈਆਂ ਕਾਰਨਾਂ ਕਰਕੇ ਬੰਦ ਹੋ ਗਈ।

ਇਨ੍ਹੀਂ ਦਿਨੀਂ ਸਾਂਗਲੇ ਵਿਚ ਖ਼ਾਲਸਾ ਮਿਡਲ ਸਕੂਲ ਚਲਦਾ ਸੀ, ਇਸ ਵਿਚ ਉਸ ਸਮੇਂ ਆਪ ਦਾ ਛੋਟਾ ਭਰਾ ਵਿਦਿਆ ਪ੍ਰਾਪਤ ਕਰਦਾ ਸੀ। ਇਸ ਸਬੰਧ ਨਾਲ ਸਕੂਲ ਵਿਚ ਆਪ ਦਾ ਫੇਰਾ ਤੋਰਾ ਬਣਿਆ ਰਹਿੰਦਾ ਸੀ। ਬਾਰ ਦੇ ਇਲਾਕੇ ਵਿਚ ਇਹ ਸਭ ਤੋਂ ਪੁਰਾਣਾ ਖ਼ਾਲਸਾ ਸਕੂਲ ਸੀ। ਇਸ ਦੀ ਨੀਂਹ ਸੰ: ੧੯੦੮ ਈ: ਵਿਚ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਨੇ ਰਖੀ ਸੀ। ਸੰ:੧੯੧੨ਨੂੰ ਇਸ ਵਿਚ ਨਾਵੀਂ ਦਸਵੀਂ ਦੀਆਂ ਜਮਾਤਾਂ ਭੀ ਖੁਲ੍ਹ ਗਈਆਂ ਸਨ, ਪਰ ਵਿਦਿਅਕ ਮਹਿਕਮੇ ਵਲੋਂ ਪ੍ਰਵਾਨ ਕੇਵਲ ਮਿਡਲ ਹੀ ਸੀ। ਇਸ ਸਕੂਲ ਦੀ ਸੇਵਾ ਪੰਥ ਪ੍ਰਸਿਧ ਮਾ: ਮੋਤਾ ਸਿੰਘ ਜੀ ਅਕਾਲੀ, ਪ੍ਰੋ: ਸਾਹਿਬ ਸਿੰਘ ਜੀ, ਮਾ: ਪ੍ਰਤਾਪ ਸਿੰਘ ਜੀ ਲੇਟ ਐਡੀਟਰ ਅਕਾਲੀ ਅਤੇ ਸ: ਬੂਟਾ ਸਿੰਘ ਜੀ ਵਕੀਲ ਵਰਗੇ ਮਸ਼ਹੂਰ ਸਜਨ ਕਰਦੇ ਰਹੇ ਅਤੇ ਇਨ੍ਹਾਂ ਦੇ ਪਿਛੋਂ ਇਸ ਦੀ ਸੇਵਾ ਦਾ ਮਾਨ ਭਾਈ ਦਲੀਪ ਸਿੰਘ ਹੋਰਾਂ ਨੂੰ ਪ੍ਰਾਪਤ ਹੋਇਆ। ਮਾ: ਸੁੰਦਰ ਸਿੰਘ ਹੋਰਾਂ ਦੇ ਇਸ ਨਾਲੋਂ ਸਬੰਧ ਤੋੜ ਲੈਣ ਸਮੇਂ ਸਕੂਲ ਦੀ ਮਾਲੀ ਹਾਲਤ ਖਰਾਬ ਹੋ ਗਈ।

ਹੋਰ ਭੀ ਕਈ ਕਿਸਮ ਦੀਆਂ ਔਕੜਾਂ ਤੇ ਭੀੜਾਂ ਆ ਬਣੀਆਂ। ਇਥੋਂ ਤਕ ਕਿ ਇਸ ਡਾਵਾਂ-ਡੋਲ ਹਾਲਤ ਵਿਚ ਸਕੂਲ ਟੁਟਣ ਹੀ ਵਾਲਾ ਸੀ, ਜੁ ਇਸ ਔਕੜ ਸਮੇਂ ਆਪ ਨੇ ਇਸ ਦੀ ਬਾਂਹ ਆ ਫੜੀ। ਡੇਢ ਹਜ਼ਾਰ ਨਕਦ ਪਲਿਓਂ ਦਾਨ ਦੇ ਕੇ ਕੌਮੀ ਆਸ਼੍ਰਮ ਨੂੰ ਸੁਰਜੀਤ ਰਖਣ ਲਈ ਬਗਲੀ ਫੜ ਕੇ ਸਾਰੇ ਇਲਾਕੇ ਵਿਚ ਫਿਰ ਨਿਕਲੇ। ਸਕੂਲ ਦੀ ਪ੍ਰਬੰਧਕ ਕਮੇਟੀ ਨੇ ਆਪ ਨੂੰ ਸਕੱਤ੍ਰ ਨੀਯਤ ਕਰ ਦਿਤਾ। ਏਸ ਤਰ੍ਹਾਂ ਸੇਵਾ ਦੀ ਵਧੇਰੇ ਜ਼ਿਮੇਂਵਾਰੀ ਆਪ ਦੇ ਸਿਰ ਤੇ ਆ ਪੈਣ ਦੇ ਕਾਰਨ ਆਪ ਨੇ ਹੋਰ ਭੀ ਵਧੇਰੇ ਉਤਸ਼ਾਹ ਨਾਲ ਮਾਇਆ ਇਕੱਤ੍ਰ ਕਰਨ ਵਲ ਧਿਆਨ ਦਿਤਾ। ਉਗ੍ਰਾਹੀ ਲਈ ਇਲਾਕੇ ਦੇ ਬੰਦਿਆਂ ਦੀ ਇਕ ਸਬ ਕਮੇਟੀ ਬਣਾਈ ਗਈ। ਸਖ਼ਤ ਕੜਕਦੀਆਂ ਧੁਪਾਂ ਵਿਚ ਸਾਂਦਲ ਬਾਰ ਦੀ ਖੁਸ਼ਕੀ ਵਿਚ ਆਪ ਨੂੰ ਜਿਨ੍ਹਾਂ ਭੀ ਨੰਗੀਂ ਪੈਰੀਂ ਸੇਵਾ ਦੇ ਇਸ਼ਕ ਵਿਚ ਰੰਗਿਆ ਮਜਨੂੰ ਬਣਿਆ ਵੇਖਿਆ, ਹਾਲੋਂ ਬੇਹਾਲ ਹੋਇਆ ਹੀ ਵੇਖਿਆ।

ਇਕ ਦਿਨ ਆਪ ਸਣੇ ਹੈਡ ਮਾਸਟਰ ਸਾਹਿਬ ਤੇ ਚਾਰ ਪੰਜ ਇਲਾਕੇ ਦੇ ਸਜਣਾਂ ਨਾਲ ਉਗ੍ਰਾਹੀ ਕਰਨ ਲਈ ਚੜ੍ਹੇ। ਆਪ ਪਿੰਡੋ ਪਿੰਡ ਹੁੰਦੇ ਹੋਏ ਦਾਨ ਲਈ ਝੋਲੀਆਂ ਅਡ ਕੇ ਕਈ ਥਾਈਂ ਪੁਜੇ। ਏਸ ਤਰ੍ਹਾਂ ਥਕ ਟੁਟ ਕੇ ਕੁਝ ਸਜਨ ਹੁਸ ਹੰਭ ਕੇ ਬੈਠ ਗਏ। ਇਕ ਨੇ ਮਖੌਲ ਨਾਲ ਆਖਿਆ ਕਿ ਮਾਸਟਰ ਜੀ ਇਹ ਸਾਡੇ ਨਾਲ ਦੇ ਸਜਣ ਕੁਝ ਅਮਲੀ ਜੇਹੇ ਹਨ। ਇਹ ਬਹੁਤ ਹੁਸ ਗਏ ਹਨ, ਇਨ੍ਹਾਂ ਨੂੰ ਜੇਕਰ ਥੋੜਾ ਦਾਰੂ ਪਿਆ ਲਈਏ ਤਾਂ ਇਸ ਨੁਕਲ ਨਾਲ ਯੱਕੇ ਦੇ ਟੈਰੇ ਵਾਂਗ ਬੜਾ ਚੰਗਾ ਕੰਮ ਦੇਣਗੇ। ਇਕ ਕੋਹ ਦੀ ਥਾਂ ਚਾਰ ਕੋਹ ਛਾਲਾਂ ਮਾਰਦੇ ਵਗੇ ਚਲਣਗੇ, ਜਿੱਨੀ ਮਰਜ਼ੀ ਹੈ ਫੇਰ ਇਨ੍ਹਾਂ ਤੋਂ ਵਾਹ ਲਵੋ। ਇਹ ਯਰਕਨ ਨਹੀਂ ਲਗੇ, ਦੋ ਰੁਪਏ ਖਰਚੇ ਭੀ ਬਿਅਰਥ ਨਹੀਂ ਜਾਣਗੇ। ਜਿੱਨੇ ਵਧੇਰੇ ਪਿੰਡ ਫਿਰ ਲਵਾਂਗੇ, ਓਨੀ ਹੀ ਵਧੇਰੇ ਮਾਇਆ ਪ੍ਰਾਪਤ ਹੋਵੇਗੀ। ਹੈਡ ਮਾਸਟਰ ਸਾਹਿਬ ਨੇ ਭੀ ਹਾਸੇ ਠਠੇ ਵਿਚ ਆਖ ਦਿਤਾ ਕਿ ਸਰਦਾਰ ਜੀ ਕੀ ਹਰ ਜਹੈ ? ਜੇ ਦੋ ਖ਼ਰਚ ਕੇ ਦੋ ਚਾਰ ਸੌ ਆ ਜਾਵੇ ਤਾਂ ਇਸ ਸੌਦੇ ਵਿਚ ਲਾਭ ਹੀ ਲਾਭ ਹੈ ਘਾਟੇ ਵਾਲੀ ਤੇ ਕੋਈ ਗਲ ਨਹੀਂ ਹੈ ?

ਭਾਈ ਦਲੀਪ ਸਿੰਘ ਨੇ ਉਤਰ ਦਿਤਾ ਕਿ ਭਾਈ ਸਾਹਿਬ ਜੀ, ਮੇਰੇ ਪਾਸੋਂ ਤਾਂ ਇਹ ਬੱਜਰ ਪਾਪ ਨਹੀਂ ਹੋ ਸਕਦਾ। ਇਹ ਪੰਥ ਦੀ ਅਮਾਨਤ ਹੈ, ਇਸ ਨੂੰ

ਭੈੜੇ ਕੰਮ ਲਈ ਵਰਤ ਕੇ ਰਬ ਦੇ ਦੇਣਦਾਰ ਬਣਨਾ ਠੀਕ ਨਹੀਂ ਹੈ। ਤੁਸੀਂ ਇਹ ਗਲਾਂ ਬਪਾਰੀ ਸਜਣਾਂ ਵਾਂਗ ਕਰਦੇ ਹੋ। ਧਰਮ ਦੇ ਕੰਮਾਂ ਵਿਚ ਬਪਾਰੀ ਨਹੀਂ ਬਣਨਾ ਚਾਹੀਦਾ। ਜਿਨ੍ਹਾਂ ਪੁਰਸ਼ਾਂ ਪਾਸੋਂ ਅਸਾਂ ਇਹ ਆਖ ਕੇ ਮਾਇਆ ਇਕੱਤ੍ਰ ਕੀਤੀ ਹੈ ਕਿ ਇਹ ਮਾਇਆ ਤੁਹਾਡੇ ਬਚਿਆਂ ਦੀ ਵਿਦਿਆ ਪ੍ਰਾਪਤੀ ਉਤੇ ਖ਼ਰਚ ਕੀਤੀ ਜਾਵੇਗੀ, ਜੇ ਅਜ ਅਸੀਂ ਉਨ੍ਹਾਂ ਤੋਂ ਚੋਰੀ ਇਹ ਕੁਕਰਮ ਕਰ ਬੈਠੀਏ ਤਾਂ ਇਸ ਪਾਪ ਦੇ ਕੌਣ ਭਾਗੀ ਹੋਣਗੇ? ਇਕ ਰਬ ਦੇ ਦੇਣਦਾਰ,ਦੂਜੇ ਭਰਾਵਾਂ ਵਿਚ ਬੇ-ਇਤਬਾਰੀ ਨਾਲ ਮੂੰਹ ਕਾਲਾ ਹੋਵੇਗਾ। ਸੋ ਸਜਣੋ ਅਜਿਹੀ ਭੈੜੀ ਗਲ ਤੁਸੀਂ ਕਦੀ ਸੁਪਨੇ ਵਿਚ ਭੀ ਨਾ ਚਿਤਵੋ। ਨੇਕ ਇਰਾਦੇ ਤੇ ਭਲੇ ਉੱਦਮ ਨਾਲ ਇਕੱਤਰ ਕੀਤਾ ਹੋਇਆ ਰੁਪਿਆ ਕਿਸੇ ਭਲੇ ਕੰਮ ਲਈ ਹੀ ਖ਼ਰਚ ਹੋਣਾ ਚਾਹੀਦਾ ਹੈ। ਉਨ੍ਹਾਂ ਦੇ ਵਾਰ ਵਾਰ ਇਸ ਕਿਸਮ ਦੇ ਮਖੌਲ ਕਰਨ ਤੇ ਆਪ ਨੂੰ ਬੜੀ ਖਿਝ ਚੜ੍ਹ ਗਈ ਤੇ ਆਪ ਸਗੋਂ ਗਿਰਿੰਜ ਜਿਹੇ ਹੋ ਗਏ। ਉਸ ਦਿਨ ਤੋਂ ਪਿਛੋਂ ਫਿਰ ਆਪ ਕਦੀ ਭੀ ਅਜਿਹੀ ਮੰਡਲੀ ਨਾਲ ਉਗਰਾਹੀ ਤੇ ਨਹੀਂ ਗਏ ਸਨ। ਮਾਇਕ ਔਕੜਾਂ ਵਲੋਂ ਥੋੜੇ ਸਮੇਂ ਵਿਚ ਹੀ ਆਪ ਨੇ ਸਕੂਲ ਨੂੰ ਬੇ-ਫ਼ਿਕਰ ਕਰ ਦਿਤਾ। ਲੀਡਰ ਲੈਕਚਰ ਕਰਦੇ ਸਨ, ਦਲੀਪ ਸਿੰਘ ਕੰਮ ਕਰਦਾ ਸੀ। ਉਸ ਦੀ ਜ਼ਬਾਨ ਬਹੁਤ ਘਟ ਖੁਲ੍ਹਦੀ ਸੀ, ਕੰਮ ਹੋ ਜਾਂਦਾ ਸੀ ਤਾਂ ਪਤਾ ਲਗਦਾ ਸੀ ਕਿ ਦਲੀਪ ਸਿੰਘ ਨੇ ਕੀਤਾ ਹੈ। ਉਸ ਤੋਂ ਪਹਿਲਾਂ ਤੀਜੇ ਕੰਨ ਖ਼ਬਰ ਨਹੀਂ ਸੀ ਹੁੰਦੀ ਕਿ ਉਸ ਨੇ ਕਿਸੇ ਕੰਮ ਤੇ ਇਰਾਦਾ ਭੀ ਧਰਿਆ ਹੈ।

ਚੰਗੇ ਤੋਂ ਚੰਗਾ ਸਟਾਫ਼ ਭਰਤੀ ਕੀਤਾ ਗਿਆ। ਵਧੀਆ ਤੋਂ ਵਧੀਆ ਸਾਮਾਨ ਖ਼ਰੀਦ ਲਿਆ ਗਿਆ। ਚੰਗੀ ਸ਼ਾਨਦਾਰ ਇਮਾਰਤ ਤਿਆਰ ਹੋ ਗਈ। ਹੁਣ ਸਕੂਲ ਦੀ ਦਿਨੋ ਦਿਨ ਹਾਲਤ ਬਦਲਨ ਲਗ ਪਈ। ਇਨ੍ਹਾਂ ਦੀ ਮੇਹਨਤ ਤੇ ਰਸੂਖ਼ ਨਾਲ ਪੰਜਾਹ ਹਜ਼ਾਰ ਦੇ ਕ਼ਰੀਬ ਰੁਪਿਆ ਜਮਾਂ ਹੋ ਗਿਆ।

ਸੰ: ੧੯੨੦ ਈ: ਦੇ ਸ਼ੁਰੂ ਵਿਚ ਹੀ ਹਾਈ ਜਮਾਤਾਂ ਖੁਲ੍ਹ ਗਈਆਂ। ਆਪ ਦੀ ਨਿਗਰਾਨੀ ਥਲੇ ਲਾਇਕ ਸਟਾਫ਼ ਨੇ ਯੂਨੀਵਰਸਿਟੀ ਦਾ ਚੰਗਾ ਸ਼ਾਨ-ਦਾਰ ਨਤੀਜਾ ਕਢਿਆ। ਇਸ ਸਮੇਂ ਇਨ੍ਹਾਂ ਦੀ ਤਬੀਅਤ ਦਾ ਵਧੇਰੇ ਝੁਕਾ ਪੁਲੀਟੀਕਲ ਲਹਿਰ ਵਲ ਹੋ ਜਾਣ ਕਰਕੇ ਭਾਵੇਂ ਇਨ੍ਹਾਂ ਨੇ ਸਕੂਲ ਨਾਲੋਂ ਆਪਣਾ ਸਬੰਧ ਤੋੜ ਲਿਆ ਸੀ, ਪਰ ਤਦ ਭੀ ਅਗਲੇ ਸਾਲ ਹੀ ਸਕੂਲ ਹਾਈ

ਮਨਜ਼ੂਰ ਹੋ ਗਿਆ। ਇਹ ਸਾਰਾ ਚੰਗਾ ਸਿੱਟਾ ਇਨ੍ਹਾਂ ਦੀ ਕੁਰਬਾਨੀ ਅਤੇ ਘਾਲ ਦਾ ਹੀ ਨਤੀਜਾ ਸੀ। ਇਸ ਵੇਲੇ ਸਕੂਲ ਸੋਹਣੀ ਤਰ੍ਹਾਂ ਪੱਕੀਂ ਪੈਰੀਂ ਚਲਕੇ ਉਸ ਸ਼ਹੀਦ ਸਿੰਘ ਦੀ ਸੋਹਣੀ ਯਾਦ ਨੂੰ ਕਾਇਮ ਰਖੀ ਬੈਠਾ ਹੈ।

ਵਿਦਿਆਰਥੀਆਂ ਤੋਂ ਮਾਫ਼ੀ ਮੰਗਣੀ

ਸਾਧਾਂ ਸੰਤਾਂ ਦੀ ਵਧੇਰੇ ਸੰਗਤ ਕਰ ਚੁਕਣ ਕਰਕੇ ਆਪ ਦਾ ਮਨ ਬਹੁਤ ਨਿਰਮਲ ਹੋ ਚੁਕਾ ਸੀ। ਹਰ ਸਮੇਂ ਅਕਾਲ ਪੁਰਖ ਦੀ ਯਾਦ ਵਿਚ ਮਸਤ ਰਹਿੰਦੇ। ਕਿਸੇ ਦੀ ਆਤਮਾਂ ਨੂੰ ਕਦੇ ਭੁਲ ਕੇ ਭੀ ਦੁਖੀ ਨਾ ਕਰਨਾ । ਨਿਮਰਤਾ ਭਾਵ ਅਤੇ ਮਨ ਦੀ ਸੀਤਲਤਾ ਦੇ ਕਾਰਨ ਭੁਲ ਮੰਨ ਕੇ ਝਟ ਖਿਮਾਂ ਮੰਗਣ ਦਾ ਨੇਕ ਗੁਣ ਆਪ ਦੇ ਲੂੰ ਲੂੰ ਵਿਚ ਸਮਾ ਚੁਕਾ ਸੀ। ਘਰ ਦੇ ਮੋਹ ਪਿਆਰ ਅਤੇ ਦੁਨਿਆਵੀ ਧੰਧਿਆਂ ਤੋਂ ਮਨ ਕੁਝ ਕੁ ਉਚਾਟ ਹੋ ਚੁੱਕਾ ਸੀ। ਸਿਮਰਨ ਅਭਿ-ਆਸ ਕਰਨ ਨਾਲ ਇਕ ਲਖਤ ਹੀ ਇਹ ਸਭ ਤਬਦੀਲੀਆਂ ਆਪ ਦੇ ਜੀਵਨ ਵਿਚ ਆ ਗਈਆਂ ਸਨ। ਇਕ ਈਸ਼ਵਰ-ਭਗਤੀ ਨੇ ਆਪ .ਪਾਸੋਂ ਰਹਿੰਦੇ ਖੂੰਹਦੇ ਦੁਨਿਆਵੀ ਸੁਖ ਭੀ ਛੁਡਾ ਦਿਤੇ ਸਨ। ਫੇਰ ਮੁਲਕੀ ਸੇਵਾ ਤੇ ਧਰਮ ਦੇ ਪਾਸੇ ਜ਼ੋਰ ਨਾਲ ਖ਼ਿਆਲ ਵਧਣੇ ਸ਼ੁਰੂ ਹੋਏ। ਹੁਣ ਹਰਦਮ ਗਾਤਰੇ ਕ੍ਰਿਪਾਨ ਸਜਾਈ ਰਖਦੇ। ਇਕ ਦਿਨ ਛੁਟੀ ਦੇ ਦਿਨ ਝਰੂਰ ਪਿੰਡ ਦੇ ਖ਼ਾਲਸਾ ਬੋਰਡਿੰਗ ਹਾਊਸ ਵਿਚ ਹੈਡ ਮਾਸਟਰ ਸਾਹਿਬ ਸਣੇ ਦੂਜੇ ਉਸਤਾਦਾਂ ਦੇ ਇਕੱਠੇ ਹੋਏ ਹੋਏ ਸਨ, ਆਪ ਭੀ ਉਸ ਸਮੇਂ ਉਥੇ ਹੀ ਸਨ। ਸਬੱਬ ਨਾਲ ਆਪ ਉਸ ਦਿਨ ਅੰਮ੍ਰਿਤਸਰੋਂ ਕੁਝ ਚਮੜੇ ਦੇ ਗਾਤਰੇ ਤੇ ਕ੍ਰਿਪਾਨਾਂ ਲੈ ਕੇ ਗਏ ਸਨ। ਏਨ੍ਹੀਂ ਦਿਨੀਂ ਚਮੜੇ ਦੇ ਗਾਤਰੇ ਇਕ ਨਵੀਂ ਚੀਜ਼ ਸਨ। ਸਭ ਨੇ ਗਾਤਰੇ ਸਜਾ ਲਏ, ਆਪ ਦਾ ਦਿਲ ਕੀਤਾ ਕਿ ਇਸ ਤਰ੍ਹਾਂ ਸਭ ਮਿਲ ਕੇ ਪ੍ਰੇਡ ਕਰਕੇ ਵੇਖੀਏ ਭਲਾ ਕਿਹੋ ਜਿਹੇ ਸਜਦੇ ਹਾਂ। ਮਾਸਟਰ ਅਗਲੀ ਕਤਾਰ ਵਿਚ ਖੜੇ ਹੋ ਗਏ ਤੇ ਵਿਦਿਆਰਥੀ ਪਿਛਲੀ ਵਿਚ। ਅਗਲੀ ਲਾਈਨ ਵਿਚੋਂ ਇਕ ਮਾਸਟਰ ਦੀ ਬੇ-ਢੱਬੀ ਚਾਲ ਵੇਖ ਕੇ ਪਿਛਲੀ ਲਾਈਨ ਵਿਚੋਂ ਇਕ ਮੁੰਡਾ ਗੁਰਬਚਨ ਸਿੰਘ ਬਹਾਲੀ ਕਿਆਂ ਦਾ ਹੱਸ ਪਿਆ। ਆਪ ਡਰਿਲ ਕਰਾਉਣ ਤੇ ਸਨ। ਪਤਾ ਨਹੀਂ ਉਸ ਵਕਤ ਸ਼ਾਇਦ ਆਪ ਨੂੰ ਜ਼ਬਤ ਦਾ ਖ਼ਿਆਲ ਬਹੁਤ ਸਮਾਇਆ ਹੋਇਆ ਸੀ, ਆਪ ਨੇ ਫੇਰੀ ਗੁਸੇ ਵਿਚ

ਉਸ ਮੁੰਡੇ ਨੂੰ ਚਪੇੜ ਕਢ ਮਾਰੀ ਤੇ ਕਤਾਰ ਵਿਚੋਂ ਬਾਹਰ ਕਢ ਦਿਤਾ। ਡਰਿਲ ਖ਼ਤਮ ਹੋ ਗਈ ਤੇ ਸਾਰੇ ਮੁੰਡੇ ਖਿੰਡ ਪੁੰਡ ਗਏ। ਰਬ ਜਾਣੇ ਆਪ ਨੂੰ ਕੀ ਖ਼ਿਆਲ ਆਇਆ; ਘਰੋਂ ਇਕ ਕਾਗਜ਼ ਤੇ ਉਸ ਮੁੰਡੇ ਵਲ ਮਾਫ਼ੀ ਲਿਖ ਭੇਜੀ ਤੇ ਨਾਲ ਹੀ ਉਸ ਨੂੰ ਇਕ ਗਾੜ੍ਹਾ ਤੇ ਕ੍ਰਿਪਾਨ ਘਲ ਕੇ ਆਪਣੇ ਦਿਲ ਦੀ ਤਸੱਲੀ ਲਈ।

ਥੋੜੇ ਦਿਨਾਂ ਪਿਛੋਂ ਫੇਰ ਉਸੇ ਬੋਰਡਿੰਗ ਹਾਊਸ ਵਿਚ ਰਹਿਰਾਸ ਸਾਹਿਬ ਦੇ ਦੀਵਾਨ ਪਿਛੋਂ ਆਪ ਆ ਕੇ ਜੋੜਿਆਂ ਵਿਚ ਖੜੇ ਗਏ ਤੇ ਹੱਥ ਜੋੜ ਕੇ ਸੰਗਤ ਅਗੇ ਬੇਨਤੀ ਕੀਤੀ ਕਿ ਪਿਆਰੀ ਸਾਧ ਸੰਗਤ ਜੀ ! ਮੈਂ ਦੋ ਦਿਨ ਕੜੇ ਤੋਂ ਬਿਨਾਂ ਰਿਹਾ ਹਾਂ, ਇਸ ਭੁਲ ਦੀ ਤਨਖ਼ਾਹ, ਜੋ ਸੰਗਤ ਲਾਵੇ ਮੈਂ ਧੰਨ ਭਾਗ ਜਾਣ ਕੇ ਸਿਰ ਮਥੇ ਤੇ ਮੰਨਾਂਗਾ। ਵਿਦਿਆਰਥੀਆਂ ਨੇ ਆਪ ਨੂੰ ਪੰਜ ਦਿਨ ਦਾਤਣਾਂ ਦੀ ਤੇ ਦੋ ਦਿਨ ਸੰਗਤ ਦੇ ਜੋੜੇ ਝਾੜਣ ਦੀ ਸੇਵਾ ਲਾਈ ਜੋ ਆਪ ਨੇ ਪੂਰੀ ਕੀਤੀ।

ਏਸੇ ਤਰ੍ਹਾਂ ਦੂਜੀ ਵੇਰ ਫੇਰ ਬੋਰਡਿੰਗ ਹਾਊਸ ਵਿਚ ਗੁਰਪੁਰਬ ਦਾ ਦੀਵਾਨ ਸਜਿਆ ਹੋਇਆ ਸੀ। ਸਾਰੇ ਉਸਤਾਦ ਤੇ ਵਿਦਿਆਰਥੀ ਪ੍ਰੇਮ ਨਾਲ ਸ਼ਬਦ ਕੀਰਤਨ ਕਰ ਰਹੇ ਸਨ। ਦੀਵਾਨ ਦੀ ਸਮਾਪਤੀ ਸਮੇਂ ਆਪ ਪੰਜ ਇਸ਼ਨਾਨਾ ਕਰਕੇ ਸਾਧ ਸੰਗਤ ਦੇ ਜੋੜਿਆਂ ਵਿਚ ਹੱਥ ਜੋੜ ਨੀਵੀਂ ਧੌਣ ਕਰਕੇ ਖਲੋ ਗਏ। ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਪਿਆਰੀ ਗੁਰੂ ਕੀ ਸੰਗਤ, ਮੈਥੋਂ ਭੁਲ ਹੋ ਗਈ ਹੈ, ਮੈਨੂੰ ਪਾਪੀ ਨੂੰ ਬਖ਼ਸ਼ ਲਓ। ਸੰਗਤ ਨੇ ਭੁਲ ਪੁਛੀ ਤਾਂ ਆਖਣ ਲਗੇ ਕਿ ਮੈਨੂੰ ਵਾਹਿਗੁਰੂ ਭੁਲ ਗਿਆ ਹੈ; ਮੈਥੋਂ ਗੁਰਬਾਣੀ ਦੇ ਨਿਤਨੇਮ ਵਿਚ ਨਾਗੇ ਹੋ ਗਏ ਹਨ। ਮੈਂ ਗੁਰਮਤ ਨੂੰ ਛਡ ਕੇ ਮਨ ਮਤ ਪਿਛੇ ਭਟਕਦਾ ਰਿਹਾ ਹਾਂ। ਇਸ ਭੁਲ ਦਾ ਦੰਡ ਚਾਹੁੰਦਾ ਹਾਂ, ਜਿਸ ਨਾਲ ਇਸ ਚੈਂਚਲ ਮਨ ਵਿਚ ਗ੍ਰੀਬੀ ਆਵੇ। ਸੋਚ ਵਿਚਾਰ ਕੇ ਗਿਆਨੀ ਸਿੰਘ ਨੇ ਸੰਗਤ ਵਲੋਂ ਹੁਕਮ ਕੀਤਾ ਕਿ ਸੰਗਤ ਆਪ ਨੂੰ ਚਾਲੀ ਦਿਨ ਸੁਖਮਨੀ ਸਾਹਿਬ ਦਾ ਪਾਠ ਕਰਨ ਤੇ ਇਕ ਸਾਤੇ ਲਈ ਚਾਲੀ ਦਾਤਣਾਂ ਰੋਜ਼ ਲਿਆ ਕੇ ਸੰਗਤ ਵਿਚ ਵੰਡਣ ਦਾ ਦੰਡ ਲਾਉਂਦੀ ਹੈ, ਜੇ ਪ੍ਰਵਾਨ ਹੈ ਤਾਂ ਸਤਿਗੁਰਾਂ ਅਗੇ ਮਥਾ ਟੇਕ ਕੇ ਬੈਠ ਜਾਓ। ਆਪ ਨੇ ਸੰਗਤ ਦੇ ਇਸ ਹੁਕਮ ਨੂੰ ਹਸੂੰ ਹਸੂੰ ਕਰਦਿਆਂ ਧੰਨ ਭਾਗ ਜਾਣ ਕੇ ਖਿੜੇ ਮਥੇ ਮੰਨਿਆ। ਨੇਮ ਨਾਲ ਹਰ ਰੋਜ਼

ਗੁਟਕੇ ਤੇ ਸੁਖਮਨੀ ਸਾਹਿਬ ਦਾ ਪਾਠ ਕਰਦਿਆਂ ਰਹਿਣਾ ਅਤੇ ਸ਼ਾਮ ਨੂੰ ਚਾਲੀ ਦਾਤਣਾਂ ਲਿਆਕੇ ਵਿਦਿਆਰਥੀਆਂ ਵਿਚ ਵੰਡ ਦੇਣੀਆਂ। ਇਕ ਦਿਨ ਰਬ-ਸਬੱਬੀ ਆਪ ਬੋਰਡਿੰਗ ਹਾਊਸ ਵਿਚ ਵੇਖ ਭਾਲ ਲਈ ਚਲੇ ਗਏ। ਸ: ਕਪੂਰ ਸਿੰਘ ਜੀ ਹੈਡ ਮਾਸਟਰ ਉਸ ਸਮੇਂ ਬੋਰਡਿੰਗ ਹਾਊਸ ਤੋਂ ਬਾਹਰ ਦੂਜੇ ਉਸਤਾਦਾਂ ਨਾਲ ਮਿਲਕੇ ਸਕੂਲ ਦੇ ਕਾਗਜ਼ ਵੇਖ ਰਹੇ ਸਨ, ਪਰ ਆਪ ਸਿਧੇ ਬੋਰਡਿੰਗ ਹਾਊਸ ਵਿਚ ਚਲੇ ਗਏ। ਅਗੇ ਸੁਤੇ-ਸਿਧ ਹੀ ਇਕ ਵਿਦਿਆਰਥੀ ਕੋਈ ਸ਼ਰਾਰਤ ਕਰ ਰਿਹਾ ਸੀ। ਆਪ ਨੇ ਉਸ ਨੂੰ ਚਪੇੜ ਕਢ ਮਾਰੀ, ਮੁੰਡਾ ਰੋਣ ਲਗ ਪਿਆ। ਏਨੇ ਚਿਰ ਨੂੰ ਹੈਡ ਮਾਸਟਰ ਸਾਹਿਬ ਭੀ ਉਥੇ ਆ ਗਏ, ਉਨ੍ਹਾਂ ਨੇ ਇਸ ਗਲ ਦਾ ਬੜਾ ਰੋਸ ਪ੍ਰਗਟ ਕੀਤਾ ਤੇ ਆਖਿਆ ਕਿ ਸਰਦਾਰ ਜੀ, ਤੁਹਾਡਾ ਏਸ ਤਰਾਂ ਵਿਦਿਆਰਥੀਆਂ ਨਾਲ ਕੋਈ ਸਿਧਾ ਸਬੰਧ ਨਹੀਂ ਹੈ, ਤੁਹਾਡਾ ਮੇਰੇ ਨਾਲ ਸਿੱਧਾ ਸਬੰਧ ਹੈ,। ਤੁਸੀਂ ਮੇਰੇ ਪਾਸ ਸ਼ਕਾਇਤ ਕਰ ਸਕਦੇ ਸੀ, ਪਰ ਲੜਕੇ ਨੂੰ ਆਪਣੇ ਆਪ ਸਜ਼ਾ ਨਹੀਂ ਦੇ ਸਕਦੇ ਸੀ। ਸਜ਼ਾ ਦੇਣ ਦਾ ਨਿਯਮ ਅਨੁਸਾਰ ਸਾਡਾ ਹਕ ਹੈ। ਤੁਸੀ ਸਕੂਲ ਦੇ ਸਕੱਤ੍ਰ ਮਾਲੀ ਪ੍ਰਬੰਧ ਕਰਨ ਵਾਸਤੇ ਹੋ, ਨਾਕਿ ਸਾਡੇ ਹਰ ਇਕ ਕੰਮ ਵਿਚ ਦਖ਼ਲ ਦੇਣ ਵਾਸਤੇ ?

ਰਾਤ ਨੂੰ ਸ: ਦਲੀਪ ਸਿੰਘ ਨੂੰ ਸੁਪਨਾ ਆਇਆ ਕਿ ਮੈਂ ਕਾਕੇ ਨੂੰ ਜੋ ਮਾਰਿਆ ਹੈ ਇਹ ਮੇਰੀ ਭੁਲ ਹੈ, ਹੈਡ ਮਾਸਟਰ ਸਾਹਿਬ ਸਚਾਈ ਤੇ ਹਨ; ਤਾਂ ਆਪ ਨੇ ਅਗਲੇ ਸਵੇਰੇ ਸਕੂਲੇ ਜਾ ਕੇ ਹੈਡ ਮਾਸਟਰ ਸਾਹਿਬ ਤੇ ਲੜਕੇ ਪਾਸੋਂ ਸਭ ਦੇ ਸਾਹਮਣੇ ਮਾਫ਼ੀ ਮੰਗੀ। ਦੋ ਰੁਪਏ ਨਕਦ ਤੇ ਇਕ ਕ੍ਰਿਪਾਨ ਕਾਕੇ ਨੂੰ ਇਨਾਮ ਵਜੋਂ ਦਿਤੀ। ਆਪ ਦੀ ਨਿਮਰਤਾ ਤੇ ਸੇਵਾ ਭਾਵ ਉਨ੍ਹਾਂ ਦਿਨਾਂ ਵਿਚ ਇਕ ਮਿਸਾਲ ਸੀ। ਸ਼ਹਿਰ ਵਿਚ ਆਪ ਦਾ ਚਾਲ-ਚਲਨ ਬਹੁਤ ਉੱਚਾ ਗਿਣਿਆ ਜਾਂਦਾ ਸੀ। ਗੁਰਬਾਣੀ ਨਾਲ ਪਿਆਰ, ਦਾਨ ਕਰਨਾ ਅਤੇ ਬਚਨ ਕਰਕੇ ਨ ਫਿਰਨਾ ਇਨ੍ਹਾਂ ਦੇ ਖ਼ਾਸ ਮਸ਼ਹੂਰ ਗੁਣ ਸਨ। ਗਰਮੀਆਂ ਵਿਚ ਹਰ ਸਾਲ ਸ਼ਿਮਲੇ, ਧਰਮਸਾਲਾ ਅਤੇ ਕਸ਼ਮੀਰ ਆਦਿ ਥਾਵਾਂ ਤੇ ਜਾਇਆ ਕਰਦੇ ਸਨ, ਪਰ ਜਦ ਤੋਂ ਦੇਸ ਸੇਵਾ ਵਿਚ ਲਗ ਗਏ, ਮੁੜ ਕਦੇ ਪਰਬਤੀਂ ਨਹੀਂ ਚੜ੍ਹੇ ਸਨ।

ਸਾਂਗਲੇ ਦੀ ਆਮ ਰਹਿਣੀ ਬਹਿਣੀ

ਸਾਂਗਲੇ ਵਿਚ ਆਪ ਦੇ ਸ਼ੁਭ ਗੁਣਾਂ ਦਾ ਚੰਗਾ ਪ੍ਰਭਾਵ ਸੀ, ਕਿਉਂਕਿ ਆਪ ਹਰ ਇਕ ਗਲ ਬੜੇ ਇਨਸਾਫ਼ ਅਤੇ ਸੋਚ ਵਿਚਾਰ ਨਾਲ ਕਰਿਆ ਕਰਦੇ ਸਨ। ਆਪ ਦੀ ਸਚਿਆਈ ਅਤੇ ਪਿਆਰ ਦੀ ਆਮ ਲੋਕਾਂ ਵਿਚ ਬੜੀ ਸ਼ੋਹਰਤ ਸੀ। ਇਕ ਵੇਰ ਸਾਂਗਲੇ ਵਿਚ ਕਿਸੇ ਨਗੁਣੀ ਜਹੀ ਗਲੋਂ ਸਿੰਘਾਂ ਅਤੇ ਸਹਿਜ-ਧਾਰੀ ਸਿਖਾਂ ਵਿਚ ਝਗੜਾ ਜਿਹਾ ਹੋ ਪਿਆ। ਦੋਹਾਂ ਧਿਰਾਂ ਨੇ ਆਪ ਦੀ ਨੇਕ-ਨੀਯਤੀ ਅਤੇ ਇਨਸਾਫ਼-ਪਸੰਦੀ ਨੂੰ ਸਾਮ੍ਹਣੇ ਰਖਕੇ ਆਪ ਨੂੰ ਸਾਲਸ ਮਿਥ ਲਿਆ। ਆਪ ਨੇ ਸਿੰਘ ਭਰਾਵਾਂ ਨੂੰ ਬੜੇ ਪ੍ਰੇਮ ਨਾਲ ਪ੍ਰੇਰਨਾ ਕੀਤੀ ਕਿ ਅਸਾਂ ਸਭ ਨੂੰ ਬੜੇ ਪਿਆਰ ਅਤੇ ਮੁਹੱਬਤ ਨਾਲ ਮਿਲਵਰਤਨ ਕਰ ਕੇ ਦਿਨ ਗੁਜ਼ਾਰਨੇ ਚਾਹੀਦੇ ਹਨ। ਅਜਿਹੀਆਂ ਸਾਧਾਰਨ ਅਤੇ ਮਾਮੂਲੀ ਮਾਮੂਲੀ ਗਲਾਂ ਤੋਂ ਖਿਚੋਤਾਣ ਕਰਨੀ ਠੀਕ ਨਹੀਂ ਹੈ, ਪਰ ਉਨ੍ਹਾਂ ਨੇ ਅਗੋਂ ਉੱਤ੍ਰ ਦਿਤਾ ਕਿ ਅਸੀਂ ਹਿੰਦੂਆਂ ਦੇ ਦਬਾ ਬਲੇ ਆਉਣ ਲਈ ਤਿਆਰ ਨਹੀਂ ਹਾਂ, ਇਹ ਲੋਲੋ-ਪੋਪੀਆਂ ਜਾ ਕੇ ਤੁਸੀਂ ਕਿਸੇ ਹੋਰਸ ਨੂੰ ਦਸੋ। ਆਪ ਆਪਣੇ ਇਨ੍ਹਾਂ ਭਰਾਵਾਂ ਦੀ ਬੇ-ਸਮਝੀ ਉਤੇ ਬੜੇ ਦੁਖੀ ਹੋਏ ਅਤੇ ਇਸ ਦਿਨ ਤੋਂ ਆਪ ਨੇ ਭੁੰਜੇ ਬਿਸਤ੍ਰਾ ਕਰ ਲਿਆ ਅਤੇ ਅਠੇ ਪਹਿਰ ਰੱਬ ਅਗੇ ਪ੍ਰਾਰਥਨਾ ਕਰਨੀ, ਕਿ ਹੇ ਅਕਾਲ ਪੁਰਖ! ਤੂੰ ਮੇਹਰ ਕਰ ਤੇ ਮੇਰੇ ਇਨ੍ਹਾਂ ਭੁਲੜ ਭਰਾਵਾਂ ਨੂੰ ਸੁਮੱਤ ਬਖ਼ਸ਼। ਘਰੋਂ ਪ੍ਰਵਾਰ ਨੇ ਮੰਜੇ ਤੇ ਸੌਣ ਲਈ ਬੜਾ ਜ਼ੋਰ ਲਾਇਆ, ਪਰ ਆਪ ਨੇ ਕਿਸੇ ਦੀ ਗਲ ਨ ਮੰਨੀ। ਅੰਤ ਦੀ ਬਾਕੀ ਇਨ੍ਹਾਂ ਭਰਾਵਾਂ ਦਾ ਆਪੋ ਵਿਚ ਫ਼ੈਸਲਾ ਕਰਾ ਕੇ ਸਮਝੌਤਾ ਕਰਵਾ ਦਿਤਾ ਤਾਂ ਆਪ ਦੇ ਦਿਲ ਨੂੰ ਸ਼ਾਂਤੀ ਹੋਈ। ਇਸ ਦੇ ਪਿਛੋਂ ਫੇਰ ਆਪ ਨੂੰ ਕਈ ਵੇਰ ਮੰਜੇ ਤੇ ਸੌਣ ਲਈ ਪ੍ਰੇਰਨਾ ਹੁੰਦੀ ਰਹੀ, ਪਰ ਆਪ ਨੇ ਇਹੋ ਉੱਤ੍ਰ ਦਿਤਾ ਕਿ ਭੁੰਜੇ ਸੌਣ ਦਾ ਬੜਾ ਹੀ ਅਨੰਦ ਆਉਂਦਾ ਹੈ। ਸ੍ਰੀ ਨਨਕਾਣੇ ਸਾਹਿਬ ਦੇ ਪਵਿਤ੍ਰ ਸ਼ਹੀਦੀ ਸਾਕੇ ਦੇ ਦਿਨਾਂ ਤਕ ਆਪ ਦਾ ਆਸਣ ਜ਼ਮੀਨ ਉਤੇ ਹੀ ਰਿਹਾ। ਜਦ ਕਦੀ ਭੀ ਕਿਸੇ ਨੇ ਆਪ ਨੂੰ ਇਸ ਆਸਣ ਤੇ ਸਮਾਧੀ ਲਾਇਆਂ ਵੇਖਿਆ ਤਾਂ ਅਕਾਲ ਪੁਰਖ ਦੀ ਯਾਦ ਵਿਚ ਆਪ ਦੇ ਹੋਂਠ ਹਮੇਸ਼ਾਂ ਹਿਲਦੇ ਜੁਲਦੇ ਹੀ ਵੇਖੇ। ਆਪ ਦੇ ਹੱਥ ਵਿਚ ਈਸ਼੍ਵਰ ਦੇ ਅਜਪਾ ਜਾਪ ਦਾ ਅਠੇ ਪਹਿਰ ਸਿਮਰਨਾ ਫਿਰਦਾ

ਰਹਿੰਦਾ ਸੀ। ਰਾਤ ਦੇ ਦੋ ਵਜੇ ਨੇਮ ਨਾਲ ਉਠਣਾ ਅਤੇ ਸੁਖਮਨੀ ਸਾਹਿਬ ਦਾ ਮਸਤ ਹੋ ਕੇ ਪਾਠ ਕਰਨਾ। ਉਸ ਦੇ ਉਪ੍ਰੰਤ ਦਿਨ ਦੇ ਛੇ ਵਜੇ ਤਕ ਸਿਮਰਨ ਅਭਿਆਸ ਵਿਚ ਰੁਝਿਆਂ ਰਹਿਣਾ, ਇਸ ਦੇ ਪਿਛੋਂ ਜਾ ਕੇ ਗੁਰਦੁਆਰੇ ਦੇ ਦਰਸ਼ਨ ਕਰਨੇ।

ਜਦੋਂ ਕਦੇ ਦੁਕਾਨ ਦੇ ਕੰਮ ਵਿਚੋਂ ਥੋੜ੍ਹੀ ਬਾਹਲੀ ਵੇਹਲ ਮਿਲਣੀ ਤਾਂ ਚੁਬਾਰੇ ਵਿਚ ਚਲੇ ਜਾਣਾ ਅਤੇ ਅੰਦਰੋਂ ਕੁੰਡਾ ਮਾਰ ਕੇ ਰੱਬ ਨਾਲ ਲਿਵ ਲਾਈ ਰਖਣੀ। ਏਸ ਤਰ੍ਹਾਂ ਦੋ ਦੋ ਚਾਰ ਚਾਰ ਘੰਟੇ ਅਖੰਡ ਸਮਾਧੀ ਲਾ ਛਡਣੀ। ਜਦ ਕਦੀ ਸਾਂਗਲੇ ਤੋਂ ਗਡੀ ਚੜ੍ਹ ਕੇ ਆਪਣੇ ਪਿੰਡ ਸਾਹੋਵਾਲ ਨੂੰ ਜਾਣ ਦਾ ਸਮਾਂ ਬਣਨਾ ਤਾਂ ਕਿਸੇ ਗੱਡੀ ਦੇ ਖਾਲੀ ਜਿਹੇ ਡਬੇ ਵਿਚ ਇਕਲ-ਵਾਂਜੀ ਥਾਂ ਵੇਖ ਕੇ ਭਜਨ ਵਿਚ ਰੁਝ ਜਾਣਾ। ਆਪ ਦੇ ਚਿਹਰੇ ਤੋਂ ਉਸ ਸਮੇਂ ਇਉਂ ਜਾਪਦਾ ਸੀ ਕਿ ਜਿਵੇਂ ਆਪ ਨੂੰ ਸਚੇ ਨਾਮ ਦੀ ਖੁਮਾਰੀ ਚੜ੍ਹੀ ਹੋਈ ਹੈ। ਅੱਖਾਂ ਅਤੇ ਚਿਹਰੇ ਤੇ ਇਕ ਖਾਸ ਕਿਸਮ ਦੀ ਮਸਤੀ ਚੜ੍ਹੀ ਹੁੰਦੀ ਸੀ।

ਦੁਕਾਨ ਤੇ ਇਕੋ ਮੁੱਲ

ਮੰਡੀ ਵਾਲੇ ਆੜ੍ਹਤੀ ਆਪ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਕਿ ਆਪ ਦੀ ਦੁਕਾਨ ਉਤੇ ਇਕੋ ਹੀ ਮੁੱਲ ਹੁੰਦਾ ਸੀ। ਭਾਵੇਂ ਸਿਆਣਾ ਜਾਵੇ ਤੇ ਭਾਵੇਂ ਅਵਾਣਾ, ਭਾਵੇਂ ਹਿੰਦੂ ਜਾਵੇ ਤੇ ਭਾਵੇਂ ਮੁਸਲਮਾਨ, ਹਰ ਇਕ ਨਾਲ ਇਕੋ ਜਿਹਾ ਪਿਆਰ ਭਰਿਆ ਵਰਤਾ ਹੁੰਦਾ ਸੀ। ਤਬੀਅਤ ਵਿਚ ਮਿਜਾਜ਼ ਤੇ ਹੰਕਾਰ ਤਾਂ ਉਕਾ ਹੀ ਨਹੀਂ ਸੀ। ਆਪ ਦੀ ਦੁਕਾਨ ਤੇ ਖ਼ਾਹ ਹਿੰਦੂ ਜਾਵੇ ਖ਼ਾਹ ਮੁਸਲਮਾਨ ਸਭ, ਨੂੰ "ਭਾਈ ਸਾਹਿਬ" ਕਰ ਕੇ ਬੁਲਾਉਣਾ। ਚਿਹਰਾ ਹਮੇਸ਼ਾਂ ਗੁਲਾਬ ਦੇ ਫੁਲ ਵਾਂਗ ਖਿੜਿਆ ਹਸੂੰ ਹਸੂੰ ਕਰਦਾ ਰਹਿੰਦਾ ਸੀ। ਆਪ ਨੇ ਸਭ ਨੂੰ ਇਹੋ ਗਲ ਆਖਣੀ ਕਿ ਅਸੀਂ ਆੜ੍ਹਤ ਦੀ ਸੱਚੀ ਦੁਕਾਨ ਕਰਨੀ ਹੈ। ਲੋਕੀ ਜੋ ਇਹ ਗਲ ਆਖਦੇ ਹਨ ਕਿ ਆੜ੍ਹਤ ਦੀ ਦੁਕਾਨ ਝੂਠ ਅਤੇ ਬੇਈਮਾਨੀ ਦੀ ਰਾਸ ਬਿਨਾਂ ਨਹੀਂ ਚਲ ਸਕਦੀ, ਅਸਾਂ ਇਸ ਕੂੜੇ ਦਾਹਵੇ ਨੂੰ ਝੂਠਿਆਂ ਸਾਬਤ ਕਰ ਕੇ ਛਡਣਾ ਹੈ। ਇਕੋ ਤੋਲ ਮੋਲ ਹੋਣ ਕਰ ਕੇ ਆਪ ਦੀ ਦੁਕਾਨ ਨੂੰ ਕਈ ਲੋਕ ਸੱਚੀ ਦੁਕਾਨ ਕਰਕੇ ਭੀ ਸੱਦਦੇ ਸਨ।

ਮਸ਼ਹੂਰ ਕੀਰਤਨੀਏ ਤੇ ਨਾਮ ਅਭਿਆਸੀ ਬਾਬੂ ਸੰਤ ਰਾਮ ਜੀ ਲਾਇਲਪੁਰ ਨਾਲ ਇਕ ਵੇਰ ਆਪ ਦੀਆਂ ਜਪ ਤਪ ਬਾਬਤ ਗਲਾਂ ਬਾਤਾਂ ਹੋਈਆਂ, ਤਾਂ ਆਪ ਨੇ ਉਨ੍ਹਾਂ ਨੂੰ ਦਸਿਆ ਕਿ ਮੈਂ ਕੇਵਲ ਸਾਲ ਵਿਚ ਦੋ ਵੇਰ ਆਪਣੀ ਇਸਤ੍ਰੀ ਨਾਲ ਸੰਗ ਕਰਦਾ ਹਾਂ। ਇਸ ਗਲ ਤੋਂ ਪਤਾ ਲਗਦਾ ਹੈ ਕਿ ਇਸ ਸਮੇਂ ਆਪ ਨੇ ਆਪਣੇ ਮਨ ਨੂੰ ਕਿੰਨਾ ਸਾਧਿਆ ਹੋਇਆ ਸੀ।

ਦੁਕਾਨ ਉਤੇ ਜਿਸ ਭੀ ਸਿਖ ਅਤੇ ਸਹਿਜਧਾਰੀ ਨੇ ਆਉਣਾ, ਉਸੇ ਨੂੰ ਹੀ ਬੜੇ ਪਿਆਰ ਨਾਲ ਗੁਰਮੁਖੀ ਪੜ੍ਹਣ ਦੀ ਪ੍ਰੇਰਨਾ ਕਰਨੀ ਅਤੇ ਆਪਣੇ ਪਲਿਓਂ ਬਾਲ ਉਪਦੇਸ਼ ਖਰੀਦ ਕੇ ਦੇਣਾ ਕਿ ਲਓ "ਭਾਈ ਸਾਹਿਬ ਜੀ" ਬਾਲ ਉਪਦੇਸ਼ ਪੜ੍ਹ ਕੇ ਸ੍ਰੀ ਜਪੁਜੀ ਸਾਹਿਬ ਕੰਠ ਕਰਨੀ। ਏਸ ਤਰ੍ਹਾਂ ਹਰ ਰੋਜ਼ ਕਈਆਂ ਬੰਦਿਆਂ ਪਾਸੋਂ ਪ੍ਰਣ ਕਰਾ ਕੇ ਆਪਣੀ ਡਾਇਰੀ ਵਿਚ ਉਨ੍ਹਾਂ ਦੇ ਨਾਮ ਦਰਜ ਕਰ ਲੈਣੇ। ਫੇਰ ਜਦੋਂ ਕਦੇ ਭੀ ਉਨ੍ਹਾਂ ਵਿਚੋਂ ਕਿਸੇ ਦੇ ਦਰਸ਼ਨ ਹੋਣੇ ਤਾਂ ਆਪ ਨੇ ਮੁੜ ਮੁੜ ਉਨ੍ਹਾਂ ਸਜਣਾਂ ਨੂੰ ਚੇਤੇ ਕਰਾਈ ਜਾਣਾ ਅਤੇ ਤਦੋਂ ਤਕ ਖਹਿੜਾ ਨ ਛਡਣਾ ਜਦੋਂ ਤਕ ਕਿ ਉਨ੍ਹਾਂ ਪਾਸੋਂ ਉਹ ਪਰਣ ਪੂਰਾ ਨ ਕਰਵਾ ਲੈਣਾ। ਇਸ ਤਰ੍ਹਾਂ ਲਗਨ ਨਾਲ ਲਗਿਆਂ ਰਹਿਣ ਕਰ ਕੇ ਆਪ ਨੇ ਕਈਆਂ ਪਿਆਰਿਆਂ ਨੂੰ ਗੁਰਮੁਖੀ ਪੜ੍ਹਾ ਕੇ ਪਵਿੱਤ੍ਰ ਗੁਰਬਾਣੀ ਕੰਠ ਕਰਵਾ ਕੇ ਸਤਿਗੁਰਾਂ ਦੇ ਸਚੇ ਮਿਸ਼ਨ ਦਾ ਅਮਲੀ ਪ੍ਰਚਾਰ ਕੀਤਾ ਤੇ ਹਸਦਿਆਂ ਹਸਦਿਆਂ ਹਰ ਇਕ ਨੂੰ ਏਹੋ ਆਖਣਾ ਲੈ ਭਾਈ ਗੁਰਮੁਖਾ ! ਇਹ ਸਚ ਦੀ ਦੁਕਾਨ ਹੈ, ਇਥੇ ਸਚ ਦਾ ਹੀ ਬਪਾਰ ਚਲਣਾ ਹੈ, ਜਿੱਨਾ ਲਾਹਾ ਖੱਟੀਦਾ ਜੇ ਖੱਟ ਲਓ।

ਗੁਰਦੁਆਰਾ ਗੋਜਰੇ ਦਾ ਮੋਰਚਾ

ਇਨ੍ਹਾਂ ਦਿਨਾਂ ਵਿਚ ਗੋਜਰਾ ਮੰਡੀ, ਜ਼ਿਲਾ ਲਾਇਲਪੁਰ ਵਿਚ ਹਿੰਦੂਆਂ ਅਤੇ ਸਿਖਾਂ ਦਾ ਗੁਰਦੁਆਰੇ ਸਬੰਧੀ ਝਗੜਾ ਹੋ ਪਿਆ। ਇਹ ਗੁਰਦੁਆਰਾ ਸਾਂਝੇ ਚੰਦੇ ਨਾਲ ਸਭ ਨੇ ਮਿਲ ਕੇ ਤਿਆਰ ਕੀਤਾ ਸੀ। ਪੁਰਾਣੀ ਪ੍ਰਪਾਟੀ ਅਨੁਸਾਰ ਹਿੰਦੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਸਮੇਂ ਕੁੰਭ ਅਤੇ ਆਮ ਆਰਤੀ ਦੀ ਰਸਮ ਅਦਾ ਕਰਿਆ ਕਰਦੇ ਸਨ। ਨਵੀਂ ਨਵੀਂ ਗੁਰਦੁਆਰਾ ਸੁਧਾਰ ਲਹਿਰ ਚਲਣ ਦੇ ਕਾਰਣ ਸਿਖ ਇਸ ਨੂੰ ਪਸੰਦ ਨਹੀਂ ਕਰਦੇ ਸਨ। ਉਹ ਆਖਦੇ ਸਨ ਕਿ

ਇਹ ਮਨਮਤ ਅਤੇ ਸਤਿਗੁਰਾਂ ਦੀ ਬੇ-ਅਦਬੀ ਹੈ। ਹਿੰਦੂ ਇਸ ਗਲ ਤੇ ਜ਼ਿੱਦ ਕਰਦੇ ਸਨ ਕਿ ਇਹ ਪੁਰਾਤਨ ਮਰਯਾਦਾ ਹੈ, ਅਸੀਂ ਨਹੀਂ ਹਟਣ ਦੇਣੀ। ਇਸੇ ਤਰ੍ਹਾਂ "ਬੋਲਤ ਬੋਲਤ ਵਧੇ ਬਹੁਤ ਬੁਲਾਰਾ" ਅਨੁਸਾਰ ਆਪੋ ਵਿਚ ਖਿੱਚੋਤਾਣ ਬਹੁਤ ਵਧ ਗਈ।

ਗੁਰਦੁਆਰੇ ਵਿਚ ਇਕ ਪਿੱਪਲ ਸੀ, ਜਿਸ ਨੂੰ ਹਿੰਦੂ ਇਸਤ੍ਰੀਆਂ ਕਿਸੇ ਦਿਨ ਦਿਹਾਰ ਨੂੰ ਆਪਣੀ ਰਸਮ ਅਨੁਸਾਰ ਕੱਚੀ ਲੱਸੀ ਪਾਉਂਦੀਆਂ ਸਨ ਅਤੇ ਕੁਝ ਕੱਚੇ ਸੂਤ ਦੇ ਤੰਦ ਭੀ ਉਦਾਲੇ ਪੁਦਾਲੇ ਵਲ੍ਹੇਟ ਜਾਇਆ ਕਰਦੀਆਂ ਸਨ। ਸਿੰਘਾਂ ਨੂੰ ਇਹ ਗਲ ਬਹੁਤ ਬੁਰੀ ਲਗੀ ਕਿ ਮਹਾਰਾਜ ਨੇ ਪਾਖੰਡਾਂ ਅਤੇ ਭਰਮਾਂ ਦਾ ਖੰਡਣ ਕੀਤਾ ਹੈ,ਅਸੀਂ ਬਾਬੇ ਦੇ ਦਰਬਾਰ ਅੰਦਰ ਇਹ ਕੁਰੀਤੀਆਂ ਨਹੀਂ ਹੋਣ ਦੇਣੀਆਂ। ਹੁਣ ਮਰਦ ਤਾਂ ਆਪੋ ਵਿਚ ਦੀ ਬਥੇਰੀ ਤੂੰ ਤੂੰ ਮੈਂ ਮੈਂ ਕਰਦੇ ਰਹਿੰਦੇ ਸਨ। ਮਾਈਆਂ ਬੀਬੀਆਂ ਦੀ ਤਾਂ ਸਭ ਦੀ ਇਕੋ ਜਿਹੀ ਸਾਂਝੀ ਇੱਜ਼ਤ ਹੁੰਦੀ ਹੈ, ਉਨ੍ਹਾਂ ਨੂੰ ਹੁਣ ਕੋਈ ਕੀ ਆਖੇ। ਨਾਲੇ ਇਹ ਭੇਡਾ-ਚਾਲ ਆਖਣ ਅਖਵਾਉਣ ਨਾਲ ਤਾਂ ਦੂਰ ਹੀ ਨਾ ਹੋਵੇ। ਸਿੰਘਾਂ ਨੇ ਖਿਝ ਨਾਲ ਇਸ ਗਲ ਤੋਂ ਤੰਗ ਪੈ ਕੇ ਅਸਲ ਬਖਾਂਧ ਅਤੇ ਕਲ੍ਹਾ ਦੇ ਕਾਰਨ ਪਿੱਪਲ ਨੂੰ ਹੀ ਰਾਤੋ ਰਾਤ ਵਢ ਸੁਟਿਆ। ਜਦ ਹਿੰਦੂਆਂ ਨੂੰ ਇਸ ਗਲ ਦਾ ਪਤਾ ਲਗਾ ਤਾਂ ਇਹ ਹੋਰ ਭੀ ਬਲਦੀ ਤੇ ਤੇਲ ਪਿਆ। ਸਾਰੇ ਸ਼ਹਿਰ ਵਿਚ ਵਿਰੋਧਤਾ ਦੀ ਅੱਗ ਬੜੇ ਜ਼ੋਰ ਨਾਲ ਭੜਕ ਉਠੀ। ਸ਼ਹਿਰ ਵਿਚ ਹਿੰਦੂ ਸਿਖਾਂ ਦੇ ਦੋ ਧੜੇ ਬਣ ਗਏ। ਗੁਰਪੁਰਬ ਨੇੜੇ ਹੀ ਆ ਰਿਹਾ ਸੀ। ਸਿੰਘਾਂ ਨੇ ਮਾਹਰਾਜ ਦੀ ਸਵਾਰੀ ਨਗਰ ਕੀਰਤਨ ਲਈ ਕਢੀ ਤਾਂ ਹਿੰਦੂਆਂ ਨੇ ਰੋਸ ਵਜੋਂ ਸ਼ਹਿਰ ਵਿਚ ਹੜਤਾਲ ਕਰ ਦਿਤੀ। ਦੰਗੇ ਫ਼ਸਾਦ ਤੋਂ ਬਚਾ ਹੀ ਰਿਹਾ ਤੇ ਸਤਿਗੁਰਾਂ ਦੀ ਕ੍ਰਿਪਾ ਨਾਲ ਨਗਰ ਕੀਰਤਨ ਨਿਰਵਿਘਨਤਾ ਨਾਲ ਸੰਪੂਰਨ ਹੋਇਆ।

ਗੁਰਪੁਰਬ ਵਾਲੇ ਦਿਨ ਫੇਰ ਉਹੋ ਬੋਲ ਬੁਲਾਰਾ ਸ਼ੁਰੂ ਹੋ ਪਿਆ। ਹਿੰਦੂ ਆਖਣ ਸਾਡਾ ਗੁਰਦੁਆਰੇ ਵਿਚ ਸਾਵਾਂ ਹਿੱਸਾ ਹੈ, ਅਸੀਂ ਪੂਰੀਆਂ ਉਗਰਾਹੀਆਂ ਦਿਤੀਆਂ ਹਨ, ਹਥੀਂ ਟੋਕਰੀਆਂ ਚੁਕ ਕੇ ਨਾਲ ਸਾਵੀਆਂ ਖੇਚਲਾਂ ਖਬੜਾਂ ਝਲੀਆਂ ਹਨ, ਜੋ ਸਾਡੀ ਮਰਜ਼ੀ ਹੈ ਅਸੀਂ ਕਰਾਂਗੇ, ਜੋ ਤੁਹਾਡੀ ਮਰਜ਼ੀ ਹੈ ਤੁਸੀਂ ਕਰੋ ! ਅਸੀਂ ਅੱਧ ਦੇ ਭਾਈਵਾਲ ਹਾਂ !!

ਇਸ ਗਲ ਦਾ ਰੇੜਕਾ ਏਥੋਂ ਤਕ ਵਧ ਗਿਆ ਕਿ ਫ਼ਸਾਦ ਤਕ ਨੌਬਤ ਪੁਜ ਗਈ, ਜਿਸ ਨੂੰ ਨਿਪਟਾਉਣ ਲਈ ਡਿਪਟੀ ਕਮਿਸ਼ਨਰ ਨੂੰ ਉਚੇਚਿਆਂ ਲਾਇਲਪੁਰੋਂ ਉਥੇ ਜਾਣਾ ਪਿਆ। ਡਿਪਟੀ ਕਮਿਸ਼ਨਰ ਨੇ ਦੋਹਾਂ ਧਿਰਾਂ ਨੂੰ ਖੂਬ ਚੰਗੀ ਤਰ੍ਹਾਂ ਧਮਕਾਇਆ ਅਤੇ ਸਿਖਾਂ ਪਾਸੋਂ ਜ਼ਮਾਨਤਾਂ ਲੈਣ ਦਾ ਡਰਾਵਾ ਦਿਤਾ। ਇਸ ਔਕੜ ਸਮੇਂ ਕਈ ਸਿੰਘ ਡੋਲ ਗਏ, ਕਿਉਂਕਿ ਗੁਰਦੁਆਰਿਆਂ ਬਾਬਤ ਅਜੇ ਅਜ ਕਲ ਵਾਂਗ ਖੁਲ੍ਹੀਆਂ ਕੁਰਬਾਨੀਆਂ ਕਰਨ ਦਾ ਰਿਵਾਜ ਨਹੀਂ ਪਿਆ ਸੀ। ਇਸ ਸਮੇਂ ਉਥੋਂ ਦੇ ਕੁਝ ਕੁ ਪਤਵੰਤਿਆਂ ਨੇ ਸ: ਦਲੀਪ ਸਿੰਘ ਹੋਰਾਂ ਨੂੰ ਆ ਕੇ ਖ਼ਬਰ ਦਿਤੀ! ਇਹ ਝਟ ਤੱਤੀ ਫੱਟੀ ਉਥੇ ਪੁਜ ਗਏ ਤੇ ਇਨ੍ਹਾਂ ਨੇ ਆਪਣੀ ਸਿਆ-ਣਪ ਅਤੇ ਦੂਰ-ਦਰਸ਼ੀ ਨਾਲ ਸਾਰੇ ਹਾਲਾਤ ਤੇ ਕਾਬੂ ਪਾ ਲਿਆ। ਸਿੰਘਾਂ ਨੂੰ ਹੌਂਸਲਾ ਤੇ ਧੀਰਜ ਦਿਤੀ ਕਿ ਘਾਬਰਨ ਦੀ ਲੋੜ ਨਹੀਂ ਹੈ, ਸਤਿਗੁਰ ਸਚੇ ਪਾਤ-ਸ਼ਾਹ ਭਲੀ ਕਰਨਗੇ। ਇਸ ਤੋਂ ਪਿਛੋਂ ਆਪ ਡਿਪਟੀ ਕਮਿਸ਼ਨਰ ਨੂੰ ਮਿਲੇ ਅਤੇ ਸਾਫ਼ ਸ਼ਬਦਾਂ ਵਿਚ ਉਸ ਨੂੰ ਇਹ ਗਲ ਆਖੀ ਕਿ ਸਾਹਿਬ! ਅਸੀਂ ਆਪਣੇ ਗੁਰਦੁਆਰੇ ਵਿਚ ਗੁਰਪੁਰਬ ਮਨਾਉਣਾ ਚਾਹੁੰਦੇ ਹਾਂ, ਜ਼ਮਾਨਤਾਂ ਕਿਸ ਗਲ ਦੀਆਂ ਦਈਏ? ਕਿਸੇ ਦੀ ਚੋਰੀ ਨਹੀਂ ਕੀਤੀ, ਕੋਈ ਦੰਗਾ ਫ਼ਸਾਦ ਨਹੀਂ ਕੀਤਾ। ਸਾਡਾ ਧਾਰਮਕ ਮਾਮਲਾ ਹੈ ਅਤੇ ਅਸੀਂ ਕੇਵਲ ਗੁਰਦੁਆਰੇ ਦੇ ਸੁਧਾਰ ਕਰ ਕੇ ਉਥੋਂ ਕੁਰੀਤੀਆਂ ਦੂਰ ਕਰਨੀਆਂ ਚਾਹੁੰਦੇ ਹਾਂ। ਤੁਸੀਂ ਆਪ ਹੀ ਵਿਚ ਪੈ ਕੇ ਇਸ ਗਲ ਨੂੰ ਇਨਸਾਫ਼ ਨਾਲ ਨਿਬੇੜ ਦਿਓ, ਅਸੀਂ ਜ਼ਮਾਨਤ ਜ਼ਮੂਨਤ ਕਿਸੇ ਨੇ ਕੋਈ ਨਹੀਂ ਦੇਣੀ। ਇਹ ਗਲ ਸੁਣ ਕੇ ਸਾਹਿਬ ਸਮਝ ਗਿਆ ਕਿ ਅਸਲ ਗਲ ਕੀ ਹੈ। ਉਸ ਨੇ ਆਖਿਆ ਕਿ ਮੈਂ ਇਹ ਸਾਰਾ ਮਾਮਲਾ ਅਦਾਲਤ ਦੇ ਪੇਸ਼ ਕਰ ਦਿੰਦਾ ਹਾਂ। ਇਹ ਗਲਾਂ ਬਾਤਾਂ ਅਜੇ ਹੋ ਹੀ ਰਹੀਆਂ ਸਨ ਕਿ ਇਨੇ ਚਿਰ ਨੂੰ ਸ: ਹਰਚੰਦ ਸਿੰਘ ਜੀ ਰਈਸ ਲਾਇਲਪੁਰ ਭੀ ਇਥੇ ਪੁਜ ਗਏ। ਇਨ੍ਹਾਂ ਨੇ ਸਲਾਹ ਦਿਤੀ ਕਿ ਅਦਾਲਤ ਵਿਚ ਦੋਹਾਂ ਧਿਰਾਂ ਦੀ ਖਜਲ ਖੁਆਰੀ ਹੋਵੇਗੀ। ਚੰਗੀ ਗਲ ਏਹੋ ਹੈ ਕਿ ਅਸੀਂ ਆਪੋ ਵਿਚ ਮਿਲ ਕੇ ਭਰਾਵਾਂ ਵਾਂਗ ਫ਼ੈਸਲਾ ਕਰ ਲਈਏ, ਤਾਂ ਬੜਾ ਸੁਖ ਰਹੇਗਾ। ਹਿੰਦੂ ਭੀ ਆਪਣੇ ਭਰਾ ਹਨ, ਦੋਹਾਂ ਕੌਮਾਂ ਵਿਚ ਪਾਟਕ ਵਧਾਉਣਾ ਕੋਈ ਵਧੇਰੇ ਸਿਆਣਪ ਦੀ ਗਲ ਨਹੀਂ ਹੈ। ਇਸ ਰੇੜਕੇ ਨੂੰ ਨਜਿਠਣ ਲਈ ਇਹ ਤਜਵੀਜ਼ ਹੋਈ ਕਿ ਕੁਝ ਰੁਪਿਆ ਚੰਦੇ ਰਾਹੀਂ ਜਮਾਂ ਕਰਕੇ ਹਿੰਦੂਆਂ

ਨੂੰ ਵਖਰਾ ਮੰਦਰ ਬਣਵਾ ਦਿਤਾ ਜਾਵੇ ਤਾਂ ਇਹ ਰੇੜਕਾ ਸਹਿਲ ਹੀ ਮੁਕ ਜਾਵੇਗਾ।

ਇਸ ਦੇ ਉਤ੍ਰ ਵਿਚ ਸ: ਦਲੀਪ ਸਿੰਘ ਨੇ ਆਖਿਆ ਕਿ ਮੈਂ ਦਿਲੋਂ ਚਾਹੁੰਦਾ ਹਾਂ ਕਿ ਇਸ ਦਾ ਨਿਬੇੜਾ ਭਰਾਵਾਂ ਵਿਚ ਇਕ ਥਾਂ ਬਹਿ ਕੇ ਕੀਤਾ ਜਾਵੇ, ਪਰ ਕਿਸੇ ਅਸੂਲ ਨੂੰ ਸਾਹਮਣੇ ਰਖ ਕੇ। ਚੰਦਾ ਇਕੱਠਾ ਕਰਨ ਵਾਲੀ ਸਕੀਮ ਇਕ ਬੇਅਸੂਲੀ ਜਿਹੀ ਗਲ ਹੈ। ਇਹ ਫ਼ੈਸਲਾ ਪੰਥ ਲਈ ਸੁਖਦਾਈ ਤੇ ਲਾਭਦਾਇਕ ਸਾਬਤ ਨਹੀਂ ਹੋਣਾ। ਪੰਥ ਨੇ ਸਭ ਗੁਰਦੁਆਰਿਆਂ ਦਾ ਸੁਧਾਰ ਕਰਨਾ ਹੈ। ਕਿਸ ਕਿਸ ਥਾਂ ਚੰਦੇ ਇਕੱਠੇ ਕਰਕੇ ਦਿਤੇ ਜਾਣਗੇ ? ਮਤਾਂ ਇਹ ਸਾਡੇ ਲਾਡਲੇ ਭਰਾ ਸਾਥੋਂ ਰੁਸ ਨ ਜਾਣ , ਇਹ ਗਲ ਸਾਥੋਂ ਪੁਗ ਨਹੀਂ ਆਉਂਦੀ ਹੈ। ਦੋਵੇਂ ਧਿਰਾਂ ਆਪੋ ਆਪਣੀ ਥਾਂ ਅੜੀਆਂ ਰਹੀਆਂ, ਸਿਵਾਏ ਬੋਲ ਬੁਲਾਰੇ ਦੇ ਕੋਈ ਗਲ ਭੀ ਸਿਰੇ ਨ ਚੜ੍ਹੀ। ਅੰਤ ਦੀ ਬਾਕੀ ਮੁਕਦਮਾ ਅਦਾਲਤ ਵਿਚ ਗਿਆ; ਕਈ ਪੇਸ਼ੀਆਂ ਭੁਗਤ ਕੇ ਖੱਜਲ-ਖ਼ੁਆਰੀ ਹੋਈ। ਆਪ ਸਾਰੀਆਂ ਪੇਸ਼ੀਆਂ ਤੇ ਹੋਰ ਕਈ ਪੰਥ ਮੁਖੀਆਂ ਸਣੇ ਆਪਣੇ ਪਲਿਓਂ ਕਿਰਾਇਆ ਖ਼ਰਚ ਕੇ ਲਾਇਲਪੁਰ ਪੁਜਦੇ ਰਹੇ। ਆਪ ਨੇ ਬੜੀ ਚਤੁਰਤਾ ਤੇ ਦਾਨਾਈ ਨਾਲ ਮੋਹਰੀ ਹੋ ਕੇ ਇਸ ਮੁਕਦਮੇ ਨੂੰ ਜਿਤਿਆ। ਇਸ ਵੇਲੇ ਆਪ ਦੀ ਇਸ ਨਿਸ਼ਕਾਮ ਸੇਵਾ ਦੇ ਕਾਰਨ ਗੋਜਰੇ ਵਿਚ ਭੀ ਬੜੀ ਭਾਰੀ ਸ਼ੋਭਾ ਹੋਈ। ਇਥੋਂ ਦੇ ਸਥਾਨਕ ਸਜਣਾਂ ਦੀ ਇਕ ਪ੍ਰਬੰਧਕ ਕਮੇਟੀ ਚੁਣ ਕੇ ਗੁਰਦੁਆਰੇ ਦਾ ਪ੍ਰਬੰਧ ਉਸ ਦੇ ਸਪੁਰਦ ਕਰ ਦਿਤਾ ਗਿਆ। ਜਿਸ ਹਿੰਮਤ, ਮਿਹਨਤ ਤੇ ਦਿਲੀ ਲਗਨ ਨਾਲ ਆਪ ਨੇ ਇਸ ਸੇਵਾ ਨੂੰ ਸਿਰੇ ਚਾੜ੍ਹਿਆ ਸੀ ਉਸੇ ਦੇ ਕਾਰਨ ਹੀ ਆਪ ਨੂੰ ਇਥੋਂ ਦੇ ਪ੍ਰਬੰਧਕਾਂ ਵਿਚ ਲੈਣ ਦੀ ਵਿਚਾਰ ਹੋਈ, ਪਰ ਆਪ ਨੇ ਸਾਫ਼ ਇਨਕਾਰ ਕਰ ਦਿਤਾ ਕਿ ਮੇਰਾ ਇਹ ਫ਼ਰਜ਼ ਸੀ, ਜੋ ਕੁਝ ਮੈਂ ਕੀਤਾ ਹੈ। ਹੁਣ ਇਥੋਂ ਦੀ ਸਾਰੀ ਸੌਂਪਣਾ ਆਪ ਨੂੰ ਹੀ ਹੈ। ਮੈਂ ਹਰ ਔਕੜ ਸਮੇਂ ਤੁਹਾਡਾ ਸੇਵਾਦਾਰ ਹਾਂ, ਮੈਨੂੰ ਚੌਧਰ ਦੀ ਕੋਈ ਭੁਖ ਨਹੀਂ।

ਸਾਂਗਲੇ ਦੇ ਗੁਰਦੁਆਰੇ ਦਾ ਪ੍ਰਬੰਧ ਸੁਧਾਰਨਾ

ਗੋਜਰੇ ਵਾਂਗ ਇਥੇ ਭੀ ਇਸੇ ਤਰ੍ਹਾਂ ਦਾ ਹਿੰਦੂਆਂ ਨੇ ਰੱਟਾ ਪਾਇਆ

ਹੋਇਆ ਸੀ। ਗੁਰਪੁਰਬ ਨੇੜੇ ਆਇਆ, ਤਾਂ ਆਪ ਨੇ ਸਭ ਭਰਾਵਾਂ ਨੂੰ ਇਕੱਠਿਆਂ ਕਰਕੇ ਬੇਨਤੀ ਕੀਤੀ ਕਿ ਇਥੇ ਅਖੰਡ ਪਾਠ ਦਾ ਭੋਗ ਪਾਇਆ ਜਾਵੇ ਤੇ ਪੁਰਾਣੀਆਂ ਕੁਰੀਤੀਆਂ ਦੂਰ ਕੀਤੀਆਂ ਜਾਣ, ਕਿਉਂਕਿ ਗੋਜਰੇ ਦਾ ਮੋਰਚਾ ਫ਼ਤਹ ਕਰ ਲੈਣ ਦੇ ਕਾਰਨ ਆਪ ਵਿਚ ਗੁਰਮਤ ਦਾ ਬਹੁਤ ਉਤਸ਼ਾਹ ਵਧ ਗਿਆ ਸੀ। ਆਪ ਦੀ ਇਸ ਨੇਕ ਸਲਾਹ ਨਾਲ ਗੁਰ ਸਿਖਾਂ ਨੇ ਹਾਂ ਨਾਲ ਹਾਂ ਮਿਲਾਈ, ਪਰ ਮੋਹਰੀ ਆਪ ਨੂੰ ਹੀ ਥਾਪਿਆ ਗਿਆ, ਕਿਉਂਕਿ ਆਮ ਲੋਕੀਂ ਹਾਕਮਾਂ ਤੋਂ ਉਸ ਵੇਲੇ ਕੁਝ ਖ਼ੌਫ਼ ਖਾਇਆ ਕਰਦੇ ਸਨ।

ਜਦ ਹਿੰਦੂਆਂ ਨੂੰ ਇਸ ਫ਼ੈਸਲੇ ਦਾ ਪਤਾ ਲਗਾ ਤਾਂ ਉਹ ਉਕਾ ਹੀ ਪੈਰਾਂ ਤੇ ਪਾਣੀ ਨ ਪੈਣ ਦੇਣ। ਆਖਣ: "ਸਹੇ ਦੀਆਂ ਤਿੰਨੇ ਲਤਾਂ ਹਨ, ਚੌਥੀ ਹੈ ਹੀ ਨਹੀਂ।" ਲਗੇ ਹਿਕ ਤੇ ਹਥ ਮਾਰਨ ਕਿ ਅਸੀਂ *ਆਰਤੀ ਅਤੇ ਕੁੰਭ ਦੀ ਰੀਤੀ

---

*ਸੰਨ ੧੯੪੯ ਈ: ਤੋਂ ਲੈ ਕੇ ਸੰਨ ੧੯੨੦ ਈ: ਤਕ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਸਰਕਾਰੀ ਸੂਬ੍ਹਾਹਾਂ ਦੇ ਸਪੁਰਦ ਰਿਹਾ ਤੇ ਇਸ ਸਮੇਂ ਵਿਚ ਵਧ ਤੋਂ ਵਧ ਧਾਰਮਕ ਮਰਯਾਦਾ ਵਿਗੜੀਆਂ ਤੇ ਪ੍ਰਬੰਧ ਵਿਚ ਹੋਰ ਭੀ ਕਈ ਖ਼ਰਾਬੀਆਂ ਪੈਂਦੀਆਂ ਗਈਆਂ; ਇਥੋਂ ਤਕ ਕਿ ਪ੍ਰਕਰਮਾਂ ਵਿਚ ਹਿੰਦੂ ਸ਼ਾਸਤ੍ਰਾਂ ਤੇ ਪੁਰਾਣਾਂ ਦੀਆਂ ਕਥਾਵਾਂ ਹੋਣ ਲਗ ਪਈਆਂ ਤੇ ਥਾਂ ਪਰ ਥਾਂ ਠਾਕਰ ਰਖੇ ਗਏ ਤੇ ਇਸ ਦੀ ਰੀਸ-ਬਰੀਸੀ ਬਾਕੀ ਗੁਰਦੁਆਰਿਆਂ ਵਿਚ ਭੀ ਇਸ ਤਰਾਂ ਗੁਰਮਤ ਵਿਰੁਧ ਕਾਰਰਵਾਈਆਂ ਹੋਣ ਲਗ ਪਈਆਂ, ਪਰ ਸੰਨ ੧੯੦੫ ਈ: ਦੇ ਵਿਚਕਾਰ ਕਾਬਲ ਵਿਚ ਇਕ ਬੜੀ ਚੰਗੀ ਘਟਨਾ ਹੋ ਗਈ। ਉਥੇ ਸ੍ਰੀ ਗੁਰੂ ਹਰਿ ਸਾਹਿਬ ਜੀ ਦੀ ਯਾਦਗਾਰ ਵਿਚ ਇਕ ਇਤਿਹਾਸਕ ਗੁਰਦੁਆਰਾ ਹੈ। ਉਸ ਵੇਲੇ ਉਸ ਗੁਰ-ਦੁਆਰੇ ਦਾ ਪੁਜਾਰੀ ਇਕ ਬ੍ਰਾਹਮਣ ਸੀ, ਜਿਸ ਨੇ ਚੁਪ-ਚੁਪੀਤੇ ਗੁਰਦੁਆਰੇ ਅੰਦਰ ਠਾਕਰ ਰਖ ਕੇ ਪੂਜਾ ਕਰਨੀ ਅਰੰਭ ਦਿਤੀ। ਸਿਖਾਂ ਨੇ ਇਸ ਦੇ ਵਿਰੁਧ ਆਵਾਜ਼ ਉਠਾਈ ਤੇ ਨਾਰਾਜ਼ਗੀ ਪ੍ਰਗਟ ਕੀਤੀ, ਪਰ ਮਾਮਲਾ ਇਸ ਤੋਂ ਅਗੇ ਨ ਵਧਿਆ। ਜਦ ਉਹ ਬ੍ਰਾਹਮਣ ਪੁਜਾਰੀ ਮਰ ਗਿਆ ਤਾਂ ਸਿਖਾਂ ਨੇ ਉਸ ਦੇ ਸੰਬੰਧੀਆਂ ਨੂੰ ਆਖਿਆ ਕਿ ਆਪਣੇ ਠਾਕਰ ਚੁਕ ਕੇ ਲੈ ਜਾਓ, ਪਰ ਉਹ ਨਾ ਮੰਨੇ। ਮਾਮਲਾ ਅਦਾਲਤ ਵਿਚ ਗਿਆ, ਪਾਤਸ਼ਾਹ ਅਬਦੁਰ ਰਹਿਮਾਨ ਨੇ ਇਸ ਮਾਮਲੇ ਦੀ ਪੜਤਾਲ ਲਈ ਇਕ ਕਮੇਟੀ ਨੀਯਤ ਕਰ ਦਿਤੀ। ਹਿੰਦੂਆਂ ਵਿਚ ਬੜਾ ਰੌਲਾ ਮੱਚਿਆ ਹੋਇਆ ਸੀ, ਜਿਸ ਦੇ ਕਾਰਨ ਕਮਿਸ਼ਨਰ ਨੇ ਫ਼ੈਸਲਾ ਹਿੰਦੂਆਂ ਦੇ ਹਕ ਵਿਚ ਕਰ ਦਿਤਾ। ਸਿਖਾਂ ਨੇ ਅਮੀਰ ਸਾਹਿਬ ਨੂੰ ਸਿਧਿਆਂ ਆਪ ਇਸ ਵਿਚ ਦਖ਼ਲ ਦੇਣ ਲਈ ਬੇਨਤੀ ਕੀਤੀ, ਤਾਂ ਅਮੀਰ ਸਾਹਿਬ ਨੇ ਸਾਰੀ ਫ਼ਾਇਲ ਵੇਖ ਕੇ ਬੜਾ ਹੀ ਮਹਤੱਵ ਭਰਿਆ ਫ਼ੈਸਲਾ ਲਿਖਿਆ:—

ਫ਼ੈਸਲਾ:—ਮੇਰੇ ਖ਼ਿਆਲ ਵਿਚ ਬੁਤ ਪੂਜਾ ਦਾ ਗੁਰਦੁਆਰੇ ਨਾਲ ਕੋਈ ਸਬੰਧ ਨਹੀਂ ਹੈ, ਇਹ ਧਰਮਸਾਲਾ ਗੁਰੂ ਨਾਨਕ ਸਾਹਿਬ ਦੇ ਸਤਵੇਂ ਜਾ-ਨਸ਼ੀਨ ਗੁਰੂ ਹਰਿ ਰਾਇ ਸਾਹਿਬ ਦੀ ਯਾਦਗਾਰ ਵਿਚ ਹੈ, ਜੋ ਕਿ ਵੱਡੇ ਖ਼ੁਦਾ-ਪ੍ਰਸਤ ਸਨ ਤੇ ਬੁਤ ਪੂਜਾ ਦੇ ਸਖ਼ਤ ਵਿਰੋਧੀ ਸਨ। ਇਸੇ ਤਰ੍ਹਾਂ ਉਨ੍ਹਾਂ ਦੇ ਸਿਖਾਂ ਦਾ ਠਾਕਰ-ਦਵਾਰੇ ਜਾਂ ਸ਼ਿਵਦਵਾਰੇ ਨਾਲ ਕੋਈ ਵਾਸਤਾ ਨਹੀਂ, ਜੋ ਕਿ ਹਿੰਦੂਆਂ ਦੀ ਮਲਕੀਅਤ ਹਨ। ਇਸ ਮੁਕੱਦਮੇ ਵਿਚ ਜਿਸ ਧਰਮਸਾਲਾ ਦਾ ਝਗੜਾ ਹੈ ਇਸ ਉਤੇ ਜਿਨ੍ਹਾਂ ਲੋਕਾਂ ਦਾ ਹਕ ਹੋ ਸਕਦਾ ਹੈ ਉਹ ਕੇਵਲ ਰੱਬ-ਪੂਜਕ (ਸਿਖ) ਹੀ ਹੋ ਸਕਦੇ ਹਨ। ਸੋ ਮੈਂ ਬਹੈਸੀਅਤ ਪਾਤਸ਼ਾਹ ਦੇ ਬੁਤ ਪੂਜਾਂ ਦਾ ਮੁਕੱਦਮਾ ਖ਼ਾਰਜ ਕਰਦਾ ਹਾਂ। (Gurdawara Reform Movement Page 89)

ਇਸ ਫ਼ੈਸਲੇ ਦੀ ਖ਼ਬਰ ਪੰਜਾਬ ਵਿਚ ਪੁਜੀ ਤਾਂ ਸੰ:੧੯੦੫ ਈ: ਦੀਆਂ ਗਰਮੀਆਂ ਵਿਚ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿਚੋਂ ਸਿੰਘਾਂ ਨੇ ਸਭ ਬੁਤ ਚੁਕ ਦਿਤੇ ਤੇ ਇਸ ਦੇ ਉਪਰੰਤ ਸਹਿਜ ਸਹਿਜ ਨਾਲ ਬਾਕੀ ਗੁਰਦੁਆਰਿਆਂ ਵਿਚੋਂ ਭੀ ਠਾਕਰ ਉਠਾ ਦਿਤੇ ਗਏ।

ਬਿਲਕੁਲ ਬੰਦ ਨਹੀਂ ਕਰਨੀ ਹੈ। ਇਹ ਗੋਜਰਾ ਨਹੀਂ ਸਾਂਗਲਾ ਹੈ ! ਕਿਸੇ ਦੀ ਕੀ ਮਜਾਲ ਹੈ ਜੋ ਸਾਡੀਆਂ ਪੁਰਾਤਨ ਧਾਰਮਕ ਰਸਮਾਂ ਬੰਦ ਕਰੇ। ਅਸੀਂ ਇਹ ਮੁਢ ਕਦੀਮ ਤੋਂ ਕਰਦੇ ਚਲੇ ਆਏ ਹਾਂ। ਸਰਦਾਰ ਦਲੀਪ ਸਿੰਘ ਨੇ ਜਦ ਹਿੰਦੂ-ਆਂ ਨੂੰ ਇਕੋ ਵਾਗੇ ਜਾਂਦਿਆਂ ਵੇਖਿਆ ਤਾਂ ਇਸ ਅਸੂਲ ਅਨੁਸਾਰ ਕਿ "ਸਹਿਜ ਪਕੇ ਸੋ ਮੀਠਾ" ਮਤਾਂ ਇਸ ਹੜਬਾਂ ਦੇ ਭੇੜ ਨਾਲ ਗਲੋਂ ਗਲੈਣ ਨ ਬਣ ਜਾਵੇ, ਭਰਾਵਾਂ ਨਾਲ ਸਲਾਹ ਮਸ਼ਵਰਾ ਕੀਤਾ ਕਿ ਕੁਝ ਹੁਣ ਸਫ਼ਾਈ ਕਰ ਲਈਏ, ਤੇ ਬਾਕੀ ਫੇਰ ਸਹਿਜ ਭਾ ਧੀਰਜ ਨਾਲ ਸਹੀ। ਹਿੰਦੂਆਂ ਨੂੰ ਆਖਿਆ ਕਿ ਤੁਸੀਂ ਆਰਤੀ ਜਾਣ ਦਿਓ ਅਤੇ ਕੁੰਭ ਰਖ ਲਓ, ਪਰ ਹਿੰਦੂਆਂ ਨੇ ਇਸ ਗਲ ਨੂੰ ਪ੍ਰਵਾਨ ਨ ਕੀਤਾ। ਕਈ ਚਾਰੇ ਵਾਰੇ ਕਰਨ ਤੇ ਭੀ ਜਦ ਉਨ੍ਹਾਂ ਦੇ ਘੜੰਮ ਚੌਧਰੀ ਕਿਸੇ ਕੁਲ ਉਤੇ ਨ ਆਏ ਤਾਂ ਅੰਤ ਦੀ ਬਾਕੀ ਇਨ੍ਹਾਂ ਨੇ ਭੀ ਤੰਗ ਪੈ ਕੇ ਇਹ ਫ਼ੈਸਲਾ ਕੀਤਾ ਕਿ ਚੰਗਾ ਜੇ ਤੁਸੀਂ ਨਹੀਂ ਮਨਦੇ ਤਾਂ ਤੁਹਾਡੀ ਮਰਜ਼ੀ, ਅਸੀਂ ਅਜਿਹੀਆਂ ਕੁਰੀਤੀਆਂ ਨਹੀਂ ਹੋਣ ਦੇਣੀਆਂ ਹਨ, ਭਾਵੇਂ ਸਾਨੂੰ ਕਿੰਨੀਆਂ ਭੀ ਕੁਰਬਾਨੀਆਂ ਕਿਉਂ ਨ ਕਰਨੀਆਂ ਪੈਣ। ਅਰਦਾਸਾ ਸੋਧ ਕੇ ਮਹਾਰਾਜ ਦੀ ਪਾਲਕੀ ਜਲੂਸ ਲਈ ਸ਼ਹਿਰ ਨੂੰ ਤੋਰ ਦਿਤੀ। ਅਜੇ ਇਹ ਗੁਰਦੁਆਰੇ ਵਿਚੋਂ ਨਿਕਲੇ ਹੀ ਸਨ ਕਿ ਇਕ ਬੰਦਾ ਭੱਜਾ ਭੱਜਾ ਆਇਆ ਤੇ ਆਖਣ ਲਗਾ ਕਿ ਮੰਡੀ ਦੇ ਕੁਝ ਪਤਵੰਤੇ ਹਿੰਦੂਆਂ ਨੇ ਇਕੱਠ ਕੀਤਾ ਹੈ ਅਤੇ ਉਹ ਸ: ਦਲੀਪ ਸਿੰਘ ਹੁਰਾਂ ਨੂੰ ਉਥੇ ਯਾਦ ਕਰਦੇ ਹਨ। ਉਸ ਵੇਲੇ ਸ: ਦਲੀਪ ਸਿੰਘ ਜੀ ਨੇ ਬੜੀ ਨਿਰਭੈਤਾ ਅਤੇ ਦਲੇਰੀ ਨਾਲ ਉਤ੍ਰ ਦਿਤਾ ਕਿ ਮੈਂ ਇਸ ਵੇਲੇ ਦੋ ਜਹਾਨ ਦੇ ਵਾਲੀ ਸਚੇ ਪਾਤਸ਼ਾਹ ਦੀ ਹਾਜ਼ਰੀ ਵਿਚ ਖੜੋਤਾ ਹਾਂ, ਇਸ ਲਈ ਨਹੀਂ ਆ ਸਕਦਾ,ਨਗਰ ਕੀਰਤਨ ਦੇ ਪਿਛੋਂ ਦਰਸ਼ਨਾਂ ਲਈ ਆ ਹਾਜ਼ਰ ਹੋਵਾਂਗਾ, ਏਸ ਤਰ੍ਹਾਂ ਸਤਿਗੁਰਾਂ ਦੀ ਬੇਅਦਬੀ ਹੈ। ਇਹ ਉਤ੍ਰ ਸੁਣ ਕੇ ਹਿੰਦੂਆਂ ਨੂੰ ਬੜਾ ਗੁੱਸਾ ਚੜ੍ਹਿਆ। ਸਭ ਨੇ ਓਰ ਓਰ ਕਰਕੇ ਗੁਰਦੁਆਰੇ ਦੇ ਦੁਆਲੇ ਆ ਘੇਰਾ ਪਾਇਆ, ਤਾਂ ਆਪ ਨੇ ਸ਼ੇਰ ਵਾਂਗ ਗਜ ਕੇ ਆਖਿਆ ਕਿ ਅਸੀਂ ਭਰਾਵਾਂ ਵਾਂਗ ਤੁਹਾਡੀ ਬੜੀ ਮਿੰਨਤ ਸਮਾਜਤ ਕੀਤੀ ਹੈ, ਪਰ ਤੁਸੀਂ ਕਿਸੇ ਕੁਲ ਹੇਠਾਂ ਨਹੀਂ ਆਏ। ਤੁਹਾਡੇ ਮਨ ਵਿਚ ਹੰਕਾਰ ਸਮਾਇਆ ਹੋਇਆ ਹੈ। ਅਸੀਂ ਹੁਣ ਇਸ ਗਲ ਤੇ ਲੱਕ ਬੰਨ੍ਹ ਲਿਆ ਹੈ ਕਿ ਭਾਵੇਂ ਸਾਨੂੰ ਸ਼ਹੀਦੀਆਂ ਹੀ ਕਿਉਂ ਨ ਪ੍ਰਾਪਤ

ਕਰਨੀਆਂ ਪੈਣ, ਅਸੀਂ ਕੂੜ ਅਤੇ ਝੂਠ ਅਗੇ ਸਿਰ ਨਹੀਂ ਝੁਕਾਉਣਾ ਹੈ। ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਉਕਾ ਹੀ ਨਹੀਂ ਸਹਾਰ ਸਕਦੇ। ਖ਼ਾਲਸੇ ਨੂੰ ਮੌਤ ਦਾ ਕੋਈ ਡਰ ਨਹੀਂ, ਇਹ ਤੇਜ਼ ਤਲਵਾਰ ਦੀ ਧਾਰ ਵਿਚੋਂ ਪੈਦਾ ਹੋਇਆ ਹੈ ਅਤੇ ਨੇਜ਼ਿਆਂ ਦੀਆਂ ਨੋਕਾਂ ਤੇ ਜਵਾਨ ਹੋਇਆ ਹੈ। ਖ਼ਾਲਸਾ ਮੁਢ ਤੋਂ ਹੀ ਅਜਿਹੀਆਂ ਔਕੜਾਂ ਝਲਦਾ ਆਇਆ ਹੈ, ਪਰ ਆਪਣੀ ਸ਼ਾਨ ਨੂੰ ਕਦੀ ਵੱਟਾ ਨਹੀਂ ਲਵਾਇਆ। ਇਹ ਕੋਈ ਨਵੀਂ ਭੀੜਾ ਨਹੀਂ, ਅਨੇਕਾਂ ਅਜਿਹੀਆਂ ਮੁਸੀਬਤਾਂ ਆਈਆਂ ਤੇ ਇਸ ਗੁਰਦੁਆਰਾ ਸੁਧਾਰ ਲਹਿਰ ਵਿਚ ਅਨੇਕਾਂ ਹੀ ਹੋਰ ਆਉਣਗੀਆਂ। ਸਤਿਗੁਰ ਸਚੇ ਪਾਤਸ਼ਾਹ ਨੇ ਖ਼ਾਲਸੇ ਨੂੰ ਬਲ ਬਖ਼ਸ਼ਿਆ ਹੈ, ਜਿਸ ਦੁਆਰਾ ਖ਼ਾਲਸੇ ਦੀ ਹਮੇਸ਼ਾ ਚੜ੍ਹਦੀ ਕਲਾ ਹੁੰਦੀ ਹੈ। ਇਹ ਦਲੇਰੀ ਭਰੀਆਂ ਗਲਾਂ ਸੁਣ ਕੇ ਹਿੰਦੂ ਵੀਰ ਆਪੋ ਆਪਣੇ ਘਰੀਂ ਚਲੇ ਗਏ। ਇਹ ਮੋਰਚਾ ਭੀ ਖ਼ਾਲਸੇ ਦਾ ਫ਼ਤਹ ਹੋਇਆ। ਬੜੀ ਸਜ ਧਜ ਨਾਲ ਨਗਰ ਕੀਰਤਨ ਸਮਾਪਤ ਹੋਇਆ। ਹਿੰਦੂਆਂ ਨੇ ਗੁਰ-ਦੁਆਰੇ ਦੇ ਬਲਦ ਅਤੇ ਨੌਕਰ ਰਾਤੋ ਰਾਤ ਹਟਾ ਲਏ। ਆਪ ਨੂੰ ਜਿਸ ਵੇਲੇ ਪਤਾ ਲਗਾ, ਉਸੇ ਵੇਲੇ ਬਲਦਾਂ ਅਤੇ ਆਦਮੀ ਦਾ ਪ੍ਰਬੰਧ ਕਰ ਲਿਆ। ਸਵੇਰੇ ਨਿਤਾ ਪ੍ਰਤ ਵਾਂਗ ਬਿਨਾਂ ਕਿਸੇ ਵਿਘਨ ਦੇ ਖੂਹ ਚਲਦਾ ਰਿਹਾ। ਮਹਾਰਾਜ ਦਾ ਗੁਰਪੁਰਬ ਬੜੀ ਸ਼ਾਨ ਨਾਲ ਮਨਾਇਆ ਗਿਆ। ਅਗਲੇ ਦਿਨ ਆਪ ਨੇ ਗੁਰਦੁਆਰੇ ਦਾ ਕੰਮ ਚਲਾਉਣ ਲਈ ਇਕ ਪ੍ਰਬੰਧਕ ਕਮੇਟੀ ਚੁਣ ਦਿਤੀ, ਜਿਸ ਦੇ ਹੱਥ ਵਿਚ ਗੁਰਦੁਆਰੇ ਦਾ ਸਾਰਾ ਇੰਤਜ਼ਾਮ ਦੇ ਦਿਤਾ ਗਿਆ। ਇਸ ਦਿਨ ਤੋਂ ਮੁੜ ਸ਼ਰਾਰਤ ਖੜੀ ਕਰਨ ਵਾਲੇ ਕੁਝ ਬੰਦਿਆਂ ਦੀ ਦਾਲ ਨ ਗਲੀ, ਪਰ ਗੁਰੂ ਘਰ ਦੇ ਸ਼ਰਧਾਲੂ ਅਤੇ ਟਹਿਲੂਏ ਪ੍ਰੇਮੀ ਉਸੇ ਤਰ੍ਹਾਂ ਗੁਰਦੁਆਰੇ ਨਾਲ ਪ੍ਰੇਮ ਕਰਦੇ ਰਹੇ। ਇਸ ਤਰ੍ਹਾਂ ਆਪ ਨੇ ਦ੍ਰਿੜ੍ਹ ਇਰਾਦੇ ਨਾਲ ਇਥੋਂ ਦੇ ਗੁਰਦੁਆਰੇ ਵਿਚੋਂ ਕੁਰੀਤੀਆਂ ਦਾ ਸੁਧਾਰ ਕੀਤਾ। ਇਸੇ ਕਾਰਨ ਕਰਕੇ ਆਪਦੀ ਸੰਗਤਾਂ ਵਿਚ ਮਾਨ ਪ੍ਰਤਿਸ਼ਟਾ ਤੇ ਇਜ਼ਤ ਦਿਨ ਦੂਣੀ ਅਤੇ ਰਾਤ ਚੌਣੀ ਵਧਣੀ ਸ਼ੁਰੂ ਹੋ ਗਈ।

ਬੋਰਡਿੰਗ ਹਾਊਸ ਬਣਾਉਣਾ

ਇਸੇ ਹੀ ਸਮੇਂ ਦੀ ਗਲ ਹੈ ਕਿ ਸਾਂਗਲੇ ਲਾਗਦਾ ਸ਼ਹੂਰ ਪਿੰਡ ਸਿਖਾਂ

ਅਤੇ ਮੁਸਲਮਾਨਾਂ ਦੀਆਂ ਦੋ ਪਤੀਆਂ ਵਿਚ ਵੰਡ ਕੇ ਸਿਖਾਂ ਦੀ ਵਸੋਂ ਵਖ ਅਤੇ ਮੁਸਲਮਾਨਾਂ ਦੀ ਵਖ ਹੋ ਗਈ। ਦੋਵੇਂ ਪਿੰਡ ਸ਼ਹਿਰ ਤੋਂ ਹਟਵੇਂ ਵਖਰੇ ਵਖਰੇ ਜਾ ਆਬਾਦ ਹੋਏ। ਪੁਰਾਣੀ ਵਸੋਂ ਦੀ ਥਾਂ ਦੋਵੇਂ ਧਿਰਾਂ ਸੁੰਵੀ ਛਡ ਛਡਾ ਗਈਆਂ। ਪੁਰਾਣੇ ਪਿੰਡ ਦਾ ਸਿਖਾਂ ਦੀ ਆਬਾਦੀ ਵਿਚ ਜੋ ਗੁਰਦੁਆਰੇ ਦਾ ਹਾਤਾ ਸੀ ਉਹ ਹੁਣ ਖਾਲੀ ਹੋ ਗਿਆ। ਉਥੇ ਕੇਵਲ ਇਕ ਗ੍ਰੰਥੀ ਸਿੰਘ ਹੀ ਰਹਿੰਦਾ ਸੀ, ਜੋ ਗੁਰਦੁਆਰੇ ਦੀਆਂ ਕੋਠੜੀਆਂ ਭਾਟੜਿਆਂ ਸਿੰਘਾਂ ਨੂੰ ਕਿਰਾਏ ਤੇ ਦੇ ਦਿਆ ਕਰਦਾ ਸੀ ਅਤੇ ਜੋ ਮਾਇਆ ਵਸੂਲ ਹੋਣੀ ਉਹ ਸਭ ਆਪਣੇ ਖੀਸੇ ਵਿਚ ਪੌਣ ਦੀ ਕਰਨੀ। ਸਰਦਾਰ ਦਲੀਪ ਸਿੰਘ ਨੇ ਪਿੰਡ ਦੀ ਨਵੀਂ ਆਬਾਦੀ ਵਿਚ ਜਾ ਕੇ ਤੁਰਨੇ ਸੇਤੀ ਸਾਰੇ ਸਜਣਾਂ ਨੂੰ ਇਕੱਠਿਆਂ ਕਰ ਕੇ ਬੇਨਤੀ ਕੀਤੀ ਕਿ ਤੁਸੀਂ ਭੀ ਖ਼ਾਲਸਾ ਸਕੂਲ ਸਾਂਗਲੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਹੋ ਅਤੇ ਇਸ ਵੇਲੇ ਸਕੂਲ ਨੂੰ ਬੋਰਡਿੰਗ ਹਾਊਸ ਦੀ ਬੜੀ ਤੰਗੀ ਹੈ। ਮਹਾਰਾਜ ਦੀ ਕ੍ਰਿਪਾ ਨਾਲ ਸਕੂਲ ਵਿਚ ਵਿਦਿਆਰਥੀ ਦਿਨੋ ਦਿਨੀ ਵਧਦੇ ਜਾਂਦੇ ਹਨ। ਅਗਲੀ ਬੋਰਡਿੰਗ ਹਾਊਸ ਦੀ ਜਗ੍ਹਾ ਬੜੀ ਤੰਗ ਹੈ, ਇਸ ਲਈ ਤੁਸੀਂ ਹੁਕਮ ਦਿਓ ਤਾਂ ਗੁਰਦੁਆਰੇ ਦੇ ਹਾਤੇ ਵਿਚ ਕੁਝ ਹੋਰ ਕੋਠੜੀਆਂ ਪਾ ਕੇ ਇਸ ਥਾਂ ਨੂੰ ਬੋਰਡਿੰਗ ਹਾਊਸ ਲਈ ਵਰਤ ਲਿਆ ਜਾਵੇ ਤਾਂ ਬੜਾ ਚੰਗਾ ਕੰਮ ਸਰਦਾ ਹੈ। ਉਨ੍ਹਾਂ ਨੇ ਇਸ ਪੰਥਕ ਕੰਮ ਲਈ ਨਾਂਹ ਕੀ ਕਰਨੀ ਸੀ, ਪ੍ਰਵਾਨਗੀ ਦੇ ਦਿਤੀ। ਹੁਣ ਜਦ ਇਥੇ ਆ ਕੇ ਗੁਰਦੁਆਰੇ ਵਿਚ ਉਸਾਰੀ ਦੇ ਕੰਮ ਦਾ ਪ੍ਰਬੰਧ ਹੋਣ ਲਗਾ ਤਾਂ ਗ੍ਰੰਥੀ ਸਿੰਘ ਆਕੜ ਬੈਠੇ ਕਿ ਤੁਸੀਂ ਹੋ ਕੌਣ ਜੋ ਗੁਰਦੁਆਰੇ ਵਲ ਮੂੰਹ ਕਰੋ ! ਕਿਸੇ ਦੀ ਕੀ ਮਜਾਲ ਹੈ ਜੋ ਇਥੇ ਪੈਰ ਪਾਵੇ। ਸਭ ਕੋਠੜੀਆਂ ਨੂੰ ਜੰਦਰੇ ਮਾਰ ਦਿਤੇ ਅਤੇ ਧਰਨਾ ਮਾਰ ਕੇ ਬੈਠ ਗਿਆ ਕਿ ਜਿਸ ਨੇ ਜੰਦਰੇ ਨੂੰ ਹੱਥ ਲਾਇਆ ਮੈਂ ਉਸ ਦੇ ਗਲ ਲਗ ਕੇ ਮਰ ਜਾਣਾ ਹੈ। ਸਰਦਾਰ ਜੀ ਨੇ ਬੜੇ ਪਿਆਰ ਅਤੇ ਸਤਿਕਾਰ ਨਾਲ ਸਮਝਾਇਆ ਕਿ ਭਲਿਆ ਲੋਕਾ ! ਤੂੰ ਜ਼ਿੱਦ ਨ ਕਰ ਇਹ ਗੁਰੂ ਪੰਥ ਦੀ ਚੀਜ਼ ਹੈ,ਤੂੰ ਇਸ ਥਾਂ ਦਾ ਸੇਵਾਦਾਰ ਹੋਕੇ ਮਾਲਕੀ ਦੇ ਦਾਵੇ ਨ ਬੰਨ੍ਹ। ਸੇਵਕ ਦਾ ਕੰਮ ਸੇਵਾ ਕਰਨੀ ਹੈ, ਸੋ ਤੂੰ ਹੁਣ ਭੀ ਉਸੇ ਤਰ੍ਹਾਂ ਇਥੇ ਗੁਰੂ ਘਰ ਦੀ ਖ਼ੁਸ਼ੀ ਨਾਲ ਸੇਵਾ ਕਰੀ ਜਾ, ਸਾਥੋਂ ਜੋ ਸਰ ਬਣ ਆਵੇਗਾ ਤੇਰੀ ਸਹਾਇਤਾ ਕਰਾਂਗੇ। ਪ੍ਰਸ਼ਾਦ ਪਾਣੀ ਲੰਗਰੋਂ ਛਕ ਛਕਾ ਲਿਆ ਅਤੇ ਬਸਤ੍ਰਾਂ ਆਦ ਲਈ ਕੁਝ ਮਾਇਆ ਭੀ ਅਰਦਾਸ ਹੋ

ਜਾਇਆ ਕਰੇਗੀ, ਪਰ ਇਸ ਦੇ ਦਿਮਾਗ਼ ਵਿਚ ਮਾਲਕੀ ਦਾ ਖਬਤ ਸਮਾਇਆ ਹੋਇਆ ਸੀ। ਇਹ ਤਾਂ ਕਿਸੇ ਕੁਲ ਹੇਠਾਂ ਹੀ ਨ ਆਵੇ । ਇਸ ਵਿਚਾਰੇ ਦੇ ਕੀ ਵਸ ਸੀ। ਜਿਸ ਕਿਸੇ ਨੇ ਭੀ ਗੁਰੂ ਘਰ ਦੀ ਪੂਜਾ ਦਾ ਧਾਨ ਖਾਧਾ ਹੈ, ਉਸੇ ਦੀ ਹੀ ਬੁਧੀ ਭ੍ਰਿਸ਼ਟੀ ਗਈ ਹੈ ।

ਜਦ ਗ੍ਰੰਥੀ ਸਿੰਘ ਕਿਸੇ ਤਰ੍ਹਾਂ ਭੀ ਨ ਮੰਨੇ ਤਾਂ ਆਪ ਨੇ ਵਿਦਿਆਰਥੀਆਂ ਨੂੰ ਹੁਕਮ ਦਿਤਾ ਕਿ ਇਹ ਪੰਥ ਦੀ ਚੀਜ਼ ਹੈ, ਇਥੇ ਕਿਸੇ ਦੀ ਮਾਲਤ੍ਰੀ ਛਾਲਕੀ ਦਾ ਕੋਈ ਹੱਕ ਨਹੀਂ ਹੈ । ਸਭ ਅੰਦਰ ਵੜ ਜਾਓ ਤੇ ਮੰਜੇ ਡਾਹ ਕੇ ਬਿਸਤਰੇ ਵਛਾ ਲਓ, ਸੋ ਉਨ੍ਹਾਂ ਨੇ ਇਸੇ ਤਰ੍ਹਾਂ ਹੀ ਕੀਤਾ। ਜਦ ਇਸ ਨੇ ਵੇਖਿਆ ਕਿ ਭੁਝੰਗੀਆਂ ਵਿਚ ਮੇਰੀ ਦਾਲ ਗਲਣੀ ਔਖੀ ਹੈ ਤਾਂ ਆਪਣੇ ਆਪ ਹੀ ਬੋਰੀਆ ਬਿਸਤ੍ਰਾ ਚੁਕ ਕੇ ਇਥੋਂ ਕਿਸੇ ਬੰਨੇ ਵਲ ਪੱਤ੍ਰਾ ਵਾਚ ਗਿਆ। ਹੁਣ ਕੋਠੜੀਆਂ ਦੀ ਮੁਰੰਮਤ ਅਤੇ ਨਵੀਂ ਉਸਾਰੀ ਦਾ ਕੰਮ ਸ਼ੁਰੂ ਹੋਇਆ। ਆਪ ਦੇ ਦਿਲ ਵਿਚ ਪੰਥਕ ਸੇਵਾ ਦਾ ਬੜਾਂ ਚੱਾ ਕੁਦਿਆ ਹੋਇਆ ਸੀ। ਸਿਰ ਤੇ ਮੜਾਸਾ ਬੰਨ੍ਹਕੇ ਸਭ ਦੇ ਮੋਹਰੇ ਹੋ ਕੇ ਗਾਰੇ ਦੀਆਂ ਟੋਕਰੀਆਂ ਢੋਣੀਆਂ। ਇਨ੍ਹਾਂ ਦੇ ਪਿਛੇ ਸਭ ਵਿਦਿਆਰਥੀਆਂ ਨੇ ਕਤਾਰ ਬੰਨ੍ਹ ਦੇਣੀ। ਇਹ ਕੋਈ ਦੋ ਚਾਰ ਟੋਕਰੀਆਂ ਰਸਮੀ ਸੁਟ ਕੇ ਵਖਾਲੇ ਦੀ ਸੇਵਾ ਨਹੀਂ ਹੁੰਦੀ ਸੀ। ਸਗੋਂ ਵਿਦਿਆਰਥੀਆਂ ਨੇ ਤਾਂ ਸਕੂਲ ਦੇ ਸਮੇਂ ਸੇਵਾ ਛੱਡ ਕੇ ਪੜ੍ਹਣ ਨੂੰ ਭੀ ਚਲੇ ਜਾਣਾ, ਪਰ ਆਪ ਨੇ ਇਸ ਸੇਵਾ ਨੂੰ ਧੰਨ ਭਾਗ ਜਾਣ ਕੇ ਸਾਰਾ ਸਾਰਾ ਦਿਨ ਟੋਕਰੀਆਂ ਢੋਂਦਿਆਂ ਕਦੇ ਥਕ ਨ ਜਾਨਣਾ। ਇਨ੍ਹਾਂ ਦੇ ਅੰਦਰ ਤਾਂ ਇਸ ਸਮੇਂ ਕੌਮੀ ਦਰਦ ਤੇ ਪੰਥਕ ਸੇਵਾ ਘਰ ਕਰ ਚੁਕੀ ਸੀ। ਮਨ ਵਿਚ ਇਸ ਪਵਿਤ੍ਰ ਗੁਰੂ ਘਰ ਦੀ ਸੇਵਾ ਲਈ ਨਿਤਾ-ਪ੍ਰਤ ਉਛਾਲੇ ਉਠਦੇ ਰਹਿੰਦੇ ਸਨ। ਆਖਣਾ ਕਿ ਇਹ ਥਾਂ ਮਹਾਨ ਪਵਿਤ੍ਰ ਹੈ ਜਿਥੇ ਦੋ ਜਹਾਨ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਕਈ ਸਾਲ ਪ੍ਰਵੇਸ਼ ਰਿਹਾ ਹੈ। ਕਈਆਂ ਸੰਤਾਂ, ਮਹਾਂ ਪੁਰਸ਼ਾਂ ਅਤੇ ਅਨੇਕਾਂ ਪ੍ਰੇਮੀ ਉੱਤਮ ਪੁਰਸ਼ਾਂ ਅਤੇ ਗੁਰੂ ਦੀਆਂ ਸੰਗਤਾਂ ਦੇ ਇਥੇ ਪਵਿਤ੍ਰ ਚਰਨ ਪਏ ਹਨ। ਅਗੋਂ ਭੁਝੰਗੀ ਦਲ ਗੁਰੂ ਖ਼ਾਲਸੇ ਦੀ ਪਨੀਰੀ ਦਾ ਇਥੇ ਵਾਧਾ ਹੋਣਾ ਹੈ। ਅਜਿਹੇ ਥਾਂ ਦੀ ਸੇਵਾ ਦੁਰਲਭ ਹੈ ।

ਇਨ੍ਹਾਂ ਦਿਨਾਂ ਵਿਚ ਹੀ ਜਦੋਂ ਪੰਥਕ ਜਥੇਬੰਦੀ ਦਾ ਸਵਾਲ ਛਿੜਿਆ ਤਾਂ

ਆਪ ਦੀ ਸੇਵਾ ਤੇ ਉਤਸ਼ਾਹ ਨੂੰ ਵੇਖ ਕੇ ਕੌਮ ਨੇ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣ ਲਿਆ। ਸ਼ੇਖ਼ੂਪੁਰੇ ਦੇ ਜ਼ਿਲਾ ਅਕਾਲੀ ਜਥੇ ਦੇ ਵਡੇ ਜਥੇਦਾਰ ਥਾਪੇ ਗਏ। ਇਸ ਪਾਸੇ ਆਪ ਨੇ ਅਟੁਟ ਸੇਵਾ ਕੀਤੀ, ਰਾਤ ਦਿਨ ਕੌਮ ਨੂੰ ਜਥੇਬੰਦ ਕਰਨ ਲਈ ਪਿੰਡੋ ਪਿੰਡੀ ਹਲਕਾਰੇ ਵਾਂਗ ਭਜੇ ਫਿਰਦੇ ਸਨ। ਥਾਂ ਥਾਂ ਫਿਰ ਕੇ ਜਥੇਬੰਦੀ ਦਾ ਪੂਰੇ ਜ਼ੋਰ ਨਾਲ ਪ੍ਰਚਾਰ ਕੀਤਾ। ਇਸ ਸਮੇਂ ਜਿਨ੍ਹਾਂ ਸਜਣਾਂ ਨੇ ਆਪ ਨੂੰ ਡਾਢੀ ਪ੍ਰੀਤੀ ਨਾਲ ਸੇਵਾ ਕਰਦਿਆਂ ਵੇਖਿਆ ਸੀ, ਉਹ ਜਾਣਦੇ ਹਨ ਕਿ ਆਪ ਦੇ ਦਿਲ ਵਿਚ ਸੇਵਾ ਦੇ ਭਾਵ ਕਿੱਦਾਂ ਠਾਠਾਂ ਮਾਰ ਰਹੇ ਸਨ।

ਦਿਲ ਦੇ ਸਖੀ ਹੋਣਾ ਤੇ ਗ਼ਰੀਬਾਂ ਦੀ ਮਦਦ ਕਰਨੀ

ਆਪ ਦਰਿਆ-ਦਿਲ ਤੇ ਸਖ਼ੀ ਸੁਭੌ ਦੇ ਮਾਲਕ ਸਨ। ਗ਼ਰੀਬਾਂ ਤੇ ਲੋੜਵੰਦਾਂ ਦੀ ਮਦਦ ਕਰਕੇ ਆਪ ਦਾ ਤਨ ਮਨ ਠਰ ਜਾਂਦਾ ਸੀ। ਮਨ ਦੀ ਮੌਜ ਆਉਣੀ ਤੇ ਰਾਹ ਜਾਂਦਿਆਂ ਨੂੰ ਬੁਲਾ ਕੇ ਭੀ ਕੁਝ ਹਥੋਂ ਸਰਦਾ ਬਣਦਾ ਦੇ ਕੇ ਆਪਣਾ ਦਿਲ ਰਾਜ਼ੀ ਕਰਨਾ। ਇਕ ਵੇਰ ਦੀ ਗਲ ਹੈ ਕਿ ਥੇਥੀਆਂ ਦਾ ਮਰਾਸੀ ਚਰਾਗ਼ ਦੀਨ ਇਕ ਜੰਞ ਤੋਂ ਵਾਜੇ ਸਣੇ ਵਾਪਸ ਜਾ ਰਿਹਾ ਸੀ। ਸਾਰੀ ਟੋਲੀ ਨੂੰ ਰਾਹੇ ਟੁਰਿਆਂ ਜਾਂਦਿਆਂ ਵੇਖ ਕੇ ਵਾਜ ਮਾਰ ਕੇ ਖਲ੍ਹਿਆਰ ਲਿਆ ਤੇ ਆਖਿਆ ਲੈ ਭਾਈ ਦਾਦਾ ਇਥੇ ਭੀ ਚੌਂਕੀ ਕਰੋ। ਉਨ੍ਹਾਂ ਦਸ ਪੰਦਰਾਂ ਮਿੰਟ ਵਾਜਾ ਵਜਾਇਆ। ਪੰਜ ਰੁਪਏ ਕਢ ਕੇ ਨਕਦ ਦਿਤੇ ਅਤੇ ਸਭ ਨੂੰ ਘਰੋਂ ਪ੍ਰਸ਼ਾਦਿ ਤਿਆਰ ਕਰਵਾ ਕੇ ਛਕਾਇਆ। ਉਹ ਅਸੀਸਾਂ ਕਰਦੇ ਬੜੇ ਖ਼ੁਸ਼ ਹੋ ਕੇ ਗਏ। ਤੁਰਨ ਲਗਿਆਂ ਨੂੰ ਫੇਰ ਮੁਸਕਰਾ ਕੇ ਆਖਿਆ ਕਿ ਲੌ ਭਈ ਮੀਰਜ਼ਾਦਿਓ, ਕਦੇ ਆਉਂਦਿਆਂ ਜਾਂਦਿਆਂ ਫੇਰ ਭੀ ਚੌਂਕੀ ਕਰਨੀ ਤੇ ਮਿੱਸਾ ਲੂਣਾ ਪ੍ਰਸ਼ਾਦਿ ਪਾਣੀ ਛਕਣਾ। ਆਪਣੇ ਪਿੰਡ ਦੇ ਮਰਾਸੀ ਅੱਲਾ ਰਖੇ ਨੂੰ ਭੁਖਿਆਂ ਮਰਦਿਆਂ ਤਕ ਕੇ ਦਿਲ ਵਿਚ ਇਹ ਖ਼ਿਆਲ ਕਰ ਕੇ ਸ੍ਰੀ ਅੰਮ੍ਰਿਤਸਰ ਖ਼ੱਡੀਆਂ ਦਾ ਕੰਮ ਸਿਖਣ ਲਈ ਛੱਡ ਆਏ ਕਿ ਇਕ ਤਾਂ ਇਹ ਗ਼ਰੀਬ ਰੋਟੀ ਕਮਾ ਖਾਵੇਗਾ, ਦੂਜੇ ਸਵਦੇਸ਼ੀ ਦਾ ਪ੍ਰਚਾਰ ਹੋਵੇਗਾ। ਉਸ ਦਾ ਸਾਰਾ ਖ਼ਰਚ ਪਰਚ ਆਪਣੇ ਪਲਿਓਂ ਦਿਤਾ ਕਰਦੇ ਸਨ। ਇਕ ਦਿਨ ਆਪ ਲਾਹੌਰੋਂ ਕੋਈ ਘਰੋਗੀ ਕੰਮ ਕਰ ਕੇ ਸਟੇਸ਼ਨ

ਤੇ ਵਾਪਸ ਆਏ ਤਾਂ ਕੀ ਵੇਖਦੇ ਹਨ ਕਿ ਇਕ ਹਿੰਦੂ ਸਜਣ ਨੂੰ ਹਥਕੜੀ ਲਗੀ ਹੋਈ ਹੈ। ਪਰ ਉਹ ਚਿਹਰੇ ਮੋਹਰੇ ਤੇ ਡੀਲ ਡੌਲ ਤੋਂ ਚੰਗਾ ਭਲਾ ਮਾਣਸ ਪ੍ਰਤੀਤ ਹੁੰਦਾ ਹੈ। ਆਪ ਤੋਂ ਰਿਹਾ ਨਾ ਗਿਆ ਤੇ ਆਖਣ ਲਗੇ ਕਿ ਭਾਈ ਸਾਹਿਬ ਜੀ ਤੁਸੀਂ ਕੀ ਗੁਨਾਹ ਕੀਤਾ ਹੈ, ਜਿਸਦਾ ਇਹ ਫਲ ਭੁਗਤ ਰਹੇ ਹੋ ? ਮਾਹਰਾਜ ਮੈਂ ਗੁਨਾਹ ਕੀ ਕਰਨਾ ਸੀ, ਮੇਰੀ ਕਿਸਮਤ ਦਾ ਹੀ ਕੋਈ ਹੇਰ-ਫੇਰ ਹੈ। ਮੰਦੇ ਭਾਗਾਂ ਨੂੰ ਆਪਣੀ ਧੀ ਦੇ ਵਿਆਹ ਤੇ ਇਸ ਸ਼ਾਹੂਕਾਰ ਪਾਸੋਂ ਕੁਝ ਕਰਜ਼ਾ ਲੈ ਬੈਠਾ ਸਾਂ। ਗ਼ਰੀਬੀ ਦੀ ਹਾਲਤ ਵਿਚ ਮੇਹਨਤ ਮਜ਼ਦੂਰੀ ਕਰ ਕੇ ਜੋ ਕਮਾਉਂਦਾ ਰਿਹਾ ਹਾਂ, ਇਨ੍ਹਾਂ ਦੀ ਭੇਟਾ ਕਰਦਾ ਰਿਹਾ ਹਾਂ, ਪਰ ਕਰਜ਼ੇ ਦਾ ਬਿਆਜ ਕੂੜੇ ਵਾਂਗ ਸੂਈ ਹੀ ਗਿਆ। ਸਾਰਾ ਘਰ ਕੁਲੱਾ ਭੀ ਕੁਰਕ ਹੋ ਚੁਕਾ ਹੈ । ਬਾਕੀ ਰਹਿੰਦੀ ਰਕਮ ਲਈ ਹੁਣ ਇਹ ਖ਼ਰਚਾ ਰਖ ਕੇ ਮੈਨੂੰ ਕੈਦ ਕਰਵਾ ਰਹੇ ਹਨ।

ਇਹ ਦਰਦ ਕਹਾਣੀ ਸੁਣ ਕੇ ਸਰਦਾਰ ਜੀ ਦਾ ਹਿਰਦਾ ਮੋਮ ਵਾਂਗ ਪੰਘਰ ਪਿਆ। ਸਜਲ ਨੇਤ੍ਰਾਂ ਨਾਲ ਦੁਖੀਆਂ ਦਾ ਯਾਰ ਫੇਰ ਪੁਛਦਾ ਹੈ:—"ਭਾਈ ਸਾਹਿਬ ਜੀ! ਸਚ ਦਸਣਾ ਏਨਾਂ ਹੀ ਅਪਰਾਧ ਹੈ ਹੋਰ ਤਾਂ ਕੋਈ ਕਸੂਰ ਨਹੀਂ ਹੈ?" ਸਚੇ ਪਾਤਸ਼ਾਹ ਹੋਰ ਮੇਰਾ ਜੋ ਕਸੂਰ ਹੈ ਤੁਸੀਂ ਸੇਠ ਹੋਰਾਂ ਨੂੰ ਪੁਛ ਗਿੱਛ ਲਓ। ਉਹ ਔਹ ਸਾਹਮਣੇ ਬੈਂਚ ਤੇ ਬੈਠੇ ਹਨ। ਆਪ ਨੇ ਸੇਠ ਨੂੰ ਜਾ ਕੇ ਸਾਰੀ ਗਲ ਬਾਤ ਪੁਛੀ, ਤਾਂ ਉਸ ਨੇ ਭੀ ਇਸ ਗ਼ਰੀਬ ਦੇ ਜ਼ਿੰਮੇ ਏਹੋ ਪਾਪ ਲਾਇਆ ਕਿ ਸਰਦਾਰ ਜੀ ਕੋਈ ਥੋੜੀ ਬਹਿਕੜੀ ਰਕਮ ਹੋਵੇ ਤਾਂ ਕੋਈ ਜਾਣ ਭੀ ਦੇਵੇ,ਡਿਗਰੀ ਖ਼ਰਚਾ ਪਾ ਕੇ ਪੂਰਾ ੪੦੦) ਚਾਰ ਸੌ ਬਣਦਾ ਹੈ।

ਆਪ ਨੇ ਆਖਿਆ ਸ਼ਾਹ ਜੀ! ਜੇ ਕੋਈ ਇਹ ਰਕਮ ਤਾਰ ਦੇਵੇ ਤਾਂ ਤੁਸੀਂ ਇਸ ਨੂੰ ਛੁਡਾ ਦਿਓ। ਲੈ ਮੋਤੀਆਂ ਵਾਲਿਆ! ਫੇਰ ਸਾਡਾ ਕੋਈ ਸਿਰ ਫਿਹਿਆ ਹੈ ਕਿ ਮੁਫ਼ਤ ਦੀ ਇਸ ਦੇ ਖ਼ਰਚੇ ਦੀ ਚੱਟੀ ਭਰੀਏ। ਸਾਨੂੰ ਤਾਂ ਰੋਣਾ ਹੀ ਏਸੇ ਗਲ ਦਾ ਹੈ ਕਿ ਘਰੋਂ ਬਦਰਿਆਂ ਦੇ ਬਦਰੇ ਕਢ ਕੇ ਦਿਤੇ ਹਨ ਤੇ ਹੁਣ ਵਸੂਲ ਖੇਹ ਭੀ ਨਹੀਂ ਹੁੰਦਾ। ਸ਼ਾਹ ਜੀ ਇਸ ਵਿਚਾਰੇ ਗ਼ਰੀਬ ਦੀ ਜਾਨ ਛਡੋ,ਕੀ ਲੈਣਾ ਜੇ ਨਿਮਾਣੀ ਜਿੰਦੜੀ ਨੂੰ ਦੁਖ ਦੇ ਕੇ। ਸਰਦਾਰ ਜੀ ! ਤੁਹਾਨੂੰ ਜੇ ਏਡਾ ਹੀ ਗ਼ਰੀਬ ਦਾ ਹੇਜ ਆਉਂਦਾ ਹੈ ਤਾਂ ਮੇਰੀ ਰਕਮ ਤਾਰ ਦਿਓ। ਮੈਂ ਗ਼ਰੀਬ ਨੂੰ ਹਵਾਲਾਟੇ ਦੁਆ ਕੇ ਕੋਈ ਪੇਲੇ ਲੈਣੇ ਨੇ ? ਆਪ ਮੁਸਕ੍ਰਾਏ ਤੇ ਆਖਣ ਲਗੇ ਕਿ ਇਹ

ਮਾਇਆ ਕੋਈ ਸਦਾ ਥੋੜਾ ਹੀ ਕਿਸੇ ਦੇ ਪਾਸ ਰਹਿਣੀ ਹੈ। ਇਹ ਗਲ ਆਖ ਕੇ ਕੈਦੀ ਵਲ ਗਏ। ਉਸ ਨੂੰ ਜਾ ਕੇ ਆਖਦੇ ਹਨ: ਲੈ ਮਿੱਤਰਾ! ਤੇਰਾ ਕਰਜ਼ਾ ਤੇ ਲਥ ਗਿਆ ਹੈ ਤੇ ਤੇਰੀ ਹੁਣੇ ਹੀ ਬੰਦ ਖ਼ੁਲਾਸੀ ਹੋ ਜਾਵੇਗੀ। ਤੂੰ ਪ੍ਰਣ ਕਰ ਕਿ ਅਗੋਂ ਸਾਰੀ ਉਮਰ ਸ੍ਵਦੇਸ਼ੀ ਮਾਲ ਦਾ ਪ੍ਰਚਾਰ ਤੇ ਬਪਾਰ ਕਰਾਂਗਾ। ਕਰਜ਼ਾ ਤੇਰਾ ਮੈਂ ਉਤਾਰਦਾ ਹਾਂ। ਉਸ ਨੇ ਧੰਨਵਾਦ ਸਹਿਤ ਸਿਰ ਝੁਕਾਇਆ। ਆਪ ਨੇ ਝਟ ੪੦੦) ਸੌ ਰੁਪਏ ਦੀ ਭਾਰੀ ਰਕਮ ਦੇ ਨੋਟ ਕਢ ਕੇ ਸ਼ਾਹੂਕਾਰ ਦੇ ਆ ਹਵਾਲੇ ਕੀਤੇ। ਸੇਠ ਨੇ ਤਾਸ਼ ਦੇ ਪਤਿਆਂ ਵਾਂਗ ਨਖੇੜ ਕੇ ਨੋਟ ਗਿਣੇ ਤੇ ਆਪਣੇ ਕੋਟ ਦੀ ਹੇਠਲੀ ਜੇਬ ਵਿਚ ਪਾ ਲਏ ਅਤੇ ਬਾਹਰਲੀ ਜੇਬ ਵਿਚੋਂ ਕਢ ਕੇ ਦੋ ਚਿੜੇ ਵਰਗੇ ਸਿਪਾਹੀ ਦੀ ਤਲੀ ਤੇ ਰਖ ਦਿਤੇ। ਉਸ ਨੇ ਉਸੇ ਵੇਲੇ ਹਥਕੜੀ ਖੋਲ੍ਹ ਦਿਤੀ। ਕੈਦੀ ਵਿਚਾਰਾ ਆਪ ਦਾ ਨਾਮ ਹੀ ਪੁਛਦਾ ਰਹਿ ਗਿਆ ਤੇ ਆਪ ਗੱਡੀ ਚੜ੍ਹ ਆਏ। ਆਪ ਦੀ ਇਸ ਰਹਿਮ ਦਿਲੀ ਦੀਆਂ ਗੱਡੀ ਵਿਚ ਭੀ ਗਲਾਂ ਬਾਤਾਂ ਹੋਣ ਲਗ ਪਈਆਂ, ਤਾਂ ਆਪ ਨੇ ਸਭ ਨੂੰ ਹਥ ਜੋੜ ਕੇ ਇਹ ਵਡਿਆਈ ਕਰਨ ਤੋਂ ਹਟਾਇਆ। ਆਖਣ ਲਗੇ ਇਸ ਵਿਚ ਮੇਰਾ ਕੀ ਹੈ। ਇਹ ਸਭ ਕੁਝ ਉਸ ਰਬ ਦੀ ਬਖ਼ਸ਼ਿਸ਼ ਹੈ, ਜਿਸ ਦੇ ਪੈਦਾ ਕੀਤੇ ਹੋਏ ਬੰਦੇ ਨੂੰ ਮੈਂ ਔਕੜ ਵਿਚੋਂ ਛੁਡਾਇਆ ਹੈ। ਦਸਮ ਪਾਤਸ਼ਾਹ ਦਾ ਹੁਕਮ ਹੈ ਕਿ "ਮੇਰੀ ਗੋਲਕ ਬਿਹੰਗਮ ਦਾ ਮੂੰਹ" ਹੈ। ਸੋ ਉਸੇ ਦਾ ਧਨ ਉਸੇ ਦੀ ਗੋਲਕ ਵਿਚ ਜਾ ਪਿਆ ਹੈ। ਤੁਸੀਂ ਮੈਨੂੰ ਕਿਉਂ ਸ਼ਰਮਿੰਦਿਆਂ ਕਰਦੇ ਹੋ?

ਇਸ ਘਟਨਾ ਤੋਂ ਪਤਾ ਲਗਦਾ ਹੈ ਕਿ ਇਸ ਵੇਲੇ ਸ: ਦਲੀਪ ਸਿੰਘ ਦੇ ਕੋਮਲ ਹਿਰਦੇ ਵਿਚ ਕਿਸ ਤਰਾਂ ਈਸ਼ਵਰ ਵਲੋਂ ਗ਼ਰੀਬਾਂ ਅਤੇ ਦੁਖੀਆਂ ਲਈ ਹਮਦਰਦੀ ਦੇ ਉਤਮ ਭਾਵ ਪੈਦਾ ਹੋ ਰਹੇ ਸਨ। ਪ੍ਰਸੁਆਰਥ ਲਈ ਮਾਇਆ ਹਥੋਂ ਦੇਣੀ ਤੇ ਦੇਹ ਵਢਾਉਣੀ ਇਕ ਬਰਾਬਰ ਹੈ। ਪਰ ਧੰਨ ਹੈ ਸ: ਦਲੀਪ ਸਿੰਘ ਜੀ ਜਿਸ ਦੇ ਨੇਤਰਾਂ ਸਾਹਮਣੇ ਜਦ ਇਕ ਦੁਖੀ ਮਨੁਖ ਦੀ ਤਰਸ ਯੋਗ ਹਾਲਤ ਆਉਂਦੀ ਹੈ ਤਾਂ ਉਹ ਬਿਨਾਂ ਕਿਸੇ ਜਾਤ ਗੋਤ ਦੀ ਵੰਡ ਅਤੇ ਵਿਤਕਰੇ ਦੇ ਉਸਨੂੰ ਵੇਖਕੇ ਵਿਆਕੁਲ ਹੋ ਉਠਦੇ ਹਨ ਤੇ ਹਾਤਮ ਤਾਈ ਵਾਂਗ ਪੂਰੀ ਪੂਰੀ ਸਖ਼ਾਵਤ ਦਾ ਸਬੂਤ ਦਿੰਦੇ ਹਨ।

ਦੇਸ਼ ਸੇਵਾ ਦੇ ਮੈਦਾਨ ਵਿਚ

ਇਸ ਸਮੇਂ ਸਿਖਾਂ ਵਿਚ ਰਾਜਸੀ ਤੇ ਮੁਲਕੀ ਕੰਮਾਂ ਲਈ ਉਤਸ਼ਾਹ ਵਧ ਰਿਹਾ ਸੀ। ਇਹ ਲਹਿਰ ਸਿਖਾਂ ਵਿਚ ਅਜੇ ਨਵੀਂ ਨਵੀਂ ਹੀ ਚਲੀ ਸੀ। ਜਿਥੇ ਜਿਥੇ ਭੀ ਕੋਈ ਪੰਥਕ ਦਰਦ ਰਖਣ ਵਾਲਾ ਸਿਖ ਸੀ ਉਹ ਮੁਲਕੀ ਆਜ਼ਾਦੀ ਵਾਸਤੇ ਕੁਰਬਾਨੀ ਲਈ ਤਿਆਰ-ਬਰ-ਤਿਆਰ ਨਜ਼ਰ ਆਉਂਦਾ ਸੀ। ਕਾਂਗ੍ਰਸ ਦਾ ਸਿਖਾਂ ਵਿਚ ਦੇਸ਼ ਭਗਤੀ ਲਈ ਪ੍ਰਚਾਰ ਕਰਨ ਦਾ ਉਸ ਸਮੇਂ ਖਾਸ ਪ੍ਰੋਗਰਾਮ ਸੀ। ਮਹਾਤਮਾ ਗਾਂਧੀ ਵਰਗੇ ਚੋਟੀ ਦੇ ਮਸ਼ਹੂਰ ਮੁਲਕੀ ਲੀਡਰ ਇਸ ਸਮੇਂ ਖਾਸ ਖਾਸ ਬਾਰ ਦੇ ਇਲਾਕਿਆਂ ਵਿਚ ਪ੍ਰਚਾਰ ਲਈ ਤਿਆਰੀਆਂ ਕਰ ਰਹੇ ਸਨ। ਇਸੇ ਪ੍ਰਚਾਰ ਦੀ ਰੌਂ ਦਾ ਇਹ ਸਿਟਾ ਸੀ ਕਿ ਅਕਤੂਬਰ ਸੰ: ੧੯੨੦ ਈ: ਵਿਚ ਸਾਂਗਲੇ ਤੋਂ ਅਠ ਸਤ ਕੋਹ ਦੇ ਫ਼ਾਸਲੇ ਤੇ ਭਾਈ ਲਛਮਣ ਸਿੰਘ ਜੀ ਸ਼ਹੀਦ ਧਾਰੋਵਾਲੀ ਚਕ ਨੰ: ੩੩ ਤੇ ਉਸ ਦੇ ਸਾਥੀਆਂ ਦੇ ਉਦਮ ਨਾਲ ਇਕ ਬੜਾ ਭਾਰਾ ਰਾਜਸੀ ਦੀਵਾਨ ਹੋਇਆ। ਸ੍ਰਕਾਰ ਦੀ ਇਸ ਦੀਵਾਨ ਉਤੇ ਖਾਸ ਕੈਰੀ ਨਜ਼ਰ ਸੀ। ਸ: ਦਲੀਪ ਸਿੰਘ ਭੀ ਇਸ ਦੀਵਾਨ ਤੇ ਗਏ। ਇਸ ਤੋਂ ਪਹਿਲਾਂ ਆਪ ਦੇ ਖਿਆਲ ਰਾਜਸੀ ਕੰਮਾਂ ਵਲ ਬਹੁਤ ਘਟ ਸਨ। ਕੇਵਲ ਧਾਰਮਕ ਕੰਮਾਂ ਵਿਚ ਹੀ ਦਿਲਚਸਪੀ ਲੈਂਦੇ ਸਨ, ਜਾਂ ਵਿਦਿਅਕ ਕੰਮਾਂ ਨਾਲ ਪ੍ਰੀਤ ਸੀ। ਕਈ ਵੇਰ ਆਪ ਦੇ ਸਜਨ ਮਿਤ੍ਰ ਆਪ ਨੂੰ ਹਾਸੇ ਠੱਠੇ ਵਿਚ ਆਖ ਦਿਆ ਕਰਦੇ ਸਨ: "ਤੁਸੀਂ ਤਾਂ ਮਸਤ ਹੋ ਦੇਸ ਵਿਚ ਮੁਲਕੀ ਆਜ਼ਾਦੀ ਦੀ ਹਵਾ ਚਲ ਰਹੀ ਹੈ, ਪਰ ਤੁਸੀਂ ਪਾਠ ਕਰਨ ਤੇ ਨਾਮ ਜਪਣ ਵਿਚ ਹੀ ਰੁਝੇ ਰਹਿੰਦੇ ਹੋ! ਕਾਂਗ੍ਰਸ ਦੇ ਫ਼ੈਸਲੇ ਅਨੁਸਾਰ ਮੁਲਕੀ ਪਿਆਰ ਰਖਣ ਵਾਲੇ ਸਭ ਸਜਣ ਖੱਦਰ ਧਾਰਨ ਕਰ ਰਹੇ ਹਨ। ਤੁਸੀਂ ਸੂਟਿਡ ਬੂਟਿਡ ਕੱਸੀ ਫਿਰਦੇ ਹੋ? ਇਨ੍ਹਾਂ ਬਿਦੇਸ਼ੀ ਕਪੜਿਆਂ ਦੇ ਪੌਣ ਦਾ ਭਲਾ ਕੀ ਲਾਭ ਹੈ?"

ਇਨ੍ਹਾਂ ਦਿਨਾਂ ਵਿਚ ਆਪ ਖ਼ਾਲਸਾ ਸਕੂਲ ਸਾਂਗਲੇ ਦੇ ਮੈਨੇਜਰ ਸਨ। ਆਪ ਨੇ ਧਾਰੋਵਾਲੀ ਜਲਸੇ ਤੇ ਜਾਣ ਤੋਂ ਪਹਿਲਾਂ ਹੈਡ ਮਾਸਟਰ ਸਾਹਿਬ ਨੂੰ

ਮੱਦ ਕੇ ਹਦਾਇਤ ਕੀਤੀ ਕਿ ਧਾਰੋਵਾਲੀ ਜੋ ਪੋਲੀਟੀਕਲ ਦੀਵਾਨ ਹੋ ਰਿਹਾ ਹੈ, ਉਸ ਵਿਚ ਹਿੱਸਾ ਲੈਣ ਲਈ ਕੋਈ ਵਿਦਿਆਰਥੀ ਜਾਂ ਉਸਤਾਦ ਉੱਕਾ ਨ ਜਾਵੇ ਕਿਉਂਕਿ ਅਜਿਹਾ ਨ ਹੋਵੇ ਜੋ ਸਾਡੇ ਸਕੂਲ ਨੂੰ ਸ੍ਰਕਾਰੀ ਗ੍ਰਾਂਟ ਵਲੋਂ ਕੋਈ ਨੁਕਸਾਨ ਪੁਜੇ। ਤੁਸੀਂ ਇਸ ਕਿਸਮ ਦਾ ਆਰਡਰ ਕਰ ਦਿਓ ਕਿ ਜੇਹੜਾ ਸਜਣ ਭੀ ਉਥੇ ਜਾਵੇਗਾ ਉਸ ਨੂੰ ਸਜ਼ਾ ਦਿਤੀ ਜਾਵੇਗੀ। ਸਕੂਲ ਵਿਚ ਤਾਂ ਆਪ ਇਹ ਆਰਡਰ ਕਢਾ ਗਏ, ਪਰ ਕੀ ਪਤਾ ਸੀ ਕਿ ਕੁਦਰਤ ਨੇ ਆਪ ਦੇ ਜੀਵਨ ਆਦਰਸ਼ ਵਿਚ ਅਜਿਹਾ ਪਲਟਾ ਲਿਆਉਣਾ ਹੈ ਕਿ ਆਪ ਦੀ ਦੇਸ਼ ਸੇਵਾ ਇਕ ਮਨੂਨੇ ਦੀ ਬਣ ਕੇ ਰਹਿਣੀ ਹੈ। ਆਪ ਜਦ ਦੀਵਾਨ ਤੇ ਪੁਜੇ ਤਾਂ ਆਪ ਦਾ ਸਰੀਰ ਬਦੇਸ਼ੀ ਪਛਮੀ ਨਮੂਨੇ ਦੇ ਕਪੜਿਆਂ ਨਾਲ ਸਜਿਆ ਹੋਇਆ ਸੀ। ਦੇਸ਼ ਭਗਤ ਤੇ ਮੁਲਕੀ ਲੀਡਰਾਂ ਨੇ ਕੌਮੀ ਦਰਦ ਨਾਲ ਭਰਪੂਰ ਵਿਖਿਆਨ ਦਿਤੇ। ਕਵੀਆਂ ਨੇ ਸੀਨੇ ਪੰਘਾਰ ਦੇਣ ਵਾਲੀਆਂ ਕਵਿਤਾਵਾਂ ਪੜ੍ਹੀਆਂ। ਆਪ ਦੇ ਦਿਲ ਵਿਚ ਭੀ ਮੁਲਕੀ ਆਜ਼ਾਦੀ ਲਈ ਤੜਪ ਉਤਪੰਨ ਹੋ ਗਈ, ਜਿਸ ਨੇ ਦਿਮਾਗ਼ ਦੇ ਕਪਾਟ ਖੋਲ੍ਹ ਦਿਤੇ। ਸੁਦੇਸ਼ੀ ਕਪੜੇ ਦੀ ਉਪਮਾ ਦੇ ਲਾਭ ਸੁਣ ਕੇ ਆਪ ਦੇ ਦਿਲ ਵਿਚ ਝੁਲਕਾ ਫਿਰਿਆ। ਅਪਣੇ ਮਨ ਵਿਚ ਬੜੇ ਕੱਚੇ ਤੇ ਸ਼ਰਮਿੰਦੇ ਹੋਏ। ਉਥੇ ਹੀ ਮਹਾਰਾਜ ਦੇ ਹਜ਼ੂਰ ਪ੍ਰਣ ਕਰ ਲਿਆ ਕਿ ਮੈਂ ਅੱਜ ਤੋਂ ਤਨੋਂ ਮਨੋਂ ਹੋ ਕੇ ਮੁਲਕੀ ਆਜ਼ਾਦੀ ਲਈ ਡਟ ਕੇ ਸੇਵਾ ਕਰਾਂਗਾ।

ਰਾਤ ਦੇ ਨੌਂ ਦਸ ਵਜੇ ਆਪਣੇ ਟਾਂਗੇ ਤੇ ਵਾਪਸ ਸਾਂਗਲੇ ਆਏ, ਤਾਂ ਉਸੇ ਵੇਲੇ ਤਤਕਾਲ ਹੀ ਦਰਜ਼ੀ ਨੂੰ ਆਪਣੇ ਮਕਾਨ ਤੇ ਸਦ ਕੇ ਰਾਤੋ ਰਾਤ ਦਿਨ ਚੜ੍ਹਦੇ ਨੂੰ ਖੱਦਰ ਦੇ ਬਸਤ੍ਰ ਸੁਆ ਕੇ ਧਾਰਣ ਕਰ ਲਏ, ਜੋ ਸ਼ਹੀਦੀ ਸਮੇਂ ਤਕ ਆਪ ਦੇ ਸਾਥ ਨਿਭੇ। ਜਦ ਆਪ ਸਵੇਰੇ ਘਰੋਂ ਬਾਹਰ ਨਿਕਲੇ, ਤਾਂ ਜਿਨ੍ਹਾਂ ਸਜਣਾਂ ਅਗੇ ਭਾਈ ਦਲੀਪ ਸਿੰਘ ਨੂੰ ਕੀਮਤੀ ਬਦੇਸ਼ੀ ਕਪੜਿਆਂ ਵਿਚ ਸਜਿਆ ਵੇਖਿਆ ਸੀ, ਉਹ ਇਨ੍ਹਾਂ ਨੂੰ ਅੱਜ ਖੱਦਰ ਵਿਚ ਸਜਿਆਂ ਵੇਖ ਕੇ ਇਤਬਾਰ ਨਹੀਂ ਸਨ ਕਰਦੇ ਕਿ ਹੈਂ ! ਇਹ ਉਹੋ ਸਰਦਾਰ ਦਲੀਪ ਸਿੰਘ ਹੈ ਜਾਂ ਕੋਈ ਨਵਾਂ ਹੋਰ ਭਾਈ ਦਲੀਪ ਸਿੰਘ ?

ਕਿੰਨਾ ਦਿਨ ਚੜ੍ਹ ਆਇਆ ਹੈ, ਸਕੂਲ ਦੇ ਹੈਡ ਮਾਸਟਰ ਸਾਹਿਬ ਆਪ ਨੂੰ ਉਡੀਕਦੇ ਹਨ। ਅਗੇ ਐਸ ਵੇਲੇ ਤਕ ਆਪ ਸਕੂਲ ਵਿਚ ਕਈ ਫੇਰੇ ਪਾ

ਜਾਂਦੇ ਸਨ । ਅਜ ਸੀਨੇ ਵਿਚ ਮੁਲਕੀ ਪਿਆਰ ਦੀ ਅਜਿਹੀ ਚਿਣਗ-ਚੁਆਤੀ ਲਗੀ ਹੈ ਕਿ ਉਧਰ ਮੂੰਹ ਹੀ ਨਹੀਂ ਕਰਦੇ । ਸਿਖ ਐਜੂਕੇਸ਼ਨਲ ਕਮੇਟੀ ਵਲੋਂ ਇਕ ਦੋ ਸੌ ਰੁਪਏ ਦਾ ਚੈਕ ਸਕੂਲ ਦੀ ਗਰਾਂਟ ਦਾ ਆਇਆ ਹੋਇਆ ਸੀ, ਉਸ ਦਾ ਰੁਪਿਆ ਵਸੂਲਣ ਲਈ ਮੈਨੇਜਰ ਦੇ ਦਸਖ਼ਤ ਹੋਣੇ ਜ਼ਰੂਰੀ ਸਨ । ਹੈਡ ਮਾਸਟਰ ਸਾਹਿਬ ਅਜ ਆਪ ਉਚੇਚੇ ਚਲਕੇ ਇਨ੍ਹਾਂ ਦੇ ਮਕਾਨ ਤੇ ਚੈਕ ਉਤੇ ਦਸਖ਼ਤ ਕਰਾਉਣ ਲਈ ਹਾਜ਼ਰ ਹੁੰਦੇ ਹਨ ।

ਆਪ ਵਿਚ ਸਭ ਤੋਂ ਵਡੀ ਖੂਬੀ ਇਹ ਸੀ ਕਿ ਆਪ ਅੰਦਰੋਂ ਬਾਹਰੋਂ ਇਕ ਹੋਇਆ ਕਰਦੇ ਸਨ । ਇਹੋ ਕਾਰਨ ਸੀ ਕਿ ਆਪ ਨੇ ਚੈਕ ਉਤੇ ਦਸਖਤ ਕਰਨੋਂ ਬਿਲਕੁਲ ਇਨਕਾਰ ਕਰ ਦਿਤਾ । ਹੈਡ ਮਾਸਟਰ ਸਾਹਿਬ ਦੇ ਪੁਛਣ ਤੇ ਤੜਾਕ ਦੇ ਕੇ ਉਤਰ ਦਿਤਾ ਕਿ ਅਜਿਹੇ ਸਕੂਲ ਦਾ ਜਿਸ ਵਿਚ ਗ਼ੈਰਾਂ ਦੀ ਗ਼ੁਲਾਮੀ ਤੇ ਬਦੇਸੀ ਸਭਯਤਾ ਦਾ ਪਰਚਾਰ ਹੁੰਦਾ ਹੋਵੇ, ਮੈਂ ਮੈਨੇਜਰ ਬਣ ਕੇ ਆਪਣਾ ਨਾਮ ਕਲੰਕਤ ਨਹੀਂ ਕਰਨਾ ਚਾਹੁੰਦਾ ਹਾਂ । ਹੈਡ ਮਾਸਟਰ ਸਾਹਿਬ ਨੇ ਫੇਰ ਬੜੇ ਪ੍ਰੇਮ ਤੇ ਸਤਿਕਾਰ ਨਾਲ ਜ਼ੋਰ ਦਿਤਾ ਕਿ ਹਾਲੀਂ ਇਸ ਚੈਕ ਉਤੇ ਤਾਂ ਤੁਸੀਂ ਦਸਖ਼ਤ ਕਰ ਦਿਓ, ਕੰਮ ਚਲਣ ਵਾਲਾ ਬਣੇ, ਫੇਰ ਵੇਖੀ ਡਿਠੀ ਜਾਵੇਗੀ, ਸਕੂਲ ਕਮੇਟੀ ਆਪੇ ਕੋਈ ਹੋਰ ਨਵਾਂ ਮੈਨੇਜਰ ਚੁਣ ਲਵੇਗੀ, ਪਰ ਆਪ ਆਪਣੇ ਇਰਾਦੇ ਤੇ ਦ੍ਰਿੜ੍ਹਤਾ ਨਾਲ ਸੁਮੇਰ ਪ੍ਰਬਤ ਵਾਂਗ ਡਟੇ ਰਹੇ । ਜਿਸ ਆਸ਼ਰਮ ਨੂੰ ਆਪ ਨੇ ਬੜੀਆਂ ਮੁਸ਼ਕਲਾਂ ਤੇ ਘਾਲਾਂ ਘਾਲਕੇ ਆਬਾਦ ਕੀਤਾ ਸੀ, ਅਜ ਉਸ ਨਾਲੋਂ ਮੁਲਕੀ ਪਿਆਰ ਬਦਲੇ ਸਭ ਲਟਾਕੇ ਛਡ ਕੇ ਤਿਣਕੇ ਤੋੜ ਰਹੇ ਹਨ । ਇਸ ਦਿਨ ਤੋਂ ਦੁਕਾਨ ਦੇ ਕੰਮਾਂ ਵਲ ਭੀ ਘਟ ਵਧ ਹੀ ਧਿਆਨ ਦਿੰਦੇ ਸਨ ਅਤੇ ਬਹੁਤੇ ਨਿਰੋਲ ਪੋਲੀਟੀਕਲ ਕੰਮਾਂ ਵਿਚ ਹੀ ਖਚਤ ਹੋ ਗਏ । ਇਸ ਵੇਲੇ ਮੁਲਕੀ ਆਜ਼ਾਦੀ ਤੇ ਦੇਸ਼ ਸੇਵਾ ਦੀ ਅਜਿਹੀ ਰੰਗਣ ਚੜ੍ਹੀ ਸੀ ਕਿ ਇਸ ਨਾ-ਮਿਲਵਰਤਨੀਏ ਸਰਦਾਰ ਨੂੰ ਜਦ ਕਦੀ ਭੀ ਕਿਸੇ ਨਾਲ ਗਲ ਬਾਤ ਕਰਦੇ ਵੇਖੋ ਹਰਦਮ ਖੱਦਰ ਦਾ ਹੀ ਪ੍ਰਚਾਰ ਕਰਦੇ ਰਹਿਣਾ : "ਭਰਾਓ ! ਤੁਸੀ ਖੱਦਰ ਕਿਉਂ ਨਹੀਂ ਪਾਉਂਦੇ, ਅਜ ਕਲ ਖੱਦਰ ਬਿਨਾਂ ਗ਼ਰੀਬਾਂ ਦਾ ਕੋਈ ਬਚਾ ਨਹੀਂ ਹੈ । ਖੱਦਰ ਦਾ ਇਕ ਕੁੜਤਾ ਮਲਮਲ ਦੀਆਂ ਚਵ੍ਹੁੰ ਕਮੀਜ਼ਾਂ ਨਾਲ ਹੰਢਦਾ ਹੈ । ਇਕ ਪਗ ਸਾਰਾ ਸਾਲ ਭਰ ਲੰਘ ਜਾਂਦੀ ਹੈ । ਹਾਂ ! ਜ਼ਰਾ ਏਨੀ ਗਲ ਜ਼ਰੂਰ ਹੈ ਕਿ

ਮੈਲਾ ਕੁਝ ਛੇਤੀ ਹੋ ਜਾਂਦਾ ਹੈ, ਪਰ ਉਹ ਭੀ ਕੇਹੜੀ ਲੰਮੀ ਗਲ ਹੈ, ਝਟ ਸਾਬਣ ਲਾ ਕੇ ਜ਼ਰਾ ਫੁਲਕਿਆ ਤੇ ਸਾਫ਼ ਹੋ ਜਾਂਦਾ ਹੈ। ਇਸ ਤਰਾਂ ਸਗੋਂ ਸਰੀਰ ਵਿਚ ਚੁਸਤੀ ਬਣੀ ਰਹਿੰਦੀ ਹੈ। ਇਸ ਦੀ ਵਟਕ ਦੀ ਸਾਰੀ ਆਮਦਨ ਸਾਡੇ ਆਪਣੇ ਮੁਲਕ ਦੇ ਗ਼ਰੀਬ ਕਿਰਤੀਆਂ ਦੇ ਢਿਡ ਵਿਚ ਪੈਂਦੀ ਹੈ। ਸਾਡੇ ਦੇਸ ਦੇ ਕਾਰੀਗਰਾਂ ਦੇ ਬੱਚਿਆਂ ਦੇ ਰੰਗ ਪੀਲੇ ਭੂਕ ਹੋਏ ਪਏ ਹਨ । ਹੜਬਾਂ ਵਿਚ ਵੜੀਆਂ ਹੋਈਆਂ ਹਨ ਤੇ ਪਸਲੀਆਂ ਦੀਆਂ ਹਡੀਆਂ ਵਖ ਵਖ ਗਿਣ ਲਓ। ਇਨ੍ਹਾਂ ਹੱਡੀਆਂ ਦੀਆਂ ਮੁੱਠਾਂ ਦੇ ਕੁਰੰਗ ਤਦ ਹੀ ਢੱਕੇ ਜਾ ਸਕਦੇ ਹਨ, ਜੇਕਰ ਉਨ੍ਹਾਂ ਨੂੰ ਰੱਜ ਕੇ ਮਜੂਰੀ ਮਿਲੇ ਅਤੇ ਜੇਕਰ ਅਸੀਂ ਸਭ ਖੱਦਰ ਧਾਰਨ ਕਰਕੇ ਇਸ ਦੀ ਲੋੜ ਤੇ ਵਡਿਆਈ ਨੂੰ ਵਧਾ ਲਈਏ ।

ਧਾਰੋਵਾਲ਼ੀ ਦੀਵਾਨ ਤੇ ਕੁਝ ਸਿੰਘ ਗੁਰਦੁਆਰਾ ਬਾਬੇ ਦੀ ਬੇਰ ਦੇ ਕਬਜ਼ੇ ਲਈ ਤਿਆਰ ਹੋ ਕੇ ਉਥੋਂ ਚਲ ਪਏ ਤਾਂ ਆਪ ਭੀ ਉਨ੍ਹਾਂ ਨਾਲ ਸਾਂਗਲੇ ਸਟੇਸ਼ਨ ਤੋਂ ਗਡੀ ਤੇ ਚੜ੍ਹਕੇ ਸ਼ਾਮਲ ਹੋ ਗਏ। ਪੰਜਾਂ ਸਿੰਘਾਂ ਦਾ ਆਪਣੇ ਕੋਲੋਂ ਰੇਲ ਦਾ ਕਿਰਾਇਆ ਭੀ ਦਿਤਾ ਤੇ ਸਿਆਲਕੋਟ ਪੁਜ ਕੇ ਬੜੀ ਦਾਨਾਈ ਅਤੇ ਸਿਆਣਪ ਨਾਲ ਸਿੰਘਾਂ ਦੀ ਅਗਵਾਈ ਕੀਤੀ।

ਧਾਰਮਕ ਤੇ ਪੰਥਕ ਸੇਵਾ ਦੀ ਪ੍ਰੀਤ ਦੇ ਨਾਲ ਨਾਲ ਹੀ ਹੁਣ ਰਾਜਸੀ ਪ੍ਰਚਾਰ ਲਈ ਆਪ ਦੇ ਦਿਲ ਵਿਚ ਬੜੇ ਉਬਾਲ ਉਠਿਆ ਕਰਨ। ਆਪਦਾਂ ਅਥਾਹ ਜੋਸ਼ ਰਾਤ ਦਿਨੇ ਠਾਠਾਂ ਮਾਰਦਾ ਰਹਿੰਦਾ। ਜਿਥੇ ਕਿਤੇ ਭੀ ਕਿਸੇ ਬੰਦੇ ਨੇ ਗਲੀ ਗੁਆਂਢੇ ਮਿਲ ਪੈਣਾ ਉਸੇ ਨਾਲ ਹੀ ਗੱਲੋ-ਗੱਲੀ ਇਹ ਰਾਮ-ਕਹਾਣੀ ਛੋਹ ਬਹਿਣੀ ਕਿ ਭਾਈ ਸਾਹਿਬ ਜੀ ! ਸਾਡਾ ਮੁਲਕ ਸਿਖਾਂ ਦੀ ਹਿੰਮਤ ਤੇ ਹੋਰ ਦੂਜੇ ਭਰਾਵਾਂ ਦੀ ਮਦਦ ਨਾਲ ਹੀ ਆਜ਼ਾਦ ਹੋ ਸਕਦਾ ਹੈ। ਜੇ ਅਸੀਂ ਸਾਰੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਹੁਕਮਾਂ ਨੂੰ ਮੰਨ ਕੇ ਹੰਬਲਾ ਮਾਰੀਏ ਤਾਂ ਗ਼ੁਲਾਮੀ ਦੀ ਲਾਨ੍ਹਤ ਅਜ ਦੂਰ ਹੋ ਸਕਦੀ ਹੈ ਤੇ ਖੁਸ਼ ਹੋਕੇ ਆਜ਼ਾਦੀ ਦੇਵੀ ਅਜ ਆਪਣੇ ਸਪੁਤ੍ਰਾਂ ਉਤੇ ਫੁਲਾਂ ਦੀ ਵਰਖਾ ਕਰਨ ਨੂੰ ਤਿਆਰ ਹੋ ਸਕਦੀ ਹੈ। ਹਿੰਮਤ ਕਰਕੇ ਹੌਂਸਲੇ ਨਾਲ ਹੰਬਲਾ ਮਾਰਨ ਦੀ ਲੋੜ ਹੈ। ਇਹ ਕੰਮ ਸਹਿਜੇ ਹੀ ਨੇਪਰੇ ਚੜ੍ਹ ਸਕਦੇ ਹਨ। ਬਹੁਤੀ ਵੇਰਾਂ ਇਹ ਮਿਸਾਲ ਦੇਣੀ ਕਿ ਜਿਸ ਬਿਰਛ ਵਿਚ ਬਹੁਤੀਆਂ ਖੋੜਾਂ ਅਤੇ ਤ੍ਰੇੜਾਂ ਹੁੰਦੀਆਂ ਹਨ ਉਸ ਵਿਚ ਪੰਛੀ ਅਤੇ ਕੀੜੇ ਮਕੌੜੇ

ਆ ਡੇਰਾ ਜਮਾਉਂਦੇ ਹਨ, ਜਿਸ ਦੇ ਕਾਰਨ ਉਹ ਹੋਰ ਚੌੜੀਆਂ ਹੁੰਦੀਆਂ ਜਾਂਦੀਆਂ ਹਨ ਤੇ ਥੋੜੇ ਸਮੇਂ ਵਿੱਚ ਹੀ ਉਸ ਬ੍ਰਿਛ ਨੂੰ ਖਰੜ-ਸੁਕ ਜਿਹਾ ਕਰਕੇ ਖੋਖਲਾ ਕਰ ਦਿੰਦੀਆਂ ਹਨ। ਸਾਰੀ ਹਰਿਆਵਲ ਤੇ ਫੁਲਾਂ ਪੱਤਿਆਂ ਦਾ ਨਾਸ ਮਾਰਿਆ ਜਾਂਦਾ ਹੈ, ਪਰ ਨਿੱਗਰ ਬ੍ਰਿਛ ਵਿੱਚ ਕਿਸੇ ਅਜਿਹੀ ਬੀਮਾਰੀ ਦਾ ਕੋਈ ਥਾਂ ਥਿੱਤਾ ਨਹੀਂ ਹੈ। ਉਹ ਆਜ਼ਾਦੀ ਨਾਲ ਹਵਾ ਵਿਚ ਆਪਣੀ ਮਹਿਕ ਟਹਿਕ ਖਿਲਾਰਕੇ ਸਿਰ ਉੱਚਾ ਕਰਕੇ ਆਜ਼ਾਦੀ ਦਾ ਸੁਨੇਹਾ ਦਿੰਦਾ ਹੈ। ਇਸੇ ਤਰ੍ਹਾਂ ਜੇਕਰ ਅਸੀਂ ਹਿੰਦੂ, ਮੁਸਲਮਾਨ ਅਤੇ ਸਿਖ ਆਪੋ ਵਿੱਚ ਹਿੱਕਾਂ ਜੋੜ ਕੇ ਸਾਂਝੇ ਦਿਲ ਅਤੇ ਦਿਮਾਗ਼ ਨਾਲ ਮੁਲਕੀ ਆਜ਼ਾਦੀ ਲਈ ਡਟ ਜਾਈਏ ਤਾਂ ਇਥੇ ਕਿਸੇ ਗ਼ੈਰ ਦੀ ਦਾਲ ਗਲਨੀ ਬੜੀ ਔਖੀ ਹੈ।

ਜਦ ਅਸੀਂ ਪਿਆਰ ਨਾਲ ਭਰਾ ਭਰਾ ਬਣ ਕੇ ਆਪੋ ਵਿਚ ਜੱਫੀਆਂ ਪਾ ਲਈਏ ਤਾਂ ਸਾਡੇ ਵਿੱਚ ਫੋਟਕ ਤੇ ਪਾਟਕ ਪਾਉਣ ਵਾਲੇ ਆਪਣੇ ਆਪ ਵਿਚੇ ਹੀ ਦਮ ਘੁਟ ਕੇ ਮਰ ਜਾਣਗੇ। ਕਿਸੇ ਗ਼ੈਰ ਨੂੰ ਇਹ ਆਖਣ ਦੀ ਲੋੜ ਹੀ ਨਹੀਂ ਭਾਸੇਗੀ ਕਿ ਤੇਰਾ ਸਾਡੇ ਵਿਚ ਕੀ ਦਖ਼ਲ ਹੈ। ਕਿਸੇ ਬਦੇਸ਼ੀ ਹਕੂਮਤ ਪਾਸੋਂ ਬਿਨਾ ਇਤਫ਼ਾਕ ਦੇ ਮੁਲਕੀ ਆਜ਼ਾਦੀ ਦੀ ਆਸ ਰਖਣੀ ਮ੍ਰਿਗ ਤ੍ਰਿਸ਼ਨਾ ਵਾਲੀ ਗੱਲ ਹੈ।

ਧਾਰੋਵਾਲੀ ਦੀਵਾਨ ਤੇ ਜਾਣ ਤੋਂ ਪਹਿਲਾਂ ਆਪ ਨੇ ਆਪਣੇ ਪਿੰਡ ਦੇ ਇੱਕ ਮੁਸਲਮਾਨ ਭਰਾ ਤੇ ੮੦੦) ਕਰਜ਼ੇ ਦਾ ਦਾਹਵਾ ਕੀਤਾ ਹੋਇਆ ਸੀ। ਇਸ ਵੇਲੇ ਆਪ ਪੱਕੇ ਨਾ-ਮਿਲਵਰਤਨੀਏ ਬਣ ਚੁਕੇ ਸਨ। ਕਚਹਿਰੀ ਵਲ ਮੂੰਹ ਕਰਨਾ ਬਜਰ ਪਾਪ ਸਮਝਦੇ ਸਨ। ਉਸ ਸੱਜਨ ਦੇ ਘਰ ਖੁਦ ਚਲ ਕੇ ਗਏ ਅਤੇ ਬੜੇ ਪਿਆਰ ਨਾਲ ਆਖਣ ਲਗੇ ਕਿ ਭਰਾ ਜੀ! ਜੇਕਰ ਤਾਂ ਤੇਰੇ ਵਿੱਚ ਕਰਜ਼ ਉਤਾਰਨ ਦੀ ਕੋਈ ਪਾਂਇਆ ਹੈ ਤਾਂ ਉਤਾਰ ਛਡ,ਮੇਰਾ ਦੇਣਾ ਦੇ ਦੇਹ,ਨਹੀਂ ਤਾਂ ਮੈਂ ਤੈਨੂੰ ਅਤੇ ਆਪਣੇ ਆਪਨੂੰ ਕਚਹਿਰੀ ਵਿੱਚ ਲੈ ਜਾਕੇ ਖ਼ਵਾਰ ਕਰਨਾ ਮਹਾਂ ਘੋਰ ਪਾਪ ਸਮਝਦਾ ਹਾਂ, ਜਿਸ ਦਾ ਅੰਤਮ ਨਤੀਜਾ ਮੇਰੇ ਲਈ ਪਸਚਾਤਾਪ ਹੈ। ਜੇ ਰਬ ਕਰਾਉਂਦਾ ਹੈ ਤਾਂ ਕੁਝ ਦੇ ਦੇਹ ਨਹੀਂ ਤਾਂ ਮੈਂ ਤੈਨੂੰ ਸਾਰਾ ਕਰਜ਼ਾ ਅਜ ਤੋਂ ਛੱਡਿਆ ਪਰ ਮੈਂ ਰੁਪਏ ਪਿਛੇ ਆਪਣਾ ਅਸੂਲ ਬੜਾ ਕੀਮਤੀ ਸਮਝਦਾ ਹਾਂ।

ਅਕਾਲੀ ਅਖਬਾਰ ਦੀ ਸਹਾਇਤਾ ਕਰਨੀ

ਅਪ੍ਰੈਲ ਸੰ: ੧੯੧੯ ਈ: ਨੂੰ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਮਗਰੋਂ ਸਾਰੇ ਮੁਲਕ ਵਿੱਚ ਜਾਗ੍ਰਤ ਦੀ ਰੂਹ ਫੂਕੀ ਗਈ ਸੀ। ਦੇਸ ਦੀਆਂ ਸਭ ਕੌਮਾਂ ਉਸਲ-ਵਟੇ ਭੰਨ ਕੇ ਬਿਹੋਸ਼ੀ ਦੀ ਨੀਂਦੋਂ ਸੋਮਨ ਹੋ ਰਹੀਆਂ ਸਨ, ਪਰ ਸਿਖ ਕੌਮ ਅਜੇ ਆਪਣੀ ਵਡਤਣ ਦੇ ਘੁਮੰਡ ਵਿੱਚ ਘੁਰਾੜੇ ਮਾਰ ਰਹੀ ਸੀ। ਇਸ ਕੀਮਤੀ ਸਮੇਂ ਕੁਝਕੁ ਉਘੇ ਪੰਥ ਸੇਵਕਾਂ ਨੇ ਆਪਣੀ ਕੌਮ ਨੂੰ ਗਵਾਂਢੀਆਂ ਨਾਲੋਂ ਕੁਝ ਪਿਛੇ ਰਹਿੰਦਾ ਵੇਖ ਕੇ ਦਮਗਜਾ ਮਾਰਿਆ, ਤੇ ਉਪਰਾਲਾ ਕੀਤਾ। ਮਈ ਸੰ: ੧੯੨੦ ਈ: ਨੂੰ ਮੁਲਕੀ ਆਜ਼ਾਦੀ ਦਾ ਪ੍ਰਚਾਰ ਕਰਨ ਲਈ ਲਾਹੌਰੋਂ ਰੋਜ਼ਾਨਾ ਅਕਾਲੀ ਅਖ਼ਬਾਰ ਜਾਰੀ ਕਰ ਦਿੱਤਾ। ਰੋਜ਼ਾਨਾ ਅਖ਼ਬਾਰ ਦੇ ਚਲਾਉਣ ਲਈ ਹਜ਼ਾਰਾਂ ਰੁਪਿਆਂ ਦੀ ਲੋੜ ਸੀ, ਜਿਸ ਵਿਚ ਸ: ਦਲੀਪ ਸਿੰਘ ਵਰਗੇ ਉਦਾਰ ਦਿਲਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਥੋੜੇ ਸਮੇਂ ਵਿਚ ਹੀ ਸਾਰੇ ਬੰਨੀਂ ਅਕਾਲੀ ਦਾ ਡੰਕਾ ਵਜਣ ਲਗ ਪਿਆ। ਹਜ਼ਾਰਾਂ ਦੀ ਗਿਣਤੀ ਵਿਚ ਇਸ ਦੇ ਗ੍ਰਾਹਕ ਬਣ ਗਏ। ਪਿੰਡ ਪਿੰਡ ਵਿਚ ਅਕਾਲੀ ਦਾ ਹੋਕਾ ਫਿਰ ਗਿਆ। ਇਸ ਨੇ ਪੰਜਾਂ ਸੱਤਾਂ ਮਹੀਨਿਆਂ ਵਿਚ ਹੀ ਕੌਮ ਨੂੰ ਗੁਰਦੁਆਰਾ ਸੁਧਾਰ ਲਹਿਰ ਅਤੇ ਮੁਲਕੀ ਆਜ਼ਾਦੀ ਦੀ ਸੜਕ ਤੇ ਲੈ ਆਂਦਾ। ਕੜਾਕੇਦਾਰ ਲੇਖਾਂ ਤੇ ਤੜਫਾ ਦੇਣ ਵਾਲੀਆਂ ਕਵਿਤਾਵਾਂ ਦੁਆਰਾ ਪੰਥ ਵਿਚ ਉਹ ਕੌਮੀ ਏਕਤਾ ਦੀ ਰੂਹ ਭਰੀ ਕਿ ਜਿਸਦੀ ਮਿਸਾਲ ਮਿਲਣੀ ਔਖੀ ਹੈ।

ਪੰਥ-ਘਾਤਕਾਂ ਤੇ ਕੌਮ ਧ੍ਰੋਹੀਆਂ ਨੂੰ ਅਕਾਲੀ ਦਾ ਵਧਣਾ ਫੁਲਣਾ ਕੰਡਾ ਬਣ ਕੇ ਰੜਕਣ ਲਗ ਪਿਆ। ਰਾਤ ਦਿਨੇ ਅਕਾਲੀ ਦੀ ਅਲਖ ਮੁਕਾਉਣ ਦੀਆਂ ਸਕੀਮਾਂ ਸੋਚੀਆਂ ਜਾਣ ਲਗੀਆਂ। ਕੌਮ ਦੇ ਵੈਰੀਆਂ ਵਲੋਂ ਅਕਾਲੀ ਉਤੇ ਉਹ ਕਸ਼ਟਾਂ ਦੇ ਪਹਾੜ ਸੁਟੇ ਗਏ ਜਿਨ੍ਹਾਂ ਦੇ ਭਾਰ ਥਲੇ ਜੀਉਂਦਿਆਂ ਰਹਿਣਾ ਕੇਵਲ ਅਕਾਲੀ ਦਾ ਹੀ ਕੰਮ ਸੀ। ਜ਼ਮਾਨਤਾਂ ਜ਼ਬਤ, ਦਰਜਨਾਂ ਐਡੀਟਰ ਕੈਦ ਤੇ ਉਨ੍ਹਾਂ ਦੇ ਪਿਛਲੇ ਪ੍ਰਵਾਰਾਂ ਦੀ ਸੰਭਾਲ ਦਾ ਖ਼ਰਚ ਹੋਣਾ ਸ਼ੁਰੂ ਹੋ ਗਿਆ। ਕੌਮੀ ਖ਼ਜ਼ਾਨੇ ਵਿੱਚ ਮਾਇਆ ਦੀ ਟੋਟ ਆ ਗਈ। ਇਸ ਦੇ ਪ੍ਰਬੰਧਕਾਂ ਤੇ ਬੜੀ ਸਖ਼ਤ ਭੀੜਾ ਆ ਬਣੀ। ਅੰਤ ਦੀ ਬਾਕੀ ਅਕਾਲੀ ਦੀ ਕੰਮ ਕਰਨੀ ਕਮੇਟੀ (ਜਿਸ ਦੇ ਮੈਂਬਰ ਭਾ:

ਦਲੀਪ ਸਿੰਘ ਭੀ ਸਨ) ਨੇ ਫ਼ੈਸਲਾ ਕੀਤਾ ਕਿ ਹਿੰਮਤ ਕਰਕੇ ਸਾਰੇ ਸਜਣ ਮਿਲਵਾਂ ਸਾਂਝਾ ਹੰਭਲਾ ਮਾਰੋ, ਥਾਂ ਥਾਂ ਫਿਰਕੇ ਹਰ ਇਕ ਮੈਂਬਰ ਉਗ੍ਰਾਹੀ ਕਰਕੇ ਮਾਇਆ ਇਕੱਤ੍ਰ ਕਰੇ ਤਾਂ ਜੋ ਮਸਤਾਨਾ ਹੋਇਆ ਖ਼ਜ਼ਾਨਾ ਫੇਰ ਭਰਪੂਰ ਹੋਵੇ।

ਸ: ਦਲੀਪ ਸਿੰਘ ਨੇ ਤਜਵੀਜ਼ ਕੀਤੀ ਕਿ ਬਾਹਰੋਂ ਉਗ੍ਰਾਹੀ ਕਰਨ ਤੋਂ ਪਹਿਲਾਂ ਇਥੇ ਬੈਠੇ ਸਭ ਮੈਂਬਰ ਆਪੋ ਆਪਣੇ ਚੰਦੇ ਲਿਖਾਉਣ ਤੋਂ ਪਹਿਲਾਂ ਘਰੋਂ ਕੁਝ ਕਰਕੇ ਤੇ ਫੇਰ ਪਿਛੋਂ ਦੂਜੇ ਭਰਾਵਾਂ ਪਾਸੋਂ ਬਗਲੀ ਫੜਕੇ ਰੁਪਿਆ ਇਕੱਠਾ ਕੀਤਾ ਜਾਵੇ। ਸਭ ਸੋਚੀਂ ਪੈ ਗਏ,ਵਡੇ ਵਡੇ ਸਰਦਾਰਾਂ ਵਿਚੋਂ ਕਿਸੇ ਨੇ ਇਕ ਸੌ ਅਤੇ ਕਿਸੇ ਨੇ ਦੋ ਸੌ ਰੁਪਿਆ ਲਿਖਾਇਆ ਤੇ ਇਨ੍ਹਾਂ ਨੇ ਬੜੀ ਦਲੇਰੀ ਨਾਲ ਆਖਿਆ ਕਿ ਖਾਲਸਾ ਜੀ! ਇਹ ਤਾਂ ਅਜੇ ਪਹਿਲੀ ਹੀ ਵਾਰ ਹੈ, ਤੁਸੀਂ ਹੁਣੇ ਹੀ ਝਿਰਕ ਝਿਰਕ ਕੇ ਮਾਇਆ ਲਿਖਾਉਂਦੇ ਹੋ, ਏਥੇ ਤਾਂ ਕੰਮ ਹੀ ਰੋਜ਼ ਦਾ ਇਹੋ ਹੋਣਾ ਹੈ। ਸੌ ਤੇ ਦੋ ਸੌ ਦਿਤਿਆਂ ਕੀ ਬਨਣਾ ਹੈ? ਦਿਲ ਖੋਲ੍ਹ ਕੇ ਖੁਲ੍ਹੇ ਗਫੇ ਦਿਓ, ਪੰਥਕ ਸੇਵਾ ਹੈ, ਇਹ ਭਾਗਾਂ ਨਾਲ ਹੀ ਮਿਲਦੀ ਹੈ। ਇਸ ਲਈ ਭਲਾ ਕੀ ਸੋਚਣਾ ਹੈ। ਇਸ ਨਾਲੋਂ ਫੇਰ ਧਨ ਸਫਲਾ ਕਰਨ ਦਾ ਕੇਹੜਾ ਵੇਲਾ ਮਿਲਣਾ ਹੈ? ਏਨੀ ਗਲ ਆਖ ਕੇ ਆਪ ਨੇ ਬੜੀ ਦਲੇਰੀ ਨਾਲ ਇਕ ਹਜ਼ਾਰ ਰੁਪਿਆ ਲਿਖਾਇਆ ਅਤੇ ਫੇਰ ਦੂਜੇ ਮੈਂਬਰਾਂ ਨੇ ਭੀ ਵੇਖੋ ਵੇਖੀ ਖੁਲ੍ਹੇ ਗੱਫੇ ਲਿਖਾਏ। ਕੌਮੀ ਪਿਆਰ ਅਤੇ ਮੁਲਕੀ ਆਜ਼ਾਦੀ ਦੀ ਜੰਗ ਲਈ ਇਕ ਹਜ਼ਾਰ ਰੁਪਿਆ ਇਕ ਦਮ ਅਰਦਾਸ ਕਰਵਾ ਦੇਣਾ ਕੋਈ ਮਾਮੂਲੀ ਜਹੀ ਗਲ ਨਹੀਂ ਹੈ। ਆਖਦੇ ਹਨ ਕਿ ਧਨ ਦੇਣਾ ਤੇ ਦੇਹ ਵਢਾਉਣੀ ਇਕ ਬ੍ਰਾਬਰ ਹੈ।

ਇਹ ਅਹੂਤੀ ਪਾਉਣ ਪਿਛੋਂ ਆਪ ਨੇ ਪੈਦਲ ਪਿੰਡੋ-ਪਿੰਡ ਫਿਰ ਕੇ ਲੋਕਾਂ ਅਗੇ ਕੌਮੀ ਕੰਮ ਲਈ ਝੋਲੀਆਂ ਅਡ ਅਡ ਕੇ ਜੋ ਹਜ਼ਾਰਾਂ ਰੁਪਏ ਇਕਤ੍ਰ ਕੀਤੇ, ਉਨ੍ਹਾਂ ਦਾ ਪੂਰਾ ਵੇਰਵਾ ਅਕਾਲੀ ਦੇ ਰੀਕਾਰਡ ਵਿਚ ਉਸ ਸਾਂ ਦਰਜ ਸੀ*। ਇਸ ਭਲੇ ਮੁਲਕੀ ਕੰਮ ਵਿਚ ਆਪ ਦਾ ਬੜਾ ਭਾਰਾ ਹਿਸਾ ਸੀ।

---

*ਉਸ ਸਮੇਂ ਅਕਾਲੀ ਦੀਆਂ ਰੋਜ ਤਲਾਸ਼ੀਆਂ ਜ਼ਮਾਨਤਾਂ ਤੇ ਕੁਰਕੀਆਂ ਦੇ ਕਾਰਨ ਰੀਕਾਰਡ ਦੀ ਪੂਰੀ ਸੰਭਾਲ ਨਾ ਰਹੀ। ਜਿਸ ਕਰਕੇ ਪੂਰਾ ਵੇਰਵਾ ਦੇਣ ਤੋਂ ਅਸਮਰਥ ਹਾਂ।

ਸਮੇਂ ਦਾ ਗੇੜ

ਜਿਸ ਖਾਲਸਾ ਸਕੂਲ ਦੇ ਵਿਦਯਾਰਥੀਆਂ ਨੂੰ ਸਾਂਗਲੇ ਤੋਂ ਧਾਰੋਵਾਲੀ ਦੀਵਾਨ ਤੇ ਜਾਣ ਤੋਂ ਰੋਕਣ ਲਈ ਆਪ ਆਰਡਰ ਦਿੰਦੇ ਸਨ, ਅਜ ਅਕਾਲੀ ਅਖਬਾਰ ਦੀ ਉਗ੍ਰਾਹੀ ਦੇ ਸਿਲਸਲੇ ਵਿਚ ਉਸੇ ਖ਼ਾਲਸਾ ਹਾਈ ਸਕੂਲ ਵਿਚ ਸਭ ਤੋਂ ਪਹਿਲਾਂ ਆ ਹਾਜ਼ਰ ਹੁੰਦੇ ਹਨ। ਸਕੂਲ ਦੇ ਮਾਸਟਰਾਂ ਨੂੰ ਮੁਲਕੀ ਆਜ਼ਾਦੀ ਦੇ ਨਾਮ ਉਤੇ ਅਪੀਲਾਂ ਕਰਦੇ ਹਨ ਕਿ ਤੁਸੀਂ ਭੀ ਅਜ ਆਪਣੀ ਕਮਾਈ ਸਫਲ ਕਰੋ। ਇਸ ਵੇਲੇ ਕੌਮ ਨੂੰ ਤੁਹਾਡੇ ਗੋਚਰੀ ਲੋੜ ਹੈ। ਬਹੁਤੀ ਨਹੀਂ ਤਾਂ ਘਟੋ ਘਟ ਇਕ ਇਕ ਮਹੀਨੇ ਦੀ ਤਨਖ਼੍ਹਾਹ ਤਾਂ ਜ਼ਰੂਰ ਅਰਦਾਸ ਕਰਾਓ। ਅਜ ਬਗਲੀ ਫੜ ਕੇ ਕੌਮੀ ਫਕੀਰ ਤੁਹਾਡੇ ਦਰਾਂ ਤੇ ਹਾਜ਼ਰ ਹੋਇਆ ਹੈ। ਇਸ ਦਾ ਮਾਣ ਰਖ ਲੈਣਾ ਨਿਰਾਸਾ ਮੋੜ ਕੇ ਹੌਂਸਲਾ ਨ ਢਾਹ ਦੇਣਾ, ਪਰ ਉਸਤਾਦਾਂ ਨੇ ਇਸ ਨੂੰ ਰਾਜਸੀ ਕੰਮ ਦਸ ਕੇ ਆਲੇ ਟਾਲੇ ਲਾ ਕੇ ਅਪਣੀ ਜਿੰਦ ਛੁਡਾਉਣ ਦੀ ਕੀਤੀ, ਤਾਂ ਆਪ ਆਪਣੇ ਇਰਾਦੇ ਤੇ ਉਸੇ ਤਰ੍ਹਾਂ ਡਟੇ ਰਹੇ ਕਿ ਮੈਂ ਹਰ ਪ੍ਰਾਣੀ ਮਾਤਰ ਪਾਸੋਂ ਇਸ ਭਲੇ ਕੰਮ ਲਈ ਦਾਨ ਮੰਗਣਾ ਹੈ। ਜੇ ਤੁਸੀਂ ਖੈਰ ਨਹੀਂ ਪਾਉਂਦੇ ਹੋ ਤਾਂ ਮੈਂ ਆਪਣੇ ਵਿਦਿਆਰਥੀਆਂ ਅਗੇ ਇਸ ਪੰਥਕ ਲੋੜ ਨੂੰ ਪ੍ਰਗਟ ਕਰਦਾ ਹਾਂ, ਵੇਖ ਲੈਣਾ ਕਿਸ ਤਰ੍ਹਾਂ ਉਹ ਤੁਹਾਡੇ ਸਾਮ੍ਹਣੇ ਹੀ ਮੇਰੇ ਮਾਣ ਨੂੰ ਕਾਇਮ ਰਖਦੇ ਹਨ। ਆਪ ਸਕੂਲ ਵਿਚ ਜਮਾਤੋ ਜਮਾਤੀ ਫਿਰ ਨਿਕਲੇ, ਵਿਦਿਆਰਥੀਆਂ ਅਗੇ ਮੁਲਕੀ ਆਜ਼ਾਦੀ ਦੇ ਨਾਮ ਤੇ ਦਰਦ ਭਰੀ ਅਪੀਲ ਕੀਤੀ ਕਿ ਮਜਬੂਰੀ ਨਹੀਂ, ਜਿਸ ਦਾ ਦਿਲ ਕਰੇ ਸ਼ਰਧਾ ਨਾਲ ਇਸ ਭੰਡਾਰੇ ਨੂੰ ਭਰਪੂਰ ਕਰਨ ਲਈ ਆਪਣਾ ਹਿੱਸਾ ਪਾਵੇ। ਇਨ੍ਹਾਂ ਦੇ ਮਗਰ ਮਗਰ ਜਮਾਤੋ ਜਮਾਤੀ ਭਾਈ ਭਗਤ ਸਿੰਘ, ਜੋ ਇਨ੍ਹਾਂ ਦੇ ਪਿਛੋਂ ਸਕੂਲ ਦੇ ਮੈਨੇਜਰ ਬਣੇ ਸਨ, ਸਣੇ ਹੈਡ ਮਾਸਟਰ ਸਾਹਿਬ ਦੇ ਵਿਦਿਆ-ਰਥੀਆਂ ਨੂੰ ਵਰਜਦੇ ਫਿਰਨ ਕਿ ਇਹ ਰਾਜਸੀ ਕੰਮ ਹੈ ਮਤਾਂ ਕਿਤੇ ਸਕੂਲ ਨੂੰ ਨੁਕਸਾਨ ਹੀ ਨ ਪੁਜ ਜਾਵੇ।

ਇਕ ਜਮਾਤ ਵਿਚ ਇਨ੍ਹਾਂ ਦਾ ਤੇ ਸ: ਭਗਤ ਸਿੰਘ ਦਾ ਟਾਕਰਾ ਹੋ ਪਿਆ, ਤਾਂ ਇਹ ਆਖਣ ਲਗੇ ਕਿ ਪਹਿਲਾਂ ਤੁਸੀਂ ਆਪਣਾ ਲੈਕਚਰ ਦੇ ਲਓ, ਫੇਰ ਮੈਂ ਕੌਮ ਲਈ ਬੇਨਤੀ ਕਰਾਂਗਾ। ਜਿਵੇਂ ਲੜਕੇ ਆਪਣੀ ਇਛਿਆ ਅਨੁਸਾਰ ਮੁਨਾਸਬ

ਸਮਝਣਗੇ, ਕਰਨਗੇ । ਸੋ ਏਸੇ ਤਰ੍ਹਾਂ ਹੀ ਪਹਿਲਾਂ ਸ: ਭਗਤ ਸਿੰਘ ਨੇ ਰੋਕਣ ਲਈ ਟਿੱਲ ਲਾਇਆ, ਪਿਛੋਂ ਇਨ੍ਹਾਂ ਦਰਦ ਭਰੇ ਲਫ਼ਜ਼ਾਂ ਦੁਆਰਾ ਮੁਲਕੀ ਗੁਲਾਮੀ ਦੇ ਔਗੁਣ ਤੇ ਆਪਣੇ ਦੇਸ਼ ਦੀ ਆਜ਼ਾਦੀ ਲਈ ਯਤਨਾਂ ਦਾ ਜ਼ਿਕਰ ਕੀਤਾ ਤਾਂ ਦੂਜੇ ਸਜਣਾਂ ਦੇ ਮਨ੍ਹਾ ਕਰਦਿਆਂ ਕਰਾਉਂਦਿਆਂ ਭੀ ਇਨ੍ਹਾਂ ਸਕੂਲ ਵਿਚੋਂ ਮਾਇਆ ਇਕਤ੍ਰ ਕਰ ਲਈ ।

ਅਕਾਲੀ ਦੇ ਪ੍ਰਬੰਧਕ ਮਾਸਟਰ ਸੁੰਦਰ ਸਿੰਘ ਜੀ ਲਾਇਲਪੁਰੀ ਨਾਲ ਆਪ ਦਾ ਗੂਹੜਾ ਦਿਲੀ-ਪਿਆਰ ਸੀ । ਮਾਸਟਰ ਜੀ ਭੀ ਆਪ ਨਾਲ ਬੜਾ ਪ੍ਰੇਮ ਕਰਿਆ ਕਰਦੇ ਸਨ । ਉਨ੍ਹਾਂ ਨੇ ਆਪ ਦਾ ਜਦ ਕਦੇ ਭੀ ਜ਼ਿਕਰ ਕਰਨਾ ਤਾਂ "ਸਾਂਗਲੀਏ ਲੈਫੀਟਨੈਂਟ" ਕਰਕੇ ਸਦਣਾ । ਅਕਾਲੀ ਦੀ ਜ਼ਮਾਨਤ ਜ਼ਬਤ ਹੋ ਗਈ ਤੇ ਨਵੀਂ ਹੋਰ ਮੰਗੀ ਗਈ ਤਾਂ, ਮਾਸਟਰ ਜੀ ਨੇ ਇਕ ਦਿਨ ਹਾਸੇ ਨਾਲ ਹੀ ਇਨ੍ਹਾਂ ਨੂੰ ਆਖਿਆ ਕਿ ਮੇਰੇ ਪਾਸ ਤਾਂ ਕਚੀ ਕੌਡੀ ਭੀ ਨਹੀਂ ਹੈ । ਲੋਕੀਂ ਮੈਨੂੰ ਸਮਝਦੇ ਭੀ ਕਮਲਾ ਰਮਲਾ ਹੀ ਹਨ, ਮੈਂ ਇਹ ਰਕਮ ਕਿਥੋਂ ਭਰਨੀ ਹੈ, ਵਾਹਿਗੁਰੂ ਹੀ ਲਜਿਆ ਰਖੇ ਤਾਂ ਰਖੇ । ਭਾਈ ਦਲੀਪ ਸਿੰਘ ਨੇ ਆਖਿਆ ਕਿ ਮਾਸਟਰ ਜੀ ! ਮੈਂ ਆਪ ਵਰਗੇ ਮੁਲਕੀ ਆਜ਼ਾਦੀ ਦੀ ਸ਼ਮਾਂ ਦੇ ਪ੍ਰਵਾਨਿਆਂ ਤੋਂ ਇਹ ਰਕਮ ਤੁਛ ਜਾਣ ਕੇ ਘੋਲ ਘੁਮਾ ਘਤਾਂ । ਤੁਹਾਡੇ ਇਸ ਪਿਆਰੇ ਸੇਵਕ ਪਾਸ ਜ਼ਮੀਨ ਦੇ ਮੁਰੱਬੇ ਜੋ ਹਨ, ਇਹ ਮੇਰੇ ਆਪਣੇ ਥੋੜ੍ਹੇ ਹੀ ਹਨ ? ਜੇ ਕਰ ਕੌਮ ਦੇ ਲੇਖੇ ਲਗ ਜਾਣ ਤਾਂ ਇਸ ਨਾਲੋਂ ਹੋਰ ਧੰਨ-ਭਾਗ ਹੋ ਹੀ ਕੀ ਸਕਦੇ ਹਨ ? ਜਿੰਨੀ ਲੋੜ ਹੈ ਵੇਚ ਵਟ ਲਓ ਜਾਂ ਆਪਣੇ ਨਾਮ ਰਜਿਸਟਰੀ ਕਰਵਾ ਲਵੋ, ਦਮਾਂ ਦਾ ਕੀ ਵਸਾਹ ਹੈ । ਜਦੋਂ ਕੌਮੀ ਕੰਮ ਲਈ ਲੋੜ ਆ ਬਣੇ ਤਾਂ ਝਟ ਵੇਚ ਕੇ ਪੂਰੀ ਕਰ ਲੈਣੀ । ਮਾਸਟਰ ਜੀ ਇਹ ਗਲ ਸੁਣਕੇ ਕਿੰਨਾ ਹੀ ਚਿਰ ਵਾਹਿਗੁਰੂ ਵਾਹਿਗੁਰੂ ਕਰਦੇ ਰਹੇ ਤੇ ਢੇਰ ਚਿਰ ਪਿਆਰ ਨਾਲ ਇਨ੍ਹਾਂ ਨੂੰ ਆਪਣੀ ਜੱਫੀ ਵਿਚ ਘੁਟ ਕੇ ਲਈ ਰਖਿਆ ।

ਫੇਰ ਆਪ ਨੇ ਆਖਿਆ ਕਿ ਮੈਂ ਤਾਂ ਕੋਈ ਦਿਨ ਦਾ ਪ੍ਰਾਹੁਣਾ ਹਾਂ, ਮੈਂ ਫੇਰ ਬੇਨਤੀ ਕਰਦਾ ਹਾਂ ਕਿ ਜ਼ਮੀਨ ਜ਼ਰੂਰ ਲਿਖਾ ਲਓ । ਮਾਸਟਰ ਜੀ ਆਖਣ ਲਗੇ ਤੁਸੀਂ ਕੋਈ ਚਿੰਤਾ ਨਾ ਕਰੋ ਜਿਵੇਂ ਵਾਹਿਗੁਰੂ ਨੂੰ ਮਨਜ਼ੂਰ ! ਅਜਿਹੀ ਲੋੜ ਤਾਂ ਨਹੀਂ ਪੈਣ ਲਗੀ । ਗੁਰੂ ਪੰਥ ਆਪੇ ਉਦਮ ਕਰੇਗਾ, ਫਿਰ ਆਪ ਖਿੜ

ਖਿੜਾ ਕੇ ਹਸ ਪਏ ਤੇ ਆਖਣ ਲਗੇ "ਜਿਵੇਂ ਰਬ ਰਜਾਇ, ਸਾਨੂੰ ਕਾਹਦੀ ਚਿੰਤਾ ਹੈ!"

ਅਕਾਲੀ ਅਖਬਾਰ ਦੀ ਕੰਮ ਕਰਨੀ ਕਮੇਟੀ ਦੇ ਚੋਣਵੇਂ ਸਰਗਰਮ ਕੰਮ ਕਰਨ ਵਾਲਿਆਂ ਮੈਂਬਰਾਂ ਵਿਚੋਂ ਆਪ ਇਕ ਚੋਟੀ ਦੇ ਉਘੇ ਮੈਂਬਰ ਸਨ। ਅੰਗਰੇਜ਼ੀ ਅਤੇ ਉਰਦੂ ਅਕਾਲੀ ਜਾਰੀ ਕਰਨ ਵਾਲੇ ਸਜਣਾਂ ਵਿਚੋਂ ਭੀ ਆਪ ਮੋਹਰੀ ਸਨ। ਪਰ ਅਫ਼ਸੋਸ ਕਿ ਜ਼ਿੰਦਗੀ ਨੇ ਸਾਥ ਨਾ ਦਿਤਾ ਅਤੇ ਆਪ ਆਪਣੀਆਂ ਇਨ੍ਹਾਂ ਸ਼ੁਭ ਭਾਵਨਾਂ ਨੂੰ ਪੂਰਿਆਂ ਹੋਣ ਤੋਂ ਪਹਿਲਾਂ ਹੀ ਗੁਰ-ਚਰਨਾਂ ਵਿਚ ਜਾ ਬਿਰਾਜੇ। ਸ਼ਹੀਦ ਹੋਣ ਤੋਂ ਪਿਛੋਂ ਭੀ ਅਕਾਲੀ ਅਖ਼ਬਾਰ ਦੀ ਚਾਲੀ ਹਜ਼ਾਰ ਦੀ ਡਿਗਰੀ ਵਿਚ ਆਪ ਦਾ ਨਾਮ ਨਿਕਲਦਾ ਰਿਹਾ, ਪਰ ਫੇਰ ਜਦ ਸਰਕਾਰੀ ਮਹਿਕਮੇ ਨੂੰ ਸ਼ਹੀਦ ਹੋ ਜਾਣ ਦੀ ਰਪੋਰਟ ਪੁਜੀ ਤਾਂ ਨਾਮ ਕਟ ਦਿਤਾ ਗਿਆ।

ਕੌਂਸਲ ਦੀ ਚੋਣ ਸਮੇਂ ਦੇਸ਼ ਸੇਵਾ

ਕੌਂਸਲ ਦੀਆਂ ਚੋਣਾਂ ਦੇ ਦਿਨ ਨੇੜੇ ਆ ਗਏ, ਕਾਂਗਰਸ ਕਮੇਟੀ ਨੇ ਕੌਂਸਲਾਂ ਦਾ ਬਾਈਕਾਟ ਕਰ ਦਿਤਾ। ਸਰਕਾਰ-ਪੂਜ ਮੁਲਕੀ ਆਵਾਜ਼ ਦੇ ਬਰਖ਼ਿਲਾਫ਼ ਕੌਂਸਲ ਦੀਆਂ ਚੋਣਾਂ ਵਿਚ ਖੜੇ ਹੋ ਰਹੇ ਸਨ। ਸਾਂਗਲੇ ਵਿਚ ਭੀ ਚੋਣਾਂ ਦੇ ਅਖਾੜੇ ਰਚੇ ਜਾਣੇ ਸਨ। ਭਾਵੇਂ ਲੋਕਾਂ ਨੇ ਧਾਰੋਵਾਲੀ ਦੀਵਾਨ ਤੇ ਪ੍ਰਣ ਕੀਤੇ ਸਨ ਕਿ ਕੌਂਸਲ ਦੀ ਮੈਂਬਰੀ ਦੀਆਂ ਪਰਚੀਆਂ ਨਹੀਂ ਪਾਵਾਂਗੇ, ਪਰ ਸੁਆਰਥੀ ਤੇ ਚਾਲਾਕ ਲੋਕੀਂ ਪਿੰਡਾਂ ਦੇ ਅਣਪੜ੍ਹ ਭਰਾਵਾਂ ਨੂੰ ਆਪਣੇ ਅੜੇ ਲਾ ਰਹੇ ਸਨ।

ਆਪ ਦੇ ਅੰਦਰ ਕੌਮੀ ਪੀੜਾ ਦੀ ਚਸਕ ਉਠੀ। ਸਵੇਰੇ ਉਠਦਿਆਂ ਹੀ ਘੋੜੇ ਤੇ ਲੱਤ ਦੇਣੀ ਅਤੇ ਤ੍ਰਕਾਲਾਂ ਤਕ ਚਲ ਸੋ ਚਲ। ਇਸ ਤਰਾਂ ਰਾਤ ਦਿਨ ਫਿਰਕੇ ਆਪ ਨੇ ਪਿੰਡ ਪਿੰਡ ਜਾਕੇ ਮੁਲਕ ਦੀ ਅਸਲੀ ਆਵਾਜ਼ ਜਨਤਾ ਦੇ ਕੰਨਾਂ ਤਕ ਪਹੁੰਚਾ ਦਿਤੀ। ਇਸ ਪ੍ਰਚਾਰ ਦੇ ਨਾਲ ਹੀ ਦੇਸ਼ ਸੁਧਾਰ ਦਾ ਕੰਮ ਅਰੰਭ ਦਿਤਾ ਤੇ ਜਿਸ ਜਿਸ ਪਿੰਡ ਵਿਚ ਸ਼ਰਾਬ ਦੇ ਠੇਕੇ ਸਨ, ਉਨ੍ਹਾਂ ਨੂੰ ਦੂਰ ਕਰਨ ਲਈ ਬ੍ਰਾਦਰੀ ਦੇ ਇਕੱਠ ਕਰਕੇ ਬੜਾ ਜ਼ੋਰ ਪਾਉਣਾ। ਇਕੱਲੇ ਇਕੱਲੇ ਬੰਦੇ ਪਾਸੋਂ ਸ਼ਰਾਬ ਦੀ ਲਾਅਨ੍ਹਤ ਦੂਰ ਕਰਨ ਲਈ ਪ੍ਰਣ ਕਰਾਉਣੇ। ਇਸ ਸਿਰ-ਤੋੜ ਕੋਸ਼ਿਸ਼

ਦਾ ਸਿੱਟਾ ਉਸ ਸਮੇਂ ਤਾਂ ਭਾਵੇਂ ਏਡਾ ਪ੍ਰਫੁਲਤ ਨ ਹੋਇਆ, ਪਰ ਇਹ ਬੀਜ ਬੀਜਿਆ ਅਵਾਈਂ ਨਾ ਗਿਆ। ਜਦ ਸੰ: ੧੯੨੧ ਈ: ਵਿਚ ਦੇਸ਼ ਭਗਤਾਂ ਨੇ ਸ਼ਰਾਬ ਦੇ ਬ੍ਰਾਈਕਾਟ ਦੇ ਸੁਆਲ ਨੂੰ ਚੁਕਿਆ ਤਾਂ ਜਿਸ ਜਿਸ ਥਾਂ ਆਪ ਨੇ ਲਗਨ ਨਾਲ ਪ੍ਰਚਾਰ ਕੀਤਾ ਸੀ ਉਹ ਇਲਾਕੇ ਸ਼ਰਾਬ ਦੇ ਤਿਆਗ ਵਿਚ ਸਭ ਤੋਂ ਮੁਹੈਲੀਆਂ ਵਿਚ ਸਨ।

ਪੋਲਿੰਗ ਸਟੇਸ਼ਨਾਂ ਤੇ ਵੋਟਾਂ ਦਾ ਵਕਤ ਆ ਗਿਆ। ਆਪ ਦੀ ਇਸ ਘਾਲਣਾ ਤੇ ਮੇਹਨਤ ਨੂੰ ਹਦੋਂ ਪ੍ਰੇਰੇ ਸਫਲਤਾ ਪ੍ਰਾਪਤ ਹੋਈ। ਕੁਝ ਸਜਣ ਵੋਟ ਪਾਉਣ ਲਈ ਆਏ ਤਾਂ ਸਹੀ, ਪਰ ਓਨੇ ਭੀੜ ਭੜੱਕੇ ਨਾਲ ਨਾ ਆਏ, ਜਿਸ ਨਾਲ ਕਿ ਇਸ ਤੋਂ ਪਹਿਲਾਂ ਆਇਆ ਕਰਦੇ ਸਨ। ਇਸ ਮੌਕੇ ਤੇ ਭੀ ਆਪ ਨੇ ਬੜੀ ਚਤੁਰਤਾ ਤੋਂ ਕੰਮ ਲਿਆ। ਕੁਝ ਚੋਣਵੇਂ ਭਰਾਵਾਂ ਨੂੰ ਨਾਲ ਲੈਕੇ ਇਨ੍ਹਾਂ ਆਏ ਸਜਣਾਂ ਨੂੰ ਮਿੰਨਤ ਤਰਲਾ ਕਰਕੇ ਵਾਪਸ ਕਰ ਦਿਤਾ ਅਤੇ ਆਪਣੀ ਕੌਮੀ ਆਨ ਸ਼ਾਨ ਨੂੰ ਕਾਇਮ ਰਖਿਆ। ਇਸ ਤਰਾਂ ਭਰਾਵਾਂ ਦੇ ਮੋੜਨ ਮੁੜਾਉਣ ਵਿਚ ਕੁਝ ਰੌਲਾ ਗੌਲਾ ਭੀ ਪੈਂਦਾ ਸੀ। ਸਰਕਾਰ ਪੂਜਾਂ ਨੇ ਪੋਲਿੰਗ ਆਫ਼ੀਸਰ ਦਾ ਇਸ ਰੌਲੇ-ਰੱਪੇ ਵਲ ਧਿਆਨ ਦਿਵਾਇਆ। ਉਹ ਜੰਗਲੇ ਵਿਚੋਂ ਬਾਹਰ ਨਿਕਲ ਕੇ ਸ: ਦਲੀਪ ਸਿੰਘ ਨੂੰ ਆਖਣ ਲਗੇ ਕਿ—"ਕਿਆ ਬਾਤ ਹੈ ਜੋ ਵੋਹ ਖਪ ਸ਼ਪ ਪੜ ਰਹੀ ਹੈ, ਲੋਗੋਂ ਕੋ ਵੋਟ ਕਿਉਂ ਨਹੀਂ ਪਾਨੇ ਦੇਤੇ ?" ਸ: ਦਲੀਪ ਸਿੰਘ ਨੇ ਉਤਰ ਦਿਤਾ : ਜਨਾਬ ! ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਪ੍ਰਣ ਕਰ ਚੁਕੇ ਹਾਂ ਕਿ ਨ ਪਰਚੀ ਪਾਉਣੀ ਹੈ ਅਤੇ ਨਾ ਹੀ ਕਿਸੇ ਦੂਜੇ ਨੂੰ ਪਾਉਣ ਦੇਣੀ ਹੈ। ਸੋ ਅਸੀਂ ਆਪਣੇ ਫ਼ਰਜ਼ ਨੂੰ ਪੂਰਿਆਂ ਕਰਨ ਲਈ ਬੇਨਤੀਆਂ ਕਰ ਰਹੇ ਹਾਂ। ਆਪਣੇ ਧਰਮ ਵਿਰ ਪੂਰਿਆਂ ਰਹਿਣ ਲਈ ਸਾਡਾ ਇਹ ਧਾਰਮਕ ਤੇ ਇਖ਼ਲਾਕੀ ਫ਼ਰਜ਼ ਹੈ ਕਿ ਇਸ ਗੱਲ ਉਤੇ ਪਹਿਰਾ ਦੇਈਏ ਕਿ "(ਗੁਰੂ)ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋਡੀਏ"। ਦੂਜੇ ਆਪਣੀ ਕੌਮ ਦੇ ਪ੍ਰਤੀਨਿਧ ਜਥੇ ਸਿਖ ਲੀਗ ਦਾ ਹੁਕਮ ਸਾਨੂੰ ਅਜਿਹਾ ਕਰਨ ਤੋਂ ਠਾਕਦਾ ਹੈ। ਇਹ ਉਤਰ ਸੁਣਕੇ ਉਹ ਅਫ਼ਸਰ ਫੇਰ ਉਸੇ ਤਰਾਂ ਆਪਣੀ ਕੁਰਸੀ ਤੇ ਜਾ ਬੈਠਾ।

ਆਪ ਦੀ ਅਣਥਕ ਮੇਹਨਤ ਅਤੇ ਅਦੁਤੀ ਘਾਲਣਾਂ ਦਾ ਇਹ ਸਿਟਾ ਹੋਇਆ ਕਿ ਇਕ ਮੂੰਹ-ਜ਼ੋਰ ਸਰਦਾਰ ਜੋ ਆਪ-ਹੁਦਰਾ ਹੋਕੇ ਕੌਂਸਲ ਲਈ ਖੜ੍ਹਾ

ਹੋਇਆ ਸੀ,ਉਸ ਦੇ ਪਿਛੇ ਭੁਲ ਕੇ ਇਕ ਭੀ ਵੋਟ ਨਾ ਪਿਆ। ਕੌਮੀ ਦੂਲੇ ਨੇ ਬੜੀ ਭਾਰੀ ਕੁਰਬਾਨੀ ਕਰਕੇ ਦੇਸ਼ ਦੀ ਆਣ ਰੱਖ ਵਖਾਈ,ਜਿਸ ਨਾਲ ਆਪਦੀ ਇਲਾਕੇ ਵਿਚ ਭੀ ਬੜੀ ਭਾਰੀ ਸ਼ੋਭਾ ਤੇ ਵਡਿਆਈ ਹੋਈ। ਮੁਲਕੀ ਆਗੂਆਂ ਤੇ ਕੌਮੀ ਅਖ਼ਬਾਰਾਂ ਨੇ ਇਨ੍ਹਾਂ ਦੇ ਇਸ ਭਲੇ ਕੰਮ ਦੀ ਉਸ ਸਮੇਂ ਬੜੀ ਭਾਰੀ ਸਿਫ਼ਤ ਕੀਤੀ ਇਸ ਨਾਲ ਆਪ ਦਾ ਦੇਸ਼ ਸੇਵਾ ਲਈ ਹੋਰ ਭੀ ਹੌਂਸਲਾ ਵਧ ਗਿਆ। ਹੋਰ ਵਧੇਰੇ ਭੱਲ ਤੇ ਸ਼ਾਬਾਸ਼ ਲੈਣ ਬਦਲੇ ਅਗੇ ਨਾਲੋਂ ਭੀ ਵਧੇਰੇ ਉਤਸ਼ਾਹ ਨਾਲ ਕੌਮੀ ਕੰਮ ਵਿਚ ਜੁਟ ਪਏ, ਜਿਸ ਦਾ ਕੁਦਰਤੀ ਫਲ ਇਹ ਹੋਇਆ ਕਿ ਦੇਸ਼ ਸੇਵਾ ਨੇ ਆਪ ਦਾ ਮਨ ਜਿੱਤ ਲਿਆ। ਖੱਦਰ ਪ੍ਰਚਾਰ ਦਾ ਤਾਂ ਆਪ ਨੂੰ ਪਹਿਲਾਂ ਹੀ ਇਸ਼ਕ ਲਗਾ ਹੋਇਆ ਸੀ। ਦਿਲ ਵਿਚ ਫ਼ੁਰਨਾ ਫੁਰਿਆ ਕਿ ਹੱਥੋਂ ਖੱਦਰ ਤਿਆਰ ਕਰਕੇ ਬਿਨਾਂ ਨਫ਼ੇ ਦੇ ਲੋਕਾਂ ਨੂੰ ਦਿਤਾ ਜਾਵੇ ਤਾਕਿ ਇਸ ਤਰ੍ਹਾਂ ਕਪੜਾ ਸਸਤਾ ਮਿਲਣ ਦੇ ਕਾਰਨ ਲੋਕਾਂ ਵਿਚ ਪ੍ਰੇਰਨਾ ਤੇ ਖਿੱਚ ਵਧੇ। ਇਕ ਕਾਰੀਗਰ ਪਾਸੋਂ ਇਸ ਕੰਮ ਦੀ ਸਾਰੀ ਵਾਕਫ਼ੀ ਪ੍ਰਾਪਤ ਕਰ ਆਏ। ਆਪਣੇ ਪਿੰਡ ਦੇ ਤਿੰਨ ਬੰਦੇ ਖੱਡੀਆਂ ਦਾ ਕੰਮ ਸਿੱਖਣ ਲਈ ਆਪਣੇ ਪੱਲਿਓਂ ਖ਼ਰਚ ਦੇਕੇ ਬਾਹਰ ਘਲ ਦਿਤੇ। ਅੰਮ੍ਰਿਤਸਰੋਂ ਪੰਜ ਵਡੀਆਂ ਖੱਡੀਆਂ ਖ਼੍ਰੀਦ ਲਈਆਂ। ਅਗੋਂ ਪ੍ਰੋਗਰਾਮ ਇਹ ਸੀ ਕਿ ਖੱਡੀਆਂ ਦੇ ਕੰਮ ਨੂੰ ਵਧਾ ਕੇ ਇਲਾਕੇ ਵਿਚ ਸੁਦੇਸ਼ੀ ਕਪੜੇ ਦਾ ਇਕ ਭਾਰਾ ਕਾਰਖ਼ਾਨਾ ਜਾਰੀ ਕੀਤਾ ਜਾਵੇ। ਇਸ ਕੰਮ ਦੇ ਚੰਗੇ ਸਿਆਣੇ ਕਾਰੀਗਰ ਰਖ ਕੇ ਕਈ ਪ੍ਰਕਾਰ ਦਾ ਚੰਗਾ ਰੇਸ਼ਮੀ, ਊਨੀ ਤੇ ਦੇਸੀ ਨਫ਼ੀਸ ਹੰਢਣਸਾਰ ਕਪੜਾ ਤਿਆਰ ਕੀਤਾ ਜਾਵੇ। ਇਹ ਸਭ ਰੀਝਾਂ ਮਨ ਵਿਚ ਧਾਰਕੇ ਦੋ ਹਜ਼ਾਰ ਦੇ ਨੋਟ ਨਕਦ ਲੈ ਕੇ ਉਪ੍ਰੋਕਤ ਖਡੀਆਂ ਦੀ ਰਕਮ ਤੇ ਹੋਰ ਸਾਮਾਨ ਖ਼ਰੀਦਣ ਲਈ ਅੰਮ੍ਰਿਤਸਰ ਗਏ ਹੀ ਸਨ ਜੋ ਲਾਹੌਰ ਕੌਮੀ ਆਗੂਆਂ ਦੇ ਹੁਕਮ ਅਨੁਸਾਰ ਜਥੇ ਨੂੰ ਡਕਣ ਲਈ ਵਾਪਸ ਮੁੜ ਆਏ ਅਤੇ ਸਾਰੀਆਂ ਸਕੀਮਾਂ ਦਿਮਾਗ਼ ਵਿਚ ਹੀ ਸਨ ਜੋ ਸ਼ਹੀਦੀ ਸੱਦਾ ਆ ਗਿਆ

ਸ਼ਹੀਦੀ ਤੋਂ ਪਹਿਲਾਂ ਦੀਆਂ ਗਲਾਂ

ਇਸ ਵੇਲੇ ਆਪ ਨੂੰ ਦੇਸ਼ ਸੇਵਾ ਦੇ ਨਾਲ ਹੀ ਧਰਮ ਦੀ ਅਜਿਹੀ ਰੰਗਣ ਚੜ੍ਹੀ ਹੋਈ ਸੀ ਕਿ ਜੇਹੜਾ ਭੀ ਕੋਈ ਸਿਆਣਾ ਪੁਰਸ਼ ਆਪ ਦੀ ਰਹਿਣੀ-ਬਹਿਣੀ ਤੇ ਕਾਰ-ਵਿਹਾਰ ਨੂੰ ਵੇਖਦਾ ਸੀ, ਉਸੇ ਨੂੰ ਹੀ ਸੁਤੇ-ਸਿਧ ਇਹ ਜਾਪਣ ਗਲ

ਜਾਂਦਾ ਸੀ ਕਿ ਆਪ ਅੰਦਰ ਸ਼ਹੀਦੀ ਅਗ ਲਟ-ਲਟ ਕਰਕੇ ਬਲ ਰਹੀ ਹੈ। ਆਪ ਹਰ ਵੇਲੇ ਆਪਣੀ ਜਾਨ ਸਿਖੀ ਅਣਖ ਲਈ ਤਲੀ ਉਤੇ ਰਖੀ ਫਿਰਦੇ ਸਨ। ਆਪ ਨੇ ਦਸਾਂ ਕੁ ਸਾਲਾਂ ਵਿਚ ਹੀ ਆਪਣਾ ਜੀਵਨ ਅਜਿਹਾ ਅਲੌਕਿਕ ਬਣਾ ਲਿਆ ਸੀ ਕਿ ਆਪ ਨਾਲ ਜੇਹੜਾ ਸਜਣ ਭੀ ਗਲ ਬਾਤ ਕਰਦਾ, ਅਸਚਰਜ ਰਹਿ ਜਾਂਦਾ ਸੀ। ਆਪ ਦੀ ਕੁਲ ਉਮਰ ੧੨ ਭਾਦਰੋਂ ਸੰਮਤ ੧੯੫੧ ਬਿ: ਤੋਂ ੧੦ ਫਗਣ ਸੰ: ੧੯੭੭ ਬਿ: ਤਕ ਛਬੀ ਸਾਲ ਪੰਜ ਮਹੀਨੇ ਅਠਾਈ ਦਿਨ ਦੀ ਬਣਦੀ ਹੈ, ਜਿਸ ਵਿਚੋਂ ਸੋਲਾਂ ਕੁ ਸਾਲ ਪੜ੍ਹਾਈ ਕਰਨ ਦੇ ਕਢ ਕੇ ਬਾਕੀ ਦਸ ਸਾਲ ਅਜਿਹੇ ਰਹਿ ਜਾਂਦੇ ਹਨ, ਜਿਨ੍ਹਾਂ ਵਿਚ ਆਪ ਨੇ ਆਪਣਾ ਉਚ ਆਦਰਸ਼ਕ ਜੀਵਨ ਬਣਾਇਆ,ਅਤੇ ਧਾਰਮਕ ਤੇ ਮੁਲਕੀ ਸੇਵਾ ਕੀਤੀ ਜਿਸ ਉਤੇ ਅਜ ਕੌਮ ਦਾ ਬੱਚਾ ਬੱਚਾ ਜਿੰਨਾ ਫ਼ਖ਼ਰ ਕਰੇ ਥੋੜਾ ਹੈ। ਆਪ ਨੂੰ ਦੇਸ਼ ਸੇਵਾ ਤੋਂ ਕਦੀ ਝੱਕ ਨਹੀਂ ਸੀ ਆਇਆ। ਮਰਨ ਨੂੰ ਤਾਂ ਕਈ ਸ਼ੈ ਹੀ ਨਹੀਂ ਸਮਝਦੇ ਸਨ। ਇਸ ਸਬੰਧੀ ਸ਼ਹੀਦੀ ਤੋਂ ਪਹਿਲਾਂ ਦੀਆਂ ਕੁਝ ਕੁ ਗਲਾਂ ਤੇ ਡੂੰਘੀ ਵਿਚਾਰ ਕੀਤਿਆਂ ਪਤਾ ਲਗਦਾ ਹੈ ਕਿ ਕਿੱਦਾਂ ਆਪ ਦਾ ਤਨ ਮਨ ਸ਼ਹੀਦੀ ਲਈ ਹਮੇਸ਼ਾ ਤਾਂਘਦਾ ਰਹਿੰਦਾ ਸੀ।

੧. ਜਦੋਂ ਆਪ ਖ਼ਾਲਸਾ ਸਕੂਲ ਸਾਂਗਲੇ ਦੀ ਉਗ੍ਰਾਹੀ ਉਤੇ ਚੜ੍ਹਿਆ ਕਰਦੇ ਸਨ ਤਾਂ ਆਪਣੇ ਸਾਥੀਆਂ ਨਾਲ ਗੁਰਦੁਆਰਾ ਸੁਧਾਰ ਲਹਿਰ ਉਤੇ ਗਲਾਂ ਬਾਤਾਂ ਕਰਨ ਸਮੇਂ ਆਖਣਾ ਕਿ ਭਾਈ ਸਾਹਿਬ ਜੀ! ਪਤਾ ਨਹੀਂ ਕਿੰਨੇ ਸੀਸ ਲਗਕੇ ਇਹ ਪਵਿੱਤ੍ਰ ਕਾਰਜ ਸਿਰੇ ਚੜ੍ਹਨਾ ਹੈ। ਸ਼ਹੀਦੀ ਵਾਲੇ ਸਾਲ ਕੱਤਕ ਪੂਰਨਮਾਸ਼ੀ ਦੇ ਮੇਲੇ ਉਤੇ ਭੀ ਆਪ ਨੇ ਇਕ ਸਜਨ ਨੂੰ ਆਖਿਆ ਕਿ ਇਸ ਗੁਰਦੁਆਰੇ ਦਾ ਸੁਧਾਰ ਪਤਾ ਨਹੀਂ ਕਿੰਨੇ ਕੁ ਸੀਸਾਂ ਦੇ ਮੁੱਲ ਨਾਲ ਹੋਣਾ ਹੈ। ਵਾਹਿਗੁਰੂ ਕਰੇ ਤੇ ਸਾਡਾ ਭੀ ਇਸ ਵਿਚ ਹਿਸਾ ਪਵੇ।

੨. ਸ਼ਹੀਦੀ ਤੋਂ ਇਕ ਮਹੀਨਾ ਪਹਿਲਾਂ ਸਾਂਗਲੇ ਆਪ ਇਕ ਮਿਤ੍ਰ ਦੀ ਦੁਕਾਨ ਤੇ ਗੱਲੋ-ਗੱਲੀ ਆਖਣ ਲਗੇ ਕਿ ਭਾਈ ਸਾਹਿਬ ਜੀ! ਕੀ ਕਰੀਏ,ਭਗਤੀ ਤਾਂ ਸਾਥੋਂ ਹੁੰਦੀ ਨਹੀਂ ਬੜੀ ਕਠਨ ਹੈ। ਸੌ ਯਤਨ ਕਰਨ ਤੇ ਭੀ ਕਠੋਰ ਮਨ ਵਸ ਵਿਚ ਨਹੀਂ ਰਹਿੰਦਾ। ਦਿਲੋਂ ਚਿਤ ਕਰਦਾ ਹੈ ਜੋ ਕਿਤੇ ਸ਼ਹੀਦ ਹੋ ਕੇ ਹੀ ਬਾਬੇ ਦੇ ਲੇਖੇ ਲਗੀਏ, ਪਰ ਸਾਡੀ ਏਡੀ ਕਿਸਮਤ ਕਿਥੇ?

੩. ਸ਼ਹੀਦੀ ਤੋਂ ਕੋਈ ਅਟੇ ਸਟੇ ਵੀਹ ਪੰਝੀ ਦਿਨ ਪਹਿਲਾਂ ਦੀ ਗਲ ਹੈ ਕਿ ਆਪ ਆਪਣੇ ਮਿਤ੍ਰ ਸ: ਵਜ਼ੀਰ ਸਿੰਘ ਹੈਡ ਮਾਸਟਰ ਨਾਲ ਨਹਿਰ ਤੇ ਇਸ਼ਨਾਨ ਕਰਨ ਗਏ ਹੈਡ ਮਾਸਟਰ ਸਾਹਿਬ ਨੇ ਆਖਿਆ ਕਿ ਇਹ ਤੁਸੀਂ ਕੀ ਕੀਤਾ ਹੈ ! ਸਕੂਲ ਕਿਆ ਸੋਹਣਾ ਚਲ ਪਿਆ ਸੀ,ਆਸ਼੍ਰਮ ਦੀ ਐਨੀ ਸੇਵਾ ਕਰਕੇ ਇਸਨੂੰ ਅਧਵਾਟੇ ਛਡਕੇ ਹੁਣ ਗੁਰਦੁਆਰਿਆਂ ਦੀ ਸੇਵਾ ਵਿਚ ਮਨ ਜੋੜ ਬੈਠੇ ਹੋ? ਆਪ ਨੂੰ ਸਕੂਲ ਦਾ ਪਕਾ ਫ਼ੰਡ ਕਾਇਮ ਕਰਕੇ ਛਡਣਾ ਚਾਹੀਦਾ ਸੀ,ਤਾਂ ਜੋ ਤੁਹਾਡਾ ਹਥੀਂ ਲਾਇਆ ਬੂਟਾ ਇਲਾਕੇ ਵਿਚ ਸਦਾ ਮਹਿਕ ਖਿਲਾਰਦਾ ਰਹਿੰਦਾ। ਆਪਨੇ ਉਤ੍ਰ ਦਿਤਾ ਕਿ ਭਾਈ ਸਾਹਿਬ ਜੀ ! ਕੀ ਕਰਾਂ,ਭਜਨ ਬੰਦਗੀ ਤਾਂ ਹੁੰਦੀ ਨਹੀਂ,ਬੜੀ ਕਰੜੀ ਘਾਲ ਘਾਲਣੀ ਪੈਂਦੀ ਹੈ। ਮੈਂ ਤਾਂ ਸੱਚ ਜਾਨਣਾ ਹੁਣ ਇਹ ਤ੍ਰਲਾ ਕਰ ਰਿਹਾ ਹਾਂ ਭਲਾ ਜੇ ਕਿਤੇ ਸ਼ਹੀਦ ਹੋ ਕੇ ਹੀ ਸਤਿਗੁਰਾਂ ਦੇ ਪਵਿਤ੍ਰ ਚਰਨ ਕਮਲਾਂ ਦੀ ਮੌਜ ਪ੍ਰਾਪਤ ਹੋ ਜਾਵੇ । ਸ੍ਰੀ ਨਨਕਾਣੇ ਸਾਹਿਬ ਕੁਝ ਉਮੈਦ ਹੈ ਜੋ ਅਜਿਹਾ ਔਸਰ ਮਿਲੇਗਾ, ਕਿਉਂਕਿ ਸ੍ਰੀ ਨਨਕਾਣੇ ਸਾਹਿਬ ਦੇ ਗੁਰਦੁਆਰੇ ਦਾ ਜਿਸ ਤਰ੍ਹਾਂ ਅਸੀਂ ਸੁਧਾਰ ਕਰਨਾ ਹੈ ਸਾਰੀ ਦੁਨੀਆਂ ਵੇਖੇਗੀ ਕਿ ਕੀ ਰੰਗ ਬਣਦੇ ਨੇ ! ਇਸ ਮਹਾਨ ਜ਼ਰੂਰੀ ਫ਼ਰਜ਼ ਦੇ ਪੂਰਿਆਂ ਕਰਨ ਲਈ ਮੈਂ ਆਪਣੇ ਸਾਥੀਆਂ ਨਾਲ ਮੋਹੜਾ ਡਾਹੁਣ ਦਾ ਪ੍ਰਣ ਕਰ ਚੁਕਾ ਹਾਂ । ਇਸ ਦੇ ਪਿਛੋਂ ਫੇਰ ਮੈਂ ਆਪ ਦੀ ਮਰਜ਼ੀ ਅਨੁਸਾਰ ਸਕੂਲ ਦੀ ਸੇਵਾ ਆਪਣੇ ਜ਼ਿਮੇਂ ਲਵਾਂਗਾ, ਪਰ ਜਦ ਤਕ ਸ੍ਰੀ ਨਨਕਾਣੇ ਸਾਹਿਬ ਦਾ ਕੋਈ ਫ਼ੈਸਲਾ ਹੋ ਨਹੀਂ ਲੈਂਦਾ, ਮੈਂ ਏਸ ਪਾਸੇ ਵਲ ਉਕਿਆਂ ਹੀ ਨਹੀਂ ਪੈਣਾ ਹੈ।

੪. ਸ਼ਹੀਦੀ ਤੋਂ ਤਿੰਨ ਦਿਨ ਪਹਿਲਾਂ ਭਾ: ਦਰਬਾਰਾ ਸਿੰਘ ਪੰਸਾਰੀ ਦੀ ਦੁਕਾਨ ਤੇ ਬੈਠੇ ਸਨ। ਬਾਹਰ ਮੀਂਹ ਦੀ ਕਿਣ-ਮਿਣ ਕਿਣ-ਮਿਣ ਹੋ ਰਹੀ ਸੀ । ਆਪ ਦੇ ਪਾਸ ਹੀ ਕਾਗ਼ਜ਼ੀ ਬਦਾਮਾਂ ਦੀ ਬੋਰੀ ਪਈ ਸੀ । ਭਾਈ ਦਰਬਾਰਾ ਸਿੰਘ ਨੇ ਆਖਿਆ ਕਿ ਸਰਦਾਰ ਜੀ ਠੰਡ ਦਾ ਦਿਨ ਹੈ ਬਾਦਾਮ ਛਕੋ, ਤਾਂ ਆਪ ਨੇ ਸਹਿਜ-ਸੁਭੱਾ ਪੰਜ ਸਤ ਬਾਦਾਮ ਭੰਨ ਕੇ ਖਾ ਲਏ ਤਾਂ ਪਾਸੋਂ ਭਾਈ ਦਰਬਾਰਾ ਸਿੰਘ ਦੇ ਪਿਤਾ ਭਾ: ਲੱਧਾ ਸਿੰਘ ਨੇ ਆਖਿਆ ਕਿ ਸਰਦਾਰ ਜੀ ਏਨੇ ਬਾਦਾਮ ਨ ਖਾਓ। ਏਦਾਂ ਦੇ ਮੁਫ਼ਤ ਬਾਦਾਮ ਉਸ ਪੁਰਸ਼ ਨੂੰ ਖਾਣੇ ਚਾਹੀਦੇ ਹਨ, ਜੇਹੜਾ ਦਾਤਾ ਹੋਵੇ ਯਾ ਸੂਰਮਾਂ, ਤਾਂ ਆਪ ਨੇ ਹਸ ਕੇ ਉੱਤਰ ਦਿਤਾ ਕਿ ਭਾਈ ਸਾਹਿਬ ਜੀ ! ਦਾਤਾ

ਬਣਨਾ ਤਾਂ ਬੜਾ ਮੁਸ਼ਕਲ ਹੈ, ਪਰ ਜੇ ਸਤਿਗੁਰ ਨੇ ਮੇਹਰ ਕੀਤੀ ਤਾਂ ਸੂਰਮਾਂ ਬਣਨ ਦੀ ਬਹੁਤ ਛੇਤੀ ਕੋਸ਼ਿਸ਼ ਕਰਾਂਗਾ । ਮੇਰੇ ਨਾਲ ਦੇ ਸਾਥੀਆਂ ਨੇ ਸ੍ਰੀ ਨਨਕਾਣੇ ਸਾਹਿਬ ਸ਼ਹੀਦੀਆਂ ਲਈ ਜਾਣਾ ਹੈ, ਮੈਂ ਭੀ ਉਹਨਾਂ ਨਾਲ ਜਾਕੇ ਰਬ ਸੁਖ ਰਖੀ ਤਾਂ ਸੂਰਮਿਆਂ ਦੀ ਮੌਤੇ ਮਰਨ ਦੀ ਕੋਸ਼ਿਸ਼ ਕਰਾਂਗਾ ।

੫. ਆਪ ਜਦ ੧੮ ਫਰਵਰੀ ਸੰ: ੧੯੨੧ ਈ: ਨੂੰ ਲਾਹੌਰ ਜਾਂਦੇ ਹਨ, ਤਾਂ ਤੁਰਨ ਤੋਂ ਪਹਿਲਾਂ ਸਾਰਾ ਲੇਖਾ-ਪੱਤਾ ਤੇ ਜਾਇਦਾਦ ਦਾ ਖਿਲਾਰ-ਪਲਾਰ, ਜੋ ਉਸ ਸਮੇਂ ਸੀ, ਸਭ ਲੈਣਾ ਦੇਣਾ ਇਕ ਕਾਗ਼ਜ਼ ਉਤੇ ਲਿਖ ਕੇ ਪੇਟੀ ਵਿਚ ਬੰਦ ਕਰਕੇ ਰਖ ਦਿੰਦੇ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਇਸ ਸਮੇਂ ਆਪ ਆਪਣੇ ਵਲੋਂ ਘਰੋਂ ਬਿਲਕੁਲ ਤਿਆਰ ਹੋ ਕੇ ਤੁਰਦੇ ਹਨ, ਪਿਛੇ ਆਉਣ ਦੀ ਆਸ ਯਾ ਖਿੱਚ ਨਹੀਂ ਜਾਪਦੀ ਸੀ । ਪਵਿੱਤਰ ਸ਼ਹੀਦੀ ਦੇ ਦਿਨ ਤਕ ਆਪ ਕਦੇ ਮੰਜੇ ਤੇ ਨਹੀਂ ਸੁਤੇ ਸਨ । ਸਜਣਾਂ ਮਿੱਤ੍ਰਾਂ ਨੇ ਪੁਛਣਾ ਕਿ ਤੁਸੀਂ ਮੰਜੇ ਤੇ ਕਿਉਂ ਨਹੀਂ ਸੌਂਦੇ ਐਡਾ ਸਰਫਾ ਕਰਦੇ ਜੇ ਕਿ ਮੰਜੇ ਟੁਟ ਨ ਜਾਣ । ਤਾਂ ਆਖਣਾ ਕਿ ਭਾਈ ਸਾਹਿਬ ਜੀ ! ਜੇ ਦੇਸ਼ ਭਗਤੀ ਦੇ ਇਨਾਮ ਦਾ ਕੋਈ ਰੱਫਾ ਤਰ ਗਿਆ ਤਾਂ ਸਵਰਾਜ ਮੰਦਰ ਦੀ ਯਾਤਰਾ ਤੋਂ ਪਹਿਲੇ ਭੁੰਜੇ ਸਉਣਾ ਤਾਂ ਗਿੱਝ ਜਾਈਏ, ਅਗੇ ਜਿਵੇਂ ਕਰਤਾਰ ਦੇ ਰੰਗ !

ਇਸੇ ਹੀ ਦਿਨ ਸਵੇਰ ਵੇਲੇ ਜਦ ਆਪ ਸੁਚੇਤ ਪਾਣੀ ਜਾਂਦੇ ਹਨ ਤਾਂ ਆਪ ਦੀ ਤਬੀਅਤ ਬੜੇ ਅਲੌਕਿਕ ਰੰਗਾਂ ਵਿਚ ਖੇਡ ਰਹੀ ਹੈ । ਕਦੇ ਕਿਸੇ ਇਕ ਭਰਾ ਪਾਸ ਖੜੇ ਕੇ ਚਾਰ ਗੱਲਾਂ ਕਰ ਲੈਂਦੇ ਹਨ । ਫੇਰ ਦੂਜੇ ਸਜਣ ਨਾਲ ਹਮੂੰ ਹਮੂੰ ਕਰਦਿਆਂ ਕੋਈ ਗਲ ਛੇੜ ਦਿੰਦੇ ਹਨ । ਬੜੇ ਚੁਸਤ ਤੇ ਕਾਹਲੇ ਕਾਹਲੇ ਜਾਪਦੇ ਹਨ । ਬ੍ਰਾਦਰੀ ਦੇ ਇੱਕ ਭਰਾ ਨੂੰ ਆਖਦੇ ਹਨ, ਤੁਸੀਂ ਭਾਈ ਸਾਹਿਬ ਜੀ ਐਤਕੀਂ ਵਾਹੀ ਜੋਤੀ ਦੀ ਕੀ ਸਲਾਹ ਵਲਾਹ ਕੀਤੀ ਹੈ। ਇਕੱਲਿਆਂ ਹੀ ਕਰਨੀ ਹੈ ਜਾਂ ਕੋਈ ਭਿਆਲ ਰਲਾਉਣਾ ਹੈ। ਇਸ ਦਾ ਭਾਵ ਇਹ ਸੀ ਕਿ ਕੋਈ ਹਿੱਸੇਵਾਲ ਰਲਾ ਲਈਏ ਜੋ ਕਾਮਿਆਂ ਦਥਿਆਂ ਪਾਸੋਂ ਕੰਮ ਕਰ ਕਰਾ ਲਿਆ ਕਰੇ ਤੇ ਆਪ ਭੀ ਹਥ-ਪੜੱਥੀ ਪੁਆ ਲਿਆ ਕਰੇ । ਦੂਜੇ ਇਸ ਦਾ ਮਤਲਬ ਇਹ ਸੀ ਕਿ ਆਪਣਾ ਆਦਮੀ ਹੈ ਪਿਛੇ ਕੰਮ ਤੋਰੀ ਜਾਵੇਗਾ, ਨਹੀਂ ਤਾਂ ਆਪ ਦਾ ਨਿੱਕਾ ਭਰਾ ਤਾਂ ਅਜੇ ਪੜ੍ਹਦਾ ਹੀ ਸੀ ਤੇ ਆਪ ਵਾਹੀ ਕਰਦੇ ਹੀ ਨਹੀਂ ਸਨ ।

ਉਸ ਸਜਣ ਨੇ ਅਗੋਂ ਉਤ੍ਰ ਦਿੱਤਾ ਕਿ ਕੀ ਗੱਲ ਹੈ ਜੁ ਸਾਂਝ-ਭਿਆਲੀ ਦਾ ਖ਼ਿਆਲ ਆ ਗਿਆ ਜੇ ? ਸਗੋਂ ਕਿਤੇ ਬਾਹਰ ਅੰਦਰ ਜਾਣ ਦਾ ਖ਼ਿਆਲ ਹੈ? ਹਾਂ ! ਭਾਈ ਸਾਹਿਬ ਜੀ, ਅੰਮ੍ਰਿਤਸਰ ਕੁਝ ਕੰਮ ਹੈ। ਕਲ ਨਹੀਂ, ਤਾਂ ਪਰਸੋਂ ਮੈਂ ਆ ਜਾਂਵਾਗਾ ਤੇ ਫੇਰ ਵਾਹੀ ਦਾ ਪੱਕਾ ਬਾਨ੍ਹਣੂ ਬੰਨ੍ਹਾਂਗੇ । ਅੰਮ੍ਰਿਤਸਰ ਤੁਰਨ ਤੋਂ ਦੋ ਚਾਰ ਦਿਨ ਪਹਿਲਾਂ ਹੀ ਆਪ ਨੂੰ ਬੜਿਆਂ ਗੂਹੜਿਆਂ ਤੇ ਕਾਹਲੀ ਦੇ ਕੰਮਾਂ ਵਿਚ ਰੁਝਾ ਹੋਇਆ ਵੇਖਿਆ ਗਿਆ ਸੀ। ਕਦੀ ਕੰਨਿਆਂ ਪਾਠਸ਼ਾਲਾ ਦੀ ਲਾਇਬ੍ਰੇਰੀ ਦੀਆਂ ਕਿਤਾਬਾਂ ਦੀ ਪੜਤਾਲ ਕਰਦੇ, ਕਦੀ ਕੋਈ ਹੋਰ ਲੇਖੇ-ਪੱਤੇ ਦਾ ਹਿਸਾਬ ਕਿਤਾਬ ਲੈ ਬੈਠਦੇ ਸਨ। ਇਹ ਛਡਦੇ ਤਾਂ ਆਪਣੀ ਕਾਪੀ ਵਿਚ ਲੋੜੀਦੀਆਂ ਤੇ ਜ਼ਰੂਰੀ ਹਦਾਇਤਾਂ ਲਿਖਣ ਲਗ ਜਾਂਦੇ। ਇਉਂ ਜਾਪਦਾ ਸੀ ਜਿਵੇਂ ਕਿਸੇ ਵੱਡੀ ਮੁਹਿੰਮ ਤੇ ਜਾਣ ਦੀ ਤਿਆਰੀ ਹੋ ਰਹੀ ਹੈ। ਜੇਹੜੇ ਕੰਮ ਛੇਤੀ ਹੋਣ ਵਾਲੇ ਹਨ ਉਹ ਨਾਲੋ ਨਾਲ ਮੁਕਾਈ ਜਾਂਦੇ ਹਨ, ਬਾਕੀਆਂ ਸਬੰਧੀ ਯਾਦਦਾਸ਼ਤ ਲਈ ਨੋਟ ਲਿਖਕੇ ਛੱਡੀ ਜਾਂਦੇ ਹਨ। ਇਹ ਕਾਪੀ ਆਪ ਦੀ ਸ਼ਹੀਦੀ ਮਗਰੋਂ ਵਾਚੀ ਗਈ ਜਿਸ ਤੋਂ ਆਪ ਦੀ ਉੱਚ-ਦਿਮਾਗ਼ੀ ਦਾ ਪਤਾ ਲਗਦਾ ਹੈ। ਤੁਰਨ ਸਮੇਂ ਸਹਿਜ-ਸੁਭਾ ਬਚਨ ਕਰਦੇ ਹਨ ਕਿ ੪, ੫, ਤੇ ੬ ਮਾਰਚ ਨੂੰ ਸ੍ਰੀ ਨਨਕਾਣੇ ਸਾਹਿਬ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਨੀਯਤ ਕੀਤੇ ਦੀਵਾਨ ਤੇ ਜ਼ਰੂਰ ਪੁਜਣਾ ਹੈ।

ਆਪ ਦੀ ਇਸ ਤਿਆਰੀ ਦੇ ਕਈ ਮਤਲਬ ਨਿਕਲਦੇ ਹਨ । ਸ਼ਾਇਦ ਆਪ ਦੀ ਮਰਜ਼ੀ ਹੋਵੇ ਕਿ ੧੮ ਤਾਰੀਖ਼ ਨੂੰ ਜਾ ਕੇ ੧੯ ਨੂੰ ਕੰਮ ਭੁਗਤਾ ੨੦-੨੧ ਨੂੰ ਪਿੰਡ ਆਈਏ ਅਤੇ ਜ਼ਮੀਨ ਤੇ ਵਾਹੀ ਜੋਤੀ ਦਾ ਟੰਟਾ ਮੁਕਾ ਕੇ ਉਗ੍ਰਾਹੀ ਤੇ ਹੋਰ ਪ੍ਰਬੰਧ ਕਰਕੇ, ਸ੍ਰੀ ਨਨਕਾਣੇ ਸਾਹਿਬ ੪, ੫ ਤੇ ੬ ਨੂੰ ਪੁਜ ਜਾਈਏ। ਯਾ ਕਿਸੇ ਕਾਰਨ ਇਸ ਤੋਂ ਪਹਿਲਾਂ ਹੀ ਸ੍ਰੀ ਨਨਕਾਣੇ ਸਾਹਿਬ ਜਾਣਾ ਬਣ ਜਾਵੇ ਤਾਂ ਅੰਮ੍ਰਿਤਸਰੋਂ ਸਿਧੇ ਸ੍ਰੀ ਨਨਕਾਣੇ ਸਾਹਿਬ ਪੁਜੀਏ। ਇਹ ਸਿੱਟਾ ਭੀ ਨਿਕਲ ਸਕਦਾ ਹੈ ਕਿ ਆਪ ਰਾਜਸੀ ਕੰਮਾਂ ਵਿਚ ਬਹੁਤ ਵਧ ਚੜ੍ਹ ਕੇ ਹਿਸਾ ਲੈਂਦੇ ਸਨ। ਸ਼ਾਇਦ ਜੇਹਲ ਦੇ ਪ੍ਰਾਹੁਣੇ ਬਣਨ ਦੀ ਵਾਰੀ ਦੀ ਉਡੀਕ ਹੋਵੇ ?

ਮਹਾਤਮਾ ਗਾਂਧੀ ਜੀ ਨੂੰ ਮਿਲਣਾ

ਆਪ ੧੮ ਫ਼ਰਵਰੀ ਨੂੰ ਲਾਹੌਰ ਪੁਜ ਜਾਂਦੇ ਹਨ। ਇਨ੍ਹੀਂ ਦਿਨੀਂ ਮਹਾਤਮਾ ਗਾਂਧੀ ਜੀ ਲਾਹੌਰ ਆਏ ਹੋਏ ਸਨ। ਆਪਨੇ ਮਹਾਤਮਾ ਜੀ ਨੂੰ ਮਿਲਕੇ ਇਹ ਗਲ ਪੁਛੀ ਕਿ ਆਪ ਗੁਰਦੁਆਰਾ ਸੁਧਾਰ ਲਹਿਰ ਨੂੰ ਕਿਤੇ ਆਪਣੇ ਅਸੂਲਾਂ ਦੇ ਵਿਰੁਧ ਤਾਂ ਨਹੀਂ ਸਮਝਦੇ ? ਅਗੋਂ ਮਹਾਤਮਾ ਜੀ ਨੇ ਉਤ੍ਰ ਦਿਤਾ ਕਿ ਚੰਗਾ ਹੁੰਦਾ ਤੁਸੀਂ ਦਸ ਕੁ ਮਹੀਨੇ ਹੋਰ ਅਟਕ ਜਾਂਦੇ, ਫੇਰ ਤਾਂ ਅਸੀਂ ਸਵਰਾਜ ਹੀ ਲੈ ਲੈਣਾ ਹੈ। ਤੁਹਾਨੂੰ ਸਿਖਾਂ ਨੂੰ ਜਾ ਤਾ ਗੁਰਦੁਆਰੇ ਸਭ ਤੋਂ ਪਹਿਲਾਂ ਦੇ ਦਿੰਦੇ। ਅੱਛਾ! ਤੁਹਾਡੀ ਸਿੰਘਾਂ ਦੀ ਜਿਵੇਂ ਮਰਜ਼ੀ ਹੈ ਕਰੀ ਕਰਾਈ ਚਲੋ, ਪਰ ਇਹ ਲਹਿਰ ਤਦ ਬੁਰੀ ਨਹੀਂ ਹੈ ਜੇ ਕਰ ਕਿਸੇ ਥਾਂ ਭੀ ਦੰਗਾ ਫ਼ਸਾਦ ਨਾ ਹੋਵੇ। ਪੂਰੀ ਤਰ੍ਹਾਂ ਨਾਲ ਸ਼ਾਂਤਮਈ ਰਹਿੰਦਿਆਂ ਹੋਇਆਂ ਸਤਿਆਗ੍ਰਹਿ ਦਾ ਅਸੂਲ ਵਰਤਿਆ ਜਾਵੇ। ਇਹ ਗਲ਼ਾਂ ਬਾਤਾਂ ਕਰਕੇ, ਆਪ ਨੇ ਆਪਣੇ ਮਨ ਨੂੰ ਤਸੱਲੀ ਦਿਤੀ, ਕਿਉਂਕਿ ਆਪ ਅੰਦਰ ਸ੍ਰੀ ਨਨਕਾਣੇ ਸਾਹਿਬ ਦੇ ਸੁਧਾਰ ਦਾ ਬੜਾ ਭਾਰਾ ਉਤਸ਼ਾਹ ਤੇ ਅਤੁਟ ਲਗਨ ਲਗੀ ਹੋਈ ਸੀ। ਆਪ ਖ਼ੁਸ਼ੀ ਖ਼ੁਸ਼ੀ ਆਪਣੇ ਦਿਲ ਵਿਚੋਂ ਮਹਾਤਮਾਂ ਗਾਂਧੀ ਦੀ ਵਿਰੋਧਤਾ ਦਾ ਭੈਹਮਸਾ ਕਢ ਕੇ ੧੯ ਫ਼ਰਵਰੀ ਨੂੰ ਸ੍ਰੀ ਅੰਮ੍ਰਿਤਸਰ ਸ਼੍ਰੋ: ਗੁ: ਪ੍ਰ: ਕਮੇਟੀ ਦੀ ਮੀਟਿੰਗ ਤੇ ਜਾਣ ਲਈ ਲਾਹੌਰ ਸਟੇਸ਼ਨ ਤੇ ਪੁਜਦੇ ਹਨ।

ਜੱਥੇ ਰੋਕਣ ਦੀ ਸਲਾਹ ਕਰਨੀ

ਆਪ ਅਜੇ ਲਾਹੌਰ ਸਟੇਸ਼ਨ ਦੇ ਪਲੇਟ ਫ਼ਾਰਮ ਤੇ ਆਏ ਹੀ ਹਨ ਜੋ ਸ: ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਦਾ ਆਪ ਨਾਲ ਮੇਲ ਹੋ ਜਾਂਦਾ ਹੈ। ਉਹ ਭੀ ਸ਼੍ਰੋ. ਕਮੇਟੀ ਦੀ ਇਕਤ੍ਰਤਾ ਤੇ ਅੰਮ੍ਰਿਤਸਰ ਨੂੰ ਜਾ ਰਹੇ ਸਨ। ਇਨ੍ਹਾਂ ਨੇ ਸ: ਦਲੀਪ ਸਿੰਘ ਨੂੰ ਇਹ ਗਲ ਦਸੀ ਕਿ ਸ: ਤੇਜਾ ਸਿੰਘ ਸਮੁੰਦਰੀ ਨੂੰ ੧੯ ਫ਼ਰਵਰੀ ਵਾਲੇ ਦਿਨ ਇਧਰ ਨੂੰ ਆਉਂਦਿਆਂ ਰਸਾਲੇ ਵਾਲੇ ਸਟੇਸ਼ਨ ਤੇ ਭਾ: ਲਛਮਣ ਸਿੰਘ ਜੀ ਮਿਲੇ ਸਨ ਤੇ ਉਨ੍ਹਾਂ ਨੇ ਦਸਿਆ ਸੀ ਕਿ ੧੯ ਫ਼ਰਵਰੀ ਰਾਤ ਨੂੰ ਮੇਰੇ ਤੇ ਭਾ: ਕਰਤਾਰ ਸਿੰਘ ਝਬਰ ਦੇ ਜਥੇ ਜਾ ਕੇ ਦਿਨ ਚੜ੍ਹਦੇ ਨੂੰ ਸ੍ਰੀ ਨਨਕਾਣੇ ਸਾਹਿਬ ਗੁਰਦੁਆਰੇ ਤੇ ਕਬਜ਼ਾ ਕਰ ਲੈਣਗੇ, ਕਿਉਂਕਿ ੨੦ ਫ਼ਰਵਰੀ ਨੂੰ ਮਹੰਤਾਂ ਦੀ ਲਾਹੌਰ ਕਾਨਫ੍ਰੰਸ ਹੈ

ਤੇ ਸਾਨੂੰ ਇਹ ਸਲਾਹ ਭਾਈ ਲਾਲ ਸਿੰਘ ਚੋਬ-ਫ਼ਰੋਸ਼ ਲਾਹੌਰ ਨੇ ਦਿਤੀ ਹੈ ਕਿ ਸਾਧ ਕਾਨਫ਼੍ਰੰਸ ਵਿਚ ਰੁਝੇ ਹੋਣਗੇ ਤੇ ਇਸ ਤਰ੍ਹਾਂ ਕਬਜ਼ਾ ਸਹਿਲੇ ਹੀ ਹੋ ਜਾਵੇਗਾ।

ਸ: ਤੇਜਾ ਸਿੰਘ ਹੁਰਾਂ ਨੇ ਉਨ੍ਹਾਂ ਨੂੰ ਬਥੇਰਾ ਮਨ੍ਹਾ ਕੀਤਾ, ਪਰ ਭਾਈ ਲਛਮਣ ਸਿੰਘ ਹੁਰਾਂ ਨੇ ਜੁਆਬ ਦਿੱਤਾ ਕਿ ਜੇਕਰ ਝੱਬਰ ਇਹ ਗੱਲ ਮੰਨ ਲਵੇਗਾ, ਤਦ ਮੈਂ ਭੀ ਇਰਾਦਾ ਛੱਡ ਦਿਆਂਗਾ। ਸ: ਤੇਜਾ ਸਿੰਘ ਹੋਰਾਂ ਨੂੰ ਇਹ ਗਲ ਚੰਗੀ ਨ ਲਗੀ ਤੇ ਕਿਹਾ ਕਿ ਇਸ ਤਰ੍ਹਾਂ ਪੰਥ ਦੇ ਫ਼ੈਸਲੇ ਵਿਰੁਧ ਜਾ ਕੇ ਕਬਜ਼ਾ ਕਰਨਾ ਠੀਕ ਨਹੀਂ ਹੈ। ਉਹ ਮਾਸਟਰ ਜੀ ਨੂੰ ਇਹ ਗਲ ਦਸਣ ਲਈ ਲਾਇਲਪੁਰ ਉਤਰ ਬੈਠੇ, ਅਗੋਂ ਮਾਸਟਰ ਜੀ ਨੂੰ ਭੀ ਇਸ ਗਲ ਦਾ ਸ: ਬੂਟਾ ਸਿੰਘ ਚਕ ਨੰ: ੨੦੪ ਵਾਲੇ ਤੋਂ ਪਹਿਲਾਂ ਹੀ ਪਤਾ ਲਗ ਚੁਕਾ ਸੀ। ਉਥੇ ਉਸ ਸਮੇਂ ਕੁਝ ਹੋਰ ਸਜਨ ਭੀ ਬੈਠੇ ਸਨ ਜਿਨ੍ਹਾਂ ਨੇ ਵਿਚਾਰ ਕਰਕੇ ਫ਼ੈਸਲਾ ਕੀਤਾ ਕਿ ਜਿਸ ਤਰ੍ਹਾਂ ਭੀ ਹੋ ਸਕੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਵਿਰੁਧ ਕੋਈ ਕਾਰਵਾਈ ਨਹੀਂ ਹੋਣੀ ਚਾਹੀਦੀ। ਪਹਿਲੀ ਗਲ ਤਾਂ ਇਹ ਹੈ ਕਿ ਇਨ੍ਹਾਂ ਨੂੰ ਰੋਕਿਆ ਜਾਵੇ, ਪਰੰਤੂ ਇਨ੍ਹਾਂ ਦਾ ਰੁਕਣਾ ਇਸ ਵੇਲੇ ਔਖਾ ਹੈ, ਇਸ ਵਾਸਤੇ ਦੂਜੇ ਪਾਸਿਓਂ ਸ਼੍ਰੋ: ਕਮੇਟੀ ਤੋਂ ਆਗਿਆ ਲੈਣ ਦਾ ਯਤਨ ਭੀ ਕੀਤਾ ਜਾਵੇ ਤਾਂ ਜੋ ਘਟੋ ਘਟ ਜੇ ਕਬਜ਼ਾ ਹੋ ਭੀ ਜਾਵੇ ਤਾਂ ਉਸ ਵਿਚ ਸ਼੍ਰੋ: ਕਮੇਟੀ ਦੀ ਸੰਮਤੀ ਤਾਂ ਹੋਵੇ। ਮਾਸਟਰ ਜੀ ਨੇ ਦਸਿਆ ਕਿ ਭਾਈ ਦਲੀਪ ਸਿੰਘ ਜੀ ਦੂਜੀ ਗਲ ਅਸੀਂ ਇਹ ਕੀਤੀ ਸੀ ਕਿ ਲਾਇਲਪੁਰੋਂ ਭਾ: ਕਰਤਾਰ ਸਿੰਘ ਝਬਰ ਨੂੰ ਤਾਰ ਦੇ ਦਿਤੀ ਸੀ ਕਿ ਉਹ ਰਾਤ ਨੂੰ ਚਹੜਕਾਣੇ ਸਟੇਸ਼ਨ ਉਤੇ ਆਕੇ ਸਾਨੂੰ ਮਿਲੇ। ਝਬਰ ਆਪ ਤੇ ਨਹੀਂ ਆਇਆ ਸੀ, ਪਰ ਇਕ ਹੋਰ ਸਿੰਘ ਨੂੰ ਉਸਨੇ ਘਲ ਦਿਤਾ, ਜਿਸ ਨੂੰ ਅਸੀਂ ਤਾਕੀਦ ਕੀਤੀ ਕਿ ਉਹ ਭਾਈ ਕਰਤਾਰ ਸਿੰਘ ਝਬਰ ਨੂੰ ਸਾਡੇ ਵਲੋਂ ਪਕੀ ਕਰੇ ਕਿ ਉਹ ਨਨਕਾਣੇ ਸਾਹਿਬ ਜਥੇ ਲੈ ਜਾਣ ਦਾ ਇਰਾਦਾ ਛਡ ਦੇਵੇ। ਉਸ ਸਿੰਘ ਨੇ ਕਿਹਾ ਕਿ ਮੈਂ ਕਹਿ ਤਾਂ ਦਿਆਂਗਾ, ਪਰ ਹੁਣ ਇਹ ਗਲ ਹੋਣੀ ਬਹੁਤ ਔਖੀ ਹੈ। ਤੁਸੀ ਇਸ ਵੇਲੇ ਜਥੇਦਾਰ ਹੋ ਤੇ ਜਿਵੇਂ ਕਿਵੇਂ ਭੀ ਹੋਵੇ ਤੁਸੀ ਜਾ ਕੇ ਭਾ: ਕਰਤਾਰ ਸਿੰਘ ਨੂੰ ਰੋਕੋ ਤਾਂ ਭਾਈ ਦਲੀਪ ਸਿੰਘ ਨੇ ਕਿਹਾ ਕਿ ਮੈਨੂੰ ਹੁਣ ਤਕ ਇਸ ਗਲ ਦਾ ਕੋਈ ਪਤਾ ਨਹੀਂ ਹੈ। ਤਦ ਭੀ ਮੈਂ ਜ਼ਰੂਰ ਜਾਕੇ ਉਨ੍ਹਾਂ ਨੂੰ ਰੋਕ ਲਵਾਂਗਾ। ਸਲਾਹ ਇਹ ਹੋਈ ਕਿ ਭਾਈ ਦਲੀਪ ਸਿੰਘ ਅੰਮ੍ਰਿਤਸਰ ਨ ਜਾਣ ਤੇ ਪਹਿਲੀ ਗਾਡੀ ਚੂਹੜਕਾਣੇ ਪੁਜਕੇ ਝਬਰ ਤੇ ਭਾਈ ਲਛਮਣ ਸਿੰਘ ਨੂੰ ਰੋਕਣ ਦਾ

ਪ੍ਰਬੰਧ ਕਰਨ। ਇਸ ਤਰਾਂ ਸਲਾਹਾਂ ਕਰਦਿਆਂ ਕਰਾਉਂਦਿਆਂ ਗਡੀ ਤੁਰ ਪਈ ਤੇ ਇਨ੍ਹਾਂ ਨੇ ਚਲਦੀ ਗੱਡੀ ਵਿਚੋਂ ਭਾਈ ਦਲੀਪ ਸਿੰਘ ਨੂੰ ਉਤਾਰ ਕੇ ਉਸ ਦੇ ਕੱਪੜੇ ਫੜਾਏ।

ਇਨ੍ਹਾਂ ਦੋਹਾਂ ਸਜਣਾਂ ਨੇ ਅੰਮ੍ਰਿਤਸਰ ਪੁਜ ਕੇ ਸ਼੍ਰੋਮਣੀ ਕਮੇਟੀ ਨੂੰ ਸਾਰੀ ਗੱਲ ਦੱਸ ਕੇ ਪ੍ਰੇਰਨਾ ਕੀਤੀ ਕਿ ਅਸੀ ਭਾਵੇਂ ਉਨ੍ਹਾਂ ਨੂੰ ਰੋਕਣ ਦਾ ਭੀ ਪ੍ਰਬੰਧ ਕੀਤ੍ਹਾ ਹੈ, ਪਰ ਸ਼ਾਇਦ ਉਹ ਨ ਰੁਕਣ, ਇਸ ਕਰਕੇ ਕਮੇਟੀ ਭਾਈ ਕਰਤਾਰ ਸਿੰਘ ਤੇ ਭਾਈ ਲਛਮਣ ਸਿੰਘ ਨੂੰ ਕਬਜ਼ਾ ਕਰਨ ਦੀ ਆਗਿਆ ਦੇ ਦੇਵੇ, ਪਰ ਕਮੇਟੀ ਨੇ ਇਹ ਗਲ ਨਾ ਮੰਨੀ ਤੇ ਇਹ ਦੋਵੇਂ ਜਣੇ ਰਾਤ ਦੀ ਗਡੀ ਨਾ ਚੜ੍ਹ ਸਕੇ ਤੇ ੨੦ ਫ਼ਰਵਰੀ ਦੀ ਸਵੇਰ ਨੂੰ ਅੰਮ੍ਰਿਤਸਰੋਂ ਚਲ ਪਏ ਤੇ ਚੀਚੋ ਕੀ ਮਲੀਆਂ ਸਟੇਸ਼ਨ ਤੇ ਆਣਕੇ ਇਨ੍ਹਾਂ ਨੂੰ ਸ੍ਰੀ ਨਨਕਾਣੇ ਸਾਹਿਬ ਦੇ ਹੁੰਦੇ ਕਤਲ-ਆਮ ਦਾ ਪਤਾ ਲਗਾ। ਵਾਪਸੀ ਤੇ ਇਨ੍ਹਾਂ ਨਾਲ ਬਾਬਾ ਕੇਹਰ ਸਿੰਘ ਪੱਟੀ ਭੀ ਸਨ। ਇਨ੍ਹਾਂ ਤਿੰਨਾਂ ਸਜਨਾਂ ਨੇ ਸੋਚਿਆ ਕਿ ਅਸੀ ਹੋਰ ਸਿੰਘਾਂ ਨੂੰ ਖ਼ਬਰ ਕਰਦੇ ਹੋਏ ਸ੍ਰੀ ਨਨਕਾਣੇ ਸਾਹਿਬ ਪੁਜੀਏ, ਇਸ ਵਾਸਤੇ ਇਹ ਚੂਹੜਕਾਣੇ ਪੁਜੇ। ਉਥੇ ਅਗੇ ਇਸ ਗਲ਼ ਦਾ ਸੰਗਤਾਂ ਨੂੰ ਪਤਾ ਲਗ ਚੁਕਾ ਸੀ। ਸਿੰਘਾਂ ਨੂੰ ਸ੍ਰੀ ਨਨਕਾਣੇ ਸਾਹਿਬ ਪੁਜਣ ਦੀ ਤਾਕੀਦ ਕਰਕੇ ਕਿਹਾ ਕਿ ਅਸੀ ਸਾਂਗਲੇ ਉਤਰ ਕੇ ਪਿੰਡਾਂ ਵਿਚੋਂ ਨਾਲ ਹੋਰ ਸਿੰਘ ਲੈਕੇ ਪੁਜਦੇ ਹਾਂ।

ਇਹ ਤਿੰਨੇ ਸਜਣ ਸਾਂਗਲੇ ਉਤਰਕੇ ਰਾਤੋ ਰਾਤ ਪਿੰਡਾਂ ਵਿਚ ਦੀ ਹੋਕੇ ਪੰਝੀਆਂ ਤੀਹਾਂ ਸਿੰਘਾਂ ਨੂੰ ਨਾਲ ਲੈਕੇ ਚੰਦਰ ਕੋਟ ਦੀ ਝਾਲ ਤੇ ਪੁਜ ਗਏ।

ਚੂਹੜਕਾਣੇ ਨੂੰ

ਭਾਈ ਦਲੀਪ ਸਿੰਘ ਮਾਸਟਰ ਤਾਰਾ ਸਿੰਘ ਨਾਲ ਸਟੇਸ਼ਨ ਤੇ ਚੂਹੜਕਾਣੇ ਜਾਣ ਦਾ ਫ਼ੈਸਲਾ ਕਰ ਕੇ ਅਕਾਲੀ ਅਖ਼ਬਾਰ ਦੇ ਦਫ਼ਤ੍ਰ ਰਾਮਗਲੀ ਲਾਹੌਰ ਆ ਗਏ,ਉਥੇ ਇਨ੍ਹਾਂ ਨੂੰ ਸਬੱਬ ਨਾਲ ਸ: ਜਸਵੰਤ ਸਿੰਘ ਝੁਬਾਲ ਮਿਲ ਪਏ। ਆਪ ਨੇ ਇਨ੍ਹਾਂ ਨੂੰ ਇਹ ਸਾਰੀ ਗੱਲ ਦਸ ਕੇ ਆਪਣੇ ਨਾਲ ਚੂਹੜਕਾਣੇ ਜਾਣ ਲਈ ਤਿਆਰ ਕਰ ਲਿਆ। ਦੋਵੇਂ ਸਜਨ ਲਾਹੌਰੋਂ ਚਲ ਕੇ ਚੂਹੜਕਾਣੇ ਪੁਜ ਗਏ। ਗਡੀਓਂ ਉਤ੍ਰਦਿਆਂ ਹੀ ਪਹਿਲਾਂ ਆਪ ਚੂਹੜਕਾਣੇ ਮੰਡੀ ਗਏ।

ਉਥੇ ਸ: ਦਲੀਪ ਸਿੰਘ ਨੇ ਆਪਣੇ ਇਕ ਸਜਨ ਨੂੰ *ਇਕ ਸੌ ਰੁਪਏ ਦਾ ਨੋਟ ਦਿਤਾ ਕਿ ਸਾਡੀ ਗੁਰਦੁਆਰਾ ਖਰਾ ਸੌਦਾ ਤੋਂ ਵਾਪਸੀ ਤੇ ਤੁੜਾ ਛੱਡਣਾ। ਆਪਣਾ ਅਸਬਾਬ ਭੀ ਇਸ ਖ਼ਿਆਲ ਨਾਲ ਉਥੇ ਹੀ ਰਖ ਦਿਤਾ ਕਿ ਸਿੰਘਾਂ ਨੂੰ ਰੋਕ ਕੇ ਵਾਪਸੀ ਤੇ ਗਡੀ ਚੜ੍ਹਨ ਲਗੇ ਇਥੋਂ ਲੈ ਲਵਾਂਗੇ ਤੇ ਸੌਖੇ ਰਵ੍ਹਾਂਗੇ।

ਇਥੋਂ ਚਲ ਕੇ ਆਪ ਰਵਾਂ ਰਵੀਂ ਸਿਧੇ ਗੁਰਦੁਆਰਾ ਸਚੇ ਸੌਦੇ ਪੁਜੇ। ਉਥੇ ਬਹੁਤ ਸਾਰੇ ਅਕਾਲੀ ਸਿੰਘ ਇਕੱਠੇ ਹੋ ਰਹੇ ਸਨ ਤੇ ਇਸ ਗਲ ਦਾ ਫ਼ੈਸਲਾ ਹੋ ਚੁਕਾ ਸੀ ਕਿ ਅਜ ੧੯ ਫ਼ਰਵਰੀ ਦੀ ਸ਼ਾਮ ਨੂੰ ਇਥੋਂ ਸਿੰਘ ਨਨਕਾਣੇ ਸਾਹਿਬ ਵਲ ਚੜ੍ਹਾਈ ਕਰਨਗੇ ਤੇ ਰਾਹ ਵਿਚ ਦੂਜੇ ਪਿੰਡਾਂ ਦੇ ਸਿੰਘਾਂ ਨੂੰ ਨਾਲ ਲੈ ਕੇ ਦਿਨ ਚੜ੍ਹਦੇ ਨੂੰ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੇ ਕਬਜ਼ਾ ਕਰ ਲਿਆ ਜਾਵੇਗਾ। ਸੰਗਤਾਂ ਵਿਚ ਅਥਾਹ ਜੋਸ਼ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਹਰ ਇਕ ਦੀ ਇਹੋ ਦਿਲੀ ਚਾਹਨਾ ਸੀ ਕਿ ਕਦੋਂ ਛੇਤੀ ਤੋਂ ਛੇਤੀ ਨਨਕਾਣੇ ਸਾਹਿਬ ਨੂੰ ਚਾਲੇ ਪਾਏ ਜਾਣ। ਭਾ: ਦਲੀਪ ਸਿੰਘ ਨੇ ਝਬਰ ਜੀ ਨੂੰ ਇਹ ਸਾਰੀ ਗੱਲ ਦੱਸੀ, ਪ੍ਰੰਤੂ ਉਹ ਨ ਮੰਨੇ ਤੇ ਕਿਹਾ ਕਿ ਇਸ ਵੇਲੇ ਕੋਈ ਸਿੰਘ ਇਹ ਮੰਨਣ ਲਈ ਤਿਆਰ ਨਹੀਂ ਹੈ। ਅਖੀਰ ਦੀਵਾਨ ਵਿਚ ਖੜੋ ਕੇ ਭਾ: ਦਲੀਪ ਸਿੰਘ ਨੇ ਨਿਮਰਤਾ ਨਾਲ ਇਕ ਛੋਟੇ ਜਿਹੇ ਵਖਿਆਨ ਦੁਆਰਾ ਸੰਗਤਾਂ ਪ੍ਰਤੀ ਇਹ ਗਲ ਪ੍ਰਗਟ ਕੀਤੀ ਕਿ ਸਾਰਾ ਪੰਥ ੪,੫ ਤੇ ੬ ਮਾਰਚ ਵਾਲੇ ਦਿਨ ਸ੍ਰੀ ਨਨਕਾਣੇ ਸਾਹਿਬ ਜਾਣ ਲਈ ਪੂਰੀ ਤਿਆਰੀ ਕਰ ਰਿਹਾ ਹੈ, ਤੁਸੀਂ ਸ਼੍ਰੋ: ਗੁ: ਪ੍ਰ: ਕਮੇਟੀ ਦੀ ਆਗਿਆ ਤੋਂ ਬਿਨਾਂ ਪੰਥ ਤੋਂ ਅਡਰੇ ਨ ਜਾਓ, ਇਸ ਤਰ੍ਹਾਂ ਆਪੋ-ਧਾਪੀ ਚੰਗੀ ਨਹੀਂ ਹੈ, ਇਸ ਨਾਲ ਸਾਰੀ ਪੰਥਕ ਜਥੇ ਬੰਦੀ ਟੁਟ ਜਾਵੇਗੀ, ਦਸਾਂ ਬਾਰਾਂ ਦਿਨਾਂ ਦੀ ਕੇਹੜੀ ਲੰਮੀ ਗਲ ਹੈ। ਤੁਸੀਂ ਖ਼ਾਲਸਾ ਜੀ ਆਪਣੇ ਜੋਸ਼ ਨੂੰ ਠੰਢਿਆਂ ਕਰੋ, ਜੇ ਇਸ ਤਰ੍ਹਾਂ ਕੋਈ ਫ਼ਸਾਦ ਹੋ ਗਿਆ ਤਾਂ ਸ਼੍ਰੋਮਣੀ ਕਮੇਟੀ ਇਸਦੀ ਜ਼ਿਮੇਵਾਰ ਨਹੀਂ ਹੋਵੇਗੀ। ਪਰ ਸੰਗਤਾਂ ਅਥਾਹ ਜੋਸ਼ ਵਿਚ ਆਪੇ ਤੋਂ ਬਾਹਰ ਹੋ ਰਹੀਆਂ ਸਨ, ਕਈ ਮਨਚਲੇ ਨੌਜਵਾਨ ਆਪਣੇ ਜਜ਼ਬਾਤ ਤੇ ਕਾਬੂ ਨ ਪਾਉਂਦੇ ਹੋਏ ਜੋਸ਼ ਵਿਚ ਆ ਕੇ ਇਨ੍ਹਾਂ ਨੂੰ ਘੂਰਦੇ ਸਨ ਤੇ ਜੋ ਮੂੰਹ ਅਗੇ ਵਾ-ਦਵਾ ਆਉਂਦਾ ਸੀ ਆਖੀ ਜਾਂਦੇ ਸਨ ਕਿ ਇਹ ਕੌਣ ਹਨ ਚੌਧਰੀ ਸਾਨੂੰ ਰੋਕਣ ਵਾਲੇ ? ਪਰ ਏਧਰ

---

* ਉਹ ਅਸਬਾਬ ਤੇ ਸੌ ਰੁਪਿਆ ਆਪ ਦੇ ਮਿੱਤਰ ਸ਼ਹੀਦੀ ਪਿਛੋਂ ਆਪ ਦੇ ਪ੍ਰਵਾਰ ਨੂੰ ਦੇ ਗਏ ਸਨ।

ਭੀ ਸ਼ਾਂਤੀ ਸਰੂਪ, ਧਰਮ ਦੇ ਪੁਤਲੇ ਭਾ: ਦਲੀਪ ਸਿੰਘ ਸਨ ਜਿਨ੍ਹਾਂ ਦੇ ਮਿੱਠੇ ਤੇ ਕੋਮਲ ਬਚਨਾਂ ਨਾਲ ਪੱਥਰ ਦਿਲ ਭੀ ਮੋਮ ਹੋ ਕੇ ਵਹਿ ਤੁਰਦੇ ਸਨ, ਆਪ ਆਪਣੀਆਂ ਲਗਾਤਾਰ ਨਿਮਰਤਾ ਭਰੀਆਂ ਬੇਨਤੀਆਂ ਕਰੀ ਜਾਂਦੇ ਸਨ । ਆਪ ਦੀ ਵਿਚੋਂ ਗੱਲ ਟੁਕ ਕੇ ਝਟ ਭਾ: ਸੁਚਾ ਸਿੰਘ ਜੈ ਚਕ ਦੀਵਾਨ ਵਿਚੋਂ ਖੜੇ ਕੇ ਬੋਲ ਉਠੇ ਕਿ ਇਹ ਜਥਾ ਤਾਂ ਭਲਾ ਤੁਹਾਡੇ ਤ੍ਰਲਿਆਂ ਅਤੇ ਵਾਸਤਿਆਂ ਨਾਲ ਰੁਕ ਜਾਵੇਗਾ, ਬਾਕੀ ਸਿੰਘਾਂ ਦੇ ਜਥੇ ਜਿਨ੍ਹਾਂ ਨੂੰ ਖਬਰ ਨਾ ਮਿਲੀ ਨਨਕਾਣੇ ਜਾ ਕੇ ਪਾਪੀ ਮਹੰਤ ਹਥੋਂ ਸ਼ਹੀਦ ਹੋ ਜਾਣਗੇ; ਉਨ੍ਹਾਂ ਦਾ ਜ਼ਿਮੇਂਵਾਰ ਕੌਣ ਹੈ,ਅਤੇ ਭਾ: ਲਛਮਣ ਸਿੰਘ ਦੇ ਜਥੇ ਨੂੰ ਇਸ ਵੇਲੇ ਜਾ ਕੇ ਕੌਣ ਰੋਕੇਗਾ ? ਤਦ ਭਾ: ਦਲੀਪ ਸਿੰਘ ਨੇ ਸਟੇਜ ਤੇ ਖੜੋਤਿਆਂ ਹਿਕ ਤੇ ਹੱਥ ਮਾਰ ਕੇ ਆਖਿਆ ਕਿ ਉਨ੍ਹਾਂ ਦਾ ਜ਼ਿਮੇਂਵਾਰ ਮੈਂ ਹਾਂ, ਪਰ ਤੁਸੀਂ ਗੁਰੂ ਦਾ ਵਾਸਤਾ ਮੰਨੋ ਤੇ ਪੰਥ ਦੇ ਹੁਕਮ ਦੀ ਉਲੰਘਣਾ ਨ ਕਰੋ ਤੇ ਆਪਣੇ ਮਨਾਂ ਨੂੰ ਸ਼ਾਂਤ ਕਰੋ। ਅਖੀਰ ਬਹੁਤ ਪ੍ਰੇਰਨਾ ਕਰਨ ਤੇ ਇਹ ਫ਼ੈਸਲਾ ਹੋਇਆ ਕਿ ਪੰਜ ਸਿੰਘ ਚੁਣੇ ਜਾਣ, ਜੋ ਫ਼ੈਸਲਾ ਉਹ ਕਰਨ ਸੰਗਤ ਨੂੰ ਪ੍ਰਵਾਨ ਹੋਵੇਗਾ। ਤਦ ੧. ਭਾ: ਦਲੀਪ ਸਿੰਘ, ੨. ਭਾ: ਸੁਚਾ ਸਿੰਘ ਜੈ ਚਕ, *੩. ਭਾ: ਜਮੀਅਤ ਸਿੰਘ ਸਰਗੋਧਾ, ੪. ਭਾ: ਤੇਜਾ ਸਿੰਘ ਲਾਇਲਪੁਰ ਅਤੇ ਭਾ: ਜਸਵੰਤ ਸਿੰਘ ਝੁਬਾਲ, ਪੰਜਾਂ ਨੇ ਮਿਲ ਕੇ ਭਾ: ਕਰਤਾਰ ਸਿੰਘ ਝੱਬਰ ਤੇ ਜ਼ੋਰ ਪਾ ਕੇ ਮਨਾ ਲਿਆ ਕਿ ਅਜ ਜਥੇ ਨਾ ਜਾਣ ਅਤੇ ਫ਼ੈਸਲਾ ਹੋਇਆ ਕਿ ਬਾਕੀ ਸਿੰਘਾਂ ਨੂੰ ਰੋਕਣ ਲਈ ਪੰਜਾਂ ਦੇ ਦਸਖ਼ਤੀ ਚਿੱਠੀਆਂ ਲਿਖੀਆਂ ਜਾਣ ਤੇ ਉਨ੍ਹਾਂ ਚਿੱਠੀਆਂ ਉਤੇ ਝੱਬਰ ਦੇ ਭੀ ਨਾਲ ਹੀ ਦਸਖ਼ਤ ਕਰਵਾ ਲਏ ਜਾਣ। ਚਾਰ ਚਿੱਠੀਆਂ ਲਿਖੀਆਂ ਗਈਆਂ, ਇਕ ਸੰਗਤ ਲਾਇਲਪੁਰ ਦੇ ਨਾਮ ਜੋ ਭਾ: ਤੇਜਾ ਸਿੰਘ ਨੂੰ ਦਿਤੀ ਗਈ, ਦੂਜੀ ਭਾ: ਰਾਮ ਸਿੰਘ ਝੰਡਿਆਂ ਵਾਲੀ ਨੂੰ ਦਿਤੀ ਗਈ, ਤੀਜੀ ਝੱਬਰ ਪਾਸ ਉਥੇ ਰਹੀ ਅਤੇ ਚੌਥੀ ਭਾ: ਦਲੀਪ ਸਿੰਘ ਨੇ ਭਾ: ਲਛਮਣ ਸਿੰਘ ਹੁਰਾਂ ਨੂੰ ਦਸਣ ਲਈ ਲੈ ਲਈ। ਬਾਕੀ ਚਿੱਠੀਆਂ ਤੇ ਗੁੰਮ ਹੋ ਗਈਆਂ, ਪ੍ਰੰਤੂ ਸੰਗਤ ਲਾਇਲਪੁਰ ਦੇ ਨਾਮ ਵਾਲੀ ਚਿੱਠੀ ਸੰਤ ਤੇਜਾ ਸਿੰਘ ਪਾਸੋਂ ਮਿਲੀ ਹੈ, ਜਿਸ ਦੀ ਤਸਵੀਰ ਦਿੱਤੀ ਜਾਂਦੀ ਹੈ। ਚਿੱਠੀ ਨੂੰ ਭੰਨ ਪੈ ਕੇ ਕੁਝ ਹਰਫ਼ ਵਿਚਲੀ

*ਆਪ ਦੀ ਗੋਜਰੇ ਦੇ ਗੁਰਦੁਆਰੇ ਦੇ ਕਬਜ਼ੇ ਦੇ ਸਬੰਧ ਵਿਚ ਸ: ਦਲੀਪ ਸਿੰਘ ਤੇ ਭਾ:ਲਛਮਣ ਸਿੰਘ ਹੁਰਾਂ ਨਾਲ ਵਾਕਫ਼ੀ ਸੀ। ਇਹਨਾਂ ਨੂੰ ਸਚੇ ਸੌਦੇ ਇਸੇ ਕੰਮ ਲਈ ਉਚੇਚੀ ਤਾਰ ਦੇਕੇ ਬੁਲਾਇਆ ਹੋਇਆ ਸੀ।

ਸਤਰ ਦੇ ਮਧੋਲੇ ਹੋਏ ਹਨ। ਇਸ ਲਈ ਉਸ ਦੀ ਨਕਲ ਭੀ ਦਿਤੀ ਜਾਂਦੀ ਹੈ, ਤਾਂ ਜੋ ਪਾਠਕ ਤਸਵੀਰ ਦੀ ਇਬਾਰਤ ਨੂੰ ਸੁਖਾਲਿਆਂ ਵਾਚ ਸਕਣ :-

> ੧ ਓ ਵਾਹਿਗੁਰੂ ਜੀ ਕੀ ਫ਼ਤਹ ॥
>
> ਸ੍ਰੀ ਮਾਨ ਸਾਧ ਸੰਗਤ ਲਾਇਲਪੁਰ ਜੀ!
>
> ਗੁਰੂ ਕੀਆਂ ਸੰਗਤਾਂ ਪਹੁੰਚ ਗਈਆਂ ਹਨ। ਸ੍ਰੀ ਨਾਨਕਾਣੇ ਪਹੁੰਚਣ ਲਈ ੨੨-੨੩-੨੪ ਫਗਣ ਵਾਲਾ ਪੰਥ ਦਾ ਫ਼ੈਸਲਾ ਅਟੱਲ ਹੈ। ਇਸ ਲਈ ਅਜ ਪਹੁੰਚਣ ਲਈ ਪੰਥ ਦੀ ਆਗਿਆ ਨਹੀਂ। ਕਿਰਪਾ ਕਰਕੇ ਘਰੋ ਘਰੀ ਪਹੁੰਚ ਜਾਵੇ ਤੇ ਨਯਤ ਸਮੇਂ ਤੇ ਤਿਆਰ ਬਰ ਤਿਆਰ ਹੋ ਕੇ ਵਹੀਰਾਂ ਪਾ ਕੇ ਆਵੇ।
>
> ਅਸੀਂ ਹਾਂ ਆਪ ਦੇ ਸੇਵਕ
>
> ੧. ਤੇਜਾ ਸਿੰਘ ਲਾਇਲਪੁਰੀ।
> ੨. ਜਮੀਤ ਸਿੰਘ ਸ੍ਰਗੋਧਾ।
> ੩. ਸੁਚਾ ਸਿੰਘ।
> ੪. ਕਰਤਾਰ ਸਿੰਘ ਝਬਰ।
> ੪. * ਦਲੀਪ ਸਿੰਘ ਸਾਂਗਲਾ।
> ੫. ਜਸਵੰਤ ਸਿੰਘ ਝਬਾਲੀਆ।


ਜਥੇ ਰੋਕਣ ਲਈ ਸ੍ਰੀ ਨਨਕਾਣੇ ਨੂੰ ਚਾਲੇ ਪਾਉਣੇ

ਰਾਤ ਦੇ ਨੌ ਵਜੇ ਸ੍ਰੀ ਨਨਕਾਣੇ ਸਾਹਿਬ ਵਲ ਨੂੰ ਆ ਰਹੇ ਜਥਿਆਂ ਨੂੰ ਰੋਕਣ ਲਈ ਭਾ: ਗੁਰਦਿੱਤ ਸਿੰਘ ਝੀਂਡਾ, ਭਾ: ਵਰਿਆਮ ਸਿੰਘ ਗਰਮੂਲਾ, ਭਾ: ਰਾਮ ਸਿੰਘ ਝੰਡਿਆਂ ਵਾਲੀ ਅਤੇ ਭਾ: ਦਲੀਪ ਸਿੰਘ ਜੀ ਚਾਰੇ ਸਿੰਘ ਘੋੜੀਆਂ ਤੇ ਸੁਆਰ ਹੋਕੇ ਕਲਗੀਆਂ ਵਾਲੇ ਸ਼ਹਿਨਸ਼ਾਹ ਦੀ ਓਟ ਲੈਕੇ ਤੁਰ ਪੈਂਦੇ ਹਨ।

ਸ਼ੂਕਦੀ ਸ਼ਾਂ-ਸ਼ਾਂ ਕਰਦੀ ਰਾਤ ਦਾ ਭਿਆਨਕ ਸਮਾਂ ਹੈ। ਰਾਹ-ਖਹਿੜੇ ਦਾ ਕਿਸੇ ਨੂੰ ਕੁਝ ਥਹੁ-ਪਤਾ ਨਹੀਂ ਲਗਦਾ। ਪੈਲੀਆਂ ਦੇ ਉਚੜ-ਪੈੜੇ ਤੇ ਨਹਿਰ ਦੇ ਖਤਾਨਾਂ ਦੇ ਬਿਖੜੇ ਰਸਤਿਆਂ ਥਾਣੀ ਠੇਡੇ ਤੇ ਠੋਕਰਾਂ ਖਾਂਦੇ ਇਹ ਪ੍ਰੇਮੀ ਇਕ ਅਕਾਲ ਦਾ ਆਸਰਾ ਰਖਕੇ ਤੁਰੇ ਜਾਂਦੇ ਹਨ। ਭਾਈ ਦਲੀਪ ਸਿੰਘ ਜੀ ਨੇ ਰਾਤ ਦੀ ਇਸ ਚੁਪ ਚਾਪ ਵਿਚ ਡਾਢੀ ਮਗਨਤਾ ਵਿਚ ਆਕੇ ਸੁਰੀਲੀ ਲੈ ਨਾਲ ਉੱਚੀ ਉੱਚੀ ਸੁਰ ਵਿਚ ਇਹ ਸ਼ਬਦ ਪੜ੍ਹਨਾ ਸ਼ੁਰੂ ਕਰ ਦਿਤਾ। ਇਨ੍ਹਾਂ ਦੇ ਉਸ ਸਮੇਂ ਦੇ

* ਚਾਰ ਦਾ ਹਿੰਦਸਾ ਦੋ ਵੇਰ ਲਿਖਿਆ ਹੈ ਸ਼ਾਇਦ ਰਾਤ ਹਨੇਰੇ ਕਾਹਲ ਵਿੱਚ ਏਦਾਂ ਹੋ ਗਿਆ ਹੋਵੇ।

ਜਥੇ ਰੋਕਣ ਵਾਲੀ ਚਿਠੀ



ਸਾਥੀ ਦਸਦੇ ਹਨ ਕਿ ਇਸ ਸ਼ਬਦ ਦਾ ਜੋ ਅਨੰਦ ਸੁਆਦ ਸਾਨੂੰ ਉਸ ਵੇਲੇ ਆਇਆ ਉਹ ਕਥਨ ਕਰਨ ਤੋਂ ਬਾਹਰ ਹੈ। ਜਦ ਉਹ ਅਖੀਰਲੀ ਪੌੜੀ ਦੀ 'ਜਿੰਦੜੀਏ' ਵਾਲੀ ਤੁਕ ਬਰੀਕ, ਮਿਠੀ ਤੇ ਸੁਰੀਲੀ ਆਵਾਜ਼ ਨਾਲ ਉਚਾਰਦੇ ਸਨ ਤਾਂ ਕਲੇਜੇ ਵਿੰਨ੍ਹੀਦੇ ਜਾਂਦੇ ਸਨ ਤੇ ਦਿਮਾਗ਼ਾਂ ਉਤੇ ਇਕ ਅਸਚਰਜ ਮਸਤੀ ਛਾ ਜਾਂਦੀ ਸੀ। ਇਹ ਮਨ ਨੂੰ ਖਿੱਚ ਤੇ ਧੂਹ ਪਾਉਣ ਵਾਲਾ ਰਸ ਅਜੇ ਤਕ ਉਨ੍ਹਾਂ ਦੇ ਕੰਨਾਂ ਵਿਚ ਗੂੰਜ ਰਿਹਾ ਹੈ। ਪਾਠਕਾਂ ਨੂੰ ਉਸ ਸ਼ਬਦ ਦਾ ਸੁਆਦ ਚਖਾਉਣ ਲਈ ਉਹ ਸ਼ਬਦ ਇਥੇ ਦਿਤਾ ਜਾਂਦਾ ਹੈ। ਇਸ ਤੋਂ ਭਾਈ ਸਾਹਿਬ ਦੇ ਗੁਰਬਾਣੀ ਦੀ ਵਾਕਫ਼ੀ ਤੇ ਪਿਆਰ ਕਰਨ ਦਾ ਸੋਹਣਾ ਸਬੂਤ ਮਿਲਦਾ ਹੈ।

ਬਿਹਾਗੜਾ ਮਹਲਾ ੪

ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ ਤੇ ਮਨਮੁਖ ਮੂੜ ਇਆਣੇ ਰਾਮ ॥
ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਅੰਤਿ ਗਏ ਪਛੁਤਾਣੇ ਰਾਮ ॥
ਹਰਿ ਦਰਗਹ ਢੋਈ ਨਾ ਲਹਨਿ ਮੇਰੀ ਜਿੰਦੁੜੀਏ ਜੋ ਮਨਮੁਖਿ ਪਾਪਿ ਲੁਭਾਣੇ ਰਾਮ ॥
ਜਨ ਨਾਨਕ ਗੁਰ ਮਿਲਿ ਉਬਰੇ ਮੇਰੀ ਜਿੰਦੁੜੀਏ ਹਰਿ ਜਪਿ ਹਰਿ ਨਾਮਿ ਸਮਾਣੇ ਰਾਮ ॥ ੧ ॥
ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ॥
ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥
ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥
ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ ਜਮ ਕੰਕਰੁ ਨੇੜਿ ਨ ਆਵੈ ਰਾਮ ॥ ੨ ॥
ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ ਸੋ ਡਰੈ ਜਿਨਿ ਪਾਪ ਕਮਤੇ ਰਾਮ ॥
ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥
ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ ॥
ਗੁਰੁ ਪੂਰਾ ਨਾਨਕਿ ਸੇਵਿਆ ਮੇਰੀ ਜਿੰਦੁੜੀਏ ਜਿਨਿ ਪੈਰੀ ਆਣਿ ਸਭਿ ਘਤੇ ਰਾਮ ॥ ੩ ॥
ਸੋ ਐਸਾ ਹਰਿ ਨਿਤ ਸੇਵੀਐ ਮੇਰੀ ਜਿੰਦੁੜੀਏ ਜੋ ਸਭ ਦੂ ਸਾਹਿਬੁ ਵਡਾ ਰਾਮ ॥
ਜਿਨੀ ਇਕ ਮਨਿ ਇਕੁ ਅਰਾਧਿਆ ਮੇਰੀ ਜਿੰਦੁੜੀਏ ਤਿਨਾ ਨਾਹੀ ਕਿਸੈ ਦੀ ਕਿਛੁ ਚਡਾ ਰਾਮ ॥
ਗੁਰ ਸੇਵਿਐ ਹਰਿ ਮਹਲੁ ਪਾਇਆ ਮੇਰੀ ਜਿੰਦੁੜੀਏ ਝਖ ਮਾਰਨ ਸਭਿ ਨਿੰਦਕ ਘੰਡਾ ਰਾਮ ॥
ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ ਧੁਰਿ ਮਸਤਕਿ ਹਰਿ ਲਿਖਿ ਛਡਾ ਰਾਮ ॥

ਚਾਰੇ ਸਜਣ ਪਹਿਲਾ ਬੁਟਰੀਂ ਪੁਜੇ ਤੇ ਭਾ: ਲੱਖਾ ਸਿੰਘ ਕੁਰਲਕੇ ਨੂੰ ਸਮੇਤ ਜਥੇ ਦੇ ਰੋਕ ਦਿੱਤਾ। ਫੇਰ ਅਗੇ ਨਹਿਰੇ ਨਹਿਰ ਤੁਰ ਪਏ। ਪੰਦਰਾਂ ਸੋਲਾਂ ਫੁਟਕਲ ਬੰਦੇ ਮਿਲੇ ਜੋ ਵਾਪਸ ਕਰ ਦਿਤੇ। ਪਰੋਜ਼ ਦੇ ਪੁਲ ਤੇ ਜਾਕੇ ਸ: ਮਾਨ ਸਿੰਘ ਹੰਬੋ ਮਿਲੇ ਤਾਂ ਇਥੋਂ ਹੰਬੋ ਅਤੇ ਭਿਖੀ ਦੇ ਸਿੰਘ ਘਰਾਂ ਨੂੰ ਵਾਪਸ ਮੋੜ ਦਿਤੇ। ਸਿੰਘਾਂ ਵਿਚ

ਬੜਾ ਜੋਸ਼ ਅਤੇ ਉਤਸ਼ਾਹ ਸੀ। ਉਹ ਬੜੇ ਔਖੇ ਹੋਕੇ ਵਾਪਸ ਮੁੜਦੇ ਸਨ। ਅਗਾਂਹ ਜਾਂਦਿਆਂ ਨੂੰ ਹੋਰ ਭੀ ਜੇਹੜਾ ਕੋਈ ਇਕੜ ਦੁਕੜ ਇਕੱਲਾ-ਕਾਰਾ ਸਿੰਘ ਆਪਣੀ ਧੁਨ ਵਿਚ ਤੁਰਿਆ ਜਾਂਦਾ ਮਿਲਿਆ ਉਸੇ ਨੂੰ ਪਿਛਾਂਹ ਘਰ ਨੂੰ ਘੱਲ ਦਿੱਤਾ।

ਭਾ: ਦਲੀਪ ਸਿੰਘ ਹੋਰਾਂ ਦੇ ਤੁਰਨ ਮਗਰੋਂ ਉਹਨਾਂ ਦੇ ਪਿਛੇ ਪਿਛੇ ਕੁਝ ਜੋਸ਼ੀਲੇ ਸਿੰਘ ਸ਼ੂਟ ਵਟ ਕੇ ਪੈਦਲ ਹੀ ਨਨਕਾਣੇ ਸਾਹਿਬ ਨੂੰ ਤੁਰ ਪਏ। ਇਨ੍ਹਾਂ ਨੂੰ ਭਾ: ਲੱਖਾ ਸਿੰਘ ਹੋਰੀਂ ਸਮੇਤ ਜਥੇ ਦੇ ਬੁਟਰਾਂ ਤੋਂ ਵਾਪਸ ਜਾਂਦੇ ਮਿਲ ਪਏ ਅਤੇ ਇਹਨਾਂ ਨੇ ਬੜੀ ਪੱਕੀ ਕਰਕੇ ਇਹ ਮਨਚਲੇ ਸਿੰਘ ਚੂਹੜਕਾਣੇ ਨੂੰ ਵਾਪਸ ਮੋੜੇ ਤੇ ਇਹ ਗਲ ਆਖੀ ਕਿ ਤੁਸੀਂ ਇਹ ਕੱਚੀ ਗਲ ਕਿਉਂ ਕਰਦੇ ਹੋ? ਉਹ ਵਿਚਾਰੇ ਰਾਤ ਹਨੇਰੇ ਵਿਚ ਖਜਲ ਖੁਆਰ ਹੋ ਕੇ ਡਕਦੇ ਫਿਰਦੇ ਹਨ ਤੇ ਤੁਸੀਂ ਮਨ ਆਈਆਂ ਕਰਕੇ ਤੁਰੀ ਜਾਂਦੇ ਹੋ, ਇਹ ਕਿਧਰ ਦੀ ਦਾਨਾਈ ਹੈ?

ਜਦ ਭਾ: ਦਲੀਪ ਸਿੰਘ ਹੋਰੀ ਆਪਣੇ ਸਾਥੀਆਂ ਸਮੇਤ ਚੰਦਰ ਕੋਟ ਦੀ ਝਾਲ ਤੇ ਪੁਜ ਗਏ ਤਾਂ ਇਥੇ ਬਹੁਤ ਸਾਰੇ ਸਿੰਘ ਖੁੰਡਿਆਂ ਵਾਲੀ, ਜੈ ਚਕ, ਕੜਿਆਲ, ਸਾਉਣਕੇ, ਮਾਹਣੀਆਂ ਵਾਲਾ, ਗਿੱਲਾਂ ਵਾਲਾ, ਗਰਮੂਲਾ, ਬਹਾਲੀਕੇ, ਫੁਲਰਵਨ, ਕੋਟ ਵਾਰ, ਚੰਨਿਆਂ ਵਾਲੀ ਅਤੇ ਲਾਗਰਾਂ ਦੇ ਦੂਜੇ ਰਸਤੇ ਥਾਣੀ ਆਏ ਹੋਏ ਸਨ। ਇਸ ਵਹੀਰ ਨੂੰ ਭੀ ਮਿੰਨਤ ਤਰਲਾ ਕਰਕੇ ਘਰੋ ਘਰੀ ਪਿਛਾਂਹ ਘਲ ਦਿਤਾ। ਚੰਦਰ ਕੋਟ ਦੀ ਝਾਲ ਉਤੇ ਇਸ ਸਮੇਂ ਅਠ ਸਿੰਘ ਲਾਇਲਪੁਰ ਦੇ ਭੀ ਆਕੇ ਬੈਠੇ ਹੋਏ ਸਨ, ਜੋ ੧੯ ਫਰਵਰੀ ਨੂੰ ੩ ਵਜੇ ਚੂਹੜਕਾਣੇ ਪੁਜੇ ਸਨ ਤੇ ਉਥੋਂ ਸਭ ਤੋਂ ਪਹਿਲਾਂ ਅਗਲ ਵਾਂਢੀ ਹੀ ਸ਼ੌਕ ਅਤੇ ਉਤਸ਼ਾਹ ਵਿਚ ਇਧਰ ਨੂੰ ਤੁਰ ਪਏ ਸਨ ਕਿ ਰਾਤ ਮਤਾਂ ਅਸੀਂ ਜਥੇ ਦੇ ਨਾਲ ਹਨੇਰੇ ਵਿਚ ਦੌੜ ਨ ਸਕੀਏ ਤੇ ਪਿਛਾਂਹ ਰਹਿ ਜਾਈਏ। ਜਦ ਜਥੇ ਰੋਕ ਦਿਤੇ ਗਏ ਤਾਂ ਇਹ ਥਕੇ ਹੋਣ ਕਰਕੇ ਪਿਛਾਂਹ ਚੂਹੜਕਾਣੇ ਨੂੰ ਨਾ ਗਏ ਕਿਉਂਕਿ ਪਿਛਲਾ ਪੈਂਡਾ ਦੁਰਾਡਾ ਸੀ ਤੇ ਇਥੋਂ ਇਹ ਰਾਤੋ ਰਾਤ ਤੁਰ ਕੇ ਭਾ: ਉਤਮ ਸਿੰਘ ਹੋਰਾਂ ਦੇ ਕਾਰਖ਼ਾਨੇ ਆ ਰਹੇ ਕਿ ਸਵੇਰੇ ਗੁਰਦੁਆਰੇ ਮਥਾ ਟੇਕ ਕੇ ਗੱਡੀ ਚੜ੍ਹ ਜਾਵਾਂਗੇ।

ਭਾਈ ਬੂਟਾ ਸਿੰਘ ਦਾ ਮੇਲ

ਭਾ: ਬੂਟਾ ਸਿੰਘ ਚਕ ਨੰ: ੨੦੪, ਚੌਧਰੀ ਪਾਲ ਸਿੰਘ ਲਾਇਲਪੁਰ, ਤੇ

ਚਦਰ ਕਟ ਦਾ ਝਾਲ



ਇਹ ਨਹਿਰ ਗੁਰੱਹਾ ਬਠਾਰ ਦਾ, ਨਗਰ ਚੰਦਰ ਕੋਟ ਦੇ ਲਾਗਲਾ ਉਹ ਪੁਲ ਤੇ ਮੈਦਾਨ ਹੈ ਜਿਥੇ ੯ ਫਗਣ ਰਾਤ ਨੂੰ ਇਲਾਕੇ ਦੇ ਸਭ ਜਥਿਆ ਨੇ ਇਕੱਠਿਆਂ ਹੋਕੇ [illegible] ਕਰ ਦਿੱਤਾ ਸੀ।

ਭਾ: ਗੋਪਾਲ ਸਿੰਘ ਰਾਮਗੜ੍ਹੀਆ ਜੋ ਪਹਿਲਾਂ ਹੀ ਭਾ: ਉਤਮ ਸਿੰਘ ਦੇ ਕਾਰਖਾਨੇ ਪੌੜੀਆਂ ਦਾ ਪ੍ਰਬੰਧ ਕਰਨ ਆਏ ਹੋਏ ਸਨ, ਉਹਨਾਂ ਨੂੰ ੧੯ ਫ਼ਰਵਰੀ ਰਾਤ ਦੇ ਅੱਠ ਵਜੇ ਭਾ: ਉਤਮ ਸਿੰਘ ਨੇ ਕਿਹਾ ਕਿ ਮਹੰਤ ਦੀ ਬੜੀ ਭਾਰੀ ਤਿਆਰੀ ਹੈ ਤੇ ਉਸ ਨੇ ਬਹੁਤ ਸਾਰਾ ਪ੍ਰਬੰਧ ਕੀਤਾ ਹੋਇਆ ਹੈ, ਜੇ ਘਟ ਤੋਂ ਘਟ ਦੋ ਹਜ਼ਾਰ ਸਿੰਘ ਆਵੇ ਤਦ ਕਬਜ਼ਾ ਹੋ ਸਕਦਾ ਹੈ ਨਹੀਂ ਤਾਂ ਮੁਸ਼ਕਲ ਹੈ। ਤੁਸੀਂ ਦਸੋ ਤੁਹਾਡੇ ਪਾਸ ਕਿੰਨੇ ਕੁ ਸਿੰਘਾਂ ਦਾ ਪ੍ਰਬੰਧ ਹੈ ? ਤਦ ਭਾ: ਬੂਟਾ ਸਿੰਘ ਨੇ ਉਤ੍ਰ ਦਿੱਤਾ ਕਿ ਸਾਡੇ ਪਾਸ ਤਾਂ ਮਸਾਂ ਛੇ ਸਤ ਸੌ ਬੰਦੇ ਦਾ ਇੰਤਜ਼ਾਮ ਹੋਵੇਗਾ। ਭਾ: ਉਤਮ ਸਿੰਘ ਨੇ ਕਿਹਾ ਕਿ ਇਸ ਨਾਲ ਸਫਲਤਾ ਹੋਣੀ ਔਖੀ ਹੈ ਤੇ ਐਵੇਂ ਹਾਸੋ-ਹੀਣੀ ਗਲ ਹੀ ਨਾ ਹੋਵੇ।

ਭਾ: ਬੂਟਾ ਸਿੰਘ ਹੋਰਾਂ ਆਖਿਆ ਕਿ ਕੋਈ ਗਲ ਨਹੀਂ, ਮੈਂ ਚੰਦਰ ਕੋਟ ਦੀ ਝਾਲ ਨੂੰ ਜਾਨਾਂ ਹਾਂ ਤੇ ਉਥੇ ਸਿੰਘਾਂ ਨੂੰ ਸਾਰੀ ਗਲ ਬਾਤ ਦਸਦਾ ਹਾਂ ਤੇ ਵਿਚਾਰ ਕਰਕੇ ਯੋਗ ਫੈਸਲਾ ਕਰ ਲਵਾਂਗੇ। ਚੌਧਰੀ ਪਾਲ ਸਿੰਘ ਤੇ ਭਾ: ਵਰਿਆਮ ਸਿੰਘ ਸ਼ਹੀਦ ਨੂੰ ਪੱਕੀ ਕਰਕੇ ਬੁਚਿਆਣੇ ਵਾਲੇ ਪੁਲ ਤੇ ਘਲ ਦਿਤਾ ਕਿ ਸਾਡਾ ਸੁਨੇਹਾ ਪੁਜਣ ਤਕ ਉਥੋਂ ਕੋਈ ਸਿੰਘ ਨਨਕਾਣੇ ਸਾਹਿਬ ਨੂੰ ਨਾ ਚੱਲੇ।

ਰਾਤ ਤੇ ਦਸ ਵਜੇ ਭਾ: ਬੂਟਾ ਸਿੰਘ ਨੇ ਤੇੜ ਨੀਲੀ ਤੈਹਮਤ ਬੰਨ੍ਹੀ ਤੇ ਭੂਰੇ ਦੀ ਬੁਕਲ ਮਾਰਕੇ ਮੋਢੇ ਤੇ ਕੁਹਾੜਾ ਧਰ ਲਿਆ। ਭਾ: ਗੋਪਾਲ ਸਿੰਘ ਨੇ ਨੀਲੀ ਤੈਹਮਤ ਬੰਨ੍ਹ ਕੇ ਅਲ ਵਲੱਲੇ ਜਿਹੇ ਪਗ ਦੇ ਪੇਚ ਮਾਰ ਲਏ ਅਤੇ ਹਥ ਵਿਚ ਡਾਂਗ ਫੜ ਲਈ ਤੇ ਦੋਵੇਂ ਸਜਣ ਉੱਚੀ ਉੱਚੀ ਢੋਲੇ ਗਾਉਂਦੇ ਪਹਿਰੇਦਾਰਾਂ ਵਿਚੋਂ ਲੰਘ ਕੇ ਸ਼ਹਿਰੋਂ ਬਾਹਰ ਨਿਕਲ ਤੁਰੇ।

ਇਨ੍ਹਾਂ ਦਿਨਾਂ ਵਿੱਚ ਨਨਕਾਣੇ ਸਾਹਿਬ ਸ਼ਹਿਰ ਵਿੱਚ ਰਾਤ ਨੂੰ ਮਹੰਤ ਵਲੋਂ ਕਰੜਾ ਪਹਿਰੇ ਦਾ ਬੰਦੋਬਸਤ ਹੁੰਦਾ ਸੀ ਤੇ ਕਿਸੇ ਓਪਰੇ ਬੰਦੇ ਨੂੰ ਹਨੇਰੇ ਸਵੇਰੇ ਸ਼ਹਿਰ ਵਿੱਚ ਆਉਣ ਜਾਣ ਦੀ ਮਨਾਹੀ ਹੁੰਦੀ ਸੀ।

ਇਹ ਦੋਵੇਂ ਸਜਣ ਰਾਹ ਭੁਲ ਕੇ ਰਾਮ ਪੁਰੇ ਨੂੰ ਚਲੇ ਗਏ, ਉਥੋਂ ਪਿੰਡ ਵਿਚੋਂ ਜਾ ਕੇ ਰਾਹ ਪੁਛਿਆ ਤੇ ਮਾਨਾਂ ਵਾਲੇ ਦੀ ਸੜਕੇ ਪੈ ਕੇ ਚੰਦਰ ਕੋਟ ਦੀ ਝਾਲ ਤੇ ਪੁਜ ਗਏ। ਕਿਉਂਕਿ ਝੱਬਰ ਅਤੇ ਭਾ: ਲਛਮਣ ਸਿੰਘ ਹੋਰਾਂ ਨਾਲ ਇਹ ਫ਼ੈਸਲਾ ਸੀ ਕਿ ਸਭ ਜਥੇ ਚੰਦਰ ਕੋਟ ਦੀ ਝਾਲ ਤੇ ਇਕੱਠੇ ਹੋ ਕੇ ਤੁਰਨਗੇ ਤੇ

ਬਾਕੀ ਸਿੰਘ ਜੋ ਨਨਕਾਣੇ ਸਾਹਿਬ ਦੀਆਂ ਲਹਿੰਦੇ ਦੀਆਂ ਝਾੜੀਆਂ ਵਿਚ ਜਮਾਂ ਹੋਣਗੇ ਉਨ੍ਹਾਂ ਨੂੰ ਨਾਲ ਲੈ ਕੇ ਕਬਜ਼ਾ ਕੀਤਾ ਜਾਵੇਗਾ।

ਭਾਈ ਬੂਟਾ ਸਿੰਘ ਹੋਰਾਂ ਭਾਈ ਦਲੀਪ ਸਿੰਘ ਨੂੰ ਇਹ ਗਲ ਆਖੀ ਕਿ ਸਾਧਾਂ ਦਾ ਬੜਾ ਭਾਰਾ ਪ੍ਰਬੰਧ ਹੈ, ਜੇ ਘਟ ਤੋਂ ਘਟ ਦੋ ਹਜ਼ਾਰ ਜਵਾਨ ਹੋਣ ਤਦ ਦੱਾ ਫਬਦਾ ਹੈ, ਨਹੀਂ ਤਾਂ ਕੋਈ ਵਾਹ ਨਹੀਂ ਜਾਣੀ। ਭਾਈ ਦਲੀਪ ਸਿੰਘ ਨੇ ਕਿਹਾ ਕਿ ਤਦੇ ਤਾਂ ਅਸੀਂ ਜਥਿਆਂ ਨੂੰ ਰੋਕਣ ਲਈ ਆਏ ਹਾਂ ਤੇ ਪੂਰਾ ਪ੍ਰਬੰਧ ਕਰਕੇ ਸਾਰਾ ਪੰਥ ਮਿਲ ਕੇ ਕਬਜ਼ਾ ਕਰੇਗਾ। ਉਥੇ ਬੈਠਕੇ ਕੁਝ ਚਿਰ ਭਾਈ ਲਛਮਣ ਸਿੰਘ ਦੇ ਜਥੇ ਦੀ ਉਡੀਕ ਕੀਤੀ, ਪ੍ਰੰਤੂ ਜਦ ਉਹ ਨਾ ਆਏ ਤਾਂ ਸਭ ਨੇ ਮਿਲ ਕੇ ਸਲਾਹ ਕੀਤੀ ਕਿ ਮਤਾਂ ਦਿਨ ਚੜ੍ਹ ਜਾਵੇ ਤੇ ਕੁਝ ਸਿੰਘ ਭੁਲੇਖੇ ਨਾਲ ਲੰਘ ਜਾਣ ਤੇ ਨੁਕਸਾਨ ਹੋਵੇ। ਸਾਨੂੰ ਨਨਕਾਣੇ ਸਾਹਿਬ ਦੇ ਇਰਦ ਗਿਰਦ ਜਾਕੇ ਸਿੰਘਾਂ ਨੂੰ ਰੋਕ ਲੈਣਾ ਚਾਹੀਦਾ ਹੈ, ਸ਼ਾਇਦ ਭਾਈ ਲਛਮਣ ਸਿੰਘ ਹੋਰੀਂ ਦੂਜੇ ਪੁਲ ਥਾਣੀਂ ਲੰਘ ਹੀ ਗਏ ਹੋਣ!

ਵਖੋ ਵੱਖ ਡੀਊਟੀਆਂ

ਇਹ ਫ਼ੈਸਲਾ ਕਰਕੇ ਇਨ੍ਹਾਂ ਛਿਆਂ ਨੇ ਵੱਖ ਵੱਖ ਡਿਊਟੀਆਂ ਵੰਡ ਲਈਆਂ। ਭਾਈ ਗੁਰਦਿੱਤ ਸਿੰਘ ਝੀਂਤੇ ਵਾਲਾ ਘੋੜਾ ਭਾਈ ਬੂਟਾ ਸਿੰਘ ਨੇ ਲੈ ਲਿਆ ਤੇ ਭਾਈ ਦਲੀਪ ਸਿੰਘ ਨੂੰ ਨਾਲ ਲੈ ਕੇ ਭਾਈ ਲਛਮਣ ਸਿੰਘ ਦੇ ਜਥੇ ਤੇ ਹੋਰ ਸਿੰਘਾਂ ਨੂੰ ਰੋਕਣ ਦਾ ਜ਼ਿਮਾ ਲਿਆ। ਭਾਈ ਗੁਰਦਿੱਤ ਸਿੰਘ ਝੀਂਤੇ ਤੇ ਗੁਪਾਲ ਸਿੰਘ ਨੂੰ ਚੰਦਰ ਕੋਟ ਦੀ ਝਾਲ ਤੇ ਬਿਠਾ ਦਿੱਤਾ ਕਿ ਜੇ ਮਗਰੋਂ ਹੋਰ ਸਿੰਘ ਆਉਣ ਤੇ ਉਨ੍ਹਾਂ ਨੂੰ ਮੋੜੀ ਜਾਣਾ। ਭਾਈ ਵਰਿਆਮ ਸਿੰਘ ਗਰਮੂਲਾ ਤੇ ਭਾਈ ਰਾਮ ਸਿੰਘ ਝੰਡਿਆਂ ਵਾਲੀ ਨੂੰ ਭਿੱਖੀ ਵਲੋਂ ਆਉਣ ਵਾਲੇ ਸਿੰਘਾਂ ਨੂੰ ਰੋਕਣ ਦੀ ਸੌਂਪਣਾ ਕੀਤੀ ਗਈ। ਇਹ ਦੋਵੇਂ ਸਜਣ ਅਸਲਾਮਾ ਆਬਾਦ ਦੇ ਰਸਤੇ ਥਾਣੀ ਹੋ ਕੇ ਕਿਆਰਾ ਸਾਹਿਬ ਦੇ ਫਾਟਕ ਪਾਸ ਪੁਜ ਗਏ। ਦੋਹਾਂ ਨੇ ਘੋੜੀਆਂ ਇਕ ਵਣ ਨਾਲ ਕਣਕ ਵਿਚ ਬੰਨ੍ਹ ਦਿਤੀਆਂ ਤੇ ਆਪ ਭੀ ਉਥੇ ਹੀ ਲੁਕ ਕੇ ਸੌਂ ਗਏ । ਜਦ ਲੋ ਲਗੀ ਤੇ ਮੰਡੀ ਨੂੰ ਆ ਗਏ, ਇਸ ਵੇਲੇ ਗੋਲੀ ਚਲ ਰਹੀ ਸੀ।

ਦੂਜੇ ਬੰਨੇ ਭਾਈ ਦਲੀਪ ਸਿੰਘ ਤੇ ਭਾਈ ਬੂਟਾ ਸਿੰਘ ਚੱਕ ੨੦੪ ਵਾਲੇ ਸਾਰੀ

ਪੰਜ ਪੁਲੀ ਬੁਚਿਆਣਾ



ਨਹਿਰ ਗੁਗੇਰਾ ਬਰਾਂਚ ਦਾ ਇਹ ਉਹ ਪੁਲ ਅਤੇ [illegible] ਹੈ ਜਿਥੇ ਲਾਇਲਪੁਰ, ਸਮੁੰਦਰੀ ਅਤੇ ਜੜ੍ਹਾਂਵਾਲੇ ਆਦਿ ਇਲਾਕੇ ਦੇ ਜਥੇ ਇਕੱਠੇ ਹੋਏ ਸਨ ਅਤੇ ਇਨ੍ਹਾਂ ਸਿੰਘਾਂ ਨੂੰ ੧੯ ਫਰਵਰੀ ਰਾਤ ਦੇ ਸਾਢੇ ਚਾਰ ਵਜੇ ਮਿਲਕੇ ਸ: **ਦਲੀਪ** ਸਿੰਘ ਜੀ ਸ਼ਹੀਦ ਅਤੇ ਭਾਈ ਬੂਟਾ ਸਿੰਘ ਜੀ ੨੦੪ ਵਾਲਿਆਂ ਘਰੋ ਘਰੀ ਮੋੜ ਦਿਤਾ **ਸੀ** ।

ਰਾਤ ਦੀਵਾਨਿਆਂ ਵਾਂਗ ਬੌਰੇ ਹੋਏ ਭਉਂਦੇ ਫਿਰਦੇ ਰਹੇ। ਪੰਜ ਪੁਲੀ ਬੁਚਿਆਣੇ ਤੇ ਪੁੱਜਕੇ ਉਥੋਂ ਉਨ੍ਹਾਂ ਦੋ ਕੁ ਸੌ ਸਿੰਘ, ਜੋ ਇਲਾਕਾ ਜੜ੍ਹਾਂਵਾਲਾ ਤੇ ਸਮੁੰਦਰੀ ਦਾ ਇਕੱਠਾ ਹੋਇਆ ਸੀ, ਵਾਪਸ ਕੀਤਾ। ਇਨ੍ਹਾਂ ਨੂੰ ਇਥੋਂ ਭਾਈ ਰਾਜਾ ਸਿੰਘ ਜੜ੍ਹਾਂਵਾਲੇ ਪਾਸੋਂ ਪਤਾ ਲਗਾ ਕਿ ਉਨ੍ਹਾਂ ਦੀ ਪ੍ਰੇਰਨਾ ਨਾਲ ਕੁਝ ਸਿੰਘ ਫਰੀਦਾਬਾਦ ਦਾ ਭਾਈ ਪ੍ਰਤਾਪ ਸਿੰਘ ਲੈਕੇ ਨਨਕਾਣੇ ਦੀਆਂ ਝਾੜੀਆਂ ਵਿੱਚ ਬੈਠਾ ਹੋਵੇਗਾ। ਇਥੋਂ ਇਨ੍ਹਾਂ ਦੋਹਾਂ ਨੇ ਜਿਉਂ ਘੋੜੀਆਂ ਪੋਈਏ ਪਾਈਆਂ ਵਾਹੋਦਾਹੀ ਨਨਕਾਣੇ ਸਾ: ਨੂੰ ਤੁਰ ਪਏ। ਭਾਈ ਵਰਿਆਮ ਸਿੰਘ ਅਤੇ ਚੌਧਰੀ ਪਾਲ ਸਿੰਘ ਪੈਦਲ ਹੋਣ ਕਰਕੇ ਪਿਛੇ ਰਹਿ ਗਏ।

ਨਨਕਾਣੇ ਸਾਹਿਬ ਤੋਂ ਲਹਿੰਦੇ ਵਲ ਜੋ ਛਪੜ ਨਾਲ ਝਾੜੀਆਂ ਹਨ, ਜਿਥੇ ਕਿ ਜਥਿਆਂ ਦੇ ਇਕੱਠੇ ਹੋਣ ਦਾ ਇਕਰਾਰ ਸੀ, ਇਥੇ ਕਿਸੇ ਸਿੰਘ ਨੂੰ ਭੀ ਨ ਵੇਖ ਕੇ ਬੜੀ ਨਿਰਾਸਤਾ ਹੋਈ ਕਿ ਮਤਾਂ ਸਿੰਘ ਸਾਥੋਂ ਘੁਸ ਕੇ ਲੰਘ ਜਾਣ। ਇਥੋਂ ਘੋਹੇ ਦਿੰਦੇ ਪਰਲੇ ਬੰਨੇ ਪੁਰਾਣੇ ਥੇਹ ਵਲ ਘੋੜੀਆਂ ਦੌੜਾ ਕੇ ਚਲੇ ਗਏ। ਉਥੇ ਨਾਲ ਹੀ ਕਣਕ ਵਿਚ ਪੰਜ ਸਤ ਸਿੰਘ ਲੈ ਕੇ ਭਾ: ਪ੍ਰਤਾਪ ਸਿੰਘ ਫ਼ਰੀਦਾਬਾਦ ਲੰਮਾ ਪਿਆ ਸੀ। ਇਨ੍ਹਾਂ ਨੂੰ ਸਾਰੀ ਗੱਲ ਬਾਤ ਸਮਝਾ ਕੇ ਵਾਪਸ ਸਿਧੇ ਪਿੰਡ ਨੂੰ ਤੋਰ ਦਿਤਾ।

ਹੁਣ ਰੇਲ ਦੀ ਲਾਈਨ ਦੇ ਨਾਲ ਨਾਲ ਹੋ ਕੇ ਦੋਵੇਂ ਸਜਣ ਇਹ ਖਿਆਲ ਕਰ ਕੇ ਕਿ ਹੁਣ ਲੋ ਲਗਣ ਵਾਲੀ ਹੈ ਤੇ ਇਸ ਵੇਲੇ ਕੋਈ ਜਥਾ ਨਹੀਂ ਆਉਣ ਲਗਾ, ਭਾ: ਉਤਮ ਸਿੰਘ ਦੇ ਕਾਰਖ਼ਾਨੇ ਨੂੰ ਤੁਰ ਪਏ। ਜਦ ਇਹ ਰੇਲ ਦੀ ਲਾਈਨ ਦੇ ਨਾਲ ਨਾਲ ਆਪਣੀ ਧੁਨ ਵਿਚ ਤੁਰੀ ਜਾਂਦੇ ਸਨ ਤਾਂ ਘੋੜਿਆਂ ਦੀਆਂ ਟਾਪਾਂ ਸੁਣ ਕੇ ਇਕ ਛਵ੍ਹੀ ਵਾਲਾ ਬੰਦਾ ਇਨ੍ਹਾਂ ਵਲ ਆਇਆ ਤੇ ਲਲਕਾਰਾ ਮਾਰ ਕੇ ਆਖਣ ਲਗਾ–ਤੁਸੀਂ ਕੌਣ ਜੇ ਤੇ ਕਿਥੇ ਜਾਣਾ ਹੈ ?

ਭਾ: ਬੂਟਾ ਸਿੰਘ ਨੇ ਆਖਿਆ ਕਿ ਅਸੀਂ ਆਪਣੇ ਪਿੰਡੋਂ ਆਏ ਹਾਂ ਤੇ ਸਵੇਰ ਵਾਲੀ ਗਡੀ ਚੜ੍ਹਨ ਲਈ ਸਟੇਸ਼ਨ ਨੂੰ ਜਾ ਰਹੇ ਹਾਂ, ਤੂੰ ਦਸ ਸਾਨੂੰ ਕੀ ਆਖਣਾ ਹੈ। ਉਹ ਚੁਪ ਕਰ ਗਿਆ ਤੇ ਇਹ ਸਿਧੇ ਕਾਰਖ਼ਾਨੇ ਨੂੰ ਚਲੇ ਗਏ।

ਸ਼ਹੀਦੀ ਲਈ ਦੌੜਨਾ

ਕਾਰਖ਼ਾਨੇ ਪੁਜ ਕੇ ਮੰਜਿਆਂ ਤੇ ਆਮ੍ਹੋ-ਸਾਹਮਣੇ ਇਕ ਉਤੇ ਭਾ:ਉਤਮ ਸਿੰਘ

ਤੇ ਭਾ: ਬੂਟਾ ਸਿੰਘ ਅਤੇ ਦੂਜੇ ਤੇ ਭਾ: ਦਲੀਪ ਸਿੰਘ ਤੇ ਭਾ: ਕੇਸਰ ਸਿੰਘ ਬੈਠ ਗਏ। ਭਾ: ਦਲੀਪ ਸਿੰਘ ਜੀ ਕਿਸੇ ਵੇਲੇ ਨੇਤ੍ਰ ਮੀਟ ਲੈਂਦੇ ਹਨ ਤੇ ਪਲਕ ਕੁ ਮਸਤ ਜਿਹੇ ਰਹਿ ਕੇ ਫੇਰ ਅਧ-ਮੁੰਦੇ ਨੈਣ ਖੋਲ੍ਹ ਦਿੰਦੇ ਹਨ। ਮਾਨੋ ਕਿਸੇ ਬਿਰਤੀ ਵਿਚ ਜੁੜ ਜਾਂਦੇ ਹਨ। ਭਾ: ਬੂਟਾ ਸਿੰਘ ਜੀ ਹਸ ਕੇ ਆਖਣ ਲਗੇ ਕਿ ਸ੍ਰਦਾਰ ਜੀ ਜੇ ਅੱਖਾਂ ਵਿਚ ਜ਼ਰਾ ਉਨੀਂਦਰਾ ਹੈ ਤਾਂ ਆਹ ਲਓ ਰਜਾਈ, ਝਟ ਲੰਮੇ ਪੈ ਕੇ ਲਕ ਸਿਧਾ ਕਰ ਲਓ, ਤਾਂ ਉਹ ਭੀ ਅਗੋਂ ਪਿਆਰੇ ਦੀ ਯਾਦ ਵਿਚ ਫਰਕਦੇ ਬੁਲ੍ਹਾਂ ਨਾਲ ਮੁਸਕ੍ਰਾ ਪਏ ਤੇ ਆਖਣ ਲਗੇ ਕਿ ਭਾਈ ਬੂਟਾ ਸਿੰਘਾ, ਭਲਾ ਇਹ ਵੇਲਾ ਭੀ ਕਿਤੇ ਗੁਰ-ਸਿਖਾਂ ਦੇ ਸੌਣ ਦਾ ਹੈ ? ਤੁਸਾਂ ਇਹ ਕੀ ਭੋਲੀ ਤੇ ਅਨੋਖੀ ਗੱਲ ਆਖੀ ਹੈ।

ਭਾਈ ਬੂਟਾ ਸਿੰਘ ਚੁਪ-ਚੁਪੀਤੇ ਗੜਵੀ ਲੈ ਕੇ ਜੰਗਲ ਫਿਰਨ ਚਲੇ ਗਏ ਅਤੇ ਆਪ ਕੋਟ ਦੀ ਜੇਬ ਵਿਚੋਂ ਬੁੱਜੀਆਂ ਇਲਾਚੀਆਂ ਕਢ ਕੇ ਚਬਣ ਲਗ ਪਏ। ਦੋ ਦੋ ਚਾਰ ਚਾਰ ਇਲਾਚੀਆਂ ਆਪਣੇ ਦੂਜੇ ਸਾਥੀਆਂ ਨੂੰ ਭੀ ਦਿਤੀਆਂ ਤੇ ਉਨ੍ਹਾਂ ਨਾਲ ਇਸ ਭਾਵ ਦੀਆਂ ਗੱਲਾਂ ਬਾਤਾਂ ਕਰ ਰਹੇ ਸਨ ਕਿ ਭਾਈ ਸਾਹਿਬ ਜੀ ਇਹ ਗੁਰਦੁਆਰਾ ਬਿਨਾਂ ਸ਼ਹੀਦੀਆਂ ਦਿਤੇ ਪੰਥ ਦੇ ਕਬਜ਼ੇ ਵਿਚ ਨਹੀਂ ਆਉਣਾ ਹੈ। ਉਹ ਸਿਖ ਬੜੇ ਹੀ ਪੂਰਨ ਭਾਗਾਂ ਵਾਲੇ ਹੋਣਗੇ ਜਿਨ੍ਹਾਂ ਦੇ ਇਥੇ ਇਸ ਪਵਿਤ੍ਰ ਕਾਰਜ ਲਈ ਸਿਰ ਲਗਣਗੇ। ਇਤਨੇ ਨੂੰ ਭਾ: ਉਤਮ ਸਿੰਘ ਚਾਹ ਤਿਆਰ ਕਰਵਾ ਕੇ ਲੈ ਆਏ। ਚਾਹ ਗਲਾਸ ਵਿਚ ਪੁਆ ਕੇ ਰੁਮਾਲ ਨਾਲ ਆਪ ਨੇ ਅਜੇ ਗਲਾਸ ਹੱਥ ਵਿਚ ਫੜਿਆ ਹੀ ਸੀ ਕਿ ਚੌਧਰੀ ਪਾਲ ਸਿੰਘ ਅਤੇ ਭਾ: ਵਰਿਆਮ ਸਿੰਘ ਦੱਮ ਚੜ੍ਹੇ ਭਜੇ ਆਉਂਦੇ ਹਨ, ਦਰਵਾਜ਼ੇ ਵਿਚ ਵੜਦਿਆਂ ਹੀ ਇਨ੍ਹਾਂ ਨੇ ਅਜਿਹੀ ਜ਼ੋਰ ਦੀ ਦਿਲ-ਚੀਰਵੀਂ ਢਾਹ ਮਾਰੀ ਕਿ ਸਭ ਦੇ ਤ੍ਰਾਹ ਨਿਕਲ ਗਏ ਅਤੇ ਦਿਲ ਕੰਬਣ ਲਗ ਪਏ ਕਿ ਹੈਂ ਇਹ ਕੀ ਭਾਣਾ ਵਰਤ ਗਿਆ !

ਇਨ੍ਹਾਂ ਦੋਹਾਂ ਸਜਣਾਂ ਨੇ ਡੂਸਕਾਰੇ ਭਰਦਿਆਂ, ਹੰਝੂ ਕੇਰ ਕੇਰ ਕੇ ਰੁਕੇ ਹੋਏ ਗਲ ਨਾਲ ਇਹ ਗੱਲ ਆਖੀ ਕਿ ਭਾ: ਲਛਮਣ ਸਿੰਘ ਦਾ ਜੱਥਾ ਸਾਥੋਂ ਬਦੋ-ਬਦੀ ਚਲਾ ਗਿਆ ਹੈ ਤੇ ਉਸ ਉਤੇ ਪਾਪੀਆਂ ਵਲੋਂ ਗੋਲੀ ਚਲ ਰਹੀ ਹੈ। ਜਦ ਕਮਰਿਓਂ ਬਾਹਰ ਨਿਕਲ ਕੇ ਇਨ੍ਹਾਂ ਵੌੜ ਲਈ ਤਾਂ ਠਾਹ ਠਾਹ ਬੰਦੂਕਾਂ ਦੇ ਚਲਣ ਦੀਆਂ ਕਈ ਆਵਾਜ਼ਾਂ ਸੁਣੀਆਂ। ਭਾ: ਦਲੀਪ ਸਿੰਘ ਹੁਰੀ ਇਹ ਖੜਾਕ ਸੁਣਦਿਆਂ ਮਾਰ

ਇਹ ਆਖ ਕੇ ਸਿਧੇ ਜਨਮ ਅਸਥਾਨ ਨੂੰ ਉਠ ਨਸੇ "ਕਿ ਮੈਂ ਜਾਨਾ ਹਾਂ ਤੇ ਮਹੰਤ ਨੂੰ ਅਜਿਹੇ ਭੈੜੇ ਕਾਰੇ ਤੋਂ ਰੋਕਦਾ ਹਾਂ ਤੇ ਲਛਮਣ ਸਿੰਘ ਨੂੰ ਭੀ ਦਾਹੋਂ ਫੜ ਕੇ ਗੁਰਦੁਆਰੇ ਵਿਚੋਂ ਉਠਾ ਲਿਆਉਂਦਾ ਹਾਂ"। ਭਾ: ਉਤਮ ਸਿੰਘ ਨੇ ਅਗੋਂ ਵਲ ਕੇ ਭਾ: ਦਲੀਪ ਸਿੰਘ ਨੂੰ ਇਹ ਗਲ ਆਖੀ "ਕਿ ਸ੍ਰਦਾਰ ਜੀ ਇਸ ਤਰ੍ਹਾਂ ਇਕੱਲਿਆਂ ਖਾਲੀ ਹੱਥੀਂ ਜਾ ਕੇ ਕੀ ਕਰਨਾ ਹੈ, ਜ਼ਾਲਮਾਂ ਦੇ ਸਿਰੀਂ ਖ਼ੂਨ ਸੁਆਰ ਹੋ ਚੁਕਾ ਹੈ। ਉਹ ਭਲਾ ਹੁਣ ਕਿਸ ਤਰ੍ਹਾਂ ਰੁਕ ਸਕਦੇ ਹਨ। ਇਹ ਬਿਧਨਾਂ ਹੁਣ ਪੂਰੀਆਂ ਹੋ ਕੇ ਹੀ ਰਹਿਣਗੀਆਂ। ਤੁਸੀਂ ਏਦਾਂ ਜਾ ਕੇ ਖਤਾ ਖਾਓਗੇ। ਚੰਗਾ ਹੋਵੇ ਜੋ ਸਾਡੇ ਨਾਲ ਕੁਝ ਹੋਰ ਜਥੇ ਦੇ ਸਿੰਘ ਸ਼ਾਮਲ ਹੋਣ ਤੇ ਸਾਰੇ ਸਾਂਝੇ ਬਲ ਨਾਲ ਜ਼ਾਲਮ ਨੂੰ ਚਲ ਕੇ ਦੋ ਹੱਥ ਵਿਖਾਉਣ। ਇਸ ਤਰ੍ਹਾਂ ਜ਼ੋਰਾਵਰੀ ਕਰਨੀ ਠੀਕ ਨਹੀਂ ਹੈ, ਐਵੇਂ ਪਿਆਰੀ ਜਾਨ ਅਜਾਈਂ ਗਵਾਉਣ ਦੀ ਕਿਉਂ ਕਰਦੇ ਜੇ ?" ਪਰ ਆਪ ਨ ਰੁਕੇ ਤੇ ਆਖਣ ਲਗੇ ਕਿ "ਭਾਈ ਉਤਮ ਸਿੰਘ ਜੀ ਇਹ ਤੁਹਾਡਾ ਐਵੇਂ ਭਰਮ ਹੈ। ਜੋ ਸੁਆਦ ਮਰਨ ਵਿਚ ਹੈ ਉਹ ਮਾਰਨ ਵਿਚ ਨਹੀਂ ਹੈ, ਜਿਸ ਨੂੰ ਮਰਨ ਦੀ ਜਾਚ ਨਹੀਂ, ਉਸ ਨੂੰ ਜੀਊਣਾ ਭੀ ਨਹੀਂ ਆਉਂਦਾ। ਅਮਰ ਜੀਵਨ ਉਹੋ ਪਾਉਂਦੇ ਹਨ ਜਿਨ੍ਹਾਂ ਨੂੰ ਮਰਨ ਦੀ ਪਰਖ ਹੁੰਦੀ ਹੈ।" ਇਹ ਰੀਝਾਂ ਵਾਲੇ ਭਾਵ ਦਸਦੇ ਹਨ ਕਿ ਆਪ ਸ਼ਹਾਦਤ ਦੇ ਪਵਿਤ੍ਰ ਬਾਟੇ ਨੂੰ ਛਕਣ ਲਈ ਦਿਲੀ-ਪ੍ਰੇਮ ਅਰ ਹੁਬ ਨਾਲ ਹਰ ਵੇਲੇ ਹੀ ਕਮਰ ਕਸੇ ਕਰੀ ਬੈਠੇ ਸਨ।

ਏਨੀਆਂ ਗੱਲਾਂ ਕਰ ਕੇ ਕੁਰਬਾਨੀ ਦੇ ਪੁਤਲੇ ਬਣ ਕੇ ਸਿਧੇ ਵਾਹੋ-ਦਾਹੀ ਸ਼ੂਟ ਵਟ ਕੇ ਦਰਬਾਰ ਸਾਹਿਬ ਨੂੰ ਸਿਰਤੋੜ ਦੌੜ ਪਏ ਤੇ ਉਸ ਸ਼ਹੀਦੀ ਪੁਰਬ ਵਿਚ ਜਾ ਛਾਲ ਮਾਰੀ, ਜਿਥੇ ਧਰਮੀ ਦੂਲਿਆਂ ਦੀ ਪਰਖ ਹੋ ਰਹੀ ਸੀ। ਰਾਹ ਵਿਚ ਭਜੇ ਆਉਂਦਿਆਂ ਨੂੰ ਕਈ ਜਾਣੂ ਸਜਣ ਮਿਲੇ, ਉਨ੍ਹਾਂ ਨੇ ਜੱਫੇ ਤੇ ਕਲਾਵੇ ਭਰ ਕੇ ਪਿਛਾਂਹ ਮੋੜਨ ਦੇ ਬਤੇਰੇ ਤ੍ਰਲੇ ਲਏ ਤੇ ਇਹ ਗੱਲ ਸਪੱਸ਼ਟ ਕਰ ਕੇ ਦ੍ਰਿੜ੍ਹ ਕਰਾਈ ਕਿ ਸ: ਦਲੀਪ ਸਿੰਘ ਜੀ, ਅਜ ਦਰਬਾਰ ਸਾਹਿਬ ਜਾਣ ਦਾ ਸਮਾਂ ਨਹੀਂ ਹੈ, ਕਿਉਂ ਆਪਣੀ ਕੀਮਤੀ ਜਾਨ ਤੇ ਖੇਡਦੇ ਹੋ ? ਪਰ ਆਪ ਦੇ ਨਿਰਮਲ ਹਿਰਦੇ ਨੂੰ ਤਾਂ ਕਿਸੇ ਨੇ ਥੋੜ੍ਹਾ ਹੀ ਅੰਦਰ ਵੜ ਕੇ ਵੇਖਿਆ ਸੀ। ਉਨ੍ਹਾਂ ਦੀ ਲਗਨ, ਮਗਨਤਾ,

ਕੁਰਬਾਨੀ ਅਤੇ ਸਚੇ ਪ੍ਰੇਮ ਨੂੰ ਉਹ ਆਪਣੇ ਆਪ ਹੀ ਜਾਣ ਸਕਦੇ ਸਨ ? ਭਲਾ ਦੂਜਿਆਂ ਪਾਸੋਂ ਇਹ ਗੱਲਾਂ ਕਿਵੇਂ ਲਖੀਆਂ ਜਾ ਸਕਦੀਆਂ ਸਨ । ਨਾਲੇ ਇਸ ਵੇਲੇ ਰੁਕੇ ਉਹ, ਜਿਸ ਦੇ ਦਿਲ ਵਿਚ ਮੌਤ ਦਾ ਡਰ ਹੋਵੇ, ਜਾਂ ਸਿਖੀ ਅਣਖ ਦਾ ਘਾਟਾ ਹੋਵੇ।

ਧੰਨ ਹਨ ਸਤਿਗੁਰੂ ਕਲਗੀਆਂ ਵਾਲੇ ਤੇ ਧੰਨ ਹਨ ਉਨ੍ਹਾਂ ਦੇ ਬੀਰ ਬਹਾਦਰ ਸਿੰਘ ! ਸਾਮ੍ਹਣਿਓਂ ਮੀਂਹ ਵਾਂਗ ਗੋਲੀਆਂ ਦੀ ਵਾਛੜ ਆ ਰਹੀ ਹੈ, ਬੰਦੂਕਾਂ ਦੀ ਠਾਹ ਠਾਹ ਨਾਲ ਕਾਇਰਾਂ ਦੇ ਦਿਲ ਸਹਿਮ ਨਾਲ ਕੰਬ ਰਹੇ ਹਨ । ਸਭ ਜਾਣਕਾਰ ਇਸ ਗੱਲ ਨੂੰ ਭਲੀ ਪ੍ਰਕਾਰ ਆਪਣੀਆਂ ਅੱਖਾਂ ਦੇ ਸਾਮ੍ਹਣੇ ਗੁਰ ਸਿੱਖਾਂ ਦੇ ਸੀਨੇ ਗੋਲੀਆਂ ਨਾਲ ਵਿਧ ਕੇ ਛਾਨਣੀ ਛਾਨਣੀ ਹੁੰਦੇ ਪ੍ਰਤੱਖ ਵੇਖ ਰਹੇ ਹਨ । ਭਾਈ ਦਲੀਪ ਸਿੰਘ ਭੀ ਇਸ ਗੱਲ ਤੋਂ ਅਨਜਾਣ ਨਹੀਂ ਹਨ । ਇਨ੍ਹਾਂ ਨੂੰ ਭਲੀ ਪ੍ਰਕਾਰ ਇਹ ਗੱਲ ਦ੍ਰਿੜ੍ਹ ਹੋ ਚੁਕੀ ਹੈ ਕਿ ਮੇਰਾ ਭੀ ਭਰਾਵਾਂ ਦੇ ਨਾਲ ਇਹੋ ਹਾਲ ਹੀ ਹੋਵੇਗਾ, ਪਰ ਤਾਂ ਭੀ ਗੁਰ-ਚਰਨਾਂ ਦਾ ਭੌਰਾ ਸਿਧੇ ਮੱਥੇ ਅਗਾਂਹ ਹੀ ਸ਼ੂਟ ਵਟੀ ਜਾਂਦਾ ਹੈ । ਪਤੰਗੇ ਨੂੰ ਪਤਾ ਹੁੰਦਾ ਹੈ ਕਿ ਜੇ ਮੈਂ ਅਗਾਂਹ ਵਧਿਆ ਤਾਂ ਦੀਵੇ ਦੀ ਲਾਟ ਸਾੜ ਕੇ ਸੁਆਹ ਕਰ ਦੇਵੇਗੀ, ਪਰ ਤਦ ਭੀ ਸੁੱਚੀ ਪ੍ਰੀਤ ਦੀ ਏਡੀ ਖਿਚ ਹੈ ਕਿ ਉਹ ਝਟ ਛਾਲ ਮਾਰ ਕੇ ਬਲਦੀ ਲਾਟ ਵਿਚ ਜਾ ਪੈਂਦਾ ਹੈ ਤੇ ਆਪਣੇ ਪ੍ਰੀਤਮ ਦੀ ਗੋਦੀ ਵਿਚ ਜਾ ਸਮਾਂਦਾ ਹੈ। ਜਦ ਪਤੰਗੇ ਦਾ ਇਹ ਹਾਲ ਹੈ ਤਾਂ ਗੁਰਸਿਖ ਜੋ ਆਪਣੇ ਸਤਿਗੁਰਾਂ ਦੇ ਪਵਿੱਤ੍ਰ ਚਰਨ ਕਮਲਾਂ ਦੇ ਸਚੇ ਆਸ਼ਕ ਹਨ ਤੇ ਜਿਨ੍ਹਾਂ ਨੇ ਪਹਿਲੇ ਦਿਨੋਂ ਹੀ ਆਪਣਾ ਤਨ, ਮਨ ਤੇ ਧਨ ਸਭ ਗੁਰੂ ਅਰਪਨ ਕੀਤਾ ਹੁੰਦਾ ਹੈ, ਉਹ ਭਲਾ ਮੌਤ ਵਲੋਂ ਕਿਵੇਂ ਮੂੰਹ ਮੋੜ ਸਕਦੇ ਹਨ ? "ਸਿਰ ਜਾਏ ਤੇ ਜਾਏ ਮੇਰਾ ਸਿਖੀ ਸਿਦਕ ਨ ਜਾਏ" ਇਸ ਗੱਲ ਨੂੰ ਅਮਲੀ ਕਰ ਕੇ ਵਿਖਾਉਣ ਦਾ ਨਾਮ ਹੀ ਤਾਂ ਸਿਖੀ ਹੈ। ਇਹ ਇਨਾਂ ਸਿਰ ਦਿਤੇ ਦੇ ਕਮਾਉਣੀ ਬਹੁਤ ਔਖੀ ਹੈ।

ਆਪ ਦਰਬਾਰ ਸਾਹਿਬ ਪੁਜੇ, ਅਗੋਂ ਦਰਸ਼ਨੀ ਡਿਉੜ੍ਹੀ ਦਾ ਅੰਦਰੋਂ ਬੂਹਾ ਬੰਦ ਸੀ, ਤਾਂ ਦਰਬਾਰ ਸਾਹਿਬ ਦੇ ਦਖਣੀ ਬੁਰਜ ਦੇ ਸਾਮ੍ਹਣੇ ਇਕ ਟਾਹਲੀ ਦੇ ਬੂਟੇ ਥਲੇ ਖੜੋ ਕੇ ਕੀ ਕਰਤਾਰ ਦੇ ਰੰਗ ਵੇਖਦੇ ਹਨ ਕਿ ਜਿਸ ਸੁਹਾਵਣੀ ਚਾਰਦੀਵਾਰੀ ਅੰਦਰ ਪਵਿਤ੍ਰ ਧਰਤੀ ਤੇ ਨਾਮ ਰਸ ਦੇ ਪ੍ਰੇਮੀ ਤੇ ਨਿਸ਼ਕਾਮ ਸੇਵਾ ਦੇ ਭੁਖੇ, ਪ੍ਰਕਰਮਾਂ ਕਰਕੇ ਸੰਗਤਾਂ ਦੀਆਂ ਪਵਿਤ੍ਰ ਚਰਨ ਧੂੜਾਂ ਮਸਤਕਾਂ ਨੂੰ

ਲਾ ਕੇ ਖੀਵੇ ਤੇ ਮਤਵਾਲੇ ਹੁੰਦੇ ਹਨ ਉਥੇ ਅਜ ਨਿਰਦੋਸ਼ ਧਰਮੀ ਗੁਰੂ ਦੁਲਾਰਿਆਂ ਦੀ ਕਤਲਆਮ ਹੋ ਰਹੀ ਹੈ। ਗੋਲੀਆਂ ਨਾਲ ਭੁੰਨ ਕੇ ਜਲ-ਬਿਹੀਨ ਮਛਲੀ ਵਾਂਗ ਤੜਫਾਇਆ ਜਾ ਰਿਹਾ ਹੈ।

ਜਿਸ ਚੋਜੀ ਦੇ ਦਰਬਾਰ ਵਿਚੋਂ ਅੰਮ੍ਰਿਤ ਵੇਲੇ ਮਿਠੇ ਇਲਾਹੀ ਕੀਰਤਨ ਦੀਆਂ ਗੁੰਜਾਰਾਂ ਰਾਗ ਦੀਆਂ ਧੁਨੀਆਂ ਨਾਲ ਉਠਣੀਆਂ ਸਨ, ਉਸ ਪ੍ਰੇਮ-ਮਈ ਬਾਣੀ ਨੂੰ ਸੁਣ ਕੇ ਸੰਗਤਾਂ ਨੇ ਖੀਵਿਆਂ ਹੋਣਾ ਸੀ ਤੇ ਮਸਤਾਨੀ ਸੁਰ ਨਾਲ ਸ੍ਰੋਤਿਆਂ ਦੇ ਮਨ ਵਿਧੇ ਜਾਣੇ ਸਨ। ਅਜ ਉਸੇ ਸਚ-ਖੰਡੀ ਗੁਰੂ ਦਰਬਾਰ ਵਿਚ ਮਨ ਤਨ ਗੋਲੀਆਂ ਨਾਲ ਵਿੰਨ੍ਹੇ ਜਾ ਰਹੇ ਹਨ। ਦੇਵਤਿਆਂ ਦੇ ਅੰਮ੍ਰਿਤ ਵੇਲੇ ਨੂੰ ਅਜ ਦੈਂਤੀ ਟੋਲੇ ਨੇ ਬੰਦੂਕਾਂ ਦੀ ਕਾੜ ਕਾੜ ਤੇ ਛਵੀਆਂ ਦੀ ਚਮਕਾਰ ਨਾਲ ਰਾਖਸ਼ਾਂ ਦਾ ਰਣ ਤਤਾ ਬਣਾ ਦਿਤਾ ਹੈ। ਵਾਹ ! ਦਾਤਾ ਜਿਥੇ ਗੁਰਚਰਨਾਂ ਦੇ ਭੌਰਿਆਂ ਨੇ ਨਾਮ ਬਾਣੀ ਵਿਚ ਰੰਗ ਕੇ ਖੀਵੇ ਹੋਣਾ ਸੀ ਉਥੇ ਅਜ ਉਨ੍ਹਾਂ ਦੇ ਸਥਰ ਲਾਹ ਕੇ ਲਹੂ ਦੇ ਘਾਣ ਵਗਾ ਦਿਤੇ ਹਨ। ਹੇ ਕਰਤਾਰ ! ਤੇਰੇ ਜੇਹੜੇ ਪ੍ਰੇਮੀ ਸੰਗਤਾਂ ਦੀ ਪਖਿਆਂ ਨਾਲ ਸੇਵਾ ਕਰਿਆ ਕਰਦੇ ਸਨ, ਉਨ੍ਹਾਂ ਨੂੰ ਇਹ ਜ਼ਾਲਮ ਮਿੱਟੀ ਦਾ ਤੇਲ ਪਾ ਕੇ ਭੜਥਾ ਕਰ ਰਹੇ ਹਨ।

ਸ: ਦਲੀਪ ਸਿੰਘ ਜੀ ਇਨ੍ਹਾਂ ਖ਼ਿਆਲਾਂ ਦੇ ਸੋਚ-ਸਮੁੰਦਰਾਂ ਵਿਚ ਮਸਤ ਹੋਏ ਤਾਰੀਆਂ ਲਾਈ ਔਧਰ ਔਧਰ ਭੌਂ ਕੇ ਮਹੰਤ ਦੀ ਭਾਲ ਕਰ ਰਹੇ ਸਨ, ਜੋ ਬੁਰਛਿਆਂ ਦੀ ਧਾੜ ਮੋਢਿਆਂ ਤੇ ਲਹੂ ਨਾਲ ਲਿਬੜੀਆਂ ਛਵੀਆਂ ਰਖੀ ਸ਼ਰਾਬ ਦੇ ਲੋਰ ਵਿਚ ਵਾ-ਦਵਾ ਬਕਦੀ, ਪਰਲੇ ਪਾਸਿਓਂ ਸ: ਦਲੀਪ ਸਿੰਘ ਵਲ ਆ ਨਿਕਲੀ। ਇਨ੍ਹਾਂ ਹੈਂਸਿਆਰਿਆਂ ਨੂੰ ਆਪਣੇ ਵਲ ਆਉਂਦਿਆਂ ਤਕ ਕੇ ਸਰਦਾਰ ਜੀ ਨੇ ਪੁਛਿਆ ਕਿ ਮਹੰਤ ਸਾਹਿਬ ਕਿਥੇ ਹਨ ? ਮੈਂ ਉਨ੍ਹਾਂ ਨੂੰ ਮਿਲਣਾ ਹੈ। ਬੁਰਛਿਆਂ ਤੈਸ਼ ਵਿਚ ਆ ਕੇ ਉਤ੍ਰ ਦਿਤਾ ਕਿ ਤੂੰ ਮਹੰਤ ਨੂੰ ਕੀ ਆਖਣਾ ਹੈ ? ਤੂੰ ਦਸ ਕੌਣ ਹੁੰਦਾ ਏਂ ? ਇਸ ਵੇਲੇ ਆਪ ਦੇ ਸੀਸ ਤੇ ਚਿਟੀ ਦਸਤਾਰ ਸੀ। ਸਰਦਾਰ ਜੀ ਨੇ ਕਿਹਾ ਕਿ ਭਾਈ ਹਾਂ ਤਾਂ ਮੈਂ ਸਿਖ ਤੁਸੀਂ ਦਸੋ ਮਹੰਤ ਹੁਰੀਂ ਕਿਥੇ ਮਿਲਣਗੇ ? ਉਨ੍ਹਾਂ ਕੋਈ ਉਤ੍ਰ ਨ ਦਿਤਾ ਤੇ ਫੇਰ ਪੁਛਿਆ ਕਿ ਅਸੀਂ ਤੈਨੂੰ ਆਹਨੇ ਹਾਂ ਕਿ ਤੂੰ ਦਸ ਹੈਂ ਕੌਣ ? ਏਨੇ ਨੂੰ ਲਧੂ ਅਗੇ ਵਧਿਆ ਤੇ ਛਵ੍ਹੀ ਦੀ ਡਾਂਗ ਨਾਲ ਵਖੀ ਵਿਚ ਹੁਜ ਮਾਰੀ ਤੇ ਆਪ ਦੇ ਕੋਟ ਦਾ ਪਲਾ ਚੁਕਿਆ ਗਿਆ ਤੇ ਹੇਠੋਂ

ਕ੍ਰਿਪਾਨ ਨਜ਼ਰ ਪੈ ਗਈ ਤਾਂ ਲਧੂ ਨੇ ਝਟ ਛਵ੍ਹੀ ਨਾਲ ਆਪ ਦੇ ਮੋਢੇ ਤੇ ਕਾਰਾ ਵਾਰ ਕੀਤਾ। ਇਸ ਦੇ ਨਾਲ ਹੀ ਮਹੰਤ ਨਰੈਣ ਦਾਸ ਜੋ ਪਰਲੀ ਲਾਂਭਿਓਂ ਆਇਆ ਉਸ ਨੇ ਦੂਰੋਂ ਹੀ ਪਸਤੌਲ ਦਾ ਫਾਇਰ ਕਰ ਦਿਤਾ। ਆਪ ਭੌਂ ਤੇ ਵਾਹਿਗੁਰੂ ਵਾਹਿਗੁਰੂ ਕਰਦੇ ਡਿਗ ਪਏ। ਬਸ ਫੇਰ ਕੀ ਸੀ, ਸਾਰੇ ਅਕਾਲੀ ਅਕਾਲੀ ਕਰਕੇ ਆਪ ਉਤੇ ਟੁਟ ਕੇ ਪੈ ਗਏ ਤੇ ਜੀਊਂਦਿਆਂ ਨੂੰ ਹੀ ਲਤਾਂ ਤੋਂ ਫੜ ਕੇ ਘੁਮਿਆਰਾਂ ਦੀ ਮਘਦੀ ਭਠੀ ਵਲ ਧੂਹ ਤੁਰੇ। ਆਪ ਨੇ ਇਸ ਸਮੇਂ ਆਪਣੇ ਖੀਸੇ ਵਿਚੋਂ ਕਢ ਕੇ* ਉੱਨੀ ਸੌ ਰੁਪਏ ਦੇ ਸੌ ਸੌ ਵਾਲੇ ਨੋਟਾਂ ਦੀ ਦਥੀ ਪਰ੍ਹੇ ਸੁਟ ਕੇ ਆਖਿਆ ਕਿ ਲਓ ਗੁਰਮੁਖੋ! ਇਹ ਤਾਂ ਨਾਲ ਨ ਸੜਨ, ਕਿਸੇ ਲੋੜਵੰਦ ਦੇ ਕੰਮ ਆ ਜਾਣਗੇ। ਜ਼ਾਲਮਾਂ ਨੇ ਇਹ ਨੋਟ ਕਾਬੂ ਕਰ ਲਏ। ਇਸ ਦੇ ਨਾਲ ਹੀ ਦੁਸ਼ਟਾਂ ਨੇ ਇਸ ਧਰਮ ਦੇ ਪੁਤਲੇ ਦਾ ਜ਼ਖ਼ਮੀ ਸਰੀਰ ਲਤਾਂ ਅਤੇ ਬਾਹਵਾਂ ਤੋਂ ਫੜ ਕੇ ਹੁਲਾਰੇ ਨਾਲ ਵਗਾਹ ਦੇ ਕੇ ਘੁਮਿਆਰਾਂ ਦੀ ਬਲ ਰਹੀ ਭਠੀ ਵਿਚ ਝੋਕ ਦਿਤਾ। ਖੇਮਾਂ ਤੇ ਬੂੜਾ ਚੁਮਿਆਰ ਕੋਟ ਸਾਧੂ ਰਾਮ ਤੇ ਉਸ ਦੇ ਨਾਲ ਕੁਝ ਚੂਹੜੇ ਮਿੱਟੀ ਦਾ ਤੇਲ ਪੀਪਿਆਂ ਵਿਚੋਂ ਬਬਰ ਭਰ ਭਰ ਕੇ ਪਾਈ ਜਾਂਦੇ ਸਨ। ਦੁਸ਼ਟਾਂ ਨੇ ਆਪ ਦਾ ਨਰਮ ਸਰੀਰ ਛੱਲੀ ਵਾਂਗ ਭੁੰਨ ਸੁਟਿਆ ਪਰ ਜੋ ਅੱਗ ਆਪ ਦੀ ਆਤਮਾ ਵਿਚ ਜਲ ਰਹੀ ਸੀ, ਉਸ ਨੂੰ ਭਲਾ ਇਹ ਭਠੀ ਦੀ ਅਗ ਕਿਵੇਂ ਜਲਾ ਸਕਦੀ ਸੀ। ਧੰਨ ਸਿਖੀ ਸਿਦਕ ਹੈ ਕਿ ਇਸ ਤਰ੍ਹਾਂ ਬਤਾਊਂ ਵਾਂਗ ਭੜਥਾ ਹੁੰਦਿਆਂ ਭੀ ਆਪ ਦੇ ਮੁਖੋਂ ਧਨ ਵਾਹਿਗੁਰੂ ਦੀ ਧੁਨ ਨਿਕਲ ਰਹੀ ਸੀ। ਸ਼ਹਾਦਤ ਦਾ ਪਿਆਲਾ ਇਸ ਤਰ੍ਹਾਂ ਗਟਾ ਗਟ ਕਰਕੇ ਪੀਣਾ ਕੋਈ ਸੌਖੀ ਗਲ ਨਹੀਂ ਹੈ। ਇਹ ਵਾਰਤਾ ਸੁਣਦਿਆਂ ਸਾਰ ਹੀ ਮਨੁਖੀ ਸਰੀਰ ਦੇ ਰੌਂਗਟੇ ਖੜੇ ਹੋ ਜਾਂਦੇ ਹਨ। ਪਰ ਜੇ ਕੋਈ ਸਿਦਕ ਤੇ ਭਰੋਸੇ ਨਾਲ ਗੁਰੂ ਦੇ ਭਾਣੇ ਅੰਦਰ ਇਸ ਤਰ੍ਹਾਂ ਸ਼ਹੀਦੀ ਬਾਟਾ ਛਕ ਲਵੇ ਤਾਂ ਉਸ ਦਾ ਸੁਆਦ ਇਸ ਨੂੰ ਪੀਣ ਵਾਲਾ ਹੀ ਦਸ ਸਕਦਾ ਹੈ। ਮਰਨਾ ਤਿ ਅੰਤ ਦੀ ਬਾਕੀ ਸਭ ਨੇ ਹੈ ਪਰ ਇਸ ਤਰ੍ਹਾਂ ਖਿੜੇ-ਮੱਥੇ ਸੂਰਮਿਆਂ ਦੀ ਮੌਤੇ ਮਰਨ ਨਾਲ ਕੌਮਾਂ ਅੰਦਰ ਰੂਹਾਂ

---

*ਆਪ ਦੇ ਮੁਨਸ਼ੀ ਭਾਈ ਰਾਜਾ ਸਿੰਘ ਦਾ ਬਿਆਨ ਹੈ ਕਿ ਇਨ੍ਹਾਂ ਨੂੰ ਅੰਮ੍ਰਿਤਸਰ ਜਾਣ ਸਮੇਂ ਮੈਂ ਵਹੀ ਤੇ ਦੋ ਹਜ਼ਾਰ ਰੁਪਿਆ ਦਰਜ ਕਰਕੇ ਸੌ ਸੌ ਰੁਪਏ ਦੇ ਵੀਹ ਨੋਟ ਖੱਡੀਆਂ ਖ਼ਰੀਦਣ ਲਈ ਦਸਖ਼ਤ ਕਰਾ ਕੇ ਦਿਤੇ ਸਨ। ਇਨ੍ਹਾਂ ਵਿਚੋਂ ਇਕ ਸੌ ਦਾ ਨੋਟ ਆਪ ਚੂਹੜਕਾਣੇ ਮੰਡੀ ਤੜੌਣ ਲਈ ਦੇ ਆਏ ਸਨ। ਤੇ ਬਾਕੀ ਇਹ ਉਨੀ ਸੌ ਰੁਪਏ ਦੇ ਨੋਟ ਸਨ ਜੋ ਜ਼ਾਲਮਾਂ ਲੁਟ ਲਏ।

ਸ਼ਹੀਦ ਗੰਜ ਭਾਈ ਦਲੀਪ ਸਿੰਘ ਜੀ

ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ । ਮਰਨੇ ਹੀ ਤ ਪਾਈਐ ਪੂਰਨੁ ਪਰਮਾਨੰਦੁ ।



ਇਹ ਘੁਮਿਆਰਾਂ ਦੀ ਆਵੀ ਸੀ, ਜਿਸ ਵਿਚ ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ, ਭਾਈ ਮਹਿੰਗਾ ਸਿੰਘ, ਭਾਈ ਨਰਾਇਣ ਸਿੰਘ, ਭਾਈ ਕਰਮ ਸਿੰਘ ਚਕ ਨੰ: ੭੫ ਲਹੁਕੇ, ਭਾਈ ਨਰਾਇਣ ਸਿੰਘ ਬੁਰਜ ਚਕ ਨੰਬਰ ੫੫ ਅਤੇ ਭਾਈ ਜਗਤ ਸਿੰਘ ਸਜਾਦਪੁਰ ਨੂੰ ਮਟਕੇ ਤੇਲ ਪਾਕੇ ਫੂਕਿਆ ਗਿਆ ।

ਫੂਕੀਆਂ ਜਾਂਦੀਆਂ ਹਨ ਅਤੇ ਮਰਨ ਵਾਲੇ ਦਾ ਭੀ ਮਰਨਾ ਸੌਂਰ ਜਾਂਦਾ ਹੈ। "ਐਸੀ ਮਰਨੀ ਜੋ ਮਰੈ ਬਹੁਰ ਨ ਮਰਨਾ ਹੋਇ"। ਆਪ ਦੀ ਪਵਿਤ੍ਰ ਆਤਮਾਂ ਵਾਹਿਗੁਰੂ ਵਾਹਿਗੁਰੂ ਉਚਾਰਦੀ ਗੁਰਚਰਨਾਂ ਵਿਚ ਜਾ ਬਿਰਾਜੀ ਤੇ ਇਸ ਦੁਨੀਆਂ ਉਤੇ "ਤਨ ਮਨ ਕਾਟ ਕਾਟ ਸਭ ਅਰਪੀ ਵਿਚ ਅਗਨੀ ਆਪ ਜਲਾਈ" ਦਾ ਪ੍ਰਤਖ ਸਬੂਤ ਕਾਇਮ ਕਰ ਗਈ। ਇਸ ਥਾਂ ਇਸ ਵੇਲੇ ਆਪ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ।*

ਸਿੱਟਾ

ਇਸੇ ਸ਼ਹੀਦੀ ਅੱਗ ਦਾ ਭਾਂਬੜ ਮੁੜ ਹਜ਼ਾਰਾਂ ਲੱਖਾਂ ਸਿੰਘਾਂ ਦੇ ਹਿਰਦੇ ਵਿਚ ਭੜਕ ਉਠਿਆ ਜੋ ਮਗਰੋਂ ਦੀ ਅਕਾਲੀ ਲਹਿਰ ਵਿਚ ਪ੍ਰਗਟ ਹੁੰਦਾ ਰਿਹਾ। ਕੌਮ ਦੇ ਸਿਆਣੇ ਨੇਤਾ ਮਹਿਸੂਸ ਕਰਦੇ ਹਨ ਕਿ ਉਸ ਦਿਨ ਦਾ ਉਠਿਆ ਹੋਇਆ ਸ਼ਹੀਦੀ ਜੋਸ਼ ਜੇ ਕਦੇ ਉਸ ਵੇਲੇ ਬਦਲੇ ਦੀ ਸਪਿਰਟ ਨਾਲ ਕਾਇਰ ਸਾਧਾਂ ਉਤੇ ਹਮਲਾ ਕਰਕੇ ਉਨ੍ਹਾਂ ਨੂੰ ਕਤਲ ਕਰਨ ਤੇ ਖ਼ਰਚ ਹੋ ਜਾਂਦਾ ਤਾਂ ਅਕਾਲੀ ਲਹਿਰ, ਜਿਸ ਨੂੰ ਤਰਨ ਤਾਰਨ ਅਤੇ ਨਨਕਾਣੇ ਸਾਹਿਬ ਦੇ ਸ਼ਹੀਦ ਜਨਮ ਦੇ ਗਏ ਸਨ, ਬਹੁਤ ਦਿਨ ਨ ਜੀਉਂਦੀ ਰਹਿੰਦੀ, ਪਰ ਉਸ ਦਿਨ ਦਾ ਦਬਿਆ ਹੋਇਆ ਸ਼ਹੀਦੀ ਜੋਸ਼ ਬਾਦ ਵਿਚ ਪੰਜ ਸਾਲ ਸਰਕਾਰ ਦੀਆਂ ਸਖ਼ਤੀਆਂ ਅਗੇ ਕੰਮ ਆਇਆ। ਤੀਹ ਹਜ਼ਾਰ ਸਿੰਘ ਜੇਹਲੀਂ ਗਏ। ਸੋਲਾਂ ਲੱਖ ਰੁਪਿਆ ਜੁਰ-ਮਾਨਿਆਂ ਅਤੇ ਜੈਦਾਦਾਂ ਦੀਆਂ ਕੁਰਕੀਆਂ ਵਿਚ ਭਰਿਆ। ਦੋ ਹਜ਼ਾਰ ਤੋਂ ਉਪਰ ਸ਼ਹਾਦਤਾਂ ਦਿੰਦੇ ਸੂਰਬੀਰ ਅਕਾਲੀ ਜੋਧੇ ਜ਼ਖ਼ਮੀ ਹੋਏ। ਤਰਨ ਤਾਰਨ, ਨਨਕਾਣਾ ਸਾਹਿਬ, ਗੁਰੂ ਕੇ ਬਾਗ਼, ਪੰਜਾ ਸਾਹਿਬ, ਜੈਤੋ ਅਤੇ ਹੋਰ ਜੇਹਲਾਂ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ ਪਾ ਕੇ ਪੂਰੇ ਪੰਜ ਸੌ ਸਿੰਘਾਂ ਦੀ ਸ਼ਹਾਦਤ ਹੋਈ। ਅੰਤ ਦੀ ਬਾਕੀ ਇਹ ਸੁਚਾ ਸ਼ਹੀਦੀ ਜੋਸ਼ ਜਿਤ ਨੂੰ ਪ੍ਰਾਪਤ ਹੋਇਆ ਅਤੇ ਅਜੇ ਤਕ ਉਸੇ ਤਰ੍ਹਾਂ ਕੰਮ ਆ ਰਿਹਾ ਹੈ। ਉਸ ਦਬੇ ਹੋਏ ਸ਼ਹੀਦੀ ਜੋਸ਼ ਨੇ ਪੁਰਾਤਨੀ ਸਿਖਾਂ ਦੇ ਕਾਰਨਾਮਿਆਂ ਨੂੰ ਵੀਹਵੀਂ ਸਦੀ ਦੇ ਲੋਕਾਂ ਸਾਹਮਣੇ ਮੁੜ ਨਵੇਂ ਸਿਰਿਓਂ ਸਿੰਘਾਂ ਦੀ ਸੂਰਬੀਰਤਾ ਤੇ ਸਹਿਨ-ਸੀਲਤਾ ਨੂੰ ਦੁਹਰਾ ਦਿਤਾ ਹੈ ਜਿਸ ਆਸਰੇ ਉਜਲੇ ਮੁਖ ਸਾਰੀ ਦੁਨੀਆਂ ਤੇ ਸਿਖ ਕੌਮ ਉਜਾਗਰ ਹੋ ਰਹੀ ਹੈ।

---

*ਕਮੇਟੀ ਨੇ ਆਪ ਦੀ ਵਿਧਵਾ ਭੈਣ ਬੀਬੀ ਭਗਵਾਨ ਕੌਰ ਅਤੇ ਭਣੇਵੇਂ ਹਜ਼ੂਰ ਸਿੰਘ ਦੇ ਨਾਮ ੨੦) ਮਹੀਨਾ ਪਿੰਨਸ਼ਨ ਲਾ ਦਿੱਤੀ। ਭਣੇਵੇਂ ਦੀ ਪਿੰਨਸ਼ਨ ੧੬-੪-੨੫ ਨੂੰ ਬਾਲਗ਼ ਹੋਣ ਤੇ ਬੰਦ ਕੀਤੀ ਗਈ ਅਤੇ ਗੁਰਦੁਆਰਾ ਕਮੇਟੀ ਦਾ ਖ਼ਜ਼ਾਨਚੀ ਲਾਇਆ ਗਿਆ ਜੋ ਅਜ ਕਲ ੫੦) ਮਹੀਨਾ ਲੈ ਰਿਹਾ ਹੈ। ਪਿੰਨਸ਼ਨ ਦਾ ਜੋੜ ੩-੭-੨੩ ਤੋਂ ੨੯-੨-੩੯ ਤਕ ੧੬੩੭) ਰੁਪਏ ਬਣਦਾ ਹੈ। ੪੨੫) ਰੁਪਏ ਇਕ ਵੇਰ ਕੰਨਿਆਂ ਪਾਠਸ਼ਾਲਾ ਸਾਹੋਵਾਲ ਨੂੰ ਭੀ ਸਹਾਇਤਾ ਦਿਤੀ ਗਈ ਸੀ।

ਟਿੱਬੀ ਜੈ ਸਿੰਘ ਜ਼ਿਲਾ ਮਿੰਟਗੁਮਰੀ ਦੇ ਸ਼ਹੀਦ

ਭਾਈ ਵਰਿਆਮ ਸਿੰਘ ਜੀ

ਆਪ ਦਾ ਜਨਮ ੨ ਮਾਘ ਸੰ: ੧੯੪੫ ਬਿ: ਨੂੰ ਮਾਤਾ ਚੰਦ ਕੌਰ ਦੀ ਕੁਖੋਂ ਭਾਈ ਭਗਵਾਨ ਸਿੰਘ ਦੇ ਘਰ ਟਿੱਬੀ ਜੈ ਸਿੰਘ ਜ਼ਿਲਾ ਮਿੰਟਗੁਮਰੀ ਵਿਚ ਹੋਇਆ। ਇਹ ਨਗਰ ਮਿੰਟਗੁਮਰੀ ਤੋਂ ਪਹਾੜ ਦੀ ਗੁਠੇ ਬਾਰਾਂ ਕੋਹ ਦੇ ਫ਼ਾਸਲੇ ਤੇ ਹੈ। ਇਸ ਨੂੰ ਹਾਮਦ ਸਾਊ ਦੀ ਟਿੱਬੀ ਭੀ ਆਖਦੇ ਹਨ। ਆਪ ਦੇ ਵਡੇ ਭਰਾ ਦਾ ਨਾਮ ਭਾਈ ਬੂਟਾ ਸਿੰਘ ਹੈ।

ਆਪ ਅਜੇ ਰਿੜ੍ਹਣ ਹੀ ਸਿੱਖੇ ਸਨ ਜੋ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ। ਆਪ ਦੇ ਪਿਤਾ ਨੇ ਗੜ੍ਹ ਜ਼ਿਲਾ ਮਿੰਟਗੁਮਰੀ ਵਿਚ ਮੁਰੱਬੇ ਠੇਕੇ ਤੇ ਲਏ ਹੋਏ ਸਨ। ਇਥੇ ਹੀ ਆਪ ਨੇ ਬਾਵਾ ਚਰਨ ਦਾਸ ਪਾਸੋਂ ਧਰਮਸਾਲਾ ਵਿਚ ਗੁਰਮੁਖੀ ਵਿਦਿਆ ਪ੍ਰਾਪਤ ਕੀਤੀ ਅਤੇ ਇਕ ਸਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਚੰਗੇ ਸਰਲ ਪਾਠੀ ਹੋ ਗਏ । ਇਸਦੇ ਬਾਦ ਸਕੂਲ ਵਿਚੋਂ ਪ੍ਰਾਇਮਰੀ ਪਾਸ ਕਰ ਲਈ।

ਨਿਰਬਾਹ ਲਈ ਦੁਕਾਨਦਾਰੀ ਦਾ ਕਾਰ ਵਿਹਾਰ ਕਰਦੇ ਸਨ । ਜ਼ਰਾ ਸਿਆਣੇ-ਬਿਆਣੇ ਹੋਏ ਤਾਂ ਭਾਈ ਲਖਮੀਰ ਸਿੰਘ ਦੇ ਜਥੇ ਪਾਸੋਂ ਅੰਮ੍ਰਿਤ ਪਾਨ ਕਰ ਲਿਆ। ਇਸ ਦਿਨ ਤੋਂ ਆਪ ਦੇ ਜੀਵਨ ਵਿਚ ਖਾਸ ਤਬਦੀਲੀ ਆਉਣ ਲਗੀ। ਸਿਖੀ ਲਈ ਸਿਦਕ ਅਤੇ ਪਿਆਰ ਦੇ ਉਬਾਲ ਜੀ ਵਿਚੋਂ ਉਠਣ ਲਗ ਪਏ। ਆਪ ਦਾ ਸੁਭਾਅ ਬਹੁਤ ਖੁਲਾਸਾ ਅਤੇ ਵਰਤਾਉ ਹਰ ਇਕ ਨਾਲ ਮਿੱਠਾ ਸੀ। ਸੰ: ੧੯੬੮ ਬਿ: ਵਿਚ ਜਦ ਆਪ ਦੀ ਉਮਰ ੨੩ ਸਾਲ ਦੀ ਹੋਈ ਤਾਂ ਮਾਤਾ ਨੇ ਵਿਆਹ ਲਈ ਬੜਾ ਜ਼ੋਰ ਲਾਇਆ ਤਾਂ ਅਗੋਂ ਮਾਤਾ ਨੂੰ ਆਖਣ ਲਗੇ

ਕਿ ਮੈਂ ਸਾਰੀ ਉਮਰ ਗ੍ਰਿਹਸਥ ਧਾਰਨ ਨਹੀਂ ਕਰਨਾ ਹੈ। ਸਾਰਾ ਜੀਵਨ ਗੁਰਮਤ, ਸਿਮਰਨ, ਨਾਮ-ਅਭਿਆਸ-ਕਮਾਈ ਵਿਚ ਖ਼ਰਚ ਕਰ ਦੇਣਾ ਹੈ। ਮਾਤਾ ਦੇ ਦਿਲ ਵਿਚ ਪੁੱਤ੍ਰ ਦੀ ਜੜ੍ਹ ਹਰੀ ਰਖਣ ਦੀ ਬੜੀ ਭਾਰੀ ਲਾਲਸਾ ਸੀ। ਮਨੋਂ ਵਜੋਂ ਹੋਕੇ ਪੁਤ੍ਰ ਦੇ ਮਨ ਤੇ ਜ਼ੋਰ ਪਾਇਆ ਤੇ ਬਾਰ ਬਾਰ ਤਰਲਾ ਕੀਤਾ, ਤਦ ਆਪ ਨੇ ਮਾਂ ਦੀ ਮਮਤਾ ਦੇ ਅਧੀਨ ਹੋ ਕੇ ਬੀਬੀ ਕਰਮ ਭਰੀ ਪੁਤ੍ਰੀ ਭਾਈ ਕਾਲੂ ਨਾਲ ਸ਼ਾਦੀ ਕਰ ਲਈ।

ਆਪ ਦੇ ਗ੍ਰਿਹਿ ਵਿਖੇ ਦੋ ਲੜਕਿਆਂ ਦਾ ਜਨਮ ਹੋਇਆ, ਜੋ ਅਠ ਅਠ ਦਿਨ ਦੇ ਹੋਕੇ ਪੂਰੇ ਹੋ ਜਾਂਦੇ ਰਹੇ। ਇਸ ਵੇਲੇ ਕੇਵਲ ਬੀਬੀ ਜਮਨਾ ਦਈ ਦੁਨਿਆਵੀ ਤੌਰ ਤੇ ਆਪ ਦੀ ਨਿਸ਼ਾਨੀ ਹੈ ਜੋ ਸਾਕੇ ਸਮੇਂ ਢਾਈਆਂ ਮਹੀਨਿਆਂ ਦੀ ਸੀ।

ਪੰਥਕ ਸੇਵਾ ਦੇ ਮੈਦਾਨ ਵਿਚ

ਆਪ ਨੂੰ ਇਕ ਦਿਨ ਉਸ਼ੇਰ-ਸਾਰ ਸੁਪਨਾ ਆਇਆ ਕਿ ਦਸਮੇਸ਼ ਪਿਤਾ ਜੀ ਨੇ ਬਾਹੋਂ ਫੜ ਕੇ ਉਠਾਲ ਦਿਤਾ ਹੈ ਤੇ ਹੁਕਮ ਕੀਤਾ ਹੈ ਕਿ ਭਾਈ ਸਿੱਖਾ ! ਉਠ, ਹੁਣ ਸੌਣ ਦਾ ਵੇਲਾ ਨਹੀਂ ਹੈ, ਇਸ ਵੇਲੇ ਗੁਰਦੁਆਰਿਆਂ ਦੇ ਸੁਧਾਰ ਦਾ ਵੇਲਾ ਹੈ, ਤੂੰ ਭੀ ਜਾਹ ਤੇ ਅਕਾਲੀ ਜਥੇ ਵਿਚ ਸ਼ਾਮਲ ਹੋਕੇ ਸੇਵਾ ਕਰ।

ਅਜੇ ਨਵੀਂ ਨਵੀਂ ਅਕਾਲੀ ਲਹਿਰ ਚਲੀ ਹੋਣ ਕਰਕੇ ਆਪ ਨੂੰ ਇਸ ਗਲ ਦੀ ਵਧੇਰੇ ਸਮਝ ਨਾ ਪਈ ਤੇ ਹੈਰਾਨ ਪ੍ਰੇਸ਼ਾਨ ਜਹੇ ਹੋਕੇ ਬੈਠੇ ਰਹੇ। ਸਵੇਰੇ ਦਿਨ ਚੜ੍ਹਦੇ ਨਾਲ ਹੀ ਘਰੋਂ ਚੁਪ-ਚੁਪੀਤੇ ਬਾਹਰ ਨਿਕਲ ਆਏ ਅਤੇ ਪਿੰਡ ਦੇ ਪਿੰਨਸ਼ਨਰ ਪੁਲਸੀਏ ਹੌਲਦਾਰ ਭਾਈ ਹੇਮ ਸਿੰਘ ਨੂੰ ਸਾਰੇ ਸੁਪਨੇ ਦੀ ਗਲ ਦਸ ਕੇ ਪੁਛਿਆ ਕਿ ਤੁਸੀ ਮੈਨੂੰ ਦਸੋ ਕਿ ਮੈਂ ਹੁਣ ਕਿਸ ਅਕਾਲੀ ਜਥੇ ਵਿਚ ਜਾਕੇ ਸ਼ਾਮਲ ਹੋਵਾਂ, ਉਹ ਜਥਾ ਕਿਥੇ ਹੈ ? ਤਦ ਉਸ ਹੌਲਦਾਰ ਨੇ ਇਨ੍ਹਾਂ ਨੂੰ ਦਸਿਆ ਕਿ ਇਸ ਵੇਲੇ ਅਕਾਲੀਆਂ ਦਾ ਨਵਾਂ ਹੀ ਪੰਥ ਨਿਕਲਿਆ ਹੈ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਮੱਲ ਲਿਆ ਹੈ ਅਤੇ ਰਾਤ ਦਿਨ ਉਸ ਜਥੇ ਦੇ ਮੋਢੀ ਉਥੇ ਹੀ ਰਹਿੰਦੇ ਹਨ। ਤਦ ਆਪ ਨੇ ਹੌਲਦਾਰ ਸਾਹਿਬ ਨੂੰ ਆਖਿਆ ਕਿ ਮੈਂ ਚਾਹੁੰਦਾ ਹਾਂ ਕਿ ਹੁਣੇ ਹੀ ਤੁਰ ਜਾਵਾਂ ਤੇ ਸਾਡੇ ਘਰ ਪਤਾ ਨ ਲਗੇ ਤਦ ਠੀਕ ਹੈ,

ਮੇਰੇ ਪਾਸ ਤਾਂ ਇਸ ਵੇਲੇ ਕਿਰਾਇਆ ਭੀ ਨਹੀਂ ਹੈ। ਤਦ ਹੌਲਦਾਰ ਸਾਹਿਬ ਨੇ ਆਖਿਆ ਕਿ ਭਾਈ ਜੀ ! ਮੇਰੇ ਪਾਸ ਤਾਂ ਇਸ ਵੇਲੇ ਕੇਵਲ ਇਕੋ ਹੀ ਦਮੜਾ ਹੈ, ਜੇ ਇਸ ਨਾਲ ਕੰਮ ਸਰ ਸਕਦਾ ਹੈ ਤਾਂ ਲੈ ਲਓ। ਤਦ ਆਪ ਨੇ ਚੰਗਾ ਆਖ ਕੇ ਰੁਪਿਆ ਤਲੀ ਤੇ ਰਖਾ ਲਿਆ ਤੇ ਮੁੜ ਪੱਗ ਦੇ ਲੜ ਬੰਨ੍ਹਕੇ ਪੈਦਲ ਹੀ ਤਾਂਦਲਿਆਂ ਵਾਲੇ ਨੂੰ ਤੁਰ ਪਏ। ਇਥੋਂ ਪੈਸੇ ਥੋੜੇ ਹੋਣ ਕਰਕੇ ਰੇਲ ਦਾ ਟਿਕਟ ਜੜ੍ਹਾਂਵਾਲੇ ਦਾ ਹੀ ਮਿਲ ਸਕਿਆ। ਇਥੋਂ ਉਤਰ ਕੇ ਆਪ ਸਿਧੇ ਮੰਡੀ ਨੂੰ ਚਲੇ ਗਏ। ਇਥੇ ਅਕਾਲੀ ਅਖ਼ਬਾਰ ਦੀ ਉਡੀਕ ਹੋ ਰਹੀ ਸੀ। ਇਨ੍ਹਾਂ ਦਾ ਸੁਭੱਾ ਏਡਾ ਭੋਲਾ ਤੇ ਸਾਊ ਸੀ ਕਿ ਹਮੇਸ਼ਾਂ ਆਪਣੇ ਕੰਮ ਵਿਚ ਰੁਝੇ ਰਹਿੰਦੇ ਸਨ। ਦੂਜੇ ਅਕਾਲੀ ਲਹਿਰ ਨਵੀਂ ਨਵੀਂ ਚਲਣ ਕਰਕੇ ਇਸ ਦੀ ਅਜੇ ਆਮ ਪਿੰਡਾਂ ਵਿਚ ਵਧੇਰੀ ਚਰਚਾ ਨਹੀਂ ਛਿੜੀ ਸੀ। ਆਪ ਪੁਛਣ ਲਗੇ, ਭਈ ਅਕਾਲੀ ਅਖ਼ਬਾਰ ਵਿਚ ਕੀ ਹੁੰਦਾ ਹੈ, ਜੋ ਉਸ ਦੀਆਂ ਐਨੀਆਂ ਉਡੀਕਾਂ ਹੋ ਰਹੀਆਂ ਹਨ ? ਤਦ ਇਥੋਂ ਦੇ ਸਿੰਘਾਂ ਨੇ ਦਸਿਆ ਕਿ ਉਸ ਵਿਚ ਪੰਥ ਦਾ ਸਾਰਾ ਹਾਲ ਅਤੇ ਗੁਰਦੁਆਰਿਆਂ ਦੇ ਕਬਜ਼ਿਆਂ ਦੀਆਂ ਖ਼ਬਰਾਂ ਹੁੰਦੀਆਂ ਹਨ। ਖ਼ਾਸ ਕਰਕੇ ਗੁਰਦੁਆਰਿਆਂ ਵਿਚੋਂ ਕੁਰੀਤੀਆਂ ਦੂਰ ਕਰਨ ਲਈ ਸਿਖ ਜਨਤਾ ਨੂੰ ਉਭਾਰਨ ਲਈ ਬੜੇ ਧੜੱਲੇਦਾਰ ਲੇਖ ਹੁੰਦੇ ਹਨ।

ਇਸ ਵੇਲੇ ਆਪ ਨੇ ਭਾਈ ਰਾਜਾ ਸਿੰਘ ਆੜ੍ਹਤੀ ਨੂੰ ਆਪਣੀ ਸਾਰੀ ਕਹਾਣੀ ਇੱਨ-ਬਿੱਨ ਸੁਣਾਈ। ਉਨ੍ਹਾਂ ਨੇ ਕਿਰਾਏ ਲਈ ਇਕ ਰੁਪਿਆ ਦਿਤਾ ਤੇ ਕਿਹਾ ਕਿ ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਜਾਣ ਦਾ ਤਾਂ ਬਹੁਤ ਕਿਰਾਇਆ ਲਗੇਗਾ। ਆਪ ਸੱਚੇ ਸੌਦੇ ਚਲੇ ਜਾਓ, ਜਦ ਤੁਸੀ ਸੇਵਾ ਹੀ ਕਰਨੀ ਹੈ ਤਦ ਇਥੇ ਹੀ ਕਰੀ ਜਾਣੀ। ਆਪ ਸਤਿ ਬਚਨ ਆਖ ਕੇ ਸਟੇਸ਼ਨ ਤੇ ਆ ਗਏ ਤਾਂ ਪਤਾ ਲਗਾ ਕਿ ਅਜ ਸਚੇ ਸੌਦੇ ਦਾ ਜਥਾ ਸ਼ੇਖ਼ੂਪੁਰੇ ਆਇਆ ਹੋਇਆ ਹੈ। ਆਪ ਸ਼ੇਖ਼ੂਪੁਰੇ ਉਤਰ ਬੈਠੇ ਅਤੇ ਬੜੀ ਢੂੰਡ ਭਾਲ ਕੀਤੀ, ਪਰੰਤੂ ਆਪ ਨੂੰ ਕੋਈ ਅਕਾਲੀ ਜਥਾ ਨ ਟਕਰਿਆ, ਸ਼ਾਮ ਹੋ ਗਈ, ਪਰ ਇਸ ਵੇਲੇ ਸਚੇ ਸੌਦੇ ਨੂੰ ਕਈ ਗਡੀ ਨਹੀਂ ਜਾਂਦੀ ਸੀ। ਤਦ ਆਪ ਗੁਰਦੁਆਰਾ ਪੁਛ ਕੇ ਚਲੇ ਗਏ, ਪਰ ਮਹੰਤ ਨੇ ਗੁਰਦੁਆਰੇ ਵਿਚ ਕੋਈ ਜਗਾ ਰਿਹਾਇਸ਼ ਲਈ ਨਾ ਦਿਤੀ ਤਦ ਆਪ ਸਖ਼ਤ ਸਰਦੀ ਵਿਚ .ਬਿਨਾਂ ਕਪੜਿਓਂ ਡਿਉੜੀ ਦੀ ਇਕ ਗੁਠੇ ਕੁੰਗੜ ਕੇ ਬੈਠ ਗਏ,

ਦਿਨ ਚੜ੍ਹਿਆ ਤਦ ਭਾਈ ਜਗਤ ਸਿੰਘ ਦੁਕਾਨਦਾਰ ਨੂੰ ਮਿਲੇ ਤੇ ਉਸ ਨੂੰ ਆਪਣੀ ਸਾਰੀ ਵਿਥਿਆ ਆਖ ਸੁਣਾਈ। ਉਨ੍ਹਾਂ ਨੇ ਚਾਹ ਤਿਆਰ ਕਰਕੇ ਛਕਾਈ ਅਤੇ ਫੇਰ ਆਪਣੇ ਨਾਲ ਲੈ ਕੇ ਗੁਰਦੁਆਰਾ ਸਚੇ ਸੌਦੇ ਪੁਜ ਗਏ।

ਇਸ ਵੇਲੇ ਭਾਈ ਕਰਤਾਰ ਸਿੰਘ ਝਬਰ ਆਪਣੇ ਜਥੇ ਦੇ ਮੈਂਬਰਾਂ ਨਾਲ ਕੋਈ ਵਿਚਾਰ ਕਰ ਰਿਹਾ ਸੀ। ਆਪ ਨੇ ਭੀ ਹਥ ਜੋੜ ਕੇ ਜਾ ਫਤਹ ਬੁਲਾਈ ਤੇ ਇਨ੍ਹਾਂ ਦੇ ਨੇੜੇ ਹੋ ਕੇ ਬੈਠ ਗਿਆ, ਤਦ ਝਬਰ ਨੇ ਆਖਿਆ ਕਿ ਭਾਈ ਮਥਾ ਟੇਕ ਲੀਤਾ ਹੈ ਤੇ ਹੁਣ ਜਿਧਰ ਜਾਣਾ ਹੈ ਜਾਹ, ਇਥੇ ਬਹਿਣ ਦਾ ਕੀ ਕੰਮ ਹੈ ? ਆਪ ਨੇ ਬੇਨਤੀ ਕੀਤੀ ਕਿ ਜੀ ਮੈਂ ਹੋਰ ਕਿਤੇ ਨਹੀਂ ਜਾਣਾ। ਇਥੇ ਹੀ ਆਇਆ ਹਾਂ ਤੇ ਜਥੇਦਾਰ ਸਾਹਿਬ ਨੂੰ ਮਿਲ ਕੇ ਸਾਰੀ ਗਲ ਦਸਣੀ ਹੈ। ਝਬਰ ਨੇ ਕਿਹਾ ਕਿ ਮੈਂ ਹੀ ਜਥੇਦਾਰ ਹਾਂ ਤੂੰ ਆਪਣੀ ਜੇਹੜੀ ਗਲ ਦਸਣੀ ਹੈ ਦਸ ਦੇਹ। ਆਪ ਨੇ ਆਪਣੀ ਸੁਪਨੇ ਵਾਲੀ ਸਾਰੀ ਗਲ ਸੁਣਾ ਦਿਤੀ, ਤਦ ਝਬਰ ਨੇ ਆਖਿਆ ਕਿ ਕੁਝ ਪੜ੍ਹ ਲਿਖ ਭੀ ਲੈਂਦਾ ਹੈਂ ? ਆਪ ਨੇ ਹਥ ਜੋੜ ਕੇ ਸੇਵਾ ਦੇ ਚਾਓ ਵਿਚ ਨਿਮਰਤਾ ਨਾਲ ਉਤ੍ਰ ਦਿਤਾ, ਜੀ ਹਾਂ ਉਰਦੂ ਵਿਚ ਲਿਖ ਪੜ੍ਹ ਸਕਦਾ ਹਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਾਠੀ ਭੀ ਹਾਂ। ਫੇਰ ਮੋੜ ਕੇ ਝੱਬਰ ਨੇ ਪੁਛਿਆ ਕਿ ਕੁਝ ਹੱਥੀਂ ਭੀ ਸੇਵਾ ਕਰ ਸਕਦਾ ਏਂ ? ਆਪ ਨੇ ਬੇਨਤੀ ਕੀਤੀ ਕਿ ਜੋ ਹੁਕਮ ਕਰੋਗੇ ਧੰਨ ਭਾਗ ਜਾਣ ਕੇ ਉਸ ਨੂੰ ਪੂਰਿਆਂ ਕਰਾਂਗਾ, ਪਰ ਪ੍ਰਸ਼ਾਦ ਪਾਣੀ ਚੰਗਾ ਤਿਆਰ ਕਰ ਸਕਦਾ ਹਾਂ। ਝਬਰ ਨੇ ਆਖਿਆ ਕਿ ਸਾਡੇ ਵਿਚੋਂ ਕਿਸੇ ਨੂੰ ਸੁਚੱਜਾ ਭੋਜਨ ਤਿਆਰ ਕਰਨ ਦੀ ਜਾਚ ਨਹੀਂ ਹੈ, ਮਾਲੂਮ ਇਹ ਹੁੰਦਾ ਹੈ ਕਿ ਗੁਰੂ ਮਹਾਰਾਜ ਨੇ ਆਪ ਨੂੰ ਗੁਰੂ ਕੇ ਲੰਗਰ ਦੀ ਸੇਵਾ ਵਾਸਤੇ ਹੀ ਘਲਿਆ ਹੈ। ਆਪ ਨੂੰ ਲੰਗਰ ਦੀ ਸੇਵਾ ਬਖ਼ਸ਼ੀ ਗਈ, ਪ੍ਰੰਤੂ ਇਸ ਦੀ ਦਿਲੀ ਲਾਲਸਾ ਇਹ ਸੀ ਕਿ ਮੈਨੂੰ ਜਥੇ ਵਿਚ ਭੀ ਭਰਤੀ ਕੀਤਾ ਜਾਵੇ। ਝਬਰ ਨੇ ਤਸੱਲੀ ਕਰਨ ਲਈ ਭਾਈ ਹੇਮ ਸਿੰਘ ਹੌਲਦਾਰ ਨੂੰ ਇਸ ਤੋਂ ਸੁਣੀ ਸਾਰੀ ਵਿਥਿਆ ਦੀ ਚਿਠੀ ਲਿਖੀ। ਉਨ੍ਹਾਂ ਨੇ ਇਸ ਗਲ ਦੀ ਤਸਦੀਕ ਕਰ ਘਲੀ, ਤਦ ਆਪ ਨੇ ਕੁਝ ਹੋਰ ਤਸਲੀ ਕਰਕੇ ਇਨ੍ਹਾਂ ਨੂੰ ਜਥੇ ਵਿਚ ਭਰਤੀ ਕਰ ਲਿਆ। ਆਪ ਨੇ ਬੜੀ ਰੀਝ ਤੇ ਪ੍ਰੀਤ ਨਾਲ ਲੰਗਰ ਦੀ ਸੇਵਾ ਕਰਨੀ। ਚਿਤ ਵਿਚ ਹਮੇਸ਼ਾ ਹੀ ਬੜੀ ਖ਼ੁਸ਼ੀ ਤੇ ਹੁਲਾਸ ਰਹਿਣਾ। ਆਪ ਨੂੰ ਵੀਹ ਪੰਝੀ ਦਿਨ ਲੰਗਰ

ਦੀ ਸੇਵਾ ਕਰਦਿਆਂ ਗੁਜ਼ਰ ਗਏ। ਇਤਨੇ ਚਿਰ ਨੂੰ ਭਾਈ ਬੂਟਾ ਸਿੰਘ ਪੋਠੋਹਾਰ ਵਾਲੇ ਸ੍ਰੀ ਨਨਕਾਣੇ ਸਾਹਿਬ ਤੋਂ ਹੋ ਕੇ ਆ ਗਏ। ਉਨ੍ਹਾਂ ਨੇ ਮਹੰਤ ਦੀਆਂ ਤਿਆਰੀਆਂ ਅਤੇ ਗੁਰੂ ਕੇ ਸਿੰਘਾਂ ਨਾਲ ਭੈੜੇ ਸਲੂਕ ਦੀਆਂ ਕਈ ਗਲਾਂ ਬਾਤਾਂ ਦਸੀਆਂ। ਇਸ ਦੇ ਨਾਲ ਹੀ ਆਪਣੀ ਹੱਡ-ਬੀਤੀ ਵੀ ਸੁਣਾਈ ਕਿ ਮੈਂ ਸ੍ਰੀ ਪੰਜਾ ਸਾਹਿਬ ਤੋਂ ਸ੍ਰੀ ਨਨਕਾਣਾ ਸਾਹਿਬ ਦਰਸ਼ਨ ਕਰਨ ਲਈ ਗਿਆ ਸੀ। ਜਦ ਸਵੇਰੇ ਉਠਕੇ ਜੰਗਲ ਫਿਰਨ ਲਈ ਗਿਆ, ਤਦ ਪਠਾਣਾਂ ਨੇ ਫੜਕੇ ਮੇਰੇ ਪੰਜ ਰੁਪੈ ਖੋਹ ਲਏ ਹਨ ਤੇ ਚੀਚੀ ਦੀ ਛਾਪ ਭੀ ਇਕ ਤੋਲੇ ਸੋਨੇ ਦੀ ਸਣੇ ਕ੍ਰਿਪਾਨ ਦੇ ਲਾਹਕੇ ਰੱਖ ਲਈ ਹੈ। ਮੈਂ ਸਾਰੀ ਗਲ ਜਾਕੇ ਮਹੰਤ ਨਰੈਣ ਦਾਸ ਨੂੰ ਦਸੀ, ਉਸ ਨੇ ਬਜਾਏ ਮੇਰੇ ਨਾਲ ਹਮਦਰਦੀ ਕਰਨ ਦੇ ਬਹੁਤ ਬੇਸ਼ਕੀਆਂ ਗਾਲ੍ਹੀਆਂ ਦਿਤੀਆਂ ਹਨ ਤੇ ਮੈਂ ਪੈਦਲ ਤੁਰਦਾ ਹੀ ਸੱਚੇ ਸੌਦੇ ਪੁਜਾ ਹਾਂ।

ਗੁਫ਼ੀਏ ਦਾ ਕੰਮ ਕਰਨਾ

ਝਬਰ ਨੇ ਇਹ ਸਾਰੀ ਵਾਰਤਾ ਸੁਣਕੇ ਭਾਈ ਵਰਿਆਮ ਸਿੰਘ ਨੂੰ ਸ੍ਰੀ ਨਨਕਾਣੇ ਸਾਹਿਬ ਭਾਈ ਉਤਮ ਸਿੰਘ ਦੇ ਕਾਰਖਾਨੇ ਚਿਠੀ ਦੇਕੇ ਭੇਜ ਦਿਤਾ। ਉਨ੍ਹਾਂ ਨੇ ਭਾਈ ਵਰਿਆਮ ਸਿੰਘ ਦਾ ਨਾਮ ਮੁਨਸ਼ੀਆਂ ਵਿਚ ਦਰਜ ਕਰ ਲਿਆ ਅਤੇ ਐਵੇਂ ਫ਼ਰਜ਼ੀ ਹੀ ਹਾਜ਼ਰੀ ਲਾ ਛਡਿਆ ਕਰਨੀ। ਆਪ ਨੇ ਨਨਕਾਣੇ ਪੁਜਦਿਆਂ ਸਾਰ ਹੀ ਭਗਵੇ ਕਪੜੇ ਪਹਿਨ ਲਏ ਤੇ ਸਾਧਾਂ ਨਾਲ ਮੇਲ ਮੁਲਾਕਾਤ ਸ਼ੁਰੂ ਕਰ ਦਿਤੀ। ਆਪ ਨੂੰ ਇਨ੍ਹਾਂ ਪਾਸੋਂ ਜੋ ਭੀ ਤਿਆਰੀ ਦੀ ਸੂੰਦਕ ਮਿਲਣੀ ਹਰ ਰੋਜ਼ ਚਿਠੀ ਦੁਆਰਾ ਲਿਖਕੇ ਸਚੇ ਸੌਦੇ ਘਲ ਦੇਣੀ। ਇਸ ਸੇਵਾ ਨੂੰ ਆਪ ਨੇ ਬੜੀ ਹੀ ਮੇਹਨਤ, ਹੁਸ਼ਿਆਰੀ ਤੇ ਯੋਗਤਾ ਨਾਲ ਸਿਰੇ ਚਾੜ੍ਹਿਆ। ਅਫ਼ਸੋਸ ਕਿ ਅਜ ਆਪ ਦੀਆਂ ਚਿੱਠੀਆਂ ਕਿਸੇ ਸੰਭਾਲ ਰਖੀਆਂ ਹੁੰਦੀਆਂ ਤੇ ਉਨ੍ਹਾਂ ਦੇ ਫ਼ੋਟੋ ਛਪਦੇ, ਜਿਨ੍ਹਾਂ ਨੂੰ ਪੜ੍ਹ ਕੇ ਹਰ ਇਕ ਪੰਥ ਪ੍ਰੇਮੀ ਦੇ ਦਿਲ ਵਿਚ ਇਸ ਤਰ੍ਹਾਂ ਕੌਮੀ ਸੇਵਾ ਦੇ ਵਲਵਲੇ ਉਤਪੰਨ ਹੁੰਦੇ।

੯ ਫੱਗਣ ਨੂੰ ਚੌਧਰੀ ਪਾਲ ਸਿੰਘ ਲਾਇਲਪੁਰੀ ਤੇ ਭਾਈ ਵਰਿਆਮ ਸਿੰਘ ਨੂੰ ਨਨਕਾਣਿਓਂ ਭਾਈ ਬੂਟਾ ਸਿੰਘ ਚਕ ਨੰਬਰ ੨੦੪ ਵਾਲੇ ਬੁਚਿਆਣੇ ਨੂੰ ਤੋਰ ਗਏ ਤੇ ਹੁਕਮ ਦੇ ਗਏ ਕਿ ਜਦ ਤਕ ਅਸੀਂ ਚੰਦਰ ਕੋਟ ਦੀ ਝਾਲ ਤੋਂ ਸੁਨੇਹਾ

ਨ ਘਲੀਏ, ਜਥਾ ਬੁਚਿਆਣੇ ਤੋਂ ਮਾਰਚ ਨ ਕਰੇ ਤੇ ਆਪ ਉਸੇ ਵੇਲੇ ਚੰਦਰ ਕੋਟ ਦੀ ਝਾਲ ਵਲ ਭਾ: ਲਛਮਣ ਸਿੰਘ ਦੇ ਜਥੇ ਦਾ ਪਤਾ ਲੈਣ ਲਈ ਤੁਰ ਪਏ।

ਬੁਚਿਆਣੇ ਸਿੰਘਾਂ ਦੇ ਇਕੱਠਿਆਂ ਹੋਣ ਸਬੰਧੀ ਜਦ ਜੜ੍ਹਾਂਵਾਲੇ ਖ਼ਾਲਸਾ ਬੋਰਡਿੰਗ ਹਾਊਸ ਵਿਚ ਸਲਾਹ ਮਸ਼ਵਰਾ ਹੋਇਆ ਤਾਂ ਉਥੇ ਹਰੀ ਦਾਸ ਸਯੱਦ ਵਾਲੇ ਦੇ ਲੜਕੇ ਨੇ ਸੁਣ ਕੇ ਆਪਣੇ ਪਿਤਾ ਨੂੰ ਜਾ ਦਸਿਆ। ਇਹ ਲੜਕਾ ਉਥੇ ਸਕੂਲ ਵਿਚ ਪੜ੍ਹਦਾ ਸੀ। ਤਦ *ਹਰੀ ਦਾਸ ਨੇ ਲਾਹੌਰ ਜਾ ਕੇ ਮਹੰਤ ਨਰੈਣ ਦਾਸ ਨੂੰ ਇਸ ਗਲ ਦੀ ਖ਼ਬਰ ਕਰ ਦਿਤੀ ਤੇ ਤਾਂ ਮਹੰਤ ਦੇ ਬੰਦੇ ਇਸ ਜੱਥੇ ਦੀ ਤਲਾਸ਼ ਕਰਦੇ ਰਹੇ, ਪਰ ਉਨ੍ਹਾਂ ਨੂੰ ਬਿਲਕੁਲ ਕੁਝ ਪਤਾ ਨ ਲਗ ਸਕਿਆ।

ਭਾਈ ਬੂਟਾ ਸਿੰਘ ੨੦੪ ਜਦ ਚੰਦਰ ਕੋਟ ਦੀ ਝਾਲ ਤੇ ਪੁਜੇ, ਤਾਂ ਇਨ੍ਹਾਂ ਨੂੰ ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ ਗਰਮੂਲਾ, ਭਾਈ ਰਾਮ ਸਿੰਘ ਝੰਡਿਆਂ ਵਾਲੀ ਤੇ ਭਾਈ ਗੁਰਦਿਤ ਸਿੰਘ ਝੀਂਡਾ ਮਿਲੇ ਅਤੇ ਇਨ੍ਹਾਂ ਨੇ ਜਥਿਆਂ ਨੂੰ ਰੋਕ ਦੇਣ ਦੀ ਸਾਰੀ ਸਕੀਮ ਦਸੀ। ਭਾਈ ਵਰਿਆਮ ਸਿੰਘ ਗਰਮੂਲਾ ਤੇ ਭਾਈ ਰਾਮ ਸਿੰਘ ਝੰਡਿਆਂ ਵਾਲੀ ਦਾ ਇਕ ਗਰੁਪ ਅਤੇ ਭਾਈ ਬੂਟਾ ਸਿੰਘ ੨੦੪ ਅਤੇ ਭਾਈ ਦਲੀਪ ਸਿੰਘ ਦਾ ਦੂਜਾ ਗਰੁਪ ਜਥੇ ਰੋਕਣ ਲਈ ਬਣ ਗਿਆ ਅਤੇ ਭਾਈ ਗੁਰਦਿਤ ਸਿੰਘ ਝੀਂਡਾ ਨੂੰ ਚੰਦਰ ਕੋਟ ਦੀ ਝਾਲ ਤੇ ਬਿੱਠਾ ਦਿਤਾ ਕਿ ਉਹ ਪਿਛੋਂ ਆਉਣ ਵਾਲੇ ਸਿੰਘਾਂ ਨੂੰ ਰੋਕੀ ਜਾਣ।

ਭਾਈ ਦਲੀਪ ਸਿੰਘ ਤੇ ਭਾਈ ਬੂਟਾ ਸਿੰਘ ੨੦੪ ਉਥੋਂ ਸਿਧੇ ਘੋੜੀਆਂ ਤੇ ਪੰਜ ਪੁਲੀ ਬੁਚਿਆਣੇ ਪੁਜੇ। ਇਥੇ ਦੇ ਸਿੰਘਾਂ ਨੇ ਇਕ ਮਹੰਤ ਦਾ ਸਾਂਢਨੀ ਸੁਆਰ ਸੂਹੀਆ ਮੁਸ਼ਕਾਂ ਬੰਨ੍ਹ ਕੇ ਆਪਣੇ ਪਾਸ ਬਹਾਇਆ ਹੋਇਆ ਸੀ। ਇਨ੍ਹਾਂ ਜਾਂਦਿਆਂ ਹੀ ਉਸ ਨੂੰ ਛੁਡਾ ਦਿਤਾ ਅਤੇ ਇਲਾਕਾ ਜੜ੍ਹਾਂ ਵਾਲਾ ਤੇ ਸਮੁੰਦਰੀ ਵਲੋਂ ਜੋ ਸਿੰਘਾਂ ਦਾ ਜਥਾ ਇਥੇ ਆ ਕੇ ਬੈਠਾ ਸੀ, ਉਸ ਨੂੰ ਵਾਪਸ ਕਰ ਦਿਤਾ। ਭਾਈ ਰਾਜਾ ਸਿੰਘ ਜੜ੍ਹਾਂਵਾਲੇ ਨੇ ਦਸਿਆ ਕਿ ਸਾਡੇ ਸੁਨੇਹੇ ਤੇ ਇਕ ਜੱਥਾ ਫ਼ਰੀਦਾਬਾਦ ਦਾ ਭਾਈ ਪ੍ਰਤਾਪ ਸਿੰਘ ਭੀ ਲੈ ਕੇ ਨਨਕਾਣੇ ਦੀਆਂ ਝਾੜੀਆਂ ਵਿਚ ਬੈਠਾ ਹੋਣਾ ਹੈ।

ਬੁਚਿਆਣੇ ਤੋਂ ਭਾਈ ਦਲੀਪ ਸਿੰਘ, ਭਾਈ ਬੂਟਾ ਸਿੰਘ ੨੦੪, ਚੌਧਰੀ

* ੭ ਜਨਵਰੀ ਸੰਨ ੧੯੩੬ ਈ: ਮੁਤਾਬਿਕ ੨੪ ਪੋਹ ਸੰਮਤ ੧੯੯੨ ਬਿ: ਨੂੰ ਪੂਰਾ ਹੋ ਚੁਕਾ ਹੈ। ਇਹ ਮਹੰਤ ਨਰੈਣ ਦਾਸ ਦਾ ਬੜਾ ਬੇਲੀ ਸੀ।

ਪਾਲ ਸਿੰਘ ਅਤੇ ਭਾਈ ਵਰਿਆਮ ਸਿੰਘ ਨਨਕਾਣੇ ਨੂੰ ਫ਼ਰੀਦਾਬਾਦ ਦਾ ਜਥਾ ਰੋਕਣ ਲਈ ਤੁਰ ਪਏ। ਪਹਿਲੇ ਦੋ ਸਜਣ ਘੋੜੀਆਂ ਤੇ ਸੁਆਰ ਹੋਣ ਕਰ ਕੇ ਅਗੇਰੇ ਆ ਕੇ ਭਾਈ ਉਤਮ ਸਿੰਘ ਦੇ ਕਾਰਖ਼ਾਨੇ ਪੁਜ ਗਏ । ਪ੍ਰੰਤੂ ਦੂਜੇ ਦੋਵੇਂ ਸਜਣ ਪੈਦਲ ਹੋਣ ਕਰ ਕੇ ਢੇਰ ਚਿਰ ਪਿਛੋਂ ਨਨਕਾਣੇ ਪੁਜੇ। ਇਸ ਵੇਲੇ ਪਹੁ ਫੁਟ ਚੁਕੀ ਸੀ, ਜੋ ਇਨ੍ਹਾਂ ਨੂੰ ਰੇਲ ਦੀ ਲੈਨੇ ਲੈਨ ਆਉਂਦਿਆਂ ਭਾਈ ਲਛਮਣ ਸਿੰਘ ਧਾਰੋਵਾਲੀ ਦਾ ਜਥਾ ਤਹਿਸੀਲ ਵਾਲੇ ਫ਼ਾਟਕ ਤੇ ਟਕਰ ਪਿਆ, ਜੋ ਸਿਧਾ ਗੁਰਦੁਆਰਾ ਜਨਮ ਅਸਥਾਨ ਨੂੰ ਭਜਾ ਜਾ ਰਿਹਾ ਸੀ, ਤਦ ਚੌਧਰੀ ਪਾਲ ਸਿੰਘ ਨੇ ਭਜ ਕੇ ਭਾਈ ਲਛਮਣ ਸਿਘ ਧਾਰੋਵਾਲੀ ਦੇ ਲੱਕ ਨੂੰ ਜਫ਼ਾ ਮਾਰ ਲਿਆ ਤੇ ਆਖਿਆ ਕਿ ਪੰਥ ਦਾ ਹੁਕਮ ਹੁਣ ਜਾਣ ਦਾ ਨਹੀਂ ਹੈ, ਕਿਉਂਕਿ ਸਾਰੇ ਜਥੇ ਰੁਕ ਗਏ ਹਨ। ਪਰ ਜਥੇਦਾਰ ਸਾਹਿਬ ਚੁਪ ਚਾਪ ਹੀ ਚੌਧਰੀ ਜੀ ਨੂੰ ਕੁਝ ਵਾਟ ਨਾਲ ਹੀ ਧੂਹੀ ਗਏ, ਪਰ ਇਨ੍ਹਾਂ ਦੇ ਇਕ ਨਾਲ ਦੇ ਸਜਣ ਨੇ ਚੌਧਰੀ ਜੀ ਦਾ ਕਲਾਵਾ ਭਰ ਕੇ ਜਥੇਦਾਰ ਦਾ ਲਕ ਛੁਡਾ ਕੇ ਆਖਿਆ ਕਿ ਜੇ ਤੂੰ ਨਾਲ ਜਾਣ ਜੋਗਾ ਨਹੀਂ ਤਾਂ ਪਰੇ ਹੋ ਕੇ ਮਰ। ਇਤਨੇ ਚਿਰ ਨੂੰ ਜਥਾ ਛਾਲਾਂ ਮਾਰਦਾ ਜਨਮ ਅਸਥਾਨ ਨੂੰ ਉਠ ਨਸਾ, ਤਦ ਭਾਈ ਵਰਿਆਮ ਸਿੰਘ ਤੇ ਚੌਧਰੀ ਜੀ ਸਿਧੇ ਭਾਈ ਉਤਮ ਸਿੰਘ ਦੇ ਕਾਰਖ਼ਾਨੇ ਖ਼ਬਰ ਕਰਨ ਲਈ ਉਠ ਨਸੇ, ਤਾਂ ਜੋ ਉਹ ਆ ਕੇ ਭਾਈ ਲਛਮਣ ਸਿੰਘ ਨੂੰ ਰੋਕਣ । ਇਹ ਦੋਵੇਂ ਸਜਣ ਅਜੇ ਮਸਾਂ ਗੁਰਦੁਆਰਾ ਤੰਬੂ ਸਾਹਿਬ ਹੀ ਲੰਘੇ ਹੋਣਗੇ ਜੋ ਗੋਲੀਆਂ ਚਲਣ ਲਗ ਪਈਆਂ। ਕਾਰਖ਼ਾਨੇ ਦੇ ਅੰਦਰ ਵੜਦਿਆਂ ਹੀ ਚੌਧਰੀ ਪਾਲ ਸਿੰਘ ਦੀਆਂ ਭੁੱਬਾਂ ਨਿਕਲ ਗਈਆਂ ਤੇ ਜ਼ੋਰ ਨਾਲ ਆਖਿਆ ਕਿ ਤੁਸੀਂ ਆਖਦੇ ਸੀ ਸਭ ਜਥੇ ਰੋਕ ਦਿਤੇ ਹਨ ਪ੍ਰੰਤੂ ਭਾਈ ਲਛਮਣ ਸਿੰਘ ਦਾ ਜਥਾ ਗੁਰਦੁਆਰਾ ਜਨਮ ਅਸਥਾਨ ਅੰਦਰ ਜਾ ਦਾਖ਼ਲ ਹੋਇਆ ਹੈ। ਉਹਨਾਂ ਉਤੇ ਬੰਦੂਕਾਂ ਦਾ ਫ਼ਾਇਰ ਹੋ ਰਿਹਾ ਹੈ।

ਭਾਈ ਬੂਟਾ ਸਿੰਘ ੨੦੪ ਜੰਗਲ ਫਿਰ ਕੇ ਆ ਰਹੇ ਸਨ ਤੇ ਵੇਹੜੇ ਵਿਚ ਖੜੋਤੇ ਗੜਵੀ ਮਾਂਜ ਰਹੇ ਸਨ। ਇਨ੍ਹਾਂ ਸੁਣਦਿਆਂ ਹੀ ਆਖਿਆ ਕਿ ਇਹ ਸਾਰੀ ਜ਼ਿੰਮੇਵਾਰੀ ਭਾਈ ਦਲੀਪ ਸਿੰਘ ਹੋਰਾਂ ਦੀ ਹੈ। ਇਨ੍ਹਾਂ ਨੇ ਆਖਿਆ ਸੀ ਕਿ ਭਾਈ ਲਛਮਣ ਸਿੰਘ ਦਾ ਜਥਾ ਰੁਕ ਜਾਵੇਗਾ । ਭਾਈ ਦਲੀਪ ਸਿੰਘ ਚਾਹ ਪੀਣ ਲਗੇ ਸਨ ਉਥੇ ਹੀ ਗਲਾਸ ਰਖਕੇ ਕਮਰੇ ਵਿਚੋਂ ਬਾਹਰ ਨਿਕਲ ਆਏ ਤੇ ਆਖਣ ਲਗੇ

ਕਿ ਕੋਈ ਗਲ ਨਹੀਂ ਹੈ । ਮੈਂ ਹੁਣੇ ਭਜਕੇ ਜਾਂਦਾ ਹਾਂ ਤੇ ਮਹੰਤ ਨੂੰ ਗੋਲੀ ਚਲੌਣੋਂ ਰੋਕ ਦਿੰਦਾ ਹਾਂ ਅਤੇ ਭਾਈ ਲਛਮਣ ਸਿੰਘ ਨੂੰ ਬਾਹੋਂ ਫੜਕੇ ਉਠਾਲ ਲਿਆਉਂਦਾ ਹਾਂ ।

ਸ਼ਹੀਦੀ ਲਈ ਤਿਆਰੀ

ਇਹ ਗੱਲ ਆਖ ਕੇ ਜਦ ਭਾਈ ਦਲੀਪ ਸਿੰਘ ਗੁਰਦੁਆਰਾ ਸ੍ਰੀ ਜਨਮ ਅਸਥਾਨ ਨੂੰ ਉਠ ਭਜੇ ਤਦ ਭਾਈ ਵਰਿਆਮ ਸਿੰਘ ਭੀ ਇਨ੍ਹਾਂ ਦੇ ਮਗਰ ਹੀ ਉਠ ਨਸੇ । ਚੌਧਰੀ ਪਾਲ ਸਿੰਘ ਦੇ ਤੇੜ ਨੀਲੀ ਤੈਹਮਤ ਭੇਸ ਵਟਾਉਣ ਲਈ ਬਝੀ ਹੋਈ ਸੀ, ਉਹ ਲਾਹਕੇ ਪਜਾਮਾਂ ਪਾਉਣ ਲਗ ਪਏ । ਇੰਨੇ ਚਿਰ ਨੂੰ ਇਨ੍ਹਾਂ ਦਾ ਪਹਿਲੇ ਦੋਹਾਂ ਸਜਣਾਂ ਨਾਲੋਂ ਕੁਝ ਫਰਕ ਪੈ ਗਿਆ । ਇਨ੍ਹਾਂ ਦੇ ਨਾਲ ਹੀ ਭਾਈ ਕੇਸਰ ਸਿੰਘ ਅਕਾਲ ਗੜ੍ਹ ਵਾਲੇ ਭੀ ਭਜ ਵਗੇ ।

ਭਾਈ ਬੂਟਾ ਸਿੰਘ ੨੦੪ ਭਾਈ ਉਤਮ ਸਿੰਘ ਨਾਲ ਸਲਾਹ ਕਰਕੇ ਘੋੜੇ ਤੇ ਸੁਆਰ ਹੋ ਕੇ ਭਿੱਖੀ ਨੂੰ ਤੁਰ ਪਏ ਤਾਂ ਜੋ ਉਥੋਂ ਇਮਦਾਦ ਲਈ ਹੋਰ ਜਥੇ ਲਿਆਂਦੇ ਜਾਣ । ਇਹ ਥੋੜੀ ਦੂਰ ਹੀ ਗਏ ਹੋਣਗੇ ਜੋ ਰਾਤ ਦਾ ਥੱਕਾ ਹੋਇਆ ਘੋੜਾ ਤੁਰਨੋਂ ਰਹਿ ਗਿਆ । ਭਾਈ ਬੂਟਾ ਸਿੰਘ ਇਹ ਗਲ ਸੋਚਕੇ ਵਾਪਸ ਆ ਗਏ ਕਿ ਇਤਨੀ ਛੇਤੀ ਜਥੇ ਲਿਆਉਣੇ ਬਹੁਤ ਮੁਸ਼ਕਲ ਹਨ । ਆਪ ਭੀ ਘੋੜਾ ਬੰਨ੍ਹਕੇ ਪਹਿਲੇ ਚਵ੍ਹਾਂ ਸਜਣਾਂ ਦੇ ਮਗਰੇ ਹੀ ਗੁਰਦੁਆਰਾ ਜਨਮ ਅਸਥਾਨ ਵਲ ਦੌੜ ਪਏ ਤੇ ਪਿਛਲੇ ਦੋ ਸਿੰਘਾਂ ਨੂੰ ਗੁਰਦੁਆਰਾ ਤੰਬੂ ਸਾਹਿਬ ਪਾਸ ਆ ਮਿਲੇ । ਇਨ੍ਹਾਂ ਨੂੰ ਆਖਣ ਲਗੇ ਕਿ ਚਲੋ ਅਸੀਂ ਭੀ ਵਰਿਆਮ ਸਿੰਘ ਹੋਰਾਂ ਦੇ ਮਗਰ ਚਲੀਏ, ਤਦ ਚੌਧਰੀ ਜੀ ਤੇ ਭਾਈ ਕੇਸਰ ਸਿੰਘ ਨੇ ਆਖਿਆ ਕਿ ਜੇ ਅਗੋਂ ਗੋਲੀਆਂ ਚਲਦੀਆਂ ਵੇਖਕੇ ਪਿਛੇ ਮੁੜਨਾ ਹੈ, ਤਦ ਹੁਣੇ ਹੀ ਨ ਚਲੀਏ । ਇਹ ਦੋਵੇਂ ਸਜਣ ਏਨੀ ਗਲ ਆਖਕੇ ਉਥੇ ਹੀ ਰੁਕ ਗਏ, ਪਰ ਭਾਈ ਬੂਟਾ ਸਿੰਘ ੨੦੪ ਸਰਾਂ ਦੇ ਪਾਸ ਬੇਰੀ ਲਾਗੇ ਪੁਜ ਗਏ । ਇਥੋਂ ਇਨ੍ਹਾਂ ਨੂੰ ਬੰਡਾਲੇ ਦੇ ਸਿੰਘਾਂ ਨੇ ਰੋਕ ਕੇ ਪਿਛਾਂਹ ਮੋੜ ਦਿੱਤਾ ਅਤੇ ਇਹ ਕਾਰਖ਼ਾਨੇ ਪੁਜ ਕੇ ਭਾਈ ਉੱਤਮ ਸਿੰਘ ਦੀ ਸਲਾਹ ਨਾਲ ੧੧ ਵਜੇ ਦੀ ਗੱਡੀ ਚੜ੍ਹ ਕੇ ਹੋਰ ਸਿੰਘ ਲਿਆਉਣ ਲਈ ਜੜ੍ਹਾਂਵਾਲੇ ਜਾ ਲੱਥੇ । ਇਥੇ ਪੁਜ ਕੇ ਸਭ ਹਾਲ ਦਸੇ, ਪੰਜਾਹ ਕੁ ਬੰਦੇ ਇਨ੍ਹਾਂ ਦੇ ਜਥੇ ਦੇ ਪਹਿਲਾਂ

ਹੀ ਇਥੇ ਸਨ, ਪੰਜਾਹ ਕੁ ਲਾਹੌਰ ਵਲੋਂ ਆਏ ਸਨ, ਸੌ ਸਿੰਘਾਂ ਦਾ ਜਥਾ ਗੱਡੀ ਚੜ੍ਹਣ ਲਈ ਆਇਆ, ਪਰ ਇਥੇ ਗੱਡੀ ਨਾ ਖੜੋਤੀ ਅਖ਼ੀਰ ਇਹ ਸਲਾਹ ਹੋਈ ਕਿ ਇਹ ਸਿੰਘ ਭੀ ਬਹੁਤ ਥੋੜੇ ਹਨ। ਮੈਂ ਲਾਇਲਪੁਰ ੧੦ ਵਜੇ ਰਾਤ ਨੂੰ ਪੁਜ ਕੇ ਹੋਰ ਸਿੰਘ ਘਲਾਂ। ਉਥੋਂ ਸਿੰਘ ਤੁਰ ਚੁਕੇ ਸਨ, ਦਿਨੇ ਜੜ੍ਹਾਂਵਾਲੇ ਪੁਜ ਕੇ ਆਪ ਲਾਰੀ ਰਾਹੀਂ ਨਨਕਾਣੇ ਸਾਹਿਬ ਪੁਜ ਗਏ।

ਭਾਈ ਵਰਿਆਮ ਸਿੰਘ ਆਪਣੀ ਸ਼ਹਾਦਤ ਦੀ ਧੁਨ ਵਿਚ ਭਾਈ ਦਲੀਪ ਸਿੰਘ ਹੋਰਾਂ ਦੇ ਮਗਰੇ ਮਗਰ ਵਰ੍ਹਦੀਆਂ ਗੋਲੀਆਂ ਵਿਚ ਬੜੀ ਬੇ-ਖੌਫ਼ੀ ਤੇ ਦਲੇਰੀ ਨਾਲ ਅਗੇ ਵਧੀ ਗਏ। ਪਹਿਲਾਂ ਭਾਈ ਦਲੀਪ ਸਿੰਘ ਜੀ ਸ਼ਹੀਦ ਹੋ ਗਏ, ਤਦ ਆਪ ਨੇ ਕੂਕ ਮਾਰ ਕੇ ਆਖਿਆ ਕਿ "ਸਤਿਗੁਰੂ ਦਾ ਭਾਣਾ" ਜੋ ਇਤਨੇ ਚਿਰ ਨੂੰ ਸਾਹਮਣਿਓਂ ਹਰਿਆਣੇ ਮੇਂ ਤੇ ਅੱਲੂ ਦਾ ਜੱਥਾ ਕਤਲ ਕਰਦਾ ਆ ਗਿਆ। ਅੱਲੂ ਨੇ ਆਉਂਦਿਆਂ ਹੀ ਇਨ੍ਹਾਂ ਦੀ ਛਾਤੀ ਵਿਚ ਗੋਲੀ ਮਾਰੀ,ਆਪ"ਭਾਣਾ ਭਾਣਾ"ਕਰਦੇ ਚੁਫਾਲ ਜ਼ਮੀਨ ਤੇ ਡਿੱਗ ਪਏ। ਸ਼ੇਰ ਦਾਸ ਨੇ ਛਵ੍ਹੀ ਮਾਰੀ ਤੇ ਆਪ ਦਾ ਸੀਸ ਕੱਟ ਦਿੱਤਾ, ਜੋ ਮਹੰਤ ਦੇ ਮਾਮੇ ਦੇ ਪੁਤ ਭਰਾ ਲਾਲ ਨੇ ਕੇਸਾਂ ਤੋਂ ਫੜ ਕੇ ਸ਼ੇਖੀ ਮਾਰ ਕੇ ਮਹੰਤ ਦੇ ਸਾਹਮਣੇ ਜਾ ਪੇਸ਼ ਕੀਤਾ ਜੋ ਉਸ ਨੇ ਇਸ਼ਾਰਾ ਕਰਕੇ ਭੱਠੀ ਵਿੱਚ ਸੁਟਵਾ ਦਿੱਤਾ ਤੇ ਦੂਜੇ ਕਾਤਲਾਂ ਦੇ ਸਾਥੀਆਂ ਨੇ ਲੱਤਾਂ ਤੋਂ ਧੂਹ ਕੇ ਭਾਈ ਦਲੀਪ ਸਿੰਘ ਦੇ ਨਾਲ ਹੀ ਘੁਮਿਆਰਾਂ ਦੀ ਭੱਠੀ ਵਿੱਚ ਝੋਕ ਦਿੱਤਾ।*

* ਕਮੇਟੀ ਨੇ ਆਪ ਦੀ ਮਾਤਾ ਚੰਦ ਕੌਰ ਦੇ ਨਾਮ ਪਿੰਨਸ਼ਨ ਲਾ ਦਿੱਤੀ। ਜਿਸ ਦਾ ਜੋੜ ੯-੫-੨੧ ਤੋਂ ਲੈ ਕੇ ਤ੧-੧੦-੩੭ ਤਕ ੧੬੦੪) ਰੁਪਏ ਬਣਦਾ ਹੈ।

ਲਹੂਕੇ ਚਕ ਨੰ: ੭੫ ਦੇ ਸ਼ਹੀਦ

ਲਹੁਕੇ ਚੱਕ ਨੰ: ੭੫ ਜ਼ਿਲਾ ਲਾਇਲਪੁਰ ਦੇ ਸ਼ਹੀਦ

ਭਾਈ ਨਾਰਾਇਣ ਸਿੰਘ ਜੀ

ਆਪ ਦਾ ਜਨਮ ਮਾਤਾ ਚੰਦੀ ਦੀ ਕੁੱਖੋਂ ਭਾਈ ਜਵਾਹਰ ਸਿੰਘ ਦੇ ਘਰ ਸੰ: ੧੯੩੨ ਬਿ: ਨੂੰ ਪਿਛਲੇ ਲਹੁਕੇ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਨਾਨਕੇ ਮੁੰਡੇ ਪਿੰਡ ਜ਼ਿਲਾ ਅੰਮ੍ਰਿਤਸਰ ਵਿਚ ਹਨ। ਨਾਨੇ ਦਾ ਨਾਮ ਭਾਈ ਗੁਲਾਬ ਸਿੰਘ ਹੈ।

ਆਪ ਭਰ ਜਵਾਨੀ ਸਮੇਂ ਉੱਨੀ ਸਾਲ ਦੀ ਉਮਰ ਵਿਚ ਲਹੁਕੇ ਚਕ ਨੰਬਰ ੭੫ ਜ਼ਿਲਾ ਲਾਇਲਪੁਰ ਬਾਰ ਵਿਚ ਆ ਗਏ। ਇਸ ਤੋਂ ਪਹਿਲਾਂ ੧੬ ਸਾਲ ਦੀ ਉਮਰ ਵਿਚ ਭੁਲਰ ਜ਼ਿਲਾ ਅੰਮ੍ਰਿਤਸਰ ਵਿਚ ਭਾਈ *ਜਵਾਹਰ ਸਿੰਘ ਦੀ ਸਪੁਤ੍ਰੀ ਬੀਬੀ ਪ੍ਰੇਮ ਕੌਰ ਨਾਲ ਆਪ ਦਾ ਅਨੰਦ ਕਾਰਜ ਹੋ ਚੁਕਾ ਸੀ। ਦੰਪਤੀ ਹੀ ਬੜੇ ਗੁਰਮੁਖ ਤੇ ਪ੍ਰੇਮੀ ਸਨ। ਹਰ ਰੋਜ਼ ਸਤਾਂ ਬਾਣੀਆਂ ਦਾ ਪਾਠ ਕਰਨਾ। ਸਿੰਘਣੀ ਗੁਰਮੁਖੀ ਚੰਗੀ ਪੜ੍ਹੀ ਹੋਈ, ਲਗਨ ਵਾਲੀ ਹੋਣ ਕਰਕੇ ਗੁਰੂ ਘਰ ਦੀ ਵਾਹਵਾ ਸੋਝੀ ਰਖਦੀ ਸੀ। ਜੀਵਨ ਦੇ ਕਈ ਝਮੇਲਿਆਂ ਵਿਚ ਫਸ ਜਾਣ ਤੇ ਭੀ ਆਪ ਪਿੰਡ ਵਿਚ ਚੰਗੇ ਦ੍ਰਿੜ੍ਹ ਇਰਾਦੇ ਵਾਲੇ ਵਿਸ਼ਵਾਸੀ ਤੇ ਸਿਦਕਵਾਨ ਸਿੰਘ ਸਾਬਤ ਹੁੰਦੇ ਰਹੇ। ਗੁਰਸਿਖੀ ਦੀ ਅਜਿਹੀ ਪਾਹ ਚੜ੍ਹਨ ਦਾ ਵਡਾ ਕਾਰਨ ਇਹ ਸੀ ਕਿ ਆਪ ਨੇ ਅਨੰਦ ਕਾਰਜ ਤੋਂ ਪਹਿਲਾਂ ਹੀ ੧੫ ਸਾਲ ਦੀ ਉਮਰ ਵਿਚ ਬਾਬਾ ਸਵਾਇਆ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੇ ਜਥੇ ਪਾਸੋਂ ਅੰਮ੍ਰਿਤ ਛਕ ਲਿਆ ਸੀ। ਆਪਣੇ ਤ੍ਰਖਾਣੇ ਕੰਮ ਦੇ ਚੰਗੇ ਛੋਹਲੇ ਕਾਰੀਗਰ ਸਨ। ਇਸ ਕਮਾਮ ਦਾ ਨਿਕੇ ਤੋਂ ਨਿਕਾ ਤੇ ਵਡੇ ਤੋਂ ਵਡਾ ਕੰਮ ਬੜੀ ਪ੍ਰਬੀਨਤਾ ਨਾਲ ਕਰਿਆ

---

* ਆਪ ਦੇ ਪਿਤਾ ਅਤੇ ਸੌਹਰੇ ਦਾ ਇਕ ਹੀ ਨਾਮ ਸੀ।

ਕਰਦੇ ਸਨ। ਜਿਸ ਦਿਨ ਤੋਂ ਅੰਮ੍ਰਿਤ ਛਕਿਆ ਸੀ ਉਸੇ ਦਿਨ ਤੋਂ ਹੀ ਇਕਸਾਰ ਦਸਵੰਧ ਕਢਣ ਦੀ ਪ੍ਰਪਾਟੀ ਨੂੰ ਸੋਹਣੀ ਤਰਾਂ ਨਿਭਾਹੀ ਆਉਂਦੇ ਸਨ। ਆਪ ਪੰਜ ਭੈਣ ਭਰਾ ਸਨ :—੧. ਵਧਾਵਾ ਸਿੰਘ, ੨. ਬੂਟਾ ਸਿੰਘ, ੩. ਨਾਰਾਇਣ ਸਿੰਘ, ੪. ਲਛਮਣ ਕੌਰ, ੫. ਸੁਰੈਣ ਸਿੰਘ। ਘਰ ਦਾ ਚੰਗਾ ਰਣ-ਮਹੈਣ ਸੀ। ਪਰਵਾਰ ਦੇ ਜੀ ਬੜੇ ਏਕੇ ਤੇ ਇਤਫ਼ਾਕ ਨਾਲ ਜੀਵਨ ਬਤੀਤ ਕਰਦੇ ਸਨ। ਈਸ਼ਵਰ ਦੇ ਹੁਕਮ ਅੰਦਰ ਆਪ ਦੇ ਘਰ ਚਾਰ ਬਚੇ ਪੈਦਾ ਹੋਏ :—੧. ਸੁਦਾਗਰ ਸਿੰਘ, ੨. ਰਣ ਸਿੰਘ, ੩. ਅਤਰ ਕੌਰ, ੪. ਭਾਨ ਕੌਰ। ਆਪ ਦਾ ਰੰਗ ਗੋਰਾ, ਚੇਹਰੇ ਮੋਹਰੇ ਦਾ ਮੁਹਾਂਦਰਾ ਡਾਹਢਾ ਸੋਹਣਾ। ਵਾਹਵਾ ਤਾਕਤਵਰ ਗੁਤੇ ਹੋਏ ਛੀਂਟਕੇ ਦਰਸ਼ਨੀ ਜਵਾਨ ਸਨ।

ਪਿੰਡ ਵਿਚ ਦੀਵਾਨ ਲਾਉਣ ਵਾਲਿਆਂ ਵਿਚ ਸਭ ਤੋਂ ਮੋਹਰੀ ਹੋਇਆ ਕਰਦੇ ਸਨ। ਬੜੇ ਪ੍ਰੇਮ ਨਾਲ ਮਟਕ ਵਿਚ ਢੋਲਕੀ ਵਜਾ ਕੇ ਲਟਕ ਨਾਲ ਬੜਾ ਮਿੱਠਾ ਤੇ ਸੁਰੀਲਾ ਕੀਰਤਨ ਕਰਨਾ। ਆਪ ਦੀ ਕੋਇਲ ਵਰਗੀ ਮਨਮੋਹਣੀ ਸੁਰੀਲੀ ਆਵਾਜ਼ ਦੀ ਦੂਰੋਂ ਕੂਕ ਸੁਣਕੇ ਰਾਹ ਜਾਂਦੇ ਬੰਦੇ ਭੀ ਬਦੋ-ਬਦੀ ਮੋਹਤ ਹੋ ਕੇ ਦੀਵਾਨ ਵਿਚ ਸਜ ਜਾਇਆ ਕਰਦੇ ਸਨ।

ਆਪਣੇ ਹਾਣੀਆਂ ਪਾਣੀਆਂ ਵਿਚ ਚੰਗੀ ਹੌਂਸਲੇ ਨਾਲ ਵੰਗਾਰ ਕੇ ਜੱਫਲ ਕੌਡੀ ਖੇਡਣੀ। ਸਰੀਰ ਕਰੜਾ, ਨਰੋਆ ਤੇ ਚੰਗਾ ਤਾਕਤਵਰ ਸੀ, ਜਿਸਨੂੰ ਇਕ ਵਾਰ ਜੱਫਾ ਪਾਉਣਾ ਥਾਂ ਹੀ ਰਖਣਾ। ਲਾਗੇ ਬੰਨੇ ਬਾਹਰੇ ਵਿਚ ਆਪ ਦੀ ਕੌਡੀ ਦੀ ਬੜੀ ਸ਼ੋਹਰਤ ਸੀ। ਸੁਭੱਾ ਅਜਿਹਾ ਸਾਊ ਕਿ ਜਵਾਨੀ ਦੇ ਸਾਰੇ ਸਮੇਂ ਵਿਚ ਕੋਈ ਅਜਿਹੀ ਗਲ ਨਹੀਂ ਕੀਤੀ ਸੀ, ਜਿਸਦਾ ਕਦੇ ਇਸ ਦੇ ਮਾਪਿਆਂ ਨੂੰ ਕਿਸੇ ਨੇ ਭੁਲਕੇ ਭੀ ਉਲਾਂਭਾ ਦਿਤਾ ਹੋਵੇ। ਹੱਛੇ ਸੁਭਾ ਦੇ ਕਾਰਨ ਸਾਰੇ ਨਗਰ ਵਿਚ ਸਾਰੀ ਉਮਰ ਤਕ ਆਪ ਦੀ ਸ਼ੋਭਾ ਖਿਲਰੀ ਰਹੀ। ਇਸੇ ਕਾਰਨ ਕਰਕੇ ਆਪ ਨੇ ਜਦੋਂ ਭੀ ਕਿਸੇ ਨੇਕ ਕੰਮ ਲਈ ਨਗਰ ਨਿਵਾਸੀਆਂ ਨੂੰ ਵੰਗਾਰਿਆ ਤਾਂ ਕਦੇ ਕਿਸੇ ਭਰਾ ਨੇ ਆਪ ਦਾ ਮੂੰਹ ਨਹੀਂ ਮੋੜਿਆ ਸੀ।

ਪਰਉਪਕਾਰ ਕਰਨੇ

ਆਪ ਦੀ ਬ੍ਰਿਤੀ ਦਾ ਝੁਕੱਾ ਹਮੇਸ਼ਾ ਹੀ ਧਰਮ ਅਤੇ ਪਰਉਪਕਾਰ ਦੇ ਕੰਮਾਂ

ਵਲ ਰਹਿੰਦਾ ਸੀ। ਅਸੂਲ ਦੇ ਅਜਿਹੇ ਪੱਕੇ ਸਨ ਕਿ ਧੀ ਦੇ ਵਿਵਾਹ ਤੇ ਸਾਰੀ ਉਮਰ ਕਦੀ ਨਗਰ ਵਿਚੋਂ ਲਾਗ ਨਹੀਂ ਲਿਆ ਸੀ। ਇਕ ਵੇਰ ਦੀ ਗਲ ਹੈ ਕਿ ਇਸ ਪਿੰਡ ਦੇ ਲਾਗੇ ਹੀ ਟਿੱਬੀ ਬੰਡਾਲੇ ਦੇ ਸਿੰਘਾਂ ਨੇ ਇਕ ਜੱਗ ਰਚਿਆ। ਇਸ ਪਿੰਡ ਦੇ ਸਾਰੇ ਚਾਗੜ-ਹੱਥੇ ਮੁੰਡੇ ਖੁੰਡੇ ਇਕੱਠੇ ਹੋਕੇ ਹਰਨਾਂ ਵਾਂਗ ਚੁੰਗੀਆਂ ਭਰਦੇ ਜੱਗ ਵਲ ਭਜੇ ਜਾ ਰਹੇ ਸਨ। ਰਾਹ ਵਿਚ ਰਣ ਵਾਲੇ ਪਿੰਡ ਜਾਂਗਲੀਆਂ ਨੇ ਇਕ ਗਊ ਹੱਤਿਆ ਕਰਨ ਲਈ ਢਾਹੀ ਹੋਈ ਸੀ। ਆਪ ਦੇ ਨਰਮ ਤੇ ਪਰਉਪਕਾਰੀ ਸੁਭੱਾ ਪਾਸੋਂ ਇਹ ਉਪੱਦ੍ਰਵ ਵੇਖਕੇ ਜਰਿਆ ਨ ਗਿਆ। ਝਟ ਨਾਲ ਦੇ ਪੰਜਾਂ ਸਤਾਂ ਹਾਣੀਆਂ ਨੂੰ ਵੰਗਾਰ ਕੇ ਆਖਦੇ ਹਨ ਕਿ "ਖ਼ਾਲਸਾ ਜੀ! ਭਾਈ ਗੁਰਦਾਸ ਜੀ ਲਿਖਦੇ ਹਨ-"ਮਾਰਨ ਗਊ ਗ਼੍ਰੀਬ ਨੂੰ ਜਗ ਤੇ ਪਾਪੇ ਦਾ ਵਰਤਿਆ ਵਰਤਾਰਾ"। ਆਓ! ਬਾਜਾਂ ਵਾਲੇ ਦੇ ਸੂਰਮਿਓਂ! ਨਿੱਤਰੋ, ਇਸ ਪ੍ਰਉਪਕਾਰ ਬਦਲੇ ਢਿਲ ਨ ਕਰੋ। ਇਸ ਠੀਕਰੇ ਨੇ ਅੰਤ ਦੀ ਬਾਕੀ ਤਾਂ ਇਕ ਦਿਨ ਭਜ ਹੀ ਜਾਣਾ ਹੈ, ਇਸ ਲਈ ਹੌਂਸਲਾ ਕਰ ਕੇ ਨਿਮਾਣੀ ਗਊ ਨੂੰ ਛੁਡਾ ਲਈਏ।" ਸਾਰੀ ਟੋਲੀ ਦਲੇਰੀ ਕਰ ਕੇ ਉਨ੍ਹਾਂ ਜਾਂਗਲੀਆਂ ਤੇ ਟੁਟ ਕੇ ਜਾ ਪਈ। ਝਟ ਪਟ ਰੱਸੇ ਖ਼ੋਲ੍ਹ ਕੇ ਗਊ ਛੁਡਾ ਕੇ ਅਗੇ ਲਾ ਲਈ। ਉਸ ਪਿੰਡ ਦੇ ਲੋਕਾਂ ਨੇ ਇਸ ਢਾਣੀ ਦੇ ਖ਼ਿਲਾਫ਼ ਡਾਕੇ ਦੀ ਥਾਣੇ ਜਾ ਰਪੋਟ ਲਿਖਾਈ। ਜਦ ਥਾਣੇਦਾਰ ਇਸ ਵਕੂਏ ਦੀ ਤਫ਼ਤੀਸ਼ ਕਰਨ ਲਈ ਆਇਆ, ਤੇ ਪੇਸ਼ੀ ਹੋਈ, ਤਾਂ ਆਪ ਨੇ ਸੂਰਮਿਆਂ ਵਾਂਗ ਮਰਦਿ-ਮੈਦਾਨ ਹੋ ਕੇਹਿੱਕ ਤੇ ਹੱਥ ਮਾਰ ਕੇ ਸਾਰੀ ਜ਼ਿਮੇਵਾਰੀ ਆਪਣੇ ਸਿਰ ਤੇ ਚੁਕ ਲਈ ਤੇ ਆਖਣ ਲਗੇ ਕਿ ਇਸ ਸਾਰੇ ਅਪ੍ਰਾਧ ਦਾ ਮੈਂ ਜ਼ਿਮੇਂਵਾਰ ਹਾਂ, ਹੋਰ ਕਿਸੇ ਦਾ ਇਸ ਵਿਚ ਕੁਝ ਭੀ ਕਸੂਰ ਨਹੀਂ। ਜੋ ਗੁਨਾਹ ਕੀਤਾ ਹੈ, ਉਹ ਮੈਂ ਕੀਤਾ ਹੈ, ਬਾਕੀ ਸਭ ਨਿਰਦੋਸ਼ ਹਨ।

ਥਾਣੇਦਾਰ ਨੇ ਪੁਛਿਆ ਕਿ ਤੂੰ ਰਣ ਵਾਲੇ ਜਾ ਕੇ ਕਿਉਂ ਫ਼ਸਾਦ ਕੀਤਾ ਹੈ? ਤਾਂ ਆਪ ਨੇ ਬੜੀ ਨਿਰਭੈਤਾ ਨਾਲ ਸਚੋ ਸਚ ਤੜਾਕ ਦੇ ਕੇ ਉਤ੍ਰ ਦਿਤਾ ਕਿ ਫ਼ਸਾਦ ਕੀਤਾ ਤੇ ਨਹੀਂ, ਹਾਂ ਜੇ ਜਾਂਗਲੀ ਗਊ ਮਾਰ ਦਿੰਦੇ ਤਾਂ ਕਰਨਾ ਜ਼ਰੂਰ ਸੀ। ਪੁਲਸ ਨੇ ਆਪ ਦਾ ਚਾਲਾਨ ਕਰ ਦਿਤਾ, ਪਰ ਨਗਰ ਨਿਵਾਸੀਆਂ ਨੇ ਚਾਰਾਜੋਈ ਕਰ ਕੇ ਉਪਰਲੀ ਅਦਾਲਤ ਵਿਚ ਜਾ ਕੇ ਆਪ ਨੂੰ ਸਾਫ਼ ਬਰੀ ਕਰਵਾ ਲਿਆ।

ਗਊ ਸਿਖਾਂ ਲਈ ਕੋਈ ਧਾਰਮਕ ਅੰਗ ਤੋਂ ਪੂਜਨੀਕ ਜਾਨਵਰ ਨਹੀਂ ਹੈ,

ਹਾਂ ਹਿੰਦੂਆਂ ਨਾਲ ਮੁਢ ਤੋਂ ਮਿਲ-ਵਰਤਨ ਰਹਿਣ ਕਰ ਕੇ ਇਸ ਤਰ੍ਹਾਂ ਦੇ ਸਨਾਤਨੀ ਖਿਆਲਾਂ ਦਾ ਆਮ ਸਿਖਾਂ ਤੇ ਪ੍ਰਭਾਵ ਪਿਆ ਹੋਇਆ ਹੈ ਅਤੇ ਇਨ੍ਹਾਂ ਸੰਸਕਾਰਾਂ ਥਲੇ ਦੱਬੇ ਹੋਣ ਕਰ ਕੇ ਬਹੁਤੇ ਸਿਖ ਇਹੋ ਸਮਝੀ ਬੈਠੇ ਹਨ । ਅਸਲ ਵਿਚ ਗਊ ਅਤੇ ਸੂਰ ਦੇ ਝਗੜੇ ਮੁਲਕ ਦੀ ਬਰਬਾਦੀ ਦਾ ਕਾਰਨ ਹਨ । ਮੁਲਕ ਦੀ ਆਜ਼ਾਦੀ ਦੇ ਹਾਮੀਆਂ ਨੂੰ ਇਨ੍ਹਾਂ ਗੱਲਾਂ ਤੋਂ ਬਹੁਤ ਉਚਿਆਂ ਰਹਿਣਾ ਚਾਹੀਦਾ ਹੈ।

ਭਾਈ ਨਰਾਇਣ ਸਿੰਘ ਜੀ ਸਤਿਜੁਗੀ ਪੁਰਸ਼ਾਂ ਵਾਂਗ ਆਪਣੀ ਸਾਰੀ ਕਮਾਈ ਦਾ ਲੇਖਾ ਪੱਤਾ ਇਕ ਕਾਪੀ ਤੇ ਜੀਵਨ ਪ੍ਰਯੰਤ ਲਿਖਕੇ ਰਖਦੇ ਰਹੇ। ਹਰ ਮਹੀਨੇ ਉਸ ਦਾ ਦਸਵੰਧ ਕਢ ਕੇ ਦਵਾਈਆਂ ਬਣਾ ਕੇ ਗ੍ਰੀਬਾਂ ਨੂੰ ਮੁਫ਼ਤ ਦੇਣੀਆਂ। ਆਪ ਦੀ ਹਕੀਮੀ ਦੀ ਭੀ ਇਲਾਕੇ ਵਿਚ ਚੰਗੀ ਪ੍ਰਸਿੱਧੀ ਸੀ।

ਹਮੇਸ਼ਾ ਪ੍ਰਹੇ ਦੇ ਮੱਲ ਬਣ ਕੇ ਬਹਿਣਾ। ਬੜੀ ਮਿਣਵੀਂ ਤੋਲਵੀਂ ਚਾਲ੍ਹੀ ਸੇਰੀ ਗੱਲ ਕਰਨੀ। ਜਦ ਕਿਸੇ ਦਾ ਲੜਾਈ ਝਗੜੇ ਦਾ ਮਾਮਲਾ ਪੰਚਾਇਤ ਵਿਚ ਆਉਣਾ ਤਾਂ ਬੜੀ ਸਿਆਣਪ ਨਾਲ ਦਾਨਿਆਂ ਪ੍ਰਧਾਨਿਆਂ ਵਾਂਗ ਨਿਪਟ ਨਿਪਟਾ ਦੇਣਾ। ਕਿਸੇ ਨਾਲ ਧੱਕਾ ਅਤੇ ਬੇਇਨਸਾਫ਼ੀ ਨ ਹੋਣ ਦੇਣੀ। ਇਸ ਸਮੇਂ ਭੀ ਲੋਕਾਂ ਨੂੰ ਪ੍ਰਉਪਕਾਰ ਕਮਾਉਣ ਦੀਆਂ ਹੀ ਗੱਲਾਂ ਬਾਤਾਂ ਸੁਣਾਉਂਦੇ ਰਿਹਾ ਕਰਨਾ।

ਪੰਥਕ ਸੇਵਾ ਦਾ ਚੱਾ ਤੇ ਸ਼ਹੀਦੀ ਲਈ ਤਿਆਰੀ

ਜਰਮਨ ਦੀ ਲੜਾਈ ਸਮੇਂ ਜਦ ਭਰਤੀ ਖੁਲ੍ਹੀ ਤਾਂ ਆਪ ਭੀ ਇਕ ਸੌ ਵੀਹ ਰੁਪਏ ਮਹੀਨੇ ਤੇ ਭਰਤੀ ਹੋ ਕੇ ਬਸਰੇ ਬਗਦਾਦ ਵਲ ਚਲੇ ਗਏ। ਤਿੰਨ ਕੁ ਸਾਲ ਮਨ ਮਾਰ ਕੇ ਨੌਕਰੀ ਕੀਤੀ, ਪਰ ਨੌਕਰੀ ਦੇ ਧਰਮ ਵਿਚ ਬੰਧਨ ਆਪ ਦੇ ਆਜ਼ਾਦ ਸੁਭੱਾ ਦੇ ਅਨਕੂਲ ਨ ਆਏ। ਇਸ ਸਮੇਂ ਕਈ ਪੰਜਾਬੀ ਪਲਟਨਾਂ ਵਿਚ ਕ੍ਰਿਪਾਨਾਂ ਪਹਿਨਣ ਬਦਲੇ ਸਿੰਘਾਂ ਤੇ ਮੁਕੱਦਮੇ ਚਲ ਰਹੇ ਸਨ। ਆਪ ਦੇ ਪੰਥ ਦਰਦੀ ਦਿਲ ਵਿਚ ਧਰਮ ਦਾ ਉਬਾਲਾ ਉਠਿਆ ਅਤੇ ਆਪ ਨੌਕਰੀ ਦਾ ਸਰਕਾਰੀ ਜੂਲਾ ਲਾਹ ਕੇ ਆਜ਼ਾਦ ਹੋ ਕੇ ਮੁੜ ਲਹੁਕੀਂ ਆ ਗਏ। ਇਕ ਹਲ ਦੀ ਵਾਹੀ ਕਰ ਲਈ ਅਤੇ ਜਿਸ ਦਿਨ ਮਜ਼ੂਰੀ ਮਿਲ ਜਾਣੀ ਦਿਹਾੜੀ ਭੀ ਲਾ ਲਿਆ ਕਰਨੀ।

ਇਸ ਸਮੇਂ ਬੜੇ ਜੋਸ਼ ਤੇ ਲਗਨ ਨਾਲ ਇਲਾਕੇ ਵਿਚ ਧਾਰਮਕ ਪ੍ਰਚਾਰ ਸ਼ੁਰੂ ਕਰ ਦਿਤਾ। ਹਰ ਐਤਵਾਰ ਦੇ ਐਤਵਾਰ ਨੇਮ ਨਾਲ ਸਪਤਾਹਕ ਦੀਵਾਨ

ਲਾਉਣੇ, ਲੋਕਾਂ ਨੂੰ ਮਨ-ਮਤਿ ਵਲੋਂ ਮੋੜ ਕੇ ਗੁਰਮਤਿ ਵਲ ਲਿਆਉਣਾ, ਇਨ੍ਹਾਂ ਦਾ ਖਾਸ ਨਿਸ਼ਾਨਾ ਸੀ। ਇਚਰਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਦਾ ਪ੍ਰਚਾਰ ਭੀ ਅਰੰਭ ਹੋ ਗਿਆ। ਆਪ ਬੜੇ ਉਤਸ਼ਾਹ ਨਾਲ ਇਸ ਕੰਮ ਦੇ ਹਾਮੀ ਬਣ ਗਏ। ਬਾਰ ਦੇ ਇਲਾਕੇ ਵਿਚ ਇਸ ਸਮੇਂ ਗੁਰਦੁਆਰਾ ਸ੍ਰੀ ਨਨਕਾਣੇ ਸਾਹਿਬ ਦੇ ਪ੍ਰਬੰਧ ਸੁਧਾਰ ਦੀ ਪਿੰਡੋ ਪਿੰਡ ਖੁਲ੍ਹੀ ਚਰਚਾ ਛਿੜੀ ਹੋਈ ਸੀ। ਆਪ ਇਕ ਦਿਨ ਚਕ ਨੰਬਰ ੭੦ ਬੰਡਾਲਾ ਗੁਜਰ ਸਿੰਘ ਵਾਲੇ ਗੁਰਦੁਆਰੇ ਦੀ ਉਸਾਰੀ ਲਈ ਗਏ ਹੋਏ ਸਨ। ਜਦ ਇਹ ਉਸ ਦਿਨ ਨਹਿਰ ਤੋਂ ਲਕੜਾਂ ਵਢ ਕੇ ਸ਼ਾਮਾਂ ਨੂੰ ਪਿੰਡ ਗਏ ਤਾਂ ਉਥੇ ਅਗੇ ਭਾਈ ਈਸ਼ਰ ਸਿੰਘ ਤੇ ਭਾਈ ਲਛਮਣ ਸਿੰਘ ਧਾਰੋਵਾਲੀ ਸ੍ਰੀ ਨਨਕਾਣੇ ਸਾਹਿਬ ਦੇ ਮੋਰਚੇ ਲਈ ਸਿੰਘਾਂ ਦੇ ਨਾਮ ਲਿਖ ਰਹੇ ਸਨ। ਆਪ ਨੇ ਭੀ ਉਨ੍ਹਾਂ ਪਾਸ ਸ਼ਹਾਦਤ ਲਈ ਆਪਣਾ ਨਾਮ ਲਿਖਾ ਦਿਤਾ ਅਤੇ ਉਥੋਂ ਆਪਣੇ ਨਗਰ ਆ ਕੇ ਸੰਗਤਾਂ ਵਿਚ ਇਸ ਗੱਲ ਦਾ ਚੰਗੇ ਖੜਕੇ ਦੜਕੇ ਨਾਲ ਪ੍ਰਚਾਰ ਆਰੰਭ ਕਰ ਦਿਤਾ। ਲਹੁਕਿਆਂ ਵਿਚੋਂ ਜਿੰਨੇ ਸਿੰਘ ਭੀ ਸ਼ਹਾਦਤ ਲਈ ਗਏ ਸਨ, ਇਹ ਸਭ ਆਪ ਦੀ ਹਿੰਮਤ ਅਤੇ ਪ੍ਰੇਰਨਾ ਦਾ ਹੀ ਨਤੀਜਾ ਸੀ।

੯ ਫਗਣ ਨੂੰ ਭਾਈ ਈਸ਼ਰ ਸਿੰਘ ਧਾਰੋਵਾਲੀ ਨੇ ਭਾਈ ਅਜੀਤ ਸਿੰਘ ਪੁਤ੍ਰ ਭਾ: ਹਰੀ ਸਿੰਘ ਚਕ ਨੰਬਰ ੭੦ ਦੀ ਜ਼ਬਾਨੀ ਰਾਤ ਦੇ ਨੌ ਵਜੇ ਸੁਨੇਹਾ ਘਲਿਆ ਕਿ ਆਪ ਆਪਣੇ ਨਗਰ ਦੇ ਸਿੰਘਾਂ ਨੂੰ ਨਾਲ ਲੈ ਕੇ ਸਾਨੂੰ ਜੰਮਿਆਣੇ ਵਾਲੀ ਖੂਹੀ ਤੇ ਆ ਮਿਲੋ। ਆਪ ਨੇ ਉਸੇ ਵੇਲੇ ਸਿੰਘਾਂ ਨੂੰ ਗੁਰਦੁਆਰੇ ਵਿਚ ਇਕੱਤ੍ਰ ਕੀਤਾ ਅਤੇ ਬੜੇ ਪ੍ਰੇਮ ਨਾਲ ਸਭ ਨੂੰ ਸ੍ਰੀ ਨਨਕਾਣੇ ਸਾਹਿਬ ਸ਼ਹਾਦਤ ਵਾਸਤੇ ਜਾਣ ਲਈ ਪ੍ਰੇਰਨਾ ਕੀਤੀ। ਆਪ ਦੀ ਕਥਨੀ ਦਾ ਸਿੰਘਾਂ ਤੇ ਬੜਾ ਅਸਰ ਹੋਇਆ। ਪੰਦਰਾਂ ਸਿੰਘਾਂ ਨੇ ਇਸ ਸ਼ਹੀਦੀ ਦਾਹਵਤ ਦੇ ਬਾਟੇ ਛਕਣ ਲਈ ਆਪਣੇ ਨਾਮ ਲਿਖਾ ਦਿਤੇ ਜਿਨ੍ਹਾਂ ਵਿਚੋਂ ਤਿੰਨ ਬ੍ਰਿਧ ਸਿੰਘਾਂ ਨੂੰ ਭਾਈ ਨਰਾਇਣ ਸਿੰਘ ਹੋਰਾਂ ਰੋਕ ਦਿਤਾ ਅਤੇ, ਬਾਕੀ ਦੇ ਇਹ ਬਾਰਾਂ ਸਿੰਘ ਤਿਆਰ ਹੋ ਪਏ :—

੧. ਭਾਈ ਕਰਮ ਸਿੰਘ ਪੁਤ੍ਰ ਭਾਈ ਹਾਕਮ ਸਿੰਘ, ੨. ਭਾਈ ਮਹਿੰਗਾ ਸਿੰਘ ਪੁਤ੍ਰ ਭਾਈ ਝੰਡਾ ਸਿੰਘ, ੩. ਭਾਈ ਰਾਮ ਸਿੰਘ ਪੁਤ੍ਰ ਭਾਈ ਦੂਲਾ ਸਿੰਘ, ੪. ਭਾਈ ਸੁੰਦਰ ਸਿੰਘ ਪੁਤ੍ਰ ਭਾਈ ਵਧਾਵਾ ਸਿੰਘ, ੫. ਭਾਈ ਇਛਰ ਸਿੰਘ ਪੁਤ੍ਰ ਭਾਈ ਵਰਿਆਮ ਸਿੰਘ, ੬. ਭਾਈ ਤੇਜਾ ਸਿੰਘ ਪੁਤ੍ਰ ਭਾਈ ਲਾਲ ਸਿੰਘ, ੭. ਭਾਈ

ਕਿਸ਼ਨ ਸਿੰਘ ਪੁਤ੍ਰ ਭਾਈ ਗੁਰਦਿਤ ਸਿੰਘ, ੮. ਭਾਈ ਚੰਦਾ ਸਿੰਘ ਪੁਤ੍ਰ ਭਾਈ ਅਤਰ ਸਿੰਘ, ੯. ਭਾਈ ਬਹਾਦਰ ਸਿੰਘ ਪੁਤ੍ਰ ਭਾਈ ਖੁਸ਼ਹਾਲ ਸਿੰਘ, ੧੦. ਭਾਈ ਦਸੌਂਧਾ ਸਿੰਘ ਪੁਤ੍ਰ ਭਾਈ ਕਾਲਾ ਸਿੰਘ, ੧੧. ਭਾਈ ਵੀਰ ਸਿੰਘ ਪੁਤ੍ਰ ਭਾਈ ਭੂਪ ਸਿੰਘ, ਬਾਰ੍ਹਵੇਂ ਆਪ ਖ਼ੁਦ ਸਨ। ਮਹਾਰਾਜ ਦਾ ਵਾਕ ਲੈ ਕੇ ਅਰਦਾਸਾ ਸੋਧਿਆ। ਆਪ ਸਭ ਨੂੰ ਅੰਤਮ ਫਤਹ ਬੁਲਾ ਕੇ ਆਖਦੇ ਹਨ ਕਿ ਖਾਲਸਾ ਜੀ! ਹੁਣ ਸਾਡਾ ਸ਼ਹੀਦੀ ਸਮਾਂ ਬਹੁਤ ਨੇੜੇ ਆ ਰਿਹਾ ਹੈ ਇਸ ਲਈ ਜਾਂਦੀ ਵੇਰੀ ਬਾਬਾ *ਨੱਥਾ ਸਿੰਘ ਹੁਰਾਂ ਦੇ ਜ਼ਰੂਰ ਦਰਸ਼ਨ ਕਰਨੇ ਹਨ। ਗੁਰਦੁਆਰਿਓਂ ਬਾਹਰ ਨਿਕਲ ਕੇ ਬ੍ਰਿਧ ਬਾਬਾ ਜੀ ਦੇ ਗੋਡੀਂ ਹਥ ਲਾ ਕੇ ਫਤਹ ਗਜਾਈ। ਉਨ੍ਹਾਂ ਅਗੋਂ ਕੰਡ ਤੇ ਥਾਪੀ ਦੇ ਕੇ ਅਸੀਸ ਦਿਤੀ ਤੇ ਕਿਹਾ: ਲੈ ਭਾਈ ਨਰਾਇਣ ਸਿੰਘਾ! ਰਬ ਤੁਹਾਨੂੰ ਖਿੜੇ ਮਥੇ ਸ਼ਹੀਦੀਆਂ ਦੀ ਪਵਿਤ੍ਰ ਦਾਤ ਬਖ਼ਸ਼ੇ! ਤੁਸੀਂ ਗੁਰੂ ਘਰ ਵਿਚ ਸਨਮੁਖ ਹੋ ਕੇ ਸੀਸ ਵਾਰੋ।

ਸਤਿ ਸ੍ਰੀ ਅਕਾਲ ਦਾ ਜੈਕਾਰਾ ਛਡ ਕੇ ਚਾਲੇ ਪਾਉਣ ਲਗੇ ਤਾਂ ਆਪ ਦਾ ਭੁਝੰਗੀ ਸੁਦਾਗਰ ਸਿੰਘ ਭੀ ਨਾਲ ਜਾਣ ਲਈ ਰਿਹਾੜੇ ਪੈ ਗਿਆ। ਰਾਤ ਦਾ ਲੰਮੇਰਾ ਅਠਾਰਾਂ ਵੀਹ ਕੋਹ ਦਾ ਪੰਧ ਹੋਣ ਕਰਕੇ ਆਪ ਨੇ ਉਸ ਨੂੰ ਵਰਚਾ ਵੂਰਚੂ ਕੇ ਘਰ ਨੂੰ ਮੋੜ ਦਿਤਾ ਕਿ ਰਾਹ ਵਿਚ ਮਤਾਂ ਥਕ ਕੇ ਬਹਿ ਜਾਵੇ ਤੇ ਔਖੇ ਹੋਈਏ।

ਆਪ ਬਾਰਾਂ ਸਿੰਘਾਂ ਦਾ ਜਥਾ ਲੈ ਕੇ ਪਿੰਡੋਂ ਬਾਹਰ ਨਿਕਲ ਆਏ। ਮਾਈਆਂ ਬੀਬੀਆਂ ਵਿਦਾ ਕਰਨ ਲਈ ਪਿੰਡੋਂ ਬਾਹਰ ਤੀਕਰ ਨਾਲ ਆਈਆਂ। ਆਪ ਨੇ "ਜੇ ਤਉ ਪ੍ਰੇਮ ਖੇਲਣ ਕਾ ਚਾਓ ਸਿਰ ਧਰ ਤਲੀ ਗਲੀ ਮੋਰੀ ਆਓ" ਹੇਕ ਲਾ ਕੇ ਗੂੰਜਵੀਂ ਆਵਾਜ਼ ਨਾਲ ਸ਼ਬਦ ਪੜ੍ਹਿਆ। ਪਿਛੇ ਜਥੇ ਦੇ ਬਾਕੀ ਸਿੰਘ ਪੜ੍ਹਕੇ ਗੂੰਜਾਂ ਪਾਉਂਦੇ ਜਾਂਦੇ ਸਨ। ਰਾਤ ਦੇ ਟਿਕਾ ਵਿਚ ਇਨ੍ਹਾਂ ਮਨਸੂਰਾਂ ਦੀਆਂ ਇਹ ਕੂਕਾਂ ਸੁੱਤੇ ਪਏ ਜੀਵੜਿਆਂ ਦੇ ਦਿਲਾਂ ਵਿਚ ਭੀ ਧੂਹਾਂ ਪੈਂਦੀਆਂ ਜਾਂਦੀਆਂ ਸਨ। ਇਥੋਂ ਤੁਰ ਕੇ ਸਿੰਘ ਨਵੇਂ ਘਸੀਟ ਪੁਰੇ ਪੁਜੇ, ਉਥੇ ਜਾ ਕੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਛਡੇ। ਉਥੋਂ ਭਾਈ ਉਜਾਗਰ ਸਿੰਘ ਪੁਤ੍ਰ ਭਾਈ ਬਿਸ਼ਨ ਸਿੰਘ ਤੇ ਦੂਜਾ ਭਾਈ ਉਜਾਗਰ ਸਿੰਘ ਕੁਲ ਦੋ ਸਿੰਘ ਇਨ੍ਹਾਂ ਦੇ

---

* ਇਹ ਬਾਬਾ ਜੀ ਆਪ ਦੇ ਸਤ-ਸੰਗੀ ਸਨ ਅਤੇ ਆਪੋ ਵਿਚ ਬੜਾ ਗੂੜ੍ਹਾ ਪਿਆਰ ਸੀ।

ਜਥੇ ਨਾਲ ਰਲ ਪਏ। ਇਥੋਂ ਤੁਰਨ ਸਮੇਂ ਫੇਰ ਭਾਈ ਨਰਾਇਣ ਸਿੰਘ ਨੇ "ਮਰਉ ਤ ਹਰਿ ਕੇ ਦੁਆਰ" ਸ਼ਬਦ ਅਰੰਭਿਆ। ਇਥੋਂ ਡਾਂਡੇ ਮੀਂਡੇ ਹੋ ਕੇ ਇਹ ੧੪ ਸਿੰਘ ਜਮਿਆਣੇ ਦੀ ਖੂਹੀ ਪਾਸ *ਭਾਈ ਈਸ਼ਰ ਸਿੰਘ ਹੋਰਾਂ ਦੇ ਜਥੇ ਨੂੰ ਜਾ ਮਿਲੇ। ਰਾਤ ਦਾ ਪੰਧ ਹੋਣ ਕਰਕੇ ਆਪ ਸਾਰੀ ਰਾਤ ਰਾਹ ਭੁਲੇ ਫਿਰਦੇ ਰਹੇ ਅਤੇ ਨੀਯਤ ਕੀਤੇ ਥਾਂ ਤੇ ਭਾਈ ਲਛਮਣ ਸਿੰਘ ਜੀ ਦੇ ਜਥੇ ਦਾ ਮੇਲ ਨ ਹੋ ਸਕਿਆ।

ਸ੍ਰੀ ਨਨਕਾਣੇ ਸਾਹਿਬ ਪੁਜਣਾ

ਸੂਰਜ ਦੀ ਟਿੱਕੀ ਨਿਕਲਦੀ ਨਾਲ ਜਥਾ ਰੇਲ ਦੀ ਲਾਈਨ ਤੇ ਪੁਜ ਗਿਆ। ਇਥੇ ਗੁਰਦੁਆਰਾ ਜਨਮ ਅਸਥਾਨ ਵਲੋਂ ਦਬਾ ਦਬ ਬੰਦੂਕਾਂ ਦੀ ਠਾਹ ਠਾਹ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਆਵਾਜ਼ ਸੁਣਾਈ ਦਿੰਦੀ ਸੀ। ਭਾਈ ਭਗਤ ਸਿੰਘ ਨੰਬਰਦਾਰ ਤੇ ਕੁਝ ਹੋਰ ਸਿੰਘਾਂ ਨੇ ਭਾਈ ਭਗਤ ਸਿੰਘ ਬੰਡਾਲਾ ਕਰੀਆਂ ਵਾਲੇ ਨੂੰ ਪੁਛਿਆ ਕਿ ਭਾਈ ਜੀ! ਤੁਸੀਂ ਤਾਂ ਫ਼ੌਜ ਵਿਚ ਨੌਕਰ ਰਹੇ ਜੇ, ਦਸੋ ਖਾਂ ਭਲਾ ਇਹ ਗੋਲੀਆਂ ਡੂਮ ਡਰਾਵੇ ਲਈ ਫੋਕੀਆਂ ਚਲਦੀਆਂ ਨੇ ਕਿ ਸਚ ਮੁਚ ਮਾਰ ਦੇਣ ਵਾਲੀਆਂ? ਉਸ ਨੇ ਅਗੋਂ ਉਤ੍ਰ ਦਿਤਾ ਕਿ ਖ਼ਾਲਸਾ ਜੀ ਆਵਾਜ਼ ਤੇ ਹੈ ਜੇ ਅਸਲੀ ਭਰੀਆਂ ਹੋਈਆਂ ਬੰਦੂਕਾਂ ਦੀ, ਅਗੇ ਹੁਣ ਤੁਸੀਂ ਆਪਣੀ ਸਲਾਹ ਵਰਤਣੀ ਹੈ! ਭਾਈ ਸੁੰਦਰ ਸਿੰਘ ਤੇ ਭਾਈ ਨਰਾਇਣ ਸਿੰਘ ਹੁਰਾਂ ਆਖਿਆ ਕਿ ਖ਼ਾਲਸਾ ਜੀ ਅਸੀਂ ਘਰੋਂ ਸ਼ਹੀਦੀਆਂ ਲੈਣ ਆਏ ਹਾਂ, ਗੋਲੀਆਂ ਦੀ ਆਵਾਜ਼ ਪਰਖਣ ਲਈ ਨਹੀਂ ਆਏ। ਸਚ-ਖੰਡੀ ਦਰਬਾਰ ਵਿਚ ਸਾਡੇ ਭਰਾ ਸ਼ਹੀਦ ਹੋ ਰਹੇ ਹਨ ਅਤੇ ਅਸੀਂ ਇਥੇ ਇਹ ਬੁਝਾਰਤਾਂ ਪਾ ਰਹੇ ਹਾਂ।

ਦੂਜੀ ਵੇਰ ਫੇਰ ਭਾਈ ਨਰਾਇਣ ਸਿੰਘ ਹੁਰਾਂ ਨੇ ਬੜੀ ਕੜਕਵੀਂ ਆਵਾਜ਼ ਵਿਚ ਬੀਰ ਰਸ ਦੇ ਜੋਸ਼ ਵਿਚ ਆ ਕੇ ਲਲਕਾਰਾ ਮਾਰਿਆ ਕਿ ਜੇ ਅਸੀਂ ਹੁਣ ਭਰਾਵਾਂ ਦੇ ਪਾਸ ਪੁਜ ਕੇ ਭੀ ਉਨ੍ਹਾਂ ਨੂੰ ਨਾ ਛੁਡਾਈਏ ਤਾਂ ਫੇਰ ਸਾਡਾ ਸਿਖੀ ਧਰਮ ਨਹੀਂ ਹੈ। ਉਸੇ ਵੇਲੇ ਭਾਈ ਈਸ਼ਰ ਸਿੰਘ ਧਾਰੋਵਾਲਈਏ ਨੇ ਇਨ੍ਹਾਂ ਨਾਲ ਮਿਲ ਕੇ ਇਕ ਸੋਟੇ ਨਾਲ ਲੀਕ ਖਿਚ ਦਿਤੀ ਕਿ ਖ਼ਾਲਸਾ ਜੀ, ਜਿਨ ਸ਼ਹੀਦੀਆਂ ਲੈਣੀਆਂ

* ਜਥੇ ਦੇ ਰਾਹ ਦਾ ਸਾਰਾ ਹਾਲ ਵੇਖੋ ਜੀਵਨ ਭਾਈ ਈਸ਼ਰ ਸਿੰਘ ਜੀ ਧਾਰੋਵਾਲੀ ਸਫ਼ਾ ੧੬੦।

ਹਨ, ਉਹ ਛਾਲ ਮਾਰ ਕੇ ਲੀਕ ਟੱਪ ਆਓ ਬਾਕੀ ਪਿਛਾਂਹ ਨੂੰ ਘਰੋ ਘਰੀ ਚਲੇ ਜਾਓ। ਹੁਣ ਗਿਣਤੀਆਂ ਮਿਣਤੀਆਂ ਕਰਨ ਦਾ ਸਮਾਂ ਨਹੀਂ। ਇਕ ਅੱਖ ਦੇ ਫੁਰਨੇ ਵਿਚ ਭਾਈ ਆਸਾ ਸਿੰਘ, ਭਾਈ ਭਗਤ ਸਿੰਘ, ਭਾਈ ਸਾਧੂ ਸਿੰਘ, ਭਾਈ ਨੰਦ ਸਿੰਘ, ਭਾਈ ਅਰਜਨ ਸਿੰਘ, ਭਾਈ ਪੰਜਾਬ ਸਿੰਘ, ਭਾਈ ਲਾਭ ਸਿੰਘ, ਭਾਈ ਦਾਰਾ ਸਿੰਘ, ਭਾਈ ਜਗ ਸਿੰਘ ਸੁਨਿਆਰਾ ਚਕ ਨੰਬਰ ੭੦ ਬੰਡਾਲੇ ਦੇ ਅਤੇ ਇਨ੍ਹਾਂ ਦੇ ਨਾਲ ਹੀ ਭਾਈ ਜੈਬ ਸਿੰਘ, ਭਾਈ ਇਛਰ ਸਿੰਘ, ਭਾਈ ਕਰਮ ਸਿੰਘ, ਭਾਈ ਨਰਾਇਣ ਸਿੰਘ, ਭਾਈ ਮਹਿੰਗਾ ਸਿੰਘ, ਭਾਈ ਸੁੰਦਰ ਸਿੰਘ, ਭਾਈ ਸੰਦਾ ਸਿੰਘ ਅਤੇ ਭਾਈ ਤੇਜਾ ਸਿੰਘ ਲਹਿਕਆਂ ਦੇ ਲੀਕ ਟਪ ਕੇ ਲੰਘ ਆਏ।

ਲਾਇਲਪੁਰੀ ਜਥੇ ਦੇ ਸਿੰਘ ਹਥੋਂ ਖ਼ਾਲੀ ਸਨ। ਉਹ ਆਖਣ ਕਿ ਤੁਸੀਂ ਗੋਲੀਆਂ ਦਾ ਐਵੇਂ ਭਰਮ ਕਰਦੇ ਜੇ, ਸਿੰਘਾਂ ਨੇ ਕਬਜ਼ਾ ਕਰ ਲਿਆ ਹੈ ਤੇ ਉਹ ਖ਼ੁਸ਼ੀ ਦੇ ਗੋਲੇ ਛਡਦੇ ਹਨ। ਚਲੋ ਚਲ ਕੇ ਲੰਗਰ ਲਾਈਏ, ਪਰ ਜਦੋਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਗਲ ਸਮਝਾ ਦਿਤੀ ਤਾਂ ਇਹ ਖ਼ਾਲੀ ਹੱਥੀਂ ਹੋਣ ਕਰਕੇ ਰੇਲ ਦੀ ਲਾਈਨ ਦੇ ਨਾਲ ਝਾੜੀਆਂ ਵਿਚ ਜਾ ਕੇ ਬੈਠ ਗਏ। ਭਾਈ ਜੀਉਣ ਸਿੰਘ ਪ੍ਰਉਪਕਾਰੀ ਤੇ ਭਾਈ ਚਰਨ ਸਿੰਘ ਭਾਟੀਏ ਆਦ ਬੀਮਾਰਾਂ ਨੂੰ ਇਹ ਸਾਰੇ ਸਜਨ ਨੱਪਣ ਘੁਟਣ ਲਗ ਗਏ।

ਭਾਈ ਨਰਾਇਣ ਸਿੰਘ ਹੁਰਾਂ ਫੇਰ ਸਿੰਘਾਂ ਨੂੰ ਵੰਗਾਰਿਆ ਕਿ ਲਓ ਖ਼ਾਲਸਾ ਜੀ,ਆਪੋ ਆਪਣਾ ਸਭ ਹਥਿਆਰ ਪੱਤਾ ਲਾ ਲਓ,ਅਸੀਂ ਭਰਾਵਾਂ ਨੂੰ ਚਲਕੇ ਬਚੌਣਾ ਹੈ। ਹੁਣ ਸ਼ੜੀ ਸ਼ਾਂਤਮਈ ਦਾ ਕੋਈ ਕੰਮ ਨਹੀਂ। ਭਾਈ ਈਸ਼ਰ ਸਿੰਘ ਹੁਰੀਂ ਆਖੀ ਜਾਣ ਕਿ ਅਸੀਂ ਪੰਥ ਦੇ ਹੁਕਮ ਦੀ ਉਲੰਘਣਾ ਨਹੀਂ ਕਰਨੀ। ਗਲ ਅਸਲ ਵਿੱਚ ਠੁਕ-ਸਿਰ ਮੁਕੀ ਮੁਕਾਈ ਕੋਈ ਭੀ ਨਾਹ ਤੇ ਇਸ ਵਾਹੋ-ਦਾਹੀ ਵਿਚ ਇਨ੍ਹਾਂ ਉਪਰੋਕਤ ਸਤਾਰਾਂ ਸਿੰਘਾਂ ਨੇ ਚੱਪਾ ੜਿੱਕੀਆਂ ਬੰਨ੍ਹ ਲਈਆਂ। ਭਾਈ ਨਰਾਇਣ ਸਿੰਘ ਨੇ ਫੇਰ ਇਹ ਗਲ ਆਖੀ ਕਿ ਖਾਲਸਾ ਜੀ ਜੇਹੜਾ ਆਪਣੇ ਆਪ ਨੂੰ ਗੁਰੂ ਕਾ ਸਿੰਘ ਸਮ-ਝਦਾ ਹੈ ਉਹ ਜੈਕਾਰਾ ਛੱਡ ਕੇ ਮੇਰੇ ਮਗਰ ਚਾਲੇ ਪਾ ਦੇਵੇ, ਬਾਕੀ ਸਲਾਹ ਕਰਨ ਵਾਲੇ ਘਰ ਨੂੰ ਮੁੜ ਜਾਓ। ਸਭ ਸਿੰਘ ਜੋਸ਼ ਨਾਲ ਜੈਕਾਰਾ ਛੱਡ ਕੇ ਭਾਈ ਨਰਾਇਣ ਸਿੰਘ ਦੇ ਮਗਰ ਗੁਰਦੁਆਰਾ ਜਨਮ ਅਸਥਾਨ ਨੂੰ ਦੌੜ ਪਏ।

ਅਜ ਕੱਲ ਵਾਲੀ ਨਵੀਂ ਆਬਾਦੀ ਗੁਰੂ ਨਾਨਕ ਪੁਰੇ ਦੇ ਅੱਡੋਖੋੜਿਆਂ

ਥਾਣੀ ਜਦ ਸਿੰਘ ਲਲਕਾਰੇ ਮਾਰਦੇ ਹਰਨਾਂ ਵਾਂਗ ਚੁੰਗੀਆਂ ਭਰਦੇ ਦੌੜੇ ਜਾ ਰਹੇ ਸਨ, ਤਾਂ ਇਥੇ ਇਨ੍ਹਾਂ ਸਿੰਘਾਂ ਨੂੰ ਸੰਤ ਆਤਮਾ ਰਾਮ ਹਥ ਵਿੱਚ ਪਾਣੀ ਦੀ ਗੜਵੀ ਫੜੀ ਜੰਗਲ ਜਾਂਦੇ ਮਿਲੇ। ਇਨ੍ਹਾਂ ਦੁੜੰਗੇ ਮਾਰਦੇ ਜਾ ਰਹੇ ਸਿੰਘਾਂ ਦਾ ਧਿਆਨ ਆਪਣੇ ਵਲ ਖਿੱਚ ਕੇ ਆਖਿਆ ਕਿ "ਸਿਖੋ ਅੱਗੇ ਨ ਜਾਓ ! ਕਿਉਂ ਭਜੇ ਜਾਂਦੇ ਜੇ ? ਅਗੇ ਜ਼ੁਲਮ ਕੜ੍ਹਾਇਆ ਤਪਿਆ ਹੋਇਆ ਹੈ ਤੇ ਬੰਦੂਕਾਂ ਨਾਲ ਕਤਲ-ਆਮ ਹੋ ਰਹੀ ਹੈ। ਚੰਡਾਲ ਸਭ ਸਿਖਾਂ ਨੂੰ ਇਕ-ਵਢੋਂ ਮਾਰੀ ਜਾਂਦੇ ਹਨ। ਅਗੇ ਜਾਓਗੇ ਤਾਂ ਸਭ ਧਾਣਾ ਵਾਂਗ ਭੁੱਜ ਜਾਉਗੇ"।

ਇਸ ਜਥੇ ਨੇ ਸ਼ਹੀਦੀਆਂ ਦੇ ਚੱਾ ਵਿੱਚ ਸੰਤਾਂ ਦੀ ਸੁਣੀ ਗਲ ਭੀ ਅਣਸੁਣੀ ਕਰ ਛੱਡੀ। ਜਥਾ ਆਪਣੀ ਧੁਨ ਵਿੱਚ ਮਸਤ ਹੋਇਆ ਸਿੱਧਾ ਦੌੜਿਆ ਗਿਆ। ਅਗੇ ਮਹੰਤ ਦੇ ਮਹਿਮਾਨ ਖ਼ਾਨੇ ਦੇ ਲਾਗੇ ਬਾਜ਼ਾਰ ਵਿਚ ਮੁਸਲਮਾਨ ਮੁਜ਼ਾਰੇ ਡਾਂਗਾਂ ਲਈ ਪਹਿਰੇ ਤੇ ਖੜੋਤੇ ਸਨ। ਜਦ ਜੱਥੇ ਨੇ ਇਨ੍ਹਾਂ ਦੇ ਨੇੜੇ ਪੁਜ ਕੇ ਪੁਰ ਜੋਸ਼ ਜੈਕਾਰਾ ਛੱਡਿਆ ਤਾਂ ਉਹ ਮਲਕੜੇ ਜਿਹੇ ਅੱਖ ਬਚਾ ਕੇ ਲਾਂਭੇ ਹੋ ਗਏ, ਕਿਉਂਕਿ ਮਾਂਗਵੀਆਂ ਧਾੜਾਂ ਦੇ ਵਗਾਰੀ ਕਦੇ ਸੂਰਮਿਆਂ ਦੇ ਸਾਹਮਣੇ ਨਹੀਂ ਖੜੋਇਆ ਕਰਦੇ ਹਨ।

ਇਹ ਜੱਥਾ ਲਾਲ ਦਾਸ ਦੇ ਮਕਾਨ ਦੇ ਲਾਗ ਦੀ ਲੰਘ ਕੇ ਗੁਰਦੁਆਰੇ ਦੀ ਦੱਖਣ ਅਤੇ ਲਹਿੰਦੇ ਦੀ ਨੁਕਰ ਤੇ ਪੁਜ ਗਿਆ। ਇਸ ਵੇਲੇ ਗੁਰਦੁਆਰਾ ਜਨਮ ਅਸਥਾਨ ਦੀ ਚਾਰ ਦੀਵਾਰੀ ਦੇ ਅੰਦਰੋਂ ਜੈਕਾਰਿਆਂ ਦੀ ਆਵਾਜ਼ ਬੰਦ ਹੋ ਚੁਕੀ ਸੀ। ਜਥੇ ਦੇ ਸਿੰਘ ਵੌੜਾਂ ਲੈ ਕੇ ਗੋਲੀ ਦੀ ਆਵਾਜ਼ ਸੁਣਨ ! ਪਰ, ਕੁਝ ਪਤਾ ਨਾ ਲਗੇ !! ਇਕ ਤਾਂ ਸਾਰੀ ਰਾਤ ਦਾ ਅਨੀਂਦਰਾ, ਤੇ ਲੰਮਾ ਪੈਂਡਾ ਕੀਤਾ ਸੀ। ਦੂਜੇ ਓਪਰੇ ਥਾਂ ਹਫੜਾ-ਦਫੜੀ ਵਿੱਚ ਪੁਜ ਕੇ ਭੰਬਲ ਭੂਸੇ ਜਿਹੇ ਖਾਣ ਲਗ ਪਏ। ਇਨ੍ਹਾਂ ਵਿਚੋਂ ਕੁਝ ਸਿੰਘ ਸਜੇ ਹਥ ਬਾਜ਼ਾਰ ਵਲ ਭੌਂ ਕੇ ਮਹੰਤ ਦੇ ਮਹਿਮਾਨ ਖ਼ਾਨੇ ਨੂੰ ਗਏ। ਇਸ ਵੇਲੇ ਮਹਿਮਾਨ ਖ਼ਾਨੇ ਦੇ ਬੂਹੇ ਅਗੇ ਇਕ ਭਗਵੇ ਕਪੜਿਆਂ ਵਾਲਾ ਸਾਧ ਹਥ ਵਿੱਚ ਸੋਟੀ ਫੜੀ ਪਹਿਰੇ ਤੇ ਖੜੋਤਾ ਸੀ। ਇਸ ਦੇ ਲਾਗਿਓਂ ਲਾਲ ਦਾਸ ਕਾਲਾ ਹਥ ਵਿਚ ਪਾਣੀ ਦੀ ਗੜਵੀ ਫੜੀ ਲੰਘਣ ਲਗਾ। ਪਹਿਰੇ ਵਾਲਾ ਹਥ ਨਾਲ ਇਸ਼ਾਰਾ ਕਰਕੇ ਉੱਚੀ ਆਵਾਜ਼ ਨਾਲ ਆਖਦਾ ਹੈ ਕਿ ਬਾਬਾ ਜੀ ਸਿਖ ਆ ਗਏ ! ਸਿੱਖ ਆ ਗਏ !! ਤਾਂ ਜਥੇ ਵਿਚੋਂ ਭਜਕੇ ਜਗ ਸਿੰਘ ਸੁਨਿਆਰੇ ਨੇ ਉਸ ਦੀਆਂ ਮੌਰਾਂ ਵਿੱਚ

ਜੋੜ ਕੇ ਪੁਠਾ ਟਕੂਆ ਮਾਰਿਆ। ਉਹ ਭੁਵਾਟਣੀ ਖਾ ਕੇ ਦੜ ਦੇ ਕੇ ਜ਼ਮੀਨ ਤੇ ਡਿੱਗ ਪਿਆ। ਇਹ ਦੂਜੀ ਵੇਰ ਅਜੇ ਟਕੂਆ ਉਗਰਦਾ ਹੀ ਸੀ ਕਿ ਭਾਈ ਨੰਦ ਸਿੰਘ ਨੇ ਆਪਣੀ ਡਾਂਗ ਅਗੇ ਕਰਕੇ ਉਸਦਾ ਟਕੂਆ ਡਾਂਗ ਤੇ ਝਲ ਲਿਆ ਤੇ ਆਖਿਆ ਕਿ ਹਾਂ! ਹਾਂ!! ਕਮਲਿਆ ਜਾਣ ਦੇਹ ਇਹ ਨੂੰ ਵਿਚਾਰੇ ਗ਼ਰੀਬ ਨੂੰ ਕਿਉਂ ਮਾਰਦਾ ਏਂ? ਏਨ ਕੰਗਾਲ ਨੇ ਸਾਡਾ ਕੀ ਲਿਆ ਹੈ? ਪਿਛਾਂਹ ਹਟੇ ਤਾਂ ਜਵਾਹਰ ਬ੍ਰਾਹਮਣ ਹੱਟੀ ਦੇ ਥੜੇ ਤੇ ਬੈਠਾ ਸੀ। ਇਸ ਵਲ ਭੀ ਜਦ ਉਜਾਗਰ ਸਿੰਘ ਨੇ ਟਕੂਆ ਉਲਾਰਿਆ ਤਾਂ ਉਸ ਆਖਿਆ ਕਿ ਮੈਂ ਤਾਂ ਤੁਹਾਡਾ ਪ੍ਰੋਹਤ ਹਾਂ ਉਸ ਨੂੰ ਭੀ ਛੱਡ ਦਿੱਤਾ। ਜਥੇ ਦੇ ਸਿੰਘ ਦਬਕੇ ਮਾਰ ਰਹੇ ਸਨ, ਜੋ ਸਾਹਮਣਿਓਂ ਅਸਮਾਈਲ ਭਟੀ ਆਇਆ। ਸਿੰਘਾਂ ਅਗੋਂ ਡੱਟ ਕੇ ਲਲਕਾਰਾ ਮਾਰਿਆ ਤੇ ਉਹ ਜਿਉਂ ਪਿਛਲੀ ਪੈਰੀਂ ਪੁਠਾ ਭੱਜਾ ਮੁਸਲਮਾਨਾਂ ਦੇ ਘਰੀਂ ਜਾ ਵੜਿਆ। ਉਥੋਂ ਵਾਪਸ ਆ ਕੇ ਮੁੜ ਘੋੜੀ ਤੇ ਸੁਆਰ ਹੋ ਕੇ ਕਾਤਲਾਂ ਦੀ ਕਮਾਨ ਕਰਦਾ ਰਿਹਾ। ਇਥੋਂ ਭਜ ਕੇ ਜਥੇ ਨੇ ਦਖਣੀ ਡਿਉੜੀ ਦੇ ਬੂਹੇ ਅਗੇ ਆ ਜੈਕਾਰਾ ਛੱਡਿਆ। ਦੱਖਣੀ ਡਿਉੜੀ ਦਾ ਬੂਹਾ ਅਜੇ ਬੰਦ ਸੀ। ਸਰੋਵਰ ਦੇ ਕੰਢੇ ਅਤੇ ਭਾਈ ਦਲੀਪ ਸਿੰਘ ਸ਼ਹੀਦ ਦੇ ਅੰਗੀਠੇ ਦੇ ਮੈਦਾਨ ਵਿੱਚ ਜੋ ਬੇ-ਸ਼ੁਮਾਰ ਕਾਤਲ ਛਵ੍ਹੀਆਂ ਤੇ ਡਾਗਾਂ ਲਈ ਖੜੇ ਸਨ ਉਨ੍ਹਾਂ ਸਭ ਨੇ ਏਧਰ ਨੂੰ ਧਿਆਨ ਕਰ ਲਿਆ।

ਗੁਰਦੁਆਰੇ ਦੇ ਅੰਦਰ ਵੜਣ ਲਈ ਹੱਲਾ ਕਰਨਾ

ਦੱਖਣੀ ਡਿਉੜੀ ਦੇ ਬੂਹੇ ਅਗੇ ਪੁਜ ਕੇ ਸਿੰਘਾਂ ਨੇ ਫ਼ੈਸਲਾ ਕਰ ਲਿਆ ਕਿ ਜਿਵੇਂ ਕਿਵੇਂ ਭੀ ਹੋਵੇ ਹੱਲਾ ਕਰਕੇ ਗੁਰਦੁਆਰੇ ਦੇ ਅੰਦਰ ਚਲ ਵੜੀਏ ਤੇ ਦਾਬਾ ਝਾਸਾ ਮਾਰਕੇ ਅੰਦਰ ਫਸੇ ਵੀਰਾਂ ਨੂੰ ਛੁਡਾ ਲਈਏ। ਹੋਰ ਲੰਮਾ ਕੋਈ ਕਿਸੇ ਨੂੰ ਮਾਰੇ ਉਕਾ ਨਾਹ, ਕਿਉਂਕਿ ਸ਼੍ਰੋ: ਕਮੇਟੀ ਦਾ ਹੁਕਮ ਹਥ ਚੁਕਣ ਦਾ ਨਹੀਂ। ਆਪਣੇ ਤੇ ਹੁੰਦਾ ਵਾਰ ਹੌਂਸਲੇ ਤੇ ਧੀਰਜ ਨਾਲ ਰੋਕੋ। ਲਗਦੀ ਵਾਹੇ ਦੂਜੇ ਤੇ ਹਮਲਾ ਨਾ ਕਰੋ! ਇਹ ਅਜੇ ਖੜੋਤੇ ਇਸ ਕਿਸਮ ਦੀਆਂ ਗੋਂਦਾਂ ਗੁੰਦ ਹੀ ਰਹੇ ਸਨ। ਜੁ ਏਨੇ ਨੂੰ ਦੱਖਣੀ ਡਿਉੜੀ ਦਾ ਬੰਦ ਬੂਹਾ ਅੰਦਰੋਂ ਖੁਲ੍ਹ ਗਿਆ। ਸੁਧ ਦਾਸ ਬਾਹਰ ਨਿਕਲ ਆਇਆ। ਇਸ ਦੇ ਮੋਢੇ ਤੇ ਲਹੂ ਨਾਲ ਲਿਬੜੀ ਹੋਈ ਛਵ੍ਹੀ ਸੀ, ਜਿਸ ਤੋਂ ਮਾਲੂਮ ਹੁੰਦਾ ਸੀ ਕਿ ਅੰਦਰ ਦੇ ਜ਼ੁਲਮੀ ਘਲੂ ਘਾਰੇ ਵਿਚ ਇਸਨੇ ਚੰਗੀ ਨਿਰ-

ਦੈਤਾ ਨਾਲ ਹਿੱਸਾ ਲਿਆ ਹੈ। ਇਸਦੇ ਨਾਲ ਹੀ ਅੱਗੜ-ਪਿੱਛੜ ਬੰਦੂਕਾਂ ਸਿੱਧੀਆਂ ਕੀਤੀ ਰਾਂਝਾ ਤੇ ਹਰਿਆਣਾ ਮੇਂ ਨਿਕਲ ਆਏ।

ਸੁਧ ਦਾਸ ਨੇ ਸ਼ਰਾਬ ਦੀ ਖ਼ਰਮਸਤੀ ਵਿੱਚ ਲਲਕਾਰਾ ਮਾਰ ਕੇ ਆਖਿਆ ਕਿ ਮਾਰ ਦਿਓ ਇਨ੍ਹਾਂ ਕੁੜੀ.....................ਚੂਹੜਿਆਂ ਨੂੰ। ਦੂਜੀ ਵੇਰ ਫੇਰ ਬੜੇ ਰੋਹ ਨਾਲ ਆਖਦਾ ਹੈ ਕਿ ਮਾਰ ਦਿਓ ਇਨ੍ਹਾਂ ਧੀ...........ਚੂਹੜਿਆਂ ਨੂੰ। ਦੋਹਾਂ ਬੰਦੂਕਚੀਆਂ ਨੇ ਇਕੱਠਾ ਹੀ ਫ਼ਾਇਰ ਕੀਤਾ। ਇਹ ਖਾਲੀ ਗਿਆ। ਭਾ: ਪੰਜਾਬ ਸਿੰਘ ਨੇ ਅਗੇ ਵਧ ਕੇ ਇਨ੍ਹਾਂ ਨੂੰ ਇਕ ਸੋਟਾ ਮਾਰਿਆ। ਏਨੇ ਨੂੰ ਤਾਲ ਕੰਢੇ ਵਾਲੇ ਕਾਤਲ ਅਗੇ ਨੂੰ ਵਧੇ ਤੇ ਉਹ ਭਾ: ਪੰਜਾਬ ਸਿੰਘ ਉਤੇ ਟੁਟ ਕੇ ਪੈ ਗਏ ਅਤੇ ਇਹ ਅਗੇ ਲਗ ਕੇ ਉੱਠ ਭੱਜਾ ਤੇ ਬੰਡਾਲੀਆਂ ਦੇ ਬੂਗੇ ਪੁਜ ਕੇ ਜਾ ਦਮ ਲਿਆ। ਫੇਰ ਸੁਧ ਦਾਸ ਗੁਰਦੁਆਰੇ ਦੇ ਅੰਦਰ ਨੂੰ ਚਲਾ ਗਿਆ ਅਤੇ ਝਟ ਪਟ ਹੀ ਦੁਪੱਟੇ ਦਾ ਝੁਲੂੰਘਾ ਕਾਰਤੂਸਾਂ ਦਾ ਭਰ ਕੇ ਬਾਹਰ ਲੈ ਆਇਆ। ਇਸ ਦੇ ਪਿਛੋਂ ਇਕ ਬੰਦੂਕ ਵਾਲਾ ਹੋਰ ਅੰਦਰੋਂ ਬੰਦੂਕ ਭਰ ਕੇ ਇਨ੍ਹਾਂ ਦੇ ਪਾਸ ਦਰਵਾਜ਼ੇ ਵਿੱਚ ਆ ਖੜੋਤਾ। ਦੋ ਬੰਦੇ ਬੰਦੂਕਾਂ ਕੱਸ ਕੇ ਇਨ੍ਹਾਂ ਦੀ ਹਿਫ਼ਾਜ਼ਤ ਲਈ ਪਾਸ ਖੜੋਤੇ ਰਹੇ। ਕੇਵਲ ਇਕ ਰਾਂਝਾ ਹੀ ਫ਼ਾਇਰ ਕਰਦਾ ਸੀ। ਜਦ ਬੰਦੂਕ ਚਲ ਕੇ ਖ਼ਾਲੀ ਹੋ ਜਾਵੇ ਤਾਂ ਸੁਧ ਦਾਸ ਹੋਰ ਕਾਰਤੂਸ ਫੜਾ ਦੇਵੇ। ਦੂਜਾ ਫ਼ਾਇਰ ਹੋਇਆ ਤਾਂ ਗੋਲੀ ਸਿੰਘਾਂ ਦੀਆਂ ਲੱਤਾਂ ਵਿਚ ਦੀ ਲੰਘ ਕੇ ਅਗੇ ਸਿਧੀ ਸਲਿਪ ਕਰਕੇ ਥੜੇ ਨੂੰ ਜਾ ਵਜੀ। ਤੀਜੀ ਵੇਰ ਉਹ ਬੰਦੂਕ ਖੋਲ੍ਹਕੇ ਕਾਰਤੂਸ ਭਰਨ ਹੀ ਲਗਾ ਸੀ ਜੁ ਗੁੱਠ ਵਿਚੋਂ ਅਗੇ ਵਧ ਕੇ ਭਾਈ ਸੁੰਦਰ ਸਿੰਘ ਲਹੁਕਿਆਂ ਨੇ ਬੜੇ ਵਿਉਂ ਨਾਲ ਹਰਿਆਣੇ ਨੂੰ ਛਵ੍ਹੀ ਮਾਰੀ। ਉਸ ਨੇ ਬੰਦੂਕ ਅਗੇ ਕਰਕੇ ਰੋਕ ਲਈ ਤੇ ਭਾ: ਸੁੰਦਰ ਸਿੰਘ ਪਿਛਾਂਹ ਕੰਧ ਦੀ ਆੜ ਲੈ ਕੇ ਗੁੱਠ ਵਿਚ ਹੋ ਗਿਆ। ਫੇਰ ਉਹ ਬੰਦੂਕ ਚਲਾਉਣ ਲਗਾ ਤਾਂ ਇਸ ਨੇ ਨੁਕਰੋਂ ਵਧਕੇ ਦੂਜੀ ਵੇਰ ਫੇਰ ਛਵ੍ਹੀ ਮਾਰੀ, ਉਹ ਭੀ ਉਸ ਨੇ ਬੰਦੂਕ ਤੇ ਝਲ ਲਈ ਅਤੇ ਅਗੇ ਵਾਂਗ ਹੀ ਸੁੰਦਰ ਸਿੰਘ ਕੰਧ ਦੀ ਆੜ ਲੈਕੇ ਨੁੱਕਰ ਓਹਲੇ ਹੋ ਗਿਆ। ਤੀਜੀ ਵੇਰ ਜਦੋਂ ਉਹ ਬੰਦੂਕ ਚਲਾਉਣ ਲਗਾ ਤਾਂ ਇਸ ਨੇ ਪਹਿਲਾ ਵਾਂਗ ਹੀ ਛਵ੍ਹੀ ਮਾਰਕੇ ਉਸਦੀ ਬਾਂਹ ਵਢ ਸੁਟੀ, ਤੇ ਬੰਦੂਕ ਉਸਦੇ ਹਥੋਂ ਡਿਗ ਪਈ। ਭਾ: ਸੁੰਦਰ ਸਿੰਘ ਨਿਉਂਕੇ ਬੰਦੂਕ ਨੂੰ ਫੜਨ ਹੀ ਲਗਾ ਸੀ ਕਿ ਲਾਗੇ ਖੜੋਤੇ ਦੋ ਛਵ੍ਹੀਆਂ ਵਾਲਿਆਂ ਨੇ ਜੋੜਕੇ ਇਕੱਠਿਆਂ ਉਸਦੀਆਂ ਮੌਰਾਂ

ਵਿਚ ਛਵ੍ਹੀਆਂ ਮਾਰੀਆਂ। ਲੋਈ ਦੀ ਚਪਾ-ੜਿੱਕੀ ਦੀਆਂ ਤੈਹਾਂ ਵਢੀਆਂ ਗਈਆਂ ਅਤੇ ਦੂਜੇ ਬੰਦਿਆਂ ਨੇ ਬੰਦੂਕ ਇਸਦੇ ਹਥੋਂ ਖੋਹ ਲਈ। ਇਸ ਵੇਲੇ ਹਰਿਆਣਾ ਝੱਟ ਦੱਾ ਬਚਾਕੇ ਬੰਦੂਕ ਫੜਕੇ ਦਖਣ ਤੇ ਚੜ੍ਹਦੇ ਦੇ ਦਰਸ਼ਨੀ ਡਿਉੜੀ ਦੇ ਬੁਰਜ ਵਲ ਨੂੰ ਭੱਜ ਗਿਆ। ਜਿੰਨਾ ਚਿਰ ਭਾ: ਸੁੰਦਰ ਸਿੰਘ ਤੇ ਹਰਿਆਣੇ ਦੀਆਂ ਝੜੱਪਾਂ ਹੁੰਦੀਆਂ ਰਹੀਆਂ। ਜਥੇ ਵਾਲੇ ਤੇ ਸਾਧਾਂ ਦੀ ਪਾਰਟੀ ਦੇ ਕਿਸੇ ਬੰਦੇ ਨੇ ਕੋਈ ਕਿਸੇ ਤੇ ਵਾਰ ਨਹੀਂ ਕੀਤਾ ਸੀ, ਸਗੋਂ ਲਾਗੇ ਖੜੇ ਕੇ ਬਿਟਰ ਬਿਟਰ ਸੂਰਮਿਆਂ ਦੇ ਵਾਰ ਹੁੰਦੇ ਵੇਖਦੇ ਰਹੇ।

ਏਨੇ ਚਿਰ ਨੂੰ ਲਾਲ ਦਾਸ ਆਗਿਆ। ਇਸ ਦੇ ਸਾਰੇ ਕਪੜੇ ਸ਼ਹੀਦਾਂ ਦੇ ਪਵਿਤ੍ਰ ਖ਼ੂਨ ਨਾਲ ਗੱੜੁਚੂੰ ਸਨ ਅਤੇ ਹੱਥ ਵਿਚ ਬੈਂਤ ਦੀ ਸੋਟੀ ਸੀ। ਇਸ ਦਖਣ ਦੀ ਬਾਹੀ ਪੈਲੀਆਂ ਵਿਚ ਖੜੋਤੇ ਕਾਤਲਾਂ ਨੂੰ ਇਸ਼ਾਰਾ ਕੀਤਾ ਅਤੇ ਹੱਲਾ-ਸ਼ੇਰੀ ਦੇਕੇ ਆਖਿਆ ਕਿ ਬਹਾਦਰੋ, ਇਨ੍ਹਾਂ ਮਲੇਛਾਂ ਨੂੰ ਮਾਰਦੇ ਕਿਉਂ ਨਹੀਂ? ਕੀਹਦੇ ਮੂੰਹ ਵਲ ਪਏ ਵੇਖਦੇ ਜੇ? ਉਹ ਇਸ ਦੇ ਇਸ਼ਾਰੇ ਨਾਲ ਦਖਣੀ ਡਿਉੜੀ ਬੰਨੇ ਛਪਾ-ਛਪ ਵਧਣ ਲਗੇ। ਜਥੇ ਦੇ ਸਿੰਘਾਂ ਦਾ ਮੂੰਹ ਦਖਣੀ ਡਿਉੜੀ ਦੇ ਬੂਹੇ ਵੱਲੇ ਸੀ। ਇਹਨਾਂ ਨੇ ਇਹ ਸੋਚ ਕੇ ਕਿ ਮਤਾਂ ਉਹ ਢਾਣੀਆਂ ਜੋ ਅਗੇ ਵਧੀਆਂ ਆ ਰਹੀਆਂ ਹਨ, ਸਾਡੇ ਪਿਛੋਂ ਪੈ ਕੇ ਸਾਡੇ ਤੇ ਹੱਲਾ ਕਰ ਦੇਣ ਅਤੇ ਅਸੀਂ ਅਗੋਂ ਪਿਛੋਂ ਦੁਸ਼ਮਨ ਦੇ ਘੇਰੇ ਵਿਚ ਆ ਜਾਈਏ ਇਕੱਠਿਆਂ ਪਿਛਾਂਹ ਭੌਂ ਕੇ ਲਲ-ਕਾਰਾ ਮਾਰਿਆ, ਤਾਂ ਉਹ ਕਾਇਰ ਅਗੇ ਲਗ ਕੇ ਉੱਠ ਨਸੇ। ਭਲਾ ਏਦਾਂ ਦੀਆਂ ਅਫ਼ਰਾਊਂ ਧਾੜਾਂ ਕਿਥੇ ਜਮ ਕੇ ਲੜਿਆ ਕਰਦੀਆਂ ਹਨ। ਉਨ੍ਹਾਂ ਨੂੰ ਧੌਲ਼ਰਾਂ ਵਲੇ ਭਜਾਕੇ ਇਹ ਜਥਾ ਮੁਸੱਲੀਆਂ ਦੀਆਂ ਝੁਗੀਆਂ ਥਾਣੀ ਹੋ ਕੇ ਮੁੜ ਦੂਜੀ ਵੇਰ ਦਖਣੀ ਡਿਉੜੀ ਵਲ ਆਪਣੇ ਭਰਾਵਾਂ ਨੂੰ ਛਡਾਉਣ ਲਈ ਆਇਆ, ਵਾਪਸ ਆਉਂਦਿਆਂ ਰਾਹ ਵਿਚ ਕੁਝ ਮੁਸੱਲੀਆਂ ਨਾਲ ਟਾਕਰਾ ਹੋਇਆ ਅਤੇ ਉਹ ਇਨ੍ਹਾਂ ਦੇ ਅਗੇ ਲਗਕੇ ਨਸ ਗਏ। ਭਾਈ ਨਰਾਇਣ ਸਿੰਘ ਵਿਚਲੀ ਗਲੀ ਥਾਣੀਂ ਹੋਕੇ ਮੁੜ ਕੂਕਾਂ ਦਿੰਦੇ ਦਖਣੀ ਡਿਉੜੀ ਅਗੇ ਆ ਗਏ ਤੇ ਆਖਣ ਲਗੇ ਕਿ ਖ਼ਾਲਸਾ ਜੀ, ਅੰਦਰਲੇ ਵੀਰਾਂ ਨੂੰ ਬਚਾਓ। ਇਸ ਵੇਲੇ ਭਾਈ ਦਲੀਪ ਸਿੰਘ ਵਾਲੇ ਸ਼ਹੀਦ ਗੰਜ ਵਾਲੀ ਥਾਂ ਅਤੇ ਦਰਸ਼ਨੀ ਡਿਉੜੀ ਦੇ ਅਗੇ ਤਾਲ ਕੰਢੇ ਛਵ੍ਹੀਆਂ ਤੇ ਡਾਂਗਾਂ ਵਾਲੇ ਕਾਤਲ ਹੀ ਕਾਤਲ ਦਿਸਦੇ ਸਨ। ਭਾਈ ਨਰਾਇਣ ਸਿੰਘ ਨੇ ਨਾਲ਼ ਦੇ ਸਾਥੀਆਂ ਨੂੰ ਲਲ-

ਕਾਰਾ ਮਾਰਕੇ ਵੰਗਾਰਿਆ, ਕਿ ਮੈਦਾਨ ਵਿਚੋਂ ਭੱਜ ਕੇ ਜਾਣਾ ਸੂਰਮੇ ਦਾ ਕੰਮ ਨਹੀਂ। ਖ਼ਾਲਸਾ ਜੀ, ਅਸੀਂ ਹਿੰਮਤ ਕਰਕੇ ਅੰਦਰਲਿਆਂ ਨੂੰ ਛੁਡਾਈਏ। ਇੰਨੇ ਚਿਰ ਨੂੰ ਬਾਕੀ ਦੇ ਪਿਛੋਂ ਆ ਰਹੇ ਸਿੰਘ ਭੀ ਭੱਜ ਕੇ ਇਨ੍ਹਾਂ ਦੇ ਲਾਗੇ ਆ ਗਏ। ਇਹ ਸਭ ਮਿਲਕੇ ਅਗੇ ਵਧਣ ਹੀ ਲਗੇ ਸਨ ਕਿ ਬੰਦੂਕ ਦਾ ਤੀਜਾ ਫ਼ਾਇਰ ਹੋਇਆ ਅਤੇ ਗੋਲੀ ਭਾਈ ਮਹਿੰਗਾ ਸਿੰਘ ਲਹੁਕਿਆਂ ਦੇ ਮਥੇ ਵਿਚ ਜਾ ਵੱਜੀ। ਉਹ ਵਾਹਿਗੁਰੂ ਵਾਹਿਗੁਰੂ ਆਖਦਾ ਭੋਂ ਤੇ ਚੌਫਾਲ ਡਿਗ ਪਿਆ। ਚੌਥੇ ਛੱਰੇ ਦਾ ਫ਼ਾਇਰ ਭਾਈ ਸੰਦਾ ਸਿੰਘ ਲੌਹਕਿਆਂ ਦੀ ਹਿਕ ਵਿਚ ਵੱਜਾ, ਉਹ ਤੱਤੇ-ਘਾਹ ਪਰਲੇ ਬੰਨੇ ਭੱਜਕੇ ਕਣਕ ਵਿਚ ਜਾ ਡਿਗਾ ਅਤੇ ਉਥੋਂ ਹੋਸ਼ ਆਉਣ ਤੇ ਦੱਬ ਬਚਾ ਕੇ ਜੀਉਂਦਾ ਘਰ ਨੂੰ ਚਲਾ ਗਿਆ।

ਮਹੰਤ ਨਰੈਣ ਦਾਸ ਨੇ ਕਤਲ ਕਰਨਾ

ਭਾਈ ਨਰਾਇਣ ਸਿੰਘ ਜੀ ਸਫਾਜੰਗ ਲੈਕੇ ਅਗੇ ਵਧਣ ਹੀ ਲਗੇ ਹਨ, ਜੋ ਪੰਜਵਾਂ ਫ਼ਾਇਰ ਆਪ ਦੇ ਖਬੇ ਗੁਟ ਤੇ ਆ ਵੱਜਾ, ਪਰ ਆਪ ਸ਼ੇਰ ਵਾਂਗ ਬੁਕ ਕੇ ਅਗੇ ਨੂੰ ਵਧੇ, ਜੁ ਝੁਗੀਆਂ ਵਲੋਂ ਲਾਂਭ ਦੀ ਆਕੇ *ਸੋਹਣੀ ਪੁਤ੍ਰ ਅੱਲੂ ਮੁਸੱਲੀ ਛਵ੍ਹੀ ਲੈਕੇ ਇਨ੍ਹਾਂ ਉਤੇ ਆ ਪਿਆ। ਆਪ ਦਾ ਖੱਬਾ ਗੁੱਟ ਤਾਂ ਗੋਲੀ ਨਾਲ ਜ਼ਖ਼ਮੀ ਹੋਕੇ ਪਲਮ ਹੀ ਰਿਹਾ ਸੀ, ਆਪ ਨੇ ਸੱਜੇ ਹੱਥ ਨਾਲ ਭਵਾਂ ਕੇ ਜ਼ੋਰ ਦਾ ਸਫਾਜੰਗ ਮਾਰਿਆ, ਜੋ ਮੁਸੱਲੀ ਦੇ ਬਬਰ ਦੀਆਂ ਪਸਲੀਆਂ ਵਿਚ ਖੁਭ ਗਿਆ ਅਤੇ ਇਨ੍ਹਾਂ ਨੇ ਹਜੋਕਾ ਮਾਰਕੇ ਆਪਣੇ ਵਲ ਨੂੰ ਖਿੱਚਿਆ ਤਾਂ ਉਹ ਧਰਤੀ ਤੇ ਡਿਗ ਪਿਆ, ਪਰ ਭਾਈ ਨਰਾਇਣ ਸਿੰਘ ਦਾ ਸਫਾਜੰਗ, ਇਕ ਹੱਥ ਬੱਜਾ ਰਿੱਤਾ ਹੋ ਜਾਣ ਦੇ ਕਾਰਨ ਖਿੱਚਿਆਂ ਬਾਹਰ ਨਾਂਹ ਨਿਕਲੇ। ਆਪ ਮੁਸੱਲੀ ਦੀ ਹਿਕ ਉਤੇ ਪੈਰ ਦੇਕੇ ਮਰੋੜੇ ਨਾਲ ਸਫਾਜੰਗ ਖਿਚ ਹੀ ਰਹੇ ਸਨ, ਜੋ ਸਾਹਮਣਿਉਂ ਠਾਠਾ ਬੰਨ੍ਹੀ ਘੋੜੀ ਭਜਾ ਕੇ ਮਹੰਤ ਨਰੈਣ ਦਾਸ ਆਇਆ ਅਤੇ ਆਉਂਦਿਆਂ ਹੀ ਆਪਣੇ ਪਸਤੌਲ ਦੀਆਂ ਛੇ ਗੋਲੀਆਂ, ਇਨ੍ਹਾਂ ਦੇ ਸੀਨੇ ਵਿਚ ਠੰਡੀਆਂ ਕਰਕੇ, ਆਪਣੇ

---

* ਇਸ ਮੁਸੱਲੀ ਨੂੰ ਸਾਧਾਂ ਨੇ ਧੂਹ ਕੇ ਧੌਲਰਾਂ ਦੇ ਲਾਗੇ ਇਕ ਟੋਏ ਵਿਚ ਸੁਟ ਕੇ ਉਤੇ ਵਲੱਣ ਜਿਹਾ ਪਾ ਕੇ ਮਿੱਟੀ ਪਾ ਦਿਤੀ, ਪਰ ਕੁਤਿਆਂ ਪੁਟ ਕੇ ਉਸ ਦਾ ਇਕ ਗੁਟ ਖਾ ਲਿਆ। ਚੋਥੇ ਕੁ ਦਿਨ ਪਿਛੋਂ ਇਸ ਦੇ ਵਾਰਸ ਆਏ ਤਾਂ ਅੱਲੀ ਪੁਤਰ ਦੌਲੂ ਮੁਸੱਲੀ ਆਦਿ ਨੇ ਮੁੜ ਕਬਰਾਂ ਵਿਚ ਜਾ ਦੱਬਿਆ। ਉਸ ਵੇਲੇ ਇਸ ਦੇ ਜਿਸਮ ਵਿਚੋਂ ਸਖ਼ਤ ਬਦਬੋ ਆਉਂਦੀ ਸੀ।

ਦਿਲ ਵਿਚ ਲੱਟ ਲੱਟ ਬਲ ਰਹੀ ਲਾਲਚ ਅਤੇ ਜ਼ੁਲਮ ਦੀ ਅੱਗ ਨੂੰ ਸ਼ਹੀਦ ਦੇ ਪਵਿੱਤ੍ਰ ਖ਼ੂੰਨ ਨਾਲ ਬੁਝਾਕੇ ਠੰਡਿਆਂ ਕੀਤਾ। ਏਨੇ ਚਿਰ ਨੂੰ ਇਕ ਮੁਸੱਲੀਆਂ ਦਾ ਟੋਲਾ ਆਇਆ, ਉਸ ਨੇ ਭਾਈ ਨਰਾਇਣ ਸਿੰਘ ਨੂੰ ਲੱਤਾਂ ਤੋਂ ਧੂਹ ਕੇ ਭਾਈ ਦਲੀਪ ਸਿੰਘ ਵਾਲੀ ਸ਼ਹੀਦੀ ਭੱਠੀ ਵਿਚ ਕੁੰਦਨ ਕਰਨ ਲਈ ਜਾ ਝੋਕਿਆ।* ਉਥੇ ਖੇਮਾਂ ਚੁਮਿਆਰ ਕੋਟ ਸਾਧੂ ਰਾਮ ਦਾ ਆਪਣੇ ਵਗਾਰੀ ਸਾਥੀਆਂ ਸਮੇਤ ਬਬਰ ਭਰ ਭਰ ਕੇ ਮਿੱਟੀ ਦਾ ਤੇਲ ਪਾਈ ਜਾਂਦਾ ਸੀ, ਜਿਸ ਨਾਲ ਜ਼ੁਲਮੀ ਲਾਟਾਂ ਦੇ ਲਾਂਬੂ ਤੇਜ਼ ਹੋ ਕੇ ਸ਼ਹੀਦਾਂ ਦੇ ਪਵਿਤ੍ਰ ਸਰੀਰ ਦਾ ਖੁਰਾ ਖੋਜ ਮਿਟਾਉਣ ਲਈ ਇਨ੍ਹਾਂ ਦੁਸ਼ਟਾਂ ਨਾਲੋਂ ਭੀ ਵਧੇਰੇ ਤੇਜ਼ੀ ਕਰ ਰਹੇ ਸਨ। ਚੰਡਾਲ ਇਸ ਭਿਆਨਕ ਕਾਰੇ ਨੂੰ ਵੇਖਦੇ ਸਨ ਅਤੇ ਚਾਘੀਆਂ ਮਾਰ ਕੇ ਬਾਘੀਆਂ ਪਾਉਂਦੇ ਸਨ।

ਮਹੰਤ ਨਰੈਣ ਦਾਸ ਇਧਰੋਂ ਘੋੜੀ ਭਜਾ ਕੇ ਦਰਸ਼ਨੀ ਡਿਉੜੀ ਵਲ ਆਇਆ ਤਾਂ ਅੰਦਰੋਂ ਮੁਜ਼ਾਰੇ ਬਾਹਰ ਨਿਕਲ ਕੇ ਭਜੇ ਫਿਰਦੇ ਸਨ। ਉਨ੍ਹਾਂ ਵਿਚੋਂ ਇਕ ਮੁਜ਼ਾਰਾ ਕੋਟ ਰਤੂਆਣੇ ਦਾ †ਭਾ: ਭਗਵਾਨ ਸਿੰਘ ਪੁਤ੍ਰ ਭਾ: ਖ਼ਜ਼ਾਨ ਸਿੰਘ ਮਿਲਿਆ। ਵਾਹਵਾ ਸੋਹਣੀ ਪੋਚਵੀਂ ਗੁਰਮੁਖੀ ਦਸਤਾਰ ਸਜਾਈ ਹੋਈ ਸੀ। ਤਲਾ ਤੇ ਖੜੋਤੇ ਨੂੰ ਮਹੰਤ ਨਰੈਣ ਦਾਸ ਪਸਤੌਲ ਦੀ ਗੋਲੀ ਮਾਰਣ ਲਗਾ ਤਾਂ ਇਸ ਨੇ ਆਖਿਆ ਕਿ ਮਹੰਤ ਜੀ ! ਮੈਂ ਤੁਹਾਡੇ ਧੂਤਾ ਰਾਮ ਹੁਰਾਂ ਦੀ ਪੱਤੀ ਦਾ ਮੁਜ਼ਾਰਾ ਹਾਂ ਤਾਂ ਮਹੰਤ ਨਰੈਣ ਦਾਸ ਨੇ ਬੜੇ ਗੁਸੇ ਵਿਚ ਆ ਕੇ ਇਹ ਗਲ ਆਖੀ ਕਿ ਮੈਂ ਅਜ ਨਨਕਾਣੇ ਵਿਚ ਕੋਈ ਸਿਖ ਨਹੀਂ ਛਡਣਾ ਹੈ। ਮੈਂ ਨਹੀਂ ਜਾਣਦਾ ਕਿਸੇ ਮੜੇ ਮੁਜ਼ਾਰੇ ਨੂੰ। ਇੰਨੀ ਗਲ ਆਖਦਿਆਂ ਸ਼ਰਾਬ ਵਿਚ ਅੰਨ੍ਹੇ ਹੋਏ ਦੜਾ ਦੇ ਕੇ ਪਸਤੌਲ ਦੀ ਗੋਲੀ ਮਾਰੀ। ਉਹ ਜ਼ਮੀਨ ਤੇ ਡਿਗ ਪਿਆ, ਪਿਛੋਂ ਛਵ੍ਹੀਆਂ ਵਾਲਿਆਂ ਵਢ ਸੁਟਿਆ। ਝਟ ਦੂਜੀ ਟੋਲੀ ਆਈ ਤੇ ਇਸ ਨੂੰ ਧੂਹ ਕੇ ਸ੍ਰੀ ਜਨਮ ਅਸਥਾਨ ਦੇ ਅੰਦਰ ਲੈ ਗਈ।

ਇਧਰੋਂ ਫੇਰ ਨਰੈਣ ਦਾਸ ਘੋੜੀ ਦੌੜਾ ਕੇ ਦਖਣੀ ਡਿਉੜੀ ਦੇ ਸਾਹਮਣੇ

---

* ਕਮੇਟੀ ਨੇ ੫੫੬) ਰੁਪਏ ਆਪ ਦਾ ਕਰਜ਼ਾ ਉਤਾਰਿਆ ਅਤੇ ਸੁਪਤਨੀ ਬੀਬੀ ਪ੍ਰੇਮ ਕੌਰ ਦੇ ਨਾਮ ਪਿੰਨਸ਼ਨ ਲਾ ਦਿਤੀ, ਜਿਸ ਦਾ ਜੋੜ ੧੭-੫-੨੧ ਤੋਂ ੩੦-੩-੨੬ ਤਕ ੧੧੩੯) ਰੁਪਏ ਬਣਦਾ ਹੈ। ਇਸ ਤਾਰੀਖ਼ ਨੂੰ ਆਪ ਪੂਰੇ ਹੋ ਗਏ ਅਤੇ ਪਿੰਨਸ਼ਨ ਬੰਦ ਹੋ ਗਈ ਹੈ।

* ਇਸ ਦਾ ਪਿਛਲਾ ਪਿੰਡ ਨੀਤਪੁਰ ਜ਼ਿਲਾ ਹੁਸ਼ਿਆਰਪੁਰ ਵਿਚ ਹੈ

ਮੈਦਾਨ ਵਲ ਆ ਰਿਹਾ ਸੀ ਤਾਂ ਅੰਦਰੋਂ ਆ ਕੇ ਇਕ ਬੰਦੇ ਨੇ ਇਹ ਗਲ ਆਖੀ ਕ ਮਹੰਤ ਜੀ ਆਪਣਾ ਸੰਤ ਰਾਮ ਗੋਲੀ ਨਾਲ ਮਰ ਗਿਆ ਹੈ ਤਾਂ ਮਹੰਤ ਨੇ ਕਿਹਾ ਕੋਈ ਗਲ ਨਹੀਂ, ਚੀਰਾ ਦੇ ਕੇ ਗੋਲੀ ਕਢ ਲਓ ਤੇ ਢਿਡ ਪਾੜ ਦਿਓ। ਇਹ ਗਲ ਮੈਦਾਨ ਵਿਚ ਸੰਤ ਰਾਮ ਦੇ ਦੋਹਾਂ ਭਰਾਵਾਂ ਨੇ ਆਪਣੀ ਕੰਨੀਂ ਸੁਣੀ।

*ਗੁਰਮੁਖ ਦਾਸ (ਗੋਂਦਾ) ਭੂਆ ਦਾ ਪੁਤ ਭਰਾ ਮਹੰਤ ਨਰੈਣ ਦਾਸ ਮਢੇ ਤੇ ਛਵ੍ਹੀ ਲਈ ਪਾਸ ਹੀ ਖੜੋਤਾ ਸੀ, ਭਜ ਕੇ ਦਖਣੀ ਡਿਉੜੀ ਥਾਣੀ ਜਨਮ ਅਸਥਾਨ ਅੰਦਰ ਗਿਆ ਅਤੇ ਧੈਂਹ ਦੇ ਕੇ ਸੰਤ ਰਾਮ ਦੀ ਛਾਤੀ ਤੇ ਜੋੜ ਕੇ ਚਾਰ ਛਵ੍ਹੀਆਂ ਮਾਰੀਆਂ। ਬਬਰ ਵਢੇ ਗਏ ਅਤੇ ਉਸ ਦੀਆ ਆਂਦਰਾਂ ਬਾਹਰ ਨਿਕਲ ਆਈਆਂ ਜਿਸ ਦੇ ਕਾਰਨ ਖ਼ੂਨ ਤੇ ਵਿਸ਼ਟਾ ਖਿਲਰ ਗਿਆ, ਲਾਗੇ ਖੜੋਤੇ ਕਾਤਲਾਂ ਤੇ ਛਿੱਟਾਂ ਪਈਆਂ ਤਾਂ ਉਹ ਪਰੇ ਹੋ ਕੇ ਖੜੋ ਗਏ। ਗੋਂਦੇ ਨੇ ਉਂਗਲਾਂ ਨਾਲ ਫੋਲ ਫੋਲ ਕੇ ਬਕਰੀ ਦੀ ਮੇਂਙਣ ਜਿੱਡੀ ਇਕ ਗੋਲੀ ਇਸ ਦੇ ਢਿਡ ਚੋਂ ਕਢ ਲਈ ਅਤੇ ਹਥ ਦੀ ਤਲੀ ਤੇ ਰਖ ਕੇ ਸਭ ਨੂੰ ਵਿਖਾਉਣ ਲਗ ਪਿਆ। ਇਸ ਦੇ ਉਪ੍ਰੰਤ ਛਵ੍ਹੀ ਦੀ ਡਾਂਗ ਨਾਲ ਆਂਦਰਾਂ ਧਕ ਧੁਕ ਕੇ ਮੁੜ ਉਸ ਦੇ ਢਿਡ ਦੇ ਵਿਚ ਹੀ ਪਾ ਦਿਤੀਆਂ। ਇਸ ਪਿਛੋਂ ਗੋਲੀ ਮਹੰਤ ਨਰੈਣ ਦਾਸ ਨੂੰ ਵਖਾਉਣ ਲਈ ਗੁਰਦੁਆਰੇ ਦੇ ਹਾਤੇ ਅੰਦਰੋਂ ਬਾਹਰ ਚਲਾ ਗਿਆ।

ਸੰਤ ਰਾਮ ਚੌਦਾਂ ਕੁ ਸਾਲਾਂ ਦਾ ਲੜਕਾ ਸੀ ਜੋ ਭਾਈ ਲਾਭ ਸਿੰਘ ਫਰੀਦਾ ਬਾਦ ਦਾ ਚੇਲਾ ਇਥੇ ਗੁਰਮੁਖੀ ਪੜ੍ਹਦਾ ਹੁੰਦਾ ਸੀ ਅਤੇ ਗੁਰਦੁਆਰਾ ਜਨਮ ਅਸਥਾਨ ਦੇ ਅੰਦਰ ਹੀ ਇਕ ਕੋਠੜੀ ਵਿਚ ਰਿਹਾ ਕਰਦਾ ਸੀ। ਸਾਕੇ ਵਾਲੇ ਦਿਨ ਗੋਲੀ ਦਾ ਖੜਾਕ ਸੁਣ ਕੇ ਇਹ ਅੰਦਰਲੀ ਕੋਠੜੀ ਵਿਚੋਂ ਬਾਹਰ ਨਿਕਲਿਆ ਤੇ ਕੋਠੇ ਤੋਂ ਕਾਤਲਾਂ ਵਲੋਂ ਢਿਡ ਵਿਚ ਗੋਲੀ ਆ ਵਜੀ ਤਾਂ ਉਥੇ ਥਾਂ ਹੀ ਰਿਹਾ। ਇਸ ਦੀ ਲਾਸ਼ ਸਾਧਾਂ ਨੇ ਇਹ ਦਸਣ ਲਈ ਨਹੀਂ ਸਾੜੀ ਸੀ ਕਿ ਇਸ ਨੂੰ ਅਕਾਲੀਆਂ ਨੇ ਛਵ੍ਹੀ ਨਾਲ ਢਿਡ ਪਾੜ ਕੇ ਮਾਰ ਦਿਤਾ ਹੈ।

* ਇਹ ਕਤਲ ਦੇ ਮੁਕੱਦਮੇ ਵਿਚੋਂ ਅਜ ਤਕ ਭੌਜਾ ਫਿਰਦਾ ਰਿਹਾ ਸੀ। ਮਹੀਨਾ ਅਗਸਤ ਸੰ: ੧੯੩੬ ਵਿਚ ਗ੍ਰਿਫ਼ਤਾਰ ਹੋਇਆ, ਪਰ ਮੁਕੱਦਮੇ ਵਿਚੋਂ ਅਦਮ ਪੈਰਵੀ ਦੇ ਕਾਰਨ ਬਰੀ ਹੋ ਗਿਆ ਹੈ।

ਭਾਈ ਕਰਮ ਸਿੰਘ ਜੀ

ਆਪ ਦਾ ਜਨਮ ੫ ਅੱਸੂ ਬੁਧਵਾਰ ਸ਼ਾਮ ਨੂੰ ਸੰਮਤ ੧੯੪੮ ਬਿਃ ਨੂੰ ਮਾਤਾ ਕਿੱਸੋ ਦੀ ਕੁਖੋਂ ਭਾਈ ਹਾਕਮ ਸਿੰਘ ਦੇ ਘਰ ਪਿਛਲੇ ਲਹੁਕੀ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਆਪ ਪੰਜ ਭੈਣ ਭਰਾ ਸਨ:— ੧. ਭਾ: ਸਾਧੂ ਸਿੰਘ, ੨. ਭਾ: ਕਰਮ ਸਿੰਘ, ੩. ਬੀਬੀ ਸਦਾ ਕੌਰ, ਭਾ: ਧਰਮ ਸਿੰਘ, ੫. ਭਾ: ਸੋਹਣ ਸਿੰਘ।

ਜਦ ਬਾਰ ਦੀ ਭੋਂ ਮਿਲਣੀ ਸ਼ੁਰੂ ਹੋਈ ਤਾਂ ਉਸ ਵੇਲੇ ਆਪ ਦੀ ਉਮਰ ਮਸਾਂ ਚਾਰ ਕੁ ਸਾਲ ਦੀ ਸੀ। ਇਸ ਵੇਲੇ ਆਪ ਦੇ ਮਾਪਿਆਂ ਨੇ ਬਾਰ ਵਿਚ ਆ ਕੇ ਜ਼ਮੀਨ ਆਬਾਦ ਕੀਤੀ,ਤਾਂ ਇਹ ਭੀ ਉਨ੍ਹਾਂ ਦੇ ਨਾਲ ਹੀ ਇਥੇ ਆ ਗਏ। ਜ਼ਰਾ ਸੁਰਤ ਸੰਭਲੀ ਤਾਂ ਆਪ ਨੂੰ ਭਾਈ ਅਚਲ ਸਿੰਘ ਗ੍ਰੰਥੀ ਪਾਸ ਗੁਰਦੁਆਰੇ ਪੜ੍ਹਣੇ ਪਾ ਦਿਤਾ। ਇਥੇ ਹੀ ਆਪ ਨੇ ਗੁਰਮੁਖੀ ਪੜ੍ਹੀ ਅਤੇ ੧੫ ਸਾਲ ਦੀ ਉਮਰ ਵਿਚ ਭਾਈ ਰਤਨ ਸਿੰਘ ਦੀ ਜੱਥੇਦਾਰੀ ਥਲੇ ਪਿੰਡੋਂ ਹੀ ਅੰਮ੍ਰਿਤ ਪਾਨ ਕਰ ਲਿਆ। ਅਠਾਰਾਂ ਸਾਲ ਦੀ ਉਮਰ ਤਕ ਚੰਗਾ ਵਾਹੀ ਦਾ ਘੁਕਾ ਕੇ ਕੰਮ ਧੰਦਾ ਕਰਦੇ ਰਹੇ। ਬਰਾਦਰੀ ਨਾਲ ਮੇਲ-ਗੇਲ ਸੋਹਣਾ ਰਖਣਾ। ਪਿੰਡ ਦੇ ਤਲੰਗੇ ਛੁੱਟੀ ਆਏ ਅਤੇ ਉਨ੍ਹਾਂ ਦੀ ਪ੍ਰੇਰਨਾ ਨਾਲ ਵਾਹੀ ਵਲੋਂ ਕੁਝ ਇਨ੍ਹਾਂ ਦਾ ਮਨ ਉਚਾਟ ਹੋ ਗਿਆ। ਆਪ ਸੰ: ੧੯੧੩ ਈਸਵੀ ਵਿਚ ਪਲਟਨ ਨੰਬਰ ੪੭ ਵਿਚ ਭਰਤੀ ਹੋ ਗਏ। ਆਪ ਦਾ ਕੱਦ ਪੰਜ ਫੁਟ ਸਤ ਇੰਚ ਸੀ। ਰੰਗ ਗੋਰਾ ਨਛੋਹ, ਨਕ ਫੀਨਾ, ਸੋਹਣਾ ਭਰਵਾਂ ਸਿੱਧਾ ਗੁਰਮੁਖੀ ਦਾਹੜਾ ਝਿਮ-ਝਿਮ ਕਰਦਾ, ਦਰਸ਼ਨ ਕਰੋ ਤਾਂ ਕੋਈ ਮਹਾਤਮਾ ਜਾਪਦੇ ਸਨ।

ਬੜੀ ਮਿਹਨਤ ਤੇ ਦਿਆਨਤਦਾਰੀ ਨਾਲ ਪਲਟਨ ਦੀ ਨੌਕਰੀ ਕੀਤੀ, ਨੇਕ ਨਾਮੀ ਦੇ ਕਈ ਸਰਟੀਫੀਕੇਟ ਮਿਲੇ। ਆਪ ਦਾ ਭਰਾ ਪੂਰਾ ਹੋ ਗਿਆ ਤਾਂ ਆਪ ਛੁਟੀ ਆਏ। ਉਸ ਦੀ ਸਿੰਘਣੀ ਤੇ ਚਾਦਰ ਪਾ ਕੇ ਆਪ ਦੇ ਘਰ ਬਿਠਾ ਦਿਤੀ ਗਈ। ਉਸਦੀ ਕੁੱਖੋਂ ਚਾਰ ਬੱਚੇ ਉਤਪੰਨ ਹੋਏ :— ੧. ਬੀਬੀ ਬਲਵੰਤ ਕੌਰ, ੨. ਗੇਜਾ ਸਿੰਘ, ੩. ਬੰਤਾ ਸਿੰਘ, ੪. ਬੀਬੀ ਸਤਵੰਤ ਕੌਰ।

ਆਪ ਦੇ ਸਾਹੁਰੇ ਗੇੜੀ ਵਿੰਡ ਚੱਕ ਨੰਬਰ ੬੩ ਜ਼ਿਲਾ ਲਾਇਲਪੁਰ ਵਿਚ ਅਤੇ ਨਾਨਕੇ ਰਾਣੀ ਵਲਾਹ ਜ਼ਿਲਾ ਅੰਮ੍ਰਿਤਸਰ ਵਿਚ ਹਨ। ਨਾਨੇ ਦਾ ਨਾਮ ਭਾਈ ਝੰਡਾ ਸਿੰਘ ਹੈ। ਨੌਕਰੀ ਦੇ ਬੰਧਨ ਆਪ ਦੀ ਆਜ਼ਾਦ ਤਬੀਅਤ ਦੇ ਮਾਫ਼ਕ ਨਾ ਬੈਠੇ। ਤਿੰਨ ਕੁ ਸਾਲ ਪਿਛੋ ਹੀ ਆਪ ਨੇ ਸੰਨ ੧੯੧੫ ਈ: ਵਿਚ ਨਾਮ ਕਟਾ ਲਿਆ ਅਤੇ ਘਰ ਆਕੇ ਮੁੜ ਉਸੇ ਪੁਰਾਣੀ ਜਟਕੀ ਕਾਰ ਵਾਹੀ ਵਿਚ ਰੁਝ ਗਏ।

ਆਪ ਦੀ ਤਬੀਅਤ ਸਚਾਈ ਪਸੰਦ, ਚਾਲ ਚਲਨ ਬਹੁਤ ਉੱਚਾ, ਸੁਭੌ ਦੇ ਧੀਰੇ ਤੇ ਮਿਠੇ, ਸਾਰੀ ਜ਼ਿੰਦਗੀ ਵਿਚ ਕੋਈ ਅਜਿਹਾ ਕੰਮ ਨਹੀਂ ਕੀਤਾ ਸੀ, ਜਿਸਦਾ ਕਿ ਕਦੀ ਉਲਾਂਭਾ ਆਇਆ ਹੋਵੇ। ਸਾਰਾ ਪਿੰਡ ਹੀ ਆਪ ਦੀ ਨੇਕੀ ਅਤੇ ਭਲਿਆਈ ਦੀ ਸ਼ਾਹਦੀ ਭਰਦਾ ਹੈ।

ਜਥੇ ਨਾਲ ਤੁਰਨ ਸਮੇਂ ਕਾਲੀ ਦਸਤਾਰ ਸਜਾਈ ਅਤੇ ਹਥ ਵਿਚ ਸਫਾਜੰਗ ਫੜ ਲਿਆ। ਸਿੰਘਣੀ ਨੇ ਰੋਕਣ ਲਈ ਬੜਾ ਜ਼ੋਰ ਲਾਇਆ, ਬਹੁਤ ਵਾਸਤੇ ਤਰਲੇ ਪਾਏ ਕਿ ਅੰਞਾਣੇ ਬੱਚਿਆਂ ਦਾ ਕੀ ਬਣੇਗਾ। ਆਖਣ ਲਗੇ ਭਲੀਏ ਲੋਕੇ, ਤੂੰ ਕਿਉਂ ਗ਼ਮ ਰਕਦੀ ਹੈਂ। ਇਨ੍ਹਾਂ ਮਾਸੂਮ ਬੱਚਿਆਂ ਦਾ ਆਪ ਮਹਾਰਾਜ ਰਾਖਾ ਹੈ। ਧਰਮ ਦੇ ਕੰਮ ਵਲ ਇਰਾਦਾ ਕਰਕੇ ਮੁੜ ਘਰ ਬਹਿ ਰਹਿਣਾ ਮਰਦਾਂ ਦਾ ਕੰਮ ਨਹੀਂ। ਇਹ ਗਲਾਂ ਬਾਤਾਂ ਕਰਦਿਆਂ ਕਰਾਉਂਦਿਆਂ ਝਟ ਕਿੱਲੀ ਨਾਲੋਂ ਲਾਹਕੇ ਫ਼ੌਜੀਆਂ ਵਾਲਾ ਖ਼ਾਕੀ ਝੋਲਾ ਗਲ ਪਾ ਲਿਆ। ਛੇਤੀ ਨਾਲ ਉਸ ਵਿਚ ਛੋਲੇ ਤੇ ਕੁਝ ਗੁੜ ਸੁਟ ਲਿਆ। ਮਾਂ ਨੂੰ ਮੱਥਾ ਟੇਕਿਆ ਉਸ ਨੇ ਮੱਥਾ ਚੁੰਮਕੇ ਪਿਆਰ ਦਿਤਾ। ਠੁਮਕ ਠੁਮਕ ਕਰਦੇ ਘਰੋਂ ਬਾਹਰ ਨਿਕਲ ਕੇ ਜਥੇ ਨਾਲ ਜਾ ਰਲੇ। ਆਪਣੇ ਨਗਰ ਦੇ ਸਿੰਘਾਂ ਨਾਲ ਆਪ ਭੀ ਭਾਈ ਈਸ਼ਰ ਸਿੰਘ ਜੀ ਧਾਰੋਵਾਲੀ ਦੀ ਜਥੇਦਾਰੀ ਥੱਲੇ ਆਕੇ ਦਖਣੀ ਡਿਉੜੀ ਦੇ ਬਾਹਰ-ਵਾਰ ਰਾਂਝੇ ਦੀ ਗੋਲੀ ਨਾਲ ਫੱਟੜ ਕਰਕੇ ਲੱਤਾਂ ਤੋਂ ਧੂਹ ਕੇ ਭਾਈ ਦਲੀਪ ਸਿੰਘ ਹੋਰਾਂ ਵਾਲੀ ਭੱਠੀ ਵਿਚ ਜੀਉਂਦੇ ਹੀ ਸਾੜ ਕੇ ਸ਼ਹੀਦ ਕਰ ਦਿਤੇ ਗਏ।*

---

* ਕਮੇਟੀ ਨੇ ੧੪੦) ਰੁਪਏ ਕਰਜ਼ਾ ਉਤਾਰਿਆ, ਮਾਤਾ ਕਿਸੋ ਤੇ ਬੀਬੀ ਹਰਨਾਮ ਕੌਰ ਸੁਪਤਨੀ ਦੀ ਪਿੰਨਸ਼ਨ ਲਾ ਦਿਤੀ, ਜਿਸ ਦਾ ਜੋੜ ੨੦-੧੧-੨੧ ਤੋਂ ੩੧-੩-੩੮ ਤਕ ੩੮੯੮) ਰੁਪਏ ਬਣਦਾ ਹੈ। ਇਸੇ ਤਾਰੀਖ ਨੂੰ ਮਾਤਾ ਜੀ ਗੁਜ਼ਰ ਗਏ ਹਨ ਅਤੇ ਉਨ੍ਹਾਂ ਦੀ ਪਿੰਨਸ਼ਨ ਬੰਦ ਹੋ ਗਈ ਹੈ।

ਭਾਈ ਮਹਿੰਗਾ ਸਿੰਘ ਜੀ

ਆਪ ਦੀ ਮਾਤਾ ਦਾ ਨਾਮ ਭਾਗੋ ਅਤੇ ਪਿਤਾ ਦਾ ਨਾਮ ਭਾਈ ਝੰਡਾ ਸਿੰਘ ਸੀ। ਰੰਗ ਪੱਕਾ, ਕੱਦ ਲੰਮਾ, ਸਰੀਰ ਹੌਲਾ ਪਰ ਨਕਸ਼ ਸੋਹਣੇ ਤਿੱਖੇ ਖ਼ੂਬਸੂਰਤ। ਬਾਰ ਆਬਾਦ ਹੋਣ ਤੇ ਆਪ ਦੇ ਮਾਪੇ ਇਥੇ ਆ ਗਏ, ਜੋ ਇਥੇ ਘੁਮਿਆਰਾ ਕਿੱਤਾ ਕਰਦੇ ਸਨ। ਦਿਲੀ-ਲਗਨ ਨਾਲ ਉਨ੍ਹਾਂ ਨੇ ਆਪ ਨੂੰ ਪੰਜ ਜਮਾਤਾਂ ਉਰਦੂ ਗੁਰਮੁਖੀ ਅਤੇ ਲੰਡੇ ਪੜ੍ਹਾਏ। ਆਪ ਨੇ ਆਪਣੇ ਪਿਤਾ ਦਾ ਕਮਾਮ ਛਡ ਕੇ ਚਿੱਠੀ-ਰਸਾਨੀ ਦੀ ਨੌਕਰੀ ਕਰ ਲਈ। ਲੋਕਾਂ ਨੂੰ ਬੜੀ ਮੁਹੱਬਤ ਨਾਲ ਚਿੱਠੀਆਂ ਲਿਖ ਪੜ੍ਹ ਦਿਆ ਕਰਨੀਆਂ। ਬਣਦਾ ਬਣਾਉਂਦਾ ਇਲਾਕੇ ਵਿਚ ਆਪ ਦਾ ਚੰਗਾ ਰਸੂਖ ਬਣ ਗਿਆ। ਆਪ ਦੀ ਜ਼ਬਾਨ ਵਿਚ ਬੜੀ ਹਲੀਮੀ ਅਤੇ ਦਿਲ ਵਿਚ ਮਿਲਨਸਾਰੀ ਦੇ ਦੋ ਖ਼ਾਸ ਗੁਣ ਸਨ। ਆਪ ਨੇ ਨੌਕਰੀ ਨਾਲ ਚੰਗਾ ਗੁਜ਼ਾਰਾ ਨ ਚਲਦਾ ਵੇਖਕੇ ਚਿਠੀ ਰਸਾਨੀ ਛਡ ਕੇ ਆੜ੍ਹਤ ਦੀ ਦੁਕਾਨ ਖੋਲ੍ਹ ਲਈ। ਲੋਕਾਂ ਨਾਲ ਵਰਤੋਂ ਵਿਹਾਰ ਤੇ ਲੈਣ ਦੇਣ ਚੰਗਾ ਖਰਾ ਕਰਨਾ। ਕੰਮ ਸੋਹਣਾ ਰਿੜ੍ਹ ਪਿਆ। ਆਪ ਦਾ ਬਹੁਤਾ ਮੇਲ ਗੇਲ ਭਾਈ ਨਰਾਇਣ ਸਿੰਘ ਹੋਰਾਂ ਨਾਲ ਹੀ ਹੁੰਦਾ ਸੀ। ਹਰ ਰੋਜ਼ ਸ਼ਾਮ ਨੂੰ ਗੁਰਦੁਆਰੇ ਜਾਕੇ ਸ਼ਬਦ ਪੜ੍ਹਨੇ। ਸੁਭੱਾ ਬਹੁਤਾ ਨਿਘਾ ਤੇ ਗੁਰਮੁਖ ਸੀ।

ਜਥੇ ਨਾਲ ਜਾਣ ਤੋਂ ਅੱਠ ਕੁ ਦਿਨ ਪਹਿਲਾਂ ਲੋਕਾਂ ਦੇ ਲਹਿਣੇ ਦੇਣੇ ਦੀ ਵਹੀ ਤੇ ਫ਼ਹਿਰਿਸਤ ਤਿਆਰ ਕਰਕੇ ਲਿਖ ਦਿਤੀ। ਆਪਣਾ ਅਠ ਸੌ ਰੁਪਏ ਦਾ ਮੁਲ ਖ਼ਰੀਦਿਆ ਹਾਤਾ ਛਤਿਆ ਛਤਾਇਆ ਗੁਰਦੁਆਰੇ ਦੇ ਨਾਮ ਲੁਆ ਕੇ ਰਜਿਸਟਰੀ ਕਰਵਾ ਦਿਤਾ, ਜਿਸ ਥਾਂ ਕਿ ਅਜ ਕਲ ਬੜਾ ਸ਼ਾਨਦਾਰ ਗੁਰਦੁਆਰਾ ਬਣਿਆ ਹੋਇਆ ਹੈ। ਲੋਕੀ ਬੜੇ ਵਰਜ ਰਹੇ ਕਿ ਭਾਈ ਮਹਿੰਗਾ ਸਿੰਘ ਜੀ ਇਉਂ ਨਾ ਕਰੋ, ਜੀਉਂਦਿਆਂ ਨੂੰ ਸੌ ਆਸਾਂ ਉਮੈਦਾਂ ਹੁੰਦੀਆਂ ਹਨ, ਤਾਂ ਆਪ ਨੇ ਆਖਿਆ ਕਿ ਮੈਂ ਕੇਹੜਾ ਬਚੜਵਾਲ ਹਾਂ, ਜਿਨ੍ਹਾਂ ਨੇ ਪਿਛੋਂ ਮੇਰਾ ਕੁਝ ਸਾਂਭਣਾ ਹੈ। ਜਦ ਸਰੀਰ ਰੂਪੀ ਕੋਠਾ ਹੀ ਗੁਰੂ ਅਰਪਨ ਹੋ ਜਾਣਾ ਹੈ ਤਾਂ ਮੈਂ ਇਸ ਕੋਠੇ ਨੂੰ ਭੀ ਕੀ ਕਰਨਾ ਹੈ। ਇਹ ਘਰ ਪਹਿਲਾਂ ਹੀ ਕਿਉਂ ਨਾ ਗੁਰੂ ਨੂੰ ਸੌਂਪ ਦੇਈਏ। ਤੁਰਨ ਸਮੇਂ ੪੦) ਚਾਲੀ ਰੁਪਏ ਨਕਦ ਵਾਂਸਣੀ ਵਿਚ ਪਾ ਕੇ ਲੱਕ ਨਾਲ ਬੰਨ੍ਹ ਲਏ। ਲੋਕਾਂ ਪੁਛਿਆ

ਭਾਈ ਜੀ ਇਹ ਕਾਹਦੇ ਲਈ ਲੈ ਚਲੇ ਓ, ਉਥੇ ਕੋਈ ਨਿਉਂਦਰਾ ਪਾਉਣਾ ਜੇ ? ਆਖਦੇ ਨੇ ਕਿ ਕਿਤੇ ਸੌ ਲੋੜ ਪੈ ਜਾਂਦੀ ਹੈ। ਇਕ ਮਹਾਤਮਾ ਦਾ ਕਥਨ ਹੈ, ਕਿ "ਬਾਣੀ ਕੰਠ ਤੇ ਪੈਸਾ ਗੰਠ ਹੀ ਚੰਗਾ ਹੁੰਦਾ ਹੈ"। ਮੋਰਚਾ ਫ਼ਤਹ ਹੋ ਗਿਆ ਤਾਂ ਲੰਗਰ ਲਾਵਾਂਗੇ ਨਹੀਂ, ਤਾਂ ਕਾਠ ਖਫਨ ਦੇ ਕੰਮ ਆ ਜਾਣਗੇ।

ਆਪ ਦੀ ਉਮਰ ਕੋਈ ਚਾਲੀ ਕੁ ਸਾਲ ਦੇ ਏੜ ਗੇੜ ਹੋਵੇਗੀ ਪਰ ਕਾਠੀ ਚੰਗੀ ਹੋਣ ਕਰਕੇ ਸਰੀਰ ਅਜੇ ਵਾਹਵਾ ਨਰੋਆ ਸੀ। ਆਪ ਸਾਰੀ ਉਮਰ ਬ੍ਰਹਮਚਾਰੀ ਰਹੇ ਅਤੇ ਅਜਿਹਾ ਆਦਰਸ਼ਕ ਜੀਵਨ ਬਤੀਤ ਕੀਤਾ ਕਿ ਕਦੀ ਕਿਸੇ ਦੀ ਧੀ ਭੈਣ ਵਲ ਉੱਚੀ ਅੱਖ ਕਰਕੇ ਨਹੀਂ ਵੇਖਿਆ ਸੀ।

ਆਪ ਭੀ ਦਖਣੀ ਡਿਉੜੀ ਦੇ ਸਾਹਮਣੇ ਭਾਈ ਨਰਾਇਣ ਸਿੰਘ ਹੋਰਾਂ ਨਾਲ ਅੰਦਰਲੇ ਸਿੰਘਾਂ ਨੂੰ ਛੁਡਾਉਣ ਲਈ ਯਤਨ ਕਰ ਰਹੇ ਸਨ, ਜੋ ਰਾਂਝੇ ਨੇ ਸਾਹਮਣਿਉਂ ਆਕੇ ਢਿਡ ਵਿਚ ਬੰਦੂਕ ਦੀ ਗੋਲੀ ਮਾਰੀ। ਆਪ ਵਾਹਿਗੁਰੂ ਵਾਹਿਗੁਰੂ ਆਖਦੇ ਚੁਫਾਲ ਧਰਤ ਤੇ ਡਿਗ ਪਏ। ਗੁਰਮੁਖ ਦਾਸ ਨੇ ਭੱਜ ਕੇ ਆਪ ਦਾ ਸਿਰ ਵਢ ਦਿਤਾ ਅਤੇ ਦੂਜੀ ਪਾਰਟੀ ਨੇ ਧੂਹਕੇ ਭਾਈ ਦਲੀਪ ਸਿੰਘ ਸ਼ਹੀਦ ਵਾਲੀ ਭੱਠੀ ਵਿਚ ਸੁਟ ਦਿਤਾ।

—o—

ਦੂਜੇ ਜਥੇ ਦਾ ਹਾਲ

ਪਹਿਲੀ ਟੋਲੀ

ਜਦ ਇਸ ਜਥੇ ਦੇ ਸਾਰੇ ਸਿੰਘ ਜਾਨਾਂ ਹੂਲ ਕੇ ਵਰ੍ਹਦੀਆਂ ਗੋਲੀਆਂ ਵਿਚ ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਅੰਦਰ ਘਿਰੇ ਹੋਏ ਸਿੰਘਾਂ ਨੂੰ ਬਚਾਉਣ ਲਈ ਸਿਰ ਤੋੜ ਯਤਨ ਕਰ ਰਹੇ ਸਨ, ਉਸ ਵੇਲੇ ਭਾਈ ਦਲੀਪ ਸਿੰਘ ਵਾਲੇ ਸ਼ਹੀਦ ਗੰਜ ਦੇ ਲਾਗਲੇ ਮੈਦਾਨ ਅਤੇ ਸ੍ਰੋਵਰ ਦੇ ਕੰਢੇ ਛਵ੍ਹੀਆਂ ਤੇ ਡਾਂਗਾਂ ਵਾਲੇ ਕਾਤਲਾਂ ਦਾ ਬੜਾ ਭਾਰਾ ਇਕੱਠ ਸੀ। ਇਸ ਇਕੱਠ ਵਿਚੋਂ ਨਿਕਲ ਕੇ ਇਕ ਟੋਲੇ ਨੇ ਅਗੇ ਵਧ ਕੇ ਸਿੰਘਾਂ ਦੇ ਜਥੇ ਤੇ ਮਾਰੂ ਹਮਲਾ ਕੀਤਾ ਤਾਂ ਜਥੇ ਦੀਆਂ ਅਗੋਂ ਆਪਣਾ ਬਚਾ ਕਰਦਿਆਂ ਕਰਾਉਂਦਿਆਂ ਪਾਟ ਕੇ ਦੋ ਟੋਲੀਆਂ ਬਣ ਗਈਆਂ। ਦੱਖਣੀ ਡਿਉੜੀ ਦੇ ਬੂਹੇ ਵਿਚੋਂ ਬੰਦੂਕ ਦੀ ਗੋਲੀ ਭਾਈ ਭਗਤ ਸਿੰਘ ਕਰੀਆਂ ਵਾਲੇ ਨੂੰ ਆ ਵੱਜੀ। ਉਨ੍ਹਾਂ ਦੀ ਡੌਲੇ ਪਾਸੋਂ ਬਾਂਹ ਪਲਮ ਪਈ ਤੇ ਦੂਜੇ ਫਾਇਰ ਨਾਲ ਕੁਝ ਛੱਰ੍ਹੇ ਦੇ ਦਾਣੇ ਉਨ੍ਹਾਂ ਦੇ ਢਿਡ ਵਿਚ ਵਜੇ। ਉਹ ਜੀ-ਭਿਆਣੇ ਭੱਜ ਕੇ ਸ੍ਰੋਵਰ ਦੇ ਦਖਣੀ ਕੰਢੇ ਬੇਰੀ ਥਲੇ ਬੇਹਾਲ ਹੋ ਕੇ ਜਾ ਡਿਗੇ।

ਭਾਈ ਆਸਾ ਸਿੰਘ, ਭਾਈ ਘੁਦਾ ਸਿੰਘ ਬੰਡਾਲਾ ਅਤੇ ਭਾਈ ਤੇਜਾ ਸਿੰਘ ਤੇ ਭਾ: ਨਰਾਇਣ ਸਿੰਘ ਲਹੁਕਿਆਂ ਦੀ ਇਕ ਟੋਲੀ ਬਣ ਗਈ। ਇਹ ਚਾਰੇ ਜਣੇ ਬਾਹਰ ਦੇ ਕਾਤਲਾਂ ਦੀ ਰੋਕ ਕਰਦੇ ਕਰਾਉਂਦੇ ਧੌਲਰਾਂ ਨੂੰ ਚਲੇ ਗਏ। ਅਗੇ *ਅਸਮਾਈਲ ਭਟੀ ਪੱਕੇ ਖੂਹ ਵਾਲਾ ਘੋੜੀ ਤੇ ਸੁਆਰ ਕਾਤਲਾਂ ਦੀ ਕਮਾਂਡ ਕਰਦਾ ਸੀ। ਉਸ ਨੇ

---

* ਇਹ ਬਦਮਾਸ਼ਾਂ ਨਾਲ ਬਹੁਤ ਰਸੂਖ ਰਖਣ ਵਾਲਾ ਬੰਦਾ ਸੀ ਤੇ ਮਹੰਤ ਨੇ ਇਸ ਨੂੰ ਇਸ ਮਤਲਬ ਲਈ ਗੰਢਣ ਵਾਸਤੇ ਕਾਫੀ ਰੁਪਿਆ ਦਿਤਾ ਸੀ। ਜਿਸ ਦੇ ਕਾਰਨ ਇਸ ਨੇ ਇਸ ਜ਼ੁਲਮੀ ਕਾਰੇ ਵਿਚ ਬੜਾ ਹਿਸਾ ਲਿਆ। ਇਸ ਵੇਲੇ ਮਰ ਚੁਕਾ ਹੈ।

ਦੋ ਬੰਦੂਕਾਂ ਵਾਲੇ ਤੇ ਪੰਜ ਚਾਰ ਛਵ੍ਹੀਆਂ ਵਾਲੇ ਇਨ੍ਹਾਂ ਦੇ ਮਗਰ ਲਾ ਦਿਤੇ। ਬਾਕੀ ਹੋਰ ਸਿੰਘਾਂ ਮਗਰ ਭੱਜਣ ਵਾਲੇ ਕਾਤਲਾਂ ਨੂੰ ਇਸ਼ਾਰਾ ਕਰ ਕੇ ਰੋਕ ਲਿਆ ਕਿ ਪਿਛਲੇ ਬੰਨੇ ਹੋ ਕੇ ਦੂਜੇ ਬੰਨੇ ਦੀ ਰੋਕ ਕਰੋ, ਇਨ੍ਹਾਂ ਨੂੰ ਹੁਣ ਜਾਣ ਦਿਓ । ਇਨ੍ਹਾਂ ਵਿਚੋਂ ਭਾਈ ਨਰਾਇਣ ਸਿੰਘ ਆਪਣੇ ਸਾਥੀਆਂ ਨੂੰ ਵੰਗਾਰਦੇ ਅੰਦਰਲੀ ਗਲੀ ਥਾਣੀ ਆ ਕੇ ਮਹੰਤ ਨਰੈਣ ਦਾਸ ਹੱਥੋਂ ਪਵਿੱਤ੍ਰ ਸ਼ਹੀਦੀਆਂ ਦੀ ਦਾਤ ਪ੍ਰਾਪਤ ਕਰ ਗਏ, ਪਰ ਇਹ ਤਿੰਨ ਸਜਣ ਦਖਣ ਵਲ ਨੂੰ ਨਸ ਗਏ। ਇਨ੍ਹਾਂ ਨੂੰ ਰਾਹ ਵਿਚ ਦੋ ਦੋ ਚਾਰ ਚਾਰ ਬੰਦਿਆਂ ਦੀਆਂ ਹਥਿਆਰਬੰਦ ਟੋਲੀਆਂ ਟਕਰਦੀਆਂ ਰਹੀਆਂ, ਜਿਨ੍ਹਾਂ ਨੇ ਪੁਛਿਆ ਕਿ ਤੁਸੀਂ ਕਿਧਰ ਦੌੜੇ ਫਿਰਦੇ ਜੇ ? ਇਹ ਤਿੰਨੇ ਹੀ ਉਤ੍ਰ ਦਿੰਦੇ ਰਹੇ ਕਿ ਜਵਾਨੋ, ਸਾਡੀ ਡਾਚੀ ਗਵਾਚੀ ਹੋਈ ਹੈ, ਉਸ ਨੂੰ ਲਭਦੇ ਫਿਰਦੇ ਹਾਂ, ਹੋਰ ਕੋਈ ਗੱਲ ਨਹੀਂ ਹੈ।

ਇਨ੍ਹਾਂ ਪਾਸੋਂ ਦਾ ਬਚਾ ਕੇ ਇਹ ਨਹਿਰ ਦੇ ਪੰਜ ਚਕ ਬੁਚਿਆਣੇ ਵਾਲੇ ਪੁਲ ਨੂੰ ਚਲੇ ਗਏ। ਇਥੇ ਇਨ੍ਹਾਂ ਨੂੰ ਦੂਜੀ ਟੋਲੀ ਦੇ ਸਿੰਘ ਭਾਈ ਭਗਤ ਸਿੰਘ ਨੰਬਰਦਾਰ, ਭਾਈ ਹਜ਼ਾਰਾ ਸਿੰਘ, ਭਾਈ ਲਖਾ ਸਿੰਘ, ਭਾਈ ਸੂਬਾ ਸਿੰਘ, ਭਾਈ ਤੇਜਾ ਸਿੰਘ ਅਤੇ ਮਾਸਟਰ ਬਿਸ਼ਨ ਸਿੰਘ ਜਗ-ਦੇ ਮਿਲ ਪਏ, ਦੋਹਾਂ ਟੋਲੀਆਂ ਦੇ ਬੰਦਿਆਂ ਨੇ ਆਪੋ ਵਿਚ, ਆਪੋ ਆਪਣੇ ਬਚਣ ਦੀ ਕਹਾਣੀ ਦੱਸੀ।

ਦੂਜੀ ਟੋਲੀ

ਜਿਸ ਵੇਲੇ ਇਸ ਜਥੇ ਦੀਆਂ ਪਾਟ ਕੇ ਦੋ ਟੋਲੀਆਂ ਹੋ ਜਾਂਦੀਆਂ ਹਨ ਤਾਂ ਇਨ੍ਹਾਂ ਨਾਲੋਂ ਭਾਈ ਪੰਜਾਬ ਸਿੰਘ ਨਿਖੜ ਕੇ ਭਾਈ ਦਲੀਪ ਸਿੰਘ ਦੇ ਸ਼ਹੀਦ ਗੰਜ ਵਾਲੇ ਮੈਦਾਨ ਵਿਚ ਕਾਤਲਾਂ ਨੂੰ ਭੁਲੇਵਾਂ ਦੇ ਕੇ ਗੁ: ਅਟਾਰੀ(ਪੱਟੀ) ਸਾਹਿਬ ਵਲ ਨਸ ਕੇ ਭਵਿਆਂ। ਅਗੇ ਸਰੋਵਰ ਦੇ ਕੱਢੇ ਬੇਰੀ ਥਲੇ ਭਾਈ ਭਗਤ ਸਿੰਘ ਕਰੀਆਂ ਵਾਲੇ ਨੂੰ ਲਹੂ ਲੁਹਾਨ ਹੋਇਆ ਵੇਖਿਆ। ਬੰਡਾਲੀਆਂ ਦੇ ਬੁੰਗੇ ਜਾ ਕੇ ਉਥੋਂ ਅਪਣੇ ਪਿੰਡ ਦੇ *ਮਜ਼ਹਬੀ ਸਿੰਘਾਂ ਨੂੰ ਨਾਲ ਲਿਆਕੇ ਭਾਈ ਭਗਤ ਸਿੰਘ ਨੂੰ ਮੰਜੀ ਤੇ ਪਾ

---

* ਇਹ ਅਖੌਤੀ ਮਜ਼ਹਬੀ ਸਿੰਘ ਇਨ੍ਹਾਂ ਦੇ ਪਿੰਡੋਂ ਮਹੰਤ ਦੇ ਮੁਜ਼ਾਰੇ ਸਨ, ਜੋ ਇਨ੍ਹਾਂ ਦੇ ਬੁੰਗੇ ਵਿਚ ਰਿਹਾਇਸ਼ ਰਖਦੇ ਸਨ ।

ਕੇ ਆਪਣੇ ਬੁੰਗੇ ਲੈ ਗਏ। ਏਨੇ ਚਿਰ ਨੂੰ ਭਾਈ ਲਾਭ ਸਿੰਘ ਜ਼ਖਮੀ ਹੋਏ ਨੂੰ ਕਿ ਮਜ਼ਹਬੀ ਸਿੰਘ ਪੰਜਾਲੀ ਲਿਆਵੇ । ਇਨ੍ਹਾਂ ਦੋਹਾਂ ਫਟੜਾਂ ਨੂੰ ਥੋੜ੍ਹੇ ਚਿਰ ਪਿਛੋਂ ਹਸਪਤਾਲ ਲੈ ਜਾਣ ਦੀ ਸਲਾਹ ਕੀਤੀ, ਪਰ ਇਨ੍ਹਾਂ ਮਜ਼ਹਬੀ ਸਿੰਘਾਂ ਨੇ ਸਲਾਹ ਦਿਤੀ ਕਿ ਬੁੰਗੇ ਵਿਚੋਂ ਬਾਹਰ ਉਕੇ ਨ ਨਿਕਲਿਆ ਜੇ। ਸਾਧ ਸਭ ਨੂੰ ਇਕ ਵਢੋਂ ਕਤਲ ਕਰੀ ਜਾਂਦੇ ਹਨ। ਜੇ ਉਨ੍ਹਾਂ ਨੂੰ ਪਤਾ ਲਗ ਗਿਆ ਤਾਂ ਸਾਨੂੰ ਭੀ ਇਥੇ ਆ ਕੇ ਕਤਲ ਕਰ ਦੇਣਗੇ। ਸਾਢੇ ਬਾਰਾਂ ਵਜੇ ਡਿਪਟੀ ਕਮਿਸ਼ਨਰ ਆਇਆ, ਉਸ ਨੇ ਬਿਆਨ ਲਏ ਅਤੇ ਸ੍ਰਕਾਰੀ ਡਾਕਟਰ ਨੂੰ ਸਦ ਕੇ ਇਨ੍ਹਾਂ ਦੀ ਮਲ੍ਹਮ ਪੱਟੀ ਕਰਾਈ, ਇਨ੍ਹਾਂ ਦਾ ਡੇਰਾ ਚੀਫ਼ ਖ਼ਾਲਸਾ ਦੀਵਾਨ ਦੇ ਦੀਵਾਨ ਅਸਥਾਨ ਦੀ ਕੋਠੀ ਨੰਬਰ ਚਾਰ ਵਿਚ ਕਰਵਾ ਦਿਤਾ ਗਿਆ ।

ਜਦ ਫ਼ੌਜ ਆ ਗਈ ਤਾਂ ਥੋੜ੍ਹੇ ਚਿਰ ਪਿਛੋਂ ਗੋਰਖੇ ਸਪਾਹੀ ਇਨ੍ਹਾਂ ਫਟੜਾਂ ਨੂੰ ਡੋਲੀ ਵਿਚ ਪਾ ਕੇ ਸਟੇਸ਼ਨ ਨੂੰ ਲੈ ਗਏ ਅਤੇ ਉਥੋਂ ਰੇਲ ਤੇ ਚਾੜ੍ਹ ਕੇ ਲਾਹੌਰ ਮਿਉ ਹਸਪਤਾਲ ਜਾ ਦਾਖਲ ਕੀਤਾ। ਅਗਲੇ ਦਿਨ ਹੀ ਭਾਈ ਭਗਤ ਸਿੰਘ ਦੀ ਬਾਂਹ ਮੋਢੇ ਪਾਸੋਂ ਵਢੀ ਗਈ* ਭਾਈ ਲਾਭ ਸਿੰਘ ਨੇ ਤਿੰਨ ਮਹੀਨੇ ਅੱਖ ਹੀ ਨਹੀਂ ਝਮਕੀ ਸੀ। ਇਨ੍ਹਾਂ ਨੇ ਲਾਇਲਪੁਰ ਜਾ ਕੇ ਡਾ: ਦੀਵਾਨ ਸਿੰਘ ਜੀ ਸਿਵਲ ਸਰਜਨ ਪਾਸੋਂ ਔਪ੍ਰੇਸ਼ਨ ਕਰਾਇਆ ਤਾਂ ਕੰਨ ਦੇ ਪਿਛੋਂ ਬੜੀ ਪਾਕ ਨਿਕਲੀ, ਕੰਨ ਉਕਾ ਮਾਰਿਆ ਗਿਆ ਅਤੇ ਅੱਖ ਝਮਕਣ ਲਗ ਪਏ।

ਜਦ ਦਖਣੀ ਡਿਉੜੀ ਅਗੋਂ ਭਾ: ਭਗਤ ਸਿੰਘ ਕਰੀਆਂ ਵਾਲਾ ਜ਼ਖਮੀ ਹੋ ਕੇ ਚਲਾ ਗਿਆ ਤਾਂ ਪੰਜ ਸਤ ਛਵ੍ਹੀਆਂ ਵਾਲੇ ਕਾਤਲ ਦੂਜੇ ਸਿੰਘਾਂ ਵਲ ਵਧੇ ਤਾਂ ਭਗਤ ਸਿੰਘ ਨੰਬਰਦਾਰ ਨੇ ਆਖਿਆ ਕਿ ਅਰਜਨ ਸਿੰਘਾ ਤਕੜਾ ਹੋ ਜਾ ! ਛਵ੍ਹੀਆਂ ਵਾਲੇ ਆਏ ਜੂ। ਉਸ ਨੇ ਜੋੜ ਕੇ ਦੋਹਾਂ ਹੱਥਾਂ ਨਾਲ ਚੰਗੀ ਬਠਾ ਕੇ ਡਾਂਗ ਮਾਰੀ,ਇਕ ਕਾਤਲ ਭਵਾਟਣੀ ਖਾ ਕੇ ਮੂਧੇ ਮੂੰਹ ਜ਼ਮੀਨ ਤੇ ਡਿਗ ਪਿਆ। ਇਸ ਨੇ ਛੇਤੀ ਨਾਲ ਉਸ ਦੇ ਹਥੋਂ ਛਵ੍ਹੀ ਖੋਹ ਕੇ ਗੁਰਦਿਆਲ ਸਿੰਘ ਨੂੰ ਦੇ ਦਿਤੀ।

ਇਸ ਵੇਲੇ ਕਾਤਲਾਂ ਦੀਆਂ ਭੀ ਦੋ ਟੋਲੀਆਂ ਬਣ ਗਈਆਂ । ਅਧੇ ਤਾਂ ਸਿੰਘਾਂ ਨੂੰ ਧਕ ਕੇ ਲਹਿੰਦੇ ਦੀ ਗਲ਼ੀ ਵਲ ਲੈ ਜਾਣ ਤੇ ਅਧੇ ਭਾਈ ਦਲੀਪ ਸਿੰਘ

---

* ਗੁਰਦੁਆਰਾ ਕਮਟੀ ਨਨਕਾਣਾ ਸਾਹਿਬ ਵਲੋਂ ਆਪ ਦੀ ਪਿੰਨਸ਼ਨ ਲਾਈ ਗਈ ਜਿਸ ਦਾ ਜੋੜ ੧੪-੫-੨੨ ਤੋਂ ੩੦-੯-੩੭ ਤਕ ੧੮੧੯) ਰੁਪਏ ਬਣਦਾ ਹੈ।

ਦੇ ਸ਼ਹੀਦ ਗੰਜ ਵਲ ਲੈ ਜਾਣ । ਜਥੇ ਦੇ ਸਿੰਘ ਜੀ-ਭਿਆਣੇ ਅਗੇ ਵਧ ਕੇ ਕਦੇ ਸੋਟਾ ਮਾਰ ਦੇਣ ਤੇ ਕਦੇ ਪਿਛਾਂਹ ਹਟ ਜਾਣ। ਕੋਠਿਆਂ ਤੋਂ ਕਾੜ ਕਾੜ ਇਟਾਂ ਦੀ ਅੰਧਾ-ਧੁੰਦ ਬਾਰਸ਼ ਹੁੰਦੀ ਸੀ। ਲੋਕੀ ਕੰਧਾਂ ਕੋਠਿਆਂ ਤੋਂ ਬੜੀਆਂ ਗੰਦੀਆਂ ਗਾਲ੍ਹਾਂ ਦਿੰਦੇ ਸਨ। ਭਾਈ ਸੁੰਦਰ ਸਿੰਘ, ਭਾਈ ਦੀਦਾਰ ਸਿੰਘ, ਭਾਈ ਨੰਦ ਸਿੰਘ, ਭਾਈ ਰਾਮ ਸਿੰਘ, ਭਾਈ ਤੇਜਾ ਸਿੰਘ, ਭਾਈ ਗੁਰਦਿਆਲ ਸਿੰਘ, ਭਾਈ ਭਗਤ ਸਿੰਘ ਨੰਬਰਦਾਰ ਅਤੇ ਭਾ: ਇਛਰ ਸਿੰਘ ਆਦਿਕ ਦੀ ਦੂਜੀ ਟੋਲੀ ਸ਼ਹੀਦੀ ਬਾਗ਼ ਵਲ ਨੂੰ ਪਿਛਾਂਹ ਮੁੜੀ ਜਾ ਰਹੀ ਸੀ। ਗੁਰਦੁਆਰੇ ਜਨਮ ਅਸਥਾਨ ਦੀ ਲਹਿੰਦੇ ਦੀ ਕੰਧ ਤੇ ਸ਼ਰਾਬ ਵਿੱਚ ਮਸਤ ਖੜੋਤਾ ਇਕ ਨਾਂਗਾ ਸਾਧ ਉੱਚੀ ਉੱਚੀ ਬੜੀਆਂ ਗੰਦੀਆਂ ਗਾਲ੍ਹਾਂ ਦੇਵੇ ਕਿ ਚੂਹੜਿਓ ! ਹੁਣ ਭਜੇ ਕਿਉਂ ਜਾਂਦੇ ਜੇ ? ਕਬਜ਼ਾ ਲੈ ਕੇ ਜਾਓ ? ਧੋਤੀ ਚੁਕੇ ਤੇ ਸ਼ੋਹਦਿਆਂ ਵਾਂਗ ਨੰਗਾ ਹੋ ਖੜੋਵੇ । ਸਿੰਘ ਗੁੱਸਾ ਖਾਕੇ ਫੇਰ ਪਿਛਾਂਹ ਨੂੰ ਮੁੜੇ ਤਾਂ ਮਹਿਮਾਨ ਖ਼ਾਨੇ ਤੋਂ ਇੱਟਾਂ ਦੀ ਫੰਡ ਚੜ੍ਹੀ, ਫਿਰ ਪਿਛਾਂਹ ਨੂੰ ਭੌਂ ਪਏ। ਇਹ ਸਾਧ ਫੇਰ ਪਹਿਲਾਂ ਵਾਂਗ ਹੀ ਚਿੱਪਾਂ ਚੜ੍ਹਾਵੇ। ਸਿੰਘ ਫੇਰ ਮੁੜਣ ਲਗੇ ਤਾਂ ਲੱਧੂ, ਲੰਙਾਂ, ਹਰੀ ਨਾਥ ਜੋਗੀ, ਬਾਗੀ ਸ਼ਾਹ ਅਤੇ ਲਾਲ ਦਾਸ ਵੀਹਾਂ ਪੰਝੀਆਂ ਛਵ੍ਹੀਆਂ ਵਾਲਿਆਂ ਦੀ ਟੋਲੀ ਲੈ ਕੇ ਆ ਪਏ, ਨਾਲ ਦੋ ਬੰਦੂਕਾਂ ਵਾਲੇ ਸਨ। ਬੰਦੂਕਾਂ ਵਾਲੇ ਫ਼ਾਇਰ ਕਰਕੇ ਜ਼ਖ਼ਮੀ ਕਰ ਦੇਣ ਅਤੇ ਛਵ੍ਹੀਆਂ ਵਾਲੇ ਵੱਢ ਦੇਣ। ਇਨ੍ਹਾਂ ਨੇ ਭਜ ਕੇ ਭਾਈ ਈਸ਼ਰ ਸਿੰਘ ਧਾਰੋਵਾਲੀ, ਭਾਈ ਜੀਉਣ ਸਿੰਘ ਪ੍ਰਉਪਕਾਰੀ ਲਾਇਲਪੁਰ ਅਤੇ ਭਾਈ ਚਰਨ ਸਿੰਘ ਡਿੰਗਾ ਨੂੰ ਗੋਲੀਆਂ ਮਾਰੀਆਂ ਤੇ ਪਿਛੋਂ ਛਵ੍ਹੀਆਂ ਵਾਲਿਆਂ ਮਿਲ ਕੇ ਵੱਢ ਟੁਕ ਕੇ ਸ਼ਹੀਦ ਕਰ ਦਿੱਤਾ।

ਭਾਈ ਲਾਭ ਸਿੰਘ ਰੇਲ ਦੀ ਲੈਨੇ ਲੈਨ ਪੈ ਕੇ ਆਪਣੇ ਬੁੰਗੇ ਨੂੰ ਤੁਰ ਪਿਆ। ਕਾਤਲਾਂ ਵਿਚੋਂ ਹਰੀ ਨਾਥ ਜੋਗੀ ਇਸ ਨੂੰ ਜਾਣਦਾ ਸੀ। ਉਸ ਨੇ ਆਪਣੇ ਨਾਲ ਦੇ ਨੂੰ ਆਵਾਜ਼ ਦੇ ਕੇ ਆਖਿਆ ਕਿ ਔਹ ਬੈਂਤ ਦੀ ਸੋਟੀ ਵਾਲਾ ਚਿਟ-ਕਪੜੀਆ [illegible] ਥੇ ਵਿਚੋਂ ਹੈ। ਨਾਥ ਨੇ ਨਿਸਚਾ ਕਰਨ ਲਈ ਅਗੇ ਹੋ ਕੇ ਪੁਛਿਆ ਬਾਬਾ ਕਿਥੋਂ ਏਂ ? ਉਸ ਨੇ ਉੱਤ੍ਰ ਦਿਤਾ ੭੦ ਚੱਕ ਬੰਡਾਲਿਓਂ। ਉਸਦੀ ਏਨੀ ਗਲ ਮੂੰਹੋਂ ਕਢਣ ਦੀ ਢਿੱਲ ਸੀ, ਜੁ ਨਾਥ ਨੇ ਜੋੜ ਕੇ ਪੁੱਠੀ ਕੁਹਾੜੀ ਕੰਨ-ਪੱਟੀ ਤੇ ਮਾਰੀ। ਦੂਜੇ ਨੇ ਧਮਾਲ ਜਿਹੀ ਪੌਂਦਿਆਂ ਭਵਾਂ ਕੇ ਚੁਬਾੜੀ ਦੇ ਉਪਰ ਅਖਵਾਨੇ

ਕੋਲ ਵਟ ਕੇ ਡਾਂਗ ਮਾਰੀ। ਇਹ ਬੇ-ਹੋਸ਼ ਹੋ ਕੇ ਡਿੱਗ ਪਏ ਅਤੇ ਕਾਤਲ ਸ਼ੂਟ ਵੱਟੀ ਦੂਜੇ ਸਿੰਘਾਂ ਮਗਰ ਦੌੜ ਗਏ। ਏਨੇ ਚਿਰ ਨੂੰ ਪਿਛੋਂ ਇਕ ਹੋਰ ਟੋਲੀ ਕਾਤਲਾਂ ਦੀ ਆਈ। ਉਨ੍ਹਾਂ ਵਿਚੋਂ ਇੱਕ ਆਖਦਾ ਹੈ ਕਿ ਭਲਾ ਇਸ ਸਫ਼ੈਦਪੋਸ਼ ਨੂੰ ਕਿਉਂ ਮਾਰ ਗਏ ਨੇ। ਇਸ ਨੇ ਆਖਿਆ ਕਿ ਰੱਬ ਤੁਹਾਡਾ ਭਲਾ ਕਰੇ ਇਕ ਘੁਟ ਪਾਣੀ ਦਿਓ। ਉਨ੍ਹਾਂ ਆਖਿਆ ਕਿ ਬਾਬਾ ਭੋਲਿਆ ਜਾਹ ਰਬ ਲੈ ਜਾਂਦਾ ਈ ਤਾਂ ਚਲਾ ਜਾ, ਏਥੋਂ ਕਿਥੋਂ ਪਾਣੀ ਪਿਆ ਲਭਦਾ ਏਂ। ਇਨ੍ਹਾਂ ਨੇ ਆਖਿਆ ਕਿ ਮੈਂ ਹੁਣ ਜਾਣ ਜੋਗਾ ਤਾਂ ਕਿਤੇ ਨਹੀਂ ਰਿਹਾ, ਮੈਨੂੰ ਸਾਡੀ ਹਵੇਲੀ ਛੱਡ ਆਓ। ਇਕ ਨੇ ਆਖਿਆ ਕਿ ਚਲ ਬਾਬਾ ਮੈਂ ਤੈਨੂੰ ਛੱਡ ਆਉਂਦਾ ਹਾਂ। ਦੂਜੇ ਨੇ ਆਖਿਆ ਕਿ ਜੇ ਰਾਹ ਵਿੱਚ ਹੋਰ ਕਾਤਲ ਮਿਲ ਪਏ ਤਾਂ ਮਾਰ ਦੇਣਗੇ। ਭਾਈ ਲਾਭ ਸਿੰਘ ਨੇ ਆਖਿਆ ਕਿ ਉਹ ਜਾਣ ਹੁਣ ਮਾਰ ਦੇਣਗੇ, ਮੈਂ ਇਥੇ ਭੀ ਤਾਂ ਮਰਿਆ ਹੀ ਪਿਆ ਹਾਂ, ਕੇਹੜਾ ਜੀਉਂਦਿਆਂ ਵਿਚ ਹਾਂ। ਉਸ ਨੇ *ਇਨ੍ਹਾਂ ਦਾ ਆਪਣੇ ਮੋਢੇ ਤੇ ਹਥ ਧਰ ਲਿਆ ਤੇ ਰੇਲ ਦੀ ਲਾਈਨ ਦੇ ਨਾਲ ਨਾਲ ਹੋਕੇ ਤੁਰ ਪਏ, ਪਰ ਰਾਹ ਵਿੱਚ ਹੋਰ ਕੋਈ ਕਾਤਲ ਨ ਟਕਰਿਆ। ਉਹ ਇਨ੍ਹਾਂ ਨੂੰ ਬੰਡਾਲੀਆਂ ਦੇ ਬੁੰਗ ਛੱਡ ਗਿਆ। ਇਨ੍ਹਾਂ ਦੇ ਪੁਜਣ ਤੋਂ ਪਹਿਲਾਂ ਭਾਈ ਭਗਤ ਸਿੰਘ ਜੀ ਭੀ ਪੁਜ ਚੁਕੇ ਸਨ।

ਜਦ ਦੂਜੇ ਸਾਰੇ ਸਿੰਘ ਸ਼ਹੀਦੀ ਬਾਗ਼ ਵਾਲੀ ਗਲੀ ਥਾਣੀ ਹੋ ਕੇ ਰੇਲ ਦੀ ਲਾਈਨ ਵਲ ਨੂੰ ਪਾਟ ਕੇ ਚਲੇ ਗਏ ਸਨ, ਤਾਂ ਭਾਈ ਸਾਧੂ ਸਿੰਘ ਇਨ੍ਹਾਂ ਨਾਲੋਂ ਨਿਖੜ ਗਿਆ। ਉਹ ਵੱਡੀ ਗਲੀ ਥਾਣੀ ਹੋ ਕੇ ਨਸਣ ਹੀ ਲਗਾ ਸੀ ਤਾਂ ਅਗੋਂ ਲੱਧਾ ਰਾਮ ਮਿਲ ਪਿਆ। ਉਸ ਨੇ ਭੱਜੇ ਜਾਂਦੇ ਨੂੰ ਛਵ੍ਹੀ ਮਾਰੀ। ਉਹ ਭੁੰਜੇ ਵਜ ਕੇ ਖਾਲੀ ਗਈ। ਉਸ ਨੇ ਫੇਰ ਗਿੱਟਾਂ ਚੜ੍ਹ ਕੇ ਛਵ੍ਹੀ ਮਾਰੀ, ਇਸ ਨੇ ਡਾਂਗ ਅਗੇ ਕਰਕੇ ਝਲ ਲਈ, ਪਰ ਅੱਧੀ ਡਾਂਗ ਵੱਢੀ ਗਈ। ਇਹ ਤੀਜੀ ਵੇਰ ਛਵ੍ਹੀ ਦਾ ਵਾਰ ਕਰਨ ਹੀ ਲੱਗਾ ਸੀ ਤਾਂ ਇਨ੍ਹਾਂ ਨੇ ਭੱਜ ਕੇ ਪੱਟੀਂ ਪੈ, ਕਲਾ ਜੰਗ ਲਾ ਕੇ ਉਸ ਨੂੰ ਢਾਹ ਲਿਆ ਅਤੇ ਹਿੱਕ ਤੇ ਚੜ੍ਹ ਬੈਠੇ। ਏਨੇ ਚਿਰ ਨੂੰ ਸਾਹਮਣਿਓਂ ਇਕ ਹੋਰ ਮੁਸਲਮਾਨ ਛਵ੍ਹੀਂ ਲੈ ਕੇ ਭੱਜਾ ਆਵੇ। ਇਸ ਨੇ ਇਹ ਸਮਝਿਆ ਕਿ ਉਹ ਨੇੜੇ ਆ ਕੇ ਨੇਂ ਜਾਣੀਏ ਮੈਨੂੰ ਵੱਢ ਨਾ ਸੁਟੇ। ਝਟ ਉਠ ਕੇ ਲੱਧੂ ਦੀ ਛਵ੍ਹੀਂ ਫੜ ਕੇ ਉੱਠ ਨੱਸਾ। ਉਸ ਦੀ ਪਗ ਤੇ ਚਾਦਰ ਘੁਲਦਿਆਂ ਘੁਲੋਂਦਿਆਂ ਉਥੇ ਹੀ ਰਹਿ

---

*ਇਹ ਆਪ ਦੇ ਬੁੰਗੇ ਰਹਿਣ ਵਾਲੇ ਮੁਜ਼ਾਰਿਆਂ ਵਿਚੋਂ ਹੀ ਇਕ ਜਾਣੂੰ ਬੰਦਾ ਸੀ।

ਗਈ। ਆਪ ਪਿਛਾਂਹ ਭੱਜ ਕੇ ਗੁਰਦੁਆਰੇ ਦੀ ਦੱਖਣੀ ਗੁਠ ਤੇ ਖੂਹੀ ਪਾਸ ਆਏ ਤਾਂ ਅੱਗੋਂ ਕ੍ਰਿਪਾ ਰਾਮ ਚੇਲਾ ਕਿਸ਼ਨ ਦਾਸ ਗਲ ਆ ਪਿਆ। ਇਸ ਨੂੰ ਇਨ੍ਹਾਂ ਨੇ ਫੜ ਕੇ ਗਰਲਜ਼ ਸਕੂਲ ਦੀ ਪਲੇ-ਗਰਾਊਂਡ ਵਾਲੇ ਥਾਂ ਰੂੜੀ ਤੇ ਢਾਹ ਕੇ ਚੰਗਾ ਗੁਦਿਆ। ਰਗਾਂ ਤੋਂ ਫੜਕੇ ਦੋ ਚਾਰ ਘਸੁੰਨ ਭੀ ਮਾਰੇ। ਇਸ ਦੇ ਸਾਰੇ ਲੀੜੇ ਮੈਲੇ ਨਾਲ ਲਿਬੜ ਗਏ। ਇਤਨੇ ਨੂੰ ਨਵੀਂ ਆਬਾਦੀ ਵਲੋਂ ਕੁਝ ਕਾਤਲ ਆ ਪਏ ਅਤੇ ਇਸ ਨੂੰ ਛੱਡ ਕੇ ਲਾਭ ਦਾਸ ਦੇ ਮਕਾਨ ਦੇ ਅਗੋਂ ਦੀ ਵੱਡੀ ਗਲੀ ਥਾਣੀ ਭੱਜ ਕੇ ਦੂਜੇ ਸਾਥੀਆਂ ਨੂੰ ਜਾ ਮਿਲੇ ਅਤੇ ੧੯ ਚੱਕ ਦੁਗੇਚਾਂ ਤੋਂ ਇੱਕ ਛੋਟੀ ਜਿਹੀ ਮਲ-ਮਲ ਦੀ ਪਗ ਲੈ ਕੇ ਸਿਰ ਤੇ ਵੰਨ੍ਹੀ।

ਉਧਰ ਭਾਈ ਲਾਭ ਸਿੰਘ ਨੂੰ ਫੱਟੜ ਕਰਕੇ ਕਾਤਲਾਂ ਦਾ ਟੋਲਾ ਦੂਜੇ ਸਿੰਘਾਂ ਮਗਰ ਰੇਲ ਦੀ ਲਾਈਨ ਟਪਕੇ ਹਮਲਾ ਕਰਨ ਲੱਗਾ। ਪਹਿਲੀ ਗੋਲੀ ਭਜੇ ਜਾਂਦੇ ਭਾਈ ਰਾਮ ਸਿੰਘ ਦੇ ਪੱਬ ਵਿੱਚ ਛਿੱਤਰ ਦਾ ਤਲਾ ਪਾੜ ਕੇ ਲੰਘ ਗਈ। ਉਸ ਨੇ ਜ਼ੋਰ ਦੀ ਆਵਾਜ਼ ਨਾਲ ਆਖਿਆ ਕਿ ਮੇਰੇ ਪੈਰ ਦੇ ਪੱਬ ਵਿਚ ਕੋਈ ਅੱਗ ਜਿਹੀ ਵਰਗੀ ਚੀਜ਼ ਆ ਵੱਜੀ ਹੈ। ਸੁੰਦਰ ਸਿੰਘ ਲਹੁਕਿਆਂ ਨੇ ਆਖਿਆ ਲਹੂ ਵਗਦਾ ਏ, ਇਹ ਤਾਂ ਗੋਲੀ ਆ ਵਜੀ ਹੈ। ਸਭ ਖਿੰਡ ਪੁੰਡ ਜਾਓ, ਇਕੱਠੇ ਰਹੋਗੇ ਤਾਂ ਸਭ ਮਾਰੇ ਜਾਓਗੇ। ਦੁਸ਼ਮਨ ਸਭ ਨੂੰ ਧਾਣਾਂ ਵਾਂਗ ਭੁੰਨ ਦੇਣਗੇ ਤੇ ਇਕ ਭੀ ਸੁਕਾ ਨਹੀਂ ਬਚੇਗੇ, ਸਭ ਵਖ ਵਖ ਹੋ ਕੇ ਉਠ ਨਸੇ।

ਭਾਈ ਧੰਨਾ ਸਿੰਘ, ਭਾਈ ਤੇਜਾ ਸਿੰਘ, ਭਾਈ ਸਾਧੂ ਸਿੰਘ ਤੇ ਸੁੰਦਰ ਸਿੰਘ ਕੋਟ ਸਾਧੂ ਰਾਮ ਨੂੰ ਚਲੇ ਜਏ।

ਦੂਜੀ ਗੋਲੀ ਭਾਈ ਭਗਤ ਸਿੰਘ ਨੰਬਰਦਾਰ ਦੇ ਪਟ ਵਿਚ ਵੱਜੀ, ਸਾਥੀਆਂ ਨੇ ਅਗੇ ਜਾ ਕੇ ਸਾਫੇ ਨਾਲ ਘੁੱਟਕੇ ਉਸਦਾ ਪੱਟ ਵੰਨ੍ਹ ਦਿਤਾ। ਤੀਜੀ ਗੋਲੀ ਭਾਈ ਗੁਰਦਿਆਲ ਸਿੰਘ ਦੇ ਗਿੱਟੇ ਉਤੇ, ਚੌਥੇ ਛੱਰੇ ਦੇ ਦਾਣੇ ਭਾਈ ਮੰਗਲ ਸਿੰਘ ਤੇ ਮੋਤਾ ਸਿੰਘ ਦੀ ਪਿਠ ਵਿਚ ਵਜੇ। ਭਾਈ ਦਸੌਂਧਾ ਸਿੰਘ ਨੇ ਜਦ ਭੌਂ ਕੇ ਪਿਛਾਂਹ ਵੇਖਿਆ ਤਾਂ ਉਸਦੀ ਬਾਂਹ ਅਤੇ ਹਿਕ ਦੇ ਹਸ ਵਿਚ ਛੱਰੇ ਦੇ ਦਾਣੇ ਵੱਜੇ। ਇਹ ਤੇ ਭਾਈ ਇਛਰ ਸਿੰਘ ਲਾਇਨੋ ਲਾਇਨ ਭੱਜਕੇ ਬੁਚਿਆਣਿਓਂ ਗਡੀ ਚੜ੍ਹ ਕੇ ਜੜ੍ਹਾਂਵਾਲੇ ਚਲੇ ਗਏ ਅਤੇ ਉਥੋਂ ਸਿਧੇ ਆਪਣੇ ਪਿੰਡ ਪੁਜ ਗਏ।

ਜਦ ਖ਼ਾਲਸਾ ਹਾਈ ਸਕੂਲ ਦੇ ਲਾਗਿਉਂ ਭੱਜਕੇ ਸਿੰਘ ਬਹੁਤ ਅਗੇ ਚਲੇ

ਗਏ ਤਾਂ ਲਾਲ ਦਾਸ ਨੇ ਪਿਛੋਂ ਵਾਜਾਂ ਮਾਰੀਆਂ ਕਿ ਰਾਂਝਿਆ ਮੁੜ ਆਓ। ਇਨ੍ਹਾਂ ਨੂੰ ਹੁਣ ਜਾਣ ਦਿਓ, ਪਿਛੋਂ ਇਕ ਹੋਰ ਜਥਾ ਆ ਪਿਆ ਜੇ। ਇਹ ਸਾਰੇ ਕਾਤਲ ਪਿਛਾਂਹ ਮੁੜ ਆਏ। ਰਾਹ ਵਿਚ ਵਾਹੋ ਦਾਹੀ ਭੱਜਿਆਂ ਜਾਂਦਿਆਂ ਸਿੰਘਾਂ ਨੂੰ ਛਟਾਂਕੀ ਬਾਜ਼ੀਗਰ ਦਾ ਡੇਰਾ ਮਿਲਿਆ। ਉਸ ਨੇ ਆਖਿਆ ਕਿ ਸਿਖੋ, ਤੁਸੀ ਲਹੂ ਲੁਹਾਨ ਹੋਏ ਜਾਂਦੇ ਜੇ। ਇਉਂ ਜਾਪਦਾ ਹੈ ਜਿਵੇਂ ਤੁਹਾਡੇ ਤੇ ਕੋਈ ਭੀੜਾ ਬਣੀ ਹੈ ? ਆਓ ਪਾਣੀ ਧਾਣੀ ਪੀ ਲਓ। ਇਨ੍ਹਾਂ ਆਖਿਆ ਕਿ ਸਾਨੂੰ ਕੋਈ ਲੋੜ ਨਹੀਂ ਹੈ। ਪਰ ਅੰਦਰੋਂ ਇਹ ਖ਼ਤਰਾ ਤੇ ਧੁੜਕੂ ਕਿ ਮਤਾਂ ਪਿਛੋਂ ਕਾਤਲ ਘੋੜੀਆਂ ਤੇ ਆਕੇ ਸਾਨੂੰ ਵਢ ਨਾ ਦੇਣ, ਮਤੇ ਇਹ ਸਾਨੂੰ ਫਸਾਉਂਦਾ ਹੀ ਨਾ ਹੋਵੇ।

ਨਹਿਰ ਤੇ ਪੁਜੇ ਤਾਂ ਭਾਈ ਗੁਰਦਿਆਲ ਸਿੰਘ ਨੂੰ ਗਸ਼ ਪੈ ਗਈ । ਅਗੇ ਨਹਿਰ ਸੁੱਕੀ ਹੋਈ ਸੀ। ਪਰ ਸਿੰਘਾਂ ਨੇ ਭੱਜਕੇ ਪੁਲ ਤੇ ਜਾ ਕੇ ਵੇਖਿਆ ਤਾਂ ਪੁਲ ਦੀ ਠੋਕਰ ਥਲੇ ਕੁਝ ਗੰਦਾ ਜਿਹਾ ਪਾਣੀ ਖੜੋਤਾ ਸੀ। ਉਸ ਵਿਚੋਂ ਪੱਗ ਦਾ ਪੱਲਾ ਭਿਉਂਕੇ ਭਾਈ ਗੁਰਦਿਆਲ ਸਿੰਘ ਦੇ ਮੂੰਹ ਵਿਚ ਪਾਣੀ ਦੀਆਂ ਕੁਝ ਬੂੰਦਾਂ ਚੋਈਆਂ ਤਾਂ ਉਸ ਨੇ ਅੱਖਾਂ ਪੁੱਟੀਆਂ। ਏਨੇ ਚਿਰ ਨੂੰ ਇਕ ਦੁਕਾਨਦਾਰ ਸਿੰਘ ਘੋੜੀ ਤੇ ਸਵਾਰ ਆ ਗਿਆ । ਉਹ ਉਚੀ ਉਚੀ ਢਾਹੀਂ ਮਾਰਦਾ ਤੇ ਕੇਸ ਪੁਟਦਾ ਸੀ ਕਿ ਬਹੁੜੀ ਓਇ ਰੱਬਾ! ਅਸੀਂ ਮਾਰੇ ਭੀ ਗਏ ਅਤੇ ਗੁਰਦੁਆਰਾ ਭ ਸਾਧ ਨੇ ਨ ਦਿਤਾ । ਉਹ ਇਕ ਘੋੜੀ ਤੇ ਸਵਾਰ ਸੀ ਤੇ ਦੂਜੀ ਸਖਣੀ ਵਾਗ ਡੋਰ ਕਰਕੇ ਨਾਲ ਫੜੀ ਹੋਈ ਸੀ। ਜਥੇ ਦੇ ਸਿੰਘਾਂ ਨੇ ਘੋੜੀ ਮੰਗੀ, ਉਸ ਨੇ ਉਤ੍ਰ ਕੇ ਦੋਵੇਂ ਘੋੜੀਆਂ ਦੇ ਦਿਤੀਆਂ। ਇਕ ਏਂਦਾ ਘੋੜੀ ਤੇ ਪੰਜ ਚਕ ਚੂਹੜਕਾਣੇ ਗਿਆ ਤੇ ਉਥੋਂ ਦੋ ਹੋਰ ਘੋੜੀਆਂ ਆਪਣੇ ਰਿਸ਼ਤੇਦਾਰ ਪਾਸੋਂ ਮੰਗ ਲਿਆਇਆ। ਚਵ੍ਹਾਂ ਘੋੜੀਆਂ ਤੇ ਲਹੂ ਲੁਹਾਨ ਹੋਏ ਜ਼ਖ਼ਮੀਆਂ ਨੂੰ ਅਗਾੜ ਪਿਛਾੜ ਦੁਬੇਲੇ ਚੜ੍ਹਾ ਕੇ ਪੰਜ ਚਕ ਚੂਹੜਕਾਣੇ ਪੁਜ ਗਏ । ਸਾਰੀ ਰਾਤ ਦਾ ਉਨੀਂਦਰਾ ਅਤੇ ਏਸ ਤਰ੍ਹਾਂ ਹਫੜਾ ਦਫੜੀ ਵਿਚ ਤੀਹ ਚਾਲੀ ਕੋਹ ਦਾ ਪੈਂਡਾ ਕਰਕੇ ਸਭ ਦੇ ਪੈਰ ਸੁਜ ਗਏ ਅਤੇ ਪੱਟਾਂ ਵਿਚ ਖਲੀਆਂ ਪੈ ਗਈਆਂ ਸਨ।

ਪਿੰਡ ਦੇ ਮੁਖੀਆਂ ਨੇ ਜਥੇ ਦੇ ਸਿੰਘਾਂ ਦਾ ਇਕ ਪੰਚੈਤੀ ਢਾਰੇ ਥਲੇ ਡੇਰਾ ਕਰਵਾ ਦਿਤਾ, ਜਿਸ ਵੇਲੇ ਲੋਕਾਂ ਨੇ ਸੁਣਿਆ ਕਿ ਸ੍ਰੀ ਨਨਕਾਣੇ ਸਾਹਿਬ ਤੇ ਕਬਜ਼ਾ ਕਰਨ ਗਏ ਸਿੰਘ ਜ਼ਖ਼ਮੀ ਹੋ ਕੇ ਆਏ ਹਨ ਤਾਂ ਕਈ ਆਪ ਹੁਦਰੇ ਤੇ ਮਨਚਲੇ

ਗਭਰੂ ਬੜੀਆਂ ਟਿਚਕਰਾਂ ਤੇ ਦਿਲ ਚੀਰਵੀਆਂ ਗਲਾਂ ਕਰਨ ਲਗ ਪਏ, ਪਰ ਕੁਝ ਸਿਆਣੇ ਬੰਦਿਆਂ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕ ਦਿਤਾ ਕਿ ਸਾਨੂੰ ਆਪਣੇ ਭਰਾਵਾਂ ਨਾਲ ਹਮਦਰਦੀ ਕਰਨੀ ਚਾਹੀਦੀ ਹੈ ਨਾਕਿ ਦਿਲ ਦੁਖਾਉਣਾ ਚਾਹੀਦਾ ਹੈ।

ਉਥੇ ਇਕ ਪਲਟਨੀਆ ਸ:ਫੌਜਾ ਸਿੰਘ ਹੌਲਦਾਰ ਰਜ਼ਾ ਆਇਆ ਹੋਇਆ ਸੀ, ਉਸ ਨੇ ਸਭ ਸਿੰਘਾਂ ਦੇ ਜ਼ਖਮ ਧੋ ਕੇ ਪੱਟੀਆਂ ਬੰਨ੍ਹੀਆਂ ਅਤੇ ਆਪਣੇ ਝੋਲੇ ਵਿਚੋਂ ਕਢ ਕੇ ਟੈਂਕਚਰ ਆਈਓਡੀਨ ਲਾਇਆ। ਸਿੰਘਾਂ ਨੇ ਕੁਝ ਆਰਾਮ ਕੀਤਾ। ਤੱਤੇ-ਘਾ ਤੁਰੇ ਜਾਂਦੇ ਸਨ, ਹੁਣ ਠੰਢੇ ਹੋਇਆਂ ਪਾਸੋਂ ਤਾਂ ਇਕ ਪੈਰ ਭੀ ਨਾ ਤੁਰਿਆ ਜਾਵੇ। ਉਸ ਦਿਨ ਸਬਬ ਨਾਲ ਪਿੰਡ ਵਿੱਚ ਇਕ ਘਰ ਵਿਆਹ ਸੀ। ਉਨ੍ਹਾਂ ਨੇ ਖੰਡ ਚਾਉਲ ਲਿਆ ਕੇ ਜਥੇ ਦੇ ਸਿੰਘਾਂ ਨੂੰ ਖੁਆਏ। ਇਨ੍ਹਾਂ ਸਿੰਘਾਂ ਵਿਚੋਂ ਹੀ ਇਕ ਦੇ ਰਿਸ਼ਤੇਦਾਰ ਭਾਈ ਰਛਪਾਲ ਸਿੰਘ ਨੇ ਗੱਡਾ ਜੋ ਦਿਤਾ ਅਤੇ ਸਭ ਸਿੰਘ ਗੱਡੇ ਉਤੇ ਸਵਾਰ ਹੋ ਕੇ ਤੁਰ ਪਏ। ਉਹ ਘੋੜੀਆਂ ਵਾਲਾ ਸਿੰਘ ਘੋੜੀਆਂ ਲੈ ਕੇ ਸ਼ਾਹ ਕੋਟ ਨੂੰ ਚਲਾ ਗਿਆ।

ਜਦ ਇਨ੍ਹਾਂ ਜ਼ਖਮੀਆਂ ਦਾ ਗੱਡਾ ਪਿੰਡ ਬੱਦੋ ਰੱਤੇ ਪੁਜਾ ਤਾਂ ਉਥੋਂ ਭਾਈ ਗੰਗਾ ਸਿੰਘ ਨੇ ਗੱਡਾ ਡਕ ਕੇ ਗਰਮ ਗਰਮ ਦੁਧ ਪਿਲਾਇਆ। ਆਪ ਨਾਲ ਜਾ ਕੇ ਸਿੰਘਾਂ ਨੂੰ ਸਿਧੇ ਰਾਹੇ ਪਾ ਆਇਆ। ਜ਼ਖਮੀ ਢੇਰ ਰਾਤ ਗਈ ਆਪਣੇ ਆਪਣੇ ਪਿੰਡੀਂ ਪੁਜੇ। ਤਾਂ ਅਗੋਂ ਸਾਰੇ ਪਿੰਡ ਦੇ ਲੋਕੀਂ ਵੇਖਣ ਆਏ। ਦਿਨ ਚੜ੍ਹਿਆ ਤਾਂ ਸਭ ਨੇ ਸੁਖੀਂ ਸਾਂਦੀਂ ਨਵਿਆਂ ਨਰੋਇਆਂ ਘਰ ਪੁਜਣ ਦੀ ਖ਼ੁਸ਼ੀ ਵਿੱਚ ਗੁਰਦੁਆਰੇ ਜਾ ਕੇ ਕੜ੍ਹਾਹ ਪ੍ਰਸ਼ਾਦਿ ਕਰਾਇਆ ਅਤੇ ਸਤਿਗੁਰਾਂ ਦਾ ਧੰਨਵਾਦ ਕੀਤਾ।

ਸ਼ਹਿਰ ਲਾਇਲਪੁਰ ਦੇ ਸ਼ਹੀਦ

ਭਾਈ ਜੀਊਣ ਸਿੰਘ ਜੀ ਪ੍ਰਉਪਕਾਰੀ

ਆਪ ਦਾ ਜਨਮ ਸੰ: ੧੯੪੧ ਬਿ: ਨੂੰ ਭਾਈ ਪਹੂ ਮਲ ਦੇ ਘਰ ਮਾਤਾ ਜਵਾਲਾ ਦਈ ਦੀ ਕੁਖੋਂ ਲੰਙਿਆਂ ਵਾਲੀ ਜ਼ਿਲਾ ਗੁਜਰਾਂਵਾਲਾ ਵਿਚ ਹੋਇਆ। ਆਪ ਚਾਰ ਭੈਣ ਭਰਾ ਸਨ—੧. ਭਾਈ ਭਗਤ ਸਿੰਘ, ੨. ਭਾਈ ਜੀਊਣ ਸਿੰਘ, ੩. ਭਾਈ ਦੇਵਾ ਸਿੰਘ, ੪. ਬੀਬੀ ਭਗਵਾਨ ਦਈ।

ਆਪ ਸੁਭਾ ਦੇ ਮਿੱਠੇ ਗੁਰਮੁਖ, ਖ਼ੁਸ਼-ਤੀਬੁਅਤ ਤੇ ਹਸਮੁਖੇ ਸਨ। ਰੰਗ ਕਣਕ-ਭਿੰਨਾ, ਪਤਲੇ ਲੰਮੇ ਸਾਢੇ ਪੰਜ ਫੁਟ ਕਦ ਦੇ ਦਰਸ਼ਨੀ ਜਵਾਨ ਸਨ। ਸਿੱਧਾ ਗੁਰਮੁਖੀ ਦਾਹੜਾ ਬਹੁਤ ਹੀ ਖ਼ੂਬਸੂਰਤ ਲਗਿਆ ਕਰਦਾ ਸੀ।

ਲਾਇਲਪੁਰ ਆ ਕੇ ਆਬਾਦ ਹੋਣ ਤੋਂ ਪਹਿਲਾਂ ਆਪ ਦਾ ਨਾਮ ਜੀਊਣ ਮਲ ਸੀ। ਇਥੇ ਆ ਕੇ ਆਟੇ ਦਾਣੇ ਦੀ ਦੁਕਾਨ ਪਾ ਲਈ। ਲੋਕਾਂ ਨਾਲ ਵਰਤੋਂ ਵਿਹਾਰ ਬਹੁਤ ਸਾਫ਼ ਰਖਿਆ ਕਰਦੇ ਸਨ। ਜਿਸ ਦੇ ਕਾਰਨ ਦੁਕਾਨ ਚੰਗੀ ਘੂਘਰੀਂ ਚਲ ਪਈ। ਆਪਣੇ ਵੱਡੇ ਭਰਾ ਦੀ ਪਿੰਡ ਕੋਪਰੇ ਨੀਵੇਂ ਜੰਞ ਗਏ। ਉਥੇ ਭਾਈ ਮੂਲ ਸਿੰਘ ਜੀ ਗਰਮੂਲਾ ਨੇ ਧਾਰਮਕ ਦੀਵਾਨ ਲਾਇਆ। ਬੜਾ ਭਾਵ ਪੂਰਤ ਮਿੱਠਾ ਪ੍ਰਚਾਰ ਹੋਇਆ, ਜਿਸ ਦਾ ਆਪ ਦੇ ਦਿਲ ਤੇ ਬਹੁਤ ਡੂੰਘਾ ਅਸਰ ਹੋਇਆ। ਜਦ ਉਥੇ ਉਨ੍ਹਾਂ ਅੰਮ੍ਰਿਤ ਪ੍ਰਚਾਰ ਕੀਤਾ ਤਾਂ ਆਪਨੇ ਭੀ ੧੮ ਸਾਲ ਦੀ ਉਮਰ ਵਿਚ ਉਨ੍ਹਾਂ ਦੇ ਜਥੇ ਪਾਸੋਂ ਅੰਮ੍ਰਿਤ ਛੱਕ ਲਿਆ ਤੇ ਤਿਆਰ ਬਰ-ਤਿਆਰ ਸਿੰਘ ਸਜ ਗਏ। ਆਪ ਦਾ ਨਾਮ ਜੀਊਣ ਸਿੰਘ ਰਖਿਆ ਗਿਆ।

ਲਾਇਲਪੁਰ ਪੁਜ ਕੇ ਸਿੱਖੀ ਦੇ ਉਤਸ਼ਾਹ ਤੇ ਸ਼ੌਕ ਨਾਲ ਆਪ ਨੇ

ਗੁਰਦੁਆਰੇ ਵਿਚੋਂ ਗੁਰਮੁਖੀ ਪੜ੍ਹਣੀ ਸ਼ੁਰੂ ਕਰ ਦਿੱਤੀ। ਇਸੇ ਲਗਨ ਨਾਲ ਹੀ ਬਹੁਤ ਸਾਰੀ ਗੁਰਬਾਣੀ ਕੰਠ ਕਰ ਲਈ। ਇਸ ਦੇ ਨਾਲ ਹੀ ਭਾਈ ਗੁਰਦਾਸ ਦੀਆਂ ਵਾਰਾਂ ਭੀ ਜ਼ਬਾਨੀ ਕੰਠ ਕਰ ਲਈਆਂ ਤੇ ਹਰ ਇਕ ਨੂੰ ਗੁਰਸਿੱਖੀ ਦਾ ਉਪਦੇਸ਼ ਕਰਨ ਸਮੇਂ ਇਨ੍ਹਾਂ ਵਾਰਾਂ ਦੇ ਹੀ ਵਧੇਰੇ ਪ੍ਰਮਾਣ ਦਿਆ ਕਰਦੇ ਸਨ।

ਕੀਰਤਨ ਦਾ ਬੜਾ ਸ਼ੌਕ ਸੀ, ਰੋਜ਼ਾਨਾ ਰਾਗੀ ਸਿੰਘਾਂ ਦੇ ਪਿਛੇ ਬੈਠ ਕੇ ਬੜਾ ਰਸੀਲਾ ਕੀਰਤਨ ਕਰਿਆ ਕਰਨਾ। ਸਲੋਕ ਲਾਉਣ ਤੇ ਪ੍ਰਮਾਣ ਦੇਣ ਦਾ ਬਹੁਤ ਅਭਿਆਸ ਹੋ ਗਿਆ ਸੀ। ਵੀਹ ਕੁ ਸਾਲ ਦੀ ਉਮਰ ਵਿੱਚ ੧੨ ਅਸੂ ਸੰ: ੧੯੬੬ ਬਿ: ਨੂੰ ਭਾ: ਕਿਸ਼ਨ ਸਿੰਘ ਦੀ ਪੁਤ੍ਰੀ ਬੀਬੀ ਜੈ ਕੌਰ ਨਾਲ ਪਿੰਡ ਜਾਮਕੇ ਚੱਠੀਂ ਅਨੰਦ ਕਾਰਜ ਹੋ ਗਿਆ। ਰਬ ਦੀਆਂ ਕੁਦਰਤਾਂ ਬੇਅੰਤ ਹਨ। ਆਪ ਦੇ ਘਰ ਕੋਈ ਸੰਤਾਨ ਨਾ ਹੋਈ, ਪਰ ਆਪ ਦਾ ਮਨ ਅੱਠੇ ਪਹਿਰ ਗੁਰੂ ਘਰ ਦੀ ਸੇਵਾ ਵਿਚ ਹੀ ਪ੍ਰਚਿਆ ਰਹਿੰਦਾ ਸੀ। ਹਰ ਇਕ ਲੋੜਵੰਦ ਦੀ ਗਰਜ਼ ਪੂਰੀ ਕਰਕੇ ਖੁਸ਼ ਹੋਣਾ ਅਤੇ ਸਾਂਝੇ ਕੰਮਾਂ ਕਾਜਾਂ ਲਈ ਹਮੇਸ਼ਾਂ ਸਭ ਤੋਂ ਅਗੇ ਹੋ ਕੇ ਵਧ ਚੜ੍ਹ ਕੇ ਹਿਸਾ ਲਿਆ ਕਰਦੇ ਸਨ। ਇਨ੍ਹਾਂ ਖ਼ੂਬੀਆਂ ਦੇ ਕਾਰਨ ਹੀ ਆਪ ਦੇ ਨਾਮ ਨਾਲ 'ਪ੍ਰਉਪਕਾਰੀ' ਸ਼ਬਦ ਜੁੜ ਗਿਆ।

ਜਦੋਂ ਲਾਇਲਪੁਰ ਵਿਚ ਪਲੇਗ ਦੀ ਬੀਮਾਰੀ ਬਹੁਤ ਜ਼ੋਰ ਨਾਲ ਫੈਲ ਗਈ ਅਤੇ ਲੋਕੀਂ ਆਪਣੇ ਸਕਿਆਂ ਨੂੰ ਭੀ ਛੱਡ ਕੇ ਭਜ ਗਏ, ਤਦ ਆਪ ਬਿਨਾਂ ਕਿਸੇ ਪ੍ਰਹੇਜ਼ ਯਾ ਕੌਂਸ਼ ਦੇ ਹਰ ਇਕ ਘਰ ਵਿਚ ਜਾਂਦੇ ਸਨ ਅਤੇ ਮੁਰਦਿਆਂ ਨੂੰ ਆਪਣੇ ਸਨੇਹੀਆਂ ਵਾਂਗ ਨੁਹਾ ਧੁਆ ਕੇ ਨਰੋਏ ਦੇ ਕਾਨੀ ਲਗਿਆ ਕਰਦੇ ਸਨ। ਆਪ ਦੇ ਇਨ੍ਹਾਂ ਭਲਿਆਂ ਤੇ ਨਿਸ਼ਕਾਮ ਕੰਮਾਂ ਦਾ ਆਮ ਜਨਤਾ ਦੇ ਦਿਲ ਤੇ ਸੋਹਣਾ ਪ੍ਰਭਾਵ ਪਿਆ, ਜਿਸ ਦੇ ਕਾਰਨ ਆਪ ਦੀ ਸ਼ਹਿਰ ਵਿੱਚ ਬਹੁਤ ਸੋਭਾ ਵਧ ਗਈ ਸੀ।

ਗਲੀ ਮਹਲੇ ਵਿਚ ਸੁਭਾਵਕ ਤੁਰਿਆਂ ਜਾਂਦਿਆਂ ਜਿਥੇ ਕਿਤੇ ਭੀ ਕੋਈ ਇੱਟ ਵੱਟਾ ਮਿਲਣਾਂ, ਉਹ ਚੁਕ ਕੇ ਆਪਣੀ ਦੁਕਾਨ ਤੇ ਲੈ ਆਉਣਾ। ਉਥੇ ਹਥੌੜੀ ਨਾਲ ਭੰਨ ਕੇ ਉਸ ਦੀ ਰੋੜੀ ਬਣਾ ਕੇ ਇਕ ਤਗਾਰੀ ਵਿਚ ਪਾਈ ਜਾਣੀ। ਜਿਸ ਦਿਨ ਉਹ ਬਾਲਟਾ ਭਰ ਜਾਣਾ ਤਾਂ ਸਿਰ ਉਤੇ ਚੁਕ ਕੇ ਗੁਰਦੁਆਰੇ ਛੱਡ

ਆਇਆ ਕਰਨਾ । ਗੁਰਦੁਆਰਾ ਕਰਤਾਰ ਪੁਰ ਦੇ ਲਾਗੇ ਜਦ ਦਰਿਆ ਨੇ ਢਾਹ ਲਾ ਦਿਤੀ, ਤੇ ਦੂਰੋਂ ਦੂਰੋਂ ਸੰਗਤਾਂ ਸੇਵਾ ਲਈ ਇਥੇ ਗਈਆਂ, ਤਦ ਆਪ ਭੀ ਗੁਰਦੁਆਰੇ ਦੀ ਸੇਵਾ ਲਈ ਇਥੋਂ ਪੰਜਾਂ ਸਿੰਘਾਂ ਦਾ ਜਥਾ ਲੈ ਕੇ ਗਏ। ਗੁਰਦੁਆਰਾ ਰਕਾਬ ਗੰਜ ਦੀ ਕੰਧ ਬਨਾਉਣ ਲਈ ਜਦ ਅਕਾਲੀ ਅਖ਼ਬਾਰ ਵਿਚ ਇਕ ਸੌ ਸ਼ਹੀਦ ਸਿੰਘਾਂ ਲਈ ਅਪੀਲ ਹੋਈ, ਤਦ ਆਪ ਨੇ ਭੀ ਆਪਣਾ ਨਾਮ ਉਸ ਪਵਿੱਤ੍ਰ ਕਾਰਜ ਲਈ ਲਿਖਾ ਦਿਤਾ ਸੀ।

ਆਪ ਹਰ ਸਾਲ ਕੱਤਕ ਪੂਰਨਮਾਸ਼ੀ ਅਤੇ ਪੋਹ ਸੁਦੀ ਸਤਮੀ ਦੇ ਗੁਰਪੁਰਬਾਂ ਸਮੇਂ ਇਕ ਖਾਸ ਕਿਸਮ ਦੀ ਲੈ ਵਿਚ ਲਟਕ ਨਾਲ ਸੁਰੀਲੀ ਹੇਕ ਲਾ ਕੇ ਸੰਗਤ ਨੂੰ ਆਪਣੇ ਪਿਛੇ "ਵਧਾਈ ਹੋਵੇ" ਪੜ੍ਹਾਇਆ ਕਰਦੇ ਸਨ। ਆਪ ਦਾ ਇਹ ਵਧਾਈ ਪੜ੍ਹਾਉਣ ਦਾ ਢੰਗ ਨਿਰਾਲੀ ਹੀ ਕਿਸਮ ਦਾ ਹੋਇਆ ਕਰਦਾ ਸੀ। ਆਪ ਦੀ ਯਾਦ ਵਿਚ ਹੁਣ ਤਕ ਭੀ ਉਸੇ ਤਰਜ਼ ਨਾਲ ਇਨ੍ਹਾਂ ਦੋਹਾਂ ਗੁਰਪੁਰਬਾਂ ਤੇ ਵਧਾਈ ਹੋਵੇ ਸੰਗਤ ਨੂੰ ਪੜ੍ਹਾਇਆ ਜਾਂਦਾ ਹੈ ਜਿਸ ਦਾ ਕਿ ਸੰਗਤ ਦੇ ਮਨਾਂ ਉਤੇ ਚੰਗਾ ਪ੍ਰਭਾਵਸ਼ਾਲੀ ਅਸਰ ਪੈਂਦਾ ਹੈ।

ਸ਼ਹੀਦੀ ਜਥੇ ਦੀ ਤਿਆਰੀ

ਸਾਕੇ ਤੋਂ ਪੰਜ ਛੇ ਦਿਨ ਪਹਿਲਾਂ ਸ੍ਰੀ ਗੁਰੂ ਸਿੰਘ ਸਭਾ ਦੇ ਗੁਰਦੁਆਰੇ ਵਿਚ ਪੰਜਾਹ ਕੁ ਸਿੰਘਾਂ ਦੀ ਇਕ ਗੁਪਤ ਕਮੇਟੀ ਹੋਈ, ਜਿਸ ਵਿਚ ਸ: ਬੂਟਾ ਸਿੰਘ ਜੀ ੨੦੪ ਵਾਲਿਆਂ ਨੇ ਇਹ ਗਲ ਦੱਸੀ ਕਿ ਭਾਈ ਲਛਮਣ ਸਿੰਘ ਤੇ ਭਾਈ ਕਰਤਾਰ ਸਿੰਘ ਜੀ ਝੱਬਰ ਨੇ ਫ਼ੈਸਲਾ ਕੀਤਾ ਹੈ ਕਿ ਦਸ ਫਗਣ ਵਾਲੇ ਦਿਨ ਮਹੰਤ ਲਾਹੌਰ ਆਪਣੀ ਕਾਨਫ੍ਰੰਸ ਦੇ ਆਹਰ ਵਿਚ ਰੁਝੇ ਹੋਣਗੇ, ਚੋਣਵੇਂ ਸਿੰਘਾਂ ਦੇ ਜਥੇ ਲੈ ਜਾ ਕੇ ਉਥੇ ਕਬਜ਼ਾ ਕਰ ਲਿਆ ਜਾਵੇ। ਸੋ ਸਾਨੂੰ ਭੀ ਇਕ ਜੱਥਾ ਤਿਆਰ ਕਰ ਕੇ ਇਸ ਸੇਵਾ ਲਈ ਲੈ ਜਾਣਾ ਚਾਹੀਦਾ ਹੈ। ਮੈਨੂੰ ਉਨ੍ਹਾਂ ਨੇ ਇਸੇ ਕੰਮ ਲਈ ਸਦਿਆ ਸੀ ਤੇ ਮੇਰੀ ਖਾਸ ਕਰ ਕੇ ਇਸੇ ਕਾਰਜ ਲਈ ਉਨ੍ਹਾਂ ਵਲੋਂ ਡਿਊਟੀ ਲਾਈ ਗਈ ਹੈ।

ਇਨ੍ਹਾਂ ਦੀ ਇਸ ਪ੍ਰੇਰਨਾ ਦਾ ਇਹ ਸਿਟਾ ਹੋਇਆ ਕਿ ਇਨ੍ਹਾਂ ਸਿੰਘਾਂ ਦੀ ਇਸ ਕੰਮ ਲਈ ਰੁਚੀ ਬਣ ਗਈ। ਤਦ ਤਜਵੀਜ਼ ਹੋਈ ਕਿ ਸੰਤ ਤੇਜਾ ਸਿੰਘ

ਹੋਰਾਂ ਨੂੰ ਜਥੇਦਾਰ ਨੀਯਤ ਕੀਤਾ ਜਾਵੇ, ਸੰਤਾਂ ਨੇ ਭੀ ਇਸ ਗਲ ਨੂੰ ਪ੍ਰਵਾਨ ਕਰ ਲਿਆ। ਫ਼ੈਸਲੇ ਅਨੁਸਾਰ ੯ ਫ਼ਗਣ ਵਾਲੇ ਦਿਨ ਇਥੋਂ ਸ਼ਹੀਦੀ ਜਥਾ ਤੁਰਨਾ ਸੀ। ਜਦੋਂ ਜਥਾ ਤੁਰਨ ਦਾ ਸਮਾਂ ਨੇੜੇ ਆ ਗਿਆ, ਤਦ ਸਭ ਸਿੰਘ ਇਕੱਠੇ ਹੋ ਗਏ,ਪਰ ਇਸ ਵੇਲੇ ਸੰਤ ਤੇਜਾ ਸਿੰਘ ਹੋਰਾਂ ਇਹ ਗੱਲ ਆਖੀ ਕਿ ਮੈਂ ਤਦ ਜਥੇਦਾਰ ਬਣ ਕੇ ਜਥਾ ਲੈ ਕੇ ਜਾਵਾਂਗਾ ਜੇ ਭਾਈ ਕਰਤਾਰ ਸਿੰਘ ਜੀ ਝੱਬਰ ਦਾ ਕੋਈ ਬੰਦਾ ਆਵੇਗਾ ਯਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਮ੍ਰਿਤਸਰੋਂ ਤਾਰ ਆਵੇਗੀ, ਨਹੀਂ ਤਾਂ ਸਾਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਫ਼ੈਸਲੇ ਅਨੁਸਾਰ ੪, ੫ ਤੇ ੬ ਮਾਰਚ ਨੂੰ ਵਡੇ ਦੀਵਾਨ ਦੀਆਂ ਤਾਰੀਖਾਂ ਤੇ ਹੀ ਜਾਣਾ ਚਾਹੀਦਾ ਹੈ। ਸੰਗਤਾਂ ਵਿਚ ਅਥਾਹ ਜੋਸ਼ ਸੀ ਤੇ ਸਭ ਦੀ ਇਹੋ ਦਿਲੀ ਖ਼ਾਹਸ਼ ਸੀ ਕਿ ਹੁਣੇ ਜਥਾ ਲੈ ਜਾਇਆ ਜਾਵੇ, ਪਰ ਸੰਤ ਰੁਕਾਵਟ ਪਾਉਣ ਤੇ ਹਰ ਗਲੇ ਅੜਿੱਕਾ ਡਾਹੁਣ ਤੇ ਉਪਰਲੀ ਗਲ ਦੁਹਰਾਈ ਜਾਣ। ਤਦ ਕੁਝ ਮਨ-ਚਲੇ ਨੌਜਵਾਨਾਂ ਨੇ ਸੰਤਾਂ ਦੀ ਅੜ ਭੰਨਣ ਲਈ ਇਹ ਫ਼ੈਸਲਾ ਕੀਤਾ ਕਿ ਇਕ ਫ਼ਰਜ਼ੀ ਤਾਰ ਬਣਾਈ ਜਾਵੇ। ਸੋ ਸ: ਜਵਾਲਾ ਸਿੰਘ ਦੇ ਘਰ ਬੈਠ ਕੇ ਭਾਈ ਧਿਆਨ ਸਿੰਘ,ਭਾਈ ਜਗਜੀਤ ਸਿੰਘ ਅਤੇ ਭਾਈ ਹਰਬੰਸ ਸਿੰਘ ਤਿੰਨੇ ਵਿਦਿਆਰਥੀ ਸਲਾਹ ਕਰ ਕੇ ਤਾਰ ਘਰ ਗਏ। ਉਥੋਂ ਚਪੜਾਸੀ ਨਾਲ ਗੰਢ ਤੁਪ ਕਰ ਕੇ ਉਸ ਪਾਸੋਂ ਇਕ ਤਾਰ ਦਾ ਫ਼ਾਰਮ ਮੋਹਰ ਲੁਆਕੇ ਲੈ ਲਿਆ, ਉਸ ਉਤੇ ਕਾਰਬਨ ਪੇਪਰ ਰਖ ਕੇ ਉਪਰ ਚਿਟਾ ਕਾਗਜ਼ ਰਖ ਕੇ ਪੂਰਾ ਵਕਤ ਵੇਖ ਕੇ ਲਿਖ ਦਿਤਾ ਕਿ ਇਸੇ ਟ੍ਰੇਨ ਜਥਾ ਲੈ ਕੇ ਚੂਹੜਕਾਣੇ ਪੁਜੋ। ਥਲੇ ਨਾਮ ਤਾਰ ਦੇਣ ਵਾਲੇ ਦਾ ਭਾਈ ਹਰੀ ਸਿੰਘ ਗ੍ਰੰਥੀ ਦਾ ਲਿਖ ਦਿਤਾ। ਭਾਈ ਹਰੀ ਸਿੰਘ ਗ੍ਰੰਥੀ ਨੂੰ ਸੰਗਤ ਨੇ ਪਹਿਲਾਂ ਅੰਮ੍ਰਿਤਸਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਮਨਜ਼ੂਰੀ ਲੈ ਕੇ ਤਾਰ ਦੇਣ ਲਈ ਭੇਜਿਆ ਹੋਇਆ ਸੀ। ਉਸ ਨੂੰ ਇਸ ਮਜ਼ਮੂਨ ਦੀਆਂ ਦੋ ਤਾਰਾਂ ਲਿਖ ਕੇ ਦਿਤੀਆਂ ਗਈਆਂ ਸਨ ਕਿ ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਨਕਾਣਾ ਸਾਹਿਬ ਜਥਾ ਲੈ ਜਾਣਾ ਪਾਸ ਕਰ ਦੇਵੇ ਤਦ ਤਾਂ ਇਹ ਤਾਰ ਦੇ ਦੇਣੀ ਕਿ 'ਕੰਬਲ ਲਭ ਪਿਆ ਹੈ' ਜੇ ਨ ਪਾਸ ਕਰੇ ਤਦ ਦੂਜੀ ਲਿਖੀ ਤਾਰ ਦੇ ਦੇਣਾ ਕਿ 'ਕੰਬਲ ਨਹੀਂ ਲਭਾ'। ਜਦ ਇਹ ਜਾਹਲੀ ਤਾਰ ਭਾਈ ਹਰਬੰਸ ਸਿੰਘ ਨੇ ਜਾ ਕੇ ਸੰਤਾਂ ਨੂੰ ਦਿਤੀ ਤਾਂ ਆਪ ਤਿਆਰ ਹੋ ਪਏ ਅਤੇ ਅਰਦਾਸਾ ਸੋਧ ਕੇ ਜਥਾ ਲੈ ਕੇ ਤੁਰ ਪਏ। ਤੁਰਨ ਦੇ ਸਮੇਂ ਸੰਤਾਂ ਨੇ

ਸਾਰੀ ਸੰਗਤ ਨੂੰ ਇਹ ਗੱਲ ਆਖੀ ਕਿ ਜੇਹੜੇ ਹੋਰ ਸਿੰਘ ਇਸ ਵੇਲੇ ਅਜੇ ਜਥੇ ਨਾਲ ਜਾਣ ਲਈ ਛੇਤੀ ਤਿਆਰ ਨਹੀਂ ਹੋ ਸਕਦੇ ਹਨ ਉਹ ਰਾਤੀ ਨੌਂ ਵਜੇ ਦੀ ਗੱਡੀ ਸਾਂਗਲੇ ਉਤਰ ਕੇ ਸ਼ਾਹ ਕੋਟ ਦੇ ਰਸਤੇ ਸ੍ਰੀ ਨਨਕਾਣਾ ਸਾਹਿਬ ਭੱਠਿਆਂ ਪਾਸ ਪੁਜ ਜਾਣ, ਅਸੀਂ ਉਥੇ ਉਨ੍ਹਾਂ ਦੀ ਉਡੀਕ ਕਰਾਂਗੇ।

ਜਦ ਜਥਾ ਗਡੀ ਵਿਚ ਬੈਠ ਗਿਆ ਤਾਂ ਸੰਤ ਘੜੀ ਮੁੜੀ ਬੋਝੇ ਵਿਚੋਂ ਤਾਰ ਕਢ ਕੇ ਪੜ੍ਹਨ। ਫਟੇ ਉਤੇ ਭਾਈ ਹਰਬੰਸ ਸਿੰਘ ਤੇ ਮਧਸੂਦਨ ਸਿੰਘ ਸਾਮ੍ਹਣੇ ਬੈਠੇ ਵੇਖਣ ਤੇ ਉਨ੍ਹਾਂ ਨੂੰ ਸ਼ਕ ਪਿਆ ਕਿ ਮਤਾਂ ਇਸ ਤਾਰ ਦਾ ਭੇਦ ਨ ਖੁਲ੍ਹ ਜਾਵੇ। ਭਾਈ ਹਰਬੰਸ ਸਿੰਘ ਨੇ ਭਾਈ ਮਧਸੂਦਨ ਸਿੰਘ ਨੂੰ ਇਹ ਗੱਲ ਆਖੀ ਕਿ ਤੂੰ ਫੱਟੇ ਤੋਂ ਥਲੇ ਉਤ੍ਰ ਕੇ ਸੰਤਾਂ ਪਾਸ ਜਾ ਤੇ ਉਨ੍ਹਾਂ ਪਾਸੋਂ ਪੜ੍ਹਨ ਦੇ ਬਹਾਨੇ ਤਾਰ ਲੈ ਕੇ ਗਡੀ ਦੀ ਬਾਰੀ ਵਿਚੋਂ ਬਾਹਰ ਨੂੰ ਕੂਹਣੀਆਂ ਰਖ ਕੇ ਪੜ੍ਹਣ ਲਗ ਪਓ ਤੇ ਇਕ ਫ਼ਰਜ਼ੀ ਛਿਕ ਮਾਰ ਕੇ ਤਾਰ ਹਥੋਂ ਛਡ ਕੇ ਗੱਡੀ ਵਿਚੋਂ ਬਾਹਰ ਸੁਟ ਦੇਣੀ। ਉਹ ਇਸ ਮਤਲਬ ਲਈ ਸੰਤਾਂ ਪਾਸ ਗਿਆ, ਪਰ ਸੰਤਾਂ ਨੇ ਤਾਰ ਉਸ ਦੇ ਹੱਥ ਵਿਚ ਨ ਦਿਤੀ ਤੇ ਆਪਣੇ ਹੱਥ ਵਿਚ ਫੜ ਕੇ ਉਸ ਨੂੰ ਪੜ੍ਹਾਕੇ ਝਟ ਮੁੜ ਬੋਝੇ ਵਿਚ ਪਾ ਲਈ ਤੇ ਤਾਰ ਗਵਾਉਣ ਵਾਲੀ ਇਹ ਗੱਲ ਸਿਰੇ ਨ ਚੜ੍ਹੀ।

ਇਹ ਜਥਾ ਚੂਹੜਕਾਣੇ ਜਾ ਉਤ੍ਰਿਆ ਤਾਂ ਭਾਈ ਹਰਬੰਸ ਸਿੰਘ ਨੇ ਅਗਲ-ਵਾਂਢੀ ਭਜ ਕੇ ਜਾ ਕੇ ਸ: ਕਰਤਾਰ ਸਿੰਘ ਝੱਬਰ ਨੂੰ ਤਾਰ ਦੀ ਸਾਰੀ ਗਲ ਦਸੀ ਕਿ ਜੇ ਸੰਤ ਪੁਛਣ ਤਦ ਤਾਰ ਦੀ ਹਾਮੀ ਭਰਨੀ, ਅਸਾਂ ਜਥੇ ਨੂੰ ਲਿਆਉਣ ਖਾਤ੍ਰ ਹੀ ਇਹ ਸਭ ਅਡੰਬਰ ਰਚਿਆ ਸੀ। ਉਨ੍ਹਾਂ ਕਿਹਾ ਕਿ ਚੰਗਾ। ਇਤਨੇ ਚਿਰ ਨੂੰ ਅੰਮ੍ਰਿਤਸਰ ਵਲੋਂ ਆਉਣ ਵਾਲੀ ਗੱਡੀ ਵਿਚ ਭਾ: ਹਰੀ ਸਿੰਘ ਜੀ ਗ੍ਰੰਥੀ ਭੀ ਆ ਗਏ, ਉਨ੍ਹਾਂ ਨੂੰ ਭੀ ਸੰਤਾਂ ਨੂੰ ਮਿਲਣ ਤੋਂ ਪਹਿਲਾਂ ਹੀ ਵਖ ਕਰ ਕੇ ਤਾਰ ਦੀ ਗੱਲ ਦਸ ਕੇ ਪ੍ਰੋੜ੍ਹਤਾ ਕਰਨ ਲਈ ਆਖ ਦਿਤਾ ਕਿ ਮਤਾਂ ਸੰਤ ਇਨ੍ਹਾਂ ਪਾਸੋਂ ਪੁਛ ਲੈਣ ਤੇ ਸਾਰਾ ਪਾਜ ਉਘੜ ਜਾਵੇ।

ਇਥੇ ਬੈਠ ਕੇ ਸ: ਜਸਵੰਤ ਸਿੰਘ ਝੁਬਾਲੀਆ, ਸ: ਦਲੀਪ ਸਿੰਘ ਸਾਹੋਵਾਲ, ਭਾਈ ਜਮੀਅਤ ਸਿੰਘ ਸਰਗੋਧੀਆ, ਭਾਈ ਕਰਤਾਰ ਸਿੰਘ ਝੱਬਰ, ਭਾਈ ਸੁੱਚਾ ਸਿੰਘ ਜੈ ਚਕ ਤੇ ਸੰਤ ਤੇਜਾ ਸਿੰਘ ਦੀ ਸਲਾਹ ਨਾਲ ਸਭ ਜਥੇ ਰੋਕੇ ਗਏ ਅਤੇ ਇਸ ਭਾਵ ਦੀਆਂ ਚਾਰ ਚਿੱਠੀਆਂ ਲਿਖੀਆਂ ਗਈਆਂ ਕਿ ਸ਼੍ਰੋਮਣੀ

ਕਮੇਟੀ ਨੇ ਜਥੇ ਲੈ ਜਾਣ ਦੀ ਆਗਿਆ ਨਹੀਂ ਦਿਤੀ ਹੈ ਇਸ ਲਈ ਹੁਣ ਨਨਕਾਣੇ ਸਾਹਿਬ ਕਰਜ਼ੇ ਲਈ ਜਾਣ ਦੀ ਲੋੜ ਨਹੀਂ ਹੈ। ੪, ੫ ਤੇ ੬ ਮਾਰਚ ਵਾਲੇ ਦੀਵਾਨ ਤੇ ਹੀ ਤੁਸਾਂ ਪੁਜਣਾ ਹੈ, ਸੰਤ ਆਪਣਾ ਜਥਾ ਲਾਇਲਪੁਰ ਨੂੰ ਵਾਪਸ ਲੈ ਗਏ।

ਪਿਛੋਂ ਤੁਰੇ ਸਿੰਘਾਂ ਦਾ ਹਾਲ

ਸੰਤ ਤੇਜਾ ਸਿੰਘ ਹੋਰਾਂ ਦਾ ਜਥਾ ਤਿਆਰ ਹੁੰਦੇ ਕਰਦੇ ਨੂੰ ਭਾਈ ਜੀਊਣ ਸਿੰਘ ਪ੍ਰਉਪਕਾਰੀ ਤੇ ਭਾਈ ਚਰਨ ਸਿੰਘ ਗੁਜਰਾਤ ਪਹਿਲਾਂ ਹੀ ਗਡੀ ਚੜ੍ਹ ਕੇ ਸਾਂਗਲੇ ਆ ਉਤਰੇ ਸਨ। ਇਨ੍ਹਾਂ ਦੋਹਾਂ ਦੇ ਪਿਛੋਂ ਰਾਤ ਦੇ ਨੌਂ ਵਜੇ ਇਕ ਨਵਾਂ ਸਿੰਘਾਂ ਦਾ ਜਥਾ ਭਾਈ ਲਛਮਣ ਸਿੰਘ ਲਾਇਲਪੁਰੀ ਦੀ ਜਥੇਦਾਰੀ ਥਲੇ ਸਾਂਗਲੇ ਆ ਉਤਰਿਆ। ਗਿਣੇ ਮਿਥੇ ਪ੍ਰੋਗਰਾਮ ਅਨੁਸਾਰ ਭਾਈ ਸੰਤ ਸਿੰਘ ਬਜ਼ਾਜ਼ ਸਾਂਗਲਾ ਇਨ੍ਹਾਂ ਨੂੰ ਸਟੇਸ਼ਨ ਤੇ ਜਾ ਮਿਲੇ। ਉਨ੍ਹਾਂ ਨੇ ਇਨ੍ਹਾਂ ਸਿੰਘਾਂ ਨੂੰ ਅਗੇ ਵਲ ਤੋਰ ਦਿਤਾ ਤੇ ਆਖਿਆ ਕਿ ਤੁਸੀਂ ਉਥੇ ਪੁਲ ਦੇ ਲਾਗੇ ਬਹਿ ਕੇ ਉਡੀਕਣਾ, ਮੈਂ ਸ਼ਹਿਰੋਂ ਟਾਂਗਿਆਂ ਦਾ ਪ੍ਰਬੰਧ ਕਰ ਕੇ ਲਿਆਉਂਦਾ ਹਾਂ। ਇਨ੍ਹਾਂ ਨੂੰ ਅਜੇ ਬੈਠਿਆਂ ਨੂੰ ਥੋੜ੍ਹਾ ਹੀ ਸਮਾ ਹੋਇਆ ਸੀ, ਜੋ ਇਹ ਤਿੰਨ ਟਾਂਗੇ ਲੈ ਕੇ ਚਲੇ ਗਏ ਅਤੇ ਉਨ੍ਹਾਂ ਟਾਂਗਿਆਂ ਵਿਚ ਹੀ ਭਾਈ ਜੀਵਨ ਸਿੰਘ ਤੇ ਭਾਈ ਚਰਨ ਸਿੰਘ ਜੀ ਭੀ ਸਾਂਗਲੇ ਤੋਂ ਚਲੇ ਗਏ ਸਨ। ਸਾਰੇ ਸਿੰਘ ਟਾਂਗਿਆਂ ਤੇ ਸੁਆਰ ਹੋ ਗਏ ਅਤੇ ਰਾਤ ਦੇ ਇਕ ਵਜੇ ਸ਼ਾਹ ਕੋਟ ਪੁਜੇ। ਇਥੋਂ ਪੈਦਲ ਤੁਰ ਕੇ ਨਹਿਰੇ ਨਹਿਰ ਪੈ ਕੇ ਸ੍ਰੀ ਨਨਕਾਣੇ ਸਾਹਿਬ ਨੂੰ ਜਾਣਾ ਸੀ........ਪਰ ਰਾਤ ਦਾ ਪੰਧ ਹੋਣ ਕਰਕੇ ਸਭ ਰਸਤਾ ਭੁਲ ਗਏ ਤੇ ਨਹਿਰ ਦੀ ਥਾਂ ਇਕ ਸੂਏ ਤੇ ਜਾ ਚੜ੍ਹੇ। ਸੂਏ ਤੇ ਜਾ ਕੇ ਅਧੇ ਆਖਣ ਪਿਛਲੇ ਬੰਨੇ ਨੂੰ ਚਲੋ, ਅਧੇ ਆਖਣ ਅਗਲੇ ਬੰਨੇ ਨੂੰ ਚਲੋ। ਸੂਏ ਦੀ ਵੰਡੀ ਸੀ ਤੇ ਦੂਜੇ ਹਨੇਰੇ ਵਿਚ ਇਨ੍ਹਾਂ ਸਿੰਘਾਂ ਨੂੰ ਪਤਾ ਨਹੀਂ ਸੀ ਲਗਦਾ ਕਿ ਕਿਸ ਬੰਨੇ ਨੂੰ ਜਾਵਾਂਗੇ ਤੇ ਨਹਿਰ ਤੇ ਜਾ ਚੜ੍ਹਾਂਗੇ ਕਿਉਂਕਿ ਇਹ ਸਾਰੇ ਸਜਣ ਹੀ ਸ਼ਹਿਰ ਦੇ ਵਸਨੀਕ ਸਨ ਅਤੇ ਇਨ੍ਹਾਂ ਨੂੰ ਅਗੇ ਕਦੇ ਰਾਤ ਬ੍ਰਾਤੇ ਪੈਂਡਾ ਕਰਨ ਦਾ ਘਟ ਹੀ ਸਮਾ ਮਿਲਿਆ ਸੀ। ਅਖੀਰ ਸੂਏ ਦੇ ਅਗਲੇ ਬੰਨੇ ਨੂੰ ਤੁਰ ਪਏ। ਅਗੇ ਨਹਿਰ ਆਉਣ ਦੀ ਥਾਂ ਇਕ ਪਿੰਡ ਆ ਗਿਆ, ਉਥੋਂ ਪਿੰਡ ਵਿਚ ਜਾ ਕੇ ਚੌਕੀਦਾਰ ਨੂੰ

ਜਗਾਇਆ ਅਤੇ ਉਸ ਨੂੰ ਨਾਲ ਲੈ ਕੇ ਪਿੰਡੋਂ ਬਾਹਰ ਆ ਕੇ ਰਸਤਾ ਪੁਛਿਆ ਤਾਂ ਉਸ ਨੇ ਇਕ ਖਾਲੇ ਚਾੜ੍ਹ ਦਿਤਾ ਤੇ ਆਖਿਆ ਕਿ ਅਗੋਂ ਪਹੇ ਪੈ ਕੇ ਨਹਿਰੇ ਜਾ ਚੜ੍ਹਨਾ। ਪਰ ਇਹ ਫੇਰ ਭੁਲ ਕੇ ਉਸੇ ਸੂਏ ਤੇ ਭੌਂ ਕੇ ਆ ਚੜ੍ਹੇ। ਇਥੋਂ ਫੇਰ ਮੁੜ ਰਸਤਾ ਪੁਛ ਕੇ ਵਲਾ ਪਾ ਕੇ ਉਸੇ ਸੂਏ ਦੇ ਪਿਛਲੇ ਬੰਨੇ ਜਾ ਕੇ ਨਹਿਰੇ ਜਾ ਚੜ੍ਹੇ। ਨਹਿਰ ਦੀ ਬੰਦੀ ਹੋਣ ਦੇ ਕਾਰਨ ਤੇਹ ਨਾਲ ਸਿੰਘ ਬਹੁਤ ਹੀ ਬਿਆਕੁਲ ਹੋ ਕੇ ਔਖੇ ਹੋਏ।

ਜਦ ਨਹਿਰ ਤੇ ਪੁਜੇ ਤਾਂ ਉਥੇ ਇਨ੍ਹਾਂ ਨੂੰ ਇਕ ਬਰਛੇ ਵਾਲਾ ਸਿੰਘ ਘੋੜੀ ਤੇ ਸੁਵਾਰ ਮਿਲਿਆ ਤੇ ਇਨ੍ਹਾਂ ਦੇ ਪੁਛਣ ਤੇ ਆਖਣ ਲਗਾ ਕਿ ਮੈਂ ਭੁਲੇ ਭਟਕੇ ਜਥਿਆਂ ਨੂੰ ਨਨਕਾਣੇ ਸਾਹਿਬ ਘਲਣ ਦੀ ਸੇਵਾ ਲਈ ਹੋਈ ਹੈ। ਇਹ ਜਥਾ ਉਸ ਸਿੰਘ ਦੇ ਪਿਛੇ ਪਿਛੇ ਤੁਰ ਪਿਆ। ਭਾਈ ਜੀਊਣ ਸਿੰਘ ਹੋਰਾਂ ਨੇ ਸਹਿਜ ਨਾਲ ਇਹ ਗਲ ਆਖੀ ਕਿ ਸ਼ਹਿਰੀਓ ਤੁਹਾਡੀ ਮਤ ਟਿਕਾਣੇ ਨਹੀਂ ਹੈ, ਇਹ ਮਤਾਂ ਮਹੰਤਾਂ ਦਾ ਹੀ ਬੰਦਾ ਹੋਵੇ ਤੇ ਪਿਛੇ ਲਾ ਕੇ ਲੈ ਜਾਵੇ ਤੇ ਅਗੇ ਜਾ ਕੇ ਵਢ ਕੇ ਕਣਕ ਵਿਚ ਧਰ ਦੇਵੇ। ਦੂਜੇ ਸਿੰਘਾਂ ਨੇ ਕਿਹਾ ਕਿ ਕੋਈ ਗੱਲ ਨਹੀਂ ਵਾਹਿਗੁਰੂ ਦਾ ਆਸਰਾ ਹੈ। ਉਹ ਭੀ ਰਾਹ ਦਾ ਚੰਗਾ ਜਾਣੂ ਨਹੀਂ ਸੀ,ਉਸ ਨੇ ਭੀ ਕਈ ਥਾਂਈਂ ਰਾਹ ਪੁਛਿਆ। ਦਿਨ ਦੇ ਚੜ੍ਹਾ ਨਾਲ ਸ੍ਰੀ ਨਨਕਾਣੇ ਸਾਹਿਬ ਦੀ ਜੂਹ ਵਿਚ ਪੁਜ ਕੇ ਬੈਠ ਗਏ ਅਤੇ ਉਸ ਬਰਛੇ ਵਾਲੇ ਸਿੰਘ ਨੂੰ ਇਹ ਗਲ ਆਖੀ ਕਿ ਇਥੇ ਅਸੀਂ ਜੰਗਲ ਪਾਣੀ ਫਿਰਨਾ ਹੈ, ਇਥੋਂ ਅਸੀਂ ਰਾਹ ਜਾਣਦੇ ਹਾਂ, ਔਹ ਨੇੜੇ ਹੀ ਸਾਮ੍ਹਣੇ ਨਨਕਾਣਾ ਸਾਹਿਬ ਦਿਸਦਾ ਹੈ, ਤੁਸੀਂ ਹੁਣ ਜਿਧਰ ਜਾਣਾ ਹੈ ਜਾਓ; ਉਹ ਚਲਾ ਗਿਆ। ਇਥੋਂ ਇਹ ਜਥਾ ਸੰਤ ਤੇਜਾ ਸਿੰਘ ਦੇ ਇਕਰਾਰ ਮੂਜਬ ਭਠਿਆਂ ਤੇ ਉਨ੍ਹਾਂ ਦੇ ਜਥੇ ਦੀ ਭਾਲ ਕਰਨ ਲਈ ਗਿਆ, ਪਰ ਉਥੇ ਕੋਈ ਸਜਣ ਨਾ ਮਿਲਿਆ, ਜਿਸ ਦੇ ਕਾਰਨ ਇਹ ਨਿਰਾਸ ਹੋ ਕੇ ਪਿਛਾਂਹ ਨੂੰ ਮੁੜ ਪਏ। ਇਥੇ ਆਪ ਨੂੰ ਰਾਹ ਵਿਚ ਭਾਈ ਭਗਤ ਸਿੰਘ ਲਹੁਕਿਆਂ ਦੇ ਘੋੜੀ ਤੇ ਸੁਆਰ ਮਿਲੇ ਤੇ ਆਖਿਆ ਕਿ ਖ਼ਾਲਸਾ ਜੀ ਤੁਸੀਂ ਇਕੱਲਿਆਂ ਨਾ ਜਾਣਾ, ਪਿਛੇ ਸਾਡਾ ਜਥਾ ਆ ਰਿਹਾ ਹੈ, ਇਥੇ ਬੈਠ ਜਾਓ ਤੇ ਉਸ ਨਾਲ ਸ਼ਾਮਲ ਹੋ ਜਾਣਾ। ਇਹ ਉਥੇ ਬੈਠ ਗਏ ਏਨੇ ਚਿਰ ਨੂੰ ਚਾਲੀ ਦੇ ਕ਼ਰੀਬ ਸਿੰਘਾਂ ਦਾ ਜਥਾ ਆ ਗਿਆ। ਇਹ ਸਭ ਸਿੰਘ ਉਨ੍ਹਾਂ ਨਾਲ ਰਲ ਕੇ ਤੁਰ ਪਏ। ਨਨਕਾਣੇ ਦੇ ਲਾਗੇ ਆਏ ਤਾਂ ਇਸ ਵੇਲੇ

ਚਿੱਟਾ ਦਿਨ ਚੜ੍ਹਿਆ ਹੋਇਆ ਸੀ ਅਤੇ ਬੰਦੂਕਾਂ ਦੀ ਠਾਹ ਠਾਹ ਦੀ ਆਵਾਜ਼ ਆਉਂਦੀ ਸੀ। ਲਹੁਕੀਆਂ ਅਤੇ ਬੰਡਾਲੀਆਂ ਦੇ ਸਿੰਘ ਨੇ ਚੱਪਾ-ਰਿੜੱਕੀਆਂ ਬੰਨ੍ਹ ਲਈਆਂ ਅਤੇ ਹਥਿਆਰ-ਪੱਤਾ ਲਾ ਕੇ ਭਰਾਵਾਂ ਨੂੰ ਛੁਡਾਉਣ ਲਈ ਸ੍ਰੀ ਜਨਮ ਅਸਥਾਨ ਨੂੰ ਉਠ ਨੱਸੇ। ਲਾਇਲਪੁਰੀਏ ਸਿੰਘ ਸਭ ਖਾਲੀ ਹਥੀਂ ਹੋਣ ਕਰਕੇ ਉਥੇ ਰੇਲ ਦੀ ਲਾਈਨ ਲਾਗੇ ਬੈਠ ਗਏ। ਰੱਸਾ ਕੁ ਸੂਰਜ ਦੀ ਟਿੱਕੀ ਨਿਕਲੀ ਹੋਈ ਸੀ, ਜੋ ਪਹਿਲਾਂ ਗਏ ਜਥੇ ਵਾਲੇ ਸਿੰਘ ਵਾਪਸ ਭੱਜੇ ਆਉਣ ਤੇ ਆਖਣ: ਖ਼ਾਲਸਾ ਜੀ! ਭਜ ਚਲੋ ਉਥੇ ਗੋਲੀ ਨਾਲ ਭੁੰਨੀ ਜਾਂਦੇ ਹਨ। ਕੋਈ ਵਾਹ ਨਹੀਂ ਚਲਦੀ, ਇਹ ਭੀ ਉਸ ਜਥੇ ਦੇ ਨਾਲ ਹੀ ਉਠ ਨਸੇ। ਭਾਈ ਜੀਊਣ ਸਿੰਘ ਹੋਰਾਂ ਦਾ ਪੈਰ ਦੁਖਦਾ ਸੀ, ਅਤੇ ਨਲਾਂ ਵਿਚ ਸੌਢਾ ਚੜ੍ਹਿਆ ਹੋਇਆ ਸੀ। ਉਹ ਦੌੜ ਨਾ ਸਕੇ ਅਤੇ *ਜੀਵਨ ਦਾਸ ਆਦਿ ਕਾਤਲਾਂ ਨੇ ਉਥੇ ਝਾੜੀਆਂ ਵਿਚ ਇਨ੍ਹਾਂ ਨੂੰ ਵਾਹਿਗੁਰੂ ਵਾਹਿਗੁਰੂ ਆਖਦਿਆਂ ਨੂੰ ਗੋਲੀਆਂ ਨਾਲ ਭੁੰਨ ਸੁਟਿਆ।† ਇਨ੍ਹਾਂ ਦੇ ਨਾਲ ਹੀ ਜ਼ਰਾ ਕੁ ਅਗੇਰੀ ਵਾਟ ਤੇ ਭਾਈ ਚਰਨ ਸਿੰਘ ਭੀ ਗੋਲੀ ਨਾਲ ਸ਼ਹੀਦ ਹੋ ਗਏ।

ਬਾਕੀ ਦੇ ਬਚੇ ਸਿੰਘ ਭਜਕੇ ਬੁਚਿਆਣੇ ਸਟੇਸ਼ਨ ਤੋਂ ਗੱਡੀ ਚੜ੍ਹ ਕੇ ਚੀਚੋਕੀ ਮਲੀਆਂ ਦੇ ਰਸਤੇ ਲਾਇਲਪੁਰ ਪੁਜ ਗਏ। ਇਨ੍ਹਾਂ ਦੀ ਗੱਡੀ ਜਦ ਸ੍ਰੀ ਨਨਕਾਣੇ ਸਾਹਿਬ ਥਾਣੀ ਲੰਘੀ ਤਾਂ ਗੱਡੀ ਵਿਚੋਂ ਸ੍ਰੀ ਜਨਮ ਅਸਥਾਨ ਦੇ ਅੰਦਰੋਂ ਬੜੇ ਧੂੰਏਂ ਦੇ ਲੰਬੇ ਨਿਕਲਦੇ ਦਿਸਦੇ ਅਤੇ ਮਨੁਖੀ ਸਰੀਰਾਂ ਦੇ ਸੜਨ ਦੀ ਸੜ੍ਹਾਂਦ ਆਉਂਦੀ ਸੀ।

--o--

* ਜੀਊਣ ਦਾਸ ਕਾਤਲ ੧੫ ਮਈ ਸੰ: ੧੯੩੯ ਈ: ਨੂੰ ਨਮੂਨੀਏ ਨਾਲ ਬੀਮਾਰ ਰਹਿ ਕੇ ਪੂਰਾ ਹੋ ਗਿਆ ਹੈ।

†ਕਮੇਟੀ ਨੇ ਆਪ ਦੀ ਸੁਪਤਨੀ ਬੀਬੀ ਜੈ ਕੌਰ ਦੇ ਨਾਮ ਪਿੰਨਸ਼ਨ ਲਾ ਦਿਤੀ। ਜਿਸ ਦਾ ਜੋੜ ੮-੮-੨੨ ਤੋਂ ੧-੧-੩੨ ਤਕ ੧੭੧੮) ਰੁਪਏ ਬਣਦਾ ਹੈ। ਇਸੇ ਹੀ ਤਾਰੀਖ ਨੂੰ ਆਪ ਗੁਜ਼ਰ ਗਏ ਤੇ ਪਿੰਨਸ਼ਨ ਬੰਦ ਹੋ ਗਈ।

ਡਿੰਗਾ, ਜ਼ਿਲਾ ਗੁਜਰਾਤ ਦੇ ਸ਼ਹੀਦ

ਭਾਈ ਚਰਨ ਸਿੰਘ ਜੀ

ਅ ਪ ਦੀ ਮਾਤਾ ਦਾ ਨਾਮ ਬੀਬੀ ਲਛਮਣ ਕੌਰ ਅਤੇ ਪਿਤਾ ਦਾ ਨਾਮ ਭਾਈ ਗੋਕਲ ਸਿੰਘ ਸੀ। ਆਪ ਡਿੰਗਾ ਜ਼ਿਲਾ ਗੁਜਰਾਤ ਦੇ ਰਹਿਣ ਵਾਲੇ ਸਨ। ਨਾਨਕੇ ਜਕਾਲੀਆਂ ਜ਼ਿਲਾ ਗੁਜਰਾਤ ਵਿਚ ਸਨ। ਨਾਨੇ ਦਾ ਨਾਮ ਭਾਈ ਮੰਗਲ ਸਿੰਘ ਸੀ। ਆਪ ਛੋਟਿਆਂ ਹੁੰਦਿਆਂ ਹੀ ਲਾਇਲਪੁਰ ਆਪਣੀ ਮਾਸੀ ਪਾਸ ਆ ਗਏ। ਇਥੇ ਹੀ ਗੁਰਮੁਖੀ ਪੜ੍ਹੀ। ਰੰਗ ਕਣਕ ਭਿੰਨਾ, ਚਿਹਰਾ ਹਰਦਮ ਖਿੜਿਆ ਹੋਇਆ ਰਖਣਾ। ਸਰੀਰ ਸਡੌਲ ਅਤੇ ਮੱਥਾ ਸੋਹਣਾ ਚੌੜਾ। ਸੁਭੱਾ ਅਜਿਹਾ ਮਿੱਠਾ ਤੇ ਮਨ-ਮੋਹਣਾ ਕਿ ਰਾਹ ਜਾਂਦਿਆਂ ਨੂੰ ਭੀ ਆਪਣਾ ਬਣਾ ਲੈਣਾ।

ਆਪਣੇ ਇਕਲੌਤੇ ਲਾਡਲੇ ਪੁੱਤਰ ਨੂੰ ਕੁਛੜ ਛਡ ਕੇ ਹੀ ਮਾਤਾ ਗੁਜ਼ਰ ਗਈ ਅਤੇ ਦਾਦੀ ਨੇ ਪੰਜ ਸਾਲ ਤਕ ਬੜੀ ਮੁਸ਼ਕਲ ਨਾਲ ਪਾਲਣਾ ਕੀਤੀ। ਆਪ ਦਾ ਮਿਲਾਪੜਾ ਸੁਭੱਾ ਵੇਖ ਕੇ ਭਾਈ ਪਿਆਰਾ ਸਿੰਘ ਲਾਇਲਪੁਰ ਨੇ ਸੰਤਾਨ ਦੀ ਥੁੜੋਂ ਕਰਕੇ ਆਪਣਾ ਮਤਵੰਨਾ ਬਣਾ ਲਿਆ। ਬੜੀ ਰੀਝ ਨਾਲ ਇਨ੍ਹਾਂ ਨੇ ਇਸ ਨੂੰ ਪਾਲਿਆ ਪੋਸਿਆ। ਪੰਦਰਾਂ ਕੁ ਸਾਲ ਦੀ ਉਮਰ ਵਿਚ ਅੰਮ੍ਰਿਤ ਛਕਾ ਦਿਤਾ, ਤਾਂ ਇਨ੍ਹਾਂ ਨੇ ਬੜੇ ਉਤਸ਼ਾਹ ਨਾਲ ਹਰ ਰੋਜ਼ ਗੁਰਦੁਆਰੇ ਜਾਇਆ ਕਰਨਾ। ਫੇਰ ਆਪ ਨੇ ਮੋਟਰ ਡਰਾਇਵਰੀ ਸਿਖੀ। ਇਸ ਦੇ ਪਿਛੋਂ *ਟੈਟੋ ਮਾਸਟਰੀ (Tattoo Master) ਦਾ ਕੰਮ ਕਰਦੇ ਰਹੇ।

੧੭ ਫਰਵਰੀ ਵਾਲੇ ਦਿਨ ਆਪ ਚੱਕ ਝੁਮਰੇ ਗਏ ਹੋਏ ਸਨ। ਉਥੋਂ ਕਣਸੋ ਪਈ ਕਿ ਸਿੰਘ ਕਬਜ਼ਾ ਕਰਨ ਲਈ ਸ੍ਰੀ ਨਨਕਾਣੇ ਸਾਹਿਬ ਜਾ ਰਹੇ ਹਨ, ਤਾਂ ਆਪ ਉਥੋਂ ਸਿਧੇ ਲਾਇਲਪੁਰ ਪੁਜੇ। ਇਥੇ ਆ ਕੇ ਜਦ ਪਤਾ ਲਗਾ

*ਸਿਆਹੀ ਨਾਲ ਸਰੀਰ ਤੇ ਨਾਮ ਤੇ ਫੁਲ ਬੂਟੇ ਖੋਦਣ ਦਾ ਕੰਮ।

ਕਿ ਇਨ੍ਹਾਂ ਦੇ ਧਰਮ ਪਿਤਾ ਭਾਈ ਪਿਆਰਾ ਸਿੰਘ ਜੀ ਜਥੇ ਨਾਲ ਚਲੇ ਗਏ ਹਨ। ਆਪ ਨੇ ਉਸ ਵੇਲੇ ਘਰ ਆ ਕੇ ਕਾਲੀ ਪੱਗ ਬੰਨ੍ਹੀ, ਨਵੇਂ ਕਪੜੇ ਬਦਲ ਕੇ ਪਾ ਲਏ। ਧਰਮ ਮਾਤਾ ਨੇ ਜ਼ੋਰ ਦਿਤਾ ਕਿ ਕਾਕਾ ਤੂੰ ਨਾ ਜਾਹ ਤੇਰਾ ਭਾਈਆ ਜੂ ਗਿਆ ਹੈ। ਅਗੋਂ ਹੱਸ ਕੇ ਉਤ੍ਰ ਦਿਤਾ ਕਿ ਬੇਬੇ ਜੀ, ਜੇ ਭਾਈਆ ਜੀ ਗਏ ਹਨ ਤਾਂ ਮੈਂ ਕਿਉਂ ਨਾ ਜਾਵਾਂ ? ਮੈਂ ਉਨ੍ਹਾਂ ਦੇ ਪਿਛੇ ਕਿਉਂ ਰਵ੍ਹਾਂ ? ਉਤਸ਼ਾਹ ਨਾਲ ਤੁਰਨ ਸਮੇਂ ਮਿਆਨ ਵਿਚੋਂ ਕ੍ਰਿਪਾਨ ਕਢ ਕੇ ਮਾਤਾ ਨੂੰ ਵਖਾਉਣ ਲਗੇ ਤਾਂ ਕਾਹਲ ਕਰਕੇ ਉਸ ਨਾਲ ਉਂਗਲੀ ਵੱਢੀ ਗਈ। ਲਹੂ ਵਗਣ ਲਗ ਪਿਆ ਤੇ ਆਖਣ ਲਗੇ ਕਿ ਲਓ ਬੇਬੇ ਜੀ ਮੈਂ ਤਾਂ ਇਥੇ ਹੀ ਸ਼ਹੀਦ ਹੋ ਗਿਆ ਹਾਂ। ਮਾਤਾ-ਪੁਤ੍ਰ ਸਨੇਹ ਵਿਚ ਸਜਲ ਨੇਤ੍ਰਾਂ ਨਾਲ ਆਖਣ ਲਗੀ ਕਿ ਨਾ ਬੱਚਿਆ ਕੋਈ ਸ਼ੁਭ ਗਲ ਮੂੰਹੋਂ ਕੱਢ। ਇਥੋਂ ਗੱਡੀ ਚੜ੍ਹ ਕੇ ਦੂਜੇ ਲਾਇਲਪੁਰੀਏ ਸਿੰਘਾਂ ਨੂੰ ਸਾਂਗਲੇ ਜਾ ਮਿਲੇ। ਉਥੋਂ ਜਥੇ ਨਾਲ ਰਲ ਕੇ ਨਨਕਾਣੇ ਸਾਹਿਬ ਪੁਜੇ। ਰੇਲਵੇ ਲਾਈਨ ਦੇ ਪਾਸ ਝਾੜੀਆਂ ਵਿਚ ਹਰੀ ਨਾਥ ਜੋਗੀ ਅਤੇ ਲੱਧੂ ਆਦਿ ਜ਼ਾਲਮਾਂ ਦੇ ਹਥੋਂ ਸਤਾਰਾਂ ਸਾਲ ਦੀ ਉੱਠਦੀ ਜਵਾਨੀ ਵਿਚ ਸ਼ਹੀਦੀਆਂ ਪਾ ਗਏ।

—o—

ਸਬਾਜਪੁਰ ਜ਼ਿਲਾ ਅੰਮ੍ਰਿਤਸਰ ਦੇ ਸ਼ਹੀਦ

ਭਾਈ ਜਗਤ ਸਿੰਘ ਜੀ

ਆਪ ਸੰ: ੧੯੫੭ ਬਿ: ਨੂੰ ਮਾਤਾ ਭਾਗੋ ਦੀ ਕੁਖੋਂ ਹਕੀਕੇ ਕਲਾਂ ਜ਼ਿਲਾ ਫੀਰੋਜ਼ਪੁਰ ਵਿਚ ਆਪਣੇ ਨਾਨਕੇ ਘਰ ਪੈਦਾ ਹੋਏ । ਅਜੇ ਮਸਾਂ ਇਕ ਸਾਲ ਦੇ ਹੀ ਹੋਏ ਸਨ, ਕਿ ਆਪ ਦੇ ਪਿਤਾ ਟੁਜ਼ਰ ਗਏ ਅਤੇ ਆਪ ਦੀ ਮਾਤਾ ਭਾ: ਮਘਰ ਸਿੰਘ ਦੇ ਘਰ ਸਬਾਜਪੁਰ, ਜ਼ਿਲਾ ਅੰਮ੍ਰਿਤਸਰ ਵਿਚ ਆਕੇ ਬੈਠ ਗਈ। ਨਿਕੇ ਹੁੰਦਿਆਂ ਆਪਣੇ ਪਿਤਾ ਦੇ ਨਾਲ ਆਬੜੀ ਦੇ ਕੰਮ ਵਿਚ ਸਹਾਇਤਾ ਕਰਿਆ ਕਰਦਾ ਸੀ । ਜ਼ਰਾ ਕੁ ਜਵਾਨ ਹੋਇਆ ਤਾਂ ਅੰਮ੍ਰਿਤ ਛਕ ਲਿਆ । ਮਨ ਦਾ ਝੁਕਾ ਸਿੱਖੀ ਖ਼ਿਆਲਾਂ ਵਲ ਹੋ ਗਿਆ। ਆਪ ਦਾ ਰੰਗ ਕਾਲਾ, ਸਰੀਰ ਮਜ਼ਬੂਤ ਅਤੇ ਕੱਦ ਮਧਰਾ ਸੀ। ਦਿਲ ਦੇ ਦਲੇਰ ਅਤੇ ਸੁਭੌ ਦੇ ਕੌੜੇ ਸਨ । ਤਬੀਅਤ ਸ਼ੋਖ ਅਣਖ ਦੇ ਨਾਮ ਤੇ ਮਰ ਮਿਟਣ ਵਾਲੀ। ਖਲੜੀ ਵਿਚ ਉੱਕਾ ਹੀ ਕਿਸੇ ਗਲ ਦਾ ਖ਼ੌਫ਼ ਨਹੀਂ ਹੋਇਆ ਕਰਦਾ ਸੀ। ਅਨਪੜ੍ਹ ਅਤੇ ਕੁਆਰੇ ਹੀ ਸਨ । ਸਾਕੇ ਦੇ ਸਮੇ ਜ਼ਿਲਾ ਮਿੰਟਗੁਮਰੀ ਵਿਚ ਆਪ ਮੁਰੱਬਾ ਠੇਕੇ ਤੇ ਲੈ ਕੇ ਵਾਹੀ ਕਰਦੇ ਸਨ । ਅਤੇ ਇਥੇ ਕੋਈ ਕੰਮ ਚੰਗਾ ਨਾ ਚਲਦਾ ਵੇਖ ਕੇ, ਆਪ ਨੇ ਢਾਬਾਂ ਚੱਕ ਨੰਬਰ ੧੩ ਵਿਚ ਹਿਸੇ ਤੇ ਮੁਰੱਬਾ ਲੈ ਕੇ ਵਾਹੀ ਜੋਤੀ ਦਾ ਕੰਮ ਆਰੰਭਿਆ।

ਆਪ ਆਪਣੇ ਨਿੱਕੇ ਭਰਾ ਨਾਲ ਮਾਲ ਲੈ ਕੇ ਢਾਬਾਂ ਨੂੰ ਆ ਰਹੇ ਸਨ। ਜਦ ਬਾਲੇ ਵਾਲੇ ਖੂਹ ਦੇ ਲਾਗੇ ਪੁਜੇ, ਤਾਂ ਲੋਕਾਂ ਆਖਿਆ ਕਿ ਰਾਹ ਛੱਡ ਕੇ ਲਾਂਭ ਦੀ ਹੋ ਕੇ ਲੰਘ ਜਾਓ। ਮਹੰਤ ਨਰੈਣ ਦਾਸ ਸਭ ਸਿੰਘਾਂ ਨੂੰ ਕਤਲ ਕਰੀ ਜਾਂਦਾ ਹੈ। ਤਾਂ ਆਪ ਨੇ ਆਖਿਆ ਕਿ ਭਰਾਵਾਂ ਨੂੰ ਸ਼ਹੀਦ ਹੁੰਦਿਆਂ ਤੱਕ ਕੇ ਕਾਇਰਾਂ ਵਾਂਗ ਭਜ ਜਾਣਾ ਸੂਰਮੇ ਦਾ ਕੰਮ ਨਹੀਂ ਹੈ। ਆਪ ਨੇ ਮਾਲ ਡੰਗਰ ਨਿੱਕੇ ਭਰਾ ਨੂੰ ਸੰਭਾਲ ਦਿਤਾ ਅਤੇ ਛਾਲਾਂ ਮਾਰਦੇ ਬਲਦੀ ਜ਼ੁਲਮੀ ਭੱਠੀ ਦੇ ਨੇੜੇ ਆ ਗਏ। ਜ਼ਾਲਮਾਂ ਨੇ ਛੱਵ੍ਹੀਆਂ ਨਾਲ ਡੱਕਰੇ ਕਰ ਕੇ ਭਾਈ ਦਲੀਪ ਸਿੰਘ ਹੁਰਾਂ ਵਾਲੀ ਸ਼ਹੀਦੀ ਆਵੀ ਵਿਚ ਹੀ ਆਪ ਨੂੰ ਭੀ ਝੋਕ ਦਿਤਾ *।

---

* ਕਮੇਟੀ ਨੇ ੬੦੦) ਰੁਪਿਆ ਆਪ ਦਾ ਕਰਜ਼ਾ ਉਤਾਰਿਆ ਅਤੇ ਮਾਤਾ ਮਾਨ ਕੌਰ ਦੇ ਨਾਮ ਪੈਨਸ਼ਨ ਲਾ ਦਿਤੀ। ਜਿਸ ਦਾ ਜੋੜ ੨੧-੮-੨੪ ਤੋਂ ਲੈ ਕੇ ੨੮-੨-੩੮ ਤਕ ੧੬੪੦) ਰੁਪਏ ਬਣਦਾ ਹੈ।

ਸ਼ਹੀਦੀ ਜੀਵਨ

ਅੰਤਕਾ ਪਹਿਲੀ

ਉਨ੍ਹਾਂ ਕਿਤਾਬਾਂ, ਕਿੱਸਿਆਂ ਅਤੇ ਅਖਬਾਰਾਂ ਦਾ ਵੇਰਵਾ, ਸ਼ਹੀਦੀ-ਜੀਵਨ ਲਿਖਨ ਸਮੇਂ ਜਿਨ੍ਹਾਂ ਨੂੰ ਵਾਚ ਲਿਆ ਗਿਆ।

ਸ਼ਹੀਦੀ ਜੀਵਨ ਕਿਤਾਬ ਦੀ ਤਿਆਰੀ ਲਈ ਇਨ੍ਹਾਂ ੧੦੯ ਕਿਤਾਬਾਂ, ਕਿੱਸਿਆ ਅਤੇ ਅਖਬਾਰਾਂ ਦੀਆਂ ਫ਼ਾਈਲਾਂ ਨੂੰ ਵਾਚ ਕੇ ਲੋੜ ਅਨੁਸਾਰ ਸਹਾਇਤਾ ਲੈ ਕੇ ਬਹੁਤੀਆਂ ਦੇ ਹਵਾਲੇ ਦਿਤੇ ਗਏ ਹਨ :—

ਕਿਤਾਬਾਂ—੧ ਦਸਮ ਗ੍ਰੰਥ, ੨ ਸਿਖ ਇਤਿਹਾਸ ਮੈਕਾਲਫ ਸਾਹਿਬ, ੩ ਸ਼ਹੀਦੀ ਹਫ਼ਤਾ, ੪ ਬੰਦਾ ਸਿੰਘ ਬਹਾਦਰ, ਕ੍ਰਿਤ ਪ੍ਰੋ: ਗੰਡਾ ਸਿੰਘ, ੫ ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਕਵਿ ਚੂੜਾਮਣ ਭਾਈ ਸੰਤੋਖ ਸਿੰਘ, ੬ ਪੰਥ ਪਕਾਸ਼ ਕ੍ਰਿਤ ਸ: ਰਤਨ ਸਿੰਘ "ਭੰਗੂ" ੭ ਤਵਾਰੀਖ ਗੁਰੂ ਖ਼ਾਲਸਾ, ੮ ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ, ੯ ਗੁਰਮਤ ਸੁਧਾਕਰ, ੧੦ ਗੁਰਮਤ ਪ੍ਰਭਾਕਰ, ੧੧ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਕ੍ਰਿਤ ਭਾਈ ਕਾਹਨ ਸਿੰਘ ਨਾਭਾ, ੧੨ ਬੰਦਾ ਕੌਣ ਥਾ, ੧੩ ਗੁਰਪੁਰਬ ਨਿਰਣਯ, ੧੪ ਬੰਦਾ ਬਹਾਦਰ ਕ੍ਰਿਤ ਸ: ਕਰਮ ਸਿੰਘ ਹਿਸਟੋਰੀਅਨ,ਝੁਬਾਲੀਆ,੧੫ ਸ੍ਰੀ ਗੁਰ ਸੋਭਾ ਕ੍ਰਿਤ ਕਵਿ ਸੈਨਾ ਪਤ,੧੬ ਹਿਸਟ੍ਰੀ ਆਫ਼ ਦੀ ਪੰਜਾਬ ਕ੍ਰਿਤ ਮੁਹੰਮਦ ਲਤੀਫ਼, ੧੭ ਮਹਿਮਾ ਪ੍ਰਕਾਸ਼, ੧੮ ਬਾਵਾ ਸਮੇਰ ਸਿੰਘ ਭਲੇ ਦੀਆਂ ਸਾਖੀਆਂ, ੧੯ ਗੁਰਬਿਲਾਸ ਪਾਤਸ਼ਾਹੀ ਦਸਵੀਂ ਰਚਿਤ ਭਾਈ ਸੁਖਾ ਸਿੰਘ, ੨੦ ਗੁਰਦੁਆਰਾ ਰੀਫ਼ਾਰਮ ਮੂਵਮੇਂਟ ਰਚਿਤ ਪਰੋਫ਼ੈਸਰ ਤੇਜਾ ਸਿੰਘ ਐਮ. ਏ. ੨੧ ਸ਼ਹੀਦਾਨੇ ਨਨਕਾਣਾ ਰਚਿਤ ਭਾ: ਗੁਰਮੁਖ ਸਿੰਘ "ਗੁਰਮੁਖ" ੨੨ ਪ੍ਰੇਮ ਲਗਨ ਰਚਿਤ ਮਾਸਟਰ ਤਾਰਾ ਸਿੰਘ, ੨੩ ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਖਤਰਨਾਕ ਹਾਲਤ ਰਚਿਤ ਸ: ਹਰਚੰਦ ਸਿੰਘ ਰਈਸ ਲਾਇਲਪੁਰ, ੨੪ ਸਿਖ ਤੇ ਗੁਰਦੁਆਰੇ ਰਚਿਤ ਭਾਈ ਸੇਵਾ ਸਿੰਘ, ੨੫ ਭਾਈ ਮਾਨ ਸਿੰਘ ਭੱਟ ਪਿੰਡ ਕ੍ਰਿਸਿੰਧੂ ਰਿਆਸਤ ਜੀਂਦ ਦੀਆਂ ਵਹੀਆਂ ਦੀ ਨਕਲ, ੨੬ ਗੁਰ ਤੀਰਥ ਸੰਗ੍ਰਹਿ ਕਰਤਾ ਪੰਡਤ ਤਾਰਾ ਸਿੰਘ, ੨੭ ਗੁਰਦੁਆਰਾ ਦਰਸ਼ਨ ਗਿ: ਠਾਕਰ ਸਿੰਘ. ੨੮ ਵਾਰਾਂ ਭਾਈ ਗੁਰਦਾਸ , ੨੯ ਪੰਡਾ ਚੂਨੀ ਲਾਲ ਹਰਦਵਾਰ ਦੀਆਂ ੩੪੭ ਸਾਲ ਪੁਰਾਣੀਆਂ ਵਹੀਆਂ ਦੀਆਂ ਨਕਲਾਂ, ੩੦ ਹਿਸਟ੍ਰੀ ਆਫ਼ ਦੀ ਸਿਖਜ਼ ਰਚਿਤ ਕਨਿੰਘਮ, ੩੧ ਫ਼ਰੰਟੀਅਰ ਦਾ ਸਫਰ ਨਾਮਾ ਹਿੱਸਾ ਪਹਿਲਾ, ੩੨ ਬਰਾਊਨ ਦਾ ਇੰਡੀਆ ਟ੍ਰੈਕਟ ਹਿਸਾ ਦੂਜਾ, ੩੩ ਫ਼ਰਾਂਕਲਨ ਦਾ ਸ਼ਾਹ ਆਲਮ, ੩੪ ਸੱਯਰ -ਉਲ-ਮਤਾਖਰੀਨ ਜਿਲਦ ਤੀਜੀ, ੩੫ ਚਮਨੇ ਸ਼ਹਾਦਤ ਕੀ ਚੰਦ ਕਲੀਆਂ, ੩੬ ਮਨੂ ਸਿਮਰਤੀ, ੩੭ ਤਾਰੀਖ਼ ਈਰਾਨ ਤੂਹਰਾਨ ਵਿਚ ਸੰਨ ੧੩੦੯ ਮਾਲੀ ਦੀ ਛਪੀ ਹੋਈ, ੩੮ ਤਾਰੀਖ ਕੰਬੋਆਂ ਰਚਿਤ ਚੋਧਰੀ ਵਹਾਬ ਦੀਨ, ੩੯ ਰਾਜ ਤਰੰਗਣੀ (ਤਾਰੀਖ਼ ਕਸ਼ਮੀਰ) ਕਰਤਾ ਕੁਲਹਨ ਪੰਡਤ ਅਨਵਾਦਕ ਠਾਕਰ ਇਛਰ ਚੰਦ, ੪੦ ਆਈਨਾ ਤਾਰੀਖ਼ ਨੁਮਾ ਕਰਤਾ ਰਾਜਾ ਸ਼ਿਵ ਪ੍ਰਸ਼ਾਦਿ ਸੀ. ਆਈ. ਈ., ੪੧ ਰਾਮਾਇਣ, ੪੨

ਰਾਜਿਸਤਾਨ ਜਿਲਦ ਪਹਿਲੀ, ੪੩ ਮਹਾਭਾਰਤ ਉਲਥਾ ਫ਼ਾਰਸੀ ਬੋਲੀ ਵਿਚ ਫੈਜ਼ੀ, ੪੪ ਸਿਵਲੀ ਜ਼ੇਸ਼ਨ ਔਫ਼ ਏਨਸ਼ੇਟ ਇੰਡੀਆ (Civilization of ancient India) ਉਲਥਾ ਵਲੈਤ ਅਲੀ ੪੫ ਸਫੀਨਾ-ਇ-ਅਬਦੁਲਾ ਮਾਲੇਰੀ ਕਰਤਾ ਮੁਨਸ਼ੀ ਅਬਦੁਲਾ ਮਾਲੇਰ ਕੋਟਲੀ. ੪੬ ਪੁਸ਼ਪ ਸਿਆਮ (ਡਿਕਸ਼ਨਰੀ ਸਿਆਮ), ੪੭ ਇਸਲਾਫ ਹਿੰਦ ਕੇ ਤਮੱਦਨੀ ਕਾਰਨਾਮੇ ਕਰਤਾ ਮਿਸਟਰ ਜੇ. ਆਰ. ਰਾਇ. ੪੮ ਤਾਰੀਖ ਸ਼ਿਬ ਜਾਨਕੀ ਕਰਤਾ ਲਾਲਾ ਸ਼ਿਬ ਚੰਦ ਸੁਨਾਮੀ (ਪਟਿਆਲਾ), ੪੯ ਆਈਨਾ ਹਕੀਕਤ ਨਮਾ ਕਰਤਾ ਮੌਲਾਨਾ ਅਕਬਰ ਸ਼ਾਹ ਖਾਂ ਨਜੀਬਾ ਬਾਦੀ, ੫੦ ਅਲ ਮੁਸ਼ਾਹੀਰ, ੫੧ ਆਈਨ ਅਕਬਰੀ ਕਰਤਾ ਅਬੁਲ-ਫ਼ਜ਼ਲ ਵਜ਼ੀਰ ਅਕਬਰ ਬਾਦਸ਼ਾਹ, ੫੨ ਅਕਬਰ ਨਾਮਾਂ, ੫੩ Imperial Zazetteer, ੫੪ ਨਾਨਕ ਪ੍ਰਕਾਸ਼, ੫੫ ਦਸਤੂ-ਰੁ-ਲ-ਅਮਲ ਹਰਮੰਦਰ ਸਾਹਿਬ ਅੰਮ੍ਰਿਤਸਰ, ੫੬ ਤਵਾਰੀਖ ਹਰ ਮੰਦਰ ਸਾਹਿਬ ਰਚਿਤ ਪ੍ਰੋਫ਼ੈਸਰ ਗੁਰਮੁਖ ਸਿੰਘ, ੫੭ ਤਾਰੀਖ ਹਰ ਮੰਦਰ ਸਾਹਿਬ ਕ੍ਰਿਤ ਮਹੰਤ ਸੁੰਦਰ ਸਿੰਘ. ੫੮ Guide of Darbar sahib by Sunder Singh Ramgarhia, ੫੯ ਆਈਨਾ ਦਰਬਾਰ ਸਾਹਿਬ, ੬੦ ਸ੍ਰੀ ਦਰਬਾਰ ਸਾਹਿਬ ਦੇ ਹਾਲ ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ. ੬੧ ਫੁਲਵਾੜੀ ਚਿਤਰਾਵਲੀ, ੬੨ ਅਦੁਤੀ ਸਾਕਾ ਤਰਨ ਤਾਰਨ ੬੩ ਭਿਆਨਕ ਸਾਕਾ, ਨਨਕਾਣਾ ਸਾਹਿਬ ਲਿਖਤ ਭਾਈ ਮੋਹਣ ਸਿੰਘ ਵੈਦ, ੬੪ ਜੁਗਰਾਫੀਆ ਜ਼ਿਲਾ ਲਾਇਲਪੁਰ, ੬੫ਗੁਰੂ ਨਾਨਕ ਜਥਾ ਬਾਰ ਦੇ ਸੰ: ੧੯੨੧ ਈ: ਦੇ ਹਿਸਾਬ ਕਿਤਾਬ ਅਤੇ ਸਿੰਘਾਂ ਦੀ ਭਰਤੀ ਦੇ ਰਜਿਸਟਰ, ੬੬ ਕਈ ਸ਼ਹੀਦੀ ਫ਼ੌਜੀ ਸਿੰਘਾਂ ਦੀਆਂ ਸ਼ੀਟ ਰੋਲਾਂ, ੬੭ ਜੁਗਰਾਫੀਆਂ ਜ਼ਿਲਾ ਸ਼ੇਖੂਪੁਰਾ, ੬੮ ਨਨਕਾਣਾ ਕਤਲ ਕੇਸ ਦੀ ਮਿਸਲ ।

ਕਿੱਸੇ--੬੯ ਜ਼ਿੰਦਾ, ਸ਼ਹੀਦ ਕ੍ਰਿਤ ਭਾਈ ਨਰਾਤਾ ਸਿੰਘ, ੭੦ ਸਾਕਾ ਨਨਕਾਣਾ ਕ੍ਰਿਤ ਕਵਿ ਹਰੀ ਸਿੰਘ, ੭੧ ਖੂਨ ਦੇ ਸੋਹਲੇ ਕਰਤਾ ਸ: ਗੁਰਦਿਤ ਸਿੰਘ ਓਵਰਸੀਅਰ ਰੰਗੂਨ, ੭੨ ਅਦੁਤੀ ਸ਼ਹੀਦੀ ਲੇਖਕ ਭਾ: ਠਾਕਰ ਸਿੰਘ ਕ੍ਰਿਪਾਨ ਬਹਾਦਰ, ੭੩ ਸ਼ਹੀਦ ਬਿਲਾਸ ਉਤਮ ਧਰਤੀ ਕ੍ਰਿਤ ਗਿਆਨੀ ਹਰੀ ਸਿੰਘ ਉਪਦੇਸ਼ਕ, ੭੪ ਸਾਕਾ ਨਨਕਾਣਾ ਕ੍ਰਿਤ ਕਵਿ ਗੁਰਦਿਤ ਸਿੰਘ 'ਖੜਗ' ਲੁਧਿਆਨਾ, ੭੫ ਸਾਕਾ ਨਨਕਾਣਾ ਲਿਖਤ ਭਾਈ ਨਿਧਾਨ ਸਿੰਘ 'ਆਲਮ' ਨਾਮਧਾਰੀਏ, ੭੬ ਸਾਕਾ ਨਨਕਾਣਾ ਲਿਖਤ ਭਾ: ਬਚਨ ਸਿੰਘ, ੭੭ ਬਾਲ ਸ਼ਹੀਦ ਅਰਥਾਤ ਨਨਕਾਣੇ ਸਾਹਿਬ ਵਿਚ ਇਕ ਨਿਦਾਨ ਬਾਲਕ ਦਾ ਪ੍ਰਸੰਗ ਰਚਿਤ ਭਾ: ਭਗਵਾਨ ਸਿੰਘ ਰਿਆਸਤ ਪੁਣਛ (ਕਸ਼ਮੀਰ), ੭੮ ਖੂਨੇ ਸ਼ਹੀਦਾਂ ਕਰਤਾ ਮਿਸਤਰੀ ਵਧਾਵਾ ਸਿੰਘ, ੭੯ ਭਾਈ ਲਛਮਣ ਸਿੰਘ ਜਥੇਦਾਰ ਦੀ ਸ਼ਹੀਦੀ ਕ੍ਰਿਤ ਭਾ: ਗੁਰਦਿਤ ਸਿੰਘ ਹਰਨਾਮ ਸਿੰਘ ਚਕ ਨੰਬਰ ੧੩੨ ਸ਼ੇਖੂਪੁਰਾ, ੮੦ ਨਨਕਾਣੇ ਸਾਹਿਬ ਸਿਦਕ ਸ਼ਹੀਦੀ ਕ੍ਰਿਤ ਕਵਿ ਪੂਰਨ ਸਿੰਘ ਪ੍ਰਦੇਸੀ. ੮੧ ਪ੍ਰੇਮ ਪਤੰਗੇ ਤਥਾ ਖੂਨ ਦੀ ਨਦੀ ਰਚਿਤ ਭਾ: ਸੋਹਣ ਸਿੰਘ ਘੁੱਕੇਵਾਲੀ, ੮੨ ਅਕਾਲੀ ਲਹਿਰ ਨੰਬਰ ਇਕ ੮੩ ਖੂੰਨੇ ਸ਼ਹੀਦਾਂ ਰਚਿਤ ਗਿਆਨੀ ਕਰਤਾਰ ਸਿੰਘ ਕਲਾਸ ਵਾਲੀਏ, ੮੪ ਬਾਬੇ ਕਰਤਾਰ ਸਿੰਘ ਬੇਦੀ ਵਲੋਂ ਖੁਲ੍ਹੀ ਚਿਠੀ, ੮੫ ਨਨਕਾਣੇ ਸਾਹਿਬ ਦਾ ਦਿਲਚੀਰਵਾਂ ਸਾਕਾ ਰਚਿਤ ਤੇ ਪ੍ਰਕਾਸ਼ਕ ਸਕੱਤਰ ਸ੍ਰੀ ਗੁਰੂ ਸਿੰਘ ਸਭਾ ਬਹਿਰ ਵਾਲ, ੮੬ ਸਬਰ ਦੇ ਬਾਣ, ੮੭ ਸਾਕਾ ਨਨਕਾਣਾ ਤਥਾ ਦਰਦ ਭਰੇ ਦੁਖੜੇ ਰਚਿਤ ਕਵਿ ਬਚਨ ਸਿੰਘ. ੮੮ ਕਰਤਾਰੂ ਬੇਦੀਨ ਦਾ ਸਿਆਪਾ ਰਚਿਤ ਭਾ: ਨਾਨਕ ਸਿੰਘ 'ਕਵੀਸ਼ਰ' ੮੯ ਦੁਸ਼ਟਾਂ ਦੀ ਕਰਤੂਤ ਲੇਖਕ ਭਾ: ਮੇਹਰ ਸਿੰਘ 'ਮੇਹਰ', ੯੦ ਬਾਬੇ ਗਲ ਟਲ ਬੰਨ ਦਿਓ ਲੇਖਕ ਤੇ ਪ੍ਰਕਾਸ਼ਕ ਕਾਰੋਨੇਸ਼ਨ ਪ੍ਰੈਸ, ੯੧ ਸਾਕਾ ਨਨਕਾਣਾ ਰਚਿਤ ....

ਅਖਬਾਰਾਂ ੯੨ ਅਕਾਲੀ, ੯੩ ਲਾਇਲ ਗਜ਼ਟ, ੯੪ ਕੇਸਰੀ, ੯੫ ਟ੍ਰਿਬਿਊਨ, ੯੬ ਪ੍ਰਤਾਪ, ੯੭ ਮਿਲਾਪ, ੯੮ ਬੰਦੇ ਮਾਤ੍ਰਮ, ੯੯ ਪੰਚ, ੧੦੦ ਫੁਲਵਾੜੀ, ੧੦੧ ਪ੍ਰੀਤਮ (ਲਾਹੌਰ), ੧੦੨ ਸੰਸਾਰ, ੧੦੩ ਖਾਲਸਾ ਸਮਾਚਾਰ, ੧੦੪ ਅਕਾਲੀ ਤੇ ਪ੍ਰਦੇਸੀ, ੧੦੫ ਪੰਜਾਬ ਦਰਪਨ, ੧੦੬ ਪੰਥ ਸੇਵਕ, ੧੦੭ ਸੰਤ ਸੇਵਕ (ਅੰਮ੍ਰਿਤਸਰ), ੧੦੮ ਸਤਿਜੁਗ (ਭੈਣੀ ਸਾਹਿਬ), ੧੦੯ ਧਰਮ ਬੀਰ (ਸਖਰ ਸਿੰਧ)।

ਸ਼ਹੀਦੀ ਜੀਵਨ

ਅੰਤਕਾ ਦੂਜੀ

ਵੇਰਵਾ ਉਨ੍ਹਾਂ ਪਿੰਡਾਂ ਦਾ, ਦੌਰਾ ਕਰ ਕੇ ਜਿਨ੍ਹਾਂ ਵਿਚੋਂ ਸ਼ਹੀਦੀ ਜੀਵਨ ਲਿਖਣ ਲਈ ਮਸਾਲਾ ਇਕਤ੍ਰ ਕੀਤਾ ਗਿਆ ॥

੫੯੪੦ ਮੀਲ ਦਾ ਘੋੜੇ, ਪੈਦਲ, ਊਠ, ਮੋਟਰ ਅਤੇ ਰੇਲ ਤੇ ਸਫ਼ਰ ਕਰ ਕੇ ਹੇਠਾਂ ਲਿਖੇ ੧੪੦ ਪਿੰਡਾਂ ਤੇ ਸ਼ਹਿਰਾਂ ਦਾ ਦੌਰਾ ਸਾਕੇ ਸਬੰਧੀ ਪੜਤਾਲ ਕਰਨ ਲਈ ਕੀਤਾ ਅਤੇ ੯੩੦ ਸਬੰਧਤ ਬੰਦਿਆਂ ਨੂੰ ਚਿਠੀਆਂ ਲਿਖ ਕੇ ਵਾਕਫ਼ੀ ਪ੍ਰਾਪਤ ਕੀਤੀ। ਅਟੇ ਸਟੇ ਦੋ ਹਜ਼ਾਰ ਆਦਮੀ ਨੂੰ ਮਿਲਿਆ ਅਤੇ ਮਤਲਬ ਦੇ ਲੋੜੀਦੇ ਬਿਆਨ ਕਲਮ ਬੰਦ ਕੀਤੇ । ਸਾਂਸੀਆਂ ਅਤੇ ਮਰਾਸੀਆਂ ਤੋਂ ਕਲ੍ਹਾਣਾਂ ਸੁਣ ਕੇ ਪੁਰਾਣੈ ਖ਼ਾਨਦਾਨੀ ਹਾਲ ਨੋਟ ਕੀਤੇ ॥

੧ ਚਕ ਨੰ: ੪੪੧ ਸਾਧਾਂਵਾਲੀ, ੨ ਸਮੁੰਦਰੀ, ੩ ਚਕ ਨੰ: ੪੬੭; ੪ ਕੁਰਲਕੇ, ੫ ਠੱਟਾ ਈਸਾ, ੬ ਪੱਕਾ ਖੂਹ; ੭ ਕੋਟ ਹੁਸੈਨ; ੮ ਗਰਮੂਲਾ; ੯ ਝੱਬਰ; ੧੦ ਅਟਾਰੀ; ੧੧ ਰਾਮ ਪੁਰਾ; ੧੨ ਜੈ ਚਕ; ੧੩ ਝੰਡਿਆ ਵਾਲੀ; ੧੪ ਕੋਟਲਾ ਕਾਲਵਾਂ; ੧੫ ਜੜ੍ਹਾਂਵਾਲਾ; ੧੬ ਬੁਚਿਆਣੇ ਦੇ ਲਾਗੇ ਦੇ ਚਕ; ੧੭ ਅੰਮ੍ਰਿਤਸਰ; ੧੮ ਲਾਹੌਰ; ੧੯ ਤਰਨ ਤਾਰਨ; ੨੦ ਰੂੜੀ ਵਾਲਾ; ੨੧ ਗੁਜਰਾਂਵਾਲਾ, ੨੨ ਜਾਲੰਧਰ. ੨੩ ਕਰਤਾਰ ਪੁਰ ਜ਼ਿਲਾ ਜਾਲੰਧਟ; ੨੪ ਰਾਣੀ ਬੂਹਾ (ਕਪੂਰਥਲਾ); ੨੫ ਫਤਹ ਗੜ੍ਹ ਸ਼ੁਕਰ ਚੱਕੀਆਂ. ੨੬ ਭੁੱਚਰ, ੨੭ ਲਾਇਲਪੁਰ; ੨੮ ਕੋਟਲਾ ਸੰਤ ਸਿੰਘ ਚਕ ਨੰਬਰ ੪੩, ੨੯ ਨਜ਼ਾਮਪੁਰ ਚੇਲੇ ਵਾਲਾ; ੩੦ ਦੇਵਾ ਸਿੰਘ ਵਾਲਾ, ੩੧ ਮੂਲਾ ਸਿੰਘ ਵਾਲਾ; ੩੨ ਚਕ ਨੰਬਰ ੮੩ ਡਲਾ ਨੰਗਲ. ੩੩ ਧਾਰੋਵਾਲੀ ਚਕ ਨੰਬਰ ੩੩. ੩੪ ਧੰਨੂ ਆਣਾ ਚਕ ਨੰਬਰ ੯੧, ੩੫ ਸਾਂਗਲਾ; ੩੬ ਸਾਹੋਵਾਲ; ੩੭ ਬੰਡਾਲਾ ਚਕ ਨੰਬਰ ੬੪, ੩੮ ਭਸੀਣ; ੩੯ ਢਾਬਾਂ ਚਕ ਨੰਬਰ ੧੩; ੪੦ ਨਵਾਂ ਪਿੰਡ, ੪੧ ਸ਼ਾਹ ਕੋਟ, ੪੨ ਡੱਲਾ ਚੰਦਾ ਸਿੰਘ ਚੱਕ ਨੰਬਰ ੮੫. ੪੩ ਗੋਂਦਲਾਂ ਵਾਲ (ਗੁਜਰਾਂਵਾਲਾ), ੪੪ ਫਰਾਲਾ ਚੱਕ ਨੰਬਰ ੨੫੮, ੪੫ ਬੁਰਜ ਚੱਕ ਨੰਬਰ ੫੫, ੪੬ ਪੱਟੀ, ੪੭ ਬੰਡਾਲਾ ਚੱਕ ਨੰਬਰ ੭੧, ੪੮ ਲਹੁਕੇ ਚੱਕ ਨੰਬਰ ੭੫, ੪੯ ਬੰਡਾਲਾ ਚੱਕ ਨੰਬਰ ੭੦, ੫੦ ਬਹੋੜੂ, ੫੧ ਬੋਬੀਆਂ, ੫੨ ਸਬਾਜਪੁਰ, ੫੩ ਵਨੋਟਿਆਂ ਵਾਲੀ, ੫੪ ਕਾਲੀ ਬੇਰ. ੫੫ ਕਿਲਚਕੇ, ੫੬ ਮਾਂਗਟਾਂ ਵਾਲਾ, ੫੭ ਅੱਬੀਆਂ ਵਾਲਾ, ੫੮ ਚੱਕ ਨੰਬਰ ੨੦੪. ੫੯ ਮਸੀਤ ਮਲ, ੬੦ ਨਾਲੀ ਵਾਲਾ, ੬੧ ਧੂੜ ਕੋਟ. ੬੨ ਰੱਤੂ ਆਣਾ, ੬੩ ਫ਼ੀਰੋਜ਼ਪੁਰ, ੬੪ ਮੌਡਲ ਟਾਊਨ (ਲਾਹੌਰ), ੬੫ ਚੂਹੜਕਾਣਾ, ੬੬ ਚੂਹੜਕਾਣਾ ਮੰਡੀ, ੬੭ ਈਸ਼ਰ ਕੇ, ੬੮ ਬਾਲੀਕੇ, ੬੯ ਫੁਲਰ ਵੰਨ, ੭੦ ਬੰਡਾਲਾ ਚੱਕ ਨੰਬਰ ੭੩, ੭੧ ਚੱਕ ਬਾਵਿਆਂ ਵਾਲਾ, ੭੨ ਕੋਟ ਨਰਾਇਣ

-ਸ਼ਹੀਦੀ ਜੀਵਨ-

ਸਿੰਘ, ੭੩ ਕੋਟ ਸੰਤ ਰਾਮ, ੭੪ ਕੋਟ ਲਹਿਣਾ ਦਾਸ, ੭੫ ਟੋਲ ਮਾਲ ਜੀ, ੭੬ ਦਰੀਆ, ੭੭ ਝੁੱਗੇ ੭੮ ਖਿਪ ਵਾਲੀ, ੭੯ ਭਾਗੋ ਵਾਲੀ, ੮੦ ਵਾੜਾ ਅੰਨ੍ਹਿਆਂ, ੮੧ ਕੋਟ ਦਰਬਾਰ, ੮੨ ਕੋਟ ਸਾਧੂ ਰਾਮ ੮੩ ਕੋਟ ਲਾਭ ਦਾਸ, ੮੪ ਧੁਪ ਸੜੀ, ੮੫ ਕੋਟ ਦਿਆਲ ਦਾਸ, ੮੬ ਭਲਾਰ ਗੰਗਾ ਰਾਮ, ੮੭ ਨੌਲਾਂ ਦੀਆਂ ਝੁਗੀਆਂ, ੮੮ ਵਾੜਾ ਗਾਭਿਆਂ, ੮੯ ਲੁਧਿਆਣਾ, ੯੦ ਬਾਗ਼ਬਾਨ ਪੁਰਾ, ੯੧ ਪੰਡੇ ਵਾਲੀ, ੯੨ ਪੀਰ ਮਹਲ, ੯੩ ਚੰਦਰ ਕੋਟ, ੯੪ ਕਸੂਰ, ੯੫ ਕੋਟ ਨਿਹਾਲ ਦਾਸ, ੯੬ ਵਾੜਾ ਨਰਾਇਣ ਸਿੰਘ ੯੭ ਨਾਲੀ ਵਾਲਾ, ੯੮ ਚੱਕ ਗੁਰਦਾਸ, ੯੯ ਵਾੜਾ ਤ੍ਰਖਾਣਾਂ, ੧੦੦ ਕੋਟ ਬਲਾਕਾ ਸਿੰਘ ੧੦੧ ਮਾਨਾਂ ਵਾਲਾ, ੧੦੨ ਕੋਟ ਗੁਰਬਖ਼ਸ਼ ਸਿੰਘ, ੧੦੩ ਚੱਕ ਨੰਬਰ ੬, ੧੦੪ ਚੱਕ ਨੰਬਰ ੭, ੧੦੫ ਭੋਲੇ ਚੱਕ,੧੦੬ ਚਿੱਟੀ ੭,੧੦੭ ਨਕੋਦਰ ਰਾਈਆਂ,੧੦੮ ਬਰਾਲਾ ਜਾਂਗਲੀਆਂ,੧੦੯ ਚਾਰ ਚੱਕ ਸੰਣੀਆ ੧੧੦ ਪੰਜ ਚੱਕ ਚੂਹੜਕਾਣਾ, ੧੧੧ ਕਾਵਾਂ ਵਾਲੀ, ੧੧੨ ਮੀਰ ਪੁਰ ਰਾਈਆਂ, ੧੧੩ ਸਿਆਲਕੋਟ, ੧੧੪ ਦੁਲਚੀਕੇ, ੧੧੫ ਕਰਤਾਰਪੁਰ ਜ਼ਿਲਾ ਸਿਆਲਕੋਟ, ੧੧੬ ਮੋਹਰ ਸਿੰਘ ਵਾਲਾ, ੧੧੭ ਕੋਠਾ ਪ੍ਰਧਾਨ ਸਿਘ ੧੧੮ ਹਬੀਪੁਰ, ੧੧੯ ਉਗੋਕੀ, ੧੨੦ ਘਸੀਟਪੁਰਾ, ੧੨੧ ਮਾਰਟਨ ਪੁਰ, ੧੨੨ ਸ਼ੇਖ਼ੂਪੁਰਾ, ੧੨੩ ਨਈਂਏ ਕੇ, ੧੨੪ ਧਾਰੋਵਾਲੀ (ਜ਼ਿਲਾ ਗੁਰਦਾਸਪੁਰ), ੧੨੫ ਫਰੀਦਾ ਬਾਦ ੧੨੬ ਸੱਯਦ ਵਾਲਾ ੧੨੭ ਵੱਲਾ ਸਾਹਿਬ,੧੨੮ ਮਾਣਕ ਘੁਮਣ,੧੨੯ ਡਿੰਗੇ(ਜ਼ਿਲਾ ਗੁਜਰਾਤ),੧੩੦ ਸਬਾਜਪੁਰ,੧੩੧ ਚੀਚਾ, ੧੩੨ ਭਕਨਾ,੧੩੩ ਲਾਹੌਰੀ ਮਲ, ੧੩੪ ਕਾਲੇ ਕੇ ਮਾਹਲ, ੧੩੫ ਮਿੰਟਗੁਮਰੀ,੧੩੬ ਮੁਲਤਾਨ,੧੩੭ ਨੌਸ਼ਹਰਾ ਪੰਨੂਆਂ, ੧੩੮ ਰਾਣੀ ਵਲਾਹ, ੧੩੯ ਬਾਰ ਬਰਟਨ, ੧੪੦ ਜਰਗ (ਪਟਿਆਲਾ) ।

—o—

ਸ਼ਹੀਦੀ ਜੀਵਨ

ਅੰਤਕਾ ਤੀਜੀ

ਸ਼ਹੀਦਾਂ ਦੀ ਠੀਕ ਗਿਣਤੀ ਦਾ ਵੇਰਵਾ

ਸ਼ਹੀਦਾਂ ਦੀ ਠੀਕ ਗਿਣਤੀ ਬਾਬਤ ਹੁਣ ਤਕ ਬੜਾ ਰਲਾ ਗੋਬਲਾ ਵਜਾ ਹੋਇਆ ਹੈ। ਕਿੱਸਿਆਂ ਤੇ ਅਖਬਾਰਾਂ ਵਿਚ ਗਿਣਤੀ ੧੨੦, ੧੫੦ ਤੇ ੨੦੦ ਤਕ ਲਿਖੀ ਹੋਈ ਹੈ। ਸਾਕੇ ਦੇ ਮੌਕੇ ਸਮੇਂ ਕਮੇਟੀ ਨੇ ਜੋ ਰਪੋਰਟ ਪੁਲਸ ਨੂੰ ਲਿਖਾਈ ਸੀ ਉਸ ਵਿਚ ਬਿਨਾਂ ਨਾਵਾਂ ਦੀ ਫ਼ੇਹਰਿਸਤ ਦੇਣ ਦੇ ੧੫੦ ਸ਼ਹੀਦ ਹੋਏ ਲਿਖਾਏ ਹਨ। ਸ: ਚਰਨ ਸਿੰਘ ਪੁਲਸ ਇੰਨਸਪੈਕਟਰ ਨੇ ਮੌਕੇ ਤੇ ਜਾਕੇ ਪੜਤਾਲ ਕਰਨ ਸਮੇ ਅੰਗ ਅੰਗ ਜੋੜਕੇ ਜੋ ਗਿਣਤੀ ਕਰਕੇ ਰਪੋਰਟ ਕੀਤੀ ਹੈ ਉਸ ਵਿਚ ਗਿਣਤੀ ੧੫੬ ਦਰਜ ਹੈ। ਇਸ ਤੋਂ ਬਿਨਾਂ ੧੨੬ ਅਤੇ ੧੩੦ ਦੀਆਂ ਭੀ ਸਰਕਾਰੀ ਰਪੋਰਟਾਂ ਹਨ। ਸ: ਜੋਧ ਸਿੰਘ ਜੀ ਪ੍ਰਿੰਨਸੀਪਲ ਖਾਲਸਾ ਕਾਲਜ ਅੰਮ੍ਰਿਤਸਰ ਤੇ ਗੁਰਪੁਰਵਾਸੀ ਸ: ਹਰਬੰਸ ਸਿੰਘ ਜੀ ਰਈਸ ਅਟਾਰੀ ਨੇ ਪੜਚੋਲ ਕਰਕੇ ਆਪਣੇ ਬਿਆਨਾਂ ਵਿਚ ਸ਼ਹੀਦਾਂ ਦੀ ਗਿਣਤੀ ਦਾ ਅੰਦਾਜ਼ਾ ੯੦ ਅਤੇ ੯੫ ਦਾ ਲਾਇਆ ਹੈ।

ਲਾਲਾ ਗਿਰਧਾਰੀ ਲਾਲ ਸਕੱਤਰ ਕਮੇਟੀ ਜਲਿਆਂ ਵਾਲਾ ਬਾਗ਼ ਦੀ ਬਣੀ ਪੜਤਾਲੀਆ ਕਮੇਟੀ ਨੇ ਸ੍ਰੀ ਨਨਕਾਣੇ ਸਾਹਿਬ ਪੁਜਕੇ ਪਿੰਜਰ, ਸਿਰ, ਬਾਹਵਾਂ ਅਤੇ ਟੰਗਾਂ ਆਦਿ ਜੋੜਕੇ ੭੦ ਸਰੀਰ ਗਿਣੇ ਸਨ ਪਰ ਜੋ ਦੇਹਾਂ ਪੂਰੀਆਂ ਸੜ ਚੁਕੀਆਂ ਸਨ, ਉਹ ਇਸ ਤੋਂ ਵਾਧੂ ਸਨ, ਅੰਦਾਜ਼ਨ ਗਿਣਤੀ ਦਾ ਅਟਾ ਸਟਾ ਉਨ੍ਹਾਂ ਨੇ ਭੀ ੧੫੦ ਹੀ ਦਸਿਆ ਸੀ। ਪਰ ਮੈਂ ਸਾਰਾ ਸ਼ਹੀਦੀ ਇਲਾਕਾ ਛਾਣਕੇ ੮੬ ਤੋਂ ਵਧ ਕੋਈ ਨਾਮ ਨਹੀਂ ਲਭ ਸਕਿਆ, ਅਸਲ ਵਿਚ ਕੁਲ ਦੋ ਸੌ ਸਿੰਘ ਨਨਕਾਣੇ ਸਾਹਿਬ ਪੁਜੇ ਸਨ ਜਿਨ੍ਹਾਂ ਚੋਂ ੮੨ ਸ਼ਹੀਦ ਹੋ ਗਏ ਅਤੇ ੧੧੮ ਬਚ ਰਹੇ; ਇਸ ਤੋਂ ਬਿਨਾਂ ਭਾਈ ਬੁਧ ਸਿੰਘ ਜੀ ਕਰਤਾਰ ਪੁਰ, ਭਾਈ ਦਲੀਪ ਸਿੰਘ ਜੀ ਸਾਹੋਵਾਲ; ਭਾਈ ਵਰਿਆਮ ਸਿੰਘ ਜੀ ਟਿੱਬੀ ਜੋ ਸਿੰਘ; ਅਤੇ ਭਾਈ ਜਗਤ ਸਿੰਘ ਸਬਾਜ ਪੁਰ ਚਾਰੇ ਜਥੇ ਤੋਂ ਵਖਰੇ ਸ੍ਰੀ ਨਨਕਾਣੇ ਸਾਹਿਬੋਂ ਸ਼ਾਮਲ ਹੋਕੇ ਸ਼ਹੀਦ ਹੋਏ ਸਨ। ਇਸ ਲੇਖੇ ਅਨੁਸਾਰ ਅਸਲ ਗਿਣਤੀ ੮੬ ਬਣਦੀ ਹੈ।

ਇਸ ਤੋਂ ਬਿਨਾਂ ਇਕ ਹੋਰ ਨਵੀਂ ਗਲ ਇਹ ਹੈ ਕਿ ਜੋ ਸਿੰਘ ਸ਼ਹੀਦ ਹੋਏ ਹਨ ਉਹ ਇਕ ਜਥੇ ਦੀ ਬਜਾਏ ਚਾਰ ਜਥਿਆਂ ਦੇ ਸਨ ਜਿਨ੍ਹਾਂ ਦੇ ਵਖਰੇ ਵਖਰੇ ਇਹ ਜਥੇਦਾਰ ਸਨ। ੧. ਭਾਈ ਲਛਮਣ ਸਿੰਘ ਜੀ ਧਾਰੋਵਾਲੀ; ੨. ਭਾਈ ਈਸ਼ਰ ਸਿੰਘ ਜੀ ਧਾਰੋਵਾਲੀ; ੩. ਭਾਈ ਲਛਮਣ ਸਿੰਘ ਜੀ ਲਾਇਲਪੁਰ ਸ਼ਹਿਰ ਅਤੇ ੪. ਭਾਈ ਸੁੰਦਰ ਸਿੰਘ ਜੀ ਧੰਨੂ ਆਣਾ ਚਕ ਨੰਬਰ ੯੧ ਜ਼ਿਲਾ ਲਾਇਲਪੁਰ।

ਮਹੰਤ ਪਾਰਟੀ ਵਲੋਂ ਸਾਰੇ ਖੂਨੀ ਸਾਕੇ ਵਿਚ ਕੇਵਲ ਤਿੰਨ ਬੰਦੇ ਮਰੇ ਸਨ ੧. ਸੋਹਣੀ ਮੁਸੱਲੀ ਸ੍ਰੀ ਨਨਕਾਣਾ ਸਾਹਿਬ ਦਾ, ਭਾਈ ਨਰਾਇਣ ਸਿੰਘ ਚਕ ਨੰਬਰ ੭੫ ਲਹੁਕਿਆਂ ਦੇ ਹਥੋਂ, ੨. ਸੰਤ ਰਾਮ ਗੁਰਦੁਵਾਰਾ ਜਨਮ ਅਸਥਾਨ ਦੇ ਹਾਤੇ ਅੰਦਰ ਹਰਿਆਣੇ ਮੇਂ ਦੀ ਬੰਦੂਕ ਨਾਲ; ਅਤੇ ੩. ਭਾ: ਭਗਵਾਨ ਸਿੰਘ ਮੁਜ਼ਾਰਾ ਰਤੂਆਣਾ ਮਹੰਤ ਨਰੈਣ ਦਾਸ ਦੇ ਪਸਤੌਲ ਨਾਲ। ਮਹੰਤ ਪਾਰਟੀ ਦਾ ਹੁਣ ਤਕ ਮੋਇਆ ਪ੍ਰਗਟ ਕੇਵਲ ਇਕੋ ਸੰਤ ਰਾਮ ਹੀ ਹੁੰਦਾ ਸੀ।

ਸ਼ਹੀਦਾਂ ਦੀ ਗਿਣਤੀ ਦਾ ਪਿੰਡ-ਵਾਰ ਵੇਰਵਾ

੧	ਧਾਰੋਵਾਲੀ ਚਕ ਨੰਬਰ ੩੩	੬
੨	ਕੋਟਲਾ ਸੰਤਾ ਸਿੰਘ ਚਕ ਨੰਬਰ ੪੩	੧
੩	ਬੁਰਜ ਚਕ ਨੰਬਰ ੫੫	੩
੪	ਬੰਡਾਲਾ ਚਕ ਨੰਬਰ ੬੪	੪
੫	ਬੰਡਾਲਾ ਚਕ ਨੰਬਰ ੭੧	੪
੬	ਨਜ਼ਾਮਪੁਰ ਦੇਵਾ ਸਿੰਘ ਵਾਲਾ ਚਕ ਨੰਬਰ ੩੮	੧੫
੭	ਨਜ਼ਾਮਪੁਰ ਮੂਲਾ ਸਿੰਘ ਵਾਲਾ ਚਕ ਨੰਬਰ ੮੦	੩
੮	ਨਜ਼ਾਮਪੁਰ ਦੇਲੇ ਵਾਲਾ ਚਕ ਨੰਬਰ ੩੮	੪
੯	ਫਤਹ ਗੜ੍ਹ ਸ਼ੁਕਰ ਚੱਕੀਆਂ ਜ਼ਿਲਾ ਅੰਮ੍ਰਿਤਸਰ	੧
੧੦	ਬਹੋੜੂ ਚਕ ਨੰਬਰ ੧੮	੩
੧੧	ਥੇਥੀਆਂ ਚਕ ਨੰਬਰ ੧੦	੪
੧੨	ਕਰਤਾਰ ਪੁਰ ਜ਼ਿਲਾ ਜਾਲੰਧਰ	੧
੧੩	ਵੱਲਾ ਸਾਹਿਬ ਜ਼ਿਲਾ ਅੰਮ੍ਰਿਤਸਰ	੧
੧੪	ਡਲਾ ਨੰਗਲ ਚਕ ਨੰ: ੮੩	੧
੧੫	ਸ਼ਾਹ ਕੋਟ	੫
੧੬	ਜਰਗ ਰਿਆਸਤ ਪਟਿਆਲਾ	੨
੧੭	ਭਸੀਣ ਜ਼ਿਲਾ ਲਾਹੌਰ	੧
੧੮	ਡਲਾ ਚੰਦਾ ਸਿੰਘ ਚਕ ਨੰਬਰ ੮੫	੧
੧੯	ਵਨੋਟਿਆਂ ਵਾਲੀ ਚਕ ਨੰਬਰ ੩੯	੪
੨੦	ਧੰਨੂਆਣਾ ਚਕ ਨੰਬਰ ੯੧	੯
੨੧	ਮਾਣਕ ਘੁਮਣ ਜ਼ਿਲਾ ਜਾਲੰਧਰ	੧
੨੨	ਵਰਾਲਾ ਚਕ ਨੰਬਰ ੨੫੮	੨
੨੩	ਬਿਆੜੇ ਜ਼ਿਲਾ ਹੁਸ਼ਿਆਰ ਪੁਰ	੧
੨੪	ਲਹੁਕੇ ਚਕ ਨੰਬਰ ੭੫	੩
੨੫	ਲਾਇਲਪੁਰ	੧
੨੬	ਡਿੰਗੇ ਜ਼ਿਲਾ ਗੁਜਰਾਤ	੧

ਜੋੜ ਜਥਿਆਂ ਵਿਚ ਸ਼ਾਮਲ ਹੋ ਕੇ ਆਏ ਸ਼ਹੀਦਾਂ ਦਾ ੮੨

ਜੋ ਸਿੰਘ ਨਨਕਾਣੇ ਸਾਹਿਬੋਂ ਸ਼ਾਮਲ ਹੋਕੇ ਸ਼ਹੀਦ ਹੋਏ.

੧	ਭਾਈ ਬੁਧ ਸਿੰਘ ਜੀ ਕਰਤਾਰ ਪੁਰ ਜ਼ਿਲਾ ਸਿਆਲਕੋਟ	੧
੨	ਭਾਈ ਦਲੀਪ ਸਿੰਘ ਜੀ ਸਾਹੋਵਾਲ ਚਕ ਨੰਬਰ ੧੩੨	੧
੩	ਭਾਈ ਵਰਿਆਮ ਸਿੰਘ ਜੀ ਟਿੱਬੀ ਜੈ ਸਿੰਘ	੧
੪	ਭਾਈ ਜਗਤ ਸਿੰਘ ਸਬਾਜਪੁਰ ਜ਼ਿਲਾ ਅੰਮ੍ਰਿਤਸਰ	੧

ਕੁਲ ਜੋੜ ੮੬

ਸ਼ਹੀਦੀ ਜੀਵਨ

ਅੰਤਕਾ ਚੌਥੀ

ਜਥੇ ਦੇ ਸਿੰਘਾਂ ਦੀ ਕਿੰਨੀ ਮਾਇਆ ਲੁੱਟੀ ਗਈ

ਜਿੰਨੇ ਸਿੰਘ ਸ੍ਰੀ ਨਨਕਾਣੇ ਸਾਹਿਬ ਆ ਕੇ ਸ਼ਹੀਦ ਹੋਏ ਹਨ, ਉਨ੍ਹਾਂ ਚੋਂ ਹੇਠਾਂ ਲਿਖੇ ਸਜਣਾਂ ਪਾਸ ਇਸ ਪ੍ਰਕਾਰ ਮਾਇਆ ਸੀ, ਜੋ ਮਹੰਤਾਂ ਤੇ ਕਾਤਲਾਂ ਨੇ ਲੁਟ ਲਈ। ਪੁਲਸ ਦੇ ਜਾਮਾਂ ਤਲਾਸ਼ੀਆਂ ਲੈਣ ਸਮੇਂ ਪਠਾਣਾਂ ਤੇ ਹੋਰ ਕਈਆਂ ਪਾਸੋਂ ਮੌਕੇ ਤੇ ਮਾਇਆ ਨਿਕਲੀ ਭੀ ਸੀ। ਹੋ ਸਕਦਾ ਹੈ ਹੋਰ ਭੀ ਕਿਸੇ ਨਾ ਕਿਸੇ ਸ਼ਹੀਦ ਪਾਸ ਕੁਝ ਮਾਇਆ ਹੋਵੇ ਪ੍ਰੰਤੂ ਮੈਂ ਇਥੇ ਉਹੋ ਨਾਮ ਹੀ ਲਿਖ ਰਿਹਾ ਹਾਂ ਜਿਨ੍ਹਾਂ ਬਾਬਤ ਕਿ ਮੁਕੰਮਲ ਸਬੂਤ ਹੈ।

੫) ਭਾ: ਚੇਤ ਸਿੰਘ ਬੰਡਾਲਾ ਚਕ ਨੰਬਰ ੬੪

੨) ਭਾਈ ਹਰਨਾਮ ਸਿੰਘ ਨਜ਼ਾਮਪੁਰ ਦੇਵਾ ਸਿੰਘ ਵਾਲਾ

੬੦) ਭਾ: ਜਵਾਲਾ ਸਿੰਘ ਨਜ਼ਾਮਪੁਰ ਦੇਵਾ ਸਿੰਘ ਵਾਲਾ

੨) ਭਾ: ਜਵੰਦ ਸਿੰਘ ਨਜ਼ਾਮਪੁਰ ਦੇਵਾ ਸਿੰਘ ਵਾਲਾ

੫) ਭਾ: ਨਰਾਇਣ ਸਿੰਘ ਨਜ਼ਾਮਪੁਰ ਦੇਵਾ ਸਿੰਘ ਵਾਲਾ

੧੦੦) ਭਾ: ਲਛਮਣ ਸਿੰਘ ਧਾਰੋਵਾਲੀ

੧੦੦) ਭਾ: ਸੁੰਦਰ ਸਿੰਘ ਧੰਨੂਆਣਾ ਚਕ ਨੰਬਰ ੯੧

੪੦) ਭਾ: ਮਹਿੰਗਾ ਸਿੰਘ ਲਹੁਕੇ ਚਕ ਨੰਬਰ ੭੫

੩।) ਭਾ: ਇੰਦਰ ਸਿੰਘ ਸ਼ਾਹਕੋਟ

੧੯੦੦) ਭਾ: ਦਲੀਪ ਸਿੰਘ ਸਾਹੋਵਾਲ ਚਕ ਨੰਬਰ ੧੩੨

।=) ਭਾ: ਮੋਤਾ ਸਿੰਘ ਬਹੋੜੂ ਚਕ ਨੰਬਰ ੧੮

੨੧੯੭।।=) ਜੋੜ ਅੱਖਰੀ ਦੋ ਹਜ਼ਾਰ ਇਕ ਸੌ ਸਤਾਨਵੇਂ ਰੁਪਏ ਦਸ ਆਨੇ ਕੇਵਲ।

ਧੰਨਵਾਦ

ਗੁਰਦੁਆਰਾ ਕਮੇਟੀ ਸ੍ਰੀ ਨਨਕਾਣਾ ਸਾਹਿਬ ਉਨ੍ਹਾਂ ਸਭ ਪ੍ਰੇਮੀਆਂ ਦੀ ਧੰਨਵਾਦੀ ਹੈ ਜਿਨ੍ਹਾਂ ਨੇ ਕਿ ਇਸ ਕਿਤਾਬ ਦੀ ਤਿਆਰੀ ਲਈ ਮਿਸਾਲਾ ਇਕੱਤਰ ਕਰਾਉਣ ਵਿਚ ਸ: ਗੁਰਬਖ਼ਸ਼ ਸਿੰਘ ਜੀ 'ਸ਼ਮਸ਼ੇਰ' ਝਬਾਲੀਏ ਇਤਿਹਾਸਕਾਰ ਨਾਲ ਸਹਾਇਤਾ ਕਰਾਈ ਹੈ ਤੇ ਇਸ ਤੋਂ ਬਿਨਾਂ ਜੇ ਪੰਥਕ ਪ੍ਰੈਸ ਇਸ ਕਾਰਜ ਵਿਚ ਪੂਰੀ ਖੁਲ੍ਹ-ਦਿਲੀ ਨਾਲ ਸਹਾਇਤਾ ਨਾ ਕਰਦਾ ਤਾਂ ਇਸ ਪੁਸਤਕ ਦਾ ਇਸ ਤਰਾਂ ਕਾਮਯਾਬੀ ਨਾਲ ਪਰਕਾਸ਼ਤ ਹੋਣਾ ਬੜਾ ਮੁਸ਼ਕਲ ਸੀ ਇਸ ਲਈ ਉਨ੍ਹਾਂ ਸਭ ਅਖਬਾਰਾਂ ਦਾ ਭੀ ਬਹੁਤ ਧੰਨਵਾਦ ਹੈ ਜਿਨ੍ਹਾਂ ਨੇ ਕਿ ਇਸ ਪੰਥਕ ਕਾਰਜ ਨੂੰ ਸਿਰੇ ਚਾੜ੍ਹਨ ਲਈ ਪੂਰੇ ਜ਼ੋਰ ਨਾਲ ਪ੍ਰੇਰਨਾ ਭਰੇ ਨੋਟ ਲਿਖੇ ਤੇ ਇਸ ਸਬੰਧੀ ਗੁਰਦੁਆਰਾ ਕਮੇਟੀ ਸ੍ਰੀ ਨਨਕਾਣਾ ਸਾਹਿਬ ਵਲੋਂ ਭੇਜੇ ਗਏ ਐਲ਼ਾਨ ਤੇ ਖਬਰਾਂ ਪ੍ਰੇਮ ਸਹਿਤ ਛਾਪੀਆਂ ਹਨ।

ਸ਼ੁਕ੍ਰਵਾਰ
੨੮ ਅਕਤੂਬਰ ਸੰਨ ੧੯੩੮ ਈ:
੧੨ ਕਤਕ ਸੰਮਤ ੧੯੯੫ ਬਿ:

ਗੁਰੂ ਪੰਥ ਦਾ ਦਾਸ—
ਮੈਨੇਜਰ ਗੁਰਦੁਆਰਾ ਕਮੇਟੀ
ਸ੍ਰੀ ਨਨਕਾਣਾ ਸਾਹਿਬ

ਜ਼ਰੂਰੀ ਨੋਟ

ਭੁਲ ਦੀ ਸੋਧ ਸਫਾ ੩੨੮, ਸਤਰ ੭ ਰਗਣ ਦੇ ਥਾਂ ਫਗਣ ਤੇ ਸਫਾ ੩੫੭ ਫੁਟ ਨੋਟ ਭਾਈ ਬਿਧੀ ਚੰਦ ਦੀ ਥਾਂ ਭਾਈ ਦੇਸ ਰਾਜ ਜੀ ਪੜ੍ਹੋ।

ਸਫ਼ਾ ੧ ਤੋਂ ੪੮੦ ਤਕ ਅਕਾਲੀ ਪਤ੍ਰਕਾ ਪ੍ਰੈਸ, ਮੈਕਲੇਗਨ ਰੋਡ ਲਾਹੌਰ ਵਿਚ ਸ. ਬਚਨ ਸਿੰਘ ਪ੍ਰਿੰਟਰ ਦੇ ਪ੍ਰਬੰਧ ਨਾਲ, ੪੮੧ ਤੋਂ ਅਖ਼ੀਰ ਤਕ ਡਿਲੀਜੈਂਟ ਪ੍ਰੈਸ, ਚਰਚ ਰੋਡ ਲਾਹੌਰ ਵਿਚ ਸ: ਕੁਲਵੰਤ ਸਿੰਘ ਜੀ ਪਰਿੰਟਰ ਦੇ ਯਤਨ ਨਾਲ ਅਤੇ ਤਸਵੀਰਾਂ ਮਹਿਤਾ ਹਾਫ਼ਟੋਨ ਪ੍ਰੈਸ ਅਨਾਰਕਲੀ ਲਾਹੌਰ ਵਿਚ ਛਪਵਾਕੇ ਸ: ਨਰੈਣ ਸਿੰਘ ਮੈਨੇਜਰ ਗੁਰਦੁਆਰਾ ਪ੍ਰਬੰਧਕ ਕਮੇਟੀ ਨਨਕਾਣਾ ਸਾਹਿਬ ਨੇ ਨਨਕਾਣਾ ਸਾਹਿਬ ਤੋਂ ਪ੍ਰਕਾਸ਼ਤ ਕੀਤਾ।